# ਗ਼ਦਰ ਪਾਰਟੀ ਲਹਿਰ

ਜਗਜੀਤ ਸਿੰਘ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

(ਡਾ.) ੧੪.੫.-੭੫.

Digitized by Panjab Digital Library | www.panjabdigilib.org

# ਗ਼ਦਰ ਪਾਰਟੀ ਲਹਿਰ

ਜਗਜੀਤ ਸਿੰਘ

ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ

Digitized by Panjab Digital Library | www.panjabdigilib.org

ਪਹਿਲਾ ਐਡੀਸਨ 1956
ਦੂਜਾ ਐਡੀਸ਼ਨ 1979

ਪਰਕਾਸ਼ਕ
ਨਵਯੁਗ ਪਬਲਿਸ਼ਰਜ਼, ਚਾਂਦਨੀ ਚੌਕ, ਦਿਲੀ

ਛਾਪਕ
ਨਵਯੁਗ ਪ੍ਰੈਸ, ਚਾਂਦਨੀ ਚੌਕ, ਦਿੱਲੀ

ਮੁੱਲ : 30 ਰੁਪਏ

Digitized by Panjab Digital Library | www.panjabdigilib.org

ਨਿਸ਼ਕਾਮ, ਨਿਰਮਾਣ ਅਤੇ ਦ੍ਰਿੜ੍ਹ ਇਨਕਲਾਬੀ
ਸਪਿਰਟ ਦੀ ਮੂਰਤੀ

**ਸੰਤ ਵਿਸਾਖਾ ਸਿੰਘ**

(ਪਰਧਾਨ, ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ)
ਦੀ ਸੇਵਾ ਵਿਚ ਸਤਿਕਾਰ ਭੇਟਾ ਕੀਤੀ ਗਈ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

## ਦੂਜੇ ਐਡੀਸ਼ਨ ਬਾਰੇ

"ਗਦਰ ਪਾਰਟੀ ਲਹਿਰ" ਦਾ ਇਹ ਦੂਜਾ ਐਡੀਸ਼ਨ ਹੈ। "ਪਹਿਲਾ ਐਡੀਸ਼ਨ" 1955 ਵਿਚ ਛਪਿਆ ਸੀ। ਇਤਿਹਾਸਕਾਰਾਂ, ਆਲੋਚਕਾਂ ਤੇ ਪਾਠਕਾਂ ਨੇ ਪਹਿਲੇ ਐਡੀਸ਼ਨ ਦਾ ਜਿਹੜਾ ਸਵਾਗਤ ਕੀਤਾ ਉਸ ਦੇ ਕੁਝ ਨਮੂਨੇ "ਰੀਵੀਊ ਤੇ ਰਾਵਾਂ" ਦੀ ਸ਼ਕਲ ਵਿਚ ਇਥੇ ਦੇਣ ਦਾ ਮਾਣ ਪ੍ਰਾਪਤ ਕਰ ਰਹੇ ਹਾਂ।

ਪਹਿਲੇ ਵੀਹ ਪੰਨਿਆਂ ਨੂੰ ਛੱਡ ਕੇ ਬਾਕੀ ਪੰਨੇ ਜਿਉਂ ਦੀਆਂ ਤਿਉਂ ਤਸਵੀਰਾਂ ਲੈ ਕੇ ਇਕ-ਇਕ ਪੰਨੇ ਵਿਚ ਚਾਰ-ਚਾਰ ਕਰਕੇ ਛਾਪ ਰਹੇ ਹਾਂ। ਇਸ ਦਾ ਕਾਰਨ ਮੌਲਿਕ ਪੁਸਤਕ ਦੇ ਨੇੜੇ ਰਹਿ ਕੇ ਪੁਸਤਕ ਨੂੰ ਨਵਾਂ ਰੂਪ ਦੇਣਾ ਸੀ। ਆਸ ਹੈ ਕਿ ਪਾਠਕਾਂ ਨੂੰ ਇਹ ਤਰਤੀਬ ਪਸੰਦ ਆਵੇਗੀ।

ਪ੍ਰਕਾਸ਼ਕ



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਕੁਝ ਰੀਵੀਊ ਤੇ ਰਾਵਾਂ

1

ਲੇਖਕ ਨੇ ਇਸ ਰਚਨਾ ਵਿਚ ਅਤਿਅੰਤ ਖੋਜ ਅਤੇ ਲਗਨ ਨਾਲ ਗ਼ਦਰ ਪਾਰਟੀ ਇਤਿਹਾਸ ਸੰਬੰਧੀ ਜੋ ਵੱਧ ਤੋਂ ਵੱਧ ਸਮਿਗਰੀ ਇਕੱਠੀ ਕੀਤੀ ਜਾ ਸਕਦੀ ਸੀ, ਕਰਕੇ ਇਸ ਪੁਸਤਕ ਨੂੰ ਪਰਮਾਣੀਕ ਬਣਾਉਣ ਦਾ ਯਤਨ ਕੀਤਾ ਹੈ ।

ਇਹ ਪੁਸਤਕ ਗ਼ਦਰ ਪਾਰਟੀ ਦੇ ਇਤਿਹਾਸ ਬਾਰੇ ਪਰਮਾਣ ਅਤੇ ਸਨਦ ਵਜੋਂ ਵਰਤਣ ਵਾਲੀ ਪੁਸਤਕ ਹੈ ।

ਮੈਂ ਕਹਿ ਸਕਦਾ ਹਾਂ ਕਿ ਪੰਜਾਬੀ ਵਿਚ ਇਤਿਹਾਸਕ ਨਿਰਪੱਖਤਾ ਦਾ ਇਹ ਪੁਸਤਕ ਇਕ ਬਹੁਤ ਚੰਗਾ ਨਮੂਨਾ ਹੈ...

ਗੁਰਬਚਨ ਸਿੰਘ ਤਾਲਬ

ਆਲ ਇੰਡੀਆ ਰੇਡੀਓ, ਜਾਲੰਧਰ

2

ਇਸ (ਪੁਸਤਕ) ਵਿਚ ਗ਼ਦਰ ਪਾਰਟੀ ਲਹਿਰ ਦਾ ਇਤਿਹਾਸ ਵੇਰਵੇ ਸਹਿਤ ਬੜੀ ਖੋਜ, ਇਤਿਹਾਸਕ ਸੂਝ ਅਤੇ ਨਿਰਪਖਤਾ ਨਾਲ ਦਿਤਾ ਹੈ । ਇਤਨੀ ਵਾਕਫ਼ੀ ਇਤਨੇ ਵਿਗਿਆਨਕ ਢੰਗ ਨਾਲ ਕਿਸੇ ਹੋਰ ਪੁਸਤਕ ਵਿਚ ਨਹੀਂ ਦਿਤੀ ਮਿਲਦੀ । ਮੇਰੇ ਖ਼ਿਆਲ ਵਿਚ ਇਹ ਪੁਸਤਕ ਇਸ ਲਹਿਰ ਬਾਬਤ ਸਭ ਤੋਂ ਵਧੀਆ ਤੇ ਪ੍ਰਮਾਣੀਕ ਗਿਣੀ ਜਾ ਸਕਦੀ ਹੈ

ਪ੍ਰਿੰਸੀਪਲ ਤੇਜਾ ਸਿੰਘ

3

ਇਸ ਨੌਜਵਾਨ ਲਿਖਾਰੀ ਦੀ ਅਣਥਕ ਮਿਹਨਤ ਦਾ ਸਿੱਟਾ ਹੈ ਕਿ ਪੁਸਤਕ ਆਪਣੇ ਆਪ ਵਿਚ ਸਫ਼ਲ ਪੁਸਤਕ ਹੈ ।......ਇਸ ਲੇਖਕ ਨੇ ਅਤਿ ਦੀ ਮਹੱਤਵ ਪੂਰਨ ਲਹਿਰ ਤੇ...... ਚਾਨਣਾ ਪਾ ਕੇ ਪੰਜਾਬੀਆਂ ਉਤੇ ਅਹਿਸਾਨ ਕੀਤਾ ਹੈ ।

'ਅਕਾਲੀ ਪਤ੍ਰਕਾ' ਜਲੰਧਰ,

4

ਗ਼ਦਰ ਪਾਰਟੀ ਲਹਿਰ ਸੰਬੰਧੀ ਇਹ ਪਹਿਲੀ ਅਤੇ ਅੰਤਮ ਪੁਸਤਕ ਰਹੇਗੀ । ਜੇਹੋ ਜੇਹਾ ਗ਼ਦਰੀ ਜੋਧਿਆਂ ਦਾ ਜੀਵਨ ਸੀ, ਉਹਨਾਂ ਨੂੰ ਉਹੋ ਜੇਹਾ ਮਹਾਨ ਖੋਜੀ ਤੇ ਇਤਿਹਾਸਕਾਰ ਮਿਲਿਆ ਹੈ ।......ਇਸ ਕਿਤਾਬ ਉਪਰ ਲਿਖਾਰੀ ਨੇ ਇਕ ਸੰਸਥਾ ਜਿੰਨੀ ਮਿਹਨਤ ਕੀਤੀ ਹੈ ।

ਨਰਿੰਦਰ ਸਿੰਘ ਸੋਚ,

'ਵਰਤਮਾਨ', ਅੰਮ੍ਰਿਤਸਰ,

5

ਬਿਲਾ ਸ਼ੁਬ੍ਹਾ ਸਰਦਾਰ ਜਗਜੀਤ ਸਿੰਘ ਨੇ ਯਿਹ ਕਿਤਾਬ ਲਿਖ ਕਰ ਏਕ ਬੜਾ ਕਾਰਨਾਮਾ ਸਰੇਅੰਜਾਮ ਦੀਆ ਹੈ ਔਰ ਉਸ ਕੀ ਇਸ ਮਿਹਨਤ ਕੀ ਦਾਦ ਦੀ ਜਾਨੀ ਚਾਹੀਏ ।

ਅਵਤਾਰ ਸਿੰਘ ਆਜ਼ਾਦ,

ਪ੍ਰਭਾਤ (ਉਰਦੂ), ਜਲੰਧਰ



Digitized by Panjab Digital Library | www.panjabdigilib.org

"GHADAR PARTY LEHAR" is the history of a stirring Indian revolutionary movement during the First World War, which by an irony of fate has escaped the public attention, although, measured in terms of human sacrifice involved in the form of sentences of death and life imprisonments, it was unrivalled in the post 1857 period. It is the story of a few thousand peasant proprietors of the Central Punjab who left their country for the U. S. A., Canada and the Far East in the opening years of the century in search of better prospects of life for themselves. When they left they were as ignorant of the political problems confronting their country as the millions of their brethern they left behind. The logic of their individual lives in foreign lands, especially the U. S. A. and Canada, rudely shook them to confront the basic fact of the country's slavery and drew them like a magnet to be actors in the heroic drama for the liberation of their country.

*The author opens the book with the broad generalization about the character pattern of the kisan of the central districts of the Punjab as it has becn shaped during the centuries by the social, economic and political forces that have been operating here.* He lucidly makes it clear that here was thc human material which was bold, adventurous and which could do and dare anything when roused sufficiently with almost the gamblers recklessness.

After narrating the causes, which led these people to emigrate to other countries, he lets us have a glimpse into the broad cross-currents prevailing in Canada and the U. S. A. and their effect on the Indians there. He very beautifully and comprehensively traces this effect and the way it aroused in them the deep indignation against the British domination in India ; resulting in the all absorbing passion in them to dedicate themselves to the task of liberating the country through an armed revolt.

*This leads the author to the basic formulation af the book that the movement was spontaneous and from below and it was not the creation of a few individuals as it is generally held. The movement worked for the ideal of a secular, democratic republic in India* and its impression on the praticipants was so deep that not only



Digitized by Panjab Digital Library | www.panjabdigilib.org

the members of all the communities including the Muslims participated with a deep devotion, but even after the failure of their movement the emigrant participants who escaped death have not been infected with communalism and careerism which have been the bane of so many movements in the country. As a matter of fact this movement has supplied a fine cadre of true nationalists and infinite inspiration in the Punjab.

The wtiter could not get access to some of the relevant material and yet to a very large extent he has succeeded in authenticating his facts. Wherever he has not been able to do so to his satisfaction he has indicated it clearly. *History in his hands is not a mere narration of authenticated facts. It is an analytical attempt to understand the pattern of development and to make formulations making history meaningful.*

*Ghadar Party Lehar as history is excellently written. As a matter of fact it is a landmark in the writing of history in Punjabi.* But *besides being written as history the story of the movement is so soul stirring that it deserves to be depicted by a poet in the form of a great epic.*

*The Hindustan Times*

## 7

The Ghaddar Party movement which forms an important part of the history of our struggle for freedom has remained, more or less, neglected uptil now. After the attainment of independence, although much valuable evidence about the history of this movement, has been made available, yet there has been no organised effort to interpret it coherently, much less comprehensively. *It is encoaruging io see that a Punjabi writer has tried not only to piece together all the significant data regarding this phase of history but has also treated them authoritatively and critically.* He has studied the earlier phases of the Ghaddar Party Movement. In the introduction to the book, he distinguishes between the Ghaddar Party Movement and Ghaddar Party itself and points out that his aim is to deal with the Movement only which, according to him, found its culmination in 1919.

In the early part of the twentieth century, Indians, especially Punjabis (a majority of whom were Sikhs) started going abroad in search of livelihood. In the beginning they moved to the Far East — Burma, Malaya, Singapore, China, Japan, the Phillippines but later went to countries like America, Canada, Mazico, In their own country they had not enjoyed any national status and political



Digitized by Panjab Digital Library | www.panjabdigilib.org

freedom and finding altogether different circumstances abroad they developad a spirit of nationalism. The thought of national emancipation inspired them and so they began to organise themselves. In California impetus towards organisation was given by Lala Hardyal. S. Sohan Singh Bhakna and his associates joined hands with Lala Hardyal and, on the 1st November, 1914, the Ghaddar Party was founded in San Francisco where delegates from all over the Western world were present. The Kamagata Maru episode of 1913 also proved helpful in the formation of the party.

*Tne author has traced the growth of nationalism in India right from 1857 and in a methodical and convincing manner has established that but for the impetus given by the revolutionary movement Indian consciousness for 'Swaraj' or independence could not have been achieved by leaders like Mahatma Gandhi. This is something which Indian leaders, still under the spell of Congress non-violence have not appreciated so far.*

*In treating events the author has focussed attention not as much on personalities as on movements and courses of policy. This method may involve some loss of dramatic interest but has the merit of tracing clearly the main threads of history.* The author has tried to make details as accurate and authentic as possible in the light of the latest researches and, where no definite conclusion seems possible, he has sought to indicate the different view-points.

*Jagjit Singh's book appears to be the result of patient research and deep scholarship. It deserves to be widely known, particularly by serious students of history.*

*The Tribune*

8

In recent times several young scholars have taken up history as their pursuit but they have not been able to break fresh ground...
However, Jagjit Singh's 'Ghaddar Party da Ithas' is uncommon in so far as it attempts to organise the historical material into a highly readable and lucid narrative and yet remains faithful to objective data.

*Attar Singh,*
*The Sunday Tribune*

9

Perhaps the earliest study of the Ghaddar movement was written in Punjabi, and based upon a combination of official records and personal



Digitized by Panjab Digital Library | www.panjabdigilib.org

testimony. Jagjit Singh's 'Ghaddar Party Lehar' (Ghaddar Party Movement) was published in Tarn Taran, Punjab, in 1955.

*Mark Juergensmeyer,*
*Punjab Past & Present, Punjabi University, Patiala*

10

I must say I have found your book of deep and absorbing interest......

Your book is not only well documented, it also reveals that spirit of research and investigation which one rarely meets within the Punjabi and Hindi publications......

Your attempt to trace the growth of the Movement back to 1857 deserves every praise for the amount of work and labour you have put in......

*Sita Ram Kohli*
*Excerpts from a letter*

11

I feel deeply impressed with your scholarship and the critical faculty of properly judging the material and nicely presenting your views on the subject.

*Dr. Hari Ram Gupta*
*Excerpts from a letter*



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਤਤਕਰਾ


| | | |
|---|---|---|
| ੧. | ਕੁਝ ਇਸ ਲਿਖਤ ਬਾਰੇ | i |
| ੨. | 'ਗ਼ਦਰ ਪਾਰਟੀ ਲਹਿਰ' ਦੇ ਇਤਿਹਾਸ ਦੀ ਵਿਸ਼ੇਸ਼ਤਾ ... ... | ੳ |
| ੩. | ਕੇਂਦਰੀ ਪੰਜਾਬ ਦਾ ਕਿਸਾਨ ... ... | ੧ |
| ੪. | ਪੰਜਾਬੀ ਕਿਸਾਨ ਕੈਨੇਡਾ ਅਤੇ ਅਮਰੀਕਾ ਵਿਚ ... ... | ੧੪ |
| ੫. | ਅਮਰੀਕਾ ਦੇ ਹਾਲਾਤ ਦੇ ਹਿੰਦੀਆਂ ਉੱਤੇ ਪ੍ਰਤਿਕਰਮ ... ... | ੧੮ |
| ੬. | ਜਦੋਂ ਜਹਿਦ ਦਾ ਆਰੰਭ ... ... | ੨੯ |
| ੭. | ਗ਼ਦਰ ਪਾਰਟੀ ਦੀ ਕਾਇਮੀ ... ... | ੩੭ |
| ੮. | ਗ਼ਦਰ ਪਾਰਟੀ ਦੇ ਆਦੱਰਸ਼ ਅਤੇ ਨਿਯਮ ਉਪਨਿਯਮ ... ... | ੪੭ |
| ੯. | ਗ਼ਦਰ ਪਾਰਟੀ ਦੀ ਪਲੈਨ ... ... | ੫੧ |
| ੧੦. | 'ਗਦਰ' ਅਖ਼ਬਾਰ ... ... | ੫੭ |
| ੧੧. | ਲਾ: ਹਰਦਿਆਲ ਦੀ ਅਮਰੀਕਾ ਤੋਂ ਰਵਾਨਗੀ ... ... | ੬੧ |
| ੧੨. | ਜਥੇਬੰਦੀ ਅਤੇ ਹੋਰ ਕੰਮ ... ... | ੬੫ |
| ੧੩. | 'ਕੌਮਾ ਗਾਟਾ ਮਾਰੂ' ਅਤੇ ਗਦਰ ਪਾਰਟੀ ... ... | ੭੦ |
| ੧੪. | ਪਹਿਲਾ ਸੰਸਾਰ ਯੁਧ ਅਤੇ ਗਦਰ ਪਾਰਟੀ ਦਾ ਫ਼ੈਸਲਾ ... ... | ੭੩ |
| ੧੫. | ਗਦਰੀ ਇਨਕਲਾਬੀਆਂ ਦੀਆਂ ਦੇਸ ਵੱਲ ਵਹੀਰਾਂ ... ... | ੭੬ |
| ੧੬. | ਹਿੰਦ ਵਿਚ ਗਦਰੀ ਕਾਰਵਾਈਆਂ ਦਾ ਪਹਿਲਾ ਦੌਰ ... ... | ੮੪ |
| ੧੭. | ਦੂਸਰੇ ਦੌਰ ਦਾ ਆਰੰਭ ... ... | ੮੯ |
| ੧੮. | ਗਦਰੀ ਕਾਰਵਾਈਆਂ ਦੇ ਮੋਟੇ ਮੋਟੇ ਅੰਗ ... ... | ੯੬ |
| ੧੯. | ਹਿੰਦ ਵਿਚ ਗਦਰ ਕਰਨ ਦੀ ਪਲੈਨ ... ... | ੧੧੧ |
| ੨੦. | ਘਰ ਦਾ ਭੇਤੀ ਲੰਕਾ ਢਾਹੇ ... ... | ੧੧੮ |
| ੨੧. | ੧੯ ਫ਼ਰਵਰੀ ਦੇ ਪਿਛੋਂ ... ... | ੧੨੪ |
| ੨੨. | ਸਿੰਘਾਪੁਰ ਦਾ ਗਦਰ ... ... | ੧੬੨ |
| ੨੩. | ਹੋਰਨਾਂ ਨਾਲ ਮਿਲ ਕੇ ... ... | ੧੩੦ |
| ੨੪. | ਲਹਿਰ ਫੇਲ ਹੋਣ ਦੇ ਕਾਰਨ ... ... | ੧੪੮ |
| ੨੫. | ਲਹਿਰ ਦੀ ਸਪਿੱਰਟ ... ... | ੧੫੩ |
| ੨੬. | ਅੰਤਕਾ ਨੰਬਰ ੧ ... ... | ੧੬੦ |
| ੨੭. | ਅੰਤਕਾ ਨੰਬਰ ੨ ... ... | ੧੬੧ |
| ੨੮. | ਅੰਤਕਾ ਨੰਬਰ ੩ ... ... | ੧੬੩ |
| ੨੯. | ਅੰਤਕਾ ਨੰਬਰ ੪ ... ... | ੧੭੧ |
| ੩੦. | ਅੰਤਕਾ ਨੰਬਰ ੫ ... ... | ੧੮੨ |
| ੩੧. | ਹਵਾਲੇ ... ... | ੧੮੩ |




Digitized by Panjab Digital Library | www.panjabdigilib.org

# ਤਸਵੀਰਾਂ ਤੇ ਨਕਸ਼ੇ


੧. 'ਸੰਤ' ਵਸਾਖਾ ਸਿੰਘ
੨. ਸ੍ਰੀ ਜਵਾਲਾ ਸਿੰਘ 'ਠੱਟੀਆਂ'
੩. 'ਭਾਈ' ਭਗਵਾਨ ਸਿੰਘ
੪. ਅਮਰੀਕਾ ਤੇ ਕੈਨੇਡਾ ਦੇ ਪੱਛਮੀ ਕੰਢੇ ਦਾ ਨਕਸ਼ਾ
੫, 'ਲਾਲਾ' ਹਰਦਿਆਲ
੬. ਸ੍ਰੀ ਪਿਰਥੀ ਸਿੰਘ, ਤੇ ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ'
੭. ਸ੍ਰੀ ਕੇਸਰ ਸਿੰਘ 'ਠਠਗੜ੍ਹ'
੮. 'ਭਾਈ' ਸੰਤੋਖ ਸਿੰਘ
੯. ਸ੍ਰੀ ਨਿਧਾਨ ਸਿੰਘ 'ਚੁਘਾ'
੧੦. ਸ੍ਰੀ ਸੋਹਣ ਸਿੰਘ 'ਭਕਨਾ'
੧੧. ਸ੍ਰੀ ਭਾਗ ਸਿੰਘ 'ਕਨੇਡੀਅਨ' (ਸ਼ਹੀਦ)
੧੨. 'ਭਾਈ' ਬਲਵੰਤ ਸਿੰਘ 'ਕੈਨੇਡੀਅਨ' (ਸ਼ਹੀਦ)
੧੩. ਸ੍ਰੀ ਮੁਹੰਮਦ ਬਰਕਤੁਲਾ
੧੪. ਸ੍ਰੀ ਰੂੜ ਸਿੰਘ 'ਚੂਹੜ ਚੱਕ', ਤੇ ਸ੍ਰੀ ਰੰਗਾ ਸਿੰਘ, ਪਿੰਡ ਖੁਰਦਪੁਰ (ਸ਼ਹੀਦ)
੧੫. ਸ੍ਰੀ ਗੁਜਰ ਸਿੰਘ 'ਭਕਨਾ', ਤੇ ਸ੍ਰੀ ਸ਼ੇਰ ਸਿੰਘ 'ਵੇਈਂਪੁਈਂ'
੧੬. ਸ੍ਰੀ ਜੀਵਨ ਸਿੰਘ, ਪਿੰਡ ਧੂਲੇਵਾਲਾ (ਸ਼ਹੀਦ), ਤੇ ਸ੍ਰੀ ਕੇਹਰ ਸਿੰਘ
੧੭. ਸ੍ਰੀ ਰਹਿਮਤ ਅਲੀ (ਸ਼ਹੀਦ), ਤੇ ਸ੍ਰੀ ਮੇਵਾ ਸਿੰਘ 'ਕੈਨੇਡੀਅਨ' (ਸ਼ਹੀਦ)
੧੮. ਸ੍ਰੀ ਸਚਿੰਦਰ ਨਾਥ ਸਾਨਿਯਾਲ, ਤੇ 'ਪੰਡਤ' ਜਗਤ ਰਾਮ
੧੯. ਸ੍ਰੀ ਵਿਸ਼ਨੂ ਗਨੇਸ਼ ਪਿੰਗਲੇ (ਸ਼ਹੀਦ)
੨੦. ਸ੍ਰੀ ਰਾਸ਼ ਬਿਹਾਰੀ ਬੋਸ
੨੧. ਸ੍ਰੀ ਅਰੂੜ ਸਿੰਘ, ਪਿੰਡ ਸੰਗਵਾਲ (ਸ਼ਹੀਦ), ਤੇ ਸ੍ਰੀ ਬੰਤਾ ਸਿੰਘ, ਪਿੰਡ ਸੰਗਵਾਲ (ਸ਼ਹੀਦ)
੨੨. 'ਡਾਕਟਰ' ਮਥਰਾ ਸਿੰਘ (ਸ਼ਹੀਦ)
੨੩. ਦੱਖਣੀ ਤੇ ਪੂਰਬੀ ਏਸ਼ੀਆ ਦਾ ਨਕਸ਼ਾ
੨੪. ਸ੍ਰੀ ਇੰਦਰ ਸਿੰਘ, ਪਿੰਡ ਪਧਰੀ ਕਲਾਂ (ਸ਼ਹੀਦ), ਤੇ ਸ੍ਰੀ ਜਵੰਦ ਸਿੰਘ, ਪਿੰਡ ਨੰਗਲ ਕਲਾਂ (ਸ਼ਹੀਦ)
੨੫. ਸ੍ਰੀ ਜਗਤ ਸਿੰਘ 'ਸੁਰਸਿੰਗ' (ਸ਼ਹੀਦ)
੨੬. ਸ੍ਰੀ ਹਰਨਾਮ ਸਿੰਘ 'ਕਾਹਰੀ ਸਾਹਰੀ' (ਸ਼ਹੀਦ)
੨੭. ਸ੍ਰੀ ਸੋਹਨ ਲਾਲ 'ਪਾਥਕ' (ਸ਼ਹੀਦ)
੨੮. 'ਪੰਡਤ' ਕਾਂਸ਼ੀ ਰਾਮ (ਸ਼ਹੀਦ)
੨੯. ਦਫੇਦਾਰ ਲਛਮਣ ਸਿੰਘ (ਸ਼ਹੀਦ)
੩੦. ਸ੍ਰੀ ਕਰਤਾਰ ਸਿੰਘ 'ਸਰਾਭਾ' (ਸ਼ਹੀਦ)
੩੧. ਸ੍ਰੀ ਊਧਮ ਸਿੰਘ, ਪਿੰਡ ਕਸੇਲ, ਤੇ ਸ੍ਰੀ ਗੁਰਮੁਖ ਸਿੰਘ, ਪਿੰਡ ਲਲਤੋਂ
੩੨. ਸ੍ਰੀ ਪਰਮਾਨੰਦ (ਯੂ, ਪੀ.), ਤੇ 'ਸੰਤ' ਰੰਧੀਰ ਸਿੰਘ




Digitized by Panjab Digital Library | www.panjabdigilib.org

# ਕੁਝ ਇਸ ਲਿਖਤ ਬਾਰੇ

ਇਹ 'ਗ਼ਦਰ ਪਾਰਟੀ ਲਹਿਰ' ਦਾ ਇਤਿਹਾਸ ਹੈ, ਗ਼ਦਰ ਪਾਰਟੀ ਦਾ ਨਹੀਂ । ਗ਼ਦਰ ਪਾਰਟੀ ਸੰਨ 1947 ਤਕ ਸਰਗਰਮ ਰਹੀ, ਪਰ 'ਗ਼ਦਰ ਪਾਰਟੀ ਲਹਿਰ' ਪਹਿਲੇ ਸੰਸਾਰ ਯੁਧ ਦੇ ਅੰਤ ਹੋਣ ਤੋਂ ਪਹਿਲੋਂ ਖ਼ਤਮ ਹੋ ਗਈ ।

ਇਸ ਲਿਖਤ ਦਾ ਦਾਇਰਾ ਕੇਵਲ ਉਸ ਲਹਿਰ ਤੱਕ ਮਹਿਦੂਦ ਹੈ ਜਿਸ ਦਾ ਗ਼ਦਰ ਪਾਰਟੀ ਧੁਰਾ ਬਣੀ । 'ਗ਼ਦਰ ਪਾਰਟੀ ਲਹਿਰ' ਸਿਰਲੇਖ ਢੁਕਵਾ ਨਹੀਂ ; ਕਿਉਂਕਿ ਇਹ ਲਹਿਰ ਗ਼ਦਰ ਪਾਰਟੀ ਕਾਇਮ ਹੋਣ ਤੋਂ ਪਹਿਲੋਂ ਜਾਰੀ ਸੀ, ਅਤੇ ਇਸ ਲਹਿਰ ਨੇ ਗ਼ਦਰ ਪਾਰਟੀ ਨੂੰ ਜਨਮ ਦਿਤਾ, ਨਾ ਕਿ ਗ਼ਦਰ ਪਾਰਟੀ ਨੇ ਇਸ ਨੂੰ । ਪਰ ਸੰਨ 1857 ਦੇ ਗ਼ਦਰ ਅਤੇ ਪਹਿਲੇ ਸੰਸਾਰ ਯੁਧ ਦੇ ਦੌਰਾਨ ਚੱਲੀਆਂ ਹੋਰ ਹਿੰਦੀ ਗ਼ਦਰੀ ਲਹਿਰਾਂ ਨਾਲੋਂ ਇਸ ਲਹਿਰ ਨੂੰ ਨਿਖੇੜਨ ਵਾਲਾ ਚੰਗੇਰਾ ਸਿਰਲੇਖ ਨਹੀਂ ਸੁਝਿਆ ।

ਇਤਿਹਾਸ ਦਾ ਨਿਸ਼ਾਨਾ ਇਤਿਹਾਸਕ ਮਹਾਨਤਾ ਵਾਲੇ ਵਾਕਿਆਤ ਬਾਰੇ ਸਚਾਈ ਦੀ ਖੋਜ ਅਤੇ ਉਨ੍ਹਾਂ ਦੀ ਬੇਲਾਗ ਪੜਚੋਲ ਹੀ ਹੋਣਾ ਚਾਹੀਦਾ ਹੈ, ਪਰ ਇਨਕਲਾਬੀ ਅਤੇ ਗ਼ੈਰ-ਇਨਕਲਾਬੀ ਲਹਿਰਾਂ ਨੂੰ ਇਕੋ ਮਾਪ ਨਾਲ ਨਹੀਂ ਤੋਲਿਆ ਨਾਪਿਆ ਜਾ ਸਕਦਾ । ਗੁਪਤ ਭੇਦ ਹਥਿਆਰਬੰਦ ਇਨਕਲਾਬੀ ਲਹਿਰਾਂ ਦਾ ਜ਼ਰੂਰੀ ਅਤੇ ਅਹਿਮ ਅੰਗ ਹੁੰਦੇ ਹਨ, ਜੋ ਅਕਸਰ ਉਨ੍ਹਾਂ ਵਿਚ ਹਿੱਸਾ ਲੈਣ ਵਾਲੇ ਇਨਕਲਾਬੀਆਂ ਦੇ ਨਾਲ ਅਲੋਪ ਹੋ ਜਾਂਦੇ ਹਨ । ਜੋ ਨਿਸ਼ਾਨੀਆਂ ਬੱਚਦੀਆਂ ਹਨ, ਉਨ੍ਹਾਂ ਦਾ ਅਸਲਾ ਐਸਾ ਹੁੰਦਾ ਹੈ ਕਿ ਪੂਰੇ ਇਤਿਹਾਸਕ ਸਬੂਤਾਂ ਨਾਲ ਉਹਨਾਂ ਨੂੰ ਪੇਸ਼ ਕਰਨਾ ਕਈ ਹਾਲਤਾਂ ਵਿਚ ਕਰੀਬਨ ਅਸੰਭਵ ਹੋ ਜਾਂਦਾ ਹੈ । ਦੂਸਰੇ ਬੰਨੇ ਦੇਸ਼-ਭਗਤੀ ਦੇ ਜਜ਼ਬੇ ਦੀ ਗ਼ਲਤ ਵਰਤੋਂ ਹੇਠ ਇਨਕਲਾਬੀ ਲਹਿਰਾਂ ਦੀਆਂ ਰਵਾਇਤਾਂ ਨਾਲ ਬਹੁਤੀ ਵੇਰ ਮੁਬਾਲਗਾ-ਆਮੇਜ਼ੀ ਰਲ ਜਾਂਦੀ ਹੈ । ਇਸ ਵਾਸਤੇ 'ਗ਼ਦਰ ਪਾਰਟੀ ਲਹਿਰ' ਦੇ ਵਾਕਿਆਤ ਅਤੇ ਉਨ੍ਹਾਂ ਬਾਰੇ ਵਾਕਫ਼ੀਅਤ ਦੇ ਵਸੀਲਿਆਂ ਨੂੰ ਬਹੁਤੇ ਥਾਈਂ ਹਵਾਲੇ (References) ਦੇ ਕੇ ਇਸ ਤਰ੍ਹਾਂ ਨਿਖੇੜ ਕੇ ਪੇਸ਼ ਕਰਨ ਦੀ ਕੋਸ਼ਸ਼ ਕੀਤੀ ਕੀਤੀ ਗਈ ਹੈ ਕਿ ਪਾਠਕ ਅਤੇ ਇਸ ਲਹਿਰ ਦੇ ਇਤਿਹਾਸਕਾਰ ਖੋਜੀ ਉਨ੍ਹਾਂ ਦੀ ਸਚਾਈ ਅਤੇ ਵਜ਼ਨ ਨੂੰ ਖ਼ੁਦ ਆਪ ਜਾਂਚ ਸੱਕਣ ।

'ਗ਼ਦਰ ਪਾਰਟੀ ਲਹਿਰ' ਸੰਬੰਧੀ ਇਤਿਹਾਸਕ ਮਸਾਲਾ ਲੱਭਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ; ਪਰ ਕਈ ਐਸੇ ਵਸੀਲੇ ਹਨ, ਜਿਨ੍ਹਾਂ ਦਾ ਪਤਾ ਹੋਣ ਅਤੇ ਜਿਨ੍ਹਾਂ ਤੋਂ ਪਤਾ ਕਰਨ ਦੇ ਪੂਰੇ ਯਤਨ ਕਰਨ ਦੇ ਬਾਵਜੂਦ, ਉਨ੍ਹਾਂ ਤੱਕ ਲਿਖਾਰੀ ਦੀ ਰਸਾਈ ਨਹੀਂ ਹੋ ਸਕੀ । ਇਸ ਊਣਤਾਈ ਦੇ ਬਾਵਜੂਦ ਇਸ ਲਿਖਤ ਨੂੰ ਛਪਵਾਉਣ ਦਾ ਇਕ ਕਾਰਨ ਤਾਂ ਇਹ ਹੈ ਕਿ ਲਿਖਾਰੀ ਨੂੰ ਆਪਣੀ ਜ਼ਿੰਦਗੀ ਵਿਚ ਉਨ੍ਹਾਂ ਵਸੀਲਿਆਂ ਤਕ ਪਹੁੰਚ ਹੋਣ ਦੀ ਆਸ ਘੱਟ ਹੈ । ਦੂਸਰੇ 'ਗ਼ਦਰ ਪਾਰਟੀ ਲਹਿਰ' ਦੇ ਮੋਟੇ ਮੋਟੇ ਪਹਿਲੂ ਇਤਿਹਾਸਕ ਦ੍ਰਿਸ਼ਟੀਕੋਨ ਤੋਂ ਸਪੱਸ਼ਟ ਹੋ ਗਏ ਜਾਪਦੇ ਹਨ । ਹੋ ਸਕਦਾ ਹੈ ਕਿ ਵਧੇਰੇ ਖੋਜ ਨਾਲ ਵਾਕਿਆਤ ਦੀ ਹੋਰ ਤਫ਼ਸੀਲ ਜਾਂ ਵਿਅਕਤੀਆਂ ਦੇ ਲਹਿਰ ਵਿਚ ਅਦਾ ਕੀਤੇ ਪਾਰਟ ਨਾਲੋਂ, ਇਸ ਲਿਖਤ ਦੇ ਨਜ਼ਰੀਏ ਦਾ ਸੰਬੰਧ ਸਮੁਚੀ ਲਹਿਰ ਦੇ ਮੁਖ ਅੰਗਾਂ ਨੂੰ ਪ੍ਰਗਟਾਉਣ ਅਤੇ ਉਹਨਾਂ ਦੀ ਪੜਚੋਲ ਕਰਨ ਨਾਲ ਵਧੇਰੇ ਹੈ । ਇਹ ਵੀ ਹੋ ਸਕਦਾ ਹੈ ਕਿ ਇਸ ਲਹਿਰ ਸੰਬੰਧੀ ਵਾਕਫ਼ੀਅਤ ਦੇ ਹੋਰ ਵਸੀਲਿਆਂ ਦੀ ਖੋਜ, ਇਸ ਲਿਖਤ ਵਿਚ ਕਢੇ ਗਏ ਮੋਟੇ ਨਤੀਜਿਆਂ ਵਿਚੋਂ ਵੀ ਕਈਆਂ ਨੂੰ ਗ਼ਲਤ ਸਾਬਤ ਕਰੇ । ਪਰ ਜਿਵੇਂ ਇਕ ਲਹਿਰ ਦੀ ਸਮੁਚੀ ਉਸਾਰੀ ਦੇ ਮੁਕਾਬਲੇ ਕਿਸੇ ਵਡੀ ਤੋਂ ਵਡੀ ਸ਼ਖ਼ਸੀਅਤ ਦੇ ਉਸ ਵਿਚ ਪਾਏ ਹਿੱਸੇ ਨੂੰ ਬਹੁਤੀ ਤੁਲਣਾ ਨਹੀਂ ਦਿਤੀ ਜਾ ਸਕਦੀ, ਇਸੇ ਤਰ੍ਹਾਂ ਕਿਸੇ ਲਹਿਰ ਦੇ ਇਤਿਹਾਸ ਦੀ ਉਸਾਰੀ ਵਿਚ ਇਕ ਲੇਖਕ ਦੀ ਲਿਖਤ ਅੰਤਮ ਨਹੀਂ ਹੋ ਸਕਦੀ । ਇਤਿਹਾਸ ਦੇ ਵਿਕਾਸ ਵਿਚ ਨਵੇਂ ਤੋਂ ਨਵੇਂ ਪਹਿਲੂ ਪ੍ਰਗਟ ਹੁੰਦੇ ਰਹਿੰਦੇ ਹਨ, ਅਤੇ ਲਿਖਾਰੀ ਨੂੰ ਕਾਫ਼ੀ ਤਸੱਲੀ ਮਿਲ ਸਕੇਗੀ ਜੇ ਇਹ ਲਿਖਤ ਇਸ ਸਿਲਸਿਲੇ ਦੀ ਪੌੜੀ ਦਾ ਇਕ ਕਾਰਆਮਦ ਡੰਡਾ ਸਾਬਤ ਹੋ ਸਕੇ ।

ਅਧੂਰੀ ਵਾਕਫ਼ੀਅਤ ਹੋਣ ਕਰਕੇ 'ਗ਼ਦਰ ਪਾਰਟੀ ਲਹਿਰ' ਦੇ ਇਤਿਹਾਸ ਦੇ ਜਿਹੜੇ ਪਹਿਲੂ ਸਪੱਸ਼ਟ ਨਹੀਂ



Digitized by Panjab Digital Library | www.panjabdigilib.org

ਹੋ ਸਕੇ, ਉਨ੍ਹਾਂ ਦਾ ਨਾਲੋ ਨਾਲ ਜ਼ਿਕਰ ਕਰ ਦਿੱਤਾ ਗਿਆ ਹੈ। ਵਾਕਫ਼ੀਅਤ ਦੇ ਵਸੀਲਿਆਂ, ਜਿਨ੍ਹਾਂ ਦੀ ਖੋਜ ਲਾਭਦਾਇਕ ਹੋ ਸਕਦੀ ਹੈ, ਪਰ ਜੋ ਮਿਲ ਨਹੀਂ ਸਕੇ ਜਾਂ ਜਿਨ੍ਹਾਂ ਤਕ ਪਹੁੰਚ ਨਹੀਂ ਹੋ ਸਕੀ, ਦੀ ਵਖਰੀ ਲਿਸਟ ਦੇ ਦਿਤੀ ਗਈ ਹੈ, ਤਾਕਿ ਇਸ ਲਹਿਰ ਦੇ ਅਗੋਂ ਖੋਜ ਕਰਨ ਵਾਲੇ ਇਤਿਹਾਸਕਾਰ ਇਨ੍ਹਾਂ ਤੋਂ ਲਾਭ ਉਠਾ ਸਕਣ। 'ਗ਼ਦਰ ਪਾਰਟੀ ਲਹਿਰ' ਵਿਚ ਹਿੱਸਾ ਲੈਣ ਵਾਲੇ ਸਭ ਇਨਕਲਾਬੀਆਂ ਦੀਆਂ ਤਸਵੀਰਾਂ ਦੇਣੀਆਂ ਲਾਗਤ ਦੇ ਖ਼ਿਆਲ ਕਰਕੇ ਸੰਭਵ ਨਹੀਂ ਹੋ ਸਕੀਆਂ ; ਅਤੇ ਜਿਨ੍ਹਾਂ ਲਹਿਰ ਵਿਚ ਉੱਘਾ ਹਿੱਸਾ ਲਿਆ, ਉਨ੍ਹਾਂ ਵਿਚੋਂ ਵੀ ਕਈਆਂ ਦੀਆਂ ਨਾ ਮਿਲਣ ਕਰਕੇ ਦਿੱਤੀਆਂ ਨਹੀਂ ਜਾ ਸਕੀਆਂ।

ਪਹਿਲੇ ਕਾਂਡ ਬਾਰੇ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਇਸ ਨੂੰ ਦੋ-ਟੁਕ ਦਿਤੀ ਗਈ ਪੁਖਤਾ ਰਾਏ ਵਾਂਗੂ ਨਹੀਂ ਸਮਝਿਆ ਜਾਣਾ ਚਾਹੀਦਾ। ਇਸ ਨੂੰ ਕੇਵਲ ਪੰਜਾਬੀ ਕਿਸਾਨ ਦੇ ਸੁਭਾਉ ਅਤੇ ਪ੍ਰਕਿਰਤੀ, ਜਿਸ ਨੇ 'ਗ਼ਦਰ ਪਾਰਟੀ ਲਹਿਰ' ਨੂੰ ਕੁਝ ਹੱਦ ਤਕ ਆਪਣੀ ਰੰਗਤ ਦਿਤੀ, ਸਮਝਣ ਹਿੱਤ ਇਕ ਸਹਾਇਕ ਦ੍ਰਿਸ਼ਟੀਕੋਨ ਸਮਝਣਾ ਚਾਹੀਦਾ ਹੈ।

ਮਜ਼ਮੂਨ ਇਹ ਮੰਗ ਕਰਦਾ ਸੀ ਕਿ ਭਾਵਾਂ ਨੂੰ ਤੋਲ ਕੇ ਪ੍ਰਗਟਾਉਣ ਵਾਲੇ ਢੁਕਵੇਂ ਸ਼ਬਦ ਵਰਤੇ ਜਾਣ। ਪਰ ਇਸ ਵਿਚ ਪੂਰੀ ਸਫ਼ਲਤਾ ਨਹੀਂ ਹੋ ਸਕੀ ; ਕੁਝ ਲਿਖਾਰੀ ਦੀ ਆਪਣੀ ਊਣਤਾਈ ਕਰਕੇ ਅਤੇ ਕੁਝ ਭਾਵਾਂ ਦੀਆਂ ਬਰੀਕੀਆਂ ਨੂੰ ਨਿਖੇੜ ਕੇ ਜ਼ਾਹਰ ਕਰਨ ਵਾਲੇ ਪੰਜਾਬੀ ਸ਼ਬਦਾਂ ਦੀ ਥੁੜ ਕਰਕੇ। ਇਸੇ ਕਰਕੇ ਕਈ ਜ਼ਰੂਰੀ ਥਾਈਂ ਪੰਜਾਬੀ ਸ਼ਬਦਾਂ ਦੇ ਭਾਵਾਂ ਨੂੰ ਨਿਖਾਰਨ ਅਤੇ ਕੀਲਣ ਹਿਤ ਉਨ੍ਹਾਂ ਦੇ ਤੁਲ ਦੇ ਅੰਗਰੇਜ਼ੀ ਦੇ ਸ਼ਬਦ ਬਰੈਕਟਾਂ ਵਿਚ ਦਿਤੇ ਗਏ ਹਨ। ਛਪਾਈ ਦੀਆਂ ਗ਼ਲਤੀਆਂ (ਜੋ ਕਾਫ਼ੀ ਧਿਆਨ ਦੇਣ ਦੇ ਬਾਵਜੂਦ ਰਹਿ ਗਈਆਂ ਹਨ) ਤੋਂ ਇਲਾਵਾ, ਸ਼ਬਦ-ਜੋੜਾਂ ਵਿਚ ਇਸ ਕਰਕੇ ਫ਼ਰਕ ਰਹਿ ਗਏ ਹਨ ਕਿ ਇਨ੍ਹਾਂ ਬਾਰੇ ਸਰਬ-ਪਰਵਾਣ ਕਸਵੱਟੀ (Authority) ਨਹੀਂ ਮਿਲ ਸਕੀ। ਉਰਦੂ, ਹਿੰਦੀ ਅਤੇ ਅੰਗਰੇਜ਼ੀ ਦੇ ਆਮ ਵਰਤੋਂ ਵਿਚ ਆ ਗਏ ਸ਼ਬਦਾਂ ਨੂੰ ਇਸ ਵਾਸਤੇ ਵਰਤਣੋਂ ਸੰਕੋਚ ਨਹੀਂ ਕੀਤੀ ਗਈ ਕਿ ਬੋਲੀ ਦੇ ਵਿਕਾਸ ਵਿਚ ਤਰਕ ਅਤੇ ਤੰਗਦਿਲੀ ਨੂੰ ਥਾਂ ਨਹੀਂ ਹੋਣੀ ਚਾਹੀਦੀ, ਅਤੇ ਇਸ ਦੇ ਵਿਰਸੇ ਨੂੰ ਆਰਜ਼ੀ ਰਾਜਸੀ ਰੰਜਸ਼ਾਂ ਬਦਲੇ ਕੁਰਬਾਨ ਨਹੀਂ ਕੀਤੇ ਜਾਣਾ ਚਾਹੀਦਾ। ਕਈ ਵਿਅਕਤੀਆਂ ਦੇ ਨਾਵਾਂ ਨੂੰ ਨਿਖੇੜਨ ਖ਼ਾਤਰ ਉਨ੍ਹਾਂ ਦੇ ਅਗੇ ਜਾਂ ਪਿਛੇ ਪੁੱਠੇ ਕਾਮਿਆਂ ਵਿਚ ਉਨ੍ਹਾਂ ਦੀ ਅੱਲ ਜਾਂ ਪਿੰਡ ਦਾ ਨਾਮ ਲਿਖ ਦਿਤਾ ਗਿਆ ਹੈ।

ਇਸ ਲਿਖਤ ਸੰਬੰਧੀ ਮਸਾਲਾ ਇਕੱਠਾ ਕਰਨ ਵਿਚ ਜਿਨ੍ਹਾਂ ਸਜਣਾਂ ਮਿੱਤਰਾਂ ਨੇ ਮਦਦ ਕੀਤੀ, ਉਨ੍ਹਾਂ ਦਾ ਲਿਖਾਰੀ ਦਿਲੋਂ ਧੰਨਵਾਦੀ ਹੈ। ਸ਼੍ਰੀ ਅਚਿੰਤ ਰਾਮ, ਐਮ. ਪੀ., ਨੇ ਨੈਸ਼ਨਲ ਆਰਕਾਈਵਜ਼ (National Archives), ਨਵੀਂ ਦਿੱਲੀ, ਵਿਚੋਂ 'ਗ਼ਦਰ ਪਾਰਟੀ ਲਹਿਰ' ਨਾਲ ਸੰਬੰਧਤ ਕਈ ਮੁਕੱਦਮਿਆਂ ਦੇ ਰੀਕਾਰਡ ਵੇਖਣ ਦੀ ਆਗਿਆ ਲੈਣ ਵਿਚ ਸਹਾਇਤਾ ਕੀਤੀ। ਸ਼੍ਰੀ ਸੁਰਿੰਦਰ ਮੋਹਨ ਘੋਸ਼, ਐਮ. ਪੀ., (Board for the History of Freedom Movement in India ਦੇ ਸਕੱਤ੍ਰ) ਨੇ ਸਾਨਫ਼ਰਾਂਸਿਸਕੋ ਕੇਸ ਦੇ ਰੀਕਾਰਡ ਦੀ ਉਨ੍ਹਾਂ ਪਾਸ ਆਈ ਨਕਲ ਵੇਖਣ ਦੀ ਆਗਿਆ ਦੇਣ ਦੀ ਕਿਰਪਾ ਕੀਤੀ; ਸ਼੍ਰੀ ਫੀਰੋਜ਼ ਚੰਦ (ਸਰਵੈਂਟਸ ਆਫ਼ ਪੀਪਲਜ਼ ਸੁਸਾਇਟੀ ਦੇ ਸਾਬਕ ਮੈਂਬਰ) ਨੇ ਇਹ ਆਗਿਆ ਲੈਣ ਵਿਚ ਸਹਾਇਤਾ ਕੀਤੀ, ਅਤੇ ਇਸ ਲਿਖਤ ਦੇ ਖਰੜੇ ਦੀ ਨਜ਼ਰਸਾਨੀ ਕਰਕੇ ਆਪਣੀ ਬਹੁਮੁੱਲੀ ਰਾਏ ਦਿਤੀ। 'ਗਿਆਨੀ' ਨਾਹਰ ਸਿੰਘ (ਜਿਨ੍ਹਾਂ ਨੂੰ ਦੂਸਰੇ ਕੇਸ ਵਿਚ ਉਮਰ ਕੈਦ ਦੀ ਸਜ਼ਾ ਹੋਈ ਸੀ) ਅਤੇ 'ਮਾਸਟਰ' ਤਾਰਾ ਸਿੰਘ ਨੇ ਕਿਰਪਾ ਕਰਕੇ ਇਸ ਲਹਿਰ ਨਾਲ ਸੰਬੰਧਤ ਉਨ੍ਹਾਂ ਪਾਸ ਪਈਆਂ ਕਈ ਸਰਕਾਰੀ ਲਿਖਤਾਂ ਵਿਖਾਈਆਂ। ਡਾਕਟਰ ਗੰਡਾ ਸਿੰਘ (ਪੈਪਸੂ ਆਰਕਾਈਵਜ਼ ਦੇ ਡਾਇਰੈਕਟਰ) ਨੇ ਆਪਣੇ ਨਿਜੀ ਪੁਸਤਕ ਭੰਡਾਰ ਵਿਚੋਂ, ਅਤੇ ਪ੍ਰਿੰਸੀਪਲ, ਖ਼ਾਲਸਾ ਕਾਲਜ, ਅੰਮ੍ਰਿਤਸਰ, ਨੇ ਕਾਲਜ ਦੀ ਲਾਇਬਰੇਰੀ ਵਿਚੋਂ ਕਿਤਾਬਾਂ ਪੜ੍ਹਨ ਦੀ ਸਹੂਲਤ ਦਿਤੀ।

ਤਰਨ ਤਾਰਨ। ਜਗਜੀਤ ਸਿੰਘ

ਸਤੰਬਰ, 1955.



Digitized by Panjab Digital Library | www.panjabdigilib.org

# 'ਗ਼ਦਰ ਪਾਰਟੀ ਲਹਿਰ' ਦੇ ਇਤਿਹਾਸ ਦੀ ਵਿਸ਼ੇਸ਼ਤਾ

ਇਤਿਹਾਸਕ ਵਾਕਿਆਤ ਅਤੇ ਉਨ੍ਹਾਂ ਦੀ ਤਹਿ ਵਿਚ ਕਾਰਨਾਂ ਦੀ ਪੜਚੋਲ ਨੂੰ ਹਾਸ਼ੀਆ-ਆਰਾਈ ਕੀਤੇ ਬਗ਼ੈਰ ਪੇਸ਼ ਕੀਤੇ ਜਾਣਾ ਚਾਹੀਦਾ ਹੈ; ਪਰ 'ਗ਼ਦਰ ਪਾਰਟੀ ਲਹਿਰ' ਦੇ ਇਤਿਹਾਸ ਨਾਲ ਇਨਸਾਫ਼ ਕਰਨ ਖ਼ਾਤਰ ਚੰਦ ਇਕ ਦ੍ਰਿਸ਼ਟੀਕੋਨਾਂ, ਜਿਨ੍ਹਾਂ ਤੋਂ ਵੇਖਿਆਂ ਇਸ ਲਹਿਰ ਦੀ ਇਤਿਹਾਸਕ ਵਿਸ਼ੇਸ਼ਤਾ ਪ੍ਰਗਟ ਹੁੰਦੀ ਹੈ, ਦਾ ਜ਼ਿਕਰ ਕਰ ਦੇਣਾ ਬੇ-ਢੁਕਵਾਂ ਨਹੀਂ ਹੋਵੇਗਾ, ਖ਼ਾਸ ਕਰ ਜਦ ਕਿ ਇਨ੍ਹਾਂ ਵਿਚੋਂ ਕਈਆਂ ਦਾ ਕਈ ਇਤਿਹਾਸਕ ਅਹਿਮੀਅਤ ਵਾਲੇ ਸਵਾਲਾਂ ਨਾਲ ਸੰਬੰਧ ਹੈ ।

'ਗ਼ਦਰ ਪਾਰਟੀ ਲਹਿਰ' ਹਿੰਦੀਆਂ ਦੀ ਸਭ ਤੋਂ ਪਹਿਲੀ ਗ਼ੈਰ-ਮਜ਼ਹਬੀ ਅਤੇ ਗ਼ੈਰ-ਫ਼ਿਰਕੂ ਜਥੇਬੰਦ ਕੌਮੀ ਇਨਕਲਾਬੀ ਲਹਿਰ ਸੀ, ਜਿਸ ਨੇ ਪੰਚਾਇਤੀ ਕੌਮੀ ਰਾਜ (Republic) ਦਾ ਨਿਸ਼ਾਨਾ ਸਪੱਸ਼ਟ ਰੂਪ ਵਿਚ ਅਪਣਾਇਆ । ਜੇਕਰ ਇਹ ਕੇਵਲ ਇਤਿਫ਼ਾਕੀਆ ਅਮਰ ਹੁੰਦਾ ਤਾਂ, ਸਵਾਏ ਅੰਕੜਿਆਂ ਅਤੇ ਰੀਕਾਰਡਾਂ ਵਿਚ ਦਿਲਚਸਪੀ ਲੈਣ ਵਾਲਿਆਂ ਲਈ, ਇਸ ਦੀ ਆਪਣੇ ਆਪ ਵਿਚ ਕੋਈ ਭਾਵ-ਪੂਰਤ ਵਿਸ਼ੇਸ਼ਤਾ ਨਾ ਹੁੰਦੀ । ਪਰ ਰੂਸ ਵਿਚ ਕਿਰਤੀ ਰਾਜ ਕਾਇਮ ਹੋਣ ਤੋਂ ਪਹਿਲੋਂ, ਪੰਚਾਇਤੀ ਰਾਜ ਦੇ ਨਿਸ਼ਾਨੇ ਨੂੰ ਹੀ ਸਾਰੀ ਦੁਨੀਆਂ ਵਿਚ ਅਮਲੀ ਵਰਤੋਂ ਵਿਚ ਆਉਣ ਵਾਲਾ ਅਗੇ-ਵਧੂ ਰਾਜਸੀ ਆਦਰਸ਼ ਸਮਝਿਆ ਜਾਂਦਾ ਸੀ । ਹਿੰਦ ਵਿਚ ਤਾਂ ਉਸ ਵੇਲੇ ਫ਼ਿਰਕੂ ਜ਼ਹਿਨੀਅਤ ਅਤੇ ਮਹੌਲ ਦਾ ਬੋਲ ਬਾਲਾ ਸੀ, ਜਿਸ ਦੀ ਲੁਕਵੀਂ ਅਤੇ ਦਬੀ ਹੋਈ ਰੰਗਤ ਗ਼ੈਰ-ਫ਼ਿਰਕੂ ਕੌਮੀਅਤ ਦਾ ਦਾਅਵਾ ਕਰਨ ਵਾਲੇ ਅਨਸਰਾਂ ਵਿਚ ਵੀ ਕਈ ਵੇਰ ਪ੍ਰਗਟ ਹੋ ਜਾਂਦੀ, ਖ਼ਾਸ ਕਰ ਜਿਥੇ ਸਾਂਝੀ ਕੌਮੀਅਤ ਦੀ ਖ਼ਾਤਰ ਬਹੁਤੀ ਕੀਮਤ ਦੇਣ ਜਾਂ ਜਾਨ ਦਾ ਖ਼ਤਰਾ ਮੁਲ ਲੈਣ ਦਾ ਅਵਸਰ ਹੁੰਦਾ । ਹਿੰਦੀ ਇਨਕਲਾਬੀਆਂ ਵਿਚੋਂ ਬੰਗਾਲ ਦੇ ਤਰਾਸ-ਵਾਦੀ (Terrorist) ਦੇਸ਼-ਭਗਤ ਫ਼ਿਰਕੂ ਜ਼ਹਿਨੀਅਤ ਤੋਂ ਮੁਕਾਬਲਤਨ ਕਾਫ਼ੀ ਬੇਲਾਗ ਸਮਝੇ ਜਾਂਦੇ ਸਨ, ਪਰ ਉਨ੍ਹਾਂ ਨੇ ਵੀ ਇਕ ਤੈਅ ਕੀਤੀ ਹੋਈ ਨੀਤੀ ਅਨੁਸਾਰ ਮੁਸਲਮਾਨ ਭਰਾਵਾਂ ਨੂੰ ਆਪਣੀਆਂ ਜਥੇਬੰਦੀਆਂ ਵਿਚ ਸ਼ਾਮਲ ਕਰਨੋਂ ਸੰਕੋਚ ਕਰੀ ਰੱਖੀ* । ਪਹਿਲੇ ਸੰਸਾਰ ਯੁਧ ਤੋਂ ਪਹਿਲੋਂ ਹਿੰਦ ਵਾਸਤੇ 'ਡੋਮੀਨੀਅਨ ਸਟੇਟੱਸ' ਦੀ ਮੰਗ ਵੀ ਜੇ ਕੀਤੀ ਜਾਂਦੀ ਤਾਂ ਬੜੀ ਦਬਵੀਂ ਆਵਾਜ਼ ਵਿਚ, ਅਤੇ ਇਸ ਤੋਂ ਢੇਰ ਚਿਰ ਪਿਛੋਂ ਕਾਂਗਰਸ ਨੇ ਬੜੀ ਜਕੋ ਤਕੋ ਅਤੇ ਕੌੜੇ ਤਜਰਬੇ ਮਗਰੋਂ ਪੂਰਨ ਸੁਤੰਤਰਤਾ ਦੇ ਰਾਜਸੀ ਨਿਸ਼ਾਨੇ ਦਾ ਐਲਾਨ ਕੀਤਾ । ਇਨ੍ਹਾਂ ਗੱਲਾਂ ਨੂੰ ਸਾਹਮਣੇ ਰਖਦਿਆਂ ਹੋਇਆਂ, 'ਗ਼ਦਰ ਪਾਰਟੀ ਲਹਿਰ' ਨਾ ਕੇਵਲ ਆਪਣੇ ਜ਼ਮਾਨੇ ਮੁਤਾਬਕ ਹਿੰਦ ਵਿਚਲੀਆਂ ਸਭ ਜ਼ਥੇਬੰਦ ਰਾਜਸੀ ਲਹਿਰਾਂ ਤੋਂ ਅਗੇ-ਵਧੂ ਸੀ, ਸਗੋਂ ਇਸ ਤੋਂ ਪਿਛੋਂ ਚਲੀਆਂ ਕਈ ਕੌਮੀ ਰਾਜਸੀ ਲਹਿਰਾਂ ਦੇ ਮੁਕਾਬਲੇ ਵੀ ।

ਸੰਨ 1857 ਦੇ ਗ਼ਦਰ (ਜਦੋਂ ਸਾਂਝੀ ਹਿੰਦੀ ਕੌਮੀਅਤ ਦਾ ਅਹਿਸਾਸ ਤਕ ਨਹੀਂ ਸੀ, ਜਿਸ ਕਰਕੇ ਇਸ ਨੂੰ ਕੌਮੀ ਲਹਿਰ ਕਹਿਣਾ ਵੀ ਪਤਾ ਨਹੀਂ ਕਿਸ ਹੱਦ ਤਕ ਵਾਜਬ ਹੈ) ਪਿਛੋਂ ਚਲੀਆਂ ਅੰਗਰੇਜ਼ੀ ਰਾਜ ਵਿਰੋਧੀ ਗ਼ੈਰ-ਮਜ਼ਬੀ ਅਤੇ ਗ਼ੈਰ-ਫ਼ਿਰਕੂ ਨਿਰੋਲ ਕੌਮੀ ਹੋਰ ਲਹਿਰਾਂ ਨਾਲੋਂ, 'ਗ਼ਦਰ ਪਾਰਟੀ ਲਹਿਰ' ਦੇ ਹਿੱਸੇ ਫਾਂਸੀਆਂ ਅਤੇ ਉਮਰ-ਕੈਦ ਸਜ਼ਾਵਾਂ ਦਾ ਸਭ ਤੋਂ ਵਧ ਛਾਂਦਾ ਆਇਆ । ਇਹ ਵੀ ਇਤਫ਼ਾਕੀਆ ਅਮਰ ਨਹੀਂ। ਇਹ ਹਕੀਕਤ 'ਗ਼ਦਰ ਪਾਰਟੀ ਲਹਿਰ' ਦੀ ਉਸ ਇਨਕਲਾਬੀ ਅਤੇ ਕੁਰਬਾਨੀ ਦੀ ਸਪਿੱਰਟ ਦਾ ਕੇਵਲ ਇਕ ਚਿਨ੍ਹ ਹੈ, ਜਿਸ ਦੇ ਮੁਕਾਬਲੇ ਦੀਆਂ ਮਿਸਾਲਾਂ ਅੰਗਰੇਜ਼ੀ ਰਾਜ ਵੇਲੇ ਦੇ ਇਤਿਹਾਸ ਵਿਚ ਜੇ ਹਨ ਤਾਂ ਬਹੁਤ ਟਾਂਵੀਆਂ । 'ਗ਼ਦਰ ਪਾਰਟੀ ਲਹਿਰ' ਦੇ ਵਾਕਿਆਤ ਨੂੰ ਵੀਚਾਰ ਕੇ, ਅਤੇ ਇਸ ਦੀ ਇਨਕਲਾਬੀ ਅਤੇ ਕੁਰਬਾਨੀ ਦੀ ਸਪਿਰਟ ਦੇ ਸਬੂਤ ਵਿਚ ਦਿਤੀਆਂ ਸ਼ਹਾਦਤਾਂ ਨੂੰ ਗਹੁ ਨਾਲ ਤੋਲ ਕੇ, ਪਾਠਕ ਆਪ ਨਿਰਣਾ ਕਰ ਸਕਦੇ ਹਨ ਕਿ ਇਨ੍ਹਾਂ ਵਿਚ ਕਿਸ ਹੱਦ ਤਕ

*Rowlatt Report, p. 96.



Digitized by Panjab Digital Library | www.panjabdigilib.org

ਸਚਾਈ ਹੈ । ਪਰ ਇਸ ਤਰ੍ਹਾਂ ਤਸੱਲੀ ਕਰ ਲੈਣ ਦੇ ਬਾਵਜੂਦ ਵੀ ਜੇ ਉਨ੍ਹਾਂ ਦੇ ਮਨ ਵਿਚ ਸ਼ੰਕਾ ਜਾਂ ਹੈਰਾਨੀ ਉਤਪਨ ਹੋਵੇ ਕਿ ਐਸੀ ਸਪਿਰਟ ਦਾ ਪ੍ਰਗਟਾਅ ਕਿਵੇਂ ਸੰਭਵ ਹੋਇਆ, ਤਾਂ ਐਸੇ ਸ਼ੰਕਾ ਜਾਂ ਹੈਰਾਨੀ ਨੂੰ 'ਗ਼ਦਰ ਪਾਰਟੀ ਲਹਿਰ' ਦੀ ਇਨਕਲਾਬੀ ਅਤੇ ਕੁਰਬਾਨੀ ਦੀ ਸਪਿੱਰਟ ਦੀ ਵਡਿਤਨ ਦਾ ਮਾਪ ਸਮਝਿਆ ਜਾਣਾ ਚਾਹੀਦਾ ਹੈ ।

'ਗ਼ਦਰ ਪਾਰਟੀ ਲਹਿਰ' ਦੀ ਇਤਿਹਾਸਕ ਨਜ਼ਰੀਏ ਤੋਂ ਸਭ ਤੋਂ ਵਡੀ ਵਿਸ਼ੇਸ਼ਤਾ ਇਹ ਹੈ ਕਿ, ਭਾਵੇਂ ਕਈ ਊਣਤਾਈਆਂ ਦੇ ਕਾਰਨ ਇਹ ਆਪ ਫ਼ੇਲ ਹੋ ਗਈ, ਪਰ ਆਪਣੀ ਇਸ ਅਸਫ਼ਲਤਾ ਅਤੇ ਊਣਤਾਈਆਂ ਦੀ ਰੌਸ਼ਨੀ ਵਿਚ ਹੀ (ਕਿਉਂਕਿ ਊਣਤਾਈਆਂ ਐਸੀਆਂ ਸਨ ਜੋ ਸਹਿਜੇ ਦੂਰ ਹੋ ਸਕਦੀਆਂ ਸਨ, ਅਤੇ ਅਸਫ਼ਲਤਾ ਐਸੀ ਸੀ ਜੋ ਸਫ਼ਲਤਾ ਦੇ ਐਨ ਨੇੜੇ ਛੂਹ ਕੇ ਰਹਿ ਗਈ) ਇਸ ਨੇ ਸਾਫ਼ ਰਾਹ ਵਿਖਾ ਦਿਤਾ ਕਿ, ਖ਼ਾਸ ਕੌਮੀ ਅਤੇ ਕੌਮਾਂਤਰੀ ਹਾਲਾਤ ਦੀ ਹੋਂਦ ਵਿਚ, ਅੰਗਰੇਜ਼ੀ ਹਕੂਮਤ ਨੂੰ ਹਥਿਆਰਬੰਦ ਬਗਾਵਤ ਰਾਹੀਂ ਉਲਟਾਉਣਾ ਅਮਲੀ ਤੌਰ ਉਤੇ ਸੰਭਵ ਸੀ, ਅਤੇ ਇਸ ਤਰੀਕਾਕਾਰ ਨੂੰ ਅਮਲੀ ਵਰਤੋਂ ਵਿਚ ਆ ਸਕਣ ਵਾਲੀ ਪਾਲਿਸੀ ਦੇ ਤੌਰ ਉਤੇ ਧਾਰਨ ਕੀਤਾ ਜਾ ਸਕਦਾ ਸੀ । ਜੇਕਰ ਇਸ ਨਤੀਜੇ ਨੂੰ ਪ੍ਰਵਾਨ ਕਰ ਲਿਆ ਜਾਏ (ਅਤੇ ਇਸ ਦਾ ਨਿਰਣਾ ਵੀ ਪਾਠਕ ਲਹਿਰ ਦੇ ਇਤਿਹਾਸ, ਖ਼ਾਸ ਕਰ ਸੋਲ੍ਹਵੇਂ ਅਤੇ ਸਤਾਰ੍ਹਵੇਂ ਕਾਂਡਾਂ, ਨੂੰ ਗਹੁ ਨਾਲ ਵੀਚਾਰ ਕੇ ਆਪ ਕਰ ਸਕਦੇ ਹਨ), ਤਾਂ ਅੰਗਰੇਜ਼ੀ ਰਾਜ ਸਮੇਂ ਦੀ ਹਿੰਦੀ ਕੌਮੀ ਲਹਿਰ ਦੀ ਇਤਿਹਾਸਕ ਪੜਚੋਲ ਦੇ ਰਾਹ ਵਿਚੋਂ ਇਕ ਵਡੀ ਔਕੜ ਦੂਰ ਹੋ ਜਾਂਦੀ ਹੈ, ਅਤੇ ਇਸ ਪੜਚੋਲ ਨਾਲ ਸੰਬੰਧਤ ਕਈ ਇਕ ਬੜੇ ਅਹਿਮ ਸਵਾਲ ਉਤਪਨ ਹੁੰਦੇ ਹਨ ।

ਅੰਗਰੇਜ਼ੀ ਦੀ ਕਹਾਵਤ ਹੈ ਕਿ 'ਸਫ਼ਲਤਾ ਸਭ ਨਾਲੋਂ ਵਧੇਰੇ ਸਫ਼ਲ ਹੈ' । ਜਿਨ੍ਹਾਂ ਹਾਲਾਤ ਵਿਚ ਦੇਸ ਨੂੰ ਅੰਗਰੇਜ਼ੀ ਹਕੂਮਤ ਤੋਂ ਆਜਾਦੀ ਮਿਲੀ ਹੈ, ਉਨ੍ਹਾਂ ਨੂੰ ਓਪਰੀ ਨਜ਼ਰੇ ਵੇਖਿਆਂ ਇਹੋ ਅਸਰ ਹੁੰਦਾ ਹੈ ਕਿ ਕਾਂਗਰਸ ਦਾ ਸ਼ਾਂਤਮਈ ਅੰਦੋਲਨ ਸਭ ਤੋਂ ਸਫ਼ਲ ਤਰੀਕਾਕਾਰ ਸੀ । ਇਸ ਵਿਚ ਸ਼ੱਕ ਵੀ ਨਹੀਂ ਕਿ, ਸਦੀਆਂ ਤੋਂ ਚਲੀ ਆ ਰਹੀ ਬੇਇਤਫ਼ਾਕੀ ਅਤੇ ਕੌਮੀ ਨਿਢਾਲਤਾ ਨੂੰ ਸਾਹਮਣੇ ਰਖਦਿਆਂ ਹੋਇਆਂ, ਹਿੰਦੀ ਜਨਤਾ ਦੀ ਸਪਿੱਰਟ ਨੂੰ ਉਭਾਰਨ ਲਈ ਸ਼ਾਂਤਮਈ ਦਾ ਅੰਦੋਲਨ ਇਕ ਵਧੀਆ ਢੰਗ ਸੀ । ਪਰ ਇਸ ਨਜ਼ਰੀਏ ਨੂੰ ਪ੍ਰਵਾਨ ਕਰਨ ਦੇ ਰਾਹ ਵਿਚ ਕਈ ਵਜ਼ਨੀ ਵੀਚਾਰਾਂ ਅਤੇ ਵਾਕਿਆਤ ਹਨ ਕਿ ਅੰਗਰੇਜ਼ੀ ਨੂੰ ਹਿੰਦ ਛੱਡਣ ਲਈ ਮਜਬੂਰ ਕਰਨ ਵਾਸਤੇ ਅੰਤਮ ਫ਼ੈਸਲਾ-ਕੁਨ ਤਾਕਤ ਸ਼ਾਂਤਮਈ ਅੰਦੋਲਨ ਸਾਬਤ ਹੋਈ ।

ਦੂਸਰੇ ਸੰਸਾਰ ਯੁੱਧ ਦੇ ਦੌਰਾਨ ਵਿਚ ਕਾਂਗਰਸ ਨੇ 'ਹਿੰਦ ਛੋੜੋ' ('Quit India') ਲਹਿਰ ਦੀ ਸ਼ਕਲ ਵਿਚ ਸਿਰ ਧੜ ਵਾਲੀ ਅਖ਼ੀਰਲੀ ਬਾਜ਼ੀ ਲਾ ਦਿਤੀ । ਪਰ ਇਹ ਲਹਿਰ ਅੰਗਰੇਜ਼ੀ ਹਕੂਮਤ ਦੇ ਮੁਕਾਬਲੇ ਕਿਤਨੀ ਬੇਬਸ ਸੀ, ਇਹ ਇਸ ਤੋਂ ਸਪੱਸ਼ਟ ਹੁੰਦਾ ਹੈ ਕਿ, ਜਰਮਨੀ ਅਤੇ ਪਿਛੋਂ ਜਾਪਾਨ ਦੀਆਂ ਆਰਜ਼ੀ ਫ਼ੌਜੀ ਜਿੱਤਾਂ ਦੇ ਕਾਰਨ ਡਾਢੇ ਸ਼ਕੰਜੇ ਵਿਚ ਫਸੇ ਹੋਣ ਦੇ ਬਾਵਜੂਦ, ਅੰਗਰੇਜ਼ੀ ਹਕੂਮਤ ਨੇ ਕਾਂਗਰਸ ਦੀਆਂ ਰਾਜਸੀ ਮੰਗਾਂ ਪ੍ਰਵਾਨ ਕਰਨ ਦਾ ਭਰੋਸਾ ਤੱਕ ਦੇਣੋਂ ਨਾਂਹ ਕਰ ਦਿਤੀ । ਕਾਂਗਰਸ ਦੀਆਂ ਮੰਗਾਂ ਠੁਕਰਾਏ ਜਾਣ ਦੇ ਬਾਵਜੂਦ, ਕਾਂਗਰਸੀ ਨੇਤਾਵਾਂ ਨੂੰ ਇਸ ਦੇ ਸਿਵਾਏ ਹੋਰ ਕੋਈ ਰਾਹ ਨਹੀਂ ਸੀ ਸੁਝਦਾ ਕਿ ਅੰਗਰੇਜ਼ੀ ਹਕੂਮਤ ਨਾਲ ਸਮਝੌਤੇ ਲਈ ਰਾਹ ਢੂੰਡਣ ਦਾ ਮੁੜ ਮੁੜ ਜਤਨ ਕਰਨ । ਏਥੋਂ ਤੱਕ ਕਿ 'ਮਹਾਤਮਾ' ਗਾਂਧੀ ਵੀ ਆਪਣੇ ਸ਼ਾਂਤਮਈ ਅਸੂਲ ਦੇ ਉਲਟ ਇਸ ਗੱਲ ਨਾਲ ਰਜ਼ਾਮੰਦ ਹੋ ਗਏ ਕਿ, ਜੇ ਕਰ ਅੰਗਰੇਜ਼ੀ ਹਕੂਮਤ ਦੀਆਂ ਸ਼ਰਤਾਂ ਮੰਨ ਲਵੇ ਤਾਂ ਕਾਂਗਰਸ ਬੇਸ਼ਕ ਉਸ ਨੂੰ ਸੰਸਾਰ ਯੁੱਧ ਵਿਚ ਸਫਲਤਾ ਪ੍ਰਾਪਤ ਕਰਨ ਵਿਚ ਮਿਲਵਰਤਣ ਦੇ ਦੇਵੇ ।* ਜਿਥੇ ਇਹ ਗੱਲ 'ਮਹਾਤਮਾ' ਗਾਂਧੀ ਦੀ ਅਤਿ

* "In later months, leading up to August 1942, Gandhiji's nationalism and intense desire for freedom, made him even agree to Congress participation in the war if India could function as a free country. For him this was a remarkable and astonishing change, involving suffering of the mind and pain of the spirit. In the conflict between that principle of nonviolence which had become→



Digitized by Panjab Digital Library | www.panjabdigilib.org

ਦਰਜੇ ਦੀ ਦੇਸ਼ ਭਗਤੀ ਨੂੰ ਪ੍ਰਗਟ ਕਰਦੀ ਹੈ, ਉਥੇ ਇਸ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸ਼ਾਂਤਮਈ ਅੰਦੋਲਨ (ਜਿਸ ਲਈ ਸਿਵਾਏ ਅੰਗਰੇਜ਼ਾਂ ਨਾਲ ਸਮਝੌਤੇ ਦਾ ਰਾਹ ਢੂੰਡਣ ਦੇ ਹੋਰ ਕੋਈ ਚਾਰਾ ਨਹੀਂ ਸੀ) ਦੀ ਬੇਬਸੀ ਦਾ ਇਸ ਤੋਂ ਵਡਾ ਸਬੂਤ ਲੱਭਣ ਦੀ ਸ਼ਾਇਦ ਲੋੜ ਨਾ ਹੋਵੇ । ਏਸੇ ਬੇ-ਬਸੀ ਤੋਂ ਗ਼ਾਲਬਨ ਸੰਨ 1942 ਵਾਲੀ ਸ੍ਰੀ ਜੈ ਪ੍ਰਕਾਸ਼ ਨਾਰਾਇਣ ਦੀ ਚਲਾਈ ਤੋੜ-ਭੱਜ ਦੀ ਲਹਿਰ ਪੈਦਾ ਹੋਈ, ਜਿਸ ਨੂੰ ਪਹਿਲੋਂ ਵੇਲੇ ਸਿਰ ਤਿਆਰੀ ਨਾ ਕੀਤੀ ਹੋਣ ਕਰ ਕੇ ਲੋੜੀਂਦੀ ਸਫਲਤਾ ਨਾ ਹੋਈ । ਕਮ-ਅਜ਼-ਕਮ ਸ੍ਰੀ ਸੀਤਾ ਰਾਮਈਆ ਵਰਗੇ ਉਘੇ ਗਾਂਧੀ-ਵਾਦੀ ਦੇ ਇਸ ਲਹਿਰ ਨਾਲ ਪਿਛੋਂ ਉਜਾਗਰ ਹੋਏ ਸੰਬੰਧਾਂ ਦੀ ਇਹੋ ਵਜ੍ਹਾ ਜਾਪਦੀ ਹੈ । ਇਨ੍ਹਾਂ ਵਿਚਾਰਾਂ ਤੋਂ ਇਲਾਵਾ, ਜੇ ਕਰ ਸ਼ਾਂਤਮਈ ਅੰਦੋਲਨ ਦੀ ਬਦੌਲਤ ਹੀ ਦੇਸ ਨੂੰ ਅੰਗਰੇਜ਼ਾਂ ਕੋਲੋਂ ਆਜ਼ਾਦੀ ਮਿਲੀ, ਤਾਂ ਬਰਮਾ ਅਤੇ ਲੰਕਾ, ਜਿਥੇ ਇਸ ਕਿਸਮ ਦੀ ਕੋਈ ਜ਼ਬਰਦਸਤ ਲਹਿਰ ਨਹੀਂ ਸੀ, ਨੂੰ ਕਿਵੇਂ ਆਜ਼ਾਦੀ ਮਿਲੀ ? ਦੂਸਰੇ ਸੰਸਾਰ ਯੁੱਧ ਦੇ ਉਸ ਮਰਹਲੇ, ਜਦ ਅੰਗਰੇਜ਼ਾਂ ਦੀ ਕਿਸਮਤ ਕੱਚੇ ਧਾਗੇ ਨਾਲ ਲਟਕ ਰਹੀ ਸੀ, ਵਿਚ ਤਾਂ ਕਾਂਗਰਸ ਦੀ 'ਹਿੰਦ ਛੋੜੋ' ਲਹਿਰ ਦੇ ਬਾਵਜੂਦ ਅੰਗਰੇਜ਼ੀ ਹਕੂਮਤ ਨੇ ਕੌਮੀ ਲਹਿਰ ਦੀਆਂ ਰਾਜਸੀ ਮੰਗਾਂ ਨੂੰ ਪ੍ਰਵਾਨ ਕਰਨ ਦਾ ਭਰੋਸਾ ਦੇਣਾ ਮੁਨਾਸਬ ਸਮਝਿਆ; ਪਰ ਹਿੰਦੁਸਤਾਨੀ ਸਮੁੰਦਰੀ ਮਲਾਹਾਂ ਦੀ ਇਨਕਲਾਬੀ ਹੜਤਾਲ ਦੇ ਇਕਦਮ ਪਿਛੋਂ, ਜਦ ਅੰਗਰੇਜ਼ੀ ਧੜੇ ਨੂੰ ਸੰਸਾਰ ਯੁੱਧ ਵਿਚ ਫ਼ਤਹਿ ਹੋ ਚੁਕੀ ਸੀ, ਹਿੰਦ ਨੂੰ ਆਜ਼ਾਦੀ ਦੇ ਦੇਣ ਦਾ ਕਿਉਂ ਐਲਾਨ ਕੀਤਾ ਗਿਆ ? ਦੇਸ ਦੇ ਆਜ਼ਾਦ ਹੋਣ ਦੇ ਜਲਦੀ ਪਿਛੋਂ, ਅੰਗਰੇਜ਼ੀ ਸਾਮਰਾਜ ਤੋਂ ਤਾਕਤ ਖੋਹਣ ਦੇ ਮੁਕਾਬਲੇ, ਕਸ਼ਮੀਰ ਅਤੇ ਹੈਦਰਾਬਾਦ ਦੇ ਛੁਟੇਰੇ ਮਸਲਿਆਂ ਨੂੰ ਹੱਲ ਕਰਨ ਖ਼ਾਤਰ ਫ਼ੌਜੀ ਤਾਕਤ ਦੀ ਵਰਤੋਂ ਕਰਨ ਵਾਸਤੇ ਕਿਉਂ ਮਜਬੂਰ ਹੋਣਾ ਪਿਆ ; ਅਤੇ ਹੁਣ ਗੁਆ ਦੀ ਕਿਸਮਤ ਦੇ ਫ਼ੈਸਲੇ ਨੂੰ ਨਿਰੋਲ ਸ਼ਾਂਤਮਈ ਸਤਿਆਗ੍ਰਹਿ ਦੇ ਆਸਰੇ ਕਿਉਂ ਨਹੀਂ ਛੱਡ ਦਿਤਾ ਜਾਂਦਾ ?

ਸਾਫ਼ ਜ਼ਾਹਿਰ ਹੈ ਕਿ ਸ਼ਾਂਤਮਈ ਅੰਦੋਲਨ ਹਿੰਦ ਦੀ ਜਨਤਾ ਦੀ ਨਿੱਘਰੀ ਹੋਈ ਸਪਿਰਟ ਨੂੰ ਉਭਾਰਨ ਲਈ ਇਕ ਵਧੀਆ ਤਰੀਕਾਕਾਰ ਜ਼ਰੂਰ ਸੀ, ਪਰ ਬਦੇਸੀ ਹਕੂਮਤ ਤੋਂ ਆਜ਼ਾਦੀ ਹਾਸਲ ਕਰਨ ਵਾਸਤੇ ਇਹ ਅੰਤਮ ਫ਼ੈਸਲਾਕੁਨ ਤਾਕਤ ਨਹੀਂ ਸੀ । ਦੇਸ ਨੂੰ ਸੁਤੰਤਰਤਾ ਮਿਲਣ ਦੀ ਤਹਿ ਵਿਚ ਇਨਕਲਾਬੀ ਸੰਭਾਵਨਾ ਵਾਲੇ ਕੌਮੀ ਵਾਕਿਆਤ (ਆਈ. ਐਨ. ਏ. ਦੇ ਅਫ਼ਸਰਾਂ ਦੇ ਮੁਕੱਦਮੇ ਕਾਰਨ ਦੇਸੀ ਫ਼ੌਜਾਂ ਵਿਚ ਪੈਦਾ ਹੋਏ ਅਸਰਾਂ, ਅਤੇ ਹਿੰਦੀ ਸਮੁੰਦਰੀ ਬੇੜੇ ਦੇ ਮਲਾਹਾਂ ਦਾ ਧਾਰਨ ਕੀਤਾ ਇਨਕਲਾਬੀ ਰਵੱਈਆ, ਜਿਸ ਤੋਂ ਬਾਕੀ ਦੀਆਂ ਹਿੰਦੀ ਫ਼ੌਜਾਂ ਦੇ ਭੜਕ ਪੈਣ ਦਾ ਡਰ ਸੀ) ਦੇ ਪੈਦਾ ਹੋਣ, ਅਤੇ ਕੌਮਾਂਤਰੀ ਤਾਕਤਾਂ ਦੇ ਤਵਾਜ਼ਨ ਦਾ ਅੰਗਰੇਜ਼ਾਂ ਦੇ ਹੱਕ ਵਿਚ ਨਾ ਰਹਿਣ (ਅਰਥਾਤ ਅਮਰੀਕਾ ਅਤੇ ਰੂਸ ਦੇ ਮੁਕਾਬਲੇ ਅੰਗਰੇਜ਼ੀ ਸਾਮਰਾਜ ਦਾ ਦੂਸਰੇ ਦਰਜੇ ਦੀ ਤਾਕਤ ਬਣ ਜਾਣ) ਦਾ ਵੱਡਾ ਹੱਥ ਸੀ । ਪਰ ਦੂਸਰੇ ਸੰਸਾਰ ਯੁੱਧ ਤੋਂ ਪਹਿਲੇ ਕੌਣ ਕਹਿ ਸਕਦਾ ਸੀ ਕਿ ਇਸ ਦੇ ਪਿਛੋਂ ਅੰਤਰਰਾਸ਼ਟਰੀ ਤਾਕਤਾਂ ਦਾ ਤਵਾਜ਼ਨ ਅੰਗਰੇਜ਼ੀ ਸਾਮਰਾਜ ਦੇ ਇਤਨਾ ਉਘੜ ਕੇ ਬਰਖ਼ਿਲਾਫ਼ ਹੋ ਜਾਵੇਗਾ, ਜਾਂ ਦੇਸ ਵਿਚ ਆਪਣੇ ਆਪ ਇਨਕਲਾਬੀ ਸੰਭਾਵਨਾ ਭਰਪੂਰ ਵਾਕਿਆਤ ਪ੍ਰਗਟ ਹੋ ਜਾਣਗੇ । ਇਸ ਵਾਸਤੇ 'ਗ਼ੱਦਰ ਪਾਰਟੀ ਲਹਿਰ' ਦੇ ਸਬਕਾਂ ਦੀ ਰੌਸ਼ਨੀ ਵਿਚ ਅੰਗਰੇਜ਼ੀ ਰਾਜ ਸਮੇਂ ਦੀ ਕੌਮੀ ਲਹਿਰ ਬਾਰੇ ਇਤਿਹਾਸਕ ਪੜਚੋਲ ਨੂੰ ਇਸ ਅਹਿਮ ਸਵਾਲ ਅਤੇ

←his very life-blood and meaning of existence, and India's freedom which was a dominating and consuming passion for him, the scales inclined towards the later. That did not mean, of course, that he weakened in his faith in non-violence. But it did mean that he was prepared to agree to the Congress not applying it in this war. The practial statesman took precedence over the uncompromising prophet." (The Discovery of India, Jawahar Lal Nehru, p. 541)



Digitized by Panjab Digital Library | www.panjabdigilib.org

ਇਸ ਨਾਲ ਸੰਬੰਧਤ ਕਈ ਹੋਰ ਸਵਾਲਾਂ, ਦਾ ਨਿਰਣਾ ਕਰਨਾ ਹੋਵੇਗਾ ਕਿ ਕੌਮੀ ਲਹਿਰ ਨੇ ਅੰਗਰੇਜ਼ੀ ਹਕੂਮਤ ਵਿਰੁਧ ਹਥਿਆਰਬੰਦ ਇਨਕਲਾਬੀ ਤਿਆਰੀ ਦਾ ਰਾਹ ਕਿਉਂ ਨਾ ਫੜਿਆ ? ਖ਼ਾਸ ਕਰ ਜਦ ਦੂਸਰੇ ਸੰਸਾਰ ਯੁੱਧ ਛਿੜਨ ਦੇ ਆਸਾਰ ਦਿੱਸਣ ਲੱਗ ਪਏ ਸਨ, ਅਤੇ ਅਜਿਹੇ ਕੌਮੀ ਅਤੇ ਕੌਮਾਂਤਰੀ ਹਾਲਾਤ ਪੈਦਾ ਹੋ ਜਾਣ ਦੀ ਬਹੁਤ ਸੰਭਾਵਨਾ ਸੀ, ਜਿਨ੍ਹਾਂ ਵਰਗੇ ਹਾਲਾਤ (ਬਲਕਿ ਉਨ੍ਹਾਂ ਨਾਲੋਂ ਵਧੇਰੇ ਮੁਆਫ਼ਕ ਹਾਲਾਤ ਕਿਉਂਕਿ ਮੁਲਕ ਵਿਚ ਰਾਜਸੀ ਜਾਗਰਤੀ ਬਹੁਤ ਵਧੇਰੇ ਹੋ ਗਈ ਸੀ) ਤੋਂ 'ਗ਼ੱਦਰ ਪਾਰਟੀ ਲਹਿਰ' ਨੇ ਪਹਿਲੇ ਸੰਸਾਰ ਯੁੱਧ ਸਮੇਂ ਫ਼ਾਇਦਾ ਉਠਾਉਣ ਦੀ ਕੋਸ਼ਿਸ਼ ਕੀਤੀ। ਦੇਸ ਵਿਚ ਇਨਕਲਾਬੀ ਸਪਿਰਟ ਅਤੇ ਹਾਲਾਤ ਪੈਦਾ ਕਰਨ ਦੀ ਕੋਸ਼ਿਸ਼ ਕਰਨ ਦੀ ਬਜਾਏ, ਕਾਂਗਰਸੀ ਨੇਤਾਵਾਂ ਵਲੋਂ ਇਨਕਲਾਬੀ ਸਪਿੱਰਟ ਉਤੇ ਕਿਉਂ ਲਗਾਤਾਰ ਠੰਡਾ ਪਾਣੀ ਛਿੜਕਿਆ ਜਾਂਦਾ ਰਿਹਾ, ਅਤੇ ਇਨਕਲਾਬੀ ਤਰੀਕਾਕਾਰਾਂ ਨੂੰ ਕਿਉਂ ਕੋਸਿਆ ਗਿਆ ? ਕੌਮੀ ਮੰਗਾਂ ਮੰਨੇ ਜਾਣ ਦੀ ਸੂਰਤ ਵਿਚ ਕਾਂਗਰਸ ਦੀ ਅੰਗਰੇਜ਼ੀ ਸਰਕਾਰ ਨੂੰ ਲੜਾਈ ਵਿਚ ਮਿਲਵਰਤਣ ਦੇਣ ਨੂੰ ਸਹਾਰਨ ਲਈ 'ਮਹਾਤਮਾ' ਗਾਂਧੀ ਤਿਆਰ ਹੋ ਗਏ, ਪਰ ਸ੍ਰੀ ਸੋਭਾਸ਼ ਚੰਦਰ ਬੋਸ ਦੇ ਨਜ਼ਰੀਏ ਵਲ ਉਨ੍ਹਾਂ ਇਤਨਾ ਸਖ਼ਤ ਰਵੱਈਆ (ਜਿਤਨਾ ਸ਼ਾਇਦ ਉਨ੍ਹਾਂ ਆਪਣੀ ਸਾਰੀ ਰਾਜਸੀ ਜ਼ਿੰਦਗੀ ਵਿਚ ਕਿਸੇ ਹਮ-ਵਰਕਰ ਦੀ ਇਖ਼ਤਲਾਫ਼ ਰਾਏ ਵਲ ਧਾਰਨ ਨਹੀਂ ਕੀਤਾ) ਕਿਉਂ ਖੁਲ੍ਹਮਖੁਲ੍ਹਾ ਜ਼ਾਹਿਰ ਕੀਤਾ ? ਦੇਸ ਦੀਆਂ ਇਨਕਲਾਬੀ ਪਾਰਟੀਆਂ ਵੀ ਜ਼ਿਮੇਵਾਰੀ ਤੋਂ ਬਿਲਕੁਲ ਬਰੀ ਨਹੀਂ ; ਬਲਕਿ ਇਸ ਸਵਾਲ ਦਾ ਜਵਾਬ ਦੇਣ ਵਾਸਤੇ ਉਨ੍ਹਾਂ ਉਤੇ ਇਕ ਤਰ੍ਹਾਂ ਕਾਂਗਰਸ ਨਾਲੋਂ ਵੀ ਵੱਧ ਜ਼ਿਮੇਵਾਰੀ ਹੈ। ਉਨ੍ਹਾਂ ਨੇ ਆਪਣੀਆਂ ਇਨਕਲਾਬੀ ਕੋਸ਼ਿਸ਼ਾਂ ਨੂੰ ਤਰਾਸਵਾਦੀ ਤਰੀਕਾਕਾਰਾਂ ਜਾਂ ਕੇਵਲ ਸਾਧਾਰਨ ਜਨਤਾ ਤਕ ਮਹਿਦੂਦ ਕਿਉਂ ਰਖਿਆ, ਅਤੇ 'ਗ਼ੱਦਰ ਪਾਰਟੀ ਲਹਿਰ' ਵਾਂਗੂੰ ਦੇਸੀ ਫ਼ੌਜਾਂ ਨੂੰ ਆਪਣੇ ਇਨਕਲਾਬੀ ਯਤਨਾਂ ਦੇ ਦਾਇਰੇ ਵਿਚ ਸ਼ਾਮਲ ਕਰਨ ਦਾ ਖ਼ਾਸ ਯਤਨ ਕਿਉਂ ਨਾ ਕੀਤਾ ?

'ਗ਼ੱਦਰ ਪਾਰਟੀ ਲਹਿਰ' ਦੇ ਸਬਕਾਂ ਦੀ ਰੌਸ਼ਨੀ ਵਿਚ ਇਤਿਹਾਸਕ ਪੜਚੋਲ ਦੇ ਨਜ਼ਰੀਏ ਤੋਂ ਇਕ ਹੋਰ ਜ਼ਰੂਰੀ ਸਵਾਲ ਪੈਦਾ ਹੁੰਦਾ ਹੈ, ਭਾਵੇਂ ਇਸ ਨੂੰ ਉਪਰੋਕਤ ਸਵਾਲਾਂ ਜਿਤਨੇ ਯਕੀਨ ਨਾਲ ਨਹੀਂ ਪੇਸ਼ ਕੀਤਾ ਜਾ ਸਕਦਾ। ਅਮਰੀਕਾ, ਕੈਨੇਡਾ ਆਦਿ ਵਿਚ ਗਏ ਹਿੰਦੀਆਂ ਵਿਚ ਮੁਸਲਮਾਨਾਂ ਦੀ ਗਿਣਤੀ ਮੁਕਾਬਲਤਨ ਘਟ ਹੋਣ ਕਰ ਕੇ, 'ਗ਼ੱਦਰ ਪਾਰਟੀ ਲਹਿਰ' ਵਿਚ ਹਿੱਸਾ ਲੈਣ ਵਾਲਿਆਂ ਮੁਸਲਮਾਨਾਂ ਦੀ ਗਿਣਤੀ ਬਹੁਤੀ ਨਹੀਂ ਸੀ; ਪਰ ਜੋ ਕੌਮੀ ਏਕਤਾ ਦੀ, ਕੁਰਬਾਨੀ ਦੀ ਅਤੇ ਇਨਕਲਾਬੀ ਸਪਿਰਟ ਉਨ੍ਹਾਂ ਵਿਖਾਈ, ਉਹ ਹੋਰਨਾਂ ਨਾਲੋਂ ਘੱਟ ਨਹੀਂ ਸੀ। ਇਹ ਠੀਕ ਹੈ ਕਿ ਇਸ ਸਪਿਰਟ ਨੂੰ ਪੈਦਾ ਕਰਨ ਵਿਚ ਅਮਰੀਕਾ ਆਦਿ ਬਦੇਸਾਂ ਦੇ ਮਾਹੌਲ ਅਤੇ ਹਾਲਾਤ, ਜਿਨ੍ਹਾਂ ਵਰਗੇ ਹਾਲਾਤ ਹਿੰਦ ਵਿਚ ਅੰਗਰੇਜ਼ੀ ਰਾਜ ਸਮੇਂ ਪੈਦਾ ਕਰਨੇ ਮੁਸ਼ਕਲ ਸਨ, ਦਾ ਕਾਫ਼ੀ ਹੱਥ ਸੀ। ਪਰ ਆਈ. ਐਨ. ਏ. ਲਹਿਰ ਵਿਚ ਸ਼ਾਮਲ ਹੋਣ ਵਾਲੇ ਮੁਸਲਮਾਨ ਸਾਥੀਆਂ ਨੇ ਇਸੇ ਕਿਸਮ ਦੀ ਕੌਮੀ ਏਕਤਾ ਦੀ ਕੁਰਬਾਨੀ ਦੀ ਸਪਿੱਰਟ ਵਿਖਾਈ। ਇਸ ਵਾਸਤੇ ਮੁਲਕ ਦੇ ਬਟਵਾਰੇ ਤੋਂ ਉਪਜੇ, ਅਤੇ ਇਸ ਤੋਂ ਅਗੋਂ ਉਤਪੰਨ ਹੋ ਸਕਣ ਵਾਲੇ, ਭਿਆਨਕ ਨਤੀਜਿਆਂ ਨੂੰ ਸਾਹਮਣੇ ਰਖਦਿਆਂ ਹੋਇਆਂ ਇਹ ਸਵਾਲ ਪੈਦਾ ਹੁੰਦਾ ਹੈ ਕਿ, ਜੇ ਹਿੰਦੀ ਕੌਮੀ ਲਹਿਰ 'ਗ਼ੱਦਰ ਪਾਰਟੀ ਲਹਿਰ' ਵਰਗਾ ਇਨਕਲਾਬੀ ਰਾਹ ਫੜਦੀ, ਤਾਂ ਕੀ ਕੌਮੀ ਲਹਿਰ ਵਿਚ ਵਧੇਰੇ ਕੌਮੀ ਏਕਤਾ ਅਤੇ ਪੁਖਤਾਈ ਨਾ ਪੈਦਾ ਹੁੰਦੀ, ਅਤੇ ਕੀ ਮੁਲਕ ਬਟਵਾਰੇ ਅਤੇ ਇਸ ਦੇ ਨਤੀਜਿਆਂ ਤੋਂ ਨਾ ਬਚ ਸਕਦਾ ? ਕੀ ਅੰਗਰੇਜ਼ੀ ਹਕੂਮਤ ਨਾਲ ਸਮਝੌਤਾ ਕਰਨਾ ਸ਼ਾਂਤਮਈ ਤਰੀਕਾਕਾਰ ਦਾ ਲਾਜ਼ਮੀ ਅੰਗ ਨਹੀਂ ਸੀ, ਜਿਸ ਨਾਲ ਹਿੰਦ ਦੀਆਂ ਵਖ ਵਖ ਜਾਤੀਆਂ ਵਿਚਕਾਰ ਇਕ ਬੰਨੇ ਪਾੜ ਨੂੰ ਵਧਾਉਣ ਅਤੇ ਦੂਸਰੇ ਬੰਨੇ ਉਨ੍ਹਾਂ ਵਿਚਕਾਰ ਹੋਏ ਕਿਸੇ ਫ਼ੈਸਲੇ ਉਤੇ ਅੰਤਮ ਮੋਹਰ ਲਾਉਣ ਦੀ (Sanction) ਅੰਗਰੇਜ਼ੀ ਹਕੂਮਤ ਹੱਥ ਚਲੀ ਗਈ, ਜਿਸ ਦਾ ਅੰਤਮ ਨਤੀਜਾ ਮੁਲਕ ਦਾ ਬਟਵਾਰਾ ਨਿਕਲਿਆ ?



Digitized by Panjab Digital Library | www.panjabdigilib.org

# ਪਹਿਲਾ ਕਾਂਡ

# ਕੇਂਦਰੀ ਪੰਜਾਬ* ਦਾ ਕਿਸਾਨ

ਕਿਸੇ ਲਹਿਰ ਨੂੰ ਸਮਝਣ ਖਾਤਰ ਉਸ ਵਿਚ ਹਿੱਸਾ ਲੈਣ ਵਾਲਿਆਂ ਦੇ ਸੁਭਾਉ ਅਤੇ ਆਚਰਨ ਨੂੰ ਜਾਨਣਾ ਜ਼ਰੂਰੀ ਹੈ, ਕਿਉਂਕਿ ਲਹਿਰ ਦੀ ਰੰਗਤ ਬਨਾਉਣ ਵਿਚ ਇਨ੍ਹਾਂ ਦਾ ਕਾਫੀ ਭਾਗ ਹੁੰਦਾ ਹੈ। ਸ੍ਰੇਣੀਆਂ ਅਥਵਾ ਜਾਤੀਆਂ ਦੇ ਸੁਭਾਉ ਅਤੇ ਆਚਾਰ ਸਬੱਬੀਂ ਨਹੀਂ ਬਣ ਜਾਂਦੇ। ਉਦਾਲੇ ਪੁਦਾਲੇ ਦੇ ਹਾਲਾਤ ਦੇ ਲੰਮੇ ਸਮੇਂ ਲਈ ਜਾਰੀ ਰਹਿਣ ਵਾਲੇ ਅਸਰ ਜਾਤੀਆਂ ਦੇ ਸੁਭਾਉ ਅਤੇ ਪਰਕਿਰਤੀ ਨੂੰ ਢਾਲਦੇ ਰਹਿੰਦੇ ਹਨ। ਨਾ ਹੀ ਇਹ ਸਿਲਸਲਾ ਇਕ-ਰੁਖਾ ਜਾਂ ਅਮੁਕ ਹੈ। ਹਾਲਾਤ ਦੇ ਬਦਲਣ ਨਾਲ ਸੁਭਾਉ ਅਤੇ ਆਚਰਨ ਵੀ ਹੌਲੀ ਹੌਲੀ ਬੇਮਲੂਮੇਂ ਬਦਲਣੇ ਸ਼ੁਰੂ ਹੋ ਜਾਂਦੇ ਹਨ। ਗਦਰ ਪਾਰਟੀ ਲਹਿਰ ਵਿਚ ਵਧ ਚੜ੍ਹਕੇ ਹਿੱਸਾ ਲੈਣ ਵਾਲਿਆਂ ਦੀ ਵਧੇਰੇ ਗਿਣਤੀ ਕੇਂਦਰੀ ਪੰਜਾਬ ਦੇ ਦਰਮਿਆਨੇ ਤਬਕੇ ਦੇ ਉਨ੍ਹਾਂ ਜੱਟ ਮਾਲਕ-ਕਿਸਾਨਾਂ (Peasant Proprietors) ਦੀ ਸੀ ਜੋ ਵੀਹਵੀਂ ਸਦੀ ਦੇ ਸ਼ੁਰੂ ਵਿਚ ਰੋਜ਼ੀ ਕਮਾਉਣ ਖਾਤਰ ਅਮਰੀਕਾ (U. S. A.), ਕੈਨੇਡਾ ਅਤੇ ਦੂਰ ਪੂਰਬ ਦੇ ਦੇਸਾਂ ਨੂੰ ਚਲੇ ਗਏ ਸਨ। ਪੰਜਾਬੀ ਕਿਸਾਨ ਨੇ ਗਦਰ ਪਾਰਟੀ ਲਹਿਰ ਵਿਚ, ਅਤੇ ਇਸ ਤੋਂ ਪਹਿਲੋਂ ਵੀ ਸਦੀਆਂ ਬੱਧੀ ਲਗਾਤਾਰ, ਜੋ ਗਰਦਾ ਅਤੇ ਜਿਗਰਾ ਵਿਖਾਇਆ ਹੈ, ਉਸ ਦੀ ਤਹਿ ਵਿਚ ਉਹ ਭੂਗੋਲਕ*, ਕਬਾਇਲੀ, ਆਰਥਕ, ਸਮਾਜਕ, ਅਤੇ ਰਾਜਸੀ ਹਾਲਾਤ ਹਨ ਜਿਨ੍ਹਾਂ ਨੇ ਪੰਜਾਬੀ ਕਿਸਾਨ ਦੇ ਆਚਾਰ ਅਤੇ ਸੁਭਾਉ ਨੂੰ ਆਪਣੀ ਹੀ ਕਿਸਮ ਦੀ ਵਿਸ਼ੇਸ਼ਤਾ ਦਿੱਤੀ ਹੈ।

## ਕਬਾਇਲੀ

ਕੇਂਦਰੀ ਪੰਜਾਬ ਵਿਚ ਆਦਿ-ਵਾਸੀ ਕੌਮਾਂ (Aborginal Tribes) ਨਾ ਹੋਇਆਂ ਬਰਾਬਰ ਹਨ†। ਨਾ ਹੀ ਇਥੇ ਗੰਗਾ ਦੇ ਮੈਦਾਨ ਵਾਂਗੂੰ ਆਰੀਆ ਅਤੇ ਉਨ੍ਹਾਂ ਦੇ ਆਉਣ ਤੋਂ ਪਹਿਲੋਂ ਹਿੰਦ ਵਿਚ ਵਸਣ ਵਾਲੇ ਗੈਰ-ਆਰੀਆ ਦੇ ਖੂਨ ਦੀ ਬਹੁਤੀ ਮਿਲਾਵਟ ਹੋਈ ਹੈ‡। ਪੰਜਾਬ ਵਿਚ ਆਰੀਆ ਗ੍ਰੋਹ ਇਕ ਦੂਜੇ ਪਿੱਛੋਂ ਲਗਾਤਾਰ ਕਈ ਸਦੀਆਂ ਤਕ, ਆਪਣੇ ਟਬਰਾਂ, ਬਚਿਆਂ ਅਤੇ ਇੱਜੜਾਂ ਸਮੇਤ, ਆਉਂਦੇ ਰਹੇ ਅਤੇ ਉਨ੍ਹਾਂ ਨੇ ਦਰਾਵੜਾਂ ਆਦਿ ਗੈਰ-ਆਰੀਆ ਨੂੰ ਜਾਂ ਤਾਂ ਲੜਾਈਆਂ ਕਰਕੇ ਮਾਰ ਦਿੱਤਾ, ਜਾਂ ਪੰਜਾਬ ਤੋਂ ਬਾਹਰ ਦਖਣ ਅਤੇ ਪੂਰਬ ਵਲ ਧੱਕ ਦਿੱਤਾ, ਜਾਂ ਹਾਰੀਆਂ ਹੋਈਆਂ ਜਾਤੀਆਂ ਦੀ ਕੁਝ ਗਿਣਤੀ ਨੂੰ ਆਪਣੇ ਕਾਮੇਂ ਬਣਾ ਲਿਆ ਜਿਨ੍ਹਾਂ ਨਾਲ ਭਾਈਚਾਰਕ ਸਾਂਝ ਉੱਕਾ ਨਾ ਰੱਖੀ§। ਗੰਗਾ ਦੇ ਮੈਦਾਨ ਵਿਚ ਵੀ ਆਰੀਆ ਲੋਕ ਦਰਾਵੜਾਂ ਆਦਿ ਨੂੰ ਹਰਾਕੇ

*ਚਨਾਬ ਅੰਤੇ ਘਗਰ ਦਰਿਆਵਾਂ ਦੇ ਵਿਚਕਾਰਲਾ ਮੈਦਾਨੀ ਇਲਾਕਾ।

*ਪੰਜਾਬ ਦੀ ਭੂਗੋਲਕ ਸਥਿਤੀ ਅਤੇ ਇਸ ਦੇ ਇਤਿਹਾਸਕ ਅਸਰਾਂ ਬਾਰੇ ਆਮ ਵਾਕਫੀਅਤ ਹੋਣ ਕਰਕੇ ਇਨ੍ਹਾਂ ਦਾ ਜ਼ਿਕਰ ਕਰਨਾ ਬੇਲੋੜਾ ਹੈ।

†Census Report, Para 2.

‡Peoples and Problems of India, *Sir T. W. Holderness, p. 38.*

§A short History of India, *W. H. Moreland and A.C. Chatterjee, p. 44.*

ਹਾਕਮ ਬਣ ਬੈਠੇ। ਪਰ ਓਥੇ ਗੈਰ-ਆਰੀਆ ਦੇ ਮੁਕਾਬਲੇ ਆਰੀਆ ਦੀ ਗਿਣਤੀ ਇਤਨੀ ਘਟ ਸੀ ਕਿ ਹਾਕਮ ਤਬਕੇ ਤੋਂ ਬਾਹਰ ਆਮ ਕਿਸਾਨ ਜਨਤਾ ਵਿਚ ਜਾਂ ਤਾਂ ਨਿਰੋਲ ਦਰਾਵੜਾਂ ਆਦਿ ਗੈਰ-ਆਰੀਆ ਦਾ ਜ਼ੋਰ ਰਿਹਾ ਜਾਂ ਆਰੀਆ ਅਤੇ ਗੈਰ-ਆਰੀਆ ਦੇ ਮਿਲਾਪ ਤੋਂ ਪੈਦਾ ਹੋਈਆਂ ਨਸਲਾਂ ਦਾ*।

ਆਰੀਆ ਤੋਂ ਪਿਛੋਂ ਤਕਰੀਬਨ ਪੰਜਵੀ ਸੌ ਪੂਰਬ ਈਸਵੀ (B.C.)† ਵਿੱਚ ਟਪਰੀ-ਵਾਸ ਫਿਰਤੂ ਕਬੀਲਿਆਂ (Nomads) ਦਾ ਇੱਕ ਹੋਰ ਹੜ੍ਹ ਸ਼ੁਰੂ ਹੋਇਆ ਜੋ ਏਸ਼ੀਆ ਦੇ ਕਾਫੀ ਹਿੱਸੇ ਉੱਤੇ ਛਾਉਂਦਾ ਹੋਇਆ ਪੰਜਾਬ ਵਿਚ ਦਾਖਲ ਹੋ ਗਿਆ। ਟਪਰੀ-ਵਾਸ ਫਿਰਤੂ ਕਬੀਲਿਆਂ (ਜੋ ਗ਼ਾਲਬਨ ਆਰੀਆ ਨਸਲ ਦੇ ਹੀ ਸਨ ਪਰ ਜਿਨ੍ਹਾਂ ਨੂੰ ਪਹਿਲੇ ਆਰੀਆ ਨਾਲੋਂ ਨਿਖੇੜਨ ਲਈ ਸਿਥੀਅਨ ਕਿਹਾ ਜਾਂਦਾ ਹੈ) ਦੇ ਇਸ ਹੜ੍ਹ ਦੇ ਪੰਜਾਬ ਵਿਚ ਦਾਖਲ ਹੋਣ ਦੇ ਵਕਤ ਬਾਰੇ ਇਤਹਾਸਕਾਰਾਂ ਵਿਚਕਾਰ ਰਾਏ ਦਾ ਵਖੇਵਾਂ ਹੈ‡, ਪਰ ਇਸ ਬਾਰੇ ਸਭ ਸਹਿਮਤ ਹਨ ਕਿ ਇਹ ਕਬਾਇਲੀ ਹੜ੍ਹ ਇੱਕ ਦੂਜੇ ਪਿਛੋਂ ਉਠਣ ਵਾਲੀਆਂ ਲਹਿਰਾਂ ਦੀ ਸ਼ਕਲ ਵਿਚ ਕਈ ਸਦੀਆਂ ਤਕ§ ਪੰਜਾਬ ਵਿੱਚ ਆਉਂਦਾ ਰਿਹਾ। ਸਿਥੀਅਨਾਂ ਦੇ ਅਗੋਂ ਪਿਛੋਂ, ਯੂਨਾਨੀਆਂ, ਈਰਾਨੀਆਂ, ਹੁਨਾਂ, ਤੁਰਕਾਂ, ਪਠਾਣਾਂ ਅਤੇ ਮੁਗਲਾਂ ਆਦਿ ਦੇ ਹੱਲੇ ਵਖਰੀ ਕਿਸਮ ਦੇ ਸਨ। ਇਹ ਲੁਟ ਮਾਰ ਕਰਨ ਅਥਵਾ ਫਤਹ ਕਰਨ ਵਾਲੀਆਂ ਫੌਜਾਂ ਦੀ ਸ਼ਕਲ ਵਿਚ ਆਏ ਨਾ ਕਿ ਆਰੀਆ ਅਤੇ ਸਿਥੀਅਨਾਂ ਵਾਂਗੂੰ ਆਪਣੇ ਟਬਰਾਂ ਸਮੇਤ ਇਥੇ ਵਸਣ ਲਈ। ਪਰ ਫਿਰ ਵੀ ਤੁਰਕਾਂ, ਪਠਾਣਾਂ ਅਤੇ ਮੁਗਲਾਂ ਆਦਿ, ਖਾਸ ਕਰ ਹੁਨਾਂ*, ਵਿਚੋਂ ਕਾਫੀ ਅਨਸਰ ਪੰਜਾਬ ਦੀ ਆਬਾਦੀ ਵਿਚ ਵਾਧਾ ਕਰਦੇ ਰਹੇ।

ਇਸ ਲਿਖਤ ਦਾ ਇਹ ਭਾਵ ਨਹੀਂ ਕਿ ਨਸਲੀ ਲਿਹਾਜ਼ ਨਾਲ ਕੌਮਾਂ, ਫਿਰਕਿਆਂ ਅਥਵਾ ਕਬੀਲਿਆਂ ਦੇ ਆਚਾਰ ਵਿੱਚ ਬੁਨਿਆਦੀ ਅਮਿਟ ਫਰਕ ਹੁੰਦੇ ਹਨ ਜਿਸ ਕਰਕੇ ਆਰੀਆ ਹਿੰਦ ਦੇ ਪੁਰਾਤਨ ਗੈਰ-ਆਰੀਆ ਵਸਨੀਕਾਂ ਨਾਲੋਂ, ਜਾਂ ਸਿਥੀਅਨ ਪਹਿਲੋਂ ਆਏ ਆਰੀਆ ਨਾਲੋਂ, ਬੁਨਿਆਦੀ ਤੌਰ ਉੱਤੇ ਵਧੀਆ ਸਨ। ਆਚਾਰ ਅਥਵਾ ਸੁਭਾਵਾਂ ਦੇ ਫਰਕ ਬਹੁਤ ਕਰਕੇ ਹਾਲਾਤ ਦੇ ਫਰਕਾਂ ਕਰਕੇ ਪੈਦਾ ਹੁੰਦੇ ਹਨ ਜੋ ਹਾਲਾਤ ਦੇ ਬਦਲਣ ਨਾਲ ਵਧਦੇ ਘਟਦੇ ਰਹਿੰਦੇ ਹਨ। ਇਸ ਲਿਖਤ ਦਾ ਸੰਬੰਧ ਟਪਰੀ-ਵਾਸ ਫਿਰਤੂ ਕਬੀਲਿਆਂ ਦੀਆਂ ਲੜਾਕੂ ਅਤੇ ਕਬਾਇਲੀ ਰੁਚੀਆਂ ਨਾਲ ਹੈ ਜਿਸ ਦੇ ਕਾਰਨ ਉਪ੍ਰੋਕਤ ਦਸੇ ਫਿਰਤੂ ਕਬੀਲਿਆਂ ਦੇ ਹੜ੍ਹਾਂ ਦੇ ਪੰਜਾਬ ਦੀ ਕਿਸਾਨ ਆਬਾਦੀ ਉੱਤੇ ਹੋਏ ਤਿਨ ਅਸਰ ਇਤਹਾਸਕ ਤੌਰ ਉੱਤੇ ਇਤਨੇ ਸਪੱਸ਼ਟ ਹਨ ਕਿ ਇਹ ਨਜ਼ਰ-ਅੰਦਾਜ਼ ਨਹੀਂ ਕੀਤੇ ਜਾਣੇ ਚਾਹੀਦੇ।

(ੳ) ਭਾਰਤ ਦੀ ਗਰਮ ਆਬੋਹਵਾ ਜਾਂ ਸਭਜ਼ ਅਮਨ

*Baden-Powell, pp. 84-88., 104-110.

†Ibid, p.94.

‡ਪਤਾਂਜਲੀ ਦੇ ਮਹਾ ਭੇਸ਼ਯਾ ਵੇਲੇ [੧੯੭ ਤੋਂ ੧੫੧ ਪੂਰਬ ਈਸਵੀ ਸਮੇਂ] ਸਾਕਾ ਨਾਮੀ ਸਿਥੀਆਨਾਂ ਦੀ ਇਕ ਸ਼ਾਖ ਦਾ ਹਿੰਦ ਵਿਚ ਹੋਣ ਦਾ ਜ਼ਿਕਰ ਆਉਂਦਾ ਹੈ। [The History and culture of the Indian people, The Age of Imperial Unity (Bharatiya vidya Bhavan, Bombay), P. 121.]

§ਸਰ ਜਾਦੂ ਨਾਥ ਸਰਕਾਰ ਮੁਤਾਬਕ ਪਹਿਲੀ ਤੋਂ ਛੇਵੀਂ ਸਦੀ ਈਸਵੀ ਤੱਕ। India Through the Ages, P. 21.

*India through the Ages, Sir Jadunath Sarkar, p. 20.



Digitized by Panjab Digital Library | www.panjabdigilib.org

ਚੈਨ ਦੀ ਜ਼ਿੰਦਗੀ ਦੇ ਕਾਰਨ ਹਿੰਦ ਵਾਸੀਆਂ ਦੀਆਂ, ਟਪਰੀਵਾਸ ਫਿਰਤੂ ਕਬੀਲਿਆਂ ਦੇ ਮੁਕਾਬਲੇ, ਲੜਾਕੂ ਸਿਫਤਾਂ ਵਿਚ ਜ਼ਰੂਰ ਕੁਝ ਫਰਕ ਪਿਆ ਹੋਵੇਗਾ ਜਿਸ ਦੇ ਕਾਰਨ ਫਿਰਤੂ ਕਬੀਲੇ ਭਾਰਤ ਵਾਸੀਆਂ ਉਤੇ ਗਲਬਾ ਪਾਉਂਦੇ ਰਹੇ । ਕੇਵਲ ਭਾਰਤ ਵਿਚ ਹੀ ਨਹੀਂ, ਦੁਨੀਆਂ ਦੇ ਇਤਿਹਾਸ ਵਿਚ ਇਸੇ ਤਰ੍ਹਾਂ ਹੁੰਦਾ ਰਿਹਾ ਹੈ । ਇਕ ਥਾਂ ਬੈਠ ਕੇ ਖੇਤੀ ਬਾੜੀ ਕਰਨ ਵਾਲਿਆਂ ਦੇ ਮੁਕਾਬਲੇ ਫਿਰਤੂ ਟਪਰੀ-ਵਾਸ ਜਾਤੀਆਂ ਦੀ ਰਹਿਣੀ ਬਹਿਣੀ ਵਧੇਰੇ ਆਜ਼ਾਦ ਅਤੇ ਖਤਰੇ ਵਾਲੀ ਹੁੰਦੀ। ਉਨ੍ਹਾਂ ਦੀ ਗੈਰ-ਘਰੇਲੂ ਸਖਤ ਜ਼ਿੰਦਗੀ ਵਿਚ ਕਮਜ਼ੋਰ ਆਦਮੀ ਵਾਸਤੇ ਥਾਂ ਨਹੀਂ ਸੀ ਹੋ ਸਕਦੀ। ਡੰਗਰ ਚਾਰਨ ਵਾਲੀਆਂ ਚਰਾਗਾਹਾ ਖਾਤਰ ਉਨ੍ਹਾਂ ਵਿਚਕਾਰ ਲਗਾਤਾਰ ਲੜਾਈਆਂ ਹੁੰਦੀਆਂ ਰਹਿੰਦੀਆਂ । ਇਸ ਦੇ ਉਲਟ ਪਿੰਡਾਂ ਅਤੇ ਸ਼ਹਿਰਾਂ ਵਿੱਚ ਸਭਯ ਅਮਨ ਚੈਨ ਦੀ ਜ਼ਿੰਦਗੀ ਗੁਜ਼ਾਰਨ ਵਾਲੇ, ਟਪਰੀ-ਵਾਸ ਫਿਰਤੂਆਂ ਦੇ ਮੁਕਾਬਲੇ, ਘਟ ਲੜਾਕੂ ਹੁੰਦੇ ਜਾਂਦੇ । ਫਿਰਤੂ ਜਾਤੀਆਂ ਅਤੇ ਸਭਯ ਜਾਤੀਆਂ ਵਿਚ ਹਮੇਸ਼ਾਂ ਝੜਪਾਂ ਹੁੰਦੀਆਂ ਰਹਿੰਦੀਆਂ, ਪਰ ਅਮੂਮਨ ਫਿਰਤੂ ਕਬੀਲੇ ਗੈਰ-ਜਥੇਬੰਦ ਅਤੇ ਘਟ ਗਿਣਤੀ ਵਿਚ ਹੋਣ ਕਰਕੇ ਸਭਯ ਜਾਤੀਆਂ ਉਤੇ ਗਲਬਾ ਨਾ ਪਾ ਸਕਦੇ । ਪਰ ਜਦ ਕਦੀ ਫਿਰਤੂ ਜਾਤੀਆਂ ਨੂੰ ਕੋਈ ਲੀਡਰ ਜਥੇਬੰਦ ਕਰ ਲੈਂਦਾ ਤਾਂ ਫਿਰਤੂ ਜਾਤੀਆਂ ਲਾਗੇ ਬੰਨੇ ਦੀਆਂ ਸਭਯ ਕੌਮਾਂ ਉੱਤੇ ਛਾਅ ਜਾਂਦੀਆਂ। ਪਿਛਲੀਆਂ ਸਤਾਰਾਂ ਸਦੀਆਂ ਜਾਂ ਇਸ ਤੋਂ ਵੀ ਵਧ ਸਮੇਂ ਦੇ ਇਤਹਾਸ ਦੀ ਇਹ ਇਕ ਵਡੀ ਵਾਰਤਾ ਬਣੀ ਰਹੀ ਹੈ* । ਅਜਿਹੇ ਟਪਰੀ-ਵਾਸ ਫਿਰਤੂ ਕਬੀਲਿਆਂ ਦੇ ਹੜ੍ਹਾਂ ਦੀਆਂ ਇਕ ਦੂਜੇ ਪਿਛੋ ਅਨੇਕਾਂ ਸਦੀਆਂ ਤਕ ਲਗਾਤਾਰ ਆਉਣ ਵਾਲੀਆਂ ਲਹਿਰਾਂ ਪੰਜਾਬ ਵਿਚ ਤਾਜ਼ਾ ਦਮ, ਨਰੋਆ ਅਤੇ ਸਖਤ-ਜਾਨ ਤੱਤ ਦਾਖਲ ਕਰਦੀਆਂ ਰਹੀਆਂ, ।

(ਅ) ਇਨਾਂ ਕਬਾਇਲੀ ਹੜ੍ਹਾਂ ਦੇ ਕਾਰਨ, ਬਾਕੀ ਹਿੰਦ ਦੇ ਮੁਕਾਬਲੇ, ਪੰਜਾਬ ਦੇ ਪੇਡੂ ਮਾਲਕ-ਕਿਸਾਨਾਂ ਦੇ ਭਾਈ ਚਾਰੇ ਦੀ ਬਣਤਰ ਵਧੇਰੇ ਕਬਾਇਲੀ ਨਮੂਨੇ ਦੀ ਰਹੀ ਹੈ ਜਿਸ ਦੇ ਸਮਾਜਕ, ਆਰਥਕ ਅਤੇ ਰਾਜਸੀ ਨਜ਼ਰੀਏ ਤੋਂ ਡੂੰਘੇ ਅਤੇ ਦੇਰ ਤਕ ਰਹਿਣ ਵਾਲੇ ਅਸਰ ਹੋਏ ਹਨ ।

(ੲ) ਇਨ੍ਹਾਂ ਕਬਾਇਲੀ ਹੜ੍ਹਾਂ ਦੇ ਕਾਰਨ ਗੰਗਾ ਦੇ ਮੈਦਾਨ ਵਿੱਚ ਪੈਦਾ ਹੋਏ ਪੁਰਾਤਨ ਸਭਿਆਚਾਰ ਤੋਂ ਪੰਜਾਬ ਕਾਫੀ ਹੱਦ ਤਕ ਨਿਖੜਿਆ ਰਿਹਾ ਹੈ*, ਜਿਸਦੇ ਕਈ ਮਾੜੇ ਸਿੱਟੇ ਵੀ ਨਿਕਲੇ ਹਨ ਪਰ ਕੁਝ ਚੰਗੇ ਵੀ ।

ਪੰਜਾਬ ਦੀ ਮਾਲਕ-ਕਿਸਾਨ ਆਬਾਦੀ ਦਾ ਅਜ ਕਲ ਸਭ ਤੋਂ ਵੱਧ ਅਤੇ ਵਧੀਆ ਹਿੱਸਾ ਜੱਟ ਜਾਂ ਜਾਟ ਹਨ† । ਜੱਟਾਂ ਜਾਂ ਜਾਟਾਂ ਦੇ ਮੁਢ ਬਾਰੇ ਇਤਹਾਸਕਾਰ ਸਹਿਮਤ ਨਹੀਂ, ਜਿਸ ਦੇ ਦੋ ਵਡੇ ਕਾਰਨ ਜਾਪਦੇ ਹਨ । ਇੱਕ ਤਾਂ ਪੰਜਾਬ ਤੋਂ ਇਲਾਵਾ ਸਿੰਧ, ਰਾਜਪੂਤਾਨਾ ਅਤੇ ਯੂ. ਪੀ. ਦੇ ਮੇਰਠ ਡਵੀਜ਼ਨ ਦੀ ਅਜ ਕਲ ਦੀ ਕਾਸ਼ਤਕਾਰ ਆਬਾਦੀ ਦਾ ਵੱਡਾ ਹਿੱਸਾ ਜੱਟ ਜਾਂ ਜਾਟ ਹਨ ਜਿਥੇ ਜੱਟ ਅਤੇ ਗੈਰ-ਜੱਟ ਖੂਨ ਦੀ ਵਧੇਰੇ ਮਿਲਾਵਟ ਹੁੰਦੀ ਰਹੀ ਹੈ । ਇਸੇ ਤਰ੍ਹਾਂ ਪਛਮੀ ਪੰਜਾਬ (ਪਾਕਸਤਾਨ ਬਣਨ ਤੋਂ ਪਹਿਲਾਂ ਦੇ ਪੰਜਾਬ ਦੇ ਰਾਵਲਪਿੰਡੀ ਡਵੀਜ਼ਨ) ਦੇ ਜੱਟ ਕੇਂਦਰੀ ਅਤੇ ਪੂਰਬੀ ਪੰਜਾਬ ਦੇ ਜੱਟਾਂ ਨਾਲੋਂ ਨਸਲ ਦੇ ਲਿਹਾਜ਼ ਨਾਲ ਘਟ ਸ਼ੁਧ ਸਮਝੇ ਜਾਂਦੇ ਹਨ ਕਿਉਂਕਿ ਉਥੇ ਭਿਨ ਭਿਨ ਜਾਤਾਂ ਦੇ ਮਿਲਾਪ ਤੋਂ ਪੈਦਾ ਹੋਏ ਮਿਲਗੋਭਾ ਅਨਸਰ ਨੂੰ ਜੱਟ ਦਾ ਨਾਮ ਦਿਤਾ ਜਾਂਦਾ ਹੈ* । ਇਸ ਕਰਕੇ ਹਰ ਇਕ ਇਲਾਕੇ ਦੇ ਜੱਟਾਂ ਨੂੰ ਨਸਲੀ ਲਿਹਾਜ਼ ਨਾਲ ਇਕੋ ਜਿਹੀ ਤੁਲਣਾ ਨਹੀਂ ਦਿਤੀ ਜਾ ਸਕਦੀ। ਪੰਜਾਬ ਦੇ ਜੱਟ ਦੂਸਰੇ ਸੂਬਿਆਂ ਦੇ ਜੱਟਾਂ ਨਾਲੋਂ ਸਪੱਸ਼ਟ ਤੌਰ ਉੱਤੇ ਵਖਰੇ ਹਨ† । ਦੂਸਰਾ ਕਾਰਨ ਇਹ ਹੈ ਕਿ ਜੱਟਾਂ ਜਾਂ ਜਾਟਾਂ ਦੇ ਮੁਢ ਨੂੰ ਕਈਆਂ ਲਿਖਾਰੀਆਂ ਵਲੋਂ ਕੇਵਲ ਰਵਾਇਤਾਂ ਦੇ ਆਧਾਰ ਉਤੇ ਹੋਰ ਜਾਤੀਆਂ ਨਾਲ ਮੇਲਣ ਦਾ ਯਤਨ ਕੀਤਾ ਗਿਆ ਹੈ । ਹਿੰਦੁਸਤਾਨ ਦੇ ਮਾਹੌਲ ਵਿਚ (ਜਿਥੇ ਕੁਲ ਅਥਵਾ ਜਾਤੀ ਦੇ ਦਰਜੇ ਨੂੰ ਬਹੁਤ ਵਧਾ ਕੇ ਮਹਾਨਤਾ ਦਿਤੀ ਜਾਂਦੀ ਰਹੀ ਹੈ ਅਤੇ ਇਸ ਕਰਕੇ ਰਵਾਇਤਾਂ ਨੂੰ ਲੋੜ ਅਨੁਸਾਰ ਘੜਿਆ ਅਤੇ ਮਰੋੜਿਆ ਜਾਂਦਾ ਰਿਹਾ ਹੈ) ਕੇਵਲ ਰਵਾਇਤਾਂ ਦੀ ਸ਼ਹਾਦਤ ਕਿਸੇ ਯਕੀਨੀ ਸਿੱਟੇ ਉੱਤੇ ਪੁਜਣ ਵਾਸਤੇ ਕਾਫੀ ਨਹੀਂ । ਭਰੋਸੇ ਯੋਗ ਸ਼ਹਾਦਤਾਂ ਸਰੀਰਕ ਨੁਹਾਰਾਂ ਦੀ ਸਾਇੰਸ (Anthropology), ਬੋਲੀ ਦੀ ਬਣਤਰ ਅਤੇ ਦੇਰ ਤਕ ਪ੍ਰਚੱਲਤ ਭਾਈਚਾਰਕ ਰਸਮੋਰਿਵਾਜ ਹਨ । ਪਰ ਮੁਸ਼ਕਲ ਇਹ ਹੈ ਕਿ ਇਸ ਆਧਾਰ ਉੱਤੇ ਵੀ ਮਾਹਿਰਾਂ ਦੀ ਇੱਕ ਪੁਖਤਾ ਰਾਏ ਨਹੀਂ ਬਣ ਸਕੀ, ਭਾਵੇਂ ਸਮੁਚੇ ਤੌਰ ਉਤੇ ਵਧੇਰੇ ਪਰਮਾਣੀਕ ਵੀਚਾਰ ਇਹੋ ਹੈ ਕਿ ਪੰਜਾਬ, ਖਾਸੰਕਰ ਕੇਂਦਰੀ ਪੰਜਾਬ, ਦੇ ਜੱਟ ਸਿਥੀਅਨ ਨਸਲ ਦੇ ਹਨ, ਜਾਂ ਸਿਥੀਅਨ ਅਤੇ ਇਨ੍ਹਾਂ ਨਾਲ ਮਿਲਵੀਆਂ ਨਸਲਾਂ ਅਤੇ ਵੇਦਕ ਜ਼ਮਾਨੇ ਦੇ ਪੰਜਾਬ ਵਿੱਚ ਰਹਿ ਗਏ ਆਰੀਆ ਦੇ ਖੂਨ ਦੀ ਮਿਲਾਵਟ ਦਾ ਸਿੱਟਾ* । ਇਨ੍ਹਾਂ, ਜਾਂ ਇਸੇ ਕਿਸਮ ਦੀਆਂ ਹੋਰ, ਵੀਚਾਰਾਂ ਵਿਚੋਂ ਕੋਈ ਵੀ ਠੀਕ ਹੋਵੇ, ਪੰਜਾਬੀ ਕਿਸਾਨ ਆਬਾਦੀ ਉੱਤੇ ਕਬਾਇਲੀ ਹੜ੍ਹਾਂ ਦੇ ਉਪਰ ਦਸੇ ਹੋਏ ਮੋਟੇ ਤਿੰਨ ਅਸਰਾਂ ਦੇ ਨਜ਼ਰੀਏ ਤੋਂ ਕੋਈ ਖਾਸ ਫਰਕ ਨਹੀਂ ਪੈਂਦਾ । ਕਿਉਂਕਿ ਪੰਜਾਬੀ ਕਿਸਾਨ ਦੀ ਨਸਲੀ ਤਹਿ ਭਾਵੇਂ ਕੁਝ ਵੀ ਹੋਵੇ, ਇਸ ਬਾਰੇ ਸਭ ਇਤਹਾਸਕਾਰ ਸਹਿਮਤ ਹਨ ਕਿ ਲਗ ਭਗ ਛੇਵੀਂ ਸਦੀ ਤਕ ਪੰਜਾਬ ਦੀ ਕਿਸਾਨ ਆਬਾਦੀ ਵਿੱਚ ਨਰੋਏ ਅਤੇ ਸਖਤ-ਜਾਨ ਬਾਹਰੋਂ ਆਏ ਨਵੇਂ ਕਬਾਇਲੀ ਅਨਸਰਾਂ ਦੀ ਮਿਲਾਵਟ ਹੁੰਦੀ ਰਹੀ; ਅੰਗਰੇਜ਼ਾਂ ਦਾ ਰਾਜ ਸ਼ੁਰੂ ਹੋਣ ਤਕ ਪੰਜਾਬੀ ਮਾਲਕ ਕਿਸਾਨਾਂ ਨੇ ਆਪਣੇ ਭਾਈਚਾਰੇ ਦੀ ਬਣਤਰ ਨੂੰ ਕਬਾਇਲੀ ਨਮੂਨੇ ਦੀ ਕਾਇਮ ਰਖਿਆ; ਅਤੇ ਪੰਜਾਬੀ ਕਿਸਾਨ ਕਾਫੀ ਦੇਰ ਤਕ ਅਤੇ ਕਾਫੀ ਹੱਦ ਤਕ ਗੰਗਾ ਦੇ ਮੈਦਾਨ ਵਿੱਚ ਬ੍ਰਾਹਮਣ ਪੁਜਾਰੀ ਵਾਦ ਦੇ ਅਸਰ ਹੇਠ ਪੈਦਾ ਹੋਏ ਸਭਿਆਚਾਰ ਤੋਂ ਨਿਖੜਿਆ ਰਿਹਾ । ਇਸ ਸਿਲਸਲੇ ਵਿੱਚ ਇਥੇ ਉਸ ਸ਼ਹਾਦਤ ਵਲ ਕੇਵਲ ਇਸ਼ਾਰਾ ਕਰ ਦੇਣਾ ਹੀ ਕਾਫੀ ਹੈ ਕਿ ਪੰਜਾਬ ਵਿਚ ਰਹਿ ਗਏ ਵੇਦਕ ਜ਼ਮਾਨੇ ਦੇ ਆਰੀਆ ਨੇ ਵੀ ਗੰਗਾ ਦੇ ਮੈਦਾਨ ਵਿੱਚ ਬ੍ਰਾਹਮਣ ਪੁਜਾਰੀ ਵਾਦ ਦੇ ਅਸਰ ਹੇਠ ਪੈਦਾ ਹੋਏ ਸਭਿਆਚਾਰ ਵਲ ਤਕਰੀਬਨ ਉਸੇ ਤਰ੍ਹਾਂ ਦਾ ਰਵੱਈਆ ਧਾਰਨ ਕੀਤਾ† ਜੋ ਪੰਜਾਬ ਵਸੇ ਸਿਥੀਅਨਾਂ ਆਦਿ ਨੇ । ਗਾਲਬਨ ਇਸੇ ਕਾਰਨ ਪੰਜਾਬੀ ਆਰੀਆ ਅਤੇ ਸਿਥੀਅਨਾਂ ਦੇ ਮੇਲ ਤੋਂ ਪੰਜਾਬ ਦੇ ਮਾਲਕ-ਕਿਸਾਨਾਂ ਦੇ ਭਾਈਚਾਰੇ ਦੀ ਇੱਕ ਸੁਰ ਬਣਤਰ ਬਣਨ ਵਿੱਚ ਸਹੂਲਤ ਮਿਲੀ ।

*The outline of History H. G. wells, pp. 161-2.

*Cambridge History, i, p. 60.
†Census Report, Para 424.

*Census Report, Para 428.
†The Land systems of British India, *B.H. Baden-Powell, i, p. 141* ( *foot note* ).

*Baden-Powell, pp. 94-99.
†Ibid, p. 80.

Digitized by Panjab Digital Library | www.panjabdigilib.org

# ਆਰਥਕ

ਪੰਜਾਬੀ ਕਿਸਾਨ ਦਾ ਆਚਾਰ ਘੜਨ ਵਿੱਚ ਆਰਥਕ ਹਾਲਾਤ ਦੇ ਹੋਏ ਅਸਰਾਂ ਨੂੰ ਵੀਚਾਰਨ ਵਾਸਤੇ ਇਹ ਜ਼ਰੂਰੀ ਹੈ ਕਿ ਪੰਜਾਬ ਦੀ ਪੇਂਡੂ ਆਰਥਕ ਅਤੇ ਇਸ ਨਾਲ ਸੰਬੰਧਤ ਸਮਾਜਕ ਬਣਤਰ ਬਾਰੇ ਮੁਖ ਰੂਪ ਵਿਚ ਕੁਝ ਜਾਣਿਆਂ ਜਾਏ ਅਤੇ ਮੁਕਾਬਲਤਨ ਸਹੀ ਅੰਦਾਜ਼ਾ ਲਾਉਣ ਖਾਤਰ ਬਾਕੀ ਹਿੰਦ ਦੀਆਂ ਪੇਂਡੂ ਆਰਥਕ ਅਤੇ ਸਮਾਜਕ ਬਣਤਰਾਂ ਨਾਲ ਸਰਸਰੀ ਮੁਕਾਬਲਾ ਕੀਤਾ ਜਾਏ। ਇਹ ਇਸ ਵਾਸਤੇ ਵੀ ਬੜਾ ਜ਼ਰੂਰੀ ਹੈ ਕਿਉਂਕਿ ਆਰਥਕ ਪੇਂਡੂ ਬਣਤਰ ਦਾ ਪੰਜਾਬੀ ਕਿਸਾਨ ਉਤੇ ਹੋਏ ਸਮਾਜਕ ਅਤੇ ਰਾਜਸੀ ਹਲਾਤ ਦੇ ਅਸਰਾਂ ਨਾਲ ਵੀ ਗੂੜ੍ਹਾ ਸੰਬੰਧ ਹੈ।

ਪੇਂਡੂ ਆਰਥਕ ਬਣਤਰ ਦੀ ਕੁੰਜੀ ਜ਼ਮੀਨ ਦੀ ਵੰਡ ਅਤੇ ਜ਼ਮੀਨ ਨਾਲ ਸੰਬੰਧਤ ਹੱਕਾਂ ਦਾ ਵੇਰਵਾ ਹੈ। ਇਸ ਆਧਾਰ ਉਤੇ ਹਿੰਦ ਦੀ ਪੇਂਡੂ ਆਰਥਕ ਅਤੇ ਸੰਬੰਧਤ ਕਿਸਾਨ ਭਾਈ ਚਾਰਕ ਬਣਤਰਾਂ ਨੂੰ ਮੁਖ ਰੂਪ ਵਿਚ ਤਿਨਾਂ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ* :–

## (ੳ) ਰਯੀਅਤ-ਵਾੜੀ ਨਮੂਨਾ:–

ਇਸ ਨਮੂਨੇ ਦੀ ਬਣਤਰ ਦਾ ਵਧੇਰੇ ਸੰਬੰਧ ਗੈਰ-ਆਰੀਆ ਦਰਾਵੜ ਆਦਿ ਨਸਲਾਂ ਦੀਆਂ ਜਾਤੀਆਂ ਨਾਲ ਸੀ ਅਤੇ ਇਸ ਨਮੂਨੇ ਦੀ ਬਣਤਰ ਦੇ ਪਿੰਡ ਬਹੁਤਾ ਉਥੇ ਮਿਲਦੇ ਹਨ ਜਿਥੇ ਗੈਰ-ਆਰੀਆ ਜਾਤੀਆਂ ਵਧੇਰੇ ਫੈਲੀਆਂ ਹੋਈਆਂ ਸਨ ਅਤੇ ਜਿਥੇ ਉਨ੍ਹਾਂ ਦੇ ਪਰਬੰਧ ਵਿਚ ਘੱਟ ਤੋਂ ਘੱਟ ਮੁਦਾਖਲਤ ਹੋਈ*। ਰਯੀਅਤ-ਵਾੜੀ ਨਮੂਨੇ ਦੇ ਪਿੰਡ ਦੇ ਵਡੇ ਵਡੇ ਅਗੇ ਇਹ ਸਨ ਕਿ ਹਰ ਇਕ ਕਿਸਾਨ ਦਾ ਹੱਕ ਅਤੇ ਵਾਸਤਾ ਕੇਵਲ ਉਸ ਜ਼ਮੀਨ ਨਾਲ ਹੁੰਦਾ ਜੋ ਉਹ ਆਪ ਵਾਹੁੰਦਾ। ਸਰਕਾਰੀ ਮਾਲੀਏ ਦੇ ਲਿਹਾਜ ਨਾਲ ਹਰ ਇਕ ਕਿਸਾਨ ਅੱਡ ਅੱਡ ਜ਼ਿੰਮੇਵਾਰ ਹੁੰਦਾ। ਸਵਾਏ ਡੰਗਰ ਚਾਰਨ ਦੇ ਹੱਕ ਦੇ ਪਿੰਡ ਦੀ ਰੱਕੜ ਭੋਂ ਵਿੱਚ ਉਸਦਾ ਮਾਲਕੀ ਦਾ ਹੱਕ ਨਾ ਹੁੰਦਾ। ਪਿੰਡ ਦੇ ਸਮੂਹੇ ਕਿਸਾਨ ਭਾਈਚਾਰੇ ਵਿਚਕਾਰ ਜਾਂ ਤਾਂ ਲਹੂ ਦੀ ਸਾਂਝ ਹੁੰਦੀ ਹੀ ਨਾ, ਜਾਂ ਜੇ ਕਦੇ ਬਹੁਤ ਪੁਰਾਣੇ ਜ਼ਮਾਨੇ ਵਿੱਚ ਹੁੰਦੀ ਤਾਂ ਉਸ ਦੀ ਯਾਦ ਭੁਲ ਗਈ ਹੁੰਦੀ। ਪਿੰਡ ਦਾ ਪਰਬੰਧ ਪੰਚਾਇਤ ਦੀ ਬਜਾਏ ਇਕ ਪਰਬੰਧਕ (ਪਟੇਲ) ਕਰਦਾ ਜੋ ਕਿਸਾਨਾਂ ਵਲੋਂ ਚੁਣਿਆ ਨਾ ਹੁੰਦਾ ਅਤੇ ਜਿਸ ਦੀ ਪਦਵੀ ਵਿਰਾਸਤੀ ਹੁੰਦੀ। ਇਥੋਂ ਤਕ ਕਿ ਜੇ ਕਦੀ ਉਜੜੇ ਪਿੰਡ ਨੂੰ ਮੁੜ ਵਸਾਉਣਾ ਹੁੰਦਾ ਤਾਂ ਉਸ ਦੇ ਪੁਰਾਣੇ ਪਟੇਲ ਦੇ ਵਾਰਸ ਨੂੰ ਕੋਸ਼ਸ਼ ਨਾਲ ਲੱਭ ਕੇ ਉਸ ਨੂੰ ਪਟੇਲ ਬਣਾਇਆ ਜਾਂਦਾ†। ਪਟੇਲ ਦੇ ਹੁਕਮ ਦੀ ਕਿਸਾਨਾਂ ਨੂੰ ਪਾਲਣਾ ਕਰਨੀ ਪੈਂਦੀ ਅਤੇ ਪਟੇਲ ਦਾ ਮਕਾਨ ਪਿੰਡ ਵਿੱਚ ਸਭ ਤੋਂ ਵਧੀਆ ਹੁੰਦਾ। ਉਸਦੇ ਕੰਮ ਅਤੇ ਪਦਵੀ ਦੇ ਇਵਜ਼ ਵਿੱਚ ਉਸ ਨੂੰ ਜ਼ਮੀਨ ਦਾ ਵਧੀਆ ਟੁਕੜਾ ਦਿੱਤਾ ਜਾਂਦਾ ਅਤੇ ਪਿੰਡ ਦੇ ਰਸਮੋਂ ਰਿਵਾਜ ਅਤੇ ਮਾਣ-ਵਡਿਆਈ ਦੇ ਲਿਹਾਜ਼ ਨਾਲ ਵੀ ਉਸਦਾ ਦਰਜਾ ਪਿੰਡ ਵਿੱਚ ਸਭ ਤੋਂ ਵੱਡਾ ਹੁੰਦਾ*।

*B. H. Baden-Powell ਇਸ ਮਜ਼ਮੂਨ ਦੇ ਮਾਹਿਰ ਮੰਨੇ ਗਏ ਹਨ ਅਤੇ ਉਨ੍ਹਾਂ ਨੇ ਆਪਣੀ ਰਚਿਤ ਕਿਤਾਬ 'The Indian Village Community' ਵਿਚ ਇਸ ਮਸਲੇ ਨੂੰ ਬੜੀ ਯੋਗਤਾ ਅਤੇ ਸਾਇੰਸ ਦੇ ਤੋਲਵੇਂ ਤਰੀਕੇ ਅਨੁਸਾਰ ਵੀਚਾਰਿਆ ਹੈ। ਇਥੇ ਦਿਤੀ ਗਈ ਵੰਡ ਉਨ੍ਹਾਂ ਦੀ ਲਿਖਤ ਦੇ ਆਧਾਰ ਉਤੇ ਹੈ ਅਤੇ ਉਸ ਦੇ ਉਲਟ ਨਹੀਂ, ਪਰ ਮਜ਼ਮੂਨ ਨੂੰ ਮੁਖਤਸਰ ਅਤੇ ਸੁਖੱਲੇ ਤਰੀਕੇ ਨਾਲ ਪੇਸ਼ ਕਰਨ ਖਾਤਰ ਮਜ਼ਮੂਨ ਦੀਆਂ ਲਫਜ਼ੀ ਬਰੀਕੀਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ ਅਤੇ ਵੰਡ ਨੂੰ ਥੋੜੀ ਵਖਰੀ ਤਰਤੀਬ ਦਿੱਤੀ ਗਈ ਹੈ।

*Baden-Powell, p. 183.

†Ibid, p. 15.

## (ਅ) ਜ਼ਿਮੀਂਦਾਰੀ ਅਥਵਾ ਤਅੱਲਕਦਾਰੀ ਨਮੂਨਾ:–

ਇਸ ਕਿਸਮ ਦੇ ਪਿੰਡ ਵਧੇਰੇ ਉਨ੍ਹਾਂ ਇਲਾਕਿਆਂ ਵਿਚ ਮਿਲਦੇ ਹਨ ਜਿਥੇ ਜੇਤੂ ਆਰੀਆ ਦੇ ਹਾਕਮ ਅਨਸਰਾਂ ਨੇ ਦਰਾਵੜ ਆਦਿ ਹਾਰੀਆਂ ਹੋਈਆਂ ਜਾਤੀਆਂ ਦੀਆਂ ਜ਼ਮੀਨਾਂ ਉਤੇ ਮਾਲਕੀ ਆਦਿ ਦੇ ਵਧੀਆ ਹੱਕ ਜਮਾ ਲਏ, ਪਰ ਹਾਰੀਆਂ ਹੋਈਆਂ ਜਾਤੀਆਂ ਨੂੰ ਆਪਣੇ ਰਾਹਕ (Tenants) ਬਣਾ ਕੇ ਖੇਤੀ ਬਾੜੀ ਦਾ ਕੰਮ ਉਨ੍ਹਾਂ ਦੇ ਸਪੁਰਦ ਕਰ ਦਿੱਤਾ, ਕਿਉਂਕਿ ਆਰੀਆ ਦਾ ਹਾਕਮ ਤਬਕਾ ਵਾਹੀ ਦੀ ਕਿਰਤ ਨੂੰ ਨੀਵਾਂ ਕੰਮ ਸਮਝਣ ਲੱਗ ਪਿਆ ਸੀ। ਮੁਸਲਮਾਨ ਹਾਕਮਾਂ ਨੇ ਵੀ ਇਹੋ ਤਰੀਕਾ ਅਪਣਾ ਲਿਆ ਅਤੇ ਓਹ ਵੀ ਤਅੱਲਕਦਾਰੀ ਨਮੂਨੇ ਦੇ ਪਿੰਡ ਕਾਇਮ ਕਰਕੇ ਆਪਣੇ ਵਾਰਸਾਂ ਨੂੰ ਦੇ ਗਏ। ਇਸ ਨਮੂਨੇ ਦੇ ਪਿੰਡਾਂ ਦੇ ਵਡੇ ਵਡੇ ਅੰਗ ਇਹ ਸਨ। ਪਿੰਡ ਦੀ ਜ਼ਮੀਨ ਦੀ ਮਲਕੀਅਤ ਅਤੇ ਇਸ ਸੰਬੰਧੀ ਵਧੀਆ ਕਿਸਮ ਦੇ ਹੱਕ ਜ਼ਿਮੀਂਦਾਰਾਂ ਅਥਵਾ ਤਅੱਲਕਦਾਰਾਂ ਅਤੇ ਉਨ੍ਹਾਂ ਦੇ ਵਾਰਸਾਂ ਦੇ ਹੁੰਦੇ ਜੋ ਅਮੂਮਨ ਆਪ ਹੱਥੀਂ ਵਾਹੀ ਨਾ ਕਰਦੇ ਅਤੇ ਜਿਨ੍ਹਾਂ ਦੀ ਗਿਣਤੀ ਰਾਹਕਾਂ ਦੇ ਮੁਕਾਬਲੇ ਅਕਸਰ ਬਹੁਤ ਘਟ ਹੁੰਦੀ। ਪਿੰਡ ਦੀ ਜ਼ਮੀਨ ਅਤੇ ਇਸ ਨਾਲ ਸੰਬੰਧਤ ਰੱਕੜ ਰਕਬਾ ਸਰਕਾਰੀ ਮਾਲੀਆ ਦੇਣ ਦੇ ਲਿਹਾਜ਼ ਨਾਲ ਜ਼ਿਮੀਂਦਾਰਾਂ ਅਥਵਾ ਤਅੱਲਕਦਾਰਾਂ ਅਤੇ ਉਨ੍ਹਾਂ ਦੇ ਵਾਰਸਾਂ ਦਾ ਸਮੁੱਚੇ ਤੌਰ ਉੱਤੇ ਸਾਂਝੀ ਮਲਕੀਅਤ ਸਮਝਿਆ ਜਾਂਦਾ। ਦੂਸਰੇ ਲਫਜ਼ਾਂ ਵਿਚ ਸਰਕਾਰੀ ਮਾਲੀਆ ਦੇਣ ਦੀ ਜ਼ਿੰਮੇਵਾਰੀ ਸਮੁੱਚੇ ਤੌਰ ਉੱਤੇ ਸਭ ਜ਼ਿਮੀਂਦਾਰਾਂ ਦੀ ਸਾਂਝੀ ਹੁੰਦੀ। ਪਿੰਡ ਦਾ ਇੱਕ ਪਰਬੰਧਕ (ਪਟੇਲ) ਨਾ ਹੁੰਦਾ, ਸਗੋਂ ਇਸ ਦਾ ਪਰਬੰਧ ਜ਼ਿਮੀਂਦਾਰਾਂ ਅਥਵਾ ਤਅੱਲਕਦਾਰਾਂ ਅਤੇ ਉਨ੍ਹਾਂ ਦੇ ਵਾਰਸਾਂ ਦੀ ਪੰਚਾਇਤ ਕਰਦੀ। ਪਿੰਡ ਦੀ ਪੰਚਾਇਤ ਅਤੇ ਇਸ ਦੇ ਪਰਬੰਧ ਵਿੱਚ ਰਾਹਕਾਂ ਦੀ ਉੱਕਾ ਆਵਾਜ਼ ਨਾ ਹੁੰਦੀ। ਨਾ ਹੀ ਉਨ੍ਹਾਂ ਦਾ ਖੇਤੀ ਬਾੜੀ ਦੇ ਹਾਣ ਲਾਭ ਨਾਲ ਸੰਬੰਧ ਹੁੰਦਾ ਅਤੇ ਨਾ, ਸਵਾਏ ਪਸ਼ੂ ਚਰਾਉਣ ਦੇ ਹੱਕ ਦੇ, ਪਿੰਡ ਦੀ ਰੱਕੜ ਜ਼ਮੀਨ ਵਿੱਚ ਹਿੱਸਾ ਹੁੰਦਾ*।

## (ੲ) ਕਬਾਇਲੀ ਨਮੂਨਾ:–

ਇਸ ਕਿਸਮ ਦੇ ਪਿੰਡ ਵਧੇਰੇ ਉਨ੍ਹਾਂ ਇਲਾਕਿਆਂ ਵਿਚ ਮਿਲਦੇ ਹਨ ਜਿਥੇ ਉਨ੍ਹਾਂ ਆਰੀਆਂ ਜਾਂ ਉਨ੍ਹਾਂ ਦੇ ਪਿਛੋਂ ਹਿੰਦ ਵਿਚ ਆਏ ਉਨ੍ਹਾਂ ਕਬਾਇਲੀ ਅਨਸਰਾਂ ਦਾ ਜ਼ੋਰ ਰਿਹਾ ਹੈ ਜਿਹੜੇ ਰਾਜਿਆਂ ਦੇ ਪਰਬੰਧ ਦੇ ਅਸਰ ਹੇਠ ਬਹੁਤ ਘਟ ਆਏ। ਅਜਿਹੇ ਪਿੰਡਾਂ ਦੀ ਵਾਹੀ ਵਾਲੀ ਅਤੇ ਰੱਕੜ ਜ਼ਮੀਨ ਦੀ ਮਲਕੀਅਤ ਸਰਕਾਰੀ ਮਾਲੀਏ ਦੇ ਲਿਹਾਜ਼ ਨਾਲ ਸਮੂਚੇ ਤੌਰ ਉਤੇ ਪਿੰਡ ਦੇ ਕਿਸਾਨ ਭਾਈਚਾਰੇ ਦੀ ਸਮਝੀ ਜਾਂਦੀ। ਕਿਸਾਨਾਂ ਵਿਚਕਾਰ ਅਕਸਰ ਲਹੂ ਦੀ ਸਾਂਝ ਹੁੰਦੀ ਅਤੇ ਪਿੰਡ ਦਾ ਪਰਬੰਧ ਕਿਸਾਨਾਂ ਦੀ ਚੁਣੀ ਹੋਈ ਪੰਚਾਇਤ ਦੇ ਹੱਥ ਹੁੰਦਾ। ਓਪਰੀ ਨਜ਼ਰੇ ਵੇਖਿਆਂ ਇਸ ਲਿਹਾਜ਼ ਨਾਲ ਕਬਾਇਲੀ ਨਮੂਨੇ ਦਾ ਪਿੰਡ ਜ਼ਿਮੀਦਾਰੇ ਨਮੂਨੇ ਦੇ ਪਿੰਡ ਨਾਲ ਮਿਲਦਾ ਜਾਪਦਾ ਹੈ। ਪਰ ਜ਼ਿਮੀਦਾਰੇ

*Baden-Powell, pp. 11-19.

*Baden-Powell, PP. 20-26, 190-193.



Digitized by Panjab Digital Library | www.panjabdigilib.org

ਪਿੰਡ ਨਾਲੋਂ ਇਸਦਾ ਬੁਨਿਆਦੀ ਫਰਕ ਇਹ ਹੁੰਦਾ ਕਿ ਰਾਹਕ ਕਿਸਾਨ ਅਕਸਰ ਜਾਂ ਹੁੰਦੇ ਹੀ ਨਾਂ ਜਾਂ ਬਹੁਤ ਘਟ। ਪਿੰਡ ਦਾ ਕਿਸਾਨ ਭਾਈਚਾਰਾ ਮਾਲਕ–ਕਿਸਾਨਾਂ ਦਾ ਹੁੰਦਾ ਜੋ ਆਪ ਹੱਥੀਂ ਵਾਹੀ ਕਰਦੇ ਅਤੇ ਜ਼ਮੀਨ ਦੀ ਵੰਡ ਅਤੇ ਪਿੰਡ ਦਾ ਪਰਬੰਧ ਪੰਚਾਇਤੀ ਅਸੂਲਾਂ ਉਤੇ ਹੁੰਦਾ* ।

ਪੇਂਡੂ ਆਰਥਕ ਬਣਤਰ ਅਤੇ ਕਿਸਾਨ ਭਾਈਚਾਰੇ ਦੀ ਬਣਾਵਟ ਦੀ ਉਪ੍ਰੋਕਤ ਵੰਡ ਵਿੱਚ ਵਾਹੀ ਤੋਂ ਇਲਾਵਾ ਹੱਥੀਂ ਹੋਰ ਕਿਰਤ ਕਰਨ ਵਾਲੀਆਂ ਅਤੇ ਦਬਾਈਆਂ ਹੋਈਆਂ ਜਾਤੀਆਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ ਭਾਵੇਂ ਓਹ ਪੇਂਡੂ ਭਾਈਚਾਰੇ ਦੇ ਜ਼ਰੂਰੀ ਅੰਗ ਹਨ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਇਸ ਲਿਖਤ ਦਾ ਸਿੱਧਾ ਸੰਬੰਧ ਕਿਸਾਨ ਭਾਈਚਾਰੇ ਨਾਲ ਹੈ। ਪਰ ਇਹ ਦੁਖਦਾਈ ਹਕੀਕਤ ਵੀ ਹੈ ਕਿ ਇਨ੍ਹਾਂ ਜਾਤੀਆਂ ਨਾਲ ਉਪਰ ਦੱਸੇ ਤਿੰਨਾਂ ਕਿਸਮਾਂ ਦੇ ਕਿਸਾਨ ਭਾਈਚਾਰਿਆਂ ਨੇ ਅਨਿਆਇ ਭਰਪੂਰ ਅਤੇ ਵਿਤਕਰੇ ਵਾਲਾ ਸਲੂਕ ਕੀਤਾ। ਉਨ੍ਹਾਂ ਨੂੰ ਭਾਈਚਾਰਕ ਲਿਹਾਜ਼ ਨਾਲ ਆਪਣੇ ਅਤੇ ਪਿੰਡ ਦੇ ਪਰਬੰਧ ਨਾਲੋਂ ਇਤਨਾ ਨਿਖੇੜੀ ਅਤੇ ਦਬਾਈ ਰਖਿਆ† ਕਿ ਉਨ੍ਹਾਂ ਦਾ ਕਿਸਾਨ ਅਥਵਾ ਪੇਂਡੂ ਭਾਈਚਾਰੇ ਦੀ ਬਣਤਰ ਬਨਾਉਣ ਅਥਵਾ ਇਸ ਨੂੰ ਢਾਲਣ ਵਿਚ ਅਮਲੀ ਤੌਰ ਉਤੇ ਖਾਸਾ ਹਿੱਸਾ ਨਹੀਂ ਪੈ ਸਕਿਆ।

ਜਿਵੇਂ ਪਹਿਲਾਂ ਦਸਿਆ ਜਾ ਚੁੱਕਾ ਹੈ, ਪੇਂਡੂ ਆਰਥਕ ਬਣਤਰ ਦੀ ਉਪ੍ਰੋਕਤ ਵੰਡ ਲਫਜ਼ੀ ਕਾਨੂੰਨੀ ਬਰੀਕੀਆਂ ਵਿਚ ਪਏ ਬਗੈਰ ਕੀਤੀ ਗਈ ਹੈ; ਕਿਉਂਕਿ ਇਸ ਬਾਰੇ ਰਾਏ ਦਾ ਬਹੁਤ ਵਖੇਵਾਂ ਹੈ ਕਿ ਅੰਗਰੇਜ਼ੀ ਰਾਜ ਤੋਂ ਪਹਿਲੋਂ ਜ਼ਮੀਨ ਦੀ ਮਾਲਕ ਸਰਕਾਰ ਹੁੰਦੀ ਜਾਂ ਸ਼ਖਸੀ ਤੌਰ ਉੱਤੇ ਲੋਕੀਂ। ਮਿਸਟਰ ਕੈਲਵਰਟ ਲਿਖਦੇ ਹਨ ਕਿ ਜਿਨ੍ਹਾਂ ਨੂੰ ਅਜ ਕਲ ਜ਼ਮੀਨ ਦੇ ਮਾਲਕੀ ਦੇ ਹੱਕ ਕਿਹਾ ਜਾਂਦਾ ਹੈ, ਅੰਗਰੇਜ਼ੀ ਰਾਜ ਤੋਂ ਪਹਿਲੋਂ ਦੋ ਸ਼ਕਲਾਂ ਵਿਚ ਪਾਏ ਜਾਂਦੇ ਸਨ। ਇਕ ਹੱਕ ਸੀ ਸਰਕਾਰੀ ਮਾਲੀਆ ਉਗਰਾਹੁਣ ਦਾ ਅਤੇ ਦੂਸਰਾ ਹੱਕ ਸੀ ਜ਼ਮੀਨ ਰਖਣ ਦਾ, ਇਸ ਸ਼ਰਤ ਉਤੇ ਕਿ ਸਰਕਾਰੀ ਮਾਲੀਏ ਦੀ ਬਾਕਾਇਦਾ ਅਦਾਇਗੀ ਹੁੰਦੀ ਰਹੇ। ਪਹਿਲੀ ਕਿਸਮ ਦਾ ਹੱਕ ਦਰਅਸਲ ਜ਼ਮੀਨ ਵਿੱਚ ਹੱਕ ਨਹੀਂ ਸੀ, ਬਲਕਿ ਜ਼ਮੀਨ ਦਾ ਮਾਲੀਆ ਲੈਣ ਵਿਚ ਹੱਕ ਸੀ ਅਤੇ ਸਰਕਾਰ ਜਾਂ ਸਰਕਾਰੀ ਮਾਲੀਆ ਲੈਣ ਦਾ ਹੱਕ ਰੱਖਣ ਵਾਲੇ ਦੋਵੇਂ ਕਿਸਾਨ ਦੀ ਵਧ ਤੋਂ ਵਧ ਛਿਲ ਲਾਹੁੰਦੇ ਸਨ* ।

ਪਰ ਮਿਸਟਰ ਕੈਲਵਰਟ ਦੀ ਉਪ੍ਰੋਕਤ ਰਾਏ ਵੀ ਕਿਸਾਨ ਕੋਲੋਂ ਜ਼ਮੀਨ ਦੀ ਪੈਦਾਵਾਰ ਦਾ ਹਿੱਸਾ ਖੁਸ ਜਾਣ ਦੇ ਨਜ਼ਰੀਏ ਤੋਂ ਅਮਲੀ ਵਰਤੋਂ ਨੂੰ ਪੂਰੀ ਤਰ੍ਹਾਂ ਪ੍ਰਗਟ ਨਹੀਂ ਕਰਦੀ। ਜੇਕਰ ਜਾਗੀਰਦਾਰ (ਜੋ ਸਰਕਾਰੀ ਮਾਲੀਆ ਉਗਰਾਹੁਣ ਦਾ ਹੱਕ ਰਖਦੇ), ਜਾਂ ਜ਼ਿਮੀਂਦਾਰ ਆਦਿ (ਜੋ ਜ਼ਮੀਨ ਦੀ ਮਾਲਕੀ ਜਾਂ ਜ਼ਮੀਨ ਵਿਚ ਵਧੀਆ ਹੱਕਾਂ ਦਾ ਦਾਅਵਾ ਕਰਦੇ) ਕਿਸਾਨ ਪਾਸੋਂ ਜ਼ਮੀਨ ਦੀ ਪੈਦਾਵਾਰ ਦਾ ਕੇਵਲ ਉਤਨਾ ਹੀ ਹਿੱਸਾ ਲੈਂਦੇ ਜਿਤਨਾ ਸਰਕਾਰੀ ਮਾਲੀਏ ਦੇ ਤੌਰ ਉਤੇ ਨਿੱਯਤ ਕੀਤਾ ਜਾਂਦਾ ਤਾਂ ਕਿਸਾਨ ਉਤੇ ਇਸ ਦਾ ਕੋਈ ਅਸਰ ਨਹੀਂ ਸੀ ਪੈ ਸਕਦਾ ਕਿ ਮਾਲੀਆ ਸਰਕਾਰ ਆਪ ਸਿਧਾ ਉਗਰਾਹੁੰਦੀ ਜਾਂ ਸਰਕਾਰੀ ਮਾਲੀਆ ਉਗਰਾਹੁਣ ਦਾ ਹੱਕ ਰੱਖਣ ਵਾਲੇ ਜਾਂ ਜ਼ਮੀਨ ਦੀ ਮਾਲਕੀ ਦਾ ਹੱਕ ਜਤਾਉਣ ਵਾਲੇ ਉਗਰਾਹੁੰਦੇ। ਇਸ ਸੂਰਤ ਵਿਚ ਕਿਸਾਨ ਨੂੰ ਇਸ ਨਾਲ ਕੀ ਫਰਕ ਪੈ ਸਕਦਾ ਸੀ ਕਿ ਸਰਕਾਰੀ ਮਾਲੀਆ ਉਗਰਾਹੁਣ ਦਾ ਹੱਕ ਰੱਖਣ ਵਾਲਾ ਜਾਗੀਰਦਾਰ ਆਦਿ ਸਰਕਾਰ ਦੀ ਮਰਜ਼ੀ ਅਨੁਸਾਰ ਉਗਰਾਹਿਆ ਮਾਲੀਆ ਸਾਰਾ ਆਪ ਹੀ ਰੱਖ ਲੈਂਦਾ ਜਾਂ ਉਸ ਦਾ ਕੁਝ ਹਿੱਸਾ ਸਰਕਾਰ ਨੂੰ ਦੇਂਦਾ। ਹਿੰਦੁਸਤਾਨ ਵਿੱਚ ਵਖੋ ਵੱਖ ਸਮਿਆਂ ਅਤੇ ਥਾਵਾਂ ਦੇ ਹਾਲਾਤ ਵਿਚ ਬਹੁਤ ਫਰਕ ਰਿਹਾ ਹੈ ਜਿਸ ਕਰਕੇ ਇਕਸਾਰ ਲਾਗੂ ਰਾਏ ਨਹੀਂ ਪੇਸ਼ ਕੀਤੀ ਜਾ ਸਕਦੀ। ਜਦ ਕਦੀ ਅਤੇ ਜਿਥੇ ਸਰਕਾਰ ਦਾ ਜਾਗੀਰਦਾਰਾਂ ਆਦਿ ਉੱਤੇ ਇਤਨਾ ਕੰਟਰੋਲ ਹੁੰਦਾ ਕਿ ਓਹ ਕਿਸਾਨਾਂ ਕੋਲੋਂ ਪੈਦਾਵਾਰ ਦਾ ਉਤਨਾ ਹੀ ਹਿੱਸਾ ਲੈਂਦੇ ਜਿਤਨਾ ਸਰਕਾਰੀ ਮਾਲੀਏ ਦੇ ਤੌਰ ਉੱਤੇ ਨੀਯਤ ਹੁੰਦਾ, ਤਾਂ ਮਿਸਟਰ ਕੈਲਵਰਟ ਦੀ ਰਾਏ ਅਮਲੀ ਵਰਤੋਂ ਨਾਲ ਮੇਲ ਖਾਂਦੀ। ਪਰ ਅੰਗਰੇਜ਼ੀ ਰਾਜ ਤੋਂ ਪਹਿਲੋਂ ਐਸੇ ਅਵਸਰ ਘਟ ਹੀ ਹੋਏ ਹਨ ਜਦ ਸਰਕਾਰਾਂ ਦਾ ਜਾਗੀਰਦਾਰਾਂ, ਜ਼ਿਮੀਂਦਾਰਾਂ ਅਤੇ ਪਟੇਲਾਂ ਆਦਿ ਉੱਤੇ ਮੁਕੰਮਲ ਕੰਟਰੋਲ ਰਿਹਾ ਹੋਵੇ। ਅਮੂਮਨ ਕਿਸਾਨ ਇਨ੍ਹਾਂ ਏਜੰਸੀਆਂ ਦੇ ਰਹਿਮ ਉੱਤੇ ਹੁੰਦੇ ਜਿਨ੍ਹਾਂ ਦੇ ਆਰਥਕ ਹਿਤ ਇਹ ਮੰਗ ਕਰਦੇ ਕਿ ਓਹ ਸਰਕਾਰੀ ਮਾਲੀਏ ਤੋਂ ਵਾਧੂ ਕਿਸਾਨ ਕੋਲੋਂ ਜੋ ਲੈ ਸਕਦੇ ਹੋਣ ਲੈਣ। ਮੁਗਲੀਆ ਸਲਤਨਤ (ਜਿਸ ਨੂੰ ਹਿੰਦ ਦੇ ਇਤਿਹਾਸ ਵਿਚ ਮੁਕਾਬਲਤਨ ਇਕ ਜਥੇਬੰਦ ਰਾਜ ਪ੍ਰਬੰਧ ਗਿਣਿਆ ਗਿਆ ਹੈ ਅਤੇ ਜਿਸ ਬਾਰੇ ਇਤਹਾਸਕ ਨਜ਼ਰੀਏ ਤੋਂ ਸਪੱਸ਼ਟ ਤਸਵੀਰ ਮਿਲਦੀ ਹੈ) ਦੇ ਜ਼ਮੀਨ ਦੇ ਮਾਲੀਏ ਦੇ ਇਤਹਾਸ ਦੀ ਮਿਸਾਲ ਇਸ ਹਕੀਕਤ ਦੀ ਪੁਸ਼ਟੀ ਕਰਦੀ ਹੈ।

ਅਕਬਰ ਬਾਦਸ਼ਾਹ ਨੇ ਅਨਾਜ ਦੇ ਹਿੱਸੇ ਦੀ ਬਜਾਏ ਮਾਲੀਆ ਨਕਦੀ ਵਿੱਚ ਲੈਣਾ ਸ਼ੁਰੂ ਕਰ ਦਿੱਤਾ। ਵਾਹੀ ਹੋਈ ਜ਼ਮੀਨ ਦੀ ਬਾਕਾਇਦਾ ਪੈਮਾਇਸ਼ ਹੁੰਦੀ, ਫਸਲ ਦੀ ਪੈਦਾਵਾਰ ਦਾ ਅੰਦਾਜ਼ਾ ਲਾਇਆ ਜਾਂਦਾ ਅਤੇ ਮਾਲੀਏ ਸੰਬੰਧੀ ਬਾਕਾਇਦਾ ਹਿਸਾਬ ਕਿਤਾਬ ਕਰਕੇ ਮਾਲੀਆ ਲਾਇਆ ਜਾਂਦਾ। ਪਹਿਲੇ ਪਰਬੰਧਾਂ ਨਾਲੋਂ ਅਕਬਰ ਦਾ ਇਹ ਮਾਲੀਆ ਪਰਬੰਧ ਵਧੀਆ ਸੀ। ਪਰ ਅਕਬਰ ਦੇ ਪਿਛੋਂ ਉਸ ਦੇ ਸੁਖ-ਰਹਿਣੇ ਜਾਨਸ਼ੀਨਾਂ ਦੇ ਰਾਜ ਵਿੱਚ ਜ਼ਮੀਨ ਦੀ ਪੈਮਾਇਸ਼ ਅਤੇ ਹਿਸਾਬ ਕਿਤਾਬ ਦਾ ਸਾਰਾ ਪਰਬੰਧ ਟੁਟ ਗਿਆ*। ਜ਼ਮੀਨ ਦੀ ਪੈਮਾਇਸ਼ ਦੀ ਬਜਾਏ ਹੋਰ ਹੋਰ ਗੱਲਾਂ ਨੂੰ ਮੁਖ ਰੱਖ ਕੇ ਪਿੰਡ ਵਾਰ ਜਾਂ ਇਲਾਕੇ ਵਾਰ ਮਾਲੀਏ ਦੀ ਉੱਕੀ ਪੁੱਕੀ ਰਕਮ ਨੀਯਤ ਕੀਤੀ ਜਾਂਦੀ ਜਿਸ ਨੂੰ ਉਗਰਾਹ ਕੇ ਸਰਕਾਰੀ ਖਜ਼ਾਨੇ ਵਿੱਚ ਪੁਚਾਣ ਦਾ ਠੇਕਾ ਦੇ ਦਿੱਤਾ ਜਾਂਦਾ। ਅਕਬਰ ਦੇ ਜਾਨਸ਼ੀਨਾਂ ਦੇ ਰਾਜ ਵਿਚ ਮਾਲੀਆ ਇਸ ਹੱਦ ਤਕ ਵਧਾ ਦਿਤਾ ਗਿਆ ਕਿ ਕਿਸਾਨ ਪਾਸ ਆਪ ਨੂੰ ਅਤੇ ਆਪਣੇ ਟੱਬਰ ਨੂੰ ਪਾਲਣ ਲਈ ਵੀ ਮੁਸ਼ਕਲ ਨਾਲ ਬਚਦਾ। ਪਰ ਇਸ ਤੋਂ ਵੀ ਵਧ ਦੁਖਦਾਈ ਮਾਲੀਏ ਦੀ ਰਕਮ ਨੂੰ ਠੇਕੇ ਉੱਤੇ ਚੁਕਾਣ ਦਾ ਤਰੀਕਾ ਸੀ, ਕਿਉਂਕਿ ਮਾਲੀਏ ਦੇ ਠੇਕੇਦਾਰਾਂ (Revenue farmers) ਨੂੰ ਕਿਸਾਨਾਂ ਦੇ ਸ਼ਖਸੀ ਹੱਕਾਂ ਦਾ ਉੱਕਾ ਖਿਆਲ ਨਾ ਹੁੰਦਾ। ਉਨ੍ਹਾਂ ਦਾ ਇਕੋ ਇਕ ਵੀਚਾਰ ਇਹ ਹੁੰਦਾ ਕਿ ਮਾਲੀਏ ਦੀ ਨੀਯਤ ਰਕਮ ਵਸੂਲ ਕਰਕੇ ਸਰਕਾਰੀ ਖਜ਼ਾਨੇ ਪੁਚਾਈ ਜਾਏ ਅਤੇ ਇਸ ਤੋਂ ਵਾਧੂ ਜੋ ਓਹ ਆਪਣੇ ਲਈ ਉਗਰਾਹ ਸਕਣ ਉਗਰਾਹੁਣ। ਇਸ ਤਰ੍ਹਾਂ ਕਿਸਾਨ ਮਾਲੀਏ ਦੇ ਠੇਕੇ ਦੀ ਰਕਮ ਨੀਯਤ ਕਰਨ ਵਾਲਿਆਂ ਅਤੇ ਠੇਕਾ ਲੈਣ ਵਾਲਿਆਂ ਦੇ ਰਹਿਮ ਉੱਤੇ ਪੂਰੀ ਤਰ੍ਹਾਂ ਨਿਰਭਰ

*Baden-Powell, pp. 20-26, 190-193.
†Ibid, p. 26.

*The wealth and welfare of the Punjab, H. Calvert, p. 97.

*Cambridge History, iv, p. 466.



Digitized by Panjab Digital Library | www.panjabdigilib.org

ਹੋ ਗਏ । ਅੰਤ ਵਿਚ ਮਾਲੀਏ ਦੇ ਠੇਕੇਦਾਰ ਨਾ ਕੇਵਲ ਕੇਂਦਰੀ ਸਰਕਾਰ ਦੇ ਮਾਲੀਏ ਦੀ ਰਕਮ ਇਕੱਠੀ ਕਰਨ ਲਈ, ਬਲਕਿ ਮੁਕਾਮੀ ਰਾਜ ਪਰਬੰਧ ਅਤੇ ਕੁਝ ਫੌਜ ਕਾਇਮ ਰੱਖਣ ਦੇ ਖਰਚਾਂ ਦੇ ਜ਼ਿਮੇਵਾਰ ਵੀ ਠਹਿਰਾਏ ਗਏ । ਇਹ ਸਾਰਾ ਬੋਝ ਵੀ ਕੁਦਰਤੀ ਤੌਰ ਉੱਤੇ ਕਿਸਾਨਾਂ ਉੱਤੇ ਪੈਂਦਾ । ਇਸ ਤੋਂ ਬਿਨਾਂ ਸਰਕਾਰੀ ਮਾਲੀਆ ਨਕਦੀ ਵਿਚ ਤਾਰਨ ਖਾਤਰ ਉਨ੍ਹਾਂ ਨੂੰ ਆਪਣਾ ਅਨਾਜ ਸਸਤੇ ਭਾਆਂ ਵਿਚ ਵਟਾਉਣਾ ਪੈਂਦਾ* ।

ਕੇਂਦਰੀ ਪੰਜਾਬ ਦਾ ਕਿਸਾਨ ਇਸ ਆਰਥਕ ਲੁਟ ਖਸੁਟ ਅਤੇ ਇਸ ਦੇ ਕਾਰਨ ਪੈਦਾ ਹੋਣ ਵਾਲੀ ਮਾਨਸਕ ਗਿਰਾਵਟ ਤੋਂ ਮੁਕਾਬਲਤਨ ਬਚਿਆ ਰਿਹਾ । ਇਕ ਤਾਂ ਬਾਕੀ ਹਿੰਦ ਦੇ ਮੁਕਾਬਲੇ ਕੇਂਦਰੀ ਪੰਜਾਬ ਵਿਚ ਰਾਜਿਆਂ ਮਹਾਰਾਜਿਆਂ ਆਦਿ ਦੇ ਰਾਜ ਦੀ ਬਜਾਏ ਕਬੀਲਿਆਂ ਦਾ ਆਪਣਾ ਪੰਚਾਇਤੀ ਪਰਬੰਧ ਬਹੁਤਾ ਸਮਾਂ ਰਿਹਾ† । ਕਿਉਂਕਿ ਵੇਦਕ ਜ਼ਮਾਨੇ, ਜਦ ਰਾਜੇ ਨਹੀਂ ਸਨ, ਵਿਚ ਮਾਲੀਆ ਨਹੀਂ ਸੀ ਲਿਆ ਜਾਂਦਾ‡, ਇਸ ਕਰਕੇ ਇਹ ਫਰਜ਼ ਕਰਨਾ ਨਾਵਾਜਬ ਨਹੀਂ ਹੋਵੇਗਾ ਕਿ ਪੰਚਾਇਤੀ ਪਰਬੰਧ ਦੇ ਸਮਿਆਂ ਵਿੱਚ ਪੰਜਾਬੀ ਕਿਸਾਨ ਉਤੇ ਸਰਕਾਰੀ ਮਾਲੀਏ ਦਾ ਬੋਝ ਜਾਂ ਉੱਕਾ ਹੀ ਨਹੀਂ ਸੀ, ਜਾਂ ਵਾਜਬੀ ਅਤੇ ਵਿਤਕਰੇ ਤੋਂ ਰਹਿਤ ਹੁੰਦਾ ਹੋਵੇਗਾ । ਦੂਸਰੇ, ਪੰਜਾਬ ਦੇ ਮੈਦਾਨੀ ਹਿੱਸੇ, ਖਾਸ ਕਰ ਕੇਂਦਰੀ ਪੰਜਾਬ ਵਿੱਚ ਬਹੁਤ ਵਧੇਰੇ ਗਿਣਤੀ ਕਬਾਇਲੀ ਨਮੂਨੇ ਦੇ ਪਿੰਡਾਂ ਦੀ ਰਹੀ ਹੈ§ । ਇਸ ਕਰਕੇ ਜਦ ਕਦੀ ਕੇਂਦਰੀ ਪੰਜਾਬ ਰਾਜੇ ਮਹਾਰਾਜਿਆਂ ਆਦਿ ਦੇ ਮਾਤਹਿਤ ਹੋ ਵੀ ਜਾਂਦਾ ਰਿਹਾ, ਕਬਾਇਲੀ ਨਮੂਨੇ ਦੀ ਪੇਂਡੂ ਬਣਤਰ ਤੋਂ ਹੀ ਸਪੱਸ਼ਟ ਹੈ ਕਿ ਇਥੇ ਪੇਂਡੂ ਪੱਧਰ ਉੱਤੇ ਜਾਗੀਰਦਾਰ ਅਤੇ ਪਟੇਲ ਆਦਿ ਅਨਸਰ ਨਾ ਹੁੰਦੇ, ਜਾਂ ਮੁਕਾਬਲਤਨ ਬਹੁਤ ਘਟ ਹੁੰਦੇ, ਜੋ ਸਰਕਾਰੀ ਮਾਲੀਏ ਤੋਂ ਵਾਧੂ ਕਿਸਾਨ ਕੋਲੋਂ ਉਸ ਦੀ ਪੈਦਾਵਾਰ ਦਾ ਹਿੱਸਾ ਵੰਡਾ ਸਕਦੇ ।

ਆਰਥਕ ਲੁਟ ਖਸੁਟ ਜੋ ਮਾਨਸਕ ਗਿਰਾਵਟ ਪੈਦਾ ਕਰਦੀ, ਉਸ ਨਾਲੋਂ ਵੀ ਵੱਧ ਉਹ ਮਾਨਸਕ ਗਿਰਾਵਟ ਹੁੰਦੀ ਜੋ ਮਾਲੀਆ ਉਗਰਾਹੁਣ ਦਾ ਢੰਗ ਪੈਦਾ ਕਰਦਾ । ਕਿਸਾਨ ਪਾਸੋਂ ਵੱਧ ਤੋਂ ਵੱਧ ਕੀ ਵਸੂਲ ਕੀਤਾ ਜਾ ਸਕਦਾ, ਇਸ ਦਾ ਫੈਸਲਾ ਮਾਲੀਏ ਦਾ ਠੇਕੇਦਾਰ ਕੇਵਲ ਇਹ ਵੇਖਕੇ ਕਰਦਾ ਕਿ ਕਿਸਾਨ ਨੂੰ ਜ਼ਮੀਨ ਤੋਂ ਭਜਾਉਣ ਤੋਂ ਬਿਨਾਂ ਤਸ਼ੱਦਦ ਦਾ ਹਰ ਇੱਕ ਵਸੀਲਾ ਵਰਤਕੇ ਉਹ ਕੀ ਉਗਰਾਹ ਸਕਦਾ । ਕਿਸਾਨ ਦਾ ਸਾਰਾ ਟਬਰ ਗੁਲਾਮਾਂ ਦੇ ਤੌਰ ਉੱਤੇ ਵੇਚਿਆ ਜਾਂਦਾ, ਗਰਮੀਆਂ ਦੀ ਧੁੱਪੇ ਉਸ ਦੇ ਪੈਰਾਂ ਦੀਆਂ ਤਲੀਆਂ ਉੱਤੇ ਚਾਬਕਾਂ ਮਾਰੀਆਂ ਜਾਂਦੀਆਂ, ਜਾਂ ਸਰਦੀਆਂ ਵਿਚ ਨੰਗਾ ਕਰਕੇ ਠੰਢਾ ਪਾਣੀ ਪਾਇਆ ਜਾਂਦਾ । ਮੁਗਲ ਰਾਜ ਵਿੱਚ ਜੋ ਛੋਟੇ ਦਰਜੇ ਦੇ ਕਿਸਾਨਾਂ ਉੱਤੇ ਜ਼ੁਲਮ ਹੋਇਆ, ਉਹ ਇਸ ਕਹਾਵਤ ਵਿਚ ਦਰਜ ਹੈ ਕਿ, "ਰੱਬ ਤੋਂ ਬਿਨਾ ਸਾਡਾ ਕੋਈ ਨਹੀਂ, ਪਰ ਰੱਬ ਦੂਰ ਹੈ* ।"

ਉਪ੍ਰੋਕਤ ਤਸਵੀਰ ਦਾ ਹਨੇਰਾ ਪੱਖ ਸ਼ਾਇਦ ਵਧਾ ਕੇ ਬਿਆਨ ਕੀਤਾ ਗਿਆ ਹੋਵੇ, ਪਰ ਇਸ ਵਿੱਚ ਸ਼ੱਕ ਨਹੀਂ ਕਿ ਮਾਲੀਏ ਦੀ ਠੇਕੇਦਾਰਾਂ ਰਾਹੀਂ ਵਸੂਲੀ ਦਾ ਪਰਬੰਧ ਅਮਲੀ ਵਰਤੋਂ ਵਿਚ ਬਹੁਤ ਹੀ ਬੁਰਾ ਸੀ ਜੋ ਮੁਗਲੀਆ ਸਲਤਨਤ ਦੀ

*Trevaskis, pp. 120-125.
†ਵੇਖੋ ਇਸੇ ਕਾਂਡ ਵਿਚ ਇਤਿਹਾਸਕ ਹਾਲਾਤ ਦੀ ਸੁਰਖੀ ਹੇਠ ।
‡Baden-Powell, p. 195.
§Baden-Powell, pp. 22, 266-7.

*Tresvaskis, p. 125; Cambridge History, iv, pp. 452 and 471.

ਆਰਥਕ ਤਬਾਹੀ ਦਾ ਵਡਾ ਕਾਰਨ ਬਣਿਆ । ਖੁਸ਼ ਕਿਸਮਤੀ ਨਾਲ ਪੰਜਾਬੀ ਕਿਸਾਨ ਇਸ ਦੀ ਮਾਰ ਤੋਂ ਵੀ ਕਾਫੀ ਹੱਦ ਤਕ ਬਚਿਆ ਰਿਹਾ । ਮੁਗਲੀਆ ਰਾਜ ਕਮਜ਼ੋਰ ਹੋ ਜਾਣ ਅਤੇ ਸਿਖਾਂ ਦੀ ਬਗਾਵਤ ਦੇ ਕਾਰਨ ਪੰਜਾਬ ਵਿੱਚ ਠੇਕੇਦਾਰਾਂ ਰਾਹੀਂ ਮਾਲੀਏ ਦੀ ਵਸੂਲੀ ਦਾ ਪਰਬੰਧ ਨਹੀਂ ਸੀ ਫੈਲ ਸਕਿਆ* । ਇਸ ਤੋਂ ਇਲਾਵਾ ਪੰਜਾਬ ਅਤੇ ਬਾਕੀ ਹਿੰਦ† ਦੀਆਂ ਪੇਂਡੂ ਆਰਥਕ ਅਤੇ ਕਿਸਾਨ ਭਾਈਚਾਰਕ ਬਣਤਰਾਂ ਦੇ ਵਖੇਵੇਂ ਦੇ ਕਾਰਨ ਵੀ ਵਡਾ ਫਰਕ ਪਿਆ । ਪੰਜਾਬ ਦੇ ਪਿੰਡ ਦੇ ਮਾਲਕ–ਕਿਸਾਨ ਅਮੂਮਨ ਇਕੋ ਕਬੀਲੇ ਦੇ ਹੁੰਦੇ ਜੋ ਆਪਸ ਵਿੱਚ ਹਰ ਲਿਹਾਜ਼ ਨਾਲ ਬਰਾਬਰ ਹੁੰਦੇ ਅਤੇ ਜਿਨ੍ਹਾਂ ਵਿਚ ਅਕਸਰ ਲਹੂ ਦੀ ਸਾਂਝ ਹੁੰਦੀ । ਉਨ੍ਹਾਂ ਵਿੱਚ ਪਟੇਲ ਜਾਂ ਜਾਗੀਰਦਾਰ ਅਨਸਰ ਅਮੂਮਨ ਨਾ ਹੁੰਦੇ ਅਤੇ ਪਿੰਡ ਦਾ ਪਰਬੰਧ ਜਮਹੂਰੀ ਤਰੀਕੇ ਨਾਲ ਪੰਚਾਇਤ ਕਰਦੀ । ਪਿੰਡ ਦਾ ਮਾਲੀਆ ਸਾਰੇ ਪਿੰਡ ਉਤੇ ਸਮੁਚੇ ਤੌਰ ਉਤੇ ਲਾਇਆ ਜਾਂਦਾ ਅਤੇ ਮਾਲੀਆ ਉਗਰਾਹੁਣ ਵਾਲਿਆਂ ਨੂੰ ਪੇਂਡੂ ਮਾਲਕ-ਕਿਸਾਨ ਸ਼੍ਰੇਣੀ ਨਾਲ ਸਮੁੱਚੇ ਤੌਰ ਉੱਤੇ ਨਜਿੱਠਣਾ ਪੈਂਦਾ, ਜਿਸ ਦੀ ਰਖਿਆ ਕਰਨੀ ਪੰਚਾਇਤ ਜਾਂ ਇਸ ਦੇ ਪੰਚਾਂ ਦੇ ਆਪਣੇ ਭਾਈਚਾਰਕ ਅਤੇ ਆਰਥਕ ਹਿੱਤਾਂ ਵਿੱਚ ਹੁੰਦੀ । ਇਸ ਦੇ ਉਲਟ ਰਯੀਅਤ ਵਾੜੀ ਅਤੇ ਜ਼ਿਮੀਂਦਾਰਾ ਨਮੂਨੇ ਦੇ ਪਿੰਡਾਂ ਵਿੱਚ ਆਮ ਕਿਸਾਨਾਂ ਅਤੇ ਪਿੰਡ ਵਿੱਚ ਮਾਲੀਆ ਉਗਰਾਹੁਣ ਵਾਲੀਆਂ ਏਜੰਸੀਆਂ ਵਿਚਕਾਰ ਲਹੂ ਦੀ ਜਾਂ ਆਰਥਕ ਹਿੱਤਾਂ ਦੀ ਸਾਂਝ ਨਹੀਂ ਸੀ । ਰਯੀਅਤ ਵਾੜੀ ਨਮੂਨੇ ਦੇ ਪਿੰਡਾਂ, ਜਿਥੇ ਹਰ ਇਕ ਕਿਸਾਨ ਸਰਕਾਰੀ ਮਾਲੀਏ ਲਈ ਅੱਡ ਅੱਡ ਜ਼ਿਮੇਂਵਾਰ ਹੁੰਦਾ, ਕਿਸਾਨ ਵਿਚਾਰਾ ਮਾਲੀਆ ਉਗਰਾਹੁਣ ਵਾਲਿਆਂ ਦੇ ਮੁਕਾਬਲੇ ਹੋਰ ਵੀ ਬੇਬੱਸ ਹੁੰਦਾ । ਇਸ ਦੇ ਮੁਕਾਬਲੇ ਪੰਜਾਬ ਵਿੱਚ ਮਾਲੀਆ ਉਗਰਾਹੁਣ ਵਾਲੇ ਨੂੰ ਹਿੰਦ ਵਿੱਚ ਸਭ ਤੋਂ ਲੜਾਕੇ ਕਿਸਾਨਾਂ* ਨਾਲ ਵਾਹ ਸੀ, ਜਿਥੇ ਹਰ ਇਕ ਕਿਸਾਨ ਸਿਪਾਹੀ ਬਣਨ ਦੇ ਯੋਗ ਸੀ । "ਕਿਲ੍ਹੇ ਬੰਧ ਪਿੰਡ, ਜਿਸ ਦੇ ਚਾਰ ਚੁਫੇਰੇ ਕੰਧ ਹੁੰਦੀ ਅਤੇ ਜਿਸ ਵਿਚ ਸਿਰਫ ਦਰਵਾਜਿਆਂ ਥਾਣੀਂ ਲੰਘਿਆ ਜਾ ਸਕਦਾ, ਅਫਗਾਨ, ਮੁਗਲ ਜਾਂ ਸਿਖ ਮਾਲੀਆ ਉਗਰਾਹੁਣ ਵਾਲਿਆਂ ਨੂੰ ਕਾਫੀ ਔਖਿਆਈ ਦੇ ਸਕਦਾ, ਜਿਸ ਕਰਕੇ ਓਹ ਸਮਝ ਸੋਚ ਤੋਂ ਕੰਮ ਲੈਣ ਲਈ ਮਜਬੂਰ ਹੁੰਦੇ । ਪਿੰਡ ਉੱਤੇ ਹੱਲਾ ਕਰਨ ਜਾਂ ਉਸ ਨੂੰ ਤਬਾਹ ਕਰਨ ਦੀ ਖੇਚਲ ਕਰਨ ਅਤੇ ਖਰਚ ਝਲਣ ਦੀ ਬਜਾਏ ਉਨ੍ਹਾਂ ਲਈ ਇਹ ਵਧੇਰੇ ਸੁਖੱਲਾ ਹੁੰਦਾ ਕਿ ਪਿੰਡ ਵਾਲਿਆਂ ਨਾਲ ਵਾਜਬੀ ਰਕਮ ਲੈਣ ਬਾਰੇ ਸਮਝੌਤਾ ਕਰ ਲੈਣ†" । ਤਸਵੀਰ ਦੇ ਇਸ ਅੰਗ ਬਾਰੇ ਉਪ੍ਰੋਕਤ ਬਿਆਨ ਵੀ ਸ਼ਾਇਦ ਤੋਲਵਾਂ ਨਾਂ ਹੋਵੇ ਅਤੇ ਵਧਾ ਕੇ ਦੱਸਿਆ ਗਿਆ ਹੋਵੇ, ਪਰ ਇਹ ਇਸ ਹਕੀਕਤ (ਜੋ ਪੇਂਡੂ ਆਰਥਕ ਅਤੇ ਭਾਈਚਾਰਕ ਬਣਤਰਾਂ ਤੋਂ ਵੀ ਜ਼ਾਹਰ ਹੁੰਦੀ ਹੈ) ਨੂੰ ਜ਼ਰੂਰ ਪ੍ਰਗਟ ਕਰਦਾ ਹੈ ਕਿ ਪੰਜਾਬ ਦੇ ਕਬਾਇਲੀ ਨਮੂਨੇ ਦੇ ਪਿੰਡਾਂ ਦੇ ਮਾਲਕ-ਕਿਸਾਨ (ਆਪਣੀ ਪੇਂਡੂ ਆਰਥਕ ਅਤੇ ਭਾਈਚਾਰਕ ਬਣਤਰ ਅਤੇ ਨਿਰੋਏਪਨ ਦੇ ਕਾਰਨ) ਸਰਕਾਰੀ ਮਾਲੀਏ ਤੋਂ ਵਾਧੂ ਮਾਲੀਆ ਉਗਰਾਹੁਣ ਵਾਲਿਆਂ ਦੀਆਂ ਨਾਜਾਇਜ਼ ਮੰਗਾਂ ਅਤੇ ਉਨ੍ਹਾਂ ਦੇ ਤਸ਼ੱਦਦ ਭਰੇ ਤਰੀਕਿਆਂ ਦਾ ਮੁਕਾਬਲਾ ਕਰਨ ਵਾਸਤੇ ਰਯੀਅਤ ਵਾੜੀ ਅਤੇ ਜ਼ਿਮੀਂਦਾਰਾ ਨਮੂਨੇ ਦੇ ਪਿੰਡਾਂ ਦੇ

*The Land Systems of British India, B.H. Baden-Powell, i, p. 186.
†ਉਨ੍ਹਾਂ ਟਾਵੀਆਂ ਟਾਵੀਆਂ ਥਾਵਾਂ ਨੂੰ ਛੱਡ ਕੇ ਜਿਥੇ ਕਬਾਇਲੀ ਨਮੂਨੇ ਦੇ ਪਿੰਡ ਸਨ ।

*Trevaskis. p. 23.
†Ibid, p. 174.



Digitized by Panjab Digital Library | www.panjabdigilib.org

ਆਮ ਰਾਹਕ ਕਿਸਾਨਾਂ ਨਾਲੋਂ ਵਧੇਰੇ ਯੋਗ ਸਨ* ।

ਉਪ੍ਰੋਕਤ ਵੀਚਾਰ ਤੋਂ ਇਹ ਖਿਆਲ ਬਣਾ ਲੈਣਾ ਗਲਤ ਹੋਵੇਗਾ ਕਿ ਪੰਜਾਬ ਵਿੱਚ ਸਾਰੇ ਪਿੰਡ ਕਬਾਇਲੀ ਨਮੂਨੇ ਦੇ ਸਨ । ਇਸ ਵੀਚਾਰ ਦਾ ਵਧੇਰੇ ਸੰਬੰਧ ਕੇਂਦਰੀ ਪੰਜਾਬ ਨਾਲ ਹੈ ਅਤੇ ਸਮੁੱਚੇ ਤੌਰ ਉੱਤੇ ਉਥੇ ਕਬਾਇਲੀ ਨਮੂਨੇ ਦੇ ਪਿੰਡਾਂ ਦੀ ਨਿਸਬਤ ਬਹੁਤ ਸੀ । ਪਰ ਪੱਛਮੀ ਪੰਜਾਬ ਅਤੇ ਪਹਾੜ ਦੇ ਨਾਲ ਨਾਲ ਦੇ ਇਲਾਕਿਆਂ ਵਿੱਚ ਖਾਸ ਕਰਕੇ, ਪੁਰਾਣੇ ਰਾਜਾਂ ਨਾਲ ਸੰਬੰਧਤ ਜ਼ਮੀਨ ਦੀਆਂ ਵੱਡੀਆਂ ਵੱਡੀਆਂ ਮਾਲਕੀਆਂ ਵਾਲੇ ਘਰਾਣਿਆਂ ਅਤੇ ਮੁਕਾਮੀ ਸਰਦਾਰਾਂ ਦੀ ਵੀ ਕਾਫੀ ਗਿਣਤੀ ਸੀ । ਸਿਖ ਰਾਜ ਨੇ ਇਨ੍ਹਾਂ ਸਰਦਾਰਾਂ ਜਾਂ ਘਰਾਣਿਆਂ ਦਾ ਜ਼ੋਰ ਹਟਾਉਣ ਜਾਂ ਘਟਾਉਣ ਲਈ ਬੜਾ ਕੰਮ ਕੀਤਾ, ਕਿਉਂਕਿ ਰਣਜੀਤ ਸਿੰਘ ਦੀ ਇਹ ਨੀਤੀ ਸੀ ਕਿ ਪੁਰਾਣੇ ਰਾਜਾਂ ਨਾਲ ਸੰਬੰਧਤ ਸਰਦਾਰਾਂ ਅਤੇ ਘਰਾਣਿਆਂ ਦੇ ਅਸਰ ਰਸੂਖ ਨੂੰ ਦਬਾਇਆ ਜਾਏ । ਜ਼ਮੀਨ ਦੇ ਪੁਰਾਣੇ ਵੱਡੇ ਵੱਡੇ ਰਕਬਿਆਂ ਦੀਆਂ ਬੰਜਰਾਂ ਵਿੱਚ ਮਾਲਕਾਂ ਦੇ ਹੱਕਾਂ ਨੂੰ ਲਤਾੜ ਕੇ ਦਬਾਈਆਂ ਹੋਈਆਂ ਜ਼ਾਤੀਆਂ ਦੇ ਕਿਸਾਨ ਵਸਾਏ ਗਏ । ਸਭ ਤੋਂ ਬੁਰੀ ਪਹਾੜਾਂ ਦੇ ਨਜ਼ਦੀਕ ਵਸਣ ਵਾਲਿਆਂ ਰਾਜਪੂਤ ਘਰਾਣਿਆਂ ਨਾਲ ਹੋਈ; ਜਿਨ੍ਹਾਂ ਦੀ ਆਕੜ ਸਿਖ ਭੰਨਣਾ ਚਾਹੁੰਦੇ ਸਨ । ਸਿਖ ਰਾਜ ਵਿਚ ਰਾਜਪੂਤ ਮਾਲਕਾਂ ਦੇ ਬਰਾਬਰ ਉਨ੍ਹਾਂ ਦੇ ਰਾਹਕ ਹੱਕ ਜਮਾਉਣ ਲਗੇ ਅਤੇ ਕੁਝ ਦੇਰ ਪਿਛੋਂ ਰਾਜਪੂਤਾਂ ਨੂੰ ਜਾਂ ਤਾਂ ਆਪ ਹਲ ਵਾਹੁਣਾ ਪਿਆ ਜਾਂ ਭੁਖੇ ਮਰਨਾ ਪਿਆ । ਇਸੇ ਤਰ੍ਹਾਂ ਪਛਮੀਂ ਪੰਜਾਬ ਦੇ ਗਖੜ ਸਰਦਾਰਾਂ ਨਾਲ ਹੋਈ । ਸਿਖ ਰਾਜ ਨੇ ਜ਼ਮੀਨ ਦੇ ਵਿਹਲੜ ਮਾਲਕਾਂ ਅਤੇ ਕਿਸਾਨਾਂ ਵਿਚ ਫਰਕ ਨੂੰ ਘਟਾਉਣ ਦਾ ਬੜਾ ਕੰਮ ਕੀਤਾ ਅਤੇ ਛੋਟੇ ਛੋਟੇ ਮਾਲਕ-ਕਿਸਾਨਾਂ ਦੇ ਉਸ ਪੰਜਾਬ ਨੂੰ ਬਨਾਉਣ ਵਿਚ ਮਦਦ ਦਿੱਤੀ ਜੋ ਪੰਜਾਬ ਦਾ ਅਜ ਵਿਸ਼ੇਸ਼ ਚਿੰਨ੍ਹ ਹੈ । ਸਿਖ ਰਾਜ ਵਿੱਚ ਮਾਲੀਏ ਦੀ ਮੰਗ ਵਧੇਰੇ ਸੀ, ਪਰ ਇਸ ਤੋਂ ਵੀ ਕੇਂਦਰੀ ਪੰਜਾਬ ਦਾ ਕਿਸਾਨ ਬਚਿਆ ਰਿਹਾ; ਕਿਉਂਕਿ ਰਾਜਧਾਨੀ ਦੇ ਨਜ਼ਦੀਕ ਤਸ਼ੱਦਦ ਕਰਨੋਂ ਸੰਕੋਚ ਕੀਤੀ ਜਾਂਦੀ ਸੀ ਅਤੇ ਖੁਦ ਹਾਕਮ ਜਮਾਤ ਵਿਚੋਂ ਹੋਣ ਕਰਕੇ ਸਿਖ ਨਾਵਾਜਬ ਮੰਗ ਅਗੇ ਝੁਕਦੇ ਨਹੀਂ ਸਨ* ।

## ਸਮਾਜਕ

ਹਾਲਾਤ, ਖਾਸ ਕਰ ਸਮਾਜਕ, ਦੇ ਅਸਰ ਬੜੇ ਪੇਚੀਦਾ ਅਤੇ ਇੱਕ ਦੂਜੇ ਨਾਲ ਉਲਝੇ ਹੋਏ ਹੁੰਦੇ ਹਨ ਅਤੇ ਇਨ੍ਹਾਂ ਨੂੰ ਨਿਖੇੜ ਕੇ ਦੱਸਣ ਵਿੱਚ ਇੱਕ ਕਿਸਮ ਦੀ ਕਮੀਂ ਰਹਿ ਜਾਂਦੀ ਹੈ । ਪਰ ਪੰਜਾਬੀ ਕਿਸਾਨ ਦੇ ਸੁਭਾਉ ਅਤੇ ਆਚਾਰ ਨੂੰ ਢਾਲਣ ਵਿੱਚ ਮਦਦ ਕਰਨ ਵਾਲੇ ਸਮਾਜਕ ਹਾਲਾਤ ਨੂੰ ਨਿਖਾਰ ਕੇ ਦਰਸਾਉਣ ਖਾਤਰ ਇਨ੍ਹਾਂ ਨੂੰ ਚਾਰ ਮੋਟੇ ਮੋਟੇ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ; ਅਰਥਾਤ ਕਬਾਇਲੀ, ਬ੍ਰਾਹਮਣ ਪੁਜਾਰੀ ਵਾਦ, ਇਸਲਾਮ ਅਤੇ ਸਿਖ ਧਰਮ ਨਾਲ ਸੰਬੰਧ ਰੱਖਣ ਵਾਲੇ ।

**ਕਬਾਇਲੀ** ਨਮੂਨੇ ਦੀ ਆਰਥਕ ਅਤੇ ਭਾਈਚਾਰਕ ਬਣਤਰ ਨੇ ਪੰਜਾਬੀ ਪੇਂਡੂ ਕਿਸਾਨ ਭਾਈਚਾਰੇ ਵਿਚਕਾਰ ਭਰਾਤਰੀ ਭਾਵ, ਆਜ਼ਾਦ ਤਬੀਅਤ ਅਤੇ ਬਰਾਬਰਤਾ ਦੀ ਜੋ ਸਪਿਰਟ ਸ਼ੁਰੂ ਤੋਂ ਲੈ ਕੇ ਮੌਜੂਦਾ ਜ਼ਮਾਨੇ ਤਕ ਕਾਇਮ ਰੱਖੀ ਹੈ, ਉਹ ਪੰਜਾਬੀ ਜੱਟ ਕਿਸਾਨ ਦੇ ਆਚਾਰ ਦਾ ਇਤਨਾ ਉਘੜਵਾਂ ਚਿੱਨ੍ਹ ਹੈ ਕਿ ਇਸ ਦਾ ਇਤਹਾਸ ਵਿਚ ਕਈ ਥਾਈਂ ਜ਼ਿਕਰ

*Baden-Powell, pp. 425 and 436.

*Trevaskis, pp. 180-188.

ਆਉਂਦਾ ਹੈ । ਸਕੰਦਰ ਦੇ ਹਿੰਦ ਉੱਤੇ ਹੱਲੇ ਵੇਲੇ ਚਨਾਬ ਅਤੇ ਬਿਆਸ ਦਰਿਆਵਾਂ ਵਿਚਕਾਰ ਕਿਸੇ ਰਾਜੇ ਦਾ ਰਾਜ ਨਹੀਂ ਸੀ, ਬਲਕਿ ਆਜ਼ਾਦ ਕਬੀਲਿਆਂ ਦਾ ਆਪਣਾ ਪੰਚਾਇਤੀ ਰਾਜ ਸੀ* । ਇਤਹਾਸਕ ਕਾਰਨਾਂ ਦੀ ਸੁਰਖੀ ਹੇਠ ਇਹ ਵੇਖਿਆ ਜਾਵੇਗਾ ਕਿ ਪੰਜਾਬ ਦੇ ਕਿਸਾਨ ਕਬੀਲਿਆਂ ਦੀ ਇਹ ਆਜ਼ਾਦ, ਪੰਚਾਇਤੀ ਤੇ ਬਰਾਬਰੀ ਦੀ ਸਪਿਰਟ ਕਿਵੇਂ ਮੁੜ ਮੁੜ ਪੁੰਗਰਦੀ ਰਹੀ । ਮੁਹੰਮਦ ਬਿਨ ਕਾਸਮ, ਜੋ ਹਿੰਦ ਉਤੇ ਸਭ ਤੋਂ ਪਹਿਲਾ ਮੁਸਲਮਾਨ ਹਮਲਾ ਆਵਰ ਸੀ, ਨੂੰ ਸਿੰਧ ਦੇ ਹਾਰੇ ਹੋਏ ਵਜ਼ੀਰ ਨੇ ਇਹੋ ਦੱਸਿਆ ਕਿ ਜੱਟਾਂ ਵਿਚਕਾਰ "ਵੱਡੇ ਛੋਟੇ ਦਾ ਵਖੇਵਾਂ ਨਹੀਂ† ।" ਇਹ ਵੀ ਸਭ ਪਾਰਖੂ ਮੰਨਦੇ ਹਨ ਕਿ ਜੱਟਾਂ ਵਿਚ ਆਮ ਕਰਕੇ ਅਤੇ ਪੰਜਾਬ ਦੇ ਜੱਟਾਂ ਵਿੱਚ ਖਾਸ ਕਰਕੇ ਇਹ ਬਰਾਬਰਤਾ ਦੀ ਸਪਿਰਟ ਮੌਜੂਦਾ ਜ਼ਮਾਨੇ ਵਿਚ ਵੀ ਕਾਇਮ ਹੈ‡ । ਕਾਨੂੰਗੋ ਮੁਤਾਬਕ ਜੱਟਾਂ ਵਿਚ "ਜ਼ਾਤ ਅਤੇ ਕੁਲ ਦਾ ਵਖੇਵਾਂ ਨਹੀਂ । ਕਬੀਲੇ ਦੇ ਸਭ ਮੈਂਬਰ ਪੂਰਨ ਬਰਾਬਰਤਾ ਦੇ ਪੱਧਰ ਉੱਤੇ ਹੁੰਦੇ ਹਨ ।" ਅਤੇ "ਆਪਣੇ ਪਿੰਡ ਦੇ ਪ੍ਰਬੰਧ ਵਿਚ ਓਹ ਰਾਜਪੂਤਾਂ ਨਾਲੋਂ ਬਹੁਤ ਵਧੇਰੇ ਪੰਚਾਇਤੀ ਅਸੂਲਾਂ ਦੀ ਵਰਤੋਂ ਕਰਦੇ ਹਨ । ਜੱਦੀ ਹੱਕਾਂ ਲਈ ਓਹ ਸ਼ਰਧਾ ਨਹੀਂ ਰੱਖਦੇ ਅਤੇ ਓਹ ਚੁਣੇ ਹੋਏ ਪੰਚਾਂ ਨੂੰ ਤਰਜੀਹ ਦਿੰਦੇ ਹਨ§ ।"

ਆਜ਼ਾਦ ਤਬੀਅਤ ਅਤੇ ਬਰਾਬਰੀ ਦੀ ਸਪਿਰਟ ਦੇ ਨਾਲ ਮਿਲਵੀਂ ਪੰਜਾਬੀ ਕਿਸਾਨ ਦੀ ਸ਼ਖਸੀਅਤ ਪ੍ਰੱਸਤੀ (Individualism) ਹੈ । ਇਹ ਵੀ ਵਾਹੀ ਦੇ ਕਿੱਤੇ* ਅਤੇ ਕਬਾਇਲੀ ਨਮੂਨੇ ਦੀ ਕਿਸਾਨ ਭਾਈਚਾਰਕ ਬਣਤਰ ਦੀ ਪੈਦਾਵਾਰ ਜਾਪਦੀ ਹੈ† । ਪੰਜਾਬੀ ਕਿਸਾਨ ਕਬਾਇਲੀ ਕੁੰਡੇ ਦੀ ਵੀ ਪਰਵਾਹ ਨਹੀਂ ਕਰਦਾ, ਸਵਾਏ ਉਥੇ ਜਿਥੇ ਬਗਾਨਿਆਂ ਨਾਲ ਲੜਾਈ ਵਿੱਚ ਇਹ ਉਸ ਦੀ ਮਦਦ ਕਰੇ । "ਪੰਜਾਬ ਦੀਆਂ ਸਾਰੀਆਂ ਜਾਤੀਆਂ ਵਿੱਚੋਂ, ਕਬਾਇਲੀ ਜਾਂ ਫਿਰਕੇ ਦੇ ਕੰਟਰੋਲ ਕੋਲੋਂ ਜੱਟ ਸਭ ਤੋਂ ਵਧੇਰੇ ਛਿੱਥਾ ਪੈਂਦਾ ਹੈ ਅਤੇ ਸਭ ਤੋਂ ਵੱਧ ਸ਼ਖਸੀ ਆਜ਼ਾਦੀ ਜਤਾਉਂਦਾ ਹੈ ।..........ਆਮ ਤੌਰ ਉੱਤੇ ਜੱਟ ਓਹੋ ਕੁਝ ਕਰਦਾ ਹੈ ਜੋ ਕੁਝ ਉਸ ਨੂੰ ਆਪ ਚੰਗਾ ਲੱਗੇ, ਅਤੇ ਕਈ ਵੇਰੀ ਓਹ ਕੁਝ ਵੀ ਜੋ ਨਾ ਚੰਗਾ ਲਗੇ, ਅਤੇ ਇਹ ਕਰਨ ਵਿਚ ਉਹ ਕਿਸੇ ਦਾ ਦਖਲ ਨਹੀਂ ਸਹਾਰਦਾ‡ ।" ਸਗੋਂ ਪੰਜਾਬੀ ਕਿਸਾਨ ਦੀ ਸ਼ਖਸੀਅਤ ਪ੍ਰੱਸਤੀ ਇਤਨੀ ਤਿੱਖੀ ਹੈ ਕਿ ਇਸ ਦੇ ਗੁਣ ਅਵਗੁਣਾਂ ਨੇ ਉਸਦੇ ਇਤਹਾਸ ਉਤੇ ਉਘੜਵਾਂ ਅਸਰ ਪਾਇਆ ਹੈ । ਜਿਥੇ ਕਾਮਯਾਬੀ ਲਈ ਲੀਡਰਾਂ ਦੀ ਅਗਵਾਈ ਉਡੀਕੇ ਬਿਨਾਂ ਸ਼ਖਸੀ ਪਹਿਲ (Initiative) ਦੀ ਲੋੜ ਰਹੀ ਹੈ, ਪੰਜਾਬੀ ਕਿਸਾਨ ਬਹੁਤ ਕਾਮਯਾਬ ਰਿਹਾ ਹੈ । ਪਰ ਜਿਥੇ ਕਾਮਯਾਬੀ ਲਈ ਮਿਲਵੀਂ ਸਾਂਝੀ ਇਕ-ਮੁਠ ਕੀਤੀ ਹੋਈ ਤਾਕਤ ਦੀ ਲੋੜ ਰਹੀ ਹੈ, ਸਵਾਏ ਚੰਦ ਇਕ ਐਸੇ ਮੌਕਿਆਂ ਦੇ ਜਦ ਕਿਸੇ ਵਡੀ ਸ਼ਖਸੀਅਤ ਨੇ ਜਾਂ ਸਾਂਝੀ ਲਗਨ ਜਾਂ ਸਾਂਝੇ ਖਤਰੇ ਨੇ ਉਸ ਨੂੰ ਜਥੇਬੰਦ ਕਰ ਲਿਆ, ਪੰਜਾਬੀ ਕਿਸਾਨ ਅਮੂਮਨ

*Cambridge History, i., p. 369; Jayaswal, pp. 58-62.

†Qanungo, p. 29.

‡The Punjab and the War, M.S. Leigh, Trevaski, pp. 173-174.

§Qanungo, p. 4. ਇਸ ਸਿਲਸਿਲੇ ਵਿਚ ਇਹ ਦੱਸ ਦੇਣ ਦੀ ਲੋੜ ਹੈ ਕਿ ਪਿੰਡ ਦੇ ਨੰਬਰਦਾਰ ਦੀ ਵਿਰਾਸਤੀ ਪਦਵੀ ਅੰਗਰੇਜ਼ੀ ਰਾਜ ਵਿੱਚ ਕਾਇਮ ਹੋਈ ਜਾਪਦੀ ਹੈ । (See Baden-Powell, p. 24)

*Trevaskis p. 87.

†Census Report, para 71.

‡Ibid, Para 424.



Digitized by Panjab Digital Library | www.panjabdigilib.org

ਬਹੁਤ ਬੁਰੀ ਤਰ੍ਹਾਂ ਫੇਲ ਹੋਇਆ ਹੈ।

**ਬ੍ਰਾਹਮਣ ਪੁਜਾਰੀ ਵਾਦ:**—ਕਬਾਇਲੀ ਨਮੂਨੇ ਦੀ ਆਰਥਕ ਅਤੇ ਕਿਸਾਨ ਭਾਈਚਾਰਕ ਬਣਤਰ ਦਾ ਪੰਜਾਬੀ ਕਿਸਾਨ ਨੂੰ ਸ਼ਾਇਦ ਸਭ ਤੋਂ ਵਡਾ ਫਾਇਦਾ ਇਹ ਹੋਇਆ ਕਿ ਇਸ ਨੇ ਪੰਜਾਬੀ ਕਿਸਾਨ ਨੂੰ ਬ੍ਰਾਹਮਣ ਪੁਜਾਰੀ ਵਾਦ (Priest craft) ਦੇ ਐਸੇ ਅਸਰਾਂ ਤੋਂ ਕਾਫੀਹੱਦ ਤਕ ਬਚਾਈ ਰੱਖਿਆ ਜਿਨ੍ਹਾਂ ਨੇ ਬਾਕੀ ਹਿੰਦ ਦੀ ਆਮ ਜਨਤਾ ਦੀ ਬਹੁ ਗਿਣਤੀ ਵਿਚ ਕਾਫੀ ਗਿਰਾਵਟ ਪੈਦਾ ਕੀਤੀ। ਹਿੰਦ ਦੇ ਸਭਿਆਚਾਰ ਦੇ ਇਕ ਪਹਿਲੂ [ਜਿਸ ਦੇ ਵਡੇ ਵਡੇ ਚਿੰਨ੍ਹ ਹਨ, ਜਾਤ ਪਾਤ ਦੀ ਵੰਡ, ਛੂਤ ਛਾਤ ਦੀਆਂ ਕੀਮਤਾਂ, ਪੁਜਾਰੀ ਜਮਾਤ ਦੀ ਧਾਰਮਕ ਅਤੇ ਸਮਾਜਕ ਵਿਸ਼ੇਸ਼ ਜੱਦੀ ਪਦਵੀ, ਅਤੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਪਰਪੱਕ ਕਰਨ ਖਾਤਰ ਘੜੀ ਗਈ ਵੀਚਾਰ-ਧਾਰਾ (Ideology)] ਨੂੰ ਸਮੁਚੇ ਹਿੰਦ ਦੇ ਸਭਿਆਚਾਰ ਨਾਲੋਂ ਨਿਖੇੜਨ ਖਾਤਰ ਸੁਖੈਨਤਾ ਲਈ ਬ੍ਰਾਹਮਣ ਪੁਜਾਰੀ ਵਾਦ* ਦਾ ਨਾਮ ਦਿੱਤਾ ਗਿਆ ਹੈ।

ਖਿਆਲ ਕੀਤਾ ਜਾਂਦਾ ਹੈ ਕਿ ਜਾਤ ਪਾਤ ਦੀ ਵੰਡ ਨਾਲ ਸੰਬੰਧਤ ਕੀਮਤਾਂ, ਆਰੀਆ ਅਤੇ ਗੈਰ-ਆਰੀਆ ਵਿਚਕਾਰ ਚਮੜੀ ਦੀ ਰੰਗਤ, ਨਸਲ ਅਤੇ ਧਰਮ ਦੇ ਵਖੇਵਿਆਂ ਅਤੇ ਵਿਤਕਰਿਆਂ, ਅਤੇ ਕੰਮ ਵੰਡ ਦੇ ਅਸੂਲ ਦੇ ਵਿਗੜਨ ਕਰਕੇ ਸ਼ੁਰੂ ਹੋਈਆਂ। ਇਸ ਖਿਆਲ ਨੂੰ ਠੀਕ ਮੰਨਦਿਆਂ ਹੋਇਆਂ ਵੀ, ਬ੍ਰਾਹਮਣ ਪੁਜਾਰੀ ਵਾਦ ਦੇ ਵਿਕਾਸ ਬਾਰੇ ਉਨ੍ਹਾਂ ਹਾਲਾਤ, ਜਿਨ੍ਹਾਂ ਬਾਰੇ ਇਤਹਾਸ ਸਹਿਮਤ ਹੈ, ਨੂੰ ਸਮੁੱਚੇ ਤੌਰ ਉਤੇ ਵੀਚਾਰ ਕੇ ਇਸ ਸਿੱਟੇ ਉੱਤੇ ਪੁੱਜਣਾ ਪੈਂਦਾ ਹੈ ਕਿ ਬ੍ਰਾਹਮਣ ਪੁਜਾਰੀ ਵਾਦ ਨੂੰ ਪਰਪੱਕ ਕਰਨ ਦੀ ਤਹਿ ਵਿਚ ਮੁਖ ਕਾਰਨ ਆਰਥਕ ਅਤੇ ਰਾਜਸੀ ਸਨ।

ਬ੍ਰਾਹਮਣ ਪੁਜਾਰੀ ਵਾਦ ਸੁਰੱਸਵਤੀ ਤੋਂ ਪੂਰਬ ਵੱਲ ਗੰਗਾ ਜਮਨਾ ਦੇ ਮੈਦਾਨ ਵਿਚ ਵੱਸੇ ਆਰੀਆ (ਜੋ ਹਾਕਮ ਬਣ ਬੈਠੇ ਅਤੇ ਹੱਥੀਂ ਕਿਰਤ ਨਹੀਂ ਸਨ ਕਰਦੇ) ਨੇ ਸ਼ੁਰੂ ਕੀਤਾ ਅਤੇ ਫੈਲਾਇਆ*, ਅਤੇ ਪੰਜਾਬ ਵਿਚ ਪਿਛੇ ਰਹਿ ਗਏ ਆਰੀਆ (ਜੋ ਹੱਥੀਂ ਕਿਰਤ ਕਰਦੇ ਸਨ ਅਤੇ ਹਾਕਮ ਤਬਕਾ ਬਣਕੇ ਨਹੀਂ ਸੀ ਬੈਠੇ) ਦਾ ਨਾ ਕੇਵਲ ਇਸ ਨੂੰ ਸ਼ੁਰੂ ਕਰਨ ਵਿਚ ਕੋਈ ਹੱਥ ਨਹੀਂ ਸੀ, ਸਗੋਂ ਉਨ੍ਹਾਂ ਨੂੰ ਅਪਵਿੱਤਰ ਸਮਝ ਕੇ ਇਹ ਫਤਵਾ ਦਾਇਰ ਕੀਤਾ ਗਿਆ ਕਿ ਪੰਜਾਬ ਵਿਚ "ਕੋਈ ਆਰੀਆ ਦੋ ਦਿਨ ਵਾਸਤੇ ਵੀ ਨਾ ਰਹੇ।" ਇਸ ਅਪਵਿੱਤਰਤਾ ਦਾ ਵੱਡਾ ਕਾਰਨ ਇਹ ਸੀ ਕਿ ਪੰਜਾਬ ਦੇ ਆਰੀਆ 'ਬ੍ਰਾਹਮਣਾਂ ਦੇ ਹੁਕਮਨਾਮਿਆਂ ਦੀ ਪਾਲਣਾ ਨਹੀਂ ਸੀ ਕਰਦੇ' (ਨਾ-ਹੀ-ਬ੍ਰਾਹਮਾ ਕਰਿਅਮ-ਕਰੰਤੀ)†।

ਬ੍ਰਾਹਮਣ ਪੁਜਾਰੀ ਵਾਦ ਦੇ ਵਿਕਾਸ ਬਾਰੇ ਦੂਸਰੀ ਵੱਡੀ ਇਤਿਹਾਸਕ ਹਕੀਕਤ ਇਹ ਹੈ ਕਿ ਗੰਗਾ ਜਮਨਾ ਦੇ ਮੈਦਾਨ ਵਿੱਚ ਵੱਸੇ ਆਰੀਆ ਆਪ ਹਾਕਮ ਬਣ ਬੈਠੇ ਅਤੇ ਬਾਕੀ ਜਨਤਾ ਨੂੰ ਰਾਜਸੀ ਤੌਰ ਉੱਤੇ ਆਪਣੇ ਮਤੀਹ ਕਰਕੇ ਉਸ ਦੀ ਕਮਾਈ ਦੀ ਲੁਟ-ਖਸੁਟ (Exploitation) ਉੱਤੇ ਗੁਜ਼ਰ ਕਰਨ ਲਗ ਪਏ। ਇਹ ਖਿਆਲ ਵੀ ਕੀਤਾ ਜਾਂਦਾ ਹੈ ਕਿ ਜਿਹੜੇ ਆਰੀਆ ਖੇਤੀ-ਬਾੜੀ ਵਿਚ ਰੁਝਦੇ ਗਏ ਉਹ ਪਿੱਛੇ ਰਹਿੰਦੇ ਗਏ, ਅਤੇ ਅਗੇ ਹਿੰਦੁਸਤਾਨ ਵਿਚ ਓਹੋ ਆਰੀਆ ਹੀ ਵੱਧੇ ਜਿਨ੍ਹਾਂ ਬ੍ਰਾਹਮਣਾਂ ਅਥਵਾ ਲੜਾਕੇ ਕਸ਼ੱਤਰੀਆਂ ਦਾ ਕਸਬ ਧਾਰਨ ਕਰ ਲਿਆ*। ਅਥੱਰਵ ਵੇਦ ਵਿਚ ਕਈ ਥਾਈਂ ਲੋਕਾਂ ਨੂੰ ਸੁਸਤੀ ਅਤੇ ਜੂਆ ਛੱਡ ਕੇ ਖੇਤੀ ਬਾੜੀ ਵਲ ਧਿਆਨ ਦੇਣ ਦੀ ਪ੍ਰੇਰਨਾ ਕੀਤੀ ਗਈ ਹੈ†। ਇਸ ਤੋਂ ਜਾਪਦਾ ਹੈ ਕਿ ਅਥੱਰਵ ਵੇਦ ਦੇ ਜ਼ਮਾਨੇ ਵਿੱਚ ਹੀ ਆਰੀਆ ਵਿਚ ਵਿਹਲੜਾਂ ਦੀ ਇਕ ਜਮਾਤ ਪੈਦਾ ਹੋ ਚੁਕੀ ਸੀ। ਪਰ ਇਹ ਖਿਆਲ ਠੀਕ ਹੋਣ ਜਾਂ ਨਾਂ, ਇਸ ਬਾਰੇ ਬਹੁਤ ਸ਼ਹਾਦਤ ਮਿਲਦੀ ਹੈ ਕਿ ਗੰਗਾ-ਜਮਨਾ ਦੇ ਮੈਦਾਨ ਦੇ ਆਰੀਆ ਹੱਲ ਵਾਹੁਣ ਅਤੇ ਹੱਥੀਂ ਕਿਰਤ ਕਰਨ ਨੂੰ ਨੀਵਾਂ ਕੰਮ ਸਮਝਣ ਲਗ ਪਏ ਅਤੇ ਹੱਥੀਂ ਕਿਰਤ ਦਾ ਕੰਮ ਦੂਸਰੀਆਂ ਜਾਤੀਆਂ ਦੀ ਸੌਂਪਣਾ ਕਰ ਦਿੱਤੀ ਗਈ।

ਐਤਰੀਯਾ ਬ੍ਰਾਹਮਣਾਂ‡ ਵਿੱਚ ਲਿਖਿਆ ਹੈ ਕਿ ਬ੍ਰਾਹਮਣ ਦਾ ਕੰਮ ਹੋਰਨਾਂ ਕੋਲੋਂ ਖੁਰਾਕ ਅਤੇ ਦਾਨ ਲੈਣਾ ਸੀ; ਵੈਸ਼ ਦਾ ਕੰਮ ਸੀ "ਦੂਸਰਿਆਂ ਦੀ ਪਾਲਣਾ ਕਰਨੀ, ਜਿਸ ਦੀ ਕਮਾਈ ਉਤੇ ਹੋਰ ਗੁਜ਼ਾਰਾ ਕਰਨ ਅਤੇ ਜਿਸ ਨੂੰ ਮਰਜ਼ੀ ਅਨੁਸਾਰ ਦਬਾਇਆ ਜਾ ਸਕੇ;" ਅਤੇ ਰਾਜਾ ਆਮ ਜਨਤਾ ਕੋਲੋਂ, ਜਿਥੋਂ ਤਕ ਅਮਲੀ ਤੌਰ ਉਤੇ ਮੁਮਕਿਨ ਹੋ ਸਕੇ, ਜ਼ਬਰਦਸਤੀ ਮਾਲੀਆ, ਕਰ, ਮਹਸੂਲ ਆਦਿ ਲੈ ਸਕਦਾ ਸੀ। ਸ਼ੁਰੂ ਵਿਚ ਆਰੀਆ ਖੇਤੀ ਬਾੜੀ ਕਰਦੇ ਸਨ, ਪਰ ਬ੍ਰਾਹਮਣ ਪੁਜਾਰੀ ਵਾਦ ਦੇ ਦੌਰ ਵਿਚ ਹੱਥੀਂ ਹਲ ਵਾਹੁਣ ਵਾਲੇ ਮਾਲਕ-ਕਿਸਾਨ ਦੀ ਥਾਂ ਹੌਲੀ ਹੌਲੀ ਜ਼ਿਮੀਂਦਾਰ, ਜੋ ਗੁਲਾਮਾਂ ਜਾਂ ਰਾਹਕਾਂ ਕੋਲੋਂ ਖੇਤੀ ਕਰਵਾਉਂਦਾ, ਨੇ ਮੱਲ ਲਈ*। ਸਰ ਡਬਲਯੂ ਹੰਟਰ ਲਿਖਦਾ ਹੈ ਕਿ "ਦੇਸ ਦੇ ਛੇ ਹਿੱਸਿਆਂ ਵਿਚੋਂ ਪੰਜਾਂ ਵਿੱਚ ਹੱਲ ਵਾਹੁਣ ਦਾ ਕੰਮ ਗੈਰ-ਆਰੀਆ ਅਥਵਾ ਸ਼ੂਦਰ ਜਾਤੀਆਂ ਦੇ ਹੱਥ ਵਿਚ ਹੀ ਸਦਾ ਰਿਹਾ, ਅਤੇ ਬਹੁਤ ਪੁਰਾਣੇ ਜ਼ਮਾਨੇ ਵਿੱਚ ਵੀ ਆਰੀਆ ਜੇਤੂ ਕੌਮਾਂ ਦੀਆਂ ਨਜ਼ਰਾਂ ਵਿਚ ਖੇਤੀ ਬਾੜੀ ਦਾ ਕਸਬ ਇਤਨਾ ਹੀ ਨੀਵਾਂ ਅਤੇ ਗਿਰਾਉਣ ਵਾਲਾ ਸਮਝਿਆ ਜਾਣ ਲਗ ਪਿਆ ਸੀ ਜਿਤਨਾ ਭੇਡਾਂ ਚਰਾਉਣਾ ਮੌਸਿਅਕ ਫਐਰਾਹ ਦੀਆਂ ਨਜ਼ਰਾਂ ਵਿੱਚ†"। ਅਰਥਾਤ "ਸ਼ੁਰੂ ਤੋਂ ਬ੍ਰਾਹਮਣਾਂ ਅਤੇ ਕਸ਼ੱਤਰੀਆਂ ਦਾ, ਸਵਾਏ ਜ਼ਮੀਨ ਦੀ ਮਾਲਕੀ ਦੇ ਹੱਕ ਜਮਾਉਣ ਦੇ ਅਤੇ ਜ਼ਮੀਨ ਦੀ ਪੈਦਾਵਾਰ ਦਾ ਹਿੱਸਾ ਵੰਡਾਉਣ ਦੇ, ਖੇਤੀ ਬਾੜੀ ਨਾਲ ਕੋਈ ਵਾਸਤਾ ਨਹੀਂ ਸੀ‡।" ਅੰਗਰੇਜ਼ਾਂ ਦੇ ਜ਼ਮਾਨੇ ਤਕ ਵੀ ਪੰਜਾਬ ਵਿਚ (ਜਿੱਥੇ ਖੇਤੀ ਬਾੜੀ ਦੇ ਕਿੱਤੇ ਨੂੰ ਹਮੇਸ਼ਾਂ ਆਰੀਆ ਵਲੋਂ ਵੀ ਉੱਤਮ ਸਮਝਿਆ ਜਾਂਦਾ ਰਿਹਾ ਹੈ) ਜੋ ਥੋੜੇ ਰਾਜਪੂਤ ਸਨ, ਹੱਲ ਵਾਹੁਣ ਦੇ ਕਿੱਤੇ ਅਤੇ ਹਰ ਤਰ੍ਹਾਂ ਦੀ ਹੱਥੀਂ ਕਿਰਤ ਨੂੰ ਗਿਰਿਆ ਹੋਇਆ ਕੰਮ ਸਮਝਦੇ ਸਨ§। ਇਥੋਂ ਤਕ ਕਿ ਮਿੰਟਗੁਮਰੀ ਜ਼ਿਲੇ ਦੇ ਵਡੇ ਰਵੀ ਜੱਟ, ਜੋ ਰਾਜਪੂਤ ਨਹੀਂ ਪਰ

---

*ਬਹੁਤ ਸਾਰੇ ਲਿਖਾਰੀਆਂ ਨੇ ਇਸ ਨੂੰ ਬ੍ਰਾਹਮਣ ਮੱਤ ਦਾ ਨਾਮ ਦਿਤਾ ਹੈ। ਪਰ ਬ੍ਰਾਹਮਣ ਮੱਤ ਦੇ ਕਈ ਚੰਗੇ ਪਹਿਲੂ ਵੀ ਹਨ, ਜਿਨ੍ਹਾਂ ਨੂੰ ਹਿੰਦੂ ਧਰਮ ਨਾਲੋਂ ਨਿਖੇੜਨਾ ਸੌਖਾ ਨਹੀਂ। ਇਸ ਤੋਂ ਇਲਾਵਾ ਬ੍ਰਾਹਮਣਾਂ ਨੇ ਹਿੰਦ ਦੀ ਵਿਦਿਆ, ਫਿਲਾਸਫੀ, ਧਰਮ, ਹੁਨਰ ਅਤੇ ਸਭਿਆਚਾਰ ਨੂੰ ਵਧਾਉਣ ਵਿੱਚ ਬਹੁਤ ਸ਼ਲਾਘਾ ਯੋਗ ਉਘੀ ਸੇਵਾ ਕੀਤੀ ਹੈ। ਕਿਉਂਕਿ ਇਸ ਲਿਖਤ ਦਾ ਸਬੰਧ ਬ੍ਰਾਹਮਣ ਮੱਤ ਦੇ ਕੇਵਲ ਇਕ ਹਨੇਰੇ ਪੱਖ ਨਾਲ ਹੈ, ਇਸ ਵਾਸਤੇ ਸਪੱਸ਼ਟ ਤੌਰ ਉਤੇ ਨਿਖੇੜਾ ਕਰਨ ਖਾਤਰ ਇਸ ਨੂੰ ਬ੍ਰਾਹਮਣ ਪੁਜਾਰੀ ਵਾਦ ਦਾ ਨਾਮ ਦੇ ਦਿਤਾ ਗਿਆ ਹੈ।

---

*Cambridge History, i, p. 55; Baden-Powell, pp. 80,184.

†See Muir's A.S.T., ii., 482; Mahabharta, part viii; Karna Parva, v, 2063—2068, quoted by Baden-Powell, p. 80.

---

*Baden-Powell, p. 190.

†Ibid, p. 189.

‡Vedic Index, ii, p. 255, quoted in Cambridge History, i, p. 127-128.

---

*Cambridge History, i, p. 128.

†Quoted by Baden-Powell, p. 192

‡Baden-Powell, p. 186.

§Census Report, para 441.



Digitized by Panjab Digital Library | www.panjabdigilib.org

ਰਾਜਪੂਤਾਂ ਵਿਚੋਂ ਨਿਕਲੇ ਹੋਏ ਹੋਣ ਦਾ ਦਾਅਵਾ ਕਰਦੇ ਹਨ, ਉਨ੍ਹਾਂ ਸਾਰਿਆਂ ਨੂੰ ਨੀਵਾਂ ਸਮਝਦੇ ਹਨ ਜੋ ਹੱਲ ਵਾਹੁਣ* ।

ਬ੍ਰਾਹਮਣ ਪੁਜਾਰੀ ਵਾਦ ਬਾਰੇ ਤੀਸਰੀ ਹਕੀਕਤ ਇਹ ਹੈ ਕਿ ਲੜਾਈ ਕਰਨ ਦਾ ਕੰਮ ਆਰੀਆ ਦੀ ਕੇਵਲ ਇਕ ਜਾਤੀ ਕਸ਼ੱਤਰੀਆਂ ਦੀ ਸੌਂਪਨਾ ਕੀਤੀ ਗਈ। ਮੈਗਸਥਨੀਸ ਦੇ ਦੱਸੇ ਹਾਲ ਮੁਤਾਬਿਕ, ਉਸ ਦੇ ਸਮੇਂ ਵਿੱਚ ਵੀ ਆਮ ਜਨਤਾ ਦਾ ਲੜਾਈ ਲੜਨ ਨਾਲ ਵਾਸਤਾ ਨਹੀਂ ਸੀ ਹੁੰਦਾ, ਅਤੇ ਇਹ ਕੰਮ ਇਕ ਐਸੀ ਜਾਤੀ ਦੇ ਸਪੁਰਦ ਸੀ ਜੋ ਹੋਰ ਕੰਮ ਨਹੀਂ ਸੀ ਕਰਦੀ† । ਲੜਾਈ ਦਾ ਕੰਮ ਆਰੀਆਂ ਦੀ ਕੇਵਲ ਇਕ ਜਾਤੀ ਦੇ ਸਪੁਰਦ ਕਰਨ ਦੀ ਤਹਿ ਵਿੱਚ ਸ਼ੁਰੂ ਵਿੱਚ ਭਾਵੇਂ ਕੋਈ ਵੀ ਮਨਸ਼ਾ ਹੋਵੇ, ਪਰ ਇਸ ਵਿੱਚ ਸ਼ੱਕ ਨਹੀਂ ਕਿ ਇਹ ਨੀਤੀ ਮੌਜੂਦਾ ਜ਼ਮਾਨੇ ਵਿਚ ਅੰਗਰੇਜ਼ਾਂ ਦੀ ਆਮ ਜਨਤਾ ਕੋਲੋਂ ਹਥਿਆਰ ਖੋਹਣ ਦੀ ਨੀਤੀ ਨਾਲ ਮਿਲਦੀ ਜੁਲਦੀ ਹੈ। ਅਰਥਾਤ ਇਸ ਨੀਤੀ ਨੇ ਆਰੀਆਂ ਦੀ ਹਾਕਮ ਘੱਟ ਗਿਣਤੀ ਨੂੰ ਆਮ ਜਨਤਾ ਨੂੰ ਆਪਣੇ ਅਧੀਨ ਰਖੀ ਰਖਣ ਵਿੱਚ ਬਹੁਤ ਮਦਦ ਦਿਤੀ। ਸਦੀਆਂ ਬੱਧੀ ਇਸ ਨੀਤੀ ਦੀ ਵਰਤੋਂ ਨੇ ਕਸ਼ਤੱਰੀਆਂ ਤੋਂ ਬਿਨਾਂ ਹੋਰ ਜਾਤੀਆਂ ਦੀ ਲੜਨ ਸ਼ਕਤੀ ਨੂੰ ਭਾਰੀ ਸੱਟ ਮਾਰੀ। ਇਹ ਹਕੀਕਤ ਅਰਥ ਭਰਪੂਰ ਹੈ ਕਿ ਕਸ਼ਤੱਰੀਆਂ ਅਤੇ ਉਨ੍ਹਾਂ ਦੇ ਜਾਨਸ਼ੀਨ ਰਾਜਪੂਤਾਂ ਦੇ ਦਾਇਰੇ ਤੋਂ ਬਾਹਰ, ਜੱਟਾਂ ਜਾਂ ਜਾਟਾਂ ਤੋਂ ਇਲਾਵਾ, ਵਡੀ ਭਾਰੀ ਗਿਣਤੀ ਵਾਲੀ ਜਾਤੀ ਮਰਹੱਟਿਆਂ ਨੇ ਆਪਣੀ ਲੜਨ ਸ਼ਕਤੀ ਕਾਇਮ ਰਖੀ; ਜਿਨ੍ਹਾਂ ਦੇ ਭਾਈਚਾਰੇ ਦੀ ਬਣਤਰ ਵੀ ਕੁਝ ਕਬਾਇਲੀ ਨਮੂਨੇ ਦੀ ਹੈ, ਜਿਨਾਂ ਦੇ ਸਮਾਜਕ ਰੁਤਬੇ ਵਿਚ ਖੇਤੀ ਬਾੜੀ ਕਰਨ ਨਾਲ ਘਾਟਾ ਨਹੀਂ ਪੈਂਦਾ, ਅਤੇ ਜਿਨ੍ਹਾਂ ਦਾ ਜਾਤ ਪਾਤ ਦੀਆਂ ਕੀਮਤਾਂ ਵਲ ਰਵੱਈਆ ਕੁਝ ਜੱਟਾਂ ਦੇ ਰਵੱਈਏ ਨਾਲ ਮਿਲਦਾ ਹੈ* ।

ਬ੍ਰਾਹਮਣ ਪੁਜਾਰੀ ਵਾਦ ਬਾਰੇ ਚੌਥੀ ਹਕੀਕਤ ਇਹ ਹੈ ਕਿ ਇਸ ਨੇ ਪੂਰਨ ਨਾਸਤਕਤਾ ਤੋਂ ਲੈਕੇ ਸਰਬ ਵਿਆਪੀ ਬ੍ਰਹੱਮ ਤੱਕ ਹਰ ਕਿਸਮ ਦੇ ਫਿਲਸਫੇ ਦੇ ਵੀਚਾਰਾਂ ਨੂੰ ਖੁਲ ਦਿਲੀ ਨਾਲ ਥਾਂ ਦਿਤੀ; ਪੁਰਾਤਨ ਵਸਨੀਕਾਂ ਅਤੇ ਦਰਾਵੜਾਂ ਆਦਿ ਜਾਤੀਆਂ ਦੇ ਭੈੜੇ ਤੋਂ ਭੈੜੇ ਅਕੀਦੇ, ਭੱਦੇ ਤੋਂ ਭੱਦੇ ਭਰਮ ਅਤੇ ਘਟੀਆ ਤੋਂ ਘਟੀਆ ਦੇਵੀਆਂ ਦੇਵਤੇ ਲੈਕੇ ਅਪਣਾ ਲਏ†; ਅਤੇ ਹਰ ਕਿਸਮ ਦੀਆਂ ਰੀਤਾਂ ਨੂੰ ਅਪਨਾਉਣ ਵਿੱਚ ਖੁਲ ਦਿਲੀ ਨਾਲ ਵਰਤੋਂ ਕੀਤੀ, ਬਸ਼ੱਰਤਿਕੇ ਹਰ ਇਕ ਨਵੀਂ ਧਾਰਮਕ ਅਤੇ ਭਾਈਚਾਰਕ ਮਿਲਾਵਟ ਜਾਂ ਕਾਢ ਦੇ ਪੁਜਾਰੀ ਬ੍ਰਾਹਮਣ ਹੀ ਹੋਣ; ਕਿਉਂਕਿ ਇਸ ਤਰ੍ਹਾਂ ਨਵੇਂ ਦੇਵਤੇ ਜਾਂ ਰਸਮਾਂ ਅਪਨਾਉਣ ਨਾਲ ਬ੍ਰਾਹਮਣਾਂ ਦੇ ਆਰਥਕ ਲਾਭ ਘਟਣ ਦੀ ਬਜਾਏ ਸਗੋਂ ਵਧਦੇ ਸਨ‡। ਕੋਈ ਵਡੇ ਤੋਂ ਵਡਾ ਗੁਨਾਂਹ ਅਤੇ ਭੈੜੇ ਤੋਂ ਭੈੜਾ ਐਸਾ ਕੁਕੱਰਮ ਨਹੀਂ ਸੀ ਜੋ ਇਕ ਹਿੰਦੂ ਨਾਂ ਕਰ ਸਕਦਾ ਹੋਵੇ, ਬਸ਼ੱਰਤਿਕੇ ਬ੍ਰਾਹਮਣ ਉਸ ਦੀ ਪਿਠ ਠੋਕਣ ਨੂੰ ਤਿਆਰ ਹੋਵੇ§। ਐਸੀਆਂ ਮਿਸਾਲਾਂ ਵੀ ਸੁਣਨ ਵਿੱਚ ਆਈਆਂ ਹਨ, ਜਿਥੇ ਬ੍ਰਾਹਮਣਾਂ ਨੇ ਦਾਨ ਭੇਟਾ ਲੈਕੇ ਨੀਵੀਂ ਜਾਤੀਆਂ ਦੇ ਰਾਜਿਆਂ ਨੂੰ ਉੱਚੀਆਂ ਜਾਤੀਆਂ ਵਿੱਚ ਸ਼ਾਮਲ ਕਰ ਲਿਆ*। ਪਰ ਇਤਹਾਸ ਦੱਸਦਾ ਹੈ ਕਿ ਬ੍ਰਾਹਮਣ ਪੁਜਾਰੀ ਵਾਦ ਦੀ ਇਹ ਧਾਰਮਕ ਖੁਲ ਦਿਲੀ ਕਿਸਤਰ੍ਹਾਂ ਅਲੋਪ ਹੋ ਗਈ ਅਤੇ ਇਸ ਨੇ ਕਿਸਤਰ੍ਹਾਂ ਜੋਰ ਨਾਲ ਟਾਕਰਾ ਕੀਤਾ, ਜਦ ਇਸ ਦਾ ਵਾਹ ਬੁਧ ਮੱਤ ਅਤੇ ਇਸਲਾਮ ਨਾਲ ਪਿਆ, ਜਿਹੜੇ ਜੱਦੀ ਬਣ ਗਈ ਪੁਜਾਰੀ ਸ੍ਰੇਣੀ ਦਾ ਰਸੂਖ ਖਤਮ ਕਰਨ ਦੇ ਹਾਮੀ ਸਨ। ਇਸਲਾਮ ਬਾਰੇ ਤਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਮੁਸਲਮਾਨ ਬਦੇਸ਼ੀ ਹਮਲਾਆਵਰਾਂ ਦੇ ਜ਼ੁਲਮਾਂ ਦੇ ਕਾਰਨ ਇਸ ਦੇ ਵਿਰੁਧ ਨਫਰਤ ਪੈਦਾ ਹੋ ਗਈ, ਪਰ ਬੁਧ ਮੱਤ ਬਾਰੇ ਇਹੋ ਜਿਹੀ ਕੋਈ ਦਲੀਲ ਨਹੀਂ ਦਿਤੀ ਜਾ ਸਕਦੀ। ਸਗੋਂ ਉਸੇ ਬੁਧ ਮੱਤ, ਜਦ ਉਸ ਵਿਚ ਮਿਲਾਵਟ ਦੇ ਕਾਰਨ ਮੂਰਤੀ ਪੂਜਾ ਅਤੇ ਰਸਮੀ ਪੂਜਾ ਦੀ ਅੰਸ਼ ਆ ਮਿਲੀ, ਨੂੰ ਹਿੰਦੂ ਧਰਮ ਦੇ ਦਾਇਰੇ ਵਿਚ ਥਾਂ ਦੇ ਦਿਤੀ ਗਈ, ਕਿਉਂਕਿ ਉਸ ਵਿਚ ਹੁਣ ਜੱਦੀ ਪੁਜਾਰੀ ਸ੍ਰੇਣੀ ਦੇ ਆਰਥਕ ਲਾਭਾਂ ਨੂੰ ਚੋਟ ਲਾਉਣ ਦੀ ਸਮਰੱਥਾ ਜਾਂ ਮਨਸ਼ਾ ਨਹੀਂ ਸੀ ਰਹੀ।

ਉਪ੍ਰੋਕਤ ਵੀਚਾਰਾਂ ਨੂੰ ਸਾਹਮਣੇ ਰਖਿਆਂ ਇਸੇ ਸਿੱਟੇ ਉਤੇ ਪੁਜਣਾ ਪੈਂਦਾ ਹੈ ਕਿ ਅਮਲੀ ਵਰਤੋਂ ਵਿੱਚ ਬ੍ਰਾਹਮਣ ਪੁਜਾਰੀ ਵਾਦ ਕਈ ਜੱਦੀ ਜਮਾਤਾਂ (ਆਰੀਆ ਹਾਕਮ ਅਤੇ ਬ੍ਰਾਹਮਣ ਸ੍ਰੇਣੀ) ਦੇ ਰਾਜਸੀ ਗਲਬੇ ਅਤੇ ਆਰਥਕ ਲੁਟ ਖਸੁਟ ਨੂੰ ਕਾਇਮ ਰੱਖਣ ਦਾ ਕਾਰਗਰ ਵਸੀਲਾ ਬਣ ਗਿਆ। ਇਸੇ ਮਕਸਦ ਨੂੰ ਪੁਖਤਾਈ ਦੇਣ ਵਾਲੀ ਬ੍ਰਾਹਮਣ ਪੁਜਾਰੀ ਵਾਦ ਨੇ, ਘਟੋ ਘਟ ਆਮ ਜਨਤਕ ਪਧਰ ਵਾਸਤੇ, ਐਸੀ ਵੀਚਾਰ-ਧਾਰਾ ਘੜ ਲਈ ਜਿਸ ਵਿਚ ਇਨਸਾਨੀ ਫਿਤਰਤ ਵਿਚ ਜੋ ਡਰ ਅਤੇ ਵਹਿਮ ਦੀ ਅੰਸ਼ ਹੈ ਦਾ ਫਾਇਦਾ ਉਠਾਇਆ ਗਿਆ*। ਜਦ ਰਾਜਸੀ ਦਬਾਓ ਅਤੇ ਆਰਥਕ ਲੁਟ ਖਸੁਟ ਨੂੰ ਧਾਰਮਕ ਜਾਂ ਨੀਮ-ਧਾਰਮਕ ਵੀਚਾਰਾਂ ਦੀ ਸ਼ਹਿ ਅਥਵਾ ਪਰਮਾਣੀਕਤਾ (Sanction) ਮਿਲਣ ਦੇ ਕਾਰਨ ਪੁਖਤਾਈ ਮਿਲ ਜਾਵੇ, ਤਾਂ ਉਹ ਬਹੁਤ ਡਰਾਉਣੀ ਸੂਰਤ ਧਾਰਨ ਕਰ ਜਾਂਦੀ ਹੈ । ਮਨੁਖੀ ਇਤਿਹਾਸ ਵਿੱਚ ਇਸ ਦੀਆਂ ਕਈ ਮਿਸਾਲਾਂ ਮਿਲਦੀਆਂ ਹਨ । ਪਰ ਹਿੰਦ ਵਿਚ ਆਰੀਆ ਹਾਕਮ ਜਮਾਤ ਅਤੇ ਜੱਦੀ ਬ੍ਰਾਹਮਣ ਪੁਜਾਰੀ ਸ੍ਰੇਣੀ ਦੇ ਰਾਜਸੀ ਅਤੇ ਆਰਥਕ ਹਿੱਤਾਂ ਦੇ ਧਾਰਮਕ ਜਾਂ ਨੀਮ-ਧਾਰਮਕ ਵੀਚਾਰਾਂ ਨਾਲ ਮੇਲ ਮਿਲਾਪ ਨੇ, ਆਮ ਜਨਤਾ ਦੀ ਜਿਤਨੀ ਵਡੀ ਗਿਣਤੀ ਦੀ ਆਰਥਕ ਲੁਟ ਖਸੁਟ ਅਤੇ ਰਾਜਸੀ ਦਬਾਓ ਨੂੰ ਜਿਤਨੇ ਲੰਮੇ ਅਰਸੇ ਲਈ ਕਾਇਮ ਰਖਣ, ਅਤੇ ਆਮ ਜਨਤਾ ਨੂੰ ਇਸ ਨੂੰ ਮਾਨਸਕ ਤੌਰ ਉੱਤੇ ਕਬੂਲੀ ਰੱਖਣ, ਦੀ ਜੋ ਰਚਨਾ ਰਚੀ, ਉਸਦੇ ਤੁੱਲ ਹੋਰ ਮਿਸਾਲ ਨਹੀਂ ਲਭਦੀ। ਬ੍ਰਾਹਮਣ ਪੁਜਾਰੀ ਵਾਦ ਦੀ ਇਹ ਰਚਨਾ ਰਾਜਸੀ ਦਬਾਓ ਅਤੇ ਆਰਥਕ ਲੁਟ ਖਸੁਟ ਕਾਇਮ ਰੱਖਣ ਦੇ ਇਤਨੀ ਅਨਕੂਲ ਸੀ ਕਿ, ਇਸਲਾਮ ਦੇ ਬੁਨਿਆਦੀ ਅਸੂਲਾਂ ਦੇ ਉਲਟ, ਮੁਸਲਮਾਨ ਹਾਕਮ ਜਾਤੀਆਂ, ਉਨ੍ਹਾਂ ਮੁਸਲਮਾਨ ਜਾਤੀਆਂ, ਜਿਨ੍ਹਾਂ ਨੂੰ ਉਨ੍ਹਾਂ ਰਾਜਸੀ ਜਾਂ ਆਰਥਕ ਤੌਰ ਉੱਤੇ ਦਬਾਇਆ ਹੁੰਦਾ, ਨਾਲ ਵੀ ਕੁਝ ਹੱਦ ਤਕ ਜਾਤ ਪਾਤ ਦੇ ਵਿਤਕਰੇ ਵਾਲਾ ਵਤੀਰਾ ਧਾਰਨ

*Imperial Gazettler of India, xvii, p. 412.
†Cambridge History, i, p. 410.

*Peoples and problems of India, Sir T.W. Holderness, p. 97
†Ibid, p, 46.
‡Punjab Administration Report for 1921-22, part 1, pp. 341-342.
§The Arya Samaj, Lajpat Rai, p. 75.

*Baden-Powell, p. 89.

*ਬ੍ਰਾਹਮਣ ਪੁਜਾਰੀ ਵਾਦ ਬਾਰੇ ਕੁਝ ਵਧੇਰੇ ਵਿਸਥਾਰ ਨਾਲ ਜ਼ਿਕਰ ਹੋ ਕਿਆ ਹੈ, ਪਰ ਇਸ ਦੀ ਰਾਜਸੀ ਅਤੇ ਆਰਥਕ ਤਹਿ ਦਾ ਨਿਰਣਾ ਕਰਨਾ ਜ਼ਰੂਰੀ ਸੀ, ਕਿਉਂਕਿ ਹਿੰਦ ਦੇ ਇਤਿਹਾਸ ਦਾ ਇਹ ਬਹੁਤ ਅਹਿਮ ਮਸਲਾ ਹੈ ਜਿਸ ਦੇ ਬੜੇ ਲੰਬੇ ਚੌੜੇ ਅਤੇ ਡੂੰਘੇ ਅਸਰ ਹੋਏ ਹਨ।



Digitized by Panjab Digital Library | www.panjabdigilib.org

ਕਰਦੀਆਂ* । ਆਰਥਕ ਹਿਤ ਕਈ ਵੇਰ ਧਾਰਮਕ ਵੀਚਾਰਾ ਖੁ ਤੇ ਕਿਸ ਤਰ੍ਹਾਂ ਭਾਰੂ ਹੋ ਜਾਂਦੇ ਹਨ, ਇਸ ਦੀ ਦਿਲਚਸਪ ਮਿਸਾਲ ਇਸਲਾਮੀ ਅਸੂਲਾਂ ਵਿਰੁਧ ਪੈਦਾ ਹੋਏ ਉਨ੍ਹਾਂ ਮੁਸਲਮਾਨ ਹੁਸੈਨੀ ਬ੍ਰਾਹਮਣਾਂ ਦੀ ਹੈ ਜੋ ਕਿਹਾ ਜਾਂਦਾ ਹੈ ਕਿ ਮੁਸਲਮਾਨਾਂ ਤੋਂ ਅੱਲਾ ਦੇ ਨਾਮ ਹੇਠਾਂ ਅਤੇ ਹਿੰਦੂਆਂ ਤੋਂ ਹਿੰਦੂ ਦੇਵਤਿਆਂ ਦੇ ਨਾਮ ਹੇਠਾਂ ਕਾਰ-ਭੇਟਾ ਲੈਂਦੇ† ।

ਪੰਜਾਬੀ ਕਿਸਾਨ ਸ਼ੁਰੂ ਤੋਂ ਬ੍ਰਾਹਮਣ ਪੁਜਾਰੀ ਵਾਦ ਦੇ ਅਸਰਾਂ ਤੋਂ ਕਾਫੀ ਹੱਦ ਤਕ ਬਚਿਆ ਰਿਹਾ । ਇਸ ਬਚਾ ਦਾ ਕਾਰਨ ਉਸ ਦੇ ਪਿੰਡਾਂ ਦੀ ਕਬਾਇਲੀ ਨਮੂਨੇ ਦੀ ਆਰਥਕ ਅਤੇ ਭਾਈਚਾਰਕ ਬਣਤਰ ਵੀ ਸੀ, ਪਰ ਹੋਰ ਕਾਰਨ ਵੀ ਸਨ । ਟੱਪਰੀ ਵਾਸ ਫਿਰਤੂ ਜਾਤੀਆਂ ਦੇ ਸਦੀਆਂ ਬੱਧੀ ਨਿੱਤ ਨਵੇਂ ਹੜ੍ਹਾਂ ਨੇ ਪੰਜਾਬ ਨੂੰ ਗੰਗਾ ਜਮਨਾ ਦੇ ਮੈਦਾਨ ਵਿਚ ਪੈਦਾ ਹੋਏ ਸਭਿਆਚਾਰ ਨਾਲੋਂ ਬਹੁਤ ਲੰਮੇਂ ਅਰਸੇ ਲਈ ਨਿਖੇੜੀ ਰੱਖਿਆ । ਅਸ਼ੋਕ ਦੇ ਰਾਜ ਵਿੱਚ ਬੁਧ ਮੱਤ ਪੰਜਾਬ ਦਾ ਸਰਕਾਰੀ ਧਰਮ ਬਣ ਗਿਆ ਸੀ‡ ਅਤੇ ਪੰਜਵੀਂ ਸਦੀ ਦੇ ਸ਼ੁਰੂ ਵਿੱਚ ਵੀ ਚੀਨੀ ਸਿਆਹ ਫਾ-ਹੀਨ ਨੇ ਵੇਖਿਆ ਕਿ ਪੰਜਾਬ ਵਿਚ ਬੁਧ ਮੱਤ ਦਾ ਜ਼ੋਰ ਸੀ§ । ਇਸ ਤੋਂ ਪਿਛੋਂ ਜਦ ਕਦੀ ਬ੍ਰਾਹਮਣ ਪੁਜਾਰੀ ਵਾਦ ਨੂੰ ਫੈਲਾਉਣ ਵਾਲੇ ਵਡੇ ਰਾਜਾਂ ਦਾ ਜ਼ੋਰ ਪਿਆ, ਤਾਂ ਜਾਂ ਤਾਂ ਓਹ ਕੇਂਦਰੀ ਪੰਜਾਬ ਤਕ ਫੈਲੇ ਨਾ, ਜਾਂ ਬਹੁਤ ਮਾਮੂਲੀ ਸਮੇਂ ਲਈ* । ੯੮੬-੭ ਈਸਵੀ ਤੋਂ ਪਿਛੋਂ ਮੁਸਲਮਾਨੀ ਹਮਲਿਆਂ ਦੇ ਕਾਰਨ ਪੰਜਾਬ ਵਿਚ ਰਾਜ ਦੇ ਤੇਜ ਪਰਤਾਪ ਦੀ ਮਦਦ ਨਾਲ ਬ੍ਰਾਹਮਣ ਪੁਜਾਰੀ ਵਾਦ ਫੈਲਣ ਦੀ ਗੁੰਜਾਇਸ਼ ਹੀ ਨਾ ਰਹੀ। ਇਹ ਠੀਕ ਹੈ ਕਿ ਬ੍ਰਾਹਮਣ ਪੁਜਾਰੀ ਵਾਦ ਦੀ ਵੀਚਾਰ-ਧਾਰਾ ਦੇ ਰਾਜ ਦੇ ਤੇਜ ਪ੍ਰਤਾਪ ਦੀ ਮਦਦ ਤੋਂ ਬਿਨਾਂ ਵੀ ਫੈਲਣ ਦੇ ਸੂਖਮ ਤਰੀਕਾਕਾਰ ਸਨ, ਪਰ ਇਸ ਤਰ੍ਹਾਂ ਇਹ ਬਹੁਤਾ ਪੰਜਾਬ ਦੀਆਂ ਵਾਪਾਰਕ ਜਾਤੀਆਂ (ਜਿਨ੍ਹਾਂ ਦਾ ਪੰਜਾਬ ਦੇ ਕਿਸਾਨਾਂ ਨਾਲੋਂ ਨਸਲੀ ਅਤੇ ਕੁਝ ਇਤਹਾਸਕ ਪਿੱਛਾ ਵਖਰਾ ਹੈ) ਵਿਚ ਹੀ ਫੈਲਣ ਵਿਚ ਕਾਮਯਾਬ ਹੋਇਆ, ਕਿਉਂਕਿ ਉਨ੍ਹਾਂ ਦੇ ਆਰਥਕ ਹਿੱਤਾਂ ਦੇ ਇਹ ਅਨਕੂਲ ਸੀ† ।

ਪੰਜਾਬੀ ਕਿਸਾਨ ਨੂੰ ਬ੍ਰਾਹਮਣ ਪੁਜਾਰੀ ਵਾਦ ਤੋਂ ਨਿਖੜੇ ਰਹਿਣ ਦੇ ਜੋ ਫਾਇਦੇ ਹੋਏ ਉਨ੍ਹਾਂ ਸਾਰਿਆਂ ਬਾਰੇ ਪੂਰਾ ਸਿੱਧਾ ਅੰਦਾਜ਼ਾ ਲਾਉਣਾ ਕਠਨ ਹੈ। ਮਨਫੀ (Negative) ਦ੍ਰਿਸ਼ਟੀ ਕੋਨ ਤੋਂ ਕੁਝ ਅੰਦਾਜ਼ਾ ਉਸ ਕਮਜ਼ੋਰੀ ਅਤੇ ਗਿਰਾਵਟ ਨਾਲ ਮੁਕਾਬਲਾ ਕੀਤਿਆਂ ਲਗ ਸਕਦਾ ਹੈ ਜੋ ਇਸ ਨੇ ਬ੍ਰਾਹਮਣ ਅਤੇ ਕਸ਼ਤੱਰੀ ਜਾਤੀਆਂ ਤੋਂ ਬਾਹਰ ਇਸ ਦੇ ਅਸਰ ਹੇਠ ਆਈ ਆਮ ਜਨਤਾ ਵਿੱਚ ਪੈਦਾ ਕੀਤੀ। ਪਰ ਕਈ ਸਿੱਧੇ ਅਸਰ ਐਸੇ ਹਨ ਜੋ ਸਪਸ਼ਟ ਦਿਸਦੇ ਹਨ। ਪਿਛੇ ਵੇਖਿਆ ਜਾ

*Life and conditions of the people of Hindustan, Kanwar Mohammad Ashraf, pp. 132 and 195.

†Census Report, para 512.

‡The Imperial Gazettier of India, Punjab, i, p. 19.

§Douie. p. 169.

*Douie, pp. 163-165; Trevaskis pp. 49-50. ਗੁਪਤਾ ਸਲਤਨਤ ਦਾ ਰਾਜ ਜੇ ਪੰਜਾਬ ਦੇ ਕੁਝ ਹਿੱਸੇ ਵਿੱਚ ਹੋਇਆ ਵੀ ਤਾਂ ਥੋੜ ਸਾਲਾਂ ਲਈ। ਹੋਰਸ਼ ਦੇ ਰਾਜ ਦੀ ਹੱਦ ਬਿਆਸ ਜਾਂ ਸਤਲੁਜ ਸੀ ਅਤੇ ਰਾਜਪੂਤਾਂ ਦਾ ਰਾਜ ਪੰਜਾਬ ਦੇ ਬਹੁਤੇ ਹਿੱਸੇ ਉੱਤੇ ਹੋਇਆ ਨਹੀਂ ਜਾਪਦਾ। ਵੇਖੋ ਇਤਿਹਾਸਕ ਕਾਰਨਾਂ ਦੀ ਸੁਰਖੀ ਹੇਠ।

†Trevaskis, p. 62. ੬

ਚੁਕਾ ਹੈ। ਕਿ ਲੜਨ ਦਾ ਕੰਮ ਕੇਵਲ ਇਕ ਜਾਤੀ ਕਸ਼ੱਤਰੀਆਂ ਦੀ ਸੌਂਪਨਾਂ ਹੋ ਜਾਣ ਕਰਕੇ ਦੂਸਰੀਆਂ ਜਾਤੀਆਂ ਦੀ ਲੜਨ ਸ਼ਕਤੀ ਨੂੰ ਕਾਰੀ ਸੱਟ ਵਜੀ ਅਤੇ ਪੰਜਾਬੀ ਕਿਸਾਨ ਕਿਵੇਂ ਬਚਿਆ ਰਿਹਾ। ਇਸੇ ਤਰ੍ਹਾਂ ਬ੍ਰਾਹਮਣਾਂ ਅਤੇ ਹੋਰ ਆਰੀਆ ਹਾਕਮ ਜਾਤੀਆਂ ਨੇ ਨਾ ਕੇਵਲ ਖੇਤੀ ਬਾੜੀ ਅਤੇ ਹੋਰ ਹਥੀਂ ਕਿਰਤ ਨੂੰ ਆਪ ਹੱਥ ਨਾ ਲਾਇਆ, ਬਲਕਿ ਖੇਤੀ ਬਾੜੀ ਅਤੇ ਹਥੀਂ ਕਿਰਤ ਕਰਨ ਵਾਲਿਆਂ ਨੂੰ ਘਟੀਆ ਹੋਣ ਦਾ ਪ੍ਰਭਾਵ ਪਾਇਆ। ਪੰਜਾਬੀ ਕਿਸਾਨ ਨੇ ਇਸ ਵੀਚਾਰ-ਧਾਰਾ ਨੂੰ ਬਿਲਕੁਲ ਨਾ ਕਬੂਲਿਆ। ਉਸ ਨੇ ਆਪਣੀ ਕਿਰਤ ਉਤੇ ਹਮੇਸ਼ਾਂ ਜਾਇਜ਼ ਮਾਣ ਕੀਤਾ ਹੈ*, ਜਿਸ ਦਾ ਸਿੱਟਾ ਇਹ ਹੈ ਕਿ ਪੰਜਾਬੀ ਕਿਸਾਨ ਸਾਰੇ ਹਿੰਦ ਵਿੱਚੋਂ ਵਧੀਆ ਕਿਸਾਨ ਖਿਆਲ ਕੀਤਾ ਜਾਂਦਾ ਹੈ† । ਬਲਕਿ ਰਾਜ ਕਾਜ ਦੇ ਕੰਮ ਨਾਲੋਂ ਵੀ ਖੇਤੀ ਬਾੜੀ ਦੇ ਕੰਮ ਵਲ ਉਸ ਦੀ ਰੁਚੀ ਵਧੇਰੇ ਰਹੀ ਹੈ, ਜੋ ਰਾਜਸੀ ਮੈਦਾਨ ਵਿੱਚ ਉਸਦੇ ਪਿਛੇ ਰਹਿਣ ਦੇ ਕਾਰਨਾਂ ਵਿੱਚੋਂ ਸ਼ਾਇਦ ਇਕ ਹੈ, ਅਤੇ ਜਿਸਦੇ ਕਾਰਨ ਸਿਖ ਰਾਜ ਗਵਾਕੇ ਉਸ ਨੂੰ ਹਲ ਦੀ ਜੰਘੀ ਫੜਨ ਵਿੱਚ ਸ਼ਾਇਦ ਬਹੁਤਾ ਘਾਟਾ ਪੈਂਦਾ ਮਹਿਸੂਸ ਨਾ ਹੋਇਆ‡ ।

ਬ੍ਰਾਹਮਣ ਪੁਜਾਰੀ ਵਾਦ ਨੇ ਮਨੁਖੀ ਕੀਮਤਾਂ ਦੇ ਨਜ਼ਰੀਏ ਤੋਂ ਸ਼ਾਇਦ ਸਭ ਤੋਂ ਵਡਾ ਨੁਕਸਾਨ ਇਹ ਕੀਤਾ ਕਿ ਇਸ ਨੇ ਆਪਣੀ ਵੀਚਾਰ-ਧਾਰਾ ਰਾਹੀਂ, ਬ੍ਰਾਹਮਣਾਂ ਅਤੇ ਹਾਕਮ ਜਾਤੀਆਂ ਤੋਂ ਇਲਾਵਾ, ਬਾਕੀ ਦੀ ਹਿੰਦੂ ਜਨਤਾ ਵਿੱਚ ਦਰਜੇਵਾਰ ਮੁਕਾਬਲਤਨ ਘਟੀਆ ਅਥਵਾ ਨੀਵੇਂ ਹੋਣ ਦਾ ਅਹਿਸਾਸ ਪੈਦਾ ਅਤੇ ਪੱਕਿਆਂ ਕੀਤਾ, ਜਿਸ ਨੇ ਆਮ ਜਨਤਾ ਦੀ ਸ਼ਖਸੀਅਤ ਨੂੰ ਘੁਣ ਵਾਂਗੂੰ ਖਾਧਾ। ਪਰ ਪੰਜਾਬੀ ਜੱਟ ਕਿਸਾਨ ਜਾਤ ਪਾਤ ਦੇ ਨੁਕਤੇ ਤੋਂ ਕਿਸੇ ਹੋਰ ਜਾਤੀ ਨੂੰ ਆਪਣੇ ਨਾਲੋਂ ਵੱਡਾ ਨਹੀਂ ਸਮਝਦਾ* । ਪੰਜਾਬ ਦੀਆਂ ਹਿੰਦੂ ਵਾਪਾਰਕ ਜਾਤੀਆਂ ਵਿਚ ਵੀ ਬ੍ਰਾਹਮਣਾਂ ਨੂੰ ਨਾਮਧਰੀਕ ਸਨਮਾਨ ਪ੍ਰਾਪਤ ਹੋਇਆ, ਅਤੇ ਪੰਜਾਬ ਦੇ ਹਿੰਦੂ ਜਾਟਾਂ, ਜੋ ਗੰਗਾ ਦੇ ਮੈਦਾਨ ਦੇ ਨੇੜੇ ਹਨ, ਵਿਚ ਵੀ ਉਨ੍ਹਾਂ ਦਾ ਅਮਲੀ ਰਸੂਖ ਨਾ ਹੋਇਆਂ ਬਰਾਬਰ ਹੈ† । ਕੇਂਦਰੀ ਪੰਜਾਬ ਦਾ ਜੱਟ ਕਿਸਾਨ ਉਨ੍ਹਾਂ ਜਾਤੀਆਂ, ਜਿਨ੍ਹਾਂ ਪੈਸਾ ਕਮਾਉਣ ਅਤੇ ਜੋੜਨ ਵਲ ਵਧੇਰੇ ਧਿਆਨ ਦਿਤੀ ਰਖਿਆ ਅਤੇ ਲੜਨ ਵਲ ਘਟ, ਨੂੰ ਚੰਗਾ ਨਹੀਂ ਸਮਝਦਾ‡। ਸਗੋਂ ਉਸ ਵਿੱਚ ਲੋੜ ਨਾਲੋਂ ਵਧੀਕ ਜਾਤੀ ਅਭਿਮਾਨ ਹੈ, ਜਿਸ ਕਾਰਨ ਉਹ ਬਾਕੀ ਦੁਨੀਆਂ ਨਾਲੋਂ ਆਪਣੇ ਆਪ ਨੂੰ ਵਡਾ ਸਮਝਦਾ ਹੈ§ । ਕੇਂਦਰੀ ਪੰਜਾਬ ਦਾ ਸਿਧੂ ਜੱਟ ਆਪਣੇ ਆਪ ਨੂੰ ਭਟੀ ਰਾਜਪੂਤਾਂ ਨਾਲੋਂ ਵੀ ਉਚਾ ਸਮਝਦਾ ਹੈ|| । ਕੇਂਦਰੀ ਪੰਜਾਬ ਦੇ ਕਿਸਾਨ ਵਿਚ ਵਧੀਆ-ਪਨ ਦੇ ਅਹਿਸਾਸ(Superiority Complex) ਦੇ ਗੁਣ ਅਉਗਣ ਹਨ ਨਾ ਕਿ ਕਮਤਰੀ ਦੇ ਅਹਿਸਾਸ (Inferiority complex) ਦੇ । ਜੱਟ ਬਾਰੇ ਅਖੌਤ ਮਸ਼ਹੂਰ ਹੈ ਕਿ ਉਸ ਨੇ ਆਪਣੇ ਦਾਣਿਆਂ ਦੇ ਬੋਲ੍ਹ ਉੱਤੇ ਖੜੇ ਹੋਕੇ ਰਾਜੇ ਦੇ ਹਾਥੀ ਹੱਕਣ ਵਾਲਿਆਂ ਨੂੰ ਪੁਛਿਆ, 'ਇਹ ਛੋਟੇ ਛੋਟੇ ਖੋਤੇ ਵੇਚਣੇ ਈ ?'¶ ।

*Trevaskis pp. 49-50.

†Imperial Gazettier. xvi, p. 202.

‡ਜੰਗ ਨਾਮਾ, ਸ਼ਾਹ ਮਹੰਮਦ । "ਸ਼ਾਹ ਮੁਹੰਮਦਾ ਖੂਹਾਂ ਤੇ ਮਿਲਖ ਵਾਲੇ, ਅਸੀਂ ਦੱਬ ਕੇ ਲਾਵਾਂਗੇ ਜੋਤਰੇ ਜੀ ।"

*Punjab Administration Report for 1921-22, i, p. 325.

†Census Report, para 512.

‡Ibid, Paras, 424, 439 and 512.

§Trevaskis, p. 174.

||Census Report, para 434.

¶Census Report, para 424.

**ਇਸਲਾਮ ਅਤੇ ਸਿਖ ਧਰਮ** ਦੋਵੇਂ ਜੱਦੀ ਪੁਜਾਰੀ ਵਾਦ ਦੀ ਸਪਿਰਟ ਦੇ ਵਿਰੁਧ ਅਤੇ ਪੰਚਾਇਤੀ ਸਪਿਰਟ ਦੇ ਹਾਮੀ ਹੋਣ ਕਰ ਕੇ ਪੰਜਾਬੀ ਕਿਸਾਨ ਦੀਆਂ ਕਬਾਇਲੀ ਰੁਚੀਆਂ ਦੇ ਵਧੇਰੇ ਅਨਕੂਲ ਸਨ। ਹੋਰਨਾਂ ਕਾਰਨਾਂ ਦੇ ਨਾਲ ਲਗਵਾਂ ਇਹ ਵੀ ਸ਼ਾਇਦ ਇੱਕ ਕਾਰਨ ਸੀ ਜਿਸ ਕਰਕੇ ਪੰਜਾਬ ਦੇ ਕਿਸਾਨਾਂ ਦੀ ਵਧੇਰੇ ਗਿਣਤੀ, ਸਵਾਏ ਪੂਰਬੀ ਪੰਜਾਬ ਦੇ ਕਿਸਾਨਾਂ ਦੇ ਜੋ ਗੰਗਾ ਦੇ ਮੈਦਾਨ ਦੇ ਨੇੜੇ ਹਨ, ਜਾਂ ਮੁਸਲਮਾਨ ਬਣ ਗਈ ਜਾਂ ਸਿਖ। ਪਰ ਜਿਵੇਂ ਅਗੇ ਦੱਸਿਆ ਜਾ ਚੁਕਾ ਹੈ, ਪੰਜਾਬੀ ਕਿਸਾਨ ਦੀ ਪੰਚਾਇਤੀ ਸਪਿਰਟ ਕੇਵਲ ਕਿਸਾਨ ਭਾਈਚਾਰੇ ਤਕ ਮਹਿਦੂਦ ਸੀ। ਪੰਜ਼ਾਬੀ ਕਿਸਾਨ ਆਪਣੇ ਆਰਥਕ ਹਿੱਤਾਂ ਅਤੇ ਜਾਤੀ ਅਭਿਮਾਨ ਕਰਕੇ ਪਿੰਡ ਦੀਆਂ ਦਬਾਈਆਂ ਹੋਈਆਂ ਹੋਰ ਜਾਤੀਆਂ ਨੂੰ ਜ਼ਮੀਨ ਦੀ ਮਾਲਕੀ ਵਿੱਚ ਭਾਈਵਾਲ ਬਨਾਉਣ ਵਾਸਤੇ ਤਿਆਰ ਨਾ ਹੋਇਆ। ਇਸਲਾਮ ਅਤੇ ਸਿਖ ਧਰਮ ਨੇ ਪੰਜਾਬੀ ਕਿਸਾਨ ਵਿਚ ਜੇ ਕੋਈ ਭਾਈਚਾਰਕ ਇਨਕਲਾਬ ਦਾ ਆਦੱਰਸ਼ਕ ਹੁਲਾਰਾ ਲਿਆਂਦਾ ਵੀ, ਤਾਂ ਉਸ ਦਾ ਅਸਰ ਬਹੁਤ ਦੇਰ ਕਾਇਮ ਰਹਿਣ ਵਾਲਾ ਅਤੇ ਡੂੰਘਾ ਸਾਬਤ ਨਾ ਹੋਇਆ। ਜਦ ਆਰਥਕ ਅਤੇ ਭਾਈ-ਚਾਰਕ ਬਣਤਰ ਉਚ-ਖਿਆਲੀ (Idealism) ਦੇ ਨਾਲ ਢੁਕਵੀਂ ਨਾ ਹੋਵੇ, ਤਾਂ ਨਿਰੀ ਉਚ-ਖਿਆਲੀ, ਕੁਝ ਵਿਯੱਕਤੀਆਂ ਨੂੰ ਛਡਕੇ, ਆਮ ਜਨਤਾ ਵਾਸਤੇ ਕੁਝ ਦੇਰ ਪਿਛੋਂ ਹਵਾਈ ਗਲ ਬਣ ਕੇ ਰਹਿ ਜਾਂਦੀ ਹੈ। ਕਿਉਂਕਿ ਜ਼ਮੀਨ ਦੇ ਮਾਲਕ ਜੱਟ ਕਿਸਾਨ ਹੀ ਰਹੇ, ਇਸ ਕਰਕੇ ਪਿੰਡ ਦੇ ਆਰਥਕ ਵਿਤਕਰੇ ਮੁੜ ਭਾਈ-ਚਾਰਕ ਵਿਤਕਰਿਆਂ ਵਿੱਚ ਪੱਕੇ ਹੋ ਗਏ ਅਤੇ ਦਬਾਈਆਂ ਹੋਈਆਂ ਜਾਤੀਆਂ ਦਬੀਆਂ ਹੀ ਰਹੀਆਂ। ਅਰਥਾਤ ਅਖੀਰ ਵਿੱਚ ਇਸਲਾਮ ਅਤੇ ਸਿਖ ਧਰਮ ਦੀ ਸਪਿਰਟ ਨਾਲੋਂ ਜੱਟ ਕਿਸਾਨ ਦੇ ਆਰਥਕ ਲਾਭ ਅਤੇ ਜਾਤੀ ਅਭਿਮਾਨ ਵਧੇਰੇ ਭਾਰੂ ਸਾਬਤ ਹੋਏ। ਇਸ ਦੇ ਬਾਵਜੂਦ ਇਸਲਾਮ ਅਤੇ ਸਿਖ ਧਰਮ ਦੇ ਪੰਜਾਬ ਵਿਚ ਦੋ ਅਮਲੀ ਭਾਈਚਾਰਕ ਫਾਇਦੇ ਹੋਏ। ਇਕ ਤਾਂ ਜੱਦੀ ਪੁਜਾਰੀ ਵਾਦ ਨੂੰ ਪੰਜਾਬ ਵਿਚ ਵਧਣੋਂ ਰੋਕਣ ਵਿਚ ਇਨ੍ਹਾਂ ਨੇ ਮਦਦ ਦਿੱਤੀ, ਜੋ ਇਸ ਤੋਂ ਵੀ ਜ਼ਾਹਰ ਹੁੰਦੀ ਹੈ ਕਿ ਸਿਖ ਅਤੇ ਖਾਸ ਕਰਕੇ ਮੁਸਲਮਾਨ ਬਹੁ ਆਬਾਦੀ ਵਾਲੇ ਜ਼ਿਲਿਆਂ ਵਿੱਚ ਬ੍ਰਾਹਮਣਾਂ ਦੀ ਗਿਣਤੀ ਵਿਸ਼ੇਸ਼ ਕਰਕੇ ਘੱਟ ਹੈ*। ਦੂਸਰੇ ਇਸਲਾਮ ਅਤੇ ਸਿਖ ਧਰਮ ਦੇ ਪੈਦਾ ਕੀਤੇ ਮਹੌਲ ਨੇ ਪੰਜਾਬ ਵਿਚ ਆਮ ਕਰਕੇ, ਅਤੇ ਪੇਂਡੂ ਜਨਤਾ ਵਿਚ ਖਾਸ ਕਰਕੇ, (ਦਬਾਈਆਂ ਹੋਈਆਂ ਜਾਤੀਆਂ ਦੇ ਨਜ਼ਰੀਏ ਤੋਂ ਵੀ ਅਤੇ ਜਿਨ੍ਹਾਂ ਵਪਾਰਕ ਜਾਤੀਆਂ ਨੇ ਪੁਜਾਰੀ ਵਾਦ ਅਪਣਾ ਲਿਆ ਸੀ ਉਨ੍ਹਾਂ ਵਿਚ ਵੀ) ਬਾਕੀ ਦੇ ਹਿੰਦ ਦੇ ਮੁਕਾਬਲੇ ਜਾਤ ਪਾਤ ਦੀ ਵੰਡ ਅਤੇ ਛੂਤ ਛਾਤ ਦੇ ਜ਼ਹਿਰ ਨੂੰ ਘਟਾਉਣ ਵਿਚ ਸਪੱਸ਼ਟ ਅਸਰ ਕੀਤਾ†।

## ਇਤਹਾਸਕ

ਆਰੀਆ ਜਾਤੀਆਂ ਵਿਚ ਰਾਜਿਆਂ ਅਤੇ ਰਜ-ਵਾੜਿਆਂ ਨਾਲ ਸੰਬੰਧਤ ਰਾਜ ਪਰਬੰਧ ਉਥੇ ਸ਼ੁਰੂ ਹੋਇਆ, ਅਤੇ ਇਸ ਦਾ ਉਥੇ ਜ਼ੋਰ ਪਿਆ, ਜਿਥੇ ਕਬਾਇਲੀ ਨਮੂਨੇ ਦੇ ਪਿੰਡ ਘਟ ਹਨ‡। ਪਾਨਿਨੀ ਮੁਤਾਬਕ ਪੰਜਾਬ ਵਿਚ ਪੰਜਵੀਂ ਪੂਰਬ ਈਸਵੀ (B. C.) ਵਿਚ ਜਮਹੂਰੀ ਰਾਜ ਸੀ||। ਜਦ ਸਕੰਦਰ ਨੇ ਚਨਾਬ ਪਾਰ ਕੀਤਾ ਤਾਂ ਉਸ ਦਾ ਐਸੀਆਂ ਜਾਤੀਆਂ

*Census Report, para 512.
†Baden-Powell, p. 102.
‡Baden-Powell, pp. 266-268.
||Jayaswal, pp. 30. 34 and 35.

ਨਾਲ ਵਾਹ ਪਿਆ ਜੋ ਰਾਜਿਆਂ ਹੇਠ ਨਹੀਂ ਸਨ, ਬਲਕਿ ਜਿਨ੍ਹਾਂ ਦਾ ਰਾਜ ਪਰਬੰਧ ਜਮਹੂਰੀ ਤਰੀਕੇ ਦਾ ਸੀ। ਇਹ ਹਿੰਦੁਸਤਾਨੀ ਪੰਚਾਇਤੀ ਰਾਜ ਚਨਾਬ ਅਤੇ ਬਿਆਸ ਦਰਿਆਵਾਂ ਦੇ ਵਿਚਕਾਰ ਸਨ*। ਅੰਮ੍ਰਿਤਸਰ ਦੇ ਉੱਤਰ ਵੱਲ ਦੇ ਇਲਾਕੇ ਵਿਚ ਇਕ ਆਜ਼ਾਦ ਕਬੀਲਾ ਵੱਸਦਾ ਸੀ ਜਿਸ ਨੂੰ ਸਕੰਦਰ ਦੇ ਆਉਣ ਤੋਂ ਪਹਿਲੋਂ ਪੋਰਵ ਆਪਣੇ ਮਤੀਹ ਕਰਨ ਵਿਚ ਅਸਫੱਲ ਰਹੇ ਸਨ†। ਬਿਆਸ ਤੋਂ ਪਾਰ ਇਕ ਪੰਚਾਇਤੀ ਰਾਜ ਇਤਨਾ ਤਾਕਤਵਰ ਸੀ ਕਿ ਸਕੰਦਰ ਦੇ ਲਸ਼ਕਰ ਨੇ ਇਸ ਦਾ ਤੇਜ ਪਰਤਾਪ ਸੁਣ ਕੇ ਅਗੇ ਵਧਣੋਂ ਨਾਂਹ ਕਰ ਦਿੱਤੀ‡। ਅਰਥਾਤ ਸਕੰਦਰ ਦੇ ਹਮਲੇ ਤੋਂ ਪਹਿਲੋਂ ਅਤੇ ਪਿਛੋਂ ਵੀ ਛੇ ਸੌ ਸਦੀ ਈਸਵੀ ਤਕ§ ਐਸੀਆਂ ਜਾਤੀਆਂ ਪੰਜਾਬ ਵਿਚ ਦਾਖਲ ਹੁੰਦੀਆਂ ਰਹੀਆਂ, ਜਿਨ੍ਹਾਂ ਦੀਆਂ ਕਬਾਇਲੀ ਪੰਚਾਇਤੀ ਰਵਾਇਤਾਂ ਬੜੀਆਂ ਜ਼ਬਰਦਸਤ ਸਨ, ਜੋ ਉਨ੍ਹਾਂ ਢੇਰ ਚਿਰ ਤਕ ਕਾਇਮ ਰੱਖੀਆਂ। ਮੌਰੀਆ ਖਾਨਦਾਨ ਦਾ ਰਾਜ ਪੰਜਾਬ ਵਿਚ ਵੀ ਸੀ, ਪਰ ਉਸ ਦੀ ਇਹ ਨੀਤੀ ਸੀ ਕਿ ਤਾਕਤਵਰ ਪੰਚਾਇਤੀ ਰਾਜਾਂ ਨੂੰ ਕਾਇਮ ਰਹਿਣ ਦਿੱਤਾ ਜਾਏ||। ਮੌਰੀਆ ਰਾਜ ਤੋਂ ਪਿਛੋਂ ਮੁਸਲਮਾਨਾਂ ਦੇ ਹਮਲਿਆਂ ਤਕ ਦਾ ਪੰਜਾਬ ਦਾ ਇਤਹਾਸ ਇਕ ਲੜੀ ਵਾਰ ਨਹੀਂ। ਵਿਚ ਵਿਚਾਲੇ ਕਦੇ ਯੂਨਾਨੀ, ਕਦੇ ਬੋਧੀ ਅਤੇ ਕਦੇ ਸਿਥੀਅਨਾਂ ਜਾਂ ਉਨ੍ਹਾਂ ਨਾਲ ਮਿਲਦੀਆਂ ਜੁਲਦੀਆਂ ਜਾਤੀਆਂ ਦੇ ਆਪਣੇ ਰਾਜਿਆਂ ਦੇ ਪੰਜਾਬ ਵਿੱਚ ਰਾਜ ਹੋਣ ਦੇ ਟਾਵੇਂ ਟਾਵੇਂ ਸਬੂਤ ਮਿਲਦੇ ਹਨ, ਪਰ ਇਸ ਦੌਰਾਨ ਦੇ ਇਕ ਵਡੇ ਹਿੱਸੇ ਦੇ ਇਤਹਾਸ ਬਾਰੇ ਕੁਝ ਪਤਾ ਨਹੀਂ। ਕਿਉਂਕਿ ਪੁਰਾਣਾ ਇਤਹਾਸ ਵਧੇਰੇ ਰਾਜਿਆਂ ਮਹਾਰਾਜਿਆਂ ਦਾ ਹੀ ਜ਼ਿਕਰ ਕਰਦਾ ਸੀ, ਇਸ ਕਰਕੇ ਇਹ ਐਨ ਮੁਮਕਿਨ ਹੈ ਕਿ ਅਜਿਹੇ ਸਮਿਆਂ ਵਿਚ, ਜਦ ਕਿਸੇ ਵਡੇ ਰਾਜ ਘਰਾਣੇ ਦਾ ਜ਼ੋਰ ਘਟ ਜਾਂਦਾ, ਪੰਜਾਬ ਦੇ ਕਬੀਲਿਆਂ ਦੀ ਪੰਚਾਇਤੀ ਸਪਿਰਟ ਫਿਰ ਜ਼ੋਰ ਪਾ ਜਾਂਦੀ ਅਤੇ ਓਹ ਆਪਣਾ ਕਬਾਇਲੀ ਪੰਚਾਇਤੀ ਪਰਬੰਧ ਕਾਇਮ ਕਰ ਲੈਂਦੇ, ਜਿਸ ਦਾ ਇਤਹਾਸ ਨੇ ਨੋਟਿਸ ਨਹੀਂ ਲਿਆ। ਸੰਨ ੩੨੦ ਈਸਵੀ ਵਿਚ ਗੁਪਤਾ ਸਲਤਨਤ ਕਾਇਮ ਹੋਣ ਤੋਂ ਪਹਿਲੋਂ ਇਵੇਂ ਹੋਇਆ ਖਿਆਲ ਕੀਤਾ ਜਾਂਦਾ ਹੈ*। ਸਮੁੰਦਰ ਗੁਪਤ ਦੇ ਰਾਜ ਦੀ ਪੱਛਮੀਂ ਹੱਦ ਜਮਨਾ ਤਕ ਸੀ†, ਅਤੇ ਚੰਦਰ ਗੁਪਤ ਦੂਜੇ ਨੇ ਪੰਜਾਬ ਦੇ ਜੇ ਕਿਸੇ ਹਿੱਸੇ ਉੱਤੇ ਰਾਜ ਕੀਤਾ ਤਾਂ ਮਾਮੂਲੀ ਸਮੇਂ ਲਈ। ਹਰਸ਼ ਦੇ ਰਾਜ ਦੀ ਹੱਦ ਵੀ ਬਿਆਸ ਜਾਂ ਸਤਲੁਜ ਸੀ‡। ਇਹ ਵੀ ਅਨੁਮਾਨ ਹੈ ਕਿ ਰਾਜਪੂਤਾਂ ਦੇ ਦੌਰ (੬੦੦ ਤੋਂ ੧੦੦੦ ਈਸਵੀ) ਵਿਚ ਉਨ੍ਹਾਂ ਦਾ ਪੰਜਾਬ ਦੇ ਬਹੁਤੇ ਹਿੱਸੇ ਵਿਚ ਜ਼ੋਰ ਨਹੀਂ ਪਿਆ ਅਤੇ ਇਥੇ ਕਬੀਲਿਆਂ ਦਾ ਆਪਣਾ ਰਾਜ ਰਿਹਾ§। ਪੰਜਾਬ ਵਿਚ ਕਬਾਇਲੀ ਨਮੂਨੇ ਦੀ ਪੇਂਡੂ ਬਣਤਰ ਦਾ ਕਾਇਮ ਰਹਿਣਾ ਵੀ ਇਸੇ ਗੱਲ ਦਾ ਸੂਚਕ ਹੈ ਕਿ ਪੰਜਾਬ ਵਿੱਚ, ਕਮ ਅਜ਼ ਕਮ ਪੇਂਡੂ ਪਧਰ ਉਤੇ, ਪੰਚਾਇਤੀ ਸਪਿਰਟ ਸੁਰਜੀਤ

*Jayaswal, pp, 58-62; Baden-Powell, p. 98.
†Cambridge History, i, p. 371.
‡Jayeswal, p. 62.
§Sarkar, p. 21.
||Jayeswal, p. 120.

*Douie, p. 164; Cambridge, i, p. 528.
†Moreland and Chatterjee, p. 87.
‡Ibid, p. 106.
§Trevaskis, p. 91.



Digitized by Panjab Digital Library | www.panjabdigilib.org

ਰਹੀ*। ਮੁਸਲਮਾਨ ਹਾਕਮਾਂ ਦੀ ਵੀ ਨਾ ਆਪਣੀ ਇਤਨੀ ਗਿਣਤੀ ਸੀ, ਅਤੇ ਨਾ ਰਾਜ ਪਰਬੰਧ ਦਾ ਇਤਨਾ ਤਜਰਬਾ, ਕਿ ਓਹ ਸਿਵਾਏ ਥੋੜੇ ਇਲਾਕੇ ਦੇ ਮੁਲਕ ਦਾ ਸਿਵਲ ਪਰਬੰਧ ਆਪਣੇ ਸਿਰ ਬਸਿਰ ਕਰ ਸਕਦੇ। ਪੰਜਾਬ ਦਾ ਪੇਂਡੂ ਪਰਬੰਧ ਪਿੰਡ ਦੇ ਪੈਂਚਾਂ ਦੇ ਹੱਥ ਹੀ ਰਹਿੰਦਾ ਬਸ਼ੱਰਤੇ ਕਿ ਸਰਕਾਰੀ ਮਾਲੀਆ ਤਰੀ ਜਾਂਦਾ। ਕਿਉਂਕਿ ਪੰਜਾਬ ਦੇ ਪਿੰਡਾਂ ਦੇ ਪੈਂਚਾਂ ਦੀ ਉਥੋਂ ਦੇ ਕਿਸਾਨਾਂ ਨਾਲ ਅਮੂਮਨ ਲਹੂ ਦੀ ਸਾਂਝ ਹੁੰਦੀ, ਅਤੇ ਉਨ੍ਹਾਂ ਦੇ ਆਰਥਕ ਅਤੇ ਭਾਈਚਾਰਕ ਹਿੱਤ ਸਾਂਝੇ ਹੁੰਦੇ, ਇਸ ਕਰਕੇ ਪੇਂਡੂ ਪਰਬੰਧ ਅਤੇ ਰਵਾਇਤਾਂ ਵਿਚ ਬਦੇਸ਼ੀ ਰਾਜ ਦਾ ਬਹੁਤਾ ਦਖਲ ਨਹੀਂ ਸੀ ਹੁੰਦਾ†। ਕੇਂਦਰੀ ਪੰਜਾਬ ਦੇ ਕਿਸਾਨਾਂ ਦੀ ਜਮਹੂਰੀ ਸਪਿਰਟ ਮੁਸਲਮਾਨਾਂ ਦੇ ਰਾਜ ਨੇ ਖਤਮ ਨਹੀਂ ਸੀ ਕਰ ਦਿੱਤੀ, ਇਹ ਇਸ ਤੋਂ ਵੀ ਸਪੱਸ਼ਟ ਹੁੰਦਾ ਹੈ ਕਿ ਰਣਜੀਤ ਸਿੰਘ ਦੇ ਰਾਜ ਤੋਂ ਪਹਿਲੋਂ ਸਿਖ ਮਿਸਲਾਂ ਦੀ ਬਣਤਰ ਜਮਹੂਰੀ ਨਮੂਨੇ ਦੀ ਸੀ। ਰਣਜੀਤ ਸਿੰਘ ਤੋਂ ਪਿਛੋਂ ਖਾਲਸਾ ਫੌਜ ਵਿੱਚ ਫਿਰ ਪੰਚਾਇਤੀ ਕਮੇਟੀਆਂ ਦਾ ਜ਼ੋਰ ਪੈ ਗਿਆ। ਇਹ ਸਭ ਗੱਲਾਂ ਜ਼ਾਹਰ ਕਰਦੀਆਂ ਹਨ ਕਿ ਪੰਜਾਬੀ ਕਿਸਾਨ ਨੇ ਆਪਣੀਆਂ ਕਬਾਇਲੀ ਰਵਾਇਤਾਂ ਵਿਚ ਜੋ ਆਜ਼ਾਦੀ ਦੀ ਅਤੇ ਪੰਚਾਇਤੀ ਸਪਿਰਟ ਵਿਰਸੇ ਵਿਚ ਲਈ, ਉਹ ਇਤਨੀ ਜ਼ਬਰਦਸਤ ਸੀ ਕਿ ਨਾ-ਮੁਆਫਕ ਹਾਲਾਤ ਵਿਚ ਦੱਬੇ ਜਾਣ ਪਿੱਛੋਂ ਮੁੜ ਮੁੜ ਸੁਰਜੀਤ ਹੁੰਦੀ ਰਹੀ।

ਪੰਜਾਬ ਉੱਤੇ ਹੋਏ ਬਦੇਸ਼ੀ ਹਮਲਿਆਂ ਦੀ ਕਹਾਣੀ ਇਤਹਾਸ ਦੇ ਪੱਤਰੇ ਪੱਤਰੇ ਉੱਤੇ ਉੱਕਰੀ ਹੋਈ ਹੈ ਅਤੇ ਇਤਨੀ ਉੱਘੀ ਹੈ ਕਿ ਇਸ ਦਾ ਕੇਵਲ ਜ਼ਿਕਰ ਕਰ ਦੇਣਾ ਹੀ ਕਾਫੀ ਹੈ।

ਇੱਕ ਮਿਥੇ ਸਮੇਂ ਵਿਚ ਇਤਨੇ ਬਦੇਸ਼ੀ ਹਮਲਿਆਂ ਦੀ ਮਾਰ ਦੁਨੀਆਂ ਦੇ ਹੋਰ ਟਾਂਵੇਂ ਭਾਗਾਂ ਦੇ ਹੀ ਹਿੱਸੇ ਆਈ ਹੋਵੇਗੀ। ਇਕ ਹਮਲਾਆਵਰ ਦੇ ਅਜੇ ਪੈਰ ਨਹੀਂ ਸਨ ਜੰਮਦੇ ਕਿ ਉਸ ਨੂੰ ਆਪਣੇ ਨਵੇਂ ਜਿੱਤੇ ਇਲਾਕਿਆਂ ਦੀ ਰੱਖਿਆ ਲਈ ਪਿਛੋਂ ਆਉਂਦੇ ਇਕ ਹੋਰ ਹਮਲਾਆਵਰ ਨਾਲ ਲੜਨਾ ਪੈਂਦਾ। ਇਨ੍ਹਾਂ ਬਦੇਸ਼ੀ ਹਮਲਿਆਂ ਦਾ ਵਾਰ ਬਹੁਤਾ ਪੰਜਾਬ ਨੂੰ ਹੀ ਝਲਣਾ ਪੈਂਦਾ, ਕਿਉਂਕਿ ਦਿੱਲੀ ਪੁੱਜਣ ਤਕ ਅਕਸਰ ਹਿੰਦੁਸਤਾਨ ਦੀ ਕਿਸਮਤ ਦਾ ਫੈਸਲਾ ਹੋ ਗਿਆ ਹੁੰਦਾ ਅਤੇ ਇਨ੍ਹਾਂ ਦਾ ਜ਼ੋਰ ਘਟ ਜਾਂਦਾ। ਨਾ ਹੀ ਪੰਜਾਬ ਵਿਚ ਬਾਕੀ ਦੇ ਹਿੰਦ ਵਾਂਗੂੰ, ਮੈਗੱਸਥਨੀਜ਼ ਦੇ ਬਿਆਨ ਮੁਤਾਬਿਕ, ਕਿਸਾਨਾਂ ਦਾ ਲੜਾਈ ਨਾਲ ਵਾਸਤਾ ਨਾ ਹੁੰਦਾ ਅਤੇ ਓਹ ਲਾਪਰਵਾਹੀ ਨਾਲ ਲੜਾਈ ਦੇ ਮੈਦਾਨ ਦੇ ਕੋਲ ਹੀ ਬੇਖੱਟਕਾ ਹੱਲ ਵਾਹੀ ਜਾ ਸਕਦੇ*। ਪੰਜਾਬ ਵਿਚ ਜਦ ਬਦੇਸ਼ੀ ਹਮਲਾਆਵਰ ਦਾਖਲ ਹੁੰਦੇ ਤਾਂ ਉਨ੍ਹਾਂ ਦੇ ਦਿਲ ਵਿਚ ਇਥੋਂ ਦੇ ਵਸਨੀਕਾਂ ਦੇ ਵਿਰੁਧ ਨਸਲੀ ਅਤੇ ਜਾਤੀ ਨਫਰਤ ਤੋਂ ਇਲਾਵਾ ਓਹ ਦੁਸ਼ਮਣੀ ਵੀ ਹੁੰਦੀ ਜੋ ਉਨ੍ਹਾਂ ਵਿਰੁਧ ਪੈਦਾ ਹੁੰਦੀ ਹੈ ਜਿਨ੍ਹਾਂ ਨਾਲ ਲੜਨਾ ਪਵੇ। ਮੁਸਲਮਾਨਾਂ ਦੇ ਮਨਾਂ ਵਿੱਚ ਤਾਂ ਕਾਫਰਾਂ ਵਿਰੁਧ ਧਾਰਮਕ ਕਿਸਮ ਦੀ ਨਫਰਤ ਵੀ ਸੀ। ਫਿਰ ਪੰਜਾਬ ਦੇ ਜੱਟ ਕਿਸਾਨ ਚੁਪ ਕਰਕੇ ਨਹੀਂ ਸਨ ਬੈਠਦੇ। ਓਹ ਪਿਛਲੀਆਂ ਹੋਈਆਂ ਹਾਰਾਂ ਦੇ ਕਾਰਨ ਝੱਲੇ ਕਸ਼ਟਾਂ ਨੂੰ ਭੁਲਾਕੇ ਹਰ ਇਕ ਪਰਤ ਰਹੀ ਫੌਜ ਦੇ ਪਿਛਲੇ ਦਸਤਿਆਂ ਉੱਤੇ ਟੁਟ ਕੇ ਪੈ ਜਾਂਦੇ, ਭਾਵੇਂ ਇਹ ਫੌਜ ਮਹਮੂਦ ਗ਼ਜ਼ਨਵੀ ਦੀ ਹੁੰਦੀ, ਨਾਦਰ ਸ਼ਾਹ ਦੀ, ਜਾਂ ਐਹਮਦ ਸ਼ਾਹ ਅਬਦਾਲੀ ਦੀ*। ਜੱਟਾਂ ਤੋਂ ਤੰਗ

*Baden-Powell, p. 193.
†Ibid, pp. 425-6.

*Cambridge History, i, p. 410; The Punjab and the War, M. S. Leigh, p. 4.
†Qanungo, p. 30.

ਆਕੇ ਮਹਮੂਦ ਗ਼ਜ਼ਨਵੀ ਨੇ ਯਾਰੁਵਾਂ ਹੱਲਾ ਇਨ੍ਹਾਂ ਨੂੰ ਸੋਧਣ ਲਈ ਹੀ ਕੀਤਾ*। ਇਨ੍ਹਾਂ ਬਦੇਸ਼ੀ ਹਮਲਿਆਂ ਅਤੇ ਪੰਜਾਬ ਦੀ ਜਨਤਾ ਨਾਲ ਇਨ੍ਹਾਂ ਦੇ ਟਕਰਾਉ ਨਾਲ ਜੋ ਕਤਲਾਮ, ਤਬਾਹੀ ਅਤੇ ਬਰਬਾਦੀ ਹੁੰਦੀ ਹੋਵੇਗੀ, ਉਸ ਦਾ ਅਨੁਮਾਨ ਉਨ੍ਹਾਂ ਮਿਸਾਲਾਂ ਤੋਂ ਲਗ ਸਕਦਾ ਹੈ ਜੋ ਇਤਿਹਾਸ ਵਿਚ ਦਰਜ ਹਨ†, ਅਤੇ ਇਸ ਤੋਂ ਵੀ ਕਿ ਉਸ ਜ਼ਮਾਨੇ ਵਿਚ ਦੁਸ਼ਮਣ ਨਾਲ ਨਰਮਾਈ ਨਾਲ ਵਰਤਾਉ ਕਰਨ ਦਾ ਰਿਵਾਜ ਨਹੀਂ ਸੀ। ਪੰਜਾਬ ਵਿਚ ਜੋ ਚੱਪੇ ਚੱਪੇ ਉੱਤੇ ਪਿੰਡਾਂ ਦੇ ਥੇਹ ਹਨ, ਓਹ ਵੀ ਇਸ ਬਰਬਾਦੀ ਦੀਆਂ ਮੂੰਹੋਂ ਬੋਲਦੀਆਂ ਨਿਸ਼ਾਨੀਆਂ ਹਨ। ਅਜਿਹੇ ਹਾਲਾਤ ਵਿਚੋਂ ਲੰਘਣ ਦੇ ਬਾਵਜੂਦ, ਪੰਜਾਬੀ ਕਿਸਾਨ ਦਾ ਤਕਰੀਬਨ ਦੋ ਹਜ਼ਾਰ ਸਾਲ ਪੰਜਾਬ ਦੀ ਧਰਤੀ ਨਾਲ ਚਿਮੜੇ ਰਹਿਣਾ, ਉਸ ਦੀ ਬਹਾਦਰੀ, ਦ੍ਰਿੜ੍ਹਤਾ, ਹੱਠ ਅਤੇ ਲੱਚਕ ਦੇ ਹੱਕ ਵਿਚ ਵੱਡੀ ਭਾਰੀ ਸ਼ਹਾਦਤ ਹੈ।

ਤਬਾਹੀ ਅਤੇ ਬਰਬਾਦੀ ਸਿਰਫ ਬਦੇਸ਼ੀ ਫੌਜਾਂ ਦੇ ਹਮਲਿਆਂ ਕਾਰਨ ਹੀ ਨਹੀਂ ਸੀ ਹੁੰਦੀ। ਕਿਸੇ ਬਾਦਸ਼ਾਹੀ ਦੇ ਟੁੱਟਣ ਜਾਂ ਕਮਜ਼ੋਰ ਹੋ ਜਾਣ ਨਾਲ, ਰਾਜਸੀ ਤਾਕਤ ਮੱਲਣ ਵਾਸਤੇ ਖਾਨਾਜੰਗੀ ਸ਼ੁਰੂ ਹੋ ਜਾਂਦੀ, ਜਿਸ ਵਿਚ ਕੇਵਲ 'ਜਿਸ ਕੀ ਲਾਠੀ ਉਸ ਕੀ ਭੈਂਸ' ਦੇ ਅਸੂਲ ਦੀ ਵਰਤੋਂ ਹੁੰਦੀ। ਖਾਨਾਜੰਗੀ ਅਤੇ ਬਦਅਮਨੀ ਦੇ ਅਜਿਹੇ ਮੌਕਿਆਂ ਉੱਤੇ ਪੰਜਾਬ ਦੇ ਜੱਟਾਂ ਦੀਆਂ ਆਪਸ ਵਿਚਕਾਰ ਲੜਾਈਆਂ ਸ਼ੁਰੂ ਹੋ ਜਾਂਦੀਆਂ। ਜੱਟਾਂ ਦਾ ਇਹ ਮੰਨਿਆਂ ਪਰਮੰਨਿਆਂ ਖਾਸਾ ਰਿਹਾ ਹੈ ਕਿ ਉਹ ਬਾਹਰਲੇ ਸਾਂਝੇ ਖਤਰੇ ਦੇ ਮੁਕਾਬਲੇ ਲਈ ਇਕੱਠੇ ਹੋ ਕੇ ਲੜਦੇ, ਪਰ ਇਸ ਦੀ ਅਣਹੋਂਦ ਵਿਚ ਆਪਸ ਵਿਚ ਜੁਟ ਪੈਂਦੇ*। ਇਸ ਤਰ੍ਹਾਂ ਪੰਜਾਬ ਦੇ ਪਿੰਡ ਪਿੰਡ ਖਾਨਾ ਜੰਗੀ ਦੀ ਹਾਲਤ ਹੋ ਜਾਂਦੀ। ਸਿਖ ਰਾਜ ਤਕ ਪੰਜਾਬ ਵਿਚ ਛੋਟੇ ਛੋਟੇ ਬੇਗਿਣਤ ਕਿਲ੍ਹੇ ਬਣੇ ਹੋਏ ਸਨ, ਜਿਨ੍ਹਾਂ ਵਿਚੋਂ ਲੁਟੇਰੇ ਨਿਕਲ ਕੇ ਉਦਾਲੇ ਪੁਦਾਲੇ ਦੇ ਲੋਕਾਂ ਨੂੰ ਲੁਟ ਲੈਂਦੇ। ਸ੍ਵੈ-ਰਖਿਆ ਲਈ ਕਿਸਾਨਾਂ ਨੂੰ ਆਪਣੇ ਪਿੰਡ ਕਿਲ੍ਹੇ-ਬੰਧ ਕਰਨੇ ਪੈਂਦੇ ਅਤੇ ਖੂਹਾਂ ਉੱਤੇ ਵੀ ਛੋਟੇ ੨ ਹਿਫਾਜ਼ਤੀ ਮੁਨਾਰੇ ਬਨਾਉਣੇ ਪੈਂਦੇ†। "ਕਿਸਾਨ ਹੱਲ ਵਾਹੁਣ ਵੇਲੇ ਵੀ ਤਲਵਾਰ ਆਪਣੇ ਨਾਲ ਰੱਖਦਾ ਅਤੇ ਮਾਲੀਆ ਉਗਰਾਹੁਣ ਵਾਲਾ ਆਪਣੇ ਨਾਲ ਰਜਮੈਂਟ ਲੈਕੇ ਆਉਂਦਾ‡।"

ਬਦੇਸ਼ੀ ਹੱਲਿਆਂ ਅਤੇ ਖਾਨਾਜੰਗੀ ਤੋਂ ਪੈਦਾ ਹੋਏ ਇਹ ਹਾਲਾਤ ਇਕ ਲਗਾਤਾਰ ਲਾਮਬੰਦੀ ਦੇ ਤੁੱਲ ਸਨ, ਜਿਨ੍ਹਾਂ ਦੇ ਪੰਜਾਬ ਦੀਆਂ ਸਾਰੀਆਂ ਜਾਤੀਆਂ ਉੱਤੇ ਵਧ ਘਟ ਅਸਰ ਹੋਏ। ਪੰਜਾਬੀ ਕਿਸਾਨਾਂ ਦੀ ਲੜਾਕੂ ਸ਼ਕਤੀ ਲਗਾਤਾਰ ਚਮਕਦੀ ਰਹੀ; ਬਲਕਿ ਉਹ ਕੁਝ ਹੱਦ ਤਕ ਕੇਵਲ ਲੜਾਈ ਦੇ ਸ਼ੌਕ ਦੀ ਖਾਤਰ ਲੜਨ ਦੇ ਆਦੀ ਹੋ ਗਏ। ਇਨ੍ਹਾਂ ਹਾਲਾਤ ਕਰਕੇ ਹੀ ਪੰਜਾਬ ਵਿਚ ਸਦੀਆਂ ਬੱਧੀ ਜਾਨ ਮਾਲ ਸੁਰੱਖਅੱਤ ਨਹੀਂ ਰਹੇ, ਜਿਸ ਕਰਕੇ ਇਥੋਂ ਦੇ ਵਸਨੀਕਾਂ, ਖਾਸ ਕਰ ਕਿਸਾਨਾਂ, ਵਿਚ ਜੁਆਰੀਆਂ ਵਾਂਗੂੰ ਸੁਭਾਵਕ ਤੌਰ ਉੱਤੇ ਜਾਨ ਦੀ ਬਾਜੀ ਲਾ ਦੇਣ ਦੀ ਸਪਿਰਟ ਭਰ ਗਈ। ਕਿਸੇ ਕੰਮ ਦੇ ਨਤੀਜੇ ਸੋਚੇ ਵੀਚਾਰੇ ਬਗੈਰ 'ਹੋਊ, ਵੇਖੀ ਜਾਊ' ਕਹਿਕੇ ਓਹ

*Qanungo, p. 31.
†ਤੈਮੂਰ ਨੇ ੧੦੦੦੦ ਹਿੰਦੂ ਭਟਨੇਰ ਕਤਲ ਕੀਤੇ ਅਤੇ ਇਕ ਲਖ ਕੈਦੀ ਦਿੱਲੀ ਦੀ ਜਿੱਤ ਤੋਂ ਪਹਿਲਾਂ।

*Census Report, para 424.
†Trevaskis, p. 185.
‡Ibid, p. 191.



Digitized by Panjab Digital Library | www.panjabdigilib.org

ਵੱਡੇ ਵੱਡੇ ਖਤਰੇ ਮੁੱਲ ਲੇ ਲੈਣ ਦੇ ਆਦੀ ਹੋ ਗਏ। "ਦਲੇਰ ਅਤੇ ਮਨਚਲੇ ਸਿਖਾਂ ਦੇ ਫੁਰਨੇ ਅਤੇ ਕਰਨੀ ਵਿਚ ਵਕਫਾ ਨਹੀਂ ਹੁੰਦਾ* ।" ਉਨ੍ਹਾਂ ਦਾ ਇਹ ਖਾਸਾ ਵੀ ਸ਼ਾਇਦ ਪੰਜਾਬੀ ਉਪ੍ਰੋਕਤ ਸੁਭਾਉ ਦਾ ਇਕ ਪਹਿਲੂ ਹੈ, ਜਿਸ ਨੂੰ ਪੰਜਾਬ ਦੇ ਖਾਸ ਇਤਿਹਾਸਕ ਹਾਲਾਤ ਨੇ ਚਮਕਾਇਆ। ਬਦੇਸ਼ੀ ਫੌਜਾਂ, ਲੁਟੇਰਿਆਂ ਦੇ ਜੱਥੇ, ਜਾਂ ਗਵਾਂਢੀ ਵੈਰੀ ਧੜੇ ਅਕਸਰ ਅਚਾਨਕ ਹੱਲਾ ਕਰ ਦਿੰਦੇ, ਜਿਨ੍ਹਾਂ ਦਾ ਲੋਕਾਂ ਨੂੰ ਧਕਾ ਧੱਕ ਮੁਕਾਬਲਾ ਕਰਨਾ ਪੈਂਦਾ। ਉਨ੍ਹਾਂ ਸਿਖ ਇਨਕਲਾਬੀਆਂ ਲਈ ਇਹ ਹਾਲਾਤ ਹੋਰ ਵੀ ਤਿੱਖੇ ਸਨ, ਜਿਹੜੇ ਮੁਗਲੀਆ ਰਾਜ ਦੇ ਗੜ੍ਹ ਵਿਚ ਛਾਪਾ ਮਾਰ ਲੜਾਈ ਲੜਦੇ ਰਹੇ, ਅਤੇ ਜਿਨ੍ਹਾਂ ਦੇ ਇਕ ਇਕ ਸਿਰ ਵਾਸਤੇ ਐਲਾਨੀਆ ਸਰਕਾਰੀ ਇਨਾਮ ਮੁਕੱਰਰ ਸਨ† ।

ਪਰ ਪੰਜਾਬੀ ਕਿਸਾਨ ਨੂੰ ਜੋ ਸਭ ਤੋਂ ਅਹਿਮ ਅਤੇ ਅਨੋਖਾ ਇਤਹਾਸਕ ਤਜਰਬਾ ਹੋਇਆ, ਉਹ ਉਸ ਦਾ ਮੁਗਲੀਆ ਰਾਜ ਵਿਰੁਧ ਸਿਖਾਂ ਦੀ ਰਾਜਸੀ ਇਨਕਲਾਬੀ ਜਦੋ ਜਹਿਦ ਵਿਚ ਹਿੱਸਾ ਲੈਣਾ ਸੀ, ਕਿਉਂਕਿ ਇਸ ਨੇ ਉਸ ਦੇ ਆਚਾਰ ਦੇ ਕਈ ਇਕ ਲੁਕੇ ਹੋਏ ਪਹਿਲੂਆਂ ਨੂੰ ਪਹਿਲੀ ਵੇਰ ਪ੍ਰਗਟਾਇਆ। ਸਿਖ ਬਹੁਤੇ ਬਣਦੇ ਹੀ ਉਨ੍ਹਾਂ ਪੇਂਡੂਆਂ ਵਿਚੋਂ ਜੋ ਮੁਗਲੀਆ ਰਾਜ ਦੇ ਜ਼ੁਲਮ ਦੇ ਵਿਰੁਧ ਖੜੇ ਹੁੰਦੇ‡। ਪਰ ਉਸਦੀ ਡੀਲ ਡੌਲ ਅਤੇ ਬਹਾਦਰੀ ਦੀ ਜਿੱਥੇ ਉਸ ਦੇ ਦੁਸ਼ਮਣਾਂ ਵੀ ਤਾਰੀਫ ਕੀਤੀ ਹੈ, ਉਥੇ ਤਿਮੂਰ ਅਤੇ ਬਾਬਰ ਦੋਹਾਂ ਨੇ ਉਸ ਨੂੰ ਗਵਾਰ, ਅਸੱਭਯ ਅਤੇ ਲੁਟੇਰਾ ਵੀ ਬਿਆਨ ਕੀਤਾ ਹੈ*। ਸਿਖ ਰਾਜਸੀ ਇਨਕਲਾਬੀ ਅੰਦੋਲਨ ਦੇ ਦੌਰਾਨ ਵਿਚ ਵੀ ਜਦ ਕਦੀ ਸਿਖਾਂ ਦਾ ਪਲੜਾ ਭਾਰੀ ਹੁੰਦਾ ਰਿਹਾ, ਤਾਂ ਇਸ ਵਿਚ ਜੱਟ ਕਿਸਾਨਾਂ ਦਾ ਲੁਟੇਰਾ ਅਨਸਰ ਕਾਫੀ ਗਿਣਤੀ ਵਿਚ ਆ ਸ਼ਾਮਲ ਹੁੰਦਾ ਰਿਹਾ, ਜਿਸ ਨੇ ਸਿਖ ਇਨਕਲਾਬੀ ਅੰਦੋਲਨ ਦੀ ਸੁਹਾਵਨੀ ਤਸਵੀਰ ਨੂੰ ਬੰਦੇ ਬਹਾਦਰ ਅਤੇ ਸਿਖ ਮਿਸਲਾਂ ਵੇਲੇ ਧੱਬਾ ਲਾਇਆ। ਇਸ ਤੋਂ ਇਹ ਜ਼ਾਹਰ ਤਾਂ ਹੁੰਦਾ ਹੈ ਕਿ ਸਿਖ ਅੰਦੋਲਨ ਦੀ ਸਪਿਰਟ ਨੂੰ ਜੱਟ ਕਿਸਾਨਾਂ ਦੀ ਕਾਫੀ ਗਿਣਤੀ ਨੇ ਗ੍ਰਹਿਣ ਨਹੀਂ ਸੀ ਕੀਤਾ, ਪਰ ਕਾਜ਼ੀ ਨੂਰ ਮੁਹੰਮਦ ਦੀ ਉਗਾਹੀ ਦਸਦੀ ਹੈ ਕਿ ਜਿਨ੍ਹਾਂ ਅਨਸਰਾਂ ਨੇ ਇਸ ਸਪਿਰਟ ਨੂੰ ਗ੍ਰਹਿਣ ਕੀਤਾ, ਉਹ ਕਿਤਨੇ ਉਚੇ ਪੈਰਾਏ ਦੇ ਸਭਯ ਆਚਾਰ ਧਾਰਨ ਕਰਨ ਦੇ ਕਾਬਿਲ ਸਨ। ਉਹ ਕਿਸੇ ਕਾਇਰ ਉਤੇ ਵਾਰ ਨਾ ਕਰਦੇ ਅਤੇ ਕਿਸੇ ਭਗੋੜੇ ਨੂੰ ਭਜਣੋ ਨਾ ਰੋਕਦੇ। ਨਾ ਕੇਵਲ ਓਹ ਆਪ ਵਿਭਚਾਰੀ ਅਤੇ ਚੋਰ ਨਹੀਂ ਸਨ, ਬਲਕਿ ਵਿਭਚਾਰੀਆਂ ਅਤੇ ਚੋਰਾਂ ਨਾਲ ਸਾਂਝ ਵੀ ਨਾ ਰੱਖਦੇ† ।

ਸਿਖ ਇਨਕਲਾਬੀ ਜਦੋ ਜਹਿਦ ਵਿਚ ਹਿੱਸਾ ਲੈਣ ਨੇ ਪੰਜਾਬੀ ਕਿਸਾਨ ਦੇ ਆਚਾਰ ਦੇ ਇਕ ਹੋਰ ਪਹਿਲੂ ਨੂੰ ਵੀ ਪਹਿਲੀ ਵੇਰ ਪ੍ਰਗਟ ਕੀਤਾ। ਇਸ ਤੋਂ ਪਹਿਲੋਂ ਉਸ ਦੇ ਆਪਣੇ ਕੋਈ ਰਾਜਸੀ ਇਤਕਾਦ ਜਾਂ ਨਿਸ਼ਾਨੇ ਨਹੀਂ ਸਨ, ਜਿਹੜੇ ਭਾਰੂ ਤਾਕਤ ਅਗੇ ਉਸ ਨੂੰ ਅੜ ਕੇ ਲੜ ਮਰਨ ਦੀ ਪ੍ਰੇਰਨਾ ਕਰਦੇ। ਉਸ ਦੀ

*Rowlatt Report, p. 161.

†Fall of the Mughal Empire, Sir J. Sarkar, p. 426.

‡Ibid, p. 425.

*Elliot, iii, pp. 419 and 454, quoted by Qanungo.

†Qazi Nur Mohammad's Jang Namah, edited and summarised by Ganda Singh, pp. 57-58.

ਤੰਗ ਦਾਇਰੇ ਵਾਲੀ ਪੇਂਡੂ ਆਜ਼ਾਦੀ ਅਤੇ ਉਸ ਦੇ ਜਮਾਤੀ ਆਰਥਕ ਲਾਭਾਂ ਵਿਚ ਦਖਲ ਨਾ ਦਿੱਤਾ ਜਾਂਦਾ ਤਾਂ ਉਹ ਹਰ ਭਾਰੂ ਰਾਜਸੀ ਤਾਕਤ ਨਾਲ ਨਿਰਬਾਹ ਕਰਨੋਂ ਸੰਕੋਚ ਨਾ ਕਰਦਾ। ਮੁਸਲਮਾਨਾਂ ਦੇ ਹਮਲਿਆਂ ਨੇ ਜਿੱਥੇ ਰਾਜਪੂਤਾਂ ਨੂੰ ਰਾਜਪੂਤਾਨੇ ਦੇ ਥਲਾਂ ਜਾਂ ਪਹਾੜਾਂ ਦੀ ਪਨਾਹ ਲੈਣ ਲਈ ਮਜਬੂਰ ਕੀਤਾ*, ਜੱਟ ਕਿਸਾਨ ਪੰਜਾਬ ਵਿਚ ਬਦੇਸ਼ੀ ਰਾਜ ਹੇਠਾਂ ਆਪਣੀ ਜ਼ਮੀਨ ਨਾਲ ਚਿਮੜਿਆ ਰਿਹਾ। ਪੰਜਾਬੀ ਕਿਸਾਨ ਦੀ ਇਸ ਸਮਝੌਤਾ-ਬਿਰਤੀ ਨੇ ਉਸ ਨੂੰ ਮਰਨੋਂ ਬਚਨ ਵਿਚ ਬੜੀ ਮਦਦ ਦਿੱਤੀ। ਪਰ ਇਹ ਵੀ ਜ਼ਾਹਰ ਹੈ ਕਿ ਆਦੱਰਸ਼ਕ ਪ੍ਰੇਰਨਾ ਤੋਂ ਖਾਲੀ, ਜੱਟ ਕਿਸਾਨ ਦੀ ਅਨ-ਘੜਤ ਅਤੇ ਨਾ-ਸਾਧੀ ਹੋਈ ਦਲੇਰੀ ਅਤੇ ਲੜਨ-ਸ਼ਕਤੀ ਵਿਚ, ਉਹ ਪੁਖਤਾਈ ਅਤੇ ਦ੍ਰਿੜ੍ਹਤਾ ਨਹੀਂ ਸੀ ਜੋ ਕਬਾਇਲੀ ਪੱਧਰ ਤੋਂ ਉਚੇਰੀ ਹੋ ਰਾਜਸੀ ਤੌਰ ਉੱਤੇ ਕਾਰਗਰ ਹੋਣ ਦੇ ਯੋਗ ਹੁੰਦੀ। ਸਿੱਖ ਇਨਕਲਾਬੀ ਅੰਦੋਲਨ ਵਿਚ ਹਿੱਸਾ ਲੈਣ ਨੇ ਕੇਂਦਰੀ ਪੰਜਾਬ ਦੇ ਕਿਸਾਨ ਦੀ ਸੁੱਤੀ ਹੋਈ ਰਾਜਸੀ ਇਨਕਲਾਬੀ ਕਲਾ ਨੂੰ ਪਹਿਲੀ ਵੇਰ ਜਗਾਇਆ ਅਤੇ ਇਹ ਪ੍ਰਗੱਟ ਕੀਤਾ ਕਿ ਉਹ ਕਬਾਇਲੀ ਪੱਧਰ ਤੋਂ ਉਚੇਰੇ ਸਮਾਜਕ ਨਿਸ਼ਾਨਿਆਂ ਲਈ ਕਿਤਨੀ ਕੁਰਬਾਨੀ ਕਰ ਸਕਦਾ ਹੈ। ਇਸ ਨੇ ਉਸ ਦੀ ਨਾ-ਸਾਧੀ ਹੋਈ ਦਲੇਰੀ ਨੂੰ ਸਾਧਿਆ, ਅਤੇ ਸਾਬਤ ਕੀਤਾ ਕਿ ਜਦ ਕਿਸੇ ਇਨਕਲਾਬੀ ਆਦੱਰਸ਼ ਦੀ ਉਸ ਦੀ ਉਸ ਨੂੰ ਸਚ ਮੁਚ ਪਕੜ ਹੋ ਜਾਵੇ, ਤਾਂ ਉਹ ਕਠਨ ਤੋਂ ਕਠਨ ਔਕੜਾਂ ਵਿਚ ਇਰਾਦੇ ਦੀ ਕਿਤਨੀ ਦ੍ਰਿੜ੍ਹਤਾ ਅਤੇ ਪੁਖਤਾਈ ਵਿਖਾ ਸਕਦਾ ਹੈ, ਅਤੇ ਸਾਲਾਂ ਬੱਧੀ ਤਸੀਹੇ ਅਤੇ ਮੁਸੀਬਤਾਂ ਝੱਲਣ ਅਤੇ ਢਹਿੰਦੀਆਂ ਕਲਾਂ ਵਾਲੇ ਹਾਲਾਤ ਵਿਚੋਂ ਲੰਘਣ ਦੇ ਬਾਵਜੂਦ ਸਮਝੌਤਾ ਕੀਤੇ ਬਗੈਰ ਕਿਸਤਰ੍ਹਾਂ ਆਪਣੇ ਨਿਸ਼ਾਨੇ ਵਲ ਅਡੋਲ ਤੁਰੀ ਜਾ ਸਕਦਾ ਹੈ।

ਸਿਖਾਂ ਦੀ ਇਨਕਲਾਬੀ ਜਦੋ ਜਹਿਦ ਦੀ ਤਾਕਤ ਦਾ ਰਾਜ਼ ਜਨਤਾ ਦੇ ਉਸ ਇਨਕਲਾਬੀ ਜੋਸ਼ ਵਿਚ ਸੀ ਜੋ, ਭਾਈਚਾਰਕ ਬੇਇਨਸਾਫੀ ਅਤੇ ਇਕ ਜਾਤੀ ਦੇ ਰਾਜਸੀ ਗਲਬੇ ਦੇ ਬਰਖਿਲਾਫ, ਹਿੰਦ ਵਿਚ ਪਹਿਲੀ ਵਾਰ ਭਾਈਚਾਰਕ ਬੰਧਨਾਂ ਨੂੰ ਤੋੜਕੇ ਵਖੋ ਵਖ ਜਾਤੀਆਂ ਦੇ ਅਕੱਠ ਨਾਲ ਪੈਦਾ ਹੋਇਆ* । ਜਿਤਨਾ ਚਿਰ ਇਸ ਅੰਦੋਲਨ ਦੀ ਹਕੂਮਤ ਨਾਲ ਟੱਕਰ ਰਹੀ, ਇਸ ਵਿਚ ਕੁਝ ਆਦੱਰਸ਼ਕ ਜਾਨ ਰਹੀ। ਪਰ ਵਿਰੋਧੀ ਹਕੂਮਤ ਉੱਤੇ ਭਾਰੂ ਹੁੰਦੇ ਸਾਰ ਹੀ, 'ਮਾਨਸ ਕੀ ਜਾਤ ਸਭ ਏਕੋ ਪਹਿਚਾਨਬੋ' ਦੀ ਸਪਿਰਟ ਅਤੇ ਇਨਕਲਾਬੀ ਜੋਸ਼, ਕਿਸਾਨ ਜਾਤੀ ਦੇ ਆਰਥਕ ਹਿੱਤਾਂ ਨਾਲ ਟੱਕਰਾ ਕੇ, ਮੱਠਾ ਪੈਣਾ ਸ਼ੁਰੂ ਹੋ ਗਿਆ; ਕਿਉਂਕਿ ਇਸ ਜਦੋਜਹਿਦ ਵਿਚ ਵਧੇਰੇ ਗਿਣਤੀ ਕਿਸਾਨਾਂ ਦੀ ਸੀ ਜੋ ਆਪਣੇ ਤੋਂ ਹੇਠਾਂ ਦਬਾਈਆਂ ਹੋਈਆਂ ਜਾਤੀਆਂ ਨਾਲ ਜਮੀਨ ਵੰਡਾਉਣ ਨੂੰ ਤਿਆਰ ਨਹੀਂ ਸਨ। ਰਾਜਸੀ ਤਾਕਤ ਹਾਸਲ ਕਰਕੇ ਕੇਂਦਰੀ ਪੰਜਾਬ ਦਾ ਕਿਸਾਨ ਭਾਈ (Comrade) ਕਹਾਉਣੋਂ ਸ਼ਰਮਾਂਦਾ ਅਤੇ ਸਰਦਾਰ (Over-lord) ਕਹਾਉਣ ਵਿਚ ਫਖਰ ਸਮਝਦਾ। ਇਸ ਕਰਕੇ ਸਿਖ ਇਨਕਲਾਬੀ ਜਦੋਜਹਿਦ ਦਾ ਅੰਤਮ ਅਮਲੀ ਸਿੱਟਾ ਇਹੋ ਨਿਕਲਿਆ ਕਿ ਇਸ ਨੇ ਕੇਂਦਰੀ ਪੰਜਾਬ ਦੇ ਕਿਸਾਨਾਂ ਨੂੰ ਇਕ ਮਜ਼ਬੂਤ ਫੌਜੀ ਤਾਕਤ ਵਿਚ ਜਥੇਬੰਦ ਕੀਤਾ, "ਜਿਹੜੀ ਸਾਲਾਂ ਬੱਧੀ ਆਪੋ ਧਾਪੀ ਰਹਿਣ, ਲੀਡਰ ਹੀਨ ਹੋਣ ਅਤੇ ਧੋਖਾ ਦਿਤੇ ਜਾਣ ਦੇ ਬਾਵਜੂਦ ਅਜੇ ਵੀ ਇਤਨੀ ਤਕੜੀ ਸੀ ਕਿ ਇਸ

*Baden-Powell, p. 121. ਪੰਜਾਬ ਵਿਚ ਹੁਣ ਵਸਦਾ ਰਾਜਪੂਤ ਅਨਸਰ ਬਹੁਤਾ ਪਿਛੋਂ ਆਇਆ (Baden-Powell, p. 124).

*Census Report, Para 262.



Digitized by Panjab Digital Library | www.panjabdigilib.org

ਨੇ ਸਾਡੀ (ਅੰਗਰੇਜ਼ੀ) ਸਮੁੱਚੀ ਸਲਤਨਤ ਦੀ ਤਾਕਤ ਦਾ ਮੁਕਾਬਲਾ ਕੀਤਾ ਅਤੇ ਇਸ ਦੇ ਜਿੱਤਣ ਵਿਚ ਮਾੜੀ ਜਿਹੀ ਕਸਰ ਰਹਿ ਗਈ*।" ਸਿਖ ਰਾਜ ਦੇ ਨਸ਼ੇ ਦਾ ਇਹ ਫਾਇਦਾ ਤਾਂ ਹੋਇਆ ਕਿ ਮੁਸਲਮਾਨਾਂ ਦੀ ਹਕੂਮਤ ਦੇ ਕਾਰਨ ਜੋ ਕੇਂਦਰੀ ਪੰਜਾਬ ਦੇ ਕਿਸਾਨ ਦੇ ਸ੍ਵੈਮਾਨ ਨੂੰ ਜੰਗਾਲ ਲਗਣਾ ਅਵੱਸ਼ ਸੀ, ਉਹ ਦੂਰ ਹੋ ਗਿਆ ਅਤੇ ਜੱਟ ਕਿਸਾਨ ਦਾ ਭਾਈਚਾਰਕ ਰੁਤਬਾ ਵੱਧ ਗਿਆ†। ਉਸ ਦੀ ਲੜਾਕੂ ਅਤੇ ਮਨਚਲੀ ਸਪਿੱਰਟ ਹੋਰ ਤੇਜ਼ ਹੋ ਗਈ, ਕਿਉਂਕਿ ਸਿਖ ਰਾਜ ਵਿਚ ਤਕਰੀਬਨ ਹਰ ਇਕ ਸਿਖ ਸਿਪਾਹੀ ਸੀ‡। ਪਰ ਸਿਖੀ ਅੰਦੋਲਨ ਦੀ ਇਨਕਲਾਬੀ ਸਪਿੱਰਟ ਗਵਾ ਕੇ ਕੇਂਦਰੀ ਪੰਜਾਬ ਦੇ ਕਿਸਾਨ ਨੇ ਕੀ ਕੁਝ ਗਵਾਇਆ, ਇਸ ਦਾ ਪਤਾ ਓਦੋਂ ਲਗਾ ਜਦੋਂ ਅੰਗ੍ਰੇਜ਼ਾਂ ਕੋਲੋਂ ਹਾਰ ਖਾ ਕੇ ਜਦੋਜਹਿਦ ਜਾਰੀ ਰੱਖਣ ਲਈ ਉਸ ਪਾਸ ਕੋਈ ਵੀਚਾਰ-ਧਾਰਾ ਦਾ ਆਸਰਾ ਨਾ ਰਿਹਾ; ਬਲਕਿ ਉਸ ਨੂੰ ਆਪਣੇ ਜੇਤੂ ਦੁਸ਼ਮਣ ਦੀ ਖੁਸ਼ੀ ਖੁਸ਼ੀ ਨੌਕਰੀ ਕਰਨ ਵਿਚ ਕੋਈ ਖਾਸ ਦੁਖ ਪਰਤੀਤ ਨਾ ਹੋਇਆ ਅਤੇ ਹੁਣ 'ਸਰਦਾਰੀ' ਤੋਂ ਡਿੱਗਕੇ 'ਸੂਬੇਦਾਰ' ਅਖਵਾਉਣ ਵਿਚ ਮਾਣ ਕਰਨ ਲੱਗਾ।

ਅੰਗਰੇਜ਼ੀ ਰਾਜ ਆਉਣ ਨਾਲ, ਸਾਰੇ ਹਿੰਦੁਸਤਾਨ ਵਾਂਗੂੰ, ਕੇਂਦਰੀ ਪੰਜਾਬ ਦੇ ਕਿਸਾਨ ਦੇ ਇਤਹਾਸ ਦਾ ਇੱਕ ਬਿਲਕੁਲ ਨਵਾਂ ਦੌਰ ਸ਼ੁਰੂ ਹੋ ਗਿਆ। ਪਹਿਲਾਂ ਹੋ ਚੁਕੀਆਂ ਰਾਜ ਤਬਦੀਲੀਆਂ ਵਾਂਗੂ ਇਹ ਕੇਵਲ ਇਕ ਨਵੇਂ ਘਰਾਣੇ, ਕਬੀਲੇ, ਜਾਂ ਜਾਤੀ ਦਾ ਰਾਜ ਆਰੰਭ ਨਹੀਂ ਸੀ ਹੋਇਆ, ਬਲਕਿ ਇਸ ਨੇ ਕੇਂਦਰੀ ਪੰਜਾਬ ਦੇ ਕਿਸਾਨ ਨੂੰ ਬੁਨਿਆਦੀ ਤੌਰ ਉਤੇ ਇਕ ਨਵੀਨ ਆਰਥਕ ਪਰਬੰਧ ਅਤੇ ਉਸ ਤੋਂ ਉਪਜੀਆਂ ਡੂੰਘੀਆਂ ਲਹਿਰਾਂ ਅਤੇ ਅਸਰਾਂ ਨਾਲ ਜੋੜ ਦਿਤਾ। ਸਨਅੱਤੀ ਇਨਕਲਾਬ (Industrial Revolution) ਅਤੇ ਇਸ ਨਾਲ ਸਬੰਧਤ ਸਰਮਾਏਦਾਰੀ ਪਰਬੰਧ ਪਹਿਲੋਂ ਪਛਮੀਂ ਯੂਰਪ ਵਿਚ ਅਰੰਭ ਹੋਇਆ ਅਤੇ ਇੰਗਲਸਤਾਨ ਸ਼ੁਰੂ ਵਿਚ ਇਸਦਾ ਸਭ ਤੋਂ ਵੱਡਾ ਕੇਂਦਰ ਬਣਿਆ। ਮਸ਼ੀਨੀ ਇਨਕਲਾਬ ਅਤੇ ਸਰਮਾਏਦਾਰੀ ਪਰਬੰਧ ਤੋਂ ਹੀ ਕੌਮੀਅਤ (Nationalism) ਅਤੇ ਜਿੰਦਗੀ ਦੀਆਂ ਉਹ ਕੀਮਤਾਂ ਅਤੇ ਸਭਿਆਚਾਰ ਪੈਦਾ ਹੋਇਆ, ਜਿਸ ਨੂੰ ਠੁੱਲੇ ਲਫਜ਼ਾਂ ਵਿੱਚ ਪਛਮੀ ਸਭਿਆਚਾਰ ਦਾ ਨਾਮ ਦਿਤਾ ਜਾਂਦਾ ਹੈ। ਪੰਜਾਬ ਦੇ ਅੰਗਰੇਜ਼ੀ ਰਾਜ ਵਿਚ ਸ਼ਾਮਲ ਹੋਣ ਨਾਲ ਪੰਜਾਬੀ ਕਿਸਾਨ ਸਰਮਾਏਦਾਰੀ ਪਰਬੰਧ ਅਤੇ ਉਸ ਨਾਲ ਸੰਬੰਧਤ ਪਛਮੀ ਸਭਿਆਚਾਰ ਦੀ ਵਲ੍ਹੇਟ ਵਿਚ ਆ ਗਿਆ, ਜਿਨ੍ਹਾਂ ਦੇ ਉਸ ਉਤੇ ਕੱਤਈ ਨਵੀਨ ਅਤੇ ਡੂੰਘੇ ਆਰਥਕ, ਭਾਈਚਾਰਕ ਅਤੇ ਰਾਜਸੀ ਅਸਰ ਹੋਣੇ ਲਾਜਮੀ ਸਨ। ਪਰ ਜਦ ਇਕ ਪੁਰਾਣਾ ਆਰਥਕ ਪਰਬੰਧ ਟੁਟ ਰਿਹਾ ਹੋਵੇ ਅਤੇ ਉਸਦੀ ਥਾਂ ਇਕ ਨਵਾਂ ਆਰਥਕ ਪਰਬੰਧ ਮੱਲ ਰਿਹਾ ਹੋਵੇ, ਤਾਂ ਉਨ੍ਹਾਂ ਦੇ ਪਰਸਪਰ ਮੇਲ ਜਾਂ ਟਕਰਾਉ ਤੋਂ ਉਤਪਨ ਹੋਈਆਂ ਰੁਚੀਆਂ ਕਾਫੀ ਗੁੰਝਲਦਾਰ ਅਤੇ ਪੇਚੀਦਾ ਹੁੰਦੀਆਂ ਹਨ ਅਤੇ ਉਨ੍ਹਾਂ ਦੇ ਅਸਰ ਹੌਲੀ ਹੌਲੀ ਪੈਂਦੇ ਹਨ। ਕਿਉਂਕਿ 'ਗਦਰ ਪਾਰਟੀ ਲਹਿਰ' ਵਿਚ ਹਿੱਸਾ ਲੈਣ ਵਾਲੇ ਪੰਜਾਬੀ ਕਿਸਾਨ, ਪੰਜਾਬ ਦੇ ਅੰਗਰੇਜ਼ੀ ਰਾਜ ਵਿਚ ਸ਼ਾਮਲ ਹੋਣ ਪਿਛੋਂ ਕੇਵਲ ਪੰਜਾਹ ਸੱਠ ਸਾਲ ਦੇ ਅਰਸੇ ਵਿਚ ਕੈਨੇਡਾ, ਅਮਰੀਕਾ ਅਤੇ ਧੁਰ ਪੂਰਬ ਦੇ ਦੇਸਾਂ ਨੂੰ ਚਲੇ ਗਏ ਸਨ, ਇਸ ਵਾਸਤੇ ਉਨ੍ਹਾਂ ਦੇ ਆਚਾਰ ਉੱਤੇ ਸਰਮਾਏਦਾਰੀ ਪ੍ਰਬੰਧ ਤੋਂ ਉਪਜੇ ਅਸਰ ਨੁਮਾਇਆ ਨਹੀਂ ਸਨ, ਜਿਨ੍ਹਾਂ ਬਾਰੇ ਬਹੁਤ ਤਫਸੀਲ ਵਿਚ ਜਾਣ ਦੀ ਲੋੜ ਹੋਵੇ। ਅਮਰੀਕਾ, ਕੈਨੇਡਾ ਅਤੇ ਧੁਰ ਪੂਰਬ ਨੂੰ ਵੀਹਵੀਂ ਸਦੀ ਦੇ ਸ਼ੁਰੂ ਵਿਚ ਗਏ ਪੰਜਾਬੀ ਕਿਸਾਨ ਅਨਸਰ ਦੇ ਆਚਾਰ ਅਤੇ ਪ੍ਰਕਿਰਤੀ ਦਾ ਸੱਚਾ ਬੁਨਿਆਦੀ ਤੌਰ ਉੱਤੇ ਤਕਰੀਬਨ ਓਹੋ ਸੀ ਜਿਸ ਦਾ ਖਾਕਾ ਅਗੇ ਖਿਚਿਆ ਜਾ ਚੁਕਾ ਹੈ। ਅਰਥਾਤ ਅਮਨ ਚੈਨ ਦੀ ਜ਼ਿੰਦਗੀ ਅਤੇ ਨਵੀਨ ਸਭਿਅਤਾ ਦੇ ਅਸਰਾਂ ਹੇਠ ਉਸ ਦੀ ਲੜਨ ਸ਼ਕਤੀ ਵਿੱਚ ਦਿਨੋਂ ਦਿਨ ਫਰਕ ਪੈਣ ਲਗ ਪਿਆ ਸੀ, ਪਰ ਜਿਸ ਸਮੇਂ ਉਹ ਅਮਰੀਕਾ ਆਦਿ ਦੇਸਾਂ ਵਿੱਚ ਗਿਆ, ਉਹ ਅਜੇ ਵੀ ਬੜਾ ਬਹਾਦਰ ਸੀ, ਜਿਸ ਦੀ ਪਹਿਲੇ ਸੰਸਾਰ ਯੁਧ ਵਿਚ ਬਹਾਦਰੀ ਦੀ ਦਾਦ ਯੂਰਪੀਨ ਪਾਰਖੂਆਂ ਨੇ ਵੀ ਦਿਤੀ ਹੈ। ਜ਼ਬਾਨ ਨਾਲੋਂ ਉਸ ਦੇ ਹੱਥ ਵਧੇਰੇ ਚਲਦੇ ਅਤੇ ਇਤਨੀ ਤੱਟ ਫੱਟ ਕਿ ਉਸ ਦੇ ਫੁਰਨੇ ਅਤੇ ਕਰਨੀ ਵਿਚ ਬਹੁਤਾ ਵਕਫਾ ਨਾ ਹੁੰਦਾ*। ਉਹ ਅਜੇ ਵੀ ਕਾਫੀ ਨਿਰਛੱਲ ਅਤੇ ਨੱਕ ਦੀ ਸੇਧੇ ਤੁਰਨ ਵਾਲਾ ਸੀ†। ਵਾਹੀ ਦੇ ਕਿੱਤੇ ਅਤੇ ਕੇਂਦਰੀ ਪੰਜਾਬ ਦੇ ਵਿਸ਼ੇਸ਼ ਹਾਲਾਤ (ਜਿਨ੍ਹਾਂ ਦਾ ਅੱਗੇ ਜ਼ਿਕਰ ਕੀਤਾ ਜਾ ਚੁਕਾ ਹੈ) ਨੇ ਉਸ ਨੂੰ ਅੱਗੇ ਹੀ ਕਾਫੀ ਸ਼ਖਸੀਅਤ ਪਸੰਦ ਬਣਾਇਆ ਸੀ; ਸਰਮਾਏਦਾਰੀ ਪਰਬੰਧ ਨਾਲ ਜੁੜਨ ਤੋਂ ਪੈਦਾ ਹੋਏ ਅਸਰਾਂ ਨੇ ਉਸ ਦੀਆਂ ਸ਼ਖਸੀਅਤ ਪਸੰਦ ਰੁਚੀਆਂ ਨੂੰ ਹੋਰ ਵੀ ਚਮਕਾਇਆ। ਉਹ ਆਪਣੇ ਉਤੇ ਬੜਾ ਭਰੋਸਾ ਰਖਦਾ ਅਤੇ ਲੀਡਰਾਂ ਦੀ ਅਗਵਾਈ ਬਿਨਾਂ ਵੀ ਆਪਣੀ ਪਹਿਲ ਉਤੇ ਕੁਝ ਕਰ ਗੁਜ਼ਰਦਾ। ਉਸ ਵਿਚ ਲੋੜ ਨਾਲੋਂ ਵੱਧ ਸ਼ਖਸੀ ਸ੍ਵੈਮਾਨ ਅਤੇ ਜਾਤੀ ਅਭਿਮਾਨ ਸੀ, ਅਤੇ ਆਪਣੀਆਂ ਰਵਾਇਤਾਂ ਅਤੇ ਸੁਭਾਵਕ ਸ਼ਖਸੀਅਤ ਪਸੰਦ ਰੁਚੀਆਂ ਦੇ ਮੁਤਾਬਕ ਆਪਣੀ ਸ਼ਖਸੀ ਆਜ਼ਾਦੀ ਦੀ ਬੜੀ ਕਦਰ ਕਰਦਾ*। ਕਿਸੇ ਆਦਰਸ਼, ਲਗਨ ਜਾਂ ਨਿਸ਼ਾਨੇ ਤੋਂ ਬਿਨਾਂ ਉਸਦੀ ਦਲੇਰੀ ਅਣਸਾਧੀ ਅਤੇ ਬੇਰੁਖੀ ਹੁੰਦੀ, ਜਿਸ ਦਾ, ਉਸ ਵਿਚ ਰਾਜਸੀ ਚੇਤਨਤਾ ਨਾ ਹੋਣ ਦੇ ਕਾਰਨ, ਬੇਗਾਨੇ ਅਕਸਰ ਜਾਇਜ਼ ਨਾ-ਜਾਇਜ਼ ਫਾਇਦਾ ਉਠਾ ਲੈਂਦੇ। ਪਰ ਜਦ ਕਦੀ ਵੀ ਉਸ ਨੂੰ ਇਨਕਲਾਬੀ ਜਾਗ ਲੱਗੀ ਅਤੇ ਉਸ ਦੇ ਆਪਣੇ ਨਿਸ਼ਾਨੇ ਬਣੇ, ਤਾਂ ਉਸ ਨੇ ਵਿਖਾਇਆ ਕਿ ਉਹ ਕਿਤਨੇ ਦਰਜੇ ਦੀ ਕੁਰਬਾਨੀ ਦੀ ਸਮਰੱਥਾ ਅਤੇ ਇਰਾਦੇ ਦੀ ਦ੍ਰਿੜ੍ਹਤਾ ਦਾ ਮਾਲਕ ਹੋ ਸਕਦਾ ਹੈ।

ਸਿੰਘ ਸਭਾ ਲਹਿਰ (ਜੋ ਆਰੀਆ ਸਮਾਜ ਲਹਿਰ ਦੀ ਤਰ੍ਹਾਂ ਸਰਮਾਏਦਾਰੀ ਪਰਬੰਧ ਦੀਆਂ ਨਵੀਨ ਆਰਥਕ ਤਾਕਤਾਂ ਅਤੇ ਪੱਛਮੀ ਸਭਿਆਚਾਰ–ਜਿਸ ਦਾ ਸਾਇੰਸ ਵਾਲਾ ਨਜ਼ਰੀਆ ਹਰ ਐਸੀ ਗੱਲ ਉੱਤੇ ਕਿੰਤੂ ਕਰਦਾ ਜਿਸ ਨੂੰ ਅਕਲ ਨਾ ਮੰਨਦੀ–ਦੇ ਪੁਰਾਣੀਆਂ ਵੀਚਾਰ ਧਾਰਾਂ ਨਾਲ ਪ੍ਰਤਿਕਰਮ ਤੋਂ ਪੈਦਾ ਹੋਈ, ਅਤੇ ਜੋ ਨਵੀਨ ਪੈਦਾ ਹੋ ਰਹੀ ਕੌਮੀਅਤ ਦੇ ਸਿਖ ਤਬਕੇ ਵਿਚ ਰਾਜਸੀ ਚੇਤੰਨਤਾ ਦੇ ਪਹਿਲੇ ਆਸਾਰ ਸਨ) ਭਾਵੇਂ ਤੰਗ ਫਿਰਕੂ ਨਜ਼ਰੀਏ ਵਾਲੀ ਲਹਿਰ ਸੀ, ਪਰ ਇੱਕ ਦ੍ਰਿਸ਼ਟੀ ਕੋਨ ਤੋਂ ਕੇਂਦਰੀ ਪੰਜਾਬ ਦੇ ਕਿਸਾਨ ਵਾਸਤੇ ਇਸ ਨੇ ਇਕ ਸੁਰਜੀਤ ਹੋਈ ਜਾਗਰਤੀ ਲਹਿਰ (Renaissance Movement) ਦਾ ਕੰਮ ਕੀਤਾ। ਇਸ ਨੇ ਉਸ ਵਿਚ ਅੰਗਰੇਜ਼ਾਂ ਹੱਥ ਰਾਜ ਗਵਾਉਣ ਪਿਛੋਂ ਪਹਿਲੀ ਵੇਰ ਜਨਤਕ ਪੱਧਰ ਉੱਤੇ ਸਮਾਜਕ ਚੇਤੰਨਤਾ ਪੈਦਾ ਕੀਤੀ, ਅਤੇ ਉਸ ਨੂੰ ਉਸਦੀਆਂ ਭੁਲੀਆਂ ਹੋਈਆਂ ਕੁਰਬਾਨੀਆਂ ਅਤੇ ਸ਼ਹੀਦੀਆਂ ਭਰਪੂਰ ਰਵਾਇਤਾਂ ਨਾਲ

*The Punjab in Peace and War, S. S. Thorburn, p. 25.
†Census Report, Paras 422-23.
‡Ibid, Para 126.

*Rowlatt Report, p. 161.
†Lajpat Rai, p. 468.
‡Census Report, Para 424.



Digitized by Panjab Digital Library | www.panjabdigilib.org

ਜੋੜਿਆ। ਇਸਤਰ੍ਹਾਂ ਵੀਹਵੀਂ ਸਦੀ ਦੇ ਸ਼ੁਰੂ ਵਿਚ ਕੇਂਦਰੀ ਪੰਜਾਬ ਦੇ ਕਿਸਾਨ ਅਨਸਰ (ਜੋ ਕੈਨੇਡਾ ਅਮਰੀਕਾ ਆਦਿ ਦੇਸਾਂ ਨੂੰ ਗਿਆ ਅਤੇ ਜਿਸ ਨੇ ਗਦਰ ਪਾਰਟੀ ਲਹਿਰ ਵਿਚ ਬਹੁਤਾ ਹਿੱਸਾ ਲਿਆ ਅਤੇ ਇਸ ਨੂੰ ਆਪਣੇ ਸੁਭਾਉ ਦੀ ਕਾਫੀ ਰੰਗਤ ਦਿੱਤੀ) ਵਿਚ ਰਾਜਸੀ ਚੇਤੰਨਤਾ ਭਾਵੇਂ ਨਾ ਹੋਇਆਂ ਬਰਾਬਰ ਸੀ, ਪਰ ਉਸ ਵਿਚ ਨਵੇਂ ਵੀਚਾਰ ਸੁਣਨ ਅਤੇ ਉਨ੍ਹਾਂ ਦਾ ਹਲੂਣਾ ਖਾਣ ਦੀ ਚੇਤੰਨਤਾ ਪੈਦਾ ਹੋ ਚੁਕੀ ਸੀ। "ਉਸ ਦੇ ਮਨ ਦੀ ਤਹਿ ਵਿਚ ਭਾਈਚਾਰਕ ਭਲਾਈ ਲਈ ਅੱਗ ਅਤੇ ਉਤਸ਼ਾਹ ਛੁਪਿਆ ਹੋਇਆ ਸੀ*।" ਅਰਥਾਤ ਉਹ ਗੁਰਦੇ ਵਾਲਾ, ਸ੍ਵੈਮਾਨ ਵਾਲਾ ਅਤੇ ਨਰੋਆ ਦਲੇਰ ਅਨਸਰ ਸੀ, ਜਿਸ ਵਿਚ ਇਨਕਲਾਬੀ ਰਾਹ ਉਤੇ ਤੁਰਨ ਦੀਆਂ ਕਾਫੀ ਸੰਭਾਵਨਾ ਭਰਪੂਰ ਖੂਬੀਆਂ ਸਨ, ਪਰ ਜਿਸ ਨੂੰ ਇਨਕਲਾਬੀ ਜਾਗ ਅਤੇ ਸਿੱਖਿਆ ਦੀ ਅਜੇ ਲੋੜ ਸੀ।

---

## ਦੂਜਾ ਕਾਂਡ

# ਪੰਜਾਬੀ ਕਿਸਾਨ ਕੈਨੇਡਾ ਅਤੇ ਅਮਰੀਕਾ ਵਿੱਚ

ਪੰਜਾਬੀ ਕਿਸਾਨ ਨੂੰ ਵੀਹਵੀਂ ਸਦੀ ਦੇ ਸ਼ੁਰੂ ਵਿਚ ਬਦੇਸ਼ਾਂ ਵਲ ਜਾਣ ਲਈ ਪ੍ਰੇਰਨਾ ਦੇਣ ਦੇ ਮੁਖ ਕਾਰਨ ਆਰਥਕ ਸਨ। ਸਿੰਚਾਈ ਦੇ ਨਵੇਂ ਵਸੀਲਿਆਂ, ਖਾਸ ਕਰ ਨਹਿਰਾਂ, ਅਤੇ ਅਨਾਜ ਦੀ ਕੌਮਾਂਤਰੀ ਮੰਗ ਨੇ ਅਜਿਹਾ ਖੁਸ਼ਹਾਲੀ ਦਾ ਸਮਾਂ ਲਿਆਂਦਾ, ਜਿਸਦਾ ਉਸ ਦੇ ਵੱਡੇ ਵਡੇਰੇ ਸੁਫਨੇ ਵਿਚ ਵੀ ਖਿਆਲ ਨਹੀਂ ਸਨ ਕਰ ਸਕਦੇ। ਪਰ ਇਸ ਖੁਸ਼ਹਾਲੀ ਅਤੇ ਯੂਰਪੀਨ ਤਹਿਜ਼ੀਬ ਦੇ ਅਸਰਾਂ ਨੇ ਉਸ ਦੀ ਜ਼ਿੰਦਗੀ ਦਾ ਮਿਆਰ ਵੀ ਉੱਚਾ ਕੀਤਾ ਅਤੇ ਉਸ ਦੀਆਂ ਲੋੜਾਂ ਵਧ ਗਈਆਂ। ਇਸ ਤੋਂ ਇਲਾਵਾ ਅੰਗਰੇਜ਼ੀ ਰਾਜ ਦੇ ਅਮਨ ਵਿਚ ਆਬਾਦੀ ਦਿਨ ਦੂਣੀ ਅਤੇ ਰਾਤ ਚੌਗੁਣੀ ਵਧੀ, ਜਿਸ ਕਰਕੇ ਖੇਤੀ ਬਾੜੀ ਉੱਤੇ ਗੁਜ਼ਾਰਾ ਕਰਨ ਵਾਲਿਆਂ ਦੀ ਗਿਣਤੀ ਵਿਚ ਬੜਾ ਭਾਰੀ ਵਾਧਾ ਹੋਇਆ। ੧੮੭੨-੭੩ ਅਤੇ ੧੯੦੨-੩ ਸੰਨਾਂ ਵਿਚਕਾਰ ਆਪਣੀ ਮਰਜ਼ੀ ਨਾਲ ਬਣੇ ਰਾਹਕਾਂ (Tenants-at-will) ਦੀ ਗਿਣਤੀ ਕਰੀਬਨ ਪੰਜ ਗੁਣਾਂ ਹੋ ਗਈ*। ਖੇਤੀ ਬਾੜੀ ਉੱਤੇ ਗੁਜ਼ਾਰਾ ਕਰਨ ਵਾਲਿਆਂ ਦੀ ਗਿਣਤੀ ਦਾ ਇਹ ਵਾਧਾ ਕੇਂਦਰੀ ਪੰਜਾਬ ਦੇ ਮੈਦਾਨਾਂ ਵਿਚ ਵਧੇਰੇ ਸੀ। ਪੰਜਾਬ ਵਿਚ ਸਮੁਚੇ ਤੌਰ ਉੱਤੇ ਜਿਥੇ ਇਕ ਮਾਲਕ ਕਿਸਾਨ ੮ ਏਕੜ ਆਪਣੀ ਜ਼ਮੀਨ ਅਤੇ ਗਾਲਬਨ ੪ ਏਕੜ ਕਿਸੇ ਹੋਰ ਤੋਂ ਠੇਕੇ ਜਾਂ ਹਿੱਸੇ ਉੱਤੇ ਲੈ ਕੇ ਵਾਹੁੰਦਾ, ਕੇਂਦਰੀ ਪੰਜਾਬ ਦੇ ਮੈਦਾਨਾਂ ਵਿਚ ਅਜਿਹਾ ਰਕਬਾ ੩ ਏਕੜ ਤੋਂ ੮ ਏਕੜ ਦੇ ਵਿਚਕਾਰ ਹੁੰਦਾ*।

ਜ਼ਮੀਨ ਦੇ ਰਾਹਕਾਂ ਦੀ ਗਿਣਤੀ ਵਿਚ ਵਾਧੇ ਦਾ ਇਕ ਹੋਰ ਕਾਰਨ ਵੀ ਸੀ। ਸਰਮਾਏਦਾਰੀ ਪਰਬੰਧ ਨਾਲ ਜੁੜਨ ਦਾ ਇਹ ਅਸਰ ਹੋਇਆ ਕਿ ਜ਼ਮੀਨ ਹੁਣ ਹੋਰਨਾਂ ਛੈਆਂ ਵਾਂਗੂੰ ਵੇਚੀ ਅਤੇ ਖ੍ਰੀਦੀ ਜਾ ਸਕਣ ਵਾਲੀ ਇਕ ਛੈਅ (Commodity) ਬਣ ਗਈ। ਅੰਗਰੇਜ਼ੀ ਰਾਜ ਤੋਂ ਪਹਿਲੋਂ ਵੀ ਖ਼ੇਤੀ ਬਾੜੀ ਦੇ ਲਾਇਕ ਜ਼ਮੀਨ ਵਿਕਣ ਦੀਆਂ ਮਿਸਾਲਾਂ ਮਿਲਦੀਆਂ ਸਨ, ਪਰ ਇਹ ਬਹੁਤ ਘੱਟ ਸਨ ਕਿਉਂਕਿ ਜ਼ਮੀਨ ਦੀ ਕੀਮਤ ਬਹੁਤ ਘੱਟ ਸੀ। ਅੰਗਰੇਜ਼ੀ ਰਾਜ ਵਿਚ ਜ਼ਮੀਨ ਦੀ ਕੀਮਤ ਵੱਧ ਜਾਣ ਦਾ ਸਿੱਟਾ ਇਹ ਹੋਇਆ ਕਿ ਜ਼ਮੀਨ ਕਾਸ਼ਤਕਾਰਾਂ ਦੇ ਹੱਥੋਂ ਨਿਕਲਕੇ ਸ਼ਾਹੂਕਾਰਾਂ, ਜੋ ਅਮੂਮਨ ਗ਼ੈਰ-ਕਾਸ਼ਤਕਾਰ ਸ਼ਰੇਣੀਆਂ ਦੇ ਹੁੰਦੇ, ਦੇ ਹੱਥ ਦਬਾ ਦੱਬ ਜਾਣੀ ਸ਼ੁਰੂ ਹੋ ਗਈ, ਅਤੇ ਕਿਸਾਨ-ਮਾਲਕਾਂ ਦੀ ਕਾਫੀ ਗਿਣਤੀ ਰਾਹਕ ਬਣਨ ਲਈ ਮਜਬੂਰ ਹੋਣ ਲਗ ਗਈ। ਪੰਜਾਬੀ ਕਿਸਾਨ ਸ਼ਾਹੂਕਾਰਾਂ ਦੇ ਸ਼ਕੰਜੇ ਵਿਚ ਇਤਨਾ ਫਸਣ ਲਗ ਗਿਆ ਕਿ ਅੰਗਰੇਜ਼ੀ ਸਰਕਾਰ ਨੂੰ ਆਪਣੇ ਸ਼ਹਿਨਸ਼ਾਹੀ ਹਿੱਤਾਂ ਖਾਤਰ ਫਿਕਰ ਪੈ ਗਿਆ; ਕਿਉਂਕਿ ਉਸ ਨੂੰ ਰੂਸ ਦੇ ਹਿੰਦ ਵਲ ਵਧਣ ਦਾ ਡਰ ਸੀ ਅਤੇ ਅੰਗਰੇਜ਼ੀ ਸਰਕਾਰ ਨੂੰ ਖਿਆਲ ਸੀ ਕਿ ਸ਼ਾਇਦ ਪੰਜਾਬੀ ਕਿਸਾਨ ਨੂੰ ਰੂਸ ਨਾਲ ਲੜਾਉਣ ਦੀ ਲੋੜ ਪਵੇ। ਇਸ ਵਾਸਤੇ ਉਹ ਨਹੀਂ ਚਾਹੁੰਦੀ ਸੀ ਕਿ ਪੰਜਾਬੀ ਕਿਸਾਨ ਬਦਜ਼ਨ ਹੋ ਜਾਏ। ਪਰ ਸਰਮਾਏਦਾਰੀ ਪਰਬੰਧ ਨੂੰ ਇਸ ਰੋਗ ਦਾ ਅਸਲੀ ਕਾਰਨ ਤਸਲੀਮ ਕਰਨ ਦੀ ਬਜਾਏ (ਕਿਉਂਕਿ ਅੰਗਰੇਜ਼ੀ ਸਾਮਰਾਜ ਦੀ ਜਿੰਦ ਜਾਨ ਵੀ ਸਰਮਾਏਦਾਰੀ ਪਰਬੰਧ ਸੀ, ਅਤੇ ਉਹ ਇਸ ਨੂੰ ਛੱਡ ਨਹੀਂ ਸੀ ਸਕਦੀ ਅਤੇ ਨਾ ਹੀ ਇਸ ਦੇ ਢਾਂਚੇ ਵਿਚ ਬੁਨਿਆਦੀ ਤਬਦੀਲੀ ਕਰ ਸਕਦੀ ਸੀ) ਅੰਗਰੇਜ਼ੀ ਸਰਕਾਰ ਨੇ ਭਾਂਡਾ ਹਿੰਦੂ ਸ਼ਾਹੂਕਾਰ ਸ਼ਰੇਣੀ ਦੇ ਸਿਰ ਭੰਨ ਦਿੱਤਾ। ਇਹ ਠੀਕ ਹੋਵੇਗਾ ਕਿ ਗੈਰ-ਕਾਸ਼ਤਕਾਰ ਸ਼ਾਹੂਕਾਰਾਂ ਦਾ ਕਿਸਾਨਾਂ ਨਾਲ ਲਹੂ ਦਾ ਜਾਂ ਭਾਈਚਾਰਕ ਰਿਸ਼ਤਾ ਨਾ ਹੋਣ ਕਰਕੇ, ਉਹ ਕਾਸ਼ਤ-ਕਾਰ ਸ਼ਾਹੂਕਾਰਾਂ ਨਾਲੋਂ ਕੁਝ ਵਧੇਰੀ ਬੇਲਿਹਾਜ਼ੀ ਨਾਲ ਆਪਣਾ ਸ਼ਾਹੂਕਾਰਾ ਕਰਦੇ ਹੋਣਗੇ। ਪਰ ਅੰਗਰੇਜ਼ ਲਿਖਾਰੀਆਂ ਨੇ ਗੈਰ-ਕਾਸ਼ਤਕਾਰ, ਖਾਸ ਕਰ ਹਿੰਦੂ, ਸ਼ਾਹੂਕਾਰਾਂ ਨੂੰ ਲੋੜ ਨਾਲੋਂ ਵਧੇਰੇ ਭੰਡਿਆ, ਅਤੇ ਅੰਗਰੇਜ਼ੀ ਸਰਕਾਰ ਨੇ ਐਕਟ ਇੰਤਕਾਲ ਇਰਾਜ਼ੀ (The Land Alienation Act of 1900) ਪਾਸ ਕਰਕੇ ਜ਼ਮੀਨ ਨੂੰ ਗੈਰ-ਕਾਸ਼ਤਕਾਰਾਂ ਦੇ ਹੱਥ ਕੁਰਕ ਹੋਣੋਂ ਰੋਕ ਦਿੱਤਾ। ਐਕਟ ਇੰਤਕਾਲ ਇਰਾਜ਼ੀ ਨੇ ਵੀ ਕੇਵਲ ਕਿਸਾਨ ਨੂੰ ਗੈਰ-ਕਾਸ਼ਤਕਾਰ ਸ਼ਰੇਣੀਆਂ ਦੇ ਸ਼ਾਹੂਕਾਰਾਂ ਕੋਲੋਂ ਬਚਾਇਆ। ਜ਼ਮੀਨ ਦਾ ਮੁਲ ਵੱਧ ਜਾਣ ਕਰਕੇ ਸ਼ਾਹੂਕਾਰ ਇਸ ਮੰਤਵ ਨੂੰ ਮੁਖ ਰਖਕੇ ਆਪਣਾ ਵਿਹਾਰ ਚਲਾਉਂਦੇ ਕਿ ਜ਼ਮੀਨ ਉਨ੍ਹਾਂ ਦੇ ਕਬਜ਼ੇ ਵਿਚ ਆ ਜਾਵੇ। ਕਾਲ ਕਮੀਸ਼ਨ (Famine Commission) ਨੇ ਸੰਨ ੧੮੮੦ ਵਿਚ ਇਹ ਪਤਾ ਲਾਇਆ ਕਿ ਬਰਤਾਵਨੀਂ ਹਿੰਦ ਦੀ ਕਿਸਾਨ ਆਬਾਦੀ ਦਾ ਤੀਸਰਾ ਹਿਸਾ ਕਰਜ਼ੇ ਹੇਠ ਇਤਨਾ ਦਬਿਆ ਹੋਇਆ ਸੀ ਕਿ

*L. Hardyal's article in Modern Review, July 1911, pp. 1-11.

*The wealth and welfare of the Punjab. H. Calvert, p. 86.

*The wealth and welfare of the Punjab, H. Calvert, pp. 86-99.

ਉਸ ਦੇ ਕਰਜ਼ੇ ਹੇਠੋਂ ਨਿਕਲਣ ਦੀ ਕੋਈ ਆਸ ਨਹੀਂ ਸੀ। ਪੰਜਾਬ ਅੰਗਰੇਜ਼ੀ ਰਾਜ ਵਿਚ ਪਿਛੋਂ ਸ਼ਾਮਲ ਹੋਇਆ, ਇਸ ਕਰਕੇ ਇਥੇ ਹਾਲਾਤ ਕੁਝ ਚੰਗੇਰੇ ਸਨ, ਖਾਸ ਕਰ ਕੇਂਦਰੀ ਪੰਜਾਬ ਵਿਚ। ਪਰ ਫਿਰ ਵੀ ਕੇਂਦਰੀ ਪੰਜਾਬ ਵਿਚ ਐਸੇ ਕਿਸਾਨਾਂ ਦੀ ਕਾਫੀ ਗਿਣਤੀ ਸੀ ਜਿਨ੍ਹਾਂ ਨੂੰ ਸ਼ਾਹੂਕਾਰਾਂ ਘਰ ਘਾਟ ਛੱਡਣ ਵਾਸਤੇ ਮਜਬੂਰ ਕਰ ਦਿੱਤਾ। ਰਾਹਕ ਬਣਨ ਤੋਂ ਬਿਨਾਂ, ਪੰਜਾਬੀ ਜੱਟ ਕਿਸਾਨ, ਆਪਣੇ ਜਾਤੀ ਅਭਿਮਾਨ ਦੇ ਕਾਰਨ, ਹੋਰਨਾਂ ਪੇਂਡੂ ਜਾਤੀਆਂ ਵਾਂਗੂੰ ਆਪਣੇ ਆਲੇ ਦੁਆਲੇ ਦੇ ਜਾਣ ਪਹਿਚਾਣ ਵਾਲੇ ਇਲਾਕੇ ਵਿਚ ਮਜ਼ਦੂਰੀ ਕਰਨੋਂ ਸ਼ਰਮ ਕਰਦਾ, ਅਤੇ ਇਸ ਦੀ ਬਜਾਏ ਦੂਰ ਦੁਰਾਡੇ ਚਲੇ ਜਾਣ ਨੂੰ ਤਰਜੀਹ ਦਿੰਦਾ।

ਧੁਰ ਪੂਰਬ, ਕੈਨੇਡਾ ਅਤੇ ਅਮਰੀਕਾ ਜਾਣ ਵਾਲਿਆਂ ਕਿਸਾਨਾਂ ਵਿਚੋਂ ਬਹੁਤ ਵਧੇਰੇ ਗਿਣਤੀ ਕੇਂਦਰੀ ਪੰਜਾਬ ਦੇ ਕਿਸਾਨਾਂ ਦੀ ਸੀ। ਪੰਜਾਬ ਦੇ ਹੋਰ ਕਿਸਾਨਾਂ ਉੱਤੇ ਆਰਥਕ ਹਾਲਾਤ ਉਸੇ ਤਰ੍ਹਾਂ ਅਸਰ ਕਰ ਰਹੇ ਸਨ ਜਿਵੇਂ ਇਨ੍ਹਾਂ ਉੱਤੇ। ਬਲਕਿ ਪੱਛਮੀ ਅਤੇ ਪੂਰਬੀ ਪੰਜਾਬ ਦੇ ਕਿਸਾਨ, ਕੇਂਦਰੀ ਪੰਜਾਬ ਦੇ ਕਿਸਾਨਾਂ ਨਾਲੋਂ, ਸ਼ਾਹੂਕਾਰਾਂ ਦੇ ਦਬਾ ਹੇਠਾਂ† ਵਧੇਰੇ ਆਏ ਹੋਏ ਸਨ*। ਇਸ ਵਾਸਤੇ ਕੇਂਦਰੀ ਪੰਜਾਬ ਕਿਸਾਨਾਂ ਦੇ ਬਦੇਸ਼ਾਂ ਨੂੰ ਵਧੇਰੇ ਗਿਣਤੀ ਵਿਚ ਜਾਣ ਦੇ ਕਾਰਨਾਂ ਵਿਚੋਂ ਸ਼ਾਇਦ ਇਕ ਇਹ ਹੋ ਸਕਦਾ ਹੈ ਕਿ ਮੁਗਲੀਆ ਸਲਤਨਤ ਵਿਰੁਧ ਅੰਦੋਲਨ ਵਿਚ, ਅਤੇ ਸਿਖ ਰਾਜ ਦੀਆਂ ਜੰਗੀ ਮੁਹਿਮਾਂ ਵਿਚ, ਵੱਧ ਚੜ੍ਹ ਕੇ ਹਿੱਸਾ ਲੈਣ ਦੇ ਤਾਜ਼ਾ ਤਜੱਰਬਿਆਂ ਨੇ ਉਨ੍ਹਾਂ ਨੂੰ ਕੁਝ ਵਧੇਰੇ ਮਨਚਲੇ (Adventurous) ਬਣਾ ਦਿੱਤਾ ਹੋਵੇ†। ਕਿਉਂਕਿ ਇਸ ਵਿਚ ਸ਼ੱਕ ਨਹੀਂ ਕਿ ਉਨ੍ਹੀਂ ਦਿਨੀਂ ਅਨਪੜ੍ਹ ਨਾਵਾਕਫ ਆਦਮੀਆਂ ਵਾਸਤੇ ਬਦੇਸ਼ਾਂ ਨੂੰ ਠਿਲਣਾਂ, ਅੰਨ੍ਹੇਰੇ ਖੂਹ ਵਿਚ ਛਾਲ ਮਾਰਨ ਵਾਂਗੂੰ ਸੀ। ਜਿਹੜੇ ਆਦਮੀ ਪਹਿਲਾਂ ਅਮਰੀਕਾ ਕੈਨੇਡਾ ਨੂੰ ਗਏ, ਉਨ੍ਹਾਂ ਨੂੰ ਨਾ ਉਨ੍ਹਾਂ ਦੇਸਾਂ ਦੀ ਬੋਲੀ ਆਉਂਦੀ ਸੀ, ਨਾ ਉਥੋਂ ਦੇ ਵਸਨੀਕਾਂ ਜਾਂ ਹਾਲਾਤ ਬਾਰੇ ਕੁਝ ਪਤਾ ਸੀ। ਉਨ੍ਹਾਂ ਨੇ ਬਦੇਸ਼ਾਂ ਨੂੰ ਠਿੱਲ ਪੈਣ ਵਿਚ ਉਸ ਨਾਲ ਮਿਲਦੀ ਜੁਲਦੀ ਮਨਚਲੀ ਸਪਿਰਟ ਵਿਖਾਈ, ਜੋ ਉਨ੍ਹਾਂ ਦੇ ਵੱਡੇ ਵਡੇਰਿਆਂ, ਦੋ ਹਜ਼ਾਰ ਸਾਲ ਦੇ ਕਰੀਬ ਪਹਿਲਾਂ, ਮੱਧ ਏਸ਼ੀਆ ਵਿਚੋਂ ਆਪਣੀਆਂ ਭੇਡਾਂ ਬਕਰੀਆਂ ਸਮੇਤ ਪੰਜਾਬ ਅਤੇ ਹੋਰ ਦੇਸਾਂ ਨੂੰ ਜਾਣ ਸਮੇਂ ਵਿਖਾਈ ਸੀ।

*ਅਮਰੀਕਨ ਅਤੇ ਕੈਨੇਡੀਅਨ ਅਫਸਰਾਂ ਦਾ ਅੰਦਾਜ਼ਾ

*Trevaskis, pp. 329-341.
†Ibid, p. 175.

*ਅਮਰੀਕਾ ਅਤੇ ਕੈਨੇਡਾ ਦੇ ਹਿੰਦੀਆਂ ਬਾਰੇ ਦਿੱਤੀ ਗਈ ਵਾਕਫੀਅਤ ਅਤੇ ਵਾਕਿਆਤ ਦੀ ਸਰਕਾਰੀ ਲਿਖਤਾਂ ਦੇ ਹਵਾਲੇ ਨਾਲ ਹੋਰ ਵਧੇਰੇ ਪੁਸ਼ਟੀ ਕਰਨੀ ਮੁਮਕਿਨ ਨਹੀਂ ਹੋ ਸਕੀ। ਓਥੋਂ ਦੇ ਹਿੰਦੀਆਂ ਦੀ ਗਿਣਤੀ ਬਹੁਤ ਘੱਟ ਹੋਣ ਕਰਕੇ, ਉਨ੍ਹਾਂ ਬਾਰੇ ਗੈਰ-ਸਰਕਾਰੀ ਲਿਖਤਾਂ ਵੀ ਘਟ ਹਨ, ਅਤੇ ਅਮਰੀਕਾ ਅਤੇ ਕੈਨੇਡਾ ਦੇ ਅਖਬਾਰਾਂ ਵਿਚ ਜੋ ਥੋੜਾ ਛਪਦਾ ਵੀ ਰਿਹਾ ਹੋਵੇਗਾ, ਉਸ ਦਾ ਪਤਾ ਲਾਉਣਾ ਸੰਭਵ ਨਹੀਂ ਹੋ ਸਕਿਆ। ਇਸ ਕਰਕੇ ਇਸ ਕਾਂਡ ਅਤੇ ਅਗਲੇ ਦੋ ਕਾਂਡਾਂ ਵਿਚ ਦਿੱਤੀ ਗਈ ਵਾਕਫੀਅਤ ਲਈ ਹੇਠਾਂ ਦਿੱਤੀਆਂ ਲਿਖਤਾਂ ਉੱਤੇ ਨਿਰਭਰ ਹੋਣਾ ਪਿਆ ਹੈ, ਜਿਨ੍ਹਾਂ ਦਾ, ਸਵਾਏ ਜ਼ਰੂਰੀ ਥਾਵਾਂ ਦੇ, ਨਿਖੇੜ ਕੇ ਹਵਾਲਾ ਦੇਣਾ ਜ਼ਰੂਰੀ ਨਹੀਂ ਭਾਸਿਆ।

ੳ. Indians Abroad, S. A. Waiz.

ਅ. St. Nihal Singh's articles in Modern Review, Calcutta, issues of March, April and May, 1908, and of August and October, 1909.

ੲ. Lala Hardyal's articles in ☞

ਹੈ ਕਿ ਹਿੰਦੀ ਕਾਮਿਆਂ ਦੀ ਸਭ ਤੋਂ ਪਹਿਲੀ ਮੰਡਲੀ ੧੮੯੫ ਅਤੇ ੧੯੦੦ ਸੰਨਾਂ ਦੇ ਦਰਮਿਆਨ ਅਮਰੀਕਨ ਦੀਪ ਵਿਚ ਉਤਰੀ। ਕਿਹਾ ਜਾਂਦਾ ਹੈ ਕਿ ਇਕ ਮਨਚਲਾ ਸਿਖ, ਜੋ ਅਸਟ੍ਰੇਲੀਆ ਜਾ ਚੁਕਾ ਸੀ ਅਤੇ ਅੰਗਰੇਜ਼ੀ ਜਾਣਦਾ ਸੀ, ਅਤੇ ਉਸ ਦੇ ਗਿਣਤੀ ਦੇ ਸਾਥੀ ਸਭ ਤੋਂ ਪਹਿਲੋਂ ਸ਼ਾਂਤ ਮਹਾਂਸਾਗਰ ਨੂੰ ਪਾਰ ਕਰਕੇ ਕੈਨੇਡਾ ਵਿਚ ਕੰਮ ਕਰਨ ਦੀ ਖਾਤਰ ਵੈਨਕੋਵਰ ਉਤਰੇ। ਕੁਝ ਫੌਜੀ ਸਿਖ ਸੰਨ ੧੮੯੭ ਵਿਚ ਇੰਗਲੈਂਡ ਡਾਇਮੰਡ ਜੁਬਲੀ ਵਿਚ ਹਿੱਸਾ ਲੈਣ ਲਈ ਗਏ ਅਤੇ ਪਰਤਦੇ ਹੋਏ ਕੈਨੇਡਾ ਵਿਚੋਂ ਲੰਘੇ, ਅਤੇ ਉਨ੍ਹਾਂ ਵਿਚੋਂ ਕੁਝ ਓਥੇ ਹੀ ਰਹਿ ਪਏ। ਪਰ ਕੈਨੇਡਾ ਅਤੇ ਅਮਰੀਕਾ ਜਾਣ ਵਾਲੇ ਰਾਹ-ਨੁਮਾਵਾਂ (Pioneers) ਦੀ ਵਧੇਰੇ ਗਿਣਤੀ, ਮਲਾਇਆ, ਹਾਂਗਕਾਂਗ, ਸ਼ੰਘਾਈ, ਚੀਨ ਦੀਆਂ ਹੋਰ ਬੰਦਰਗਾਹਾਂ, ਫਿਲੇਪਾਈਨ, ਅਸਟ੍ਰੇਲੀਆ, ਨੀਊਜ਼ੀਲੈਂਡ ਅਤੇ ਫਿਜੀ ਗਏ ਪੰਜਾਬੀਆਂ ਵਿਚੋਂ ਆਈ। ਚੀਨ ਵਿਚ ਹੋਈ ਬਕਸਰ ਘਟਨਾ ਸਮੇਂ ਅਤੇ ਇਸ ਤੋਂ ਕੁਝ ਪਹਿਲੋਂ, ਬਹੁਤ ਸਾਰੇ ਪੰਜਾਬੀ ਇਨ੍ਹਾਂ ਦੇਸਾਂ ਵਿਚ ਪੁਲਸ ਵਿਚ ਜਾਂ ਵਾਚਮੈਨ ਦੇ ਤੌਰ ਉੱਤੇ ਨੌਕਰੀ ਕਰਦੇ ਸਨ। ਬਕਸਰ ਘਟਨਾ ਵੇਲੇ ਉਨ੍ਹਾਂ ਦ ਅੰਗਰੇਜਾਂ ਤੋਂ ਬਿਨਾਂ ਹੋਰ ਯੂਰਪੀਨ ਕੌਮਾਂ ਨਾਲ ਵਾਹ ਪਿਆ, ਅਤੇ ਉਨ੍ਹਾਂ ਨੂੰ ਪਤਾ ਲਗਾ ਕਿ ਦੁਨੀਆਂ ਦੇ ਹੋਰ ਹਿੱਸਿਆਂ ਵਿਚ ਉਨ੍ਹਾਂ ਵਾਸਤੇ ਆਰਥਕ ਤੱਰਕੀ ਲਈ ਵਧੇਰੇ ਚੰਗੀ ਥਾਂ ਹੋ ਸੱਕਦੀ ਹੈ।

ਅਮਰੀਕਾ ਕੈਨੇਡਾ ਤੋਂ, ਹਾਂਗਕਾਂਗ, ਸ਼ੰਘਾਈ ਅਤੇ ਫਿਲੇਪਾਈਨ ਆਦਿ ਦੀਆਂ ਬੰਦਰਗਾਹਾਂ ਵਿਚ ਨਿਤਾਪ੍ਰਤੀ ਜਹਾਜ ਆਉਂਦੇ, ਅਤੇ ਉਨ੍ਹਾਂ ਤੋਂ ਵੀ ਉਹ ਅਮਰੀਕਾ ਕੈਨੇਡਾ ਦੀ ਖੁਸ਼ਹਾਲੀ ਬਾਰੇ ਦਿਲ ਖਿਚਵੀਆਂ ਗਲਾਂ ਸੁਣਦੇ। ਇਨ੍ਹ ਦਾ ਉਨ੍ਹਾਂ ਉੱਤੇ ਜਾਦੂ ਦਾ ਅਸਰ ਕਰਨਾ ਅਨੋਖੀ ਗਲ ਨਹੀਂ ਸੀ, ਕਿਉਂਕਿ ਯੂਰਪੀਨ ਕੌਮਾਂ ਲਈ ਵੀ, ਜਿੰਨ੍ਹਾਂ ਦਾ ਹਿੰਦੀਆਂ ਨਾਲੋਂ ਮਿਆਰ ਜਿੰਦਗੀ ਕਿਤੇ ਉਚਾ ਹੈ, ਅਮਰੀਕਾ ਜਾਣ ਦਾ ਖਿਆਲ ਬੜੀ ਧੂਹ ਪਾਉਂਦਾ ਸੀ*। ਜਿਥੇ ਹਿੰਦ ਵਿਚ ਮਸਾਂ ਦਸ ਪੰਦਰਾਂ ਸੈਂਟ ਰੋਜ਼ਾਨਾ ਮਜ਼ਦੂਰੀ ਮਿਲਦੀ ਸੀ, ਕੈਨੇਡਾ ਵਿਚ ਇਸ ਤੋਂ ਵੀਹ ਤੋਂ ਲੈਕੇ ਪੰਜਾਹ ਗੁਣਾ ਵਧ, ਅਰਥਾਤ ਦੋ ਤੋਂ ਲੈਕੇ ਪੰਜ ਡਾਲਰ, ਰੋਜ਼ਾਨਾ ਕਮਾਏ ਜਾ ਸਕਦੇ ਸਨ।

ਕੈਨੇਡਾ ਗਏ ਹਿੰਦੀ ਰਾਹਨੁਮਾਵਾਂ ਦੀ ਪਹਿਲੀ ਟੋਲੀ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਨਵੇਂ ਦੇਸ ਦੇ ਨਵੇਂ ਹਾਲਾਤ ਤੋਂ ਜਾਣੂ ਨਾ ਹੋਣ ਦੇ ਕਾਰਨ, ਰੋਜ਼ਗਾਰ ਲਭਣ ਖਾਤਰ ਕਈ ਦਿਨ ਏਧਰ ਉਧਰ ਪੈਦਲ ਫਿਰਨਾ ਪਿਆ। ਕੈਨੇਡਾ ਵਾਸੀਆਂ ਨੂੰ ਹਿੰਦੀਆਂ ਬਾਰੇ ਤਜੱਰਬਾ ਨਹੀਂ ਸੀ, ਪਰ ਉਹ ਸੋਚਾਂ ਨਾਲੋਂ ਅਮਲੀ ਤਜੱਰਬੇ ਨਾਲ ਫੈਸਲਾ ਕਰਨ ਦੀ ਰੁਚੀ ਰਖਣ ਵਾਲੇ ਲੋਕ ਸਨ। ਇਸ ਲਈ ਉਨ੍ਹਾਂ ਹਿੰਦੀਆਂ ਦੀ ਕੰਮ ਕਰਨ ਦੀ ਸ਼ਕਤੀ ਪਰਖਣ ਵਾਸਤੇ ਉਨ੍ਹਾਂ ਨੂੰ ਮੌਕਿਆ ਦਿਤਾ ਕਿ ਓਹ ਆਪਣੀ ਕਾਰ ਗਜਾਰੀ ਕਰਕੇ ਵਿਖਾਓਣ।

☞ Modern Review, issues of July 1911 and February, 1913.

ਸ. Mr. Nand Singh Sihra's article in Modern Review, issue of August 1913.

ਹ. C. B. Walter's article, Modern Review, issue of October, 1910.

*Letters of J. Hector St John De Crevecoeur, quoted in American Immigration Policy, W. S. Bernard.

ਸਭ ਤੋਂ ਪਹਿਲਾਂ ਉਨ੍ਹਾਂ ਨੂੰ ਕੰਮ ਉਤੇ ਲਾਉਣ ਵਾਲੇ ਕਾਰਖਾਨੇਦਾਰ ਨੇ, ਉਨ੍ਹਾਂ ਦੇ ਕੰਮ ਉਤੇ ਖੁਸ਼ ਹੋਕੇ, ਲਕੜੀ ਚੀਰਨ ਵਾਲੇ ਹੋਰ ਕਾਰਖਾਨੇਦਾਰਾਂ ਪਾਸ ਹਿੰਦੀ ਕਾਮਿਆਂ ਦੀ ਸਫਾਰਸ਼ ਕੀਤੀ, ਅਤੇ ਇਸ ਤਰ੍ਹਾਂ ਉਨ੍ਹਾਂ ਕੀ ਮਜ਼ਦੂਰੀ ਲਭਣ ਦੀ ਮੁਸ਼ਕਲ ਹੱਲ ਹੋ ਗਈ। ਉਨ੍ਹਾਂ ਨੂੰ ਰੇਲਾਂ ਦੀਆਂ ਪਟੜੀਆਂ ਬਨਾਉਣ, ਟਰਾਮ ਲਾਈਨਾਂ ਦੀ ਮੁਰੰਮਤ, ਅਮਾਰਤਾਂ ਬਨਾਉਣ, ਦੁਧ ਲਈ ਲਵੇਰਾ ਰਖਣ ਦੀਆਂ ਕੰਪਨੀਆਂ, ਫਲ ਤੋੜਨ ਅਤੇ ਹੋਰ ਕਿਸਾਨੀ ਵਿਹਾਰਾਂ ਵਿਚ ਕੰਮ ਮਿਲਣ ਲਗ ਪਿਆ। ਬ੍ਰਿਟਿਸ਼ ਕੋਲੰਬੀਆ ਵਿਚ ਜੰਗਲ ਬਹੁਤ ਵੱਢੇ ਜਾਂਦੇ ਸਨ। ਜ਼ਮੀਨ ਵਿਚ ਜੋ ਦਰਖਤਾਂ ਦੇ ਮੁੱਢ ਰਹਿ ਜਾਂਦੇ ਸਨ, ਉਨ੍ਹਾਂ ਨੂੰ ਮਸ਼ੀਨਾਂ ਨਾਲ ਸਾਫ ਕਰਨਾ ਬੜਾ ਮਹਿੰਗਾ ਪੈਂਦਾ ਸੀ। ਹਿੰਦੀ ਕਾਮੇ ਜਿਸਮਾਨੀ ਮੁਸ਼ੱਕਤ ਬਹੁਤ ਕਰ ਸਕਦੇ ਸਨ, ਇਸ ਕਰਕੇ ਮੁੱਢ ਕਢਣ ਦੇ ਕੰਮ ਉਤੇ ਉਹ ਖਾਸ ਤੌਰ ਉੱਤੇ ਲਾਏ ਜਾਣ ਲਗ ਪਏ।

ਕੈਨੇਡਾ ਵਿਚ ਉਪ੍ਰੋਕਤ ਵੱਸੇ ਹਿੰਦੀਆਂ ਦੀ ਗਿਣਤੀ ਬਹੁਤ ਮਮੂਲੀ ਸੀ। ਪਰ ਜਦ ਉਨ੍ਹਾਂ ਕੈਨੇਡਾ ਵਿਚ ਪਰਚੱਲਤ ਉਜਰਤਾਂ ਬਾਰੇ ਆਪਣੇ ਸੰਬੰਧੀਆਂ ਅਤੇ ਜਾਣ ਕਾਰਾਂ ਨੂੰ ਲਿਖਿਆ, ਤਾਂ ਕੈਨੇਡਾ ਜਾਣ ਵਾਲੇ ਹਿੰਦੀਆਂ ਦੀ ਗਿਣਤੀ ਵਿਚ ਬੜਾ ਵਾਧਾ ਹੋਣ ਲੱਗਾ। ਸਵਾਮੀ ਰਾਮ ਤੀਰਥ ਜੀ ਦੀ ਸ਼ਖਸੀਅਤ ਅਤੇ ਅਮਰੀਕਨ ਫੇਰੀ ਨੇ ਵੀ ਹਿੰਦੁਸਤਾਨ ਦੇ ਪੜ੍ਹੇ ਲਿਖੇ ਤਬਕੇ ਵਿਚ ਅਮਰੀਕਾ ਅਤੇ ਕੈਨੇਡਾ ਬਾਰੇ ਦਿਲਚੱਸਪੀ ਪੈਦਾ ਕੀਤੀ। ਕਈ ਹਿੰਦੁਸਤਾਨੀ ਵਿਦਿਆਰਥੀ ਵਿਦਿਆ ਪ੍ਰਾਪਤੀ ਲਈ ਅਮਰੀਕਾ ਅਤੇ ਕੈਨੇਡਾ ਜਾਣ ਲਗੇ, ਅਤੇ ਉਥੋਂ ਦੇ ਹਾਲਾਤ ਬਾਰੇ ਹਿੰਦੀ ਅਖਬਾਰਾਂ ਵਿਚ ਛਪੀਆਂ ਉਨ੍ਹਾਂ ਦੀਆਂ ਚਿਠੀਆਂ ਨੇ ਹਿੰਦੀਆਂ ਦਾ ਅਮਰੀਕਾ ਕੈਨੇਡਾ ਬਾਰੇ ਧਿਆਨ ਖਿਚਿਆ। ਕੈਨੇਡਾ ਸੰਬੰਧੀ ੧੯੦੭ ਵਿਚ ਬਣੇ ਸ਼ਾਹੀ ਕਮਿਸ਼ਨ ਦੀ ਰੀਪੋਰਟ ਮੁਤਾਬਕ, ਕੈਨੇਡੀਅਨ ਕਾਰਖਾਨੇ-ਦਾਰਾਂ (ਜੋ ਸਸਤੇ ਮਜਦੂਰ ਚਾਹੁੰਦੇ ਸਨ) ਅਤੇ ਜਹਾਜ਼ਾਂ ਦੀਆਂ ਕੰਪਨੀਆਂ (ਜੋ ਮੁਸਾਫਰਾਂ ਦੀ ਆਵਾਜਾਈ ਵਧਾਕੇ ਲਾਭ ਉਠਾਉਣਾ ਚਾਹੁੰਦੀਆਂ ਸਨ) ਨੇ ਵੀ ਹਿੰਦੀਆਂ ਨੂੰ ਕੈਨੇਡਾ ਜਾਣ ਦੀ ਪ੍ਰੇਰਨਾ ਕਰਨ ਲਈ ਕੈਨੇਡਾ ਦੇ ਖੁਸ਼ਹਾਲ ਹਾਲਾਤ ਬਾਰੇ ਹਿੰਦੀ ਅਖਬਾਰਾਂ ਵਿਚ ਬਹੁਤ ਕੁਝ ਛਪਵਾਇਆ। ਨਤੀਜਾ ਇਹ ਹੋਇਆ ਕਿ ਜਿਥੇ ਸੰਨ ੧੯੦੫ ਵਿਚ ਕੈਨੇਡਾ ਜਾਣ ਵਾਲੇ ਹਿੰਦੀਆਂ ਦੀ ਗਿਣਤੀ ਕੇਵਲ ੪੫ ਸੀ, ਸੰਨ ੧੯੦੮ ਵਿਚ ਇਹ ਵੱਧਕੇ ੨੬੨੩ ਹੋ ਗਈ। ਜਾਣ ਵਾਲਿਆਂ ਵਿੱਚੋਂ ਬਹੁਤਿਆਂ ਨੇ ਕੈਨੇਡਾ ਜਾਣ ਦਾ ਖਰਚ ਪੂਰਾ ਕਰਨ ਲਈ ਆਪਣੀਆਂ ਜ਼ਮੀਨਾਂ ਵੇਚ ਦਿਤੀਆਂ, ਜਾਂ ੧੫ ਤੋਂ ਲੈਕੇ ੨੦ ਫੀ ਸਦੀ ਸਾਲਾਨਾ ਸੂਦ ਤੱਕ ਵੀ ਗਹਿਣੇ ਪਾ ਦਿਤੀਆਂ, ਜਾਂ ਘਰ ਦੇ ਗਹਿਣੇ ਅਤੇ ਢੱਗੇ ਵੇਚ ਦਿਤੇ; ਇਸ ਆਸ ਵਿਚ ਕਿ ਉਹ ਜਲਦੀ ਪੈਸਾ ਕਮਾਕੇ ਆਪਣੇ ਕਰਜ਼ੇ ਚੁਕਾਉਣ ਦੇ ਲਾਇਕ ਹੋ ਜਾਣਗੇ।

ਕੈਨੇਡਾ ਜਾਣ ਵਾਲੇ ਹਿੰਦੀਆਂ ਵਿਚ ਅੱਸੀ ਫੀ ਸਦੀ ਜਿਲਾ ਅੰਮ੍ਰਿਤਸਰ, ਲਾਹੌਰ, ਜਲੰਧਰ, ਲੁਧਿਹਾਣਾ ਅਤੇ ਫੀਰੋਜ਼ਪੁਰ ਦੇ ਪੰਜਾਬੀ ਸਿਖ ਸਨ। ਬ੍ਰਿਟਿਸ਼, ਕੋਲੰਬੀਆ ਦਾ, ਖਾਸ ਕਰ ਸਮੁੰਦਰ ਨਾਲ ਲਗਦੇ ਹਿੱਸੇ ਦਾ, ਮੌਸਮ ਪੰਜਾਬ ਦੀਆਂ ਸਰਦੀਆਂ ਨਾਲ ਮਿਲਦਾ ਹੈ। ਇਸ ਵਾਸਤੇ ਪੰਜਾਬੀਆਂ ਨੂੰ ਉਥੋਂ ਦੇ ਪੌਣ ਪਾਣੀ ਨਾਲ ਰਚ ਮਿਚ ਜਾਣ ਵਿਚ ਬਹੁਤਾ ਵਕਤ ਨਾ ਲਗਾ। ਅੰਗਰੇਜ਼ੀ ਰਾਜ ਦੇ ਸ਼ਹਿਰੀ ਹੋਣ ਕਰਕੇ ਅੰਗਰੇਜ਼ੀ ਕਾਨੂੰਨਾਂ ਮੁਤਾਬਕ ਰਹਿਣਾ ਓਹ ਗਿੱਝੇ ਹੋਏ ਸਨ। ਇਸ ਕਰਕੇ ਵੀ ਉਨ੍ਹਾਂ ਨੂੰ ਕੈਨੇਡਾ ਵਿਚ ਰਹਿਣ ਬਹਿਣ ਦੀ ਖਾਸ ਕਾਨੂੰਨੀ ਔਕੜ ਨਾ ਆਈ। ਹਿੰਦੀ ਛੋਟੀਆਂ ਛੋਟੀਆਂ ਟੋਲੀਆਂ ਵਿਚ, ਕੈਨੇਡਾ ਦੇ ਕਾਫੀ ਹਿੱਸੇ ਵਿਚ ਖਿੱਲਰ ਗਏ, ਪਰ ਉਨ੍ਹਾਂ ਦੀ ਵਧੇਰੇ ਗਿਣਤੀ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਨਾਮੀ ਹਿੱਸੇ ਵਿਚ ਇਕੱਠੀ ਹੋ ਗਈ। ਮਿਸਟਰ ਪਾਨੀਕਰ* ਮੁਤਾਬਿਕ ਕੈਨੇਡਾ ਵਿਚ ਹਿੰਦੀਆਂ ਦੀ ਗਿਣਤੀ ੫੧੭੫ ਸੀ, ਅਤੇ ਮਿਸਟਰ ਸਿਹਰਾ ਸੰਨ ੧੯੦੭ ਤਕ ਇਸ ਗਿਣਤੀ ਨੂੰ ੬੦੦੦ ਤਕ ਪਹੁੰਚ ਗਈ ਦਸਦੇ ਹਨ†।

ਕੈਨੇਡਾ ਅੰਗਰੇਜ਼ੀ ਸਲਤਨਤ ਦਾ ਹਿੱਸਾ ਸੀ, ਇਸ ਲਈ ਹਿੰਦੀਆਂ ਦਾ ਪਹਿਲਾ ਰੁਖ ਕੈਨੇਡਾ ਜਾਣ ਵੱਲ ਹੋਇਆ। ਪਰ ਅਮਰੀਕਾ ਵਿਚ ਵੀ ਮਜਦੂਰੀ ਦੀ ਉਜਰਤ ਬਹੁਤ ਸੀ, ਅਮਰੀਕਾ ਦੇ ਸ਼ਾਂਤ ਸਾਗਰ ਦੇ ਕੰਢੇ ਦਾ ਮੌਸਮ ਕੈਨੇਡਾ ਨਾਲੋਂ ਪੰਜਾਬੀਆਂ ਦੇ ਵਧੇਰੇ ਅਨਕੂਲ ਸੀ, ਅਤੇ ਕੈਨੇਡਾ ਨਾਲੋਂ ਭਾਈਚਾਰਕ ਵਿਤਕਰਾ ਵੀ ਓਥੇ ਘਟ ਸੀ। ਇਸ ਕਰਕੇ ਪਿਛੋਂ ਹਿੰਦੀਆਂ ਦਾ ਰੁਖ ਕੈਨੇਡਾ ਜਾਣ ਦੀ ਬਜਾਏ ਅਮਰੀਕਾ ਵੱਲ ਵਧੇਰੇ ਹੋ ਗਿਆ। ਪਿਛੋਂ ਕੈਨੇਡਾ ਆਉਣੋਂ ਰੋਕਣ ਲਈ ਐਸੇ ਕਾਇਦੇ ਬਣਾ ਦਿੱਤੇ ਗਏ, ਜਿਸ ਨਾਲ ੧੯੦੯ ਵਿਚ ਕੇਵਲ ੬ ਹਿੰਦੀ ਕੈਨੇਡਾ ਦਾਖਲ ਹੋਏ। ਇਸ ਕਰਕੇ ੧੯੦੭-੮ ਤੋਂ ਪਿਛੋਂ ਤਕਰੀਬਨ ਸਾਰੇ ਦੇ ਸਾਰੇ ਹਿੰਦੀ ਕੈਨੇਡਾ ਦੀ ਬਜਾਏ ਅਮਰੀਕਾ ਜਾਣ ਲਗੇ। ਇਥੋਂ ਤਕ ਕਿ ਕੈਨੇਡਾ ਗਏ ਹਿੰਦੀਆਂ ਦੀ ਕਾਫੀ ਗਿਣਤੀ ਵੀ ਅਮਰੀਕਾ ਆ ਗਈ, ਕਿਉਂਕਿ ਕੈਨੇਡਾ ਵਾਸੀਆਂ ਅਤੇ ਕੈਨੇਡਾ ਸਰਕਾਰ ਵਲੋਂ ਪੈਦਾ ਕੀਤੇ ਹਾਲਾਤ (ਜਿਨ੍ਹਾਂ ਦਾ ਵਿਸਥਾਰ ਨਾਲ ਜ਼ਿਕਰ ਅਗਲੇਰੇ ਕਾਂਡ ਵਿਚ ਆਵੇਗਾ) ਨੇ ਉਨ੍ਹਾਂ ਦਾ ਕੈਨੇਡਾ ਰਹਿਣਾ ਮੁਸ਼ਕਲ ਬਣਾ ਦਿੱਤਾ।

ਅਮਰੀਕਾ ਗਏ ਹਿੰਦੀਆਂ ਦੀ ਗਿਣਤੀ ਦੇ ਅੰਦਾਜ਼ਿਆਂ ਵਿਚ ਬਹੁਤ ਵਖੇਵਾਂ ਹੈ*, ਪਰ ਅਮਰੀਕਾ ਬਾਰੇ ਅੰਕੜਿਆਂ ਦੇ ਸੰਗ੍ਰਿਹ† ਮੁਤਾਬਿਕ ਸੰਨ ੧੯੧੩ ਵਿਚ ਹਿੰਦੀਆਂ ਦੀ ਕੁਲ ਗਿਣਤੀ ੫੦੦੦ ਸੀ। ਇਨ੍ਹਾਂ ਵਿਚੋਂ ਥੋੜੀ ਜਿਹੀ ਗਿਣਤੀ ਵਿਦਿਆਰਥੀਆਂ ਦੀ ਸੀ, ਜੋ ਹਿੰਦ ਦੇ ਹਰ ਇਕ ਹਿੱਸੇ ਵਿਚੋਂ ਗਏ ਹੋਏ ਸਨ, ਪਰ ਨੱਵੇ ਫੀ ਸਦੀ ਪੰਜਾਬੀ ਸਿਖ ਜੱਟ ਕਿਸਾਨ ਸਨ ਜੋ ਖੇਤਾਂ ਜਾਂ ਕਾਰਖਾਨਿਆਂ ਵਿਚ ਮਜ਼ਦੂਰੀ ਦਾ ਕੰਮ ਕਰਦੇ ਸਨ।

ਅਮਰੀਕਾ ਵਿਚ ਗਏ ਹਿੰਦੀ ਵਿਦਿਆਰਥੀਆਂ ਦੀ ਵਡੀ ਗਿਣਤੀ ਹਿੰਦੁਸਤਾਨੀ ਸੁਸਾਇਟੀ ਦੇ ਉਸ ਦਰਮਿਆਨੇ ਤਬਕੇ ਵਿਚੋਂ ਸੀ, ਜਿਸ ਵਿੱਚ ਹਿੰਮਤ ਅਤੇ ਅਕਲ ਦਾ ਤਾਂ ਘਾਟਾ ਨਹੀਂ ਸੀ, ਪਰ ਪੈਸੇ ਦੀ ਕੰਮੀ ਸੀ। ਇਸ ਕਰਕੇ ਹਿੰਦੀ ਵਿਦਿਆਰਥੀ ਅਕਸਰ ਆਪਣਾ ਖਰਚ ਪੂਰਾ ਕਰਨ ਲਈ ਪੜ੍ਹਾਈ ਦੇ ਨਾਲ ਨਾਲ ਹੱਥੀਂ ਕੰਮ ਵੀ ਕਰਦੇ ਅਤੇ ਪੈਸਾ ਕਮਾਉਂਦੇ। ਓਹ ਜ਼ਿਆਦਾ ਤਰ ਸਨਅੱਤੀ (Technical) ਵਿਦਿਆ ਹਾਸਲ ਕਰਨ ਲਈ ਅਮਰੀਕਾ ਦੀਆਂ ਵੱਖ ਵੱਖ ਯੂਨੀਵਰਸਟੀਆਂ ਵਿਚ ਗਏ ਸਨ। ਪੜ੍ਹਿਆਂ ਲਿਖਿਆਂ ਵਿਚੋਂ ਕੁਝ ਕੁ ਨੇ ਵਪਾਰ ਅਤੇ ਸਨਅੱਤੀ ਪੇਸ਼ਿਆਂ ਵਿਚ ਹਿੱਸਾ ਲੈਣਾ ਵੀ ਸ਼ੁਰੂ ਕਰ ਦਿੱਤਾ, ਅਤੇ ਭਾਵੇਂ ਇਨ੍ਹਾਂ ਦੀ ਗਿਣਤੀ ਵੱਧ ਰਹੀ ਸੀ, ਪਰ ਅਜੇ

---

*The Problems of Greater India, K. M. Pannikar, p. 48.

†Modern Review, August 1913, p. 141.

*ਰਾਮ ਮਨੋਹਰ ਲੋਹੀਆ ਆਪਣੀ ਕਤਾਬ Indians in Foreign Lands (ਪੰਨਾ ੩੪) ਵਿਚ ਇਹ ਗਿਣਤੀ ੧੫੦੦੦ ਦੱਸਦੇ ਹਨ।

†Statistical Abstract of the U.S. (1916), pp. 106-107.

ਮਹਿਦੂਦ ਸੀ।

ਅਮਰੀਕਾ ਗਏ ਪਹਿਲੇ ਹਿੰਦੀ ਮਜ਼ਦੂਰਾਂ ਵਿਚੋਂ ਬਹੁਤੇ ਪੱਛਮੀ ਪੈਸੇਫਿਕ ਰੇਲਵੇ ਲਾਈਨ (Western Pacific Railway) ਬਨਾਉਣ ਉੱਤੇ ਲੱਗੇ। ਪਿੱਛੋਂ ਕੁਝ ਓਕਲੈਂਡ (Oakland) ਲੋਹੇ ਦੇ ਕਾਰਖਾਨੇ ਵਿਚ ਮਜ਼ਦੂਰੀ ਕਰਨ ਲਗੀ ਪਏ। ਪਰ ਕਿਉਂਕਿ ਹਿੰਦੀ ਮਜ਼ਦੂਰ ਤਕਰੀਬਨ ਸਭ ਕਿਸਾਨ ਤੱਬਕੇ ਦੇ ਸਨ, ਇਸ ਵਾਸਤੇ ਉਨ੍ਹਾਂ ਨੇ ਖੇਤਾਂ ਵਿਚ ਕੰਮ ਦੀ ਭਾਲ ਕੀਤੀ। ਸਭ ਤੋਂ ਪਹਿਲੋਂ ਕੈਲੇਫੋਰਨੀਆਂ ਵਿਚ ਸਟਾਕਟਨ ਦੇ ਨੇੜੇ ਵੁਡਲੈਂਡ ਆਈਲੈਂਡ ਨਾਮੇ ਫਾਰਮ ਨੇ ਹਿੰਦੁਸਤਾਨੀ ਮਜ਼ਦੂਰਾਂ ਨੂੰ ਐਸਪੈਰੇਗਸ ਘਾਹ ਅਤੇ ਸ਼ਕਰਕੰਦੀ ਦਿਆਂ ਖੇਤਾਂ ਵਿਚ ਲਾਇਆ। ਇਸ ਕਿਸਮ ਦੇ ਕੰਮ ਵਿਚ ਉਨ੍ਹਾਂ ਦੀ ਕਾਮਯਾਬੀ ਨੇ ਜਲਦੀ ਹੀ ਖੇਤਾਂ ਦੇ ਮਾਲਕਾਂ ਦਾ ਪੰਜਾਬੀ ਮਜ਼ਦੂਰਾਂ ਵਲ ਧਿਆਨ ਖਿੱਚ ਲਿਆ ਅਤੇ ਹੋਰਨਾਂ ਦੀ ਬਜਾਏ ਉਹ ਪੰਜਾਬੀ ਕਾਮਿਆਂ ਨੂੰ ਤਰਜੀਹ ਦੇਣ ਲਗ ਗਏ। ਪੰਜਾਬੀ ਮਜ਼ਦੂਰ ਹੁਣ ਕੰਮ ਸਾਰਨ ਜੋਗੀ ਅੰਗ੍ਰੇਜ਼ੀ ਬੋਲੀ ਤੋਂ ਜਾਣੂ ਹੋ ਗਏ ਅਤੇ ਉਨ੍ਹਾਂ ਵਿਚੋਂ ਕਈਆਂ ਨੇ ਪਟੇ ਉਤੇ ਜ਼ਮੀਨ ਲੈਕੇ ਆਪਣੀ ਵਾਹੀ ਸ਼ੁਰੂ ਕਰ ਦਿਤੀ। ਕਈ ਹੋਰ ਦਖੱਣ ਵੱਲ ਇਮਪੀਰੀਅਲ ਵੈਲੀ (Imperial valley) ਵਿਚ ਚਲੇ ਗਏ, ਅਤੇ ਕਈ ਉੱਤਰ ਵੱਲ ਸੈਕਰੇਮੈਂਟੋ ਦੀ ਵਾਦੀ ਵਿਚ ਕਪਾਹ ਅਤੇ ਧਾਨ ਦੀ ਖੇਤੀ ਕਾਮਯਾਬੀ ਨਾਲ ਕਰਨ ਲੱਗ ਪਏ। ਇਸ ਤਰ੍ਹਾਂ ਅਮਰੀਕਾ ਅਤੇ ਕੈਨੇਡਾ ਵਿਚ ਹਿੰਦੀ ਕਾਮਿਆਂ ਦੀ ਵਧੇਰੇ ਗਿਣਤੀ ਜ਼ਮੀਨ ਅਤੇ ਖੇਤੀਬਾੜੀ ਨਾਲ ਸੰਬੰਧਤ ਕੰਮਾਂ ਵਿਚ, ਜਾਂ ਔਰੇਗਨ, ਵਾਸ਼ਿੰਗਟਨ ਅਤੇ ਬਰਿਟਸ਼ ਕੋਲੰਬੀਆ ਆਦਿ ਇਲਾਕਿਆਂ ਦੇ ਲਕੜੀ ਦੇ ਕਾਰਖਾਨਿਆਂ ਵਿਚ, ਮਜ਼ਦੂਰੀ ਕਰਨ ਵਿਚ ਰੁਝ ਗਈ।

ਅਮਰੀਕਾ, ਕੈਨੇਡਾ ਗਏ ਹਿੰਦੀ ਵਿਚ ਸਭ ਤੋਂ ਪਹਿਲੀ ਤਬਦੀਲੀ ਉਸ ਦੀ ਪੁਸ਼ਾਕ ਵਿਚ ਆਉਂਦੀ। ਸਿਖਾਂ ਦੀਆਂ ਪੱਗਾਂ ਤੋਂ ਸਵਾਏ ਉਨ੍ਹਾਂ ਦਾ ਸਾਰਾ ਪਹਿਰਾਵਾ ਯੂਰਪੀਨ ਹੋ ਜਾਂਦਾ। ਪਹਿਲਾਂ ਪਹਿਲਾਂ ਹਿੰਦੀਆਂ ਦੀਆਂ ਜੋ ਟੋਲੀਆਂ ਕੈਨੇਡਾ ਗਈਆਂ, ਉਨ੍ਹਾਂ ਦੇ ਪਹਿਰਾਵੇ ਬਾਰੇ ਕੈਨੇਡਾ ਦੇ ਅਖਬਾਰਾਂ ਨੇ ਬੜਾ ਮਖੌਲ ਉਡਾਇਆ। ਇਸ ਵਾਸਤੇ ਹਿੰਦੀ ਚੰਗੀ ਯੂਰਪੀਨ ਪੁਸ਼ਾਕ ਪਾਉਣੀ ਕੌਮੀ ਇਜ਼ਤ ਦਾ ਸਵਾਲ ਸਮਝਣ ਲੱਗ ਪਏ। ਇਸ ਗੱਲ ਦਾ ਇਤਨਾ ਖਿਆਲ ਰਖਿਆ ਜਾਂਦਾ ਕਿ ਅਮਰੀਕਾ ਪੁੱਜਣ ਵਾਲੇ ਹਿੰਦੀਆਂ ਨੂੰ ਜਹਾਜ਼ੋਂ ਉਤਰਨ ਤੋਂ ਪਹਿਲੋਂ ਅਮਰੀਕਾ ਵਾਸੀ ਹਿੰਦੀਆਂ ਵਲੋਂ ਕੋਟ, ਪਤਲੂਣ ਅਤੇ ਬੂਟ ਆਦਿ ਪਹਿਨਾਏ ਜਾਂਦੇ। ਸ਼੍ਰੀ ਨੰਦ ਸਿੰਘ 'ਸਿਹਰਾ' ਨੇ ਕੁਝ ਫੋਟੋ ਦੇ ਕੇ ਦਾਅਵਾ ਕੀਤਾ ਹੈ ਕਿ ਅਮਰੀਕਾ ਅਤੇ ਕੈਨੇਡਾ ਦੇ ਸ਼ਹਿਰਾਂ ਵਿਚ ਵਧੀਆ ਪੋਸ਼ਾਕ ਵਾਲੇ ਅਕਸਰ ਹਿੰਦੀ ਹੁੰਦੇ*।

ਅਮਰੀਕਾ ਕੈਨੇਡਾ ਗਏ ਹਿੰਦੀ ਕਾਮੇ ਬਹੁਤੇ ਪੜ੍ਹੇ ਲਿਖੇ ਨਾ ਹੋਣ ਕਰਕੇ ਵਧੀਆ ਅੰਗਰੇਜ਼ੀ ਨਹੀਂ ਸੀ ਸਿਖ ਸਕਦੇ, ਪਰ ਇਹੋ ਹਾਲ ਦੂਸਰੇ ਨਵੇਂ ਗਏ ਗੈਰ-ਅੰਗਰੇਜ਼ੀ ਯੂਰਪੀਨ ਅਨਸਰਾਂ ਦਾ ਸੀ। ਓਹ ਅਮੂਮਨ ਕੰਮ ਸਾਰੂ ਗੋਰੇਸ਼ਾਹੀ ਅੰਗਰੇਜ਼ੀ ਬੋਲੀ ਬੋਲਦੇ। ਉਨ੍ਹਾਂ ਨੇ ਉਥੋਂ ਦੀਆਂ ਇਸਤਰੀਆਂ ਨਾਲ ਵਿਆਹ ਸ਼ਾਦੀਆਂ ਨਾ ਕੀਤੀਆਂ, ਕਿਉਂਕਿ ਉਹ ਆਪਣੀ ਅਮਰੀਕਨ ਫੇਰੀ ਨੂੰ ਆਰਜ਼ੀ ਰਿਹਾਇਸ਼ ਸਮਝਦੇ ਸਨ। ਪੈਸਾ ਕਮਾਕੇ ਉਨ੍ਹਾਂ ਦਾ ਧਿਆਨ ਆਪਣੇ ਦੇਸ਼ ਪਰਤ ਆਉਣ ਵੱਲ ਲੱਗਾ ਰਹਿੰਦਾ। ਉਹ ਛੋਟੀਆਂ ਛੋਟੀਆਂ ਟੋਲੀਆਂ ਵਿਚ ਅਕੱਠੇ ਰਹਿੰਦੇ, ਅਤੇ ਰਾਸ਼ਨ ਬਾਜ਼ਾਰੋਂ ਖ੍ਰੀਦ ਕੇ ਆਪਣੀ ਰੋਟੀ ਆਪ ਤਿਆਰ ਕਰਦੇ। ਟੋਲੀ ਵਿਚੋਂ ਇਕ ਨੂੰ ਲਾਂਗਰੀ ਦਾ ਕੰਮ ਸੌਂਪਿਆ ਜਾਂਦਾ, ਜਾਂ ਇਹ ਕੰਮ ਵਾਰੋ ਵਾਰੀ ਕੀਤਾ ਜਾਂਦਾ। ਗਿਣਤੀ ਦੇ ਆਦਮੀਆਂ ਨੇ ਵਸੋਂ ਲਈ ਆਪਣੇ ਮਕਾਨ ਖਰੀਦ ਲਏ, ਪਰ ਅਮੂਮਨ ਰਿਹਾਇਸ਼ ਲਈ ਮਕਾਨ ਕਾਰਖਾਨਿਆਂ ਜਾਂ ਖੇਤਾਂ ਦੇ ਮਾਲਕ ਦਿੰਦੇ, ਅਤੇ ਇਹ ਮਕਾਨ ਵਧੀਆ ਕਿਸਮ ਦੇ ਨਾ ਹੁੰਦੇ। ਅਮਰੀਕਾ ਵਿਚ ਅਨਪੜ੍ਹਤਾ ਨੂੰ ਬਹੁਤ ਬੁਰਾ ਮਨਾਇਆ ਜਾਂਦਾ ਹੈ, ਇਸ ਵਾਸਤੇ ਕੁਝ ਹਿੰਦੀਆਂ ਨੇ ਆਪਣਾ ਵਿਹਲਾ ਵਕਤ ਪੜ੍ਹਾਈ ਕਰਨ ਵਿਚ ਲਾਉਣਾ ਸ਼ੁਰੂ ਕਰ ਦਿਤਾ। ਪਰ ਬਹੁਤੇ ਅਜਿਹਾ ਵਕਤ ਆਪਸ ਵਿਚ ਗੱਪਾਂ ਮਾਰਨ ਵਿਚ ਗਵਾ ਦਿੰਦੇ। ਕਈ ਹਿੰਦੀ ਸ਼ਰਾਬ ਵਿਚ ਮਦਹੋਸ਼ ਹੋਕੇ ਸਾਰੇ ਹਿੰਦੀਆਂ ਲਈ ਬਦਨਾਮੀ ਦਾ ਕਾਰਨ ਵੀ ਬਣਦੇ, ਪਰ ਅਜਿਹੀਆਂ ਮਿਸਾਲਾਂ ਆਮ ਨਹੀਂ ਸਨ। ਇਹ ਇਸ ਤੋਂ ਪ੍ਰਗਟ ਹੁੰਦਾ ਹੈ ਕਿ ਮਿਹਨਤ, ਈਮਾਨਦਾਰੀ ਅਤੇ ਪ੍ਰਹੇਜ਼ਗਾਰੀ ਦੇ ਕਾਰਨ ਹਿੰਦੀ ਕਾਮਿਆਂ ਦੀ ਬਹੁਤੀ ਮਾਂਗ ਸੀ। ਤੁਰੇ ਜਾਂਦੇ ਸਿਖ ਨੂੰ ਗੋਰੇ ਜ਼ਿਦੀਂਦਾਰ ਆਵਾਜ਼ ਮਾਰ ਕੇ ਕੰਮ ਕਾਰ ਦੇਣ ਦੀ ਪੇਸ਼ਕਸ਼ ਕਰਦੇ*। ਲਾਲਾ ਲਾਜਪਤ ਰਾਏ ਨੇ ਅਮਰੀਕਾ ਦੇ ਹਿੰਦੀ ਕਾਮਿਆਂ ਬਾਰੇ ਲਿਖਿਆ ਹੈ ਕਿ "ਮੇਰੇ ਦਿਲ ਵਿਚ ਉਨ੍ਹਾਂ ਲਈ ਇਜ਼ਤ ਤੋਂ ਸਵਾਏ ਹੋਰ ਕੁਝ ਨਹੀਂ। ਆਮ ਕਰਕੇ ਓਹ ਲ੍ਰਿਘੇ ਸੁਭਾ ਵਾਲੇ, ਮਹਿਮਾਨ-ਨਿਵਾਜ਼, ਮਿਲਣਸਾਰ, ਅਤੇ ਖੁਲ੍ਹੇ ਦਿਲ ਵਾਲੇ ਦੇਸ਼ ਭਗਤ ਹਨ।..............ਸ਼ਾਂਤ ਮਹਾਂ ਸਾਗਰ ਦੇ ਪੱਛਮੀ ਕੰਢੇ ਦੇ ਹਿੰਦੂ ਕਾਮੇਂ (ਜਿਨ੍ਹਾਂ ਵਿਚ ਹਿੰਦੂ ਮੁਸਲਮਾਨ ਸ਼ਾਮਲ ਹਨ) ਸਮੁੱਚੇ ਤੌਰ ਉੱਤੇ ਸੁੰਦਰ, ਸਖਤ ਮਿਹਨਤੀ, ਸਾਦਾ ਤਬੀਅਤ, ਈਮਾਨਦਾਰ ਅਤੇ ਨਿੱਘੇ ਸੁਭਾ ਵਾਲੇ ਆਦਮੀ ਹਨ, ਅਤੇ ਮੇਰੇ ਦਿਲ ਵਿਚ ਉਨ੍ਹਾਂ ਲਈ ਪਿਆਰ ਅਤੇ ਹਮਦਰਦੀ ਉਪਜਦੀ ਹੈ*।

ਪਰ ਇਨ੍ਹਾਂ ਸਿਫਤਾਂ ਦੇ ਬਾਵਜੂਦ ਇਸ ਵਿਚ ਸ਼ੱਕ ਨਹੀਂ ਕਿ ਹਿੰਦੀ ਕਾਮੇਂ ਅਮਰੀਕਨ ਭਾਈਚਾਰੇ ਵਿਚ ਰਚੇ ਮਿਚੇ ਨਹੀਂ ਸਨ। ਕਾਰ ਵਿਹਾਰ ਤੋਂ ਬਿਨਾਂ ਅਮਰੀਕਨ ਸੁਸਾਇਟੀ ਨਾਲ ਉਨ੍ਹਾਂ ਦਾ ਬਹੁਤ ਹੀ ਘੱਟ ਵਾਹ ਪੈਂਦਾ। ਵਿਸ਼ਾਲ ਅਮਰੀਕਨ ਅਤੇ ਕੈਨੇਡੀਅਨ ਭਾਈਚਾਰੇ ਵਿਚ ਇਕਤਰ੍ਹਾਂ ਓਹ ਆਪਣੇ ਦਾਇਰੇ ਅੰਦਰ ਮਹਿਦੂਦ ਹਿੰਦੀ ਭਾਈਚਾਰੇ ਦੀਆਂ ਬਹੁਤ ਹੀ ਛੋਟੀਆਂ ਛੋਟੀਆਂ ਟਿਮਕਣੀਆਂ ਸਨ। ਇਸ ਦਾ ਕੁਝ ਕਾਰਨ, ਯੂਰਪੀਨ ਅਤੇ ਹਿੰਦੀ ਸਭਿਆਚਾਰਾਂ ਦੇ ਵਖੇਵਿਆਂ ਦੇ ਕਾਰਨ, ਹਿੰਦੀ ਕਾਮਿਆਂ ਦੀ ਨਿਵੇਕਲਾ ਰਹਿਣ ਦੀ ਆਪਣੀ ਰੁਚੀ ਹੋ ਸਕਦੀ ਹੈ, ਪਰ ਵੱਡਾ ਸਬੱਬ ਉਹ ਨਸਲੀ ਵਿਤਕਰੇ ਦਾ ਰਵੱਈਆ ਸੀ ਜੋ ਅਮਰੀਕਨ ਅਤੇ ਕੈਨੇਡਾ ਦੇ ਲੋਕ ਹਿੰਦੀਆਂ ਵੱਲ ਰੱਖਦੇ, ਜਿਸ ਦਾ ਜ਼ਿਕਰ ਅਗਲੇ ਕਾਂਡ ਵਿਚ ਕੀਤਾ ਜਾਵੇਗਾ।

ਸ਼ੁਰੂ ਸ਼ੁਰੂ ਵਿਚ ਅਮਰੀਕਾ ਗਏ ਹਿੰਦੀ ਕਾਮਿਆਂ ਨਾਲੋਂ ਕੈਨੇਡਾ ਦੇ ਹਿੰਦੀ ਕਾਮਿਆਂ ਨੇ ਭਾਈਚਾਰਕ ਜਥੇਬੰਦੀ ਦੇ ਲਿਹਾਜ਼ ਨਾਲ ਵਧੇਰੇ ਤਰੱਕੀ ਕੀਤੀ। ਇਸ ਦਾ ਸਿਹਰਾ ਪ੍ਰੋਫੈਸਰ ਤੇਜਾ ਸਿੰਘ, ਐਮ. ਏ., ਐਲ. ਐਲ. ਬੀ., (ਜੋ ਖਾਲਸਾ ਕਾਲਜ, ਅੰਮ੍ਰਿਤਸਰ, ਪ੍ਰੋਫੈਸਰ ਰਹਿ ਚੁਕੇ ਸਨ ਅਤੇ ਅੱਜ ਕਲ ਮਸਤੂਆਣੇ ਵਾਲੇ ਸੰਤ ਤੇਜਾ ਸਿੰਘ ਜੀ ਕਰਕੇ ਮਸ਼ਹੂਰ ਹਨ)

*Modern Review, August, 1913, pp. 140-149. ਇਹ ਦਾਹਵਾ ਕੁਝ ਵਧਾਕੇ ਕੀਤਾ ਗਿਆ ਜਾਪਦਾ ਹੈ, ਪਰ ਇਹ ਜ਼ਾਹਰ ਕਰਦਾ ਹੈ ਕਿ ਹਿੰਦੀ ਕਾਮਿਆਂ ਦੀ ਦੂਸਰੇ ਕਾਮਿਆਂ ਦੇ ਮੁਕਾਬਲੇ ਪੁਸ਼ਾਕ ਮਾੜੀ ਨਹੀਂ ਸੀ।

*Modern Review, July, 1911, pp. 1-11; Lajpat Rai, p. 461.

*Lajpat Rai, pp. 466 and 468.



Digitized by Panjab Digital Library | www.panjabdigilib.org

ਦੇ ਸਿਰ ਹੈ* । ਅਮਰੀਕਾ ਕੈਨੇਡਾ ਗਏ ਹਿੰਦੀ ਕਾਮਆਂ ਦੀ ਬਹੁ ਗਿਣਤੀ ਕਿਉਂਕਿ ਸਿਖਾਂ ਦੀ ਸੀ ਅਤੇ ਉਹ ਦੇਸੋਂ ਜਾਣ ਸਮੇਂ ਸਿੰਘ-ਸਭਾ ਲਹਿਰ ਦੇ ਅਸਰ ਲੈ ਕੇ ਗਏ ਸਨ, ਇਸ ਵਾਸਤੇ ਉਨ੍ਹਾਂ ਦੀਆਂ ਸੁਸਾਇਟੀਆਂ ਨੇ ਵੀ ਸ਼ੁਰੂ ਵਿਚ ਉਸ ਵੇਲੇ ਦੀਆਂ ਦੇਸ ਵਿਚਲੀਆਂ ਸਿਖ ਸੁਸਾਇਟੀਆਂ ਵਰਗੀ ਸ਼ਕਲ ਫੜੀ। ਸੰਨ ੧੯੦੭ ਵਿਚ ਵੈਨਕੋਵਰ (ਕੈਨੇਡਾ) ਵਿਚ 'ਖਾਲਸਾ ਦੀਵਾਨ ਸੁਸਾਇਟੀ' ਕਾਇਮ ਕੀਤੀ ਗਈ, ਜਿਸ ਦੇ ਮਨੋਰਥ ਧਾਰਮਕ, ਵਿਦਯਕ ਅਤੇ ਭਾਈਚਾਰਕ ਸਨ। ਇਸ ਸੁਸਾਇਟੀ ਨੇ ੨੫੦੦੦ ਡਾਲਰ ਦੀ ਲਾਗਤ ਨਾਲ ਵੈਨਕੋਵਰ ਵਿਚ ਗੁਰਦਵਾਰਾ ਬਣਵਾਇਆ। ਇਸੇ ਤਰ੍ਹਾਂ ਪ੍ਰੋਫੈਸਰ ਤੇਜਾ ਸਿੰਘ ਨੇ ਵਿਕਟੋਰੀਆ (ਕੈਨੇਡਾ) ਵਿਚ ਗੁਰਦਵਾਰਾ ਕਾਇਮ ਕਰਨ ਦਾ ਉੱਦਮ ਕੀਤਾ। ਤਕਰੀਬਨ ਏਸੇ ਸਮੇਂ ਸ੍ਰੀ ਜਵਾਲਾ ਸਿੰਘ (ਠਟੀਆਂ) ਅਤੇ 'ਸੰਤ' ਵਸਾਖਾ ਸਿੰਘ (ਦਦੇਹਰ) ਦੇ ਉੱਦਮ ਨਾਲ ਅਮਰੀਕਾ ਵਿਚ 'ਪੈਸੇਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ' ਕਾਇਮ ਕੀਤੀ ਗਈ, ਅਤੇ ਸਟਾਕਟਨ (ਕੈਲੇਫੋਰਨੀਆ, ਅਮਰੀਕਾ) ਵਿਚ ਗੁਰਦਵਾਰਾ ਬਣਵਾਇਆ ਗਿਆ। ਉਪ੍ਰੋਕਤ ਦੋਵੇਂ ਸੁਸਾਇਟੀਆਂ ਦੇ ਮਨੋਰਥ ਮਿਲਦੇ ਜੁਲਦੇ ਸਨ, ਪਰ ਇਹ ਇਕ ਦੂਜੇ ਤੋਂ ਆਜ਼ਾਦ ਸਨ। ਇਹ ਗੁਰਦਵਾਰੇ, ਸਿਖਾਂ ਦੇ ਧਾਰਮਕ ਕੇਂਦਰ ਹੋਣ ਤੋਂ ਇਲਾਵਾ, ਅਮਰੀਕਾ ਗਏ ਸਾਰੇ ਹਿੰਦੀ ਕਾਮਿਆਂ ਦੀ ਪਹਿਲੋਂ ਭਾਈਚਾਰਕ ਅਤੇ ਪਿਛੋਂ ਰਾਜਸੀ ਜਾਗਰਤੀ ਦੇ ਕੇਂਦਰ ਬਣੇ; ਕਿਉਂਕਿ ਕੈਨੇਡਾ ਅਮਰੀਕਾ ਨਿਵਾਸੀ ਹਿੰਦੀਆਂ ਦੀ ਸਪਿਰਟ ਤੰਗ ਨਾ ਸੀ ਰਹੀ, ਅਤੇ ਇਨ੍ਹਾਂ ਗੁਰਦਵਾਰਿਆਂ ਵਿਚ ਕੈਨੇਡੀਅਨ ਅਤੇ ਈਸਾਈ ਮਿਸ਼ਨਰੀ ਵੀ ਆ ਕੇ ਲੈਕਚਰ ਕਰਦੇ*। ਇਨ੍ਹਾਂ ਗੁਰਦਵਾਰਿਆਂ ਤੋਂ ਲਾਂਭੇ ਸ੍ਰੀ ਹਰਨਾਮ ਸਿੰਘ, 'ਕਾਹਰੀ ਸਾਹਰੀ', ਸੀਐਟਲ (Seattle. U.S.A ) ਵਿਚ ਸੰਨ ੧੯੧੦ ਤੋਂ ਵਿਦਿਆਰਥੀਆਂ ਲਈ ਇਕ ਬੋਰਡਿੰਗ ਹਾਊਸ ਅਤੇ ਵੈਨਕੋਵਰ ਵਿਚ ਬੋਰਡਿੰਗ ਹਾਊਸ ਅਤੇ ਰਾਤਰੀ ਸਕੂਲ ਚਲਾਉਂਦੇ ਰਹੇ†।

ਆਰਥਕ ਲਿਹਾਜ਼ ਨਾਲ ਵੀ ਸ਼ੁਰੂ ਵਿਚ ਅਮਰੀਕਾ ਨਾਲੋਂ ਕੈਨੇਡਾ ਗਏ ਹਿੰਦੀ ਕਾਮਿਆਂ ਨੇ ਵਧੇਰੇ ਤਰੱਕੀ ਕੀਤੀ, ਅਤੇ ਇਸ ਦਾ ਸਿਹਰਾ ਵੀ ਪ੍ਰੋਫੈਸਰ ਤੇਜਾ ਸਿੰਘ ਦੇ ਸਿਰ ਹੈ। ਅਮਰੀਕਾ ਕੈਨੇਡਾ ਗਏ ਹਿੰਦੀ ਕਾਮੇਂ ਜਾਨ ਤੋੜਕੇ ਮਿਹਨਤ ਕਰਦੇ ਅਤੇ ਸੰਜਮ ਵਿਚ ਰਹਿਕੇ ਘੱਟ ਖਰਚ ਕਰਦੇ; ਇਸ ਕਰਕੇ ਉਨ੍ਹਾਂ ਵਿਚੋਂ ਬਹੁਤੀ ਗਿਣਤੀ ਕਾਫੀ ਪੈਸਾ ਜੋੜ ਲੈਂਦੀ ਜੋ ਉਹ ਅਮੂਮਨ ਦੇਸ਼ ਭੇਜ ਦਿੰਦੇ। ਪ੍ਰੋਫੈਸਰ ਤੇਜਾ ਸਿੰਘ ਨੇ ਹਿੰਦੀਆਂ ਨੂੰ ਕੈਨੇਡਾ ਵਿਚ ਮਜ਼ਦੂਰੀ ਦੀ ਬਜਾਏ ਆਜ਼ਾਦ ਵਿਹਾਰਾਂ ਉੱਤੇ ਲਾਉਣ ਲਈ 'ਗੁਰੂ ਨਾਨਕ ਮਾਈਨਿੰਗ ਐਂਡ ਟਰੱਸਟ ਕੰਪਨੀ ਲਿਮਟਿਡ' ਬਣਾਈ। ਇਸ ਨੂੰ ਵੇਖਕੇ ਹਿੰਦੀਆਂ ਦੀਆਂ ਹੋਰ ਕਈ ਕੰਪਨੀਆਂ ਬਣੀਆਂ ਜੋ ਕੈਨੇਡਾ ਵਿਚ ਜ਼ਮੀਨ ਦਾ ਅਤੇ ਹੋਰ ਤਰ੍ਹਾਂ ਦੇ ਵਾਪਾਰ ਕਰਕੇ ਬੜੀਆਂ ਕਾਮਯਾਬ ਹੋਈਆਂ। ਇਨਫਰਾਦੀ ਤੌਰ ਉੱਤੇ ਵੀ ਕੈਨੇਡਾ ਦੇ ਹਿੰਦੀ ਕਾਮੇਂ ਜ਼ਮੀਨ, ਹੋਰ ਜਾਇਦਾਦ ਅਤੇ ਕੰਪਨੀਆਂ ਵਿਚ ਹਿੱਸੇ ਖਰੀਦਣ ਲਗ ਪਏ, ਅਤੇ ਮਿਸਟਰ 'ਸਿਹਰਾ' ਨੇ ਲਿਖਿਆ ਹੈ ਕਿ ਬ੍ਰਿਟੱਸ਼ ਕੋਲੰਬੀਆ (ਕੈਨੇਡਾ) ਵਿਚ ਕੋਈ ਵਿਰਲਾ ਹੀ ਐਸਾ ਹਿੰਦੀ ਹੋਵੇਗਾ ਜਿਸ ਪਾਸ ਕੁਝ ਜ਼ਮੀਨੀ ਜਾਇਦਾਦ ਅਤੇ ਸੱਤ ਅਠ ਹਜ਼ਾਰ ਨਕਦ ਰੁਪੱਯਾ ਨਾ ਹੋਵੇ‡।

*Modern Review, August, 1909, p. 106.

*Indians Abroad, p. 651.
†Mandlay Case, Evidence, pp. 44 and 50.
‡Modern Review, August, 1913, p. 142.

ਮਿਸਟਰ 'ਸਿਹਰਾ' ਦਾ ਇਹ ਦਾਅਵਾ ਵੀ ਅੱਖਰ ਅੱਖਰ ਠੀਕ ਨਹੀਂ ਹੋਵੇਗਾ, ਪਰ ਹੋਰ ਲਿਖਤਾਂ ਤੋਂ ਵੀ ਜਾਪਦਾ ਹੈ ਕਿ ਕੈਨੇਡਾ ਗਏ ਹਿੰਦੀਆਂ ਵਿਚੋਂ ਬਹੁਤਿਆਂ ਪਾਸ ਜ਼ਮੀਨ ਅਤੇ ਹੋਰ ਜਾਇਦਾਦ ਸੀ*।

ਇਸਤਰ੍ਹਾਂ, ਹਿੰਦੀ ਜਨਤਾ ਦੇ ਮਿਆਰ ਜ਼ਿੰਦਗੀ ਦੇ ਮੁਕਾਬਲੇ, ਅਮਰੀਕਾ ਕੈਨੇਡਾ ਗਏ ਹਿੰਦੀ ਕਾਮਿਆਂ ਨੇ ਬਹੁਤ ਤਰੱਕੀ ਕੀਤੀ, ਅਤੇ ਇਸ ਆਰਥਕ ਤਰੱਕੀ ਦਾ ਅਮਰੀਕਾ ਅਤੇ ਕੈਨੇਡਾ ਦੇ ਆਜ਼ਾਦ ਵਾਯੂਮੰਡਲ ਵਿਚ ਉਨ੍ਹਾਂ ਉਤੇ ਬਹੁਤ ਚੰਗਾ ਅਸਰ ਹੋਇਆ। ਪਠਾਣਾਂ ਬਾਰੇ ਮਸ਼ਹੂਰ ਹੈ ਕਿ ਪੈਸੇ ਦਾ ਲਾਲਚ ਉਨ੍ਹਾਂ ਦੀ ਦਲੇਰੀ ਅਤੇ ਬਹਾਦਰੀ ਉਤੇ ਸਭ ਤੋਂ ਵਡਾ ਧੱਬਾ ਹੈ। ਸਰਮਾਏਦਾਰੀ ਪਰਬੰਧ ਨਾਲ ਜੁੜ ਜਾਣ ਵੇਲੇ ਤੋਂ ਪੰਜਾਬੀ ਕਿਸਾਨਾਂ ਉਤੇ ਵੀ ਕੁਝ ਹੱਦ ਤਕ ਅਜਿਹੇ ਅਸਰ ਪੈਣੇ ਆਰੰਭ ਹੋ ਗਏ ਸਨ। ਅਮਰੀਕਾ ਕੈਨੇਡਾ ਗਏ ਪੰਜਾਬੀ ਕਾਮਿਆਂ ਦੇ ਦਿਲਾਂ ਵਿਚੋਂ, ਇਸ ਆਰਥਕ ਤਰੱਕੀ ਦੇ ਕਾਰਨ, ਪੈਸੇ ਦੀ ਉਹ ਬੇਜਾ ਪਕੜ ਕਾਫੀ ਹੱਦ ਤਕ ਜਾਂਦੀ ਰਹੀ ਜਾਂ ਘੱਟ ਗਈ, ਜੋ ਸਾਂਝੇ ਸਮਾਜਕ ਨਿਸ਼ਾਨਿਆਂ ਵਾਸਤੇ ਕੁਰਬਾਨੀ ਕਰਨ ਦੇ ਰਾਹ ਵਿਚ ਇਕ ਰੁਕਾਵਟ ਹੋ ਸਕਦੀ ਸੀ।

## ਤੀਜਾ ਕਾਂਡ

# ਅਮਰੀਕਾ ਦੇ ਹਾਲਾਤ ਦੇ ਹਿੰਦੀਆਂ ਉੱਤੇ ਪ੍ਰਤਿਕਰਮ

"ਗਦਰ ਪਾਰਟੀ ਲਹਿਰ" ਕੈਨੇਡਾ ਅਮਰੀਕਾ ਦੇ ਹਾਲਾਤ ਦੇ ਉੱਥੇ ਗਏ ਹਿੰਦੀਆਂ ਉੱਤੇ ਉਪਜੇ ਪ੍ਰਤਿਕਰਮ ਤੋਂ ਪੈਦਾ ਹੋਈ; ਇਸ ਵਾਸਤੇ ਇਨ੍ਹਾਂ ਹਾਲਾਤ ਅਤੇ ਉਨ੍ਹਾਂ ਤੋਂ ਪੈਦਾ ਹੋਏ ਪ੍ਰਤਿਕਰਮ ਬਾਰੇ ਕੁਝ ਜਾਨਣਾ ਜ਼ਰੂਰੀ ਹੈ*। ਆਪਣੇ ਦੇਸ ਵਿਚ ਭਿੰਨ ਭਿੰਨ ਆਰਥਕ, ਰਾਜਸੀ ਅਤੇ ਸਮਾਜਕ ਹਿੱਤਾਂ ਅਤੇ ਰੁੱਚੀਆਂ ਦੇ ਪਰਸਪਰ ਮੇਲ ਅਤੇ ਟਕਰਾਉ ਤੋਂ ਉਪਜੀਆਂ ਪੇਚੀਦਗੀਆਂ ਨੂੰ ਸਮਝਣਾ ਹੀ ਬਹੁਤ ਕਠਨ ਅਤੇ ਕਈ ਵੇਰ ਨਾ-ਮੁਮਕਿਨ ਹੁੰਦਾ ਹੈ; ਜਿਸ ਕਰਕੇ ਕਿਸੇ ਬਦੇਸ਼ ਦੇ ਹਾਲਾਤ ਬਾਰੇ, ਖਾਸ ਕਰ ਕੇਵਲ ਕਤਾਬੀ ਵਾਕਫੀਅਤ ਦੇ ਆਧਾਰ ਉੱਤੇ, ਰਾਇ ਬਨਾਉਣੋਂ ਸੰਕੋਚ ਕਰਨੀ ਪੈਂਦੀ ਹੈ। ਅਮਰੀਕਾ ਦੇ ਹਾਲਾਤ ਬਾਰੇ ਇਕ ਹੋਰ ਵੱਡੀ ਉਲਝਣ ਇਹ ਹੈ ਕਿ ਉਥੇ ਕਈ ਜ਼ਬਰਦਸਤ ਰੁਚੀਆਂ ਇਕ ਦੂਜੇ ਦੇ ਵਿਰੁਧ ਕੰਮ ਕਰ ਰਹੀਆਂ ਸਨ। ਆਰਥਕ, ਰਾਜਸੀ, ਅਥਵਾ ਸਮਾਜਕ ਵਿਤਕਰੇ ਦੇ ਆਧਾਰ ਉੱਤੇ ਉਸਰੇ ਹਰ ਇਕ ਨਿਜ਼ਾਮ ਦਾ ਇਹ ਖਾਸਾ ਹੁੰਦਾ ਹੈ, ਪਰ ਅਮਰੀਕਾ ਦੇ ਵਿਸ਼ੇਸ਼ ਹਾਲਾਤ ਦੇ ਕਾਰਨ

*Indians Abroad, pp. 651, 654-656.

*ਕੈਨੇਡਾ ਦੇ ਹਾਲਾਤ ਬਾਰੇ ਅਗਲੇ ਕਾਂਡ ਵਿਚ ਕੁਝ ਵਖਰਾ ਜ਼ਿਕਰ ਵੀ ਆਵੇਗਾ।

ਉਥੇ ਪਰਸਪਰ ਵਿਰੋਧੀ ਰੁਚੀਆਂ ਦਾ ਜ਼ੋਰ, ਉਨ੍ਹਾਂ ਵਿਚਕਾਰ ਵਿੱਥ, ਅਤੇ ਇਕ ਦੂਜੇ ਨਾਲ ਪ੍ਰਤਿਕਰਮ ਸਾਧਾਰਨ ਨਾਲੋਂ ਬਹੁਤ ਵੱਧ ਸੀ। ਪਰ ਇਸ ਦਿੱਕਤ ਦੇ ਬਾਵਜੂਦ, 'ਗਦਰ ਪਾਰਟੀ ਲਹਿਰ' ਦਾ ਖਾਸਾ ਸਮਝਣ ਖਾਤਰ ਇਹ ਜ਼ਰੂਰੀ ਹੈ ਕਿ ਅਮਰੀਕਾ ਦੇ ਉਸ ਸਮੇਂ ਦੇ ਹਾਲਾਤ ਅਤੇ ਰੁੱਚੀਆਂ, ਜਿਨ੍ਹਾਂ ਦਾ ਹਿੰਦੀਆਂ ਉੱਤੇ ਅਸਰ ਪਿਆ, ਬਾਰੇ ਕੁਝ ਨਾ ਕੁਝ ਮੁਖ ਰੂਪ ਵਿਚ ਜਾਣਿਆ ਜਾਏ।

ਰੂਸ ਵਿਚ ਬਾਲਸ਼ਵਿਕ ਇਨਕਲਾਬ ਨੇ ਅਗੇ-ਵਧੂ ਕੀਮਤਾਂ ਨੂੰ ਪਰਖਣ ਦੀ ਕਸਵੱਟੀ ਨੂੰ ਬਦਲ ਦਿੱਤਾ ਹੈ, ਪਰ ਇਸ ਤੋਂ ਪਹਿਲੋਂ ਅਮਰੀਕਾ ਦੁਨੀਆ ਵਿਚੋਂ ਸਿਰਕੱਢ ਅਗੇ-ਵਧੂ ਰੁਚੀਆਂ ਰੱਖਣ ਵਾਲਾ ਦੇਸ ਸਮਝਿਆ ਜਾਂਦਾ ਸੀ। ਸੋਲ੍ਹਵੀਂ ਸਤਾਰਵੀਂ ਸਦੀਆਂ ਅੰਦਰ ਯੂਰਪ ਵਿਚ ਪੁਰਾਤਨ ਅਤੇ ਸੁਧਾਰਕ ਰਾਜਸੀ ਅਤੇ ਧਾਰਮਕ ਵੀਚਾਰਾਂ ਵਿਚਕਾਰ ਪਰਸਪਰ ਕੱਸ਼ਮਕੱਸ਼ ਬਹੁਤ ਤੇਜ਼ ਸੀ, ਅਤੇ ਜਿਹੜੇ ਆਜ਼ਾਦ ਖਿਆਲ ਲੋਕ ਪੁਰਾਤਨ ਰਾਜਸੀ ਜਾਂ ਧਾਰਮਕ ਵੀਚਾਰਾਂ ਦਾ ਦਬਾਉ ਮੰਨ ਕੇ ਆਪਣੀ ਜ਼ਮੀਰ ਨਾਲ ਸਮਝੌਤਾ ਕਰਨਾ ਬਰਦਾਸ਼ਤ ਨਾ ਕਰਦੇ, ਓਹ ਅਕਸਰ ਅਮਰੀਕਾ, ਖਾਸ ਕਰ ਇਸ ਦੇ ਉੱਤਰ ਪੂਰਬੀ ਹਿੱਸੇ, ਵਿਚ ਆ ਪਨਾਹ ਲੈਂਦੇ। ਸੰਨ ੧੬੨੦ ਵਿਚ ਜੌਨ ਰੋਬਿਨਸਨ ਦੀ ਅਗਵਾਈ ਹੇਠ ਆਏ ਪਿਲਗਰਮ ਫਾਦਰਜ਼ (The Pilgrim Fathers), ਸੰਨ ੧੬੮੧ ਵਿਚ ਵਿਲੀਅਮ ਪੇਨ ਦੀ ਅਗਵਾਈ ਹੇਠ ਆਏ ਕੁਏਕਰਜ਼ (Quakers), ਅਤੇ ਇਸ ਤੋਂ ਪਿੱਛੋਂ ਆਏ ਹੀਊਜਨੌਟਸ (Huguenots) ਪ੍ਰਸਿੱਧ ਮਿਸਾਲਾਂ ਹਨ। ਵੈਸੇ ਵੀ ਇਹ ਅੰਦਾਜ਼ਾ ਲਾਇਆ ਗਿਆ ਹੈ ਕਿ ਯੂਰਪ ਤੋਂ ਅਮਰੀਕਾ ਆਏ ਆਬਾਦਕਾਰਾਂ ਵਿਚ ਵੱਡੀ ਗਿਣਤੀ ਸੁਧਾਰਕ ਵੀਚਾਰਾਂ ਵਾਲੇ ਬੰਦਿਆਂ ਦੀ ਸੀ, ਜਿਸ ਕਰਕੇ ਤਰੱਕੀ ਪਸੰਦ ਅਤੇ 'ਜ਼ਮੀਰ ਦੀ ਆਜ਼ਾਦੀ' ਵਾਲੇ ਵੀਚਾਰ ਅਮਰੀਕਨ ਭਾਈਚਾਰੇ ਦੇ ਤਾਣੇ ਪੇਟੇ ਵਿਚ ਬਹੁਤ ਸ਼ਾਮਲ ਸਨ*। ਇਸ ਸਪਿੱਰਟ ਦਾ ਕੁਝ ਅੰਦਾਜ਼ਾ ਇਸ ਤੋਂ ਲੱਗ ਸਕਦਾ ਹੈ ਕਿ ਇਕ ਲੱਖ ਦੇ ਕਰੀਬ ਆਬਾਦਕਾਰਾਂ ਨੇ ਐਸੀਆਂ ਬਸਤੀਆਂ ਵਿਚ ਹਿੱਸਾ ਲਿਆ, ਜਿਨ੍ਹਾਂ ਵਿਚ ਧਾਰਮਕ ਭਾਵਾਂ ਦੇ ਅਸਰ ਹੇਠ ਸਾਂਝੀਵਾਲਤਾ (Communism) ਦੇ ਆਦਰੱਸ਼ ਨੂੰ ਅਮਲੀ ਵਰਤੋਂ ਵਿਚ ਲਿਆਉਣ ਦੀ ਕੋਸ਼ਸ਼ ਕੀਤੀ ਗਈ†।

ਅਮਰੀਕਾ ਦੇ ਉੱਤਰੀ ਹਿੱਸੇ ਦੇ ਆਰਥਕ ਅਤੇ ਕਈ ਹੋਰ ਹਾਲਾਤ ਵੀ ਉਪ੍ਰੋਕਤ ਅਗੇ-ਵਧੂ ਰੁਚੀਆਂ ਦੇ ਵਾਧੇ ਲਈ ਮੁਆਫਕ ਸਨ। ਸ਼ੁਰੂ ਸ਼ੁਰੂ ਵਿਚ ਖੇਤੀ ਬਾੜੀ ਹੇਠ ਲਿਆਈ ਜਾ ਸੱਕਣ ਵਾਲੀ ਭੋਂ ਦਾ ਹੱਦ ਬੰਨਾ ਨਹੀਂ ਸੀ, ਜਿਸ ਕਰਕੇ ਕਿਸੇ ਦੀ ਰਾਜਸੀ, ਸਮਾਜਕ ਜਾਂ ਆਰਥਕ ਧੌਂਸ ਸਹਿਣ ਦੀ ਮਜਬੂਰੀ ਨਹੀਂ ਸੀ। ਜੋ ਵੀ ਚਾਹੁੰਦਾ ਨਵੀਂ ਜ਼ਮੀਨ ਆਸਾਨੀ ਨਾਲ ਲੈਕੇ ਆਪਣਾ ਅੱਡਰਾ ਅੱਡਾ ਕਾਇਮ ਕਰ ਸੱਕਦਾ। ਇਸ ਕਰਕੇ ਪੁਰਾਣੇ ਵੀਚਾਰਾਂ ਦੇ ਅਸਰਾਂ ਹੇਠ ਬਣੀਆਂ ਧਾਰਮਕ ਅਤੇ ਸਮਾਜਕ ਬਣਤਰਾਂ (institutions) ਟੁਟ ਰਹੀਆਂ ਸਨ‡। ਯੂਰਪ ਤੋਂ ਅਮਰੀਕਾ ਆਉਣ ਵਾਲਿਆਂ ਦੀ ਬਹੁਤੀ ਗਿਣਤੀ ਛੋਟੇ ਕਿਸਾਨਾਂ, ਜਾਂ ਖੇਤਾਂ ਵਿਚ ਕੰਮ ਕਰਨ ਵਾਲਿਆਂ, ਜਾਂ ਆਮ ਮਜ਼ਦੂਰਾਂ ਦੀ ਸੀ, ਅਤੇ ਅਮਰੀਕਾ ਦੇ ਉੱਤਰ ਪੂਰਬੀ ਹਿੱਸੇ ਦੀ ਭੋਂ ਇਸ ਕਿਸਮ ਦੀ ਨਹੀਂ ਸੀ ਜਿਸ ਵਿਚ ਬਹੁਤਾ ਸਰਮਾਇਆ ਲਾਕੇ ਗੁਲਾਮਾਂ ਦੀ ਮਦਦ ਨਾਲ ਕਪਾਹ ਤਮਾਕੂ ਆਦਿ ਦੂਰ ਦੁਰਾਡੇ ਵਿੱਕ ਸਕਣ ਵਾਲੀਆਂ ਚੀਜਾਂ ਦੀ ਵਡੇ ਪੈਮਾਨੇ ਉੱਤੇ ਖੇਤੀ ਬਾੜੀ ਹੋ ਸਕਦੀ। ਇਨ੍ਹਾਂ ਅਤੇ ਕਈ ਹੋਰ ਕਾਰਨਾਂ ਦਾ ਸਿੱਟਾ ਇਹ ਨਿਕਲਿਆ ਕਿ ਅਮਰੀਕਾ ਦਾ ਉੱਤਰ ਪੂਰਬੀ ਹਿੱਸਾ, ਧਾਰਮਕ ਅਤੇ ਸਮਾਜਕ ਆਜ਼ਾਦ ਖਿਆਲੀ ਅਤੇ ਸ਼ਖਸੀ ਆਜ਼ਾਦੀ ਦੇ ਵੀਚਾਰਾਂ ਦਾ ਅੱਡਾ ਬਣ ਗਿਆ। ਧਾਰਮਕ ਅਤੇ ਸਮਾਜਕ ਤਰੱਕੀ-ਪਸੰਦ ਸਪਿੱਰਟ ਦਾ ਰਾਜਸੀ ਪੱਧਰ ਉੱਤੇ ਅਸਰ ਪੈਣਾ ਵੀ ਲਾਜ਼ਮੀ ਸੀ। ਰਾਜਸੀ ਆਜ਼ਾਦੀ ਅਤੇ ਪੰਚਾਇਤੀ ਸਪਿੱਰਟ, ਜੋ ਅਮਰੀਕਾ ਦੇ ਉੱਤਰ ਪੂਰਬੀ ਹਿੱਸੇ ਤੋਂ ਸ਼ੁਰੂ ਹੋਈ ਸੀ, ਨੇ ਵੱਧ ਕੇ ਅਮਰੀਕਾ ਦੀ ਰਾਜਸੀ ਆਜ਼ਾਦੀ ਦੀ ਲਹਿਰ ਦੀ ਸ਼ਕਲ ਫੜ ਲਈ ਅਤੇ ਇਸ ਦਾ ਗਲਬਾ ਸਾਰੇ ਦੇਸ ਉੱਤੇ ਪੈ ਗਿਆ। ਅਮਰੀਕਨ ਆਜ਼ਾਦੀ ਦਾ ੪ ਜੁਲਾਈ, ਸੰਨ ੧੭੭੬ ਵਾਲਾ ਮਸ਼ਹੂਰ ਐਲਾਨ ਕਿ, "ਸਾਰੇ ਆਦਮੀ ਬਰਾਬਰ ਪੈਦਾ ਕੀਤੇ ਗਏ ਹਨ ਅਤੇ ਹਰ ਇਕ ਨੂੰ ਆਪਣੀ ਜ਼ਿੰਦਗੀ, ਆਜ਼ਾਦੀ ਅਤੇ ਖ਼ੁਸ਼ੀ ਮਾਨਣ ਦਾ ਪੂਰਾ ਪੈਦਾਇਸ਼ੀ ਹੱਕ ਹੈ", ਕੇਵਲ ਫੋਕਾ ਪ੍ਰਾਪੇਗੰਡਾ ਨਹੀਂ ਸੀ। ਬਲਕਿ ਇਹ ਉਪ੍ਰੋਕਤ ਤਰੱਕੀ ਪਸੰਦ ਅਮਰੀਕਨ ਸਪਿੱਰਟ ਦਾ ਇਕ ਚਿਨ੍ਹ (Symbol) ਸੀ ਜਿਸ ਨੇ ਉਸ ਸਮੇਂ ਦੁਨੀਆ ਵਿਚ ਬੜਾ ਅਸਰ ਕੀਤਾ। ਅਮਰੀਕਾ ਦੀਆਂ ਅਗੇ-ਵਧੂ ਰੁਚੀਆਂ ਦਾ ਇਸ ਤੋਂ ਵੀ ਵੱਧ ਡੂੰਘਾ ਅਸਰ ਦੁਨੀਆ ਵਿੱਚ ਓਦੋਂ ਹੋਇਆ, ਜਦੋਂ ਐਬਰਾਹਮ ਲਿਨਕਨ ਦੀ ਅਗਵਾਈ ਹੇਠ, ਹਬਸ਼ੀ ਗੁਲਾਮਾਂ ਨੂੰ ਆਜ਼ਾਦ ਕਰਾਉਣ ਹਿੱਤ, ਉੱਤਰੀ ਅਮਰੀਕਾ ਦੇ ਹਿੱਸੇ ਨੇ ਦੱਖਣੀ ਅਮਰੀਕਾ ਦੇ ਹਿੱਸੇ ਨਾਲ ਨਾ ਕੇਵਲ ਲੜਾਈ ਲੜੀ, ਬਲਕਿ ਹਬਸ਼ੀ ਗੁਲਾਮਾਂ ਨੂੰ ਗੋਰਿਆਂ ਦੇ ਬਰਾਬਰ ਜ਼ਬਰਦਸਤੀ ਰਾਜਸੀ ਅਧਿਕਾਰ ਦਿਵਾਏ। ਇਹ ਠੀਕ ਹੈ ਕਿ ਹਬਸ਼ੀ ਗੁਲਾਮਾਂ ਨੂੰ ਆਜ਼ਾਦ ਕਰਾਉਣ ਦੀ ਤਹਿ ਵਿਚ ਅਮਰੀਕਾ ਦੇ ਉੱਤਰੀ ਹਿੱਸੇ ਦੇ ਛੋਟੇ ਕਿਸਾਨ ਮਾਲਕਾਂ ਅਤੇ ਮਜ਼ਦੂਰਾਂ ਦੇ ਆਪਣੇ ਆਰਥਕ ਹਿੱਤ ਵੀ ਕੰਮ ਕਰਦੇ ਸਨ; ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਕਿਧਰੇ ਗੁਲਾਮ ਰੱਖਣ ਦਾ ਪਰਬੰਧ ਅਮਰੀਕਾ ਦੇ ਹੋਰ ਹਿੱਸਿਆਂ ਵਿਚ ਛਾ ਕੇ ਉਨ੍ਹਾਂ ਦੇ ਆਰਥਕ ਅਤੇ ਰਾਜਸੀ ਹਿੱਤਾਂ ਨੂੰ ਠੇਸ ਨਾ ਲਾਏ*। ਪਰ ਇਸ ਦੇ ਬਾਵਜੂਦ ਹਬਸ਼ੀ ਗੁਲਾਮਾਂ ਨੂੰ ਆਜ਼ਾਦ ਕਰਾਉਣਾ ਉਸ ਜ਼ਮਾਨੇ ਦੀ ਚਾਲ ਮੁਤਾਬਕ ਇਕ ਇਨਕਲਾਬੀ ਕਦਮ ਸੀ।

ਇਸ ਦੇ ਉਲਟ ਅਮਰੀਕਾ ਵਿਚ ਸਾਮਰਾਜੀ ਰੁਚੀਆਂ ਵੀ ਇਤਨੀਆਂ ਸ਼ਪੱਸ਼ਟ ਸਨ ਕਿ ਉਨ੍ਹਾਂ ਨੂੰ ਪ੍ਰੱਗਟਾਉਣ ਲਈ ਵਧੇਰੇ ਖੋਲ੍ਹਕੇ ਲਿਖਣ ਦੀ ਵੀ ਲੋੜ ਨਹੀਂ। ਅਮਰੀਕਾ ਦੇ ਦੱਖਣੀ ਹਿੱਸੇ ਵਿਚ ਸ਼ੁਰੂ ਤੋਂ ਸਰਮਾਏ ਅਤੇ ਹਬਸ਼ੀ ਗੁਲਾਮਾਂ ਦੀ ਵਰਤੋਂ ਨਾਲ ਵਡੇ ਪੈਮਾਨੇ ਉੱਤੇ ਖੇਤੀ ਕਰਾਉਣ ਵਾਲੇ ਨੀਮ-ਜਾਗੀਰਦਾਰ ਅਨਸਰਾਂ ਦਾ ਜ਼ੋਰ ਸੀ। ਸਰਮਾਏਦਾਰੀ ਪਰਬੰਧ ਦੇ ਕਾਰਨ ਉੱਤਰੀ ਹਿੱਸੇ ਵਿੱਚ ਵੀ ਆਰਥਕ ਅਤੇ ਸਮਾਜਕ ਵਖੇਵੇਂ ਦਿਨ ਬਦਿਨ ਵਧਦੇ ਗਏ। ਅਮਰੀਕਨ ਸਰਮਾਇਆ ਵੱਧਕੇ ਆਂਢ ਗੁਆਂਢ ਦੇ ਮੁਲਕਾਂ ਵਿਚ ਖੰਭ ਖਿਲਾਰਨ ਲੱਗ ਪਿਆ ਅਤੇ ਇਸ ਨੇ ਸਰਮਾਇਕ ਸਾਮਰਾਜ (Dollar Imperialism) ਦੀ ਸ਼ਕਲ ਧਾਰਨ ਕਰ ਲਈ। ਇਥੇ ਹੀ ਬੱਸ ਨਹੀਂ ਹੋਈ। ਸਰਮਾਇਕ ਸਾਮਰਾਜ ਅਤੇ ਸੀਨਾ-ਜ਼ੋਰ ਕੌਮੀਅਤ ਦੀਆਂ ਲੋੜਾਂ ਨੇ ਅਮਰੀਕਨ ਸਰਕਾਰ ਨੂੰ ਰਾਜਨੀਤਕ ਸਾਮਰਾਜ ਵੱਲ ਵੀ ਧੱਕਿਆ, ਜਿਸ ਦੀਆਂ ਪੋਰਟ ਰੀਕੋ, ਹਵਾਈ ਟਾਪੂਆਂ, ਕੀਊਬਾ, ਫਿਲੇਪਾਈਨ, ਪੈਨਾਮਾ ਅਤੇ ਹਯਾਤੀ ਸੰਬੰਧੀ ਅਮਰੀਕਾ ਵਲੋਂ ਧਾਰਨ ਕੀਤੀਆਂ ਨੀਤੀਆਂ ਉਘੜਵੀਆਂ ਮਿਸਾਲਾਂ ਹਨ।

ਅਮਰੀਕਾ ਵਿਚ ਪ੍ਰਚੱਲਤ ਤਰੱਕੀ-ਪਸੰਦ ਅਤੇ ਸਾਮਰਾਜੀ ਇਕ ਦੂਜੇ ਤੋਂ ਵਿਰੋਧੀ ਰੁਚੀਆਂ ਦੇ ਮੁਕਾਬਲਤਨ ਜ਼ੋਰ ਅਤੇ ਪਰਸਪਰ

*Caldwell, i, p. 44.
†Ibid, p. 429.
‡Ibid, pp. 46,86 and 338.

*Caldwell, i, p. 427.



Digitized by Panjab Digital Library | www.panjabdigilib.org

ਪ੍ਰਤਿਕਰਮ ਬਾਰੇ ਅੰਦਾਜ਼ਾ ਲਾਉਣਾ ਸੌਖਾ ਨਹੀਂ । ਮਿਸਟਰ ਜੌਨ ਹੇ, ਜੋ ਸੰਨ ੧੮੯੮ ਵਿਚ ਅਮਰੀਕਨ ਸਰਕਾਰ ਦੇ ਵੱਡੇ ਸਕੱਤ੍ਰ ਬਣੇ, ਨੇ ਚੀਨ ਬਾਰੇ ਅਮਰੀਕਾ ਦੀ ਨੀਤੀ ਸਪੱਸ਼ਟ ਕਰਦਿਆਂ ਹੋਇਆਂ ਕਿਹਾ ਕਿ, "ਅਸੀਂ ਉਸ ਸਲਤਨਤ* ਦੇ ਟੁਕੜੇ ਕੀਤੇ ਜਾਣ ਦੇ ਵਿਰੁਧ ਹਾਂ, ਅਤੇ ਸਾਨੂੰ ਆਸ ਨਹੀਂ ਕਿ ਅਮਰੀਕਨ ਲੋਕ-ਰਾਏ ਇਹ ਬਰਦਾਸ਼ਤ ਕਰੇ ਕਿ ਅਸੀਂ ਲੁਟ ਮਾਰ ਵੰਡਾਉਣ ਵਿਚ ਸ਼ਾਮਲ ਹੋਈਏ† ।" ਇਸੇ ਤਰ੍ਹਾਂ ਪ੍ਰਧਾਨ ਵਿਲਸਨ, ਜੋ ਸੰਨ ੧੯੧੩ ਤੋਂ ੧੯੧੭ ਤਕ ਪ੍ਰਧਾਨ ਸਨ, ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ 'ਇਨਸਾਨੀ ਹੱਕਾਂ ਅਤੇ ਕੌਮੀ ਏਕਤਾ' ਵੱਲ ਵਧੇਰੇ ਧਿਆਨ ਦੇਵੇਗੀ, ਅਤੇ "ਅਗੋਂ ਤੋਂ ਅਮਰੀਕਾ ਕਦੇ ਵੀ ਧੱਕੇਸ਼ਾਹੀ ਨਾਲ ਬਦੇਸ਼ੀ ਮੁਲਕਾਂ ਦੀ ਇਕ ਫੁਟ ਥਾਂ ਵੀ ਲੈਣ ਦੀ ਕੋਸ਼ਸ਼ ਨਹੀਂ ਕਰੇਗਾ‡"। ਪ੍ਰਧਾਨ ਵਿਲਸਨ ਆਪਣੇ ਬਚਨ ਉੱਤੇ ਕਾਇਮ ਰਹੇ ਅਤੇ ਉਨ੍ਹਾਂ ਮੈਕਸੀਕੋ (ਜਿਥੇ ਅਮਰੀਕਾ ਦਾ ਉਸ ਸਮੇਂ ਡੇਢ ਅਰਬ ਡਾਲਰ ਸਰਮਾਇਆ ਲੱਗਾ ਹੋਇਆ ਸੀ, ਅਤੇ ਜਿਸ ਨੂੰ ਡਿਆਜ਼ ਦੀ ਡਿਕਟੇਟਰੀ ਖਤਮ ਹੋ ਜਾਣ ਕਰਕੇ ਖਤਰਾ ਪੈ ਗਿਆ ਸੀ) ਵਿਚ ਅਮਰੀਕਨ ਸਰਮਾਏਦਾਰਾਂ ਦੇ ਵਾਵੇਲਾ ਕਰਨ ਦੇ ਬਾਵਜੂਦ ਦਖਲ ਦੇਣੋਂ ਡੱਟ ਕੇ ਨਾਂਹ ਕਰ ਦਿੱਤੀ। ਇਹ ਠੀਕ ਹੈ ਕਿ ਪ੍ਰਧਾਨ ਵਿਲਸਨ ਨੂੰ ਪ੍ਰਧਾਨ ਰੂਜ਼ਵੈਲਟ ਅਤੇ ਪ੍ਰਧਾਨ ਟੈਫਟ ਦੀਆਂ ਪਾਨਾਮਾ ਸੰਬੰਧੀ ਚਲਾਈਆਂ ਹੋਈਆਂ ਸਾਮਰਾਜੀ ਨੀਤੀਆਂ ਨੂੰ ਜਾਰੀ ਰੱਖਣਾ ਪਿਆ। ਪਰ ਇਹ ਗਲ ਪ੍ਰਧਾਨ ਵਿਲਸਨ ਦੀਆਂ ਅਗੇ-ਵਧ ਰਚੀਆਂ ਉੱਤੇ ਇਤਨਾ ਧੱਬਾ ਨਹੀਂ ਲਾਉਂਦੀ, ਜਿਤਨਾ ਇਹ ਜ਼ਾਹਰ ਕਰਦੀ ਹੈ ਕਿ ਕਿਸੇ ਆਰਥਕ ਪਰਬੰਧ ਦੀਆਂ ਮਜਬੂਰੀਆਂ ਅਗੇ ਇੱਕੜ ਦੁਕੜ ਨੇਕਨੀਯਤ ਵਿਯੱਕਤੀਆਂ ਦੀ ਵੀ ਪੇਸ਼ ਨਹੀਂ ਜਾਂਦੀ । ਉਪ੍ਰੋਕਤ ਮਿਸਾਲਾਂ ਤੋਂ ਤਾਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਅਮਰੀਕਨ ਸਰਕਾਰ ਦੇ ਮੁਕਾਬਲੇ ਅਮਰੀਕਨ ਪਬਲਕ ਵਧੇਰੇ ਅਗੇ-ਵਧੂ ਰੁਚੀਆਂ ਰੱਖਦੀ ਸੀ, ਅਤੇ ਇਸੇ ਕਰਕੇ ਵਿਚ ਵਿਚਾਲੇ ਕਦੇ ਅਮਰੀਕਨ ਸਰਕਾਰ ਦੀ ਮਸ਼ੀਨਰੀ ਵੀ ਐਸੇ ਅਨਸਰਾਂ ਦੇ ਹੱਥ ਆ ਜਾਂਦੀ । ਪਰ ਅਜਿਹਾ ਸਿੱਟਾ ਕਢਣਾ ਆਸਾਨ ਨਹੀਂ, ਕਿਉਂਕਿ ਸੰਨ ੧੯੦੦ ਵਿਚ ਜਦ ਮਿਸਟਰ ਵਿਲੀਅਮ ਜੇ ਬਰਾਇਨ ਨੇ ਫਿਲੇਪੀਨ ਨੂੰ ਆਜ਼ਾਦੀ ਦੇਣ ਦੇ ਸਵਾਲ ਉੱਤੇ ਪ੍ਰਧਾਨਗੀ ਦੀ ਚੋਣ ਲੜੀ ਤਾਂ ਉਹ ਹਾਰ ਗਏ। ਇਸ ਦਾ ਮਤਲਬ ਸੀ ਕਿ ਅਮਰੀਕਨ ਪਬਲਕ ਸਾਮਰਾਜੀ ਨੀਤੀ ਨੂੰ ਅਪਨਾਉਣ ਵਾਸਤੇ ਕਿਸੇ ਹੱਦ ਤੱਕ ਵਰਗਲਾਈ ਜਾ ਚੁਕੀ ਸੀ*। ਏਸ਼ੀਆਈਆਂ ਵਿਰੁਧ ਨਸਲੀ ਵਿਤਕਰੇ (ਜਿਸ ਦਾ ਜ਼ਿਕਰ ਅਗੇ ਆਵੇਗਾ) ਦੀ ਪਹਿਲ ਵੀ ਅਕਸਰ ਅਮਰੀਕਨ ਕੇਂਦਰੀ ਸਰਕਾਰ ਦੀ ਬਜਾਏ ਅਮਰੀਕਨ ਰਿਆਸਤਾਂ ਅਥਵਾ ਅਮਰੀਕਨ ਪਬਲਕ ਵਲੋਂ ਹੁੰਦੀ। ਇਸ ਵਾਸਤੇ ਕੋਈ ਪੱਕੀ ਰਾਏ ਦੇਣੀ ਠੀਕ ਨਹੀਂ । ਪਰ ਜਾਪਦਾ ਇਹ ਹੈ ਕਿ ਅਮਰੀਕਨ ਭਾਈਚਾਰੇ ਵਿਚ ਸਾਮਰਾਜ ਵਿਰੋਧੀ ਅਨਸਰ ਜ਼ਰੂਰ ਸਨ, ਅਤੇ ਪੁਰਾਣੀਆਂ ਤਰੱਕੀ ਪਸੰਦ ਰਵਾਇਤਾਂ ਵਿਚ ਅਜੇ ਇਤਨੀ ਜਾਨ ਬਾਕੀ ਸੀ ਕਿ ਓਹ ਯੂਰਪ ਦੀਆਂ ਹੋਰ ਸਾਮਰਾਜੀ ਤਾਕਤਾਂ ਵਾਂਗੂੰ ਅਮਰੀਕਨ ਸਰਕਾਰ ਨੂੰ ਖੁਲਮ ਖੁਲ੍ਹੀ ਅਤੇ ਨਿਸ਼ੰਗ ਧੱਕੇਸ਼ਾਹੀ ਕਰਨੋਂ ਵਰਜਦੀਆਂ ਜਾਂ ਬਰੇਕ ਲਾਉਂਦੀਆਂ। ਪਰ ਸਰਮਾਏਦਾਰੀ ਪਰਬੰਧ ਤੋਂ ਉਪਜੇ ਬੁਨਿਆਦੀ ਆਰਥਕ ਹਿਤਾਂ, ਜਾਂ ਡੂੰਘੇ ਨਸਲੀ ਜਜ਼ਬਾਤ, ਦੇ ਟਾਕਰੇ ਵਿਚ ਅਗੇ-ਵਧੂ ਰੁਚੀਆਂ ਕਾਰਗਰ ਸਾਬਤ ਨਾ ਹੁੰਦੀਆਂ। ਅਮਰੀਕਨ ਸਰਕਾਰ ਅਤੇ ਪਬਲਕ ਦੇ ਰਵੱਈਏ ਵਿਚ ਵਖੇਵੇਂ ਬਹੁਤੇ ਇਸ ਕਰਕੇ ਪ੍ਰਗੱਟ ਹੁੰਦੇ ਕਿ ਸਰਕਾਰਾਂ ਅਕਸਰ ਸੋਚੀਆਂ ਵੀਚਾਰੀਆਂ ਅਤੇ ਦੂਰ ਦੇ ਨਿਸ਼ਾਨਿਆਂ ਵਾਲੀਆਂ ਨੀਤੀਆਂ ਮੁਤਾਬਕ ਕੰਮ ਕਰਦੀਆਂ ਹਨ ਅਤੇ ਫੌਰੀ ਜਜ਼ਬਾਤ ਦੇ ਅਸਰ ਹੇਠ ਘੱਟ, ਪਰ ਪਬਲਕ ਦਾ ਪ੍ਰਤਿਕਰਮ ਅਕਸਰ ਇਸ ਦੇ ਐਨ ਉਲਟ ਹੁੰਦਾ ਹੈ।

ਅਮਰੀਕਾ ਗਏ ਹਿੰਦੀਆਂ ਉਤੇ ਉਪ੍ਰੋਕਤ ਦੋਹਾਂ ਰੁਚੀਆਂ ਅਤੇ ਉਨ੍ਹਾਂ ਦੇ ਆਪਸ ਵਿਚ ਦੇ ਪ੍ਰਤਿਕਰਮ ਦਾ ਅਸਰ ਹੋਣਾ ਲਾਜ਼ਮੀ ਸੀ। ਪਰ ਕਿਉਂਕਿ ਅਮਰੀਕਾ ਗਏ ਹਿੰਦੀਆਂ ਦੀ ਗਿਣਤੀ ਬਹੁਤ ਮਾਮੂਲੀ ਸੀ, ਅਤੇ ਉਹ ਅਮਰੀਕਾ ਦੇ ਬੁਨਿਆਦੀ ਆਰਥਕ ਜਾਂ ਸਮਾਜਕ ਹਿਤਾਂ ਦੇ ਰਾਹ ਵਿਚ ਵੱਡਾ ਰੋੜਾ ਨਹੀਂ ਸਨ, ਇਸ ਵਾਸਤੇ ਸਾਮਰਾਜੀ ਰੁਚੀਆਂ ਦਾ ਉਨ੍ਹਾਂ ਉਤੇ ਜੋ ਅਸਰ ਹੋਇਆ ਉਹ ਬਹੁਤ ਮਾਮੂਲੀ ਸੀ । ਇਸ ਨਜ਼ਰੀਏ ਤੋਂ ਕੇਵਲ ਇਹ ਜਾਣ ਲੈਣਾ ਕਾਫੀ ਹੈ ਕਿ ਸੰਨ ੧੮੯੫ (ਜਦ ਅੰਗਰੇਜ਼ਾਂ ਅਤੇ ਵੈਨਜ਼ੁਐਲਾ ਵਿਚਕਾਰ ਝਗੜੇ ਵਿਚ ਅਮਰੀਕਾ ਨੇ ਦਖਲ ਦੇਕੇ "ਮੁਨਰੋ" ਦੇ ਐਲਾਨ ਅਨੁਸਾਰ ਅਮਰੀਕਨ ਦੀਪ ਵਿਚ ਅਮਰੀਕਾ ਦੀ ਸਰਪਰੱਸਤੀ ਕਬੂਲਣ ਵਾਸਤੇ ਅੰਗਰੇਜ਼ਾਂ ਨੂੰ ਮਜਬੂਰ ਕਰ ਦਿਤਾ) ਤੋਂ ਅਮਰੀਕਨ ਸਰਕਾਰ ਨੇ ਅੰਗਰੇਜ਼ਾਂ ਨਾਲ ਇਹ ਨੀਤੀ ਤਹਿ ਕਰ ਲਈ ਸੀ ਕਿ ਦੋਵੇਂ ਇਕ ਦੂਜੇ ਦੇ ਹਿਤਾਂ ਵਿਚ ਦਖਲ ਨਹੀਂ ਦੇਣਗੇ । ਇਸ ਨੀਤੀ ਅਨੁਸਾਰ ਇਹ ਹੋ ਸਕਦਾ ਹੈ ਕਿ ਅਮਰੀਕਨ ਸਰਕਾਰ ਦੀ ਅੰਦਰੂਨੀ ਹਮਦਰਦੀ ਅੰਗਰੇਜ਼ਾਂ ਨਾਲ ਹੋਵੇ, ਅਤੇ ਉਹ ਲੁਕਵੇਂ ਅਤੇ ਵਿੰਗੇ ਤਰੀਕੇ ਨਾਲ ਅਮਰੀਕਾ ਵਿਚ ਅੰਗਰੇਜ਼-ਵਿਰੋਧੀ ਹਿੰਦੀਆਂ ਦੀ ਲਹਿਰ ਦੇ ਬਰਖਲਾਫ ਜਿਤਨੀ ਹੋ ਸਕੇ ਅੰਗਰੇਜ਼ਾਂ ਦੀ ਸ਼ਾਇਦ ਲੁਕਵੀਂ ਮਦਦ ਕਰਨ ਵਾਸਤੇ ਤਿਆਰ ਹੋਵੇ। ਇਹ ਸ਼ੱਕ ਕੀਤਾ ਜਾਂਦਾ ਹੈ ਕਿ ਅਮਰੀਕਨ ਸਰਕਾਰ ਨੇ ਅੰਗਰੇਜ਼ੀ ਸਾਮਰਾਜ ਦੀ ਲੁਕਵੀਂ ਪ੍ਰੇਰਨਾ ਹੇਠ ਲਾਲਾ ਹਰਦਿਆਲ ਨੂੰ ਗ੍ਰਿਫਤਾਰ ਕੀਤਾ, ਅਤੇ ਪਿਛੋਂ ਸੰਨ ੧੯੧੭ ਵਿਚ ਗਦਰ ਪਾਰਟੀ ਲਹਿਰ ਦੇ ਸੰਬੰਧ ਵਿਚ ਸੈਨਫ੍ਰਾਂਸਿਸਕੋ ਅਤੇ ਸ਼ਿਕਾਗੋ ਦੋ ਮੁਕਦਮੇਂ ਚਲਾਏ। ਇਹ ਕੇਵਲ ਇਕ ਅਨੁਮਾਨ ਹੈ, ਪਰ ਇਸ ਨੂੰ ਠੀਕ ਮੰਨਦਿਆਂ ਹੋਇਆਂ ਵੀ ਇਹ ਯਾਦ ਰਖਣ ਵਾਲੀ ਗਲ ਹੈ ਕਿ, ਤਰੱਕੀ ਪਸੰਦ ਰਵਾਇਤਾਂ ਜਾਂ ਅਗੇ-ਵਧੂ ਲੋਕ ਰਾਏ ਦੇ ਅਸਰ ਹੇਠ, ਅਮਰੀਕਨ ਸਰਕਾਰ ਨੇ ਗਦਰ ਪਾਰਟੀ ਅਤੇ ਗਦਰ ਪਾਰਟੀ ਲਹਿਰ ਦੇ ਬਰਖਲਾਫ ਸਿੱਧਾ ਅਤੇ ਖੁਲਮਖੁਲਾ ਦਖਲ ਦੇਣੋਂ ਹਮੇਸ਼ਾਂ ਸੰਕੋਚ ਕੀਤਾ। ਗਦਰ ਪਾਰਟੀ ਲਹਿਰ ਦੇ ਨਜ਼ਰੀਏ ਤੋਂ ਇਹ ਮਾਮੂਲੀ ਗਲ ਨਹੀਂ ਸੀ, ਅਤੇ ਇਸ ਦੀ ਪੂਰੀ ਕੀਮਤ ਅਗਲੇ ਕਾਂਡ ਵਿਚ ਦਿੱਤੇ ਗਏ ਕੈਨੇਡਾ ਦੇ ਹਾਲਾਤ ਨਾਲ ਮੁਕਾਬਲਾ ਕੀਤਿਆਂ ਪੈਂਦੀ ਹੈ। ਅਮਰੀਕਨ ਸਕਕਾਰ ਅਤੇ ਪਬਲਕ ਜੇ ਕੈਨੇਡਾ ਸਰਕਾਰ ਅਤੇ ਕੈਨੇਡਾ ਦੀ ਪਬਲਕ ਵਾਲਾ ਰਵੱਈਆ ਧਾਰਨ ਕਰਦੀ, ਤਾਂ ਗਦਰ ਪਾਰਟੀ ਲਹਿਰ ਸ਼ਾਇਦ ਜੜ੍ਹ ਹੀ ਨਾ ਫੜ ਸਕਦੀ। ਬਲਕਿ ਇਹ ਕਹਿਣਾ ਗਲਤ ਨਹੀਂ ਕਿ ਗਦਰ ਪਾਰਟੀ ਲਹਿਰ ਅਮਰੀਕਾ ਦੇ ਅੰਦਰੂਨੀ ਤਰੱਕੀ ਪਸੰਦ ਅਤੇ ਆਜ਼ਾਦ ਖਿਆਲੀ ਵਾਲੇ ਮਹੌਲ ਦੇ ਉਥੇ ਗਏ ਹਿੰਦੀਆਂ ਉੱਤੇ ਹੋਏ ਅਸਰ ਦੀ ਪੈਦਾਇਸ਼ ਸੀ। ਇਸ ਵਾਸਤੇ ਅਮਰੀਕਾ ਵਿਚਲੀਆਂ ਸਾਮਰਾਜੀ ਰੁਚੀਆਂ ਬਾਰੇ ਭਾਵੇਂ ਕੁਝ ਵੀ ਰਾਏ ਕਿਉਂ ਨਾ ਹੋਵੇ, ਗਦਰ ਪਾਰਟੀ ਲਹਿਰ ਦੇ ਨਜ਼ਰੀਏ ਤੋਂ ਉਨ੍ਹਾਂ ਵੱਲ ਬਹੁਤਾ ਧਿਆਨ ਦੇਣ ਦੀ ਲੋੜ ਨਹੀਂ, ਕਿਉਂਕਿ ਇਸ ਵਿਚ ਸ਼ੱਕ

*ਚੀਨੀ।

†Quoted by Caldwell, ii, p. 457.

‡A history of American Life, P. W. Slosson, Vol. xii.

*Caldwell, Part II, p. 431.

ਨਹੀਂ ਕਿ ਅਮਰੀਕਾ ਦੇ ਆਜ਼ਾਦ ਖਿਆਲੀ ਵਾਲੇ ਮਹੌਲ ਦਾ ਹਿੰਦੀਆਂ ਉੱਤੇ ਬਹੁਤ ਡੂੰਘਾ ਅਸਰ ਹੋਇਆ । ਇਸ ਦਾ ਇਕ ਵੱਡਾ ਕਾਰਨ ਇਹ ਵੀ ਸੀ ਕਿ ਅੰਗਰੇਜ਼ੀ ਸਾਮਰਾਜ ਹੇਠ ਹਿੰਦ ਦੇ ਹਾਲਾਤ ਅਤੇ ਅਮਰੀਕਾ ਦੇ ਹਾਲਾਤ (ਬਾਵਜੂਦ ਉਨ੍ਹਾਂ ਵਿਚ ਕਈ ਕਮੀਆਂ ਹੋਣ ਦੇ) ਵਿਚਕਾਰ ਜ਼ਮੀਨ ਅਸਮਾਨ ਦਾ ਫਰਕ ਸੀ।

ਲਾਲਾ ਹਰਦਿਆਲ ਨੇ ਅਮਰੀਕਾ ਦੇ ਹਾਲਾਤ ਬਾਰੇ ਆਪਣੇ ਇਕ ਲੇਖ ਵਿਚ ਲਿਖਿਆ ਹੈ ਕਿ, "ਅਮਰੀਕਾ ਦੇ ਝੰਡੇ ਹੇਠ ਕੋਈ ਵੀ ਖਿਆਲ ਅਤੇ ਕੰਮ ਦੇ ਉੱਚੇ ਮੰਡਲ ਵਿਚ ਉਡਿਆਂ ਬਿਨਾਂ ਨਹੀਂ ਰਹਿ ਸਕਦਾ । ਦੁਨੀਆ ਦੇ ਇਤਿਹਾਸ ਵਿਚ ਸਭ ਤੋਂ ਵੱਡੇ ਪੰਚਾਇਤੀ ਰਾਜ ਦਾ ਵੱਡਾ ਝੰਡਾ ਬੁਜ਼ਦਿਲੀ, ਅਧੀਨਤਾ, ਢਹਿੰਦੀਆਂ ਕਲਾਂ ਅਤੇ ਉਦਾਸੀਨਤਾ ਨੂੰ ਇਸਤਰ੍ਹਾਂ ਸਾੜ ਦਿੰਦਾ ਹੈ ਜਿਵੇਂ ਅੱਗ ਮਿਲਾਵਟ ਨੂੰ ਸਾੜ ਕੇ ਪਿਛੇ ਸਾਫ ਸੋਨਾ ਰਹਿਣ ਦਿੰਦੀ ਹੈ* ।" ਲਾਲਾ ਹਰਦਿਆਲ ਆਪਣੇ ਸੁਭਾ ਅਨੁਸਾਰ ਇਕ ਬੰਨੇ ਬਹੁਤ ਉੱਲਰ ਜਾਂਦੇ ਸਨ, ਅਤੇ ਉਨ੍ਹਾਂ ਦੀ ਉਪਰਲੀ ਲਿਖਤ ਸਰੀਹਨ ਤੋਲਵੀਂ ਨਹੀਂ । ਪਰ ਜਿਵੇਂ ਅਗੇ ਜ਼ਿਕਰ ਕੀਤਾ ਜਾ ਚੁਕਾ ਹੈ, ਇਸ ਲਿਖਤ ਦਾ ਸੰਬੰਧ ਅਮਰੀਕਾ ਦੇ ਹਾਲਾਤ ਦੀ ਅਸਲੀਅਤ ਦੀ ਜਾਂਚ ਪੜਤਾਲ ਕਰਨ ਨਾਲ ਇਤਨਾ ਨਹੀਂ, ਜਿਤਨਾ ਇਹ ਵੇਖਣ ਨਾਲ ਕਿ ਉਨ੍ਹਾਂ ਦਾ ਉੱਥੇ ਗਏ ਹਿੰਦੀਆਂ ਦੇ ਮਨ ਉੱਤੇ ਕੀ ਅਸਰ ਹੋਇਆ । ਭਾਈ ਪਰਮਾਨੰਦ, ਜੋ ਮੁਕਾਬਲਤਨ ਬੜੇ ਗੰਭੀਰ ਸੁਭਾ ਦੇ ਸਨ, ਵੀ ਲਿਖਦੇ ਹਨ ਕਿ, "ਅਮਰੀਕਾ ਵਿਚ ਹਰ ਇਕ ਥਾਂ ਮਨੁਖ ਦੀ ਬਰਾਬਰੀ ਦਾ ਅਹਿਸਾਸ ਉੱਚੀ ਡਿਗਰੀ ਤਕ ਪਾਇਆ ਜਾਂਦਾ ਹੈ । ਰੇਲਾਂ ਵਿਚ ਸਿਰਫ ਇਕੋ ਕਲਾਸ ਹੈ ।...........ਪੱਛਮੀ ਰਿਆਸਤਾਂ ਵਿਚ ਬਰਾਬਰੀ ਦੇ ਅਸੂਲ ਉੱਤੇ ਸਿਰੇ ਦੀ ਵਰਤੋਂ ਹੁੰਦੀ ਹੈ। ਮਿਸਾਲ ਦੇ ਤੌਰ ਉੱਤੇ ਕਾਲਜਾਂ ਵਿਚ ਸੇਵਾਦਾਰਾਂ (Attendants) ਨੂੰ ਉਹੋ ਤਨਖਾਹ ਮਿਲਦੀ ਹੈ ਜੋ ਪ੍ਰੋਫੈਸਰਾਂ ਨੂੰ ਸ਼ੁਰੂ ਸ਼ੁਰੂ ਵਿਚ ਮਿਲਦੀ ਹੈ। ਫਰਕ ਕੇਵਲ ਇਹ ਹੁੰਦਾ ਹੈ ਕਿ ਪ੍ਰੋਫੈਸਰ ਵਿਦਿਆ ਦਾਨ ਦੇ ਕੇ ਸ਼ੋਹਰਤ ਖੱਟ ਲੈਂਦੇ ਹਨ । ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਵਿਦਿਆਰਥੀ ਪ੍ਰੋਫੈਸਰਾਂ ਦਾ ਕੋਈ ਉਚੇਚਾ ਸਨਮਾਨ ਨਹੀਂ ਕਰਦੇ* ।"

ਜਦ ਪੜ੍ਹੇ ਲਿਖੇ ਹਿੰਦੀਆਂ ਉੱਤੇ ਅਮਰੀਕਾ ਦੇ ਹਾਲਾਤ ਦਾ ਇਹ ਅਸਰ ਹੁੰਦਾ ਸੀ, ਤਾਂ ਉਥੇ ਗਏ ਹਿੰਦੀ ਕਾਮਿਆਂ, ਜੋ ਬਹੁਤਾ ਪੜ੍ਹੇ ਲਿਖੇ ਨਹੀਂ ਸਨ, ਉੱਤੇ ਇਸ ਤੋਂ ਵੀ ਵੱਧ ਅਸਰ ਹੋਣਾ ਜ਼ਰੂਰੀ ਸੀ। ਬਦੇਸ਼ਾਂ ਦਾ ਸਫਰ ਆਪਣੇ ਆਪ ਵਿਚ ਅੱਖਾਂ ਖੋਲ੍ਹਣ ਅਤੇ ਸੋਚ-ਢੰਗ ਨੂੰ ਖੁਲ੍ਹਿਆਂ ਅਤੇ ਵਸੀਹ ਕਰਨ ਦਾ ਅਸਰ ਰੱਖਦਾ ਹੈ । ਜਾਪਾਨ ਦੀ ਮਿਸਾਲ, ਏਕਤਾ ਦੀ ਬਰਕਤ, ਅਤੇ ਸਾਇੰਸ ਤੇ ਸਨਅਤ ਦੀ ਤਰੱਕੀ ਨੂੰ ਉਨ੍ਹਾਂ ਅੱਖੀਂ ਵੇਖਿਆ। ਪਰ ਸਭ ਤੋਂ ਵੱਡਾ ਉਹ ਅਸਰ ਸੀ ਜੋ ਅਮਰੀਕਾ ਵਿਚ ਪੱਛਮੀ ਸਭਿਅਤਾ ਅਤੇ ਆਜ਼ਾਦ ਵਾਯੂਮੰਡਲ ਦਾ ਉਨ੍ਹਾਂ ਨੂੰ ਪਹਿਲਾ ਜੀਉਂਦਾ ਜਾਗਦਾ (living) ਜ਼ਾਤੀ ਤਜਰਬਾ ਹੋਇਆ । ਹਿੰਦੁਸਤਾਨ ਵਿਚ ਵੱਡੀ ਤੋਂ ਵੱਡੀ ਹਸਤੀ ਗੁਲਾਮੀ ਦੀ ਠੋਕਰ ਤੋਂ ਨਿਰਲੇਪ ਨਹੀਂ ਸੀ ਰਹਿ ਸਕਦੀ, ਅਤੇ ਆਮ ਹਿੰਦੀਆਂ ਵਾਸਤੇ ਤਾਂ ਪੁਲਸ ਦਾ ਜਬਰ ਅਤੇ ਅਫਸਰਾਂ ਦਾ ਖਰਵਾਪਨ ਸਾਧਾਰਨ ਤਜਰਬਾ ਸੀ। ਪਰ ਅਮਰੀਕਾ ਵਿਚ, ਨਸਲੀ ਵਿਤਕਰੇ ਦੀ ਹੋਂਦ ਦੇ ਬਾਵਜੂਦ, ਹਾਲਾਤ ਹਿੰਦ ਨਾਲੋਂ ਬਿਲਕੁਲ ਵਖਰੇ ਸਨ, ਜਿਸ ਫਰਕ ਦਾ ਉਨ੍ਹਾਂ ਉੱਤੇ ਉਸੇ ਤਰ੍ਹਾਂ ਦਾ ਅਸਰ ਹੋਇਆ ਜਿਵੇਂ ਜਮਾਂਦਰੂ ਅੰਨ੍ਹੇ ਨੂੰ ਇਕ ਦਮ ਵਿਖਾਈ ਦੇਣ ਨਾਲ ਹੋ ਸਕਦਾ ਹੈ। ਉਨ੍ਹਾਂ ਨੂੰ ਆਜ਼ਾਦੀ ਅਤੇ ਗੁਲਾਮੀ ਵਿਚ ਫਰਕ ਦਿਨ ਰਾਤ ਦੇ ਫਰਕ ਵਾਂਗੂ ਸਪੱਸ਼ਟ ਹੋ ਗਿਆ। ਸਿੱਟਾ ਇਹ ਨਿਕਲਿਆ ਕਿ ਹੁਣ ਓਹ ਬਤੌਰ ਹਿੰਦੀ ਕੌਮ ਵਡੇ ਦਾਇਰੇ ਵਿਚ ਸੋਚਣ ਲੱਗ ਪਏ । ਉਨ੍ਹਾਂ ਵਿਚ ਇਕ ਨਵੀਂ ਸਪਿੱਰਟ ਅਤੇ ਨਵਾਂ ਉਤਸ਼ਾਹ ਪੈਦਾ ਹੋ ਗਿਆ। ਅਮਰੀਕਾ ਅਤੇ ਕੈਨੇਡਾ ਦੇ ਹਿੰਦੀਆਂ ਵਿਚ ਜੋ ਇਸਤਰ੍ਹਾਂ ਕੌਮੀ ਜਾਗਰਤੀ, ਦੇਸ਼ ਭਗਤੀ ਅਤੇ ਕੌਮੀਅਤ ਦੀ ਨਵੀਂ ਸਪਿੱਰਟ ਪੈਦਾ ਹੋਈ (ਅਤੇ ਜਿਨ੍ਹਾਂ ਕਾਰਨਾਮਿਆਂ ਵਿਚ ਇਹ ਪਿਛੋਂ ਪ੍ਰੱਗਟ ਹੋਈ), ਉਸ ਦੀ ਨਿਗਰਤਾ ਦਾ ਹਿੰਦ ਵਿਚਲੀ ਕਿਸੇ ਰਾਜਸੀ ਲਹਿਰ ਨਾਲ ਮੁਕਾਬਲਾ ਕਰਨਾ ਤਾਂ ਇਕ ਬੰਨੇ ਰਿਹਾ, ਉਸ ਬਾਰੇ ਅੰਗਰੇਜ਼ੀ ਰਾਜ ਸਮੇਂ ਦੇ ਉਸ ਹਿੰਦੀ ਨੂੰ ਯਕੀਨ ਆਉਣਾ ਵੀ ਕੱਠਣ ਹੈ ਜਿਸ ਨੂੰ ਹਿੰਦ ਤੋਂ ਬਾਹਰ ਅਮਰੀਕਾ ਵਰਗੇ ਆਜ਼ਾਦ ਮੁਲਕ ਦੇ ਵਾਯੂਮੰਡਲ ਦਾ ਜ਼ਾਤੀ ਤਜੱਰਬਾ ਨਾ ਹੋਇਆ ਹੋਵੇ। ਗਦਰ ਪਾਰਟੀ ਦਾ ਸਾਰਾ ਇਤਿਹਾਸ ਇਸ ਦੀ ਗਵਾਹੀ ਹੈ। ਇਸ ਤੋਂ ਬਿਨਾਂ ਹੋਰ ਵੀ ਕਈ ਗਵਾਹੀਆਂ ਹਨ।

ਜਰਨੈਲ ਸਵੇਮ, ਵੈਸਟ ਇੰਡੀਜ਼ ਦੇ ਗਵਰਨਰ ਸਨ ਅਤੇ ਬਰਤਾਨਵੀ ਸਰਕਾਰ ਵਲੋਂ ਕੈਨੇਡਾ ਵਿਚਲੇ ਹਿੰਦੀਆਂ ਬਾਰੇ ਕੈਨੇਡਾ ਸਰਕਾਰ ਨਾਲ ਵੀਚਾਰ ਕਰਨ ਵਾਸਤੇ ਭੇਜੇ ਗਏ ਸਨ। ਵੈਨਕੋਵਰ (ਕੈਨੇਡਾ) ਦੇ ਅਖਬਾਰ 'ਦੀ ਵਰਲਡ' ਦੇ ੧੪ ਦਸੰਬਰ, ਸੰਨ ੧੯੦੮, ਦੇ ਪਰਚੇ ਵਿਚ ਉਨ੍ਹਾਂ ਦੀ ਅਖਬਾਰੀ ਮੁਲਾਕਾਤ (interview) ਦਾ ਹਾਲ ਛਪਿਆ । ਜਰਨੈਲ ਸਵੇਮ ਨੇ ਆਖਿਆ ਕਿ, "ਇਕ ਗੱਲ ਜਿਹੜੀ ਹਿੰਦੀਆਂ ਦੀ ਏਥੇ, ਜਾਂ ਕਿਸੇ ਹੋਰ ਗੋਰੀ ਆਬਾਦੀ ਵਾਲੇ ਮੁਲਕ ਵਿਚ, ਹੋਂਦ ਨੂੰ ਰਾਜਸੀ ਤੌਰ ਉੱਤੇ ਨਾ-ਮੁਨਾਸਬ ਬਣਾਉਂਦੀ ਹੈ, ਉਹ ਗੋਰਿਆਂ ਨਾਲ ਰਚ ਮਿਚ ਜਾਣਾ ਹੈ ਜੋ ਓਹ ਜਲਦੀ ਕਰ ਲੈਂਦੇ ਹਨ । ਇਸ ਦੀ ਇਕ ਮਿਸਾਲ ਜਾਤ ਪਾਤ ਦੇ ਇਸ ਇਲਾਕੇ ਵਿੱਚੋਂ ਇਕ ਦੱਮ ਉੱਡ ਜਾਣ ਦੀ ਹੈ, ਜਿਹੜਾ ਇਸ ਤੋਂ ਜ਼ਾਹਰ ਹੁੰਦਾ ਹੈ ਕਿ ਉਹ ਕਿਸਤਰ੍ਹਾਂ ਇਕ ਦੂਜੇ ਦੀ ਮਦਦ ਕਰਦੇ ਹਨ*"।

ਲਾਲਾ ਹਰਦਿਆਲ ਜਦ ਯੂਰਪ ਤੋਂ ਪਹਿਲੀ ਵੇਰ ਅਮਰੀਕਾ ਗਏ ਤਾਂ ਉੱਥੋਂ ਦੇ ਹਿੰਦੀਆਂ ਵਿਚ ਆਈ ਤਬਦੀਲੀ ਨੂੰ ਵੇਖਕੇ ਹੈਰਾਨ ਹੋ ਗਏ । ਗਦਰ ਪਾਰਟੀ ਬਣਨ, ਜਾਂ ਇਸ ਬੰਨੇ ਕੋਈ ਕਦਮ ਚੁਕਣ ਤੋਂ, ਬਹੁਤ ਪਹਿਲੋਂ ਉਨ੍ਹਾਂ ਅਮਰੀਕਾ ਗਏ ਹਿੰਦੀ ਕਾਮਿਆਂ ਬਾਰੇ ਲਿਖਿਆ ਕਿ, "ਓਹ ਜਲਦੀ ਹੀ ਦੇਸ਼ਭਗਤੀ ਦਾ ਤਿੱਖਾ ਜਜ਼ਬਾ ਪੈਦਾ ਕਰ ਲੈਂਦੇ ਹਨ, ਅਤੇ ਇਹ ਜਜ਼ਬਾ ਆਪਣੇ ਹਮਵਤਨਾਂ ਦੀ ਸੇਵਾ, ਪਬਲਕ ਮਾਮਲਿਆਂ ਵਿਚ ਦਿਲਚਸਪੀ, ਧਾਰਮਕ ਜਾਗਰਤਾ, ਦੇਸ ਜਾਕੇ ਆਜ਼ਾਦ ਵਿਹਾਰ ਕਰਨ ਦੀ ਲਾਲਸਾ, ਅਤੇ ਸਮੂਹੇ ਲਾਭ ਖਾਤਰ ਮਾਇਆ ਦੇ ਗਹਿਰੇ ਗੱਫੇ ਦਾਨ ਕਰਨ ਲਈ ਸਦਾ ਤੱਤਪਰ ਰਹਿਣ ਵਿਚ ਜ਼ਾਹਰ ਹੁੰਦਾ ਹੈ। ਇਸ ਕਰਕੇ ਸਿਖ ਨੂੰ ਆਪਣੇ ਇਥੋਂ ਦੇ ਬਦੇਸ਼ੀ ਸਫਰ ਤੋਂ ਮਾਇਕ ਅਤੇ ਇਖਲਾਕੀ ਦੋਹਾਂ ਤਰ੍ਹਾਂ ਫਾਇਦਾ ਪੁਜਦਾ ਹੈ। ਉਹ ਬਦਲਿਆ ਹੋਇਆ ਨਵਾਂ ਆਦਮੀ ਬਣ ਜਾਂਦਾ ਹੈ। ਉਸ ਦੀ ਆਰਥਕ ਅਤੇ ਇਖਲਾਕੀ ਗੁਰਬਤ ਦੂਰ ਹੋ ਜਾਂਦੀ ਹੈ। ਉਸ ਵਿਚ ਸ੍ਵੈਮਾਨ ਆ ਜਾਂਦਾ ਹੈ। ਉਹ ਹੁਣ ਇਹ ਨਹੀਂ ਸੋਚਦਾ ਕਿ ਹਿੰਦੀ ਫ਼ੌਜ ਵਿਚ ਰਿਸਾਲਦਾਰੀ ਉਸ ਲਈ ਦੁਨਿਆਵੀ ਮਾਰ ਦਾ ਸਿਰਾ ਹੈ। ਉਹ ਵੇਖਦਾ ਹੈ ਕਿ ਅੰਗਰੇਜ਼ਾਂ ਤੋਂ ਬਿਨਾਂ ਦੁਨੀਆਂ ਵਿਚ ਹੋਰ ਵੀ ਤਾਕਤਾਂ ਹਨ। ਚੁਪ ਚਾਪ ਪਰ ਯਕੀਨੀ ਤੌਰ ਉੱਤੇ ਉਸ ਦੇ ਮਨ ਅੰਦਰ ਇਕ ਵੱਡੀ ਜੁਗਗਰਦੀ ਵਾਪਰਦੀ ਹੈ।........

*Modern Review, July, 1911, pp. 1-11.

*Bh. Parmanand, p. 58.

*Modern Review, August, 1913, pp. 140-149.

ਜਿਨ੍ਹਾਂ ਹਾਲਾਤ ਵਿਚ ਸਿਖ ਆ ਵੱਸੇ ਹਨ, ਉਨ੍ਹਾਂ ਵਿਚ ਇਹ ਕੁਦਰਤੀ ਅਤੇ ਤਰੀਕਾਵਾਰ ਉੱਤਪਤੀ ਹੈ।............ਅਮਰੀਕਾ ਦੇ ਝੰਡੇ ਹੇਠ ਕੋਈ ਵੀ ਖਿਆਲ ਅਤੇ ਕੰਮ ਦੇ ਉੱਚੇ ਮੰਡਲ ਵਿਚ ਉਡਿਆਂ ਬਿਨਾਂ ਨਹੀਂ ਰਹਿ ਸਕਦਾ । ਦੁਨੀਆਂ ਦੇ ਇਤਹਾਸ ਵਿਚ ਸਭ ਤ੍ਰੋਂ ਵੱਡੇ ਪੰਚਾਇਤੀ ਰਾਜ ਦਾ ਵੱਡਾ ਝੰਡਾ ਬੁਜ਼ਦਿਲੀ, ਅਧੀਨਤਾ, ਢਹਿੰਦੀਆਂ ਕਲਾਂ ਅਤੇ ਉਦਾਸੀਨਤਾ ਨੂੰ ਇਸਤਰ੍ਹਾਂ ਸਾੜ ਦਿੰਦਾ ਹੈ ਜਿਵੇਂ ਅੱਗ ਮਿਲਾਵਟ ਨੂੰ ਸਾੜ ਕੇ ਪਿੱਛੇ ਸਾਫ ਸੋਨਾ ਰਹਿਣ ਦਿੰਦੀ ਹੈ.........। ਔਸਤ ਕਿਸਾਨ ਦੀ ਇਥੋਂ ਦੀ ਬਦੇਸ਼ੀ ਫੇਰੀ ਦੇ ਦੌਰਾਨ ਵਿਚ ਜੋ ਤਬਦੀਲੀ ਆਉਂਦੀ ਹੈ, ਉਹ ਜ਼ਾਹਰ ਕਰਦੀ ਹੈ ਕਿ ਉਸ ਦੇ ਮਨ ਦੀ ਤਹਿ ਵਿਚ ਭਾਈਚਾਰਕ ਭਲਾਈ ਲਈ ਉਹ ਅੱਗ ਅਤੇ ਉਤਸ਼ਾਹ ਛੁਪਿਆ ਹੋਇਆ ਹੈ, ਕੇਵਲ ਜਿਸ ਨਾਲ ਹੀ ਸਾਡੀਆਂ ਕਮਜ਼ੋਰੀਆਂ ਅਤੇ ਦੁਖ ਸਾੜੇ ਜਾ ਸਕਦੇ ਹਨ* ।"

ਅਮਰੀਕਾ ਅਤੇ ਕੈਨੇਡਾ ਦੇ ਹਿੰਦੀਆਂ ਵਿਚ ਨਵੀਂ ਪੈਦਾ ਹੋਈ ਜਾਗਰਤੀ ਅਕਸਰ ਉਨ੍ਹਾਂ ਦੀ ਜ਼ਾਤੀ ਰਹਿਣੀ ਬਹਿਣੀ ਅਤੇ ਭਰਾਤਰੀ ਭਾਵ ਵਿਚ ਪ੍ਰੱਗਟ ਹੁੰਦੀ। ਓਹ ਆਪਣੇ ਜ਼ਾਤੀ ਆਚਰਨ ਅਤੇ ਰਹਿਣੀ ਬਹਿਣੀ ਨੂੰ ਉੱਚਿਆਂ ਕਰਨ ਦੀ ਹਰ ਕੋਸ਼ਸ਼ ਕਰਦੇ, ਅਤੇ ਐਸੇ ਕਰਮਾਂ ਤੋਂ ਪਰਹੇਜ਼ ਕਰਦੇ ਜਿਸ ਨਾਲ ਅਮਰੀਕਨਾਂ ਨੂੰ ਹਿੰਦੀਆਂ ਉੱਤੇ ਧੱਬਾ ਲਾਉਣ ਦਾ ਮੌਕਿਆ ਮਿਲ ਸਕੇ । ਅਗੇ ਜ਼ਿਕਰ ਕੀਤਾ ਜਾ ਚੁਕਾ ਹੈ ਕਿ ਓਹ ਚੰਗਾ ਯੂਰਪੀਨ ਪਹਿਰਾਵਾ ਪਾਉਣ ਦਾ ਕਿਸਤਰ੍ਹਾਂ ਖਾਸ ਖਿਆਲ ਰੱਖਦੇ, ਅਤੇ ਨਵੇਂ ਦੇਸੋ ਆਏ ਹਿੰਦੀਆਂ ਨੂੰ ਜਹਾਜ਼ਾਂ ਉੱਤੇ ਹੀ ਕੋਟ, ਪਤਲੂਣ ਅਤੇ ਬੂਟ ਆਦਿ ਲੈਕੇ ਮਿਲਦੇ, ਤਾਕਿ ਦੇਸੀ ਪਹਿਰਾਵੇ ਵਿਚ ਅਮਰੀਕਾ ਉੱਤਰਕੇ ਓਹ ਕੌਮੀ ਹੱਤਕ ਦਾ ਕਾਰਨ ਨਾ ਬਣਨ । ਸਫਾਈ ਦੇ ਲਿਹਾਜ਼ ਨਾਲ ਹਰ ਇਕ ਹਿੰਦੀ ਦਾ ਕਮਰਾ ਮੇਜ਼ ਕੁਰਸੀਆਂ ਤੇ ਕੌਮੀ ਲੀਡਰਾਂ ਦੀਆਂ ਤਸਵੀਰਾਂ ਨਾਲ ਸੱਜਿਆ ਹੁੰਦਾ । ਸ਼ਰਾਬ ਪੀਣ ਦੀ ਵਾਦੀ ਵੀ ਦਿਨੋਂ ਦਿਨ ਘੱਟ ਰਹੀ ਸੀ। ਮਿਨਾਰਕ ਮਿਲ ਵਿਚ ਕੋਈ ਦੋ ਢਾਈ ਸੌ ਹਿੰਦੀ ਕੰਮ ਕਰਦੇ ਸਨ । ਦਿਨੇ ਦਸ ਘੰਟੇ ਕਰੜੇ ਤੋਂ ਕਰੜਾ ਕੰਮ ਕਰਨ ਮਗਰੋਂ ਵੀ ਰਾਤ ਨੂੰ ਘਰ ਜਾ ਕੇ ਓਹ ਅੰਗਰੇਜ਼ੀ ਪੜ੍ਹਿਆ ਕਰਦੇ ਸਨ ਅਤੇ ਕਈ ਸ਼ਹਿਰ ਦੇ ਰਾਤਰੀ ਸਕੂਲਾਂ ਵਿਚ ਜਾਂਦੇ ਹੁੰਦੇ ਸਨ । ਇਸੇਤਰ੍ਹਾਂ ਹੋਰ ਕਾਰਖਾਨਿਆਂ ਦੇ ਹਿੰਦੀਆਂ ਦਾ ਹਾਲ ਸੀ* ।

ਲਾਲਾ ਹਰਦਿਆਲ ਨੇ ਅਮਰੀਕਾ ਦੇ ਹਿੰਦੀਆਂ ਦੀ ਭਰਾਤਰੀ ਭਾਵ ਦੀ ਸਪਿਰਟ ਦੀ ਜੋ ਸ਼ਲਾਘਾ ਕੀਤੀ ਹੈ, ਉਸ ਦਾ ਜ਼ਿਕਰ ਆ ਚੁਕਾਹੈ । ਦੀ 'ਵਰਲੱਡ' ਅਖਬਾਰ ਦੇ ੧੪ ਦਸੰਬਰ ੧੯੦੮ ਵਾਲੇ ਪਰਚੇ ਵਿਚ ਛਪੀ ਮੁਲਾਕਾਤ ਵਿਚ ਜਰਨੈਲ ਸਵੱਮ ਨੇ ਇਹ ਵੀ ਦੱਸਿਆ ਕਿ ਕੈਨੇਡਾ ਵਿਚ, "ਸਿਖਾਂ ਦੀ ਏਕਤਾ, ਜਿਸ ਵਿਚ ਬਰਿਟਸ਼ ਕੋਲੰਬੀਆ ਦੀਆਂ ਸਾਰੀਆਂ ਜਾਤੀਆਂ ਸ਼ਾਮਲ ਹਨ, ਦੇ ਕਾਰਨ ਕੇਵਲ ਚੰਦ ਇਕ ਕੰਗਾਲ ਹਨ" । ਸੇਟ ਨਿਹਾਲ ਸਿੰਘ ਕੈਨੇਡਾ ਦੇ ਹਿੰਦੀਆਂ ਬਾਰੇ ਲਿਖਦੇ ਹਨ ਕਿ "ਉਨ੍ਹਾਂ ਸਾਰਿਆਂ ਨੂੰ ਇਕ ਸਾਂਝੀ ਸਾਂਝ ਨੇ ਅਕੱਠਿਆਂ ਰਖਿਆ ਹੋਇਆ ਸੀ। ਕੋਈ ਵੀ ਹਿੰਦੀ ਜੋ ਬੇਰੋਜ਼ਗਾਰਾ ਹੁੰਦਾ ਅਤੇ ਪੈਸੇ ਦਾ ਮੁਥਾਜ ਹੁੰਦਾ, ਕਦੇ ਵੀ ਕਿਸੇ ਕੈਨੇਡੀਅਨ ਦੀ ਮੱਦਦ ਜਾਂ ਸਰਕਾਰੀ ਖਰਚ ਲੈਣ ਲਈ ਮਜਬੂਰ ਨਾ ਹੋਇਆ। ਉਸ ਦੇ ਹਮਵਤਨ ਉਸ ਦਾ ਗੁਜ਼ਾਰਾ ਕਰਨ ਵਿਚ ਸਹਾਇਤਾ ਕਰਦੇ, ਬਿਨਾਂ ਇਹ ਸਵਾਲ ਪੁਛਣ ਤੋਂ ਕਿ ਉਸ ਦਾ ਧਰਮ ਜਾਂ ਜਾਤੀ ਕੀ ਹੈ............ਮੇਰੀ ਜ਼ਾਤੀ ਵਾਕਫੀਅਤ ਹੈ ਕਿ ਕਈ ਵੇਰ ਤੀਹ ਤੋਂ ਚਾਲੀ ਫੀ ਸਦੀ ਕੰਮ ਤੋਂ ਵਾਂਜਿਆਂ ਰਹੇ ਹਨ, ਪਰ ਉਨ੍ਹਾਂ ਦਾ ਸੰਕੋਚ ਨਾਲ ਗੁਜ਼ਾਰਾ ਕਰ ਸੱਕਣ ਦੀ ਖੂਬੀ ਅਤੇ ਇਕ ਦੂਜੇ ਦੀ ਮਦਦ ਕਰਨ ਦੀ ਸਪਿੱਰਟ ਨੇ ਉਨ੍ਹਾਂ ਨੂੰ ਮੁਸ਼ਕਲਾਂ ਵਿਚੋਂ ਲੰਘਾ ਦਿੱਤਾ*............"।

ਕੈਲੇਫੋਰਨੀਆਂ ਵਿਚ ਭਰਾਤਰੀ ਭਾਵ ਦੀ ਇਕ ਮਿਸਾਲ ਖਾਸ ਤੌਰ ਉਤੇ ਉਘੀ ਸੀ, ਜਿਸ ਨਾਲ ਉਥੇ ਜਾਣ ਵਾਲੇ ਤਕਰੀਬਨ ਹਰ ਇਕ ਹਿੰਦੀ ਦਾ ਵਾਹ ਪਿਆ। ਸ਼੍ਰੀ ਜਵਾਲਾ ਸਿੰਘ (ਠਟੀਆਂ) ਅਤੇ "ਸੰਤ" ਵਸਾਖਾ ਸਿੰਘ (ਦਦੇਹਰ) ਇਕ ਫਾਰਮ ਪਟੇ ਉਤੇ ਲੈਕੇ ਆਪਣੀ ਵਾਹੀ ਕਰਦੇ ਸਨ, ਅਤੇ 'ਭਾਈ' ਸੰਤੋਖ ਸਿੰਘ ਵੀ ਇਨ੍ਹਾਂ ਨਾਲ ਪਿਛੋਂ ਆ ਮਿਲੇ । ਇਸ ਫਾਰਮ ਵਿਚ ਸਦਾ-ਲੰਗਰ ਲੱਗਾ ਰਹਿੰਦਾ† । ਕੈਲੇਫੋਰਨੀਆਂ ਜਾਣ ਵਾਲਾ ਤਕਰੀਬਨ ਹਰ ਇਕ ਹਿੰਦੀ (ਜੋ ਦੇਸੋਂ ਨਵਾਂ ਆਇਆ ਹੋਣ ਕਰਕੇ ਬੇਟਿਕਾਣਾ ਹੁੰਦਾ, ਜਾਂ ਜਿਸ ਪਾਸ ਹੋਟਲਾਂ ਵਿਚ ਰਹਿਣ ਜੋਗੇ ਪੈਸੇ ਨਾ ਹੁੰਦੇ, ਜਾਂ ਜੋ ਬੇਰੁਜ਼ਗਾਰਾ ਜਾਂ ਬੀਮਾਰ ਹੋ ਜਾਂਦਾ, ਜਾਂ ਜਿਸ ਹਿੰਦੀ ਵਿਦਿਆਰਥੀ ਨੂੰ ਯੂਨੀਵਰਸਟੀ ਵਿਚ ਦਾਖਲਾ ਮਿਲਣ ਵਿਚ ਦੇਰ ਹੁੰਦੀ) ਬੇ-ਮਿਆਦੇ ਸਮੇਂ ਲਈ ਇਥੇ ਆ ਟਿਕਦਾ। ਇਸੇਤਰ੍ਹਾਂ ਤਕਰੀਬਨ ਹਰ ਥਾਂ ਬੇਰੁਜ਼ਗਾਰੇ ਹਿੰਦੀ ਭਰਾਵਾਂ ਦੀ ਸਰੀ ਬਣੀ ਮਦਦ ਕੀਤੀ ਜਾਂਦੀ, ਖਾਸ ਕਰ ਉਨ੍ਹਾਂ ਹਿੰਦੀ ਵਿਦਿਆਰਥੀਆਂ ਦੀ ਜੋ ਪੈਸੇ ਕਮਾਉਣ ਖਾਤਰ ਛੁਟੀਆਂ ਵਿਚ ਆਪਣੇ ਹਿੰਦੀ ਕਾਮੇਂ ਭਰਾਵਾਂ ਪਾਸ ਆ ਇਕਦੇ । ਇਹ ਇਕ ਕਾਰਨ ਸੀ ਜਿਸ ਕਰਕੇ ਅਮਰੀਕਾ ਦੇ ਹਿੰਦੀ ਵਿਦਿਆਰਥੀ ਅਮੂਮਨ ਆਪਣੇ ਹਿੰਦੀ ਕਾਮੇਂ ਭਰਾਵਾਂ ਦੇ ਕਾਫ਼ੀ ਨੇੜੇ ਹੋ ਗਏ ਸਨ ਅਤੇ ਉਨ੍ਹਾਂ ਵਿਚੋਂ ਕਈਆਂ ਨੇ 'ਗਦਰ ਪਾਰਟੀ ਲਹਿਰ' ਵਿਚ ਹਿੱਸਾ ਲਿਆ।

ਅਮਰੀਕਾ ਦੇ ਕਈ ਹੋਰ ਹਾਲਾਤ ਸਨ ਜਿਨ੍ਹਾਂ ਨੇ ਅਮਰੀਕਾ ਦੇ ਹਿੰਦੀਆਂ ਵਿਚ ਕੌਮੀ ਜਾਗਰਤੀ ਅਤੇ ਏਕਤਾ ਦੀ ਉਪ੍ਰੋਕਤ ਪੈਦਾ ਹੋਈ ਸਪਿੱਰਟ ਨੂੰ ਤਿੱਖਿਆਂ ਕਰਨ ਅਤੇ ਪਿਛੋਂ ਇਕ ਕੌਮੀ ਉਭਾਰ ਦੀ ਸ਼ਕਲ ਦੇਣ ਵਿਚ ਮਦਦ ਕੀਤੀ।

ਇੰਗਲੈਂਡ ਤੋਂ ਆਜ਼ਾਦੀ ਪ੍ਰਾਪਤ ਕਰਨ ਤੋਂ ਪਹਿਲੋਂ, ਅਮਰੀਕਾ ਵਿਚ ਦੋ ਲਖ ਦੇ ਕਰੀਬ ਜਰਮਨ ਅਤੇ ਇਤਨੇ ਹੀ ਆਇਰਸ਼ ਆ ਵਸੇ ਸਨ* । ਸੰਨ ੧੮੪੬ ਵਿਚ ਆਇਰਲੈਂਡ ਅਤੇ ਜਰਮਨੀ ਦੇ ਰਾਈਨ ਦੇ ਇਲਾਕੇ ਵਿਚ ਆਲੂਆਂ ਦੀ ਫਸਲ ਤਬਾਹ ਹੋ ਗਈ, ਅਤੇ ਹੋਰ ਜਰਮਨ ਆਇਰਿਸ਼ ਅਮਰੀਕਾ ਆਉਣ ਲਈ ਮਜਬੂਰ ਹੋ ਗਏ। ਸੰਨ ੧੮੫੦ ਵਿਚ ਅਮਰੀਕਾ ਦੀ ਕੁਲ ੨ ਕਰੋੜ ਤੀਹ ਲਖ ਆਬਾਦੀ ਵਿਚੋਂ ੧੦ ਲਖ ਆਇਰਸ਼ ਨਸਲ ਦੇ ਸਨ, ਜੋ ਅੰਗਰੇਜਾਂ ਵਿਰੁਧ ਸੈਂਕੜੇ ਸਾਲਾਂ ਦੀ ਨਫਰਤ ਆਪਣੇ ਨਾਲ ਹੀ ਅਮਰੀਕਾ ਲੈ ਆਏ ਸਨ† । ਆਇਰਲੈਂਡ ਦੀ ਅੰਗਰੇਜ਼ਾਂ ਨਾਲ ਜਦੋਜਹਿਦ ਸੱਤਾਂ ਸਦੀਆਂ ਤੋਂ ਚਲੀ ਆ ਰਹੀ ਸੀ, ਅਤੇ ਅਮਰੀਕਾ ਆ ਵੱਸੇ ਆਇਰਿਸ਼ਾਂ ਪਾਸ ਸੁਸਇਟੀਆਂ ਅਤੇ ਅਖਬਾਰਾਂ ਦਾ ਖਾਸਾ ਜਾਲ ਸੀ ਜਿਸ ਨੂੰ ਓਹ ਅੰਗਰੇਜ਼ਾਂ ਵਿਰੁਧ ਪ੍ਰਚਾਰ ਲਈ ਵਰਤਦੇ । ਸੰਨ ੧੯੦੪ ਤੋਂ ਅੰਗਰੇਜ਼ਾਂ ਨੇ ਜਰਮਨੀ ਵਿਰੁਧ ਖੁਲਮ ਖੁਲ੍ਹਾ ਫਰਾਂਸ ਤੇ ਰੂਸ ਨਾਲ ਮਿਲਕੇ ਜੁਟ ਬਣਾ ਲਿਆ, ਅਤੇ ਜਰਮਨੀ ਅਤੇ ਇਸ ਜੁਟ ਵਿਚਕਾਰ ਤਾਕਤ ਅਜ਼ਮਾਈ ਦੀਆਂ ਤਿਆਰੀਆਂ ਹੋ ਰਹੀਆਂ

*Modern Review, July, 1911, pp. 1-11.

*ਅਕਾਲੀ ਤੇ ਪ੍ਰਦੇਸੀ, ਅੰਮ੍ਰਿਤਸਰ, ੧੧ ਅਪ੍ਰੈਲ ੧੯੩੦ ਦਾ ਪਰਚਾ।

*Modern Review, August, 1909, p. 105
†ਅਕਾਲੀ ਤੇ ਪ੍ਰਦੇਸੀ, ੨ ਮਈ ੧੯੩੦ ਦਾ ਪਰਚਾ।

*Caldwell, i, p. 93.
†Ibid, i, p. 436.



Digitized by Panjab Digital Library | www.panjabdigilib.org

ਸਨ। ਜਰਮਨ ਸਲਤਨਤ ਦੀਆਂ ਮਾਤੈਹਤ ਬਸਤੀਆਂ ਦਾ ਸਕੱਤ੍ਰ ਡਾਕਟਰ ਬਰਨ ਹਾਰਡ ਡਰਨ ਬਰਗ ਅਮਰੀਕਨ-ਜਰਮਨਾਂ ਵਿਚ ਜਰਮਨੀ ਦੇ ਹੱਕ ਵਿਚ ਰਾਏ ਜਥੇਬੰਦ ਕਰਨ ਅਮਰੀਕਾ ਆਇਆ*। ਅੰਗਰੇਜ਼ ਵਿਰੋਧੀ ਇਨ੍ਹਾਂ ਅਨਸਰਾਂ ਦਾ ਅਮਰੀਕਾ ਗਏ ਹਿੰਦੀਆਂ ਨੂੰ ਅੰਗਰੇਜ਼ਾਂ ਵਿਰੁਧ ਚੁਕਣਾ ਕੁਦਰਤੀ ਸੀ। ਇਸ ਤੋਂ ਵੀ ਇਨ੍ਹਾਂ ਦਾ ਵੱਡਾ ਫਾਇਦਾ ਇਹ ਸੀ ਕਿ, ਹੋਰ ਆਜ਼ਾਦ ਖਿਆਲ ਅਮਰੀਕਨਾਂ ਨਾਲ ਮਿਲਕੇ, ਇਹ ਅਮਰੀਕਾ ਦੇ ਹਿੰਦੀਆਂ ਵਿਚ ਅੰਗਰੇਜ਼ ਵਿਰੋਧੀ ਲਹਿਰ ਨੂੰ ਅਮਰੀਕਨ ਸਰਕਾਰ ਦੀ ਖੁਲਮ ਖੁਲ੍ਹੀ ਮੁਦਾਖਲਤ ਤੋਂ ਬਚਾਉਣ ਲਈ ਢਾਲ ਦਾ ਕੰਮ ਦਿੰਦੇ; ਕਿਉਂਕਿ ਅਮਰੀਕਾ ਦੀ ਆਬਾਦੀ ਵਿਚ ਇਨ੍ਹਾਂ ਅਨਸਰਾਂ ਦੀ ਕਾਫੀ ਗਿਣਤੀ ਹੋਣ ਕਰਕੇ ਅਮਰੀਕਨ ਸਰਕਾਰ ਹਿੰਦੀਆਂ ਵਿਰੁਧ ਕੋਈ ਸਰੀਹਨ ਨਾਵਾਜਬ ਕਦਮ ਚੁਕਣੋਂ ਝੱਕਦੀ।

ਅਮਰੀਕਾ ਦੇ ਆਰਥਕ ਹਾਲਾਤ† ਨੇ ਵੀ ਵਿੰਗੇ ਤਰੀਕੇ ਨਾਲ ਹਿੰਦੀਆਂ ਦੇ ਕੌਮੀ ਜਜ਼ਬੇ ਨੂੰ ਤਿੱਖਾ ਕਰਨ ਵਿਚ ਥੋੜਾ ਜਿਹਾ ਹੱਥ ਵਟਾਇਆ। ਸ਼ੁਰੂ ਸ਼ੁਰੂ ਵਿਚ ਅਮਰੀਕਾ ਵਿਚ ਬੇਆਬਾਦ ਵਾਹੀ ਦੇ ਲਾਇਕ ਭੋਂ ਇਤਨੀ ਸੀ ਕਿ ਜਿਤਨੀ ਕੋਈ ਸਾਂਭ ਸਕਦਾ ਸਾਂਭ ਲੈਂਦਾ। ਇਸ ਵਾਸਤੇ ਖੇਤੀ ਬਾੜੀ ਲਈ ਬਹੁਤ ਮੌਕਿਆ ਸਨ, ਅਤੇ ਖੇਤੀ ਕਰਨ ਵਾਲਿਆਂ ਦੀ ਮੰਗ ਵੀ ਅਮੁਕ ਸੀ, ਜਿਸ ਨੂੰ ਪੂਰਾ ਕਰਨ ਲਈ ਦੂਸਰੇ ਮੁਲਕਾਂ ਵਿਚੋਂ ਲੋਕਾਂ ਦੇ ਅਮਰੀਕਾ ਆਉਣ ਲਈ ਦਰਵਾਜ਼ੇ ਖੁਲ੍ਹੇ ਸਨ। ਸਨਅੱਤ ਦੀ ਤਰੱਕੀ ਨੇ ਕਾਮਿਆਂ ਦੀ ਇਸ ਥੁੜ ਨੂੰ ਹੋਰ ਵੀ ਤਿੱਖਿਆਂ ਕਰ ਦਿਤਾ। ਸੰਨ ੧੯੧੦ ਤਕ ਖੇਤੀ ਬਾੜੀ ਅਤੇ ਸਨਅੱਤ ਵਿਚ ਕੰਮ ਕਰਨ ਵਾਲਿਆਂ ਦੀ ਗਿਣਤੀ ਬਰਾਬਰ ਹੋ ਗਈ, ਅਤੇ ਅਗਲੇ ਦਸ ਸਾਲਾਂ ਵਿਚ ਸਨਅੱਤ ਵਿਚ ਕੰਮ ਕਰਨ ਵਾਲਿਆਂ ਦੀ ਖੇਤੀ ਬਾੜੀ ਵਿਚ ਕੰਮ ਕਰਨ ਵਾਲਿਆਂ ਨਾਲੋਂ ਗਿਣਤੀ ਵੱਧ ਗਈ। ਸਨਅੱਤ ਦੀ ਹਰ ਇਕ ਲਾਈਨ ਵਿਚ ਮਜ਼ਦੂਰਾਂ ਦੀ ਇਤਨੀ ਲੋੜ ਸੀ ਕਿ ਕਈ ਪਛਮੀ ਅਮਰੀਕਨ ਰਿਆਸਤਾਂ ਨੇ ਦੂਸਰੇ ਮੁਲਕਾਂ ਵਿਚੋਂ ਮਜ਼ਦੂਰਾਂ ਨੂੰ ਲਿਆਉਣ ਲਈ ਪ੍ਰੇਰਨਾ ਕਰਨ ਵਾਸਤੇ ਅੱਡਰੇ ਮਹਿਕਮੇਂ ਬਣਾਏ ਹੋਏ ਸਨ। ਦੂਸਰੇ ਬੰਨੇਂ ਯੂਰਪ ਵਿਚ ਆਬਾਦੀ ਬਹੁਤ ਵੱਧ ਗਈ ਸੀ ਅਤੇ ਮੁਕਾਬਲਤਨ ਆਰਥਕ ਹਾਲਾਤ ਪਤਲੇ ਸਨ। ਇਸ ਕਰਕੇ ਨੈਪੋਲੀਅਨ ਦੀ ਹਾਰ ਤੋਂ ਲੈਕੇ ੧੯੧੪ ਦੀ ਲੜਾਈ ਤਕ, ਇਕ ਸੌ ਸਾਲ ਦੇ ਅਰਸੇ ਵਿਚ, ਯੂਰਪ ਵਿਚੋਂ ਆਕੇ ਅਮਰੀਕਾ ਵੱਸਣ ਵਾਲਿਆਂ ਦੀ ਗਿਣਤੀ ਨੇ ਇਕ ਵੱਧਦੇ ਹੜ੍ਹ ਦੀ ਸ਼ਕਲ ਫੜ ਲਈ। ੧੯੧੪ ਤੋਂ ਪਹਿਲੇ ਦੱਸ ਸਾਲਾਂ ਵਿਚ ਇਹ ਗਿਣਤੀ ਔਸਤਨ ਦਸ ਲਖ ਸਾਲਾਨਾ ਤਕ ਪੁਜ ਗਈ। ਇਨ੍ਹਾਂ ਵਿਚ ਯੂਰਪ ਦੇ ਹਰ ਮੁਲਕ ਅਤੇ ਹਰ ਕਿਸਮ ਦੇ ਵਸਨੀਕ ਸ਼ਾਮਲ ਸਨ, ਜਿਸ ਕਰਕੇ ਅਮਰੀਕਾ ਦੀ ਆਬਾਦੀ, ਭਾਈਚਾਰਾ ਅਤੇ ਸਭਿਆਚਾਰ ਮਿਲਗੋਭਾ ਬਣ ਗਿਆ। ਅੱਡ ਅੱਡ ਕਿਸਮ ਦੇ ਬੰਦਿਆਂ ਦੇ ਮੇਲ ਜੋਲ ਅਤੇ ਜੋੜ ਤੋੜ ਹੁੰਦੇ ਰਹਿੰਦੇ ਸਨ, ਅਤੇ ਉਨ੍ਹਾਂ ਨੂੰ ਅਕੱਠਿਆਂ ਮਿਲ ਕੇ ਕੰਮ ਕਰਨਾ ਪੈਂਦਾ ਸੀ। ਇਕ ਤਰ੍ਹਾਂ ਅਮਰੀਕਨ ਭਾਈਚਾਰੇ ਅਤੇ ਆਰਥਕ ਤਵਾਜ਼ਨ ਦੀ ਸ਼ਕਲ ਚਲਦੇ ਸਾਈਕਲ ਦੇ ਤਵਾਜ਼ਨ ਨਾਲ ਮੇਲ ਖਾਂਦੀ ਸੀ, ਜਿਸ ਦਾ ਬਦਲਦੇ ਹਾਲਾਤ ਵਿਚ ਹਰ ਘੜੀ ਨਵਾਂ

*A History of American life, P. W. Slosson, Vol. XII.

†ਆਰਥਕ ਅੰਕੜੇ Economic History of the American People, E. L. Bogart and D. L. Kemmar, ਵਿਚੋਂ ਲਏ ਗਏ ਹਨ—ਖਾਸ ਕਰ ਪੰਨਾ ੫੦੯ ਤੋਂ ੫੧੨ ਤੱਕ।

ਤਵਾਜ਼ਨ ਕਾਇਮ ਹੁੰਦਾ ਰਹਿੰਦਾ ਸੀ। ਜਿਤਨਾ ਚਿਰ ਖੁਸ਼ਹਾਲੀ ਰਹਿੰਦੀ (ਅਤੇ ਸਮੁਚੇ ਤੌਰ ਉੱਤੇ ਵੀਹਵੀਂ ਸਦੀ ਦੇ ਪਹਿਲੇ ਤੀਹ ਸਾਲ ਅਮਰੀਕਾ ਦੀ ਖੁਸ਼ਹਾਲੀ ਦਾ ਬਹੁਤ ਵੱਡਾ ਸਮਾਂ ਮਿਥਿਆ ਜਾਂਦਾ ਹੈ) ਅਮਰੀਕਨ ਭਾਈਚਾਰੇ ਅਤੇ ਆਰਥਕ ਹਾਲਾਤ ਦਾ ਉਪ੍ਰੋਕਤ ਤਵਾਜ਼ਨ ਕਾਇਮ ਰਹਿੰਦਾ ਅਤੇ ਨਸਲੀ ਅਤੇ ਆਰਥਕ ਵਿਤਕਰੇ ਸਤੱਹ ਉੱਪਰ ਨਾ ਆਉਂਦੇ। ਪਰ ਜਦ ਕਦੀ ਮੰਦਵਾੜੇ ਦੇ ਆਰਜ਼ੀ ਝਟਕੇ ਲਗਦੇ (ਜਿਵੇਂ ਸੰਨ ੧੯੦੭ ਅਤੇ ੧੯੧੪ ਵਿਚ ਹੋਇਆ) ਤਾਂ ਅਮਰੀਕਨ ਭਾਈਚਾਰਕ ਅਤੇ ਆਰਥਕ ਤਵਾਜ਼ਨ ਡੋਲ ਜਾਂਦਾ। ਅਮਰੀਕਾ ਆਉਣ ਵਾਲੇ ਨਵੇਂ ਆਬਾਦਕਾਰਾਂ ਨੂੰ ਮੰਦਵਾੜੇ ਦਾ ਕਾਰਨ ਸਮਝਿਆ ਜਾਂਦਾ, ਪਰ ਇਸ ਦਾ ਬਹੁਤਾ ਨਜ਼ਲਾ ਏਸ਼ੀਆਈਆਂ ਵਿਰੁਧ ਡਿਗਦਾ।

ਮੰਦਵਾੜੇ ਦੇ ਦਿਨਾਂ ਵਿਚ ਹਿੰਦੀਆਂ ਉੱਤੇ ਕਈ ਥਾਈਂ ਹਮਲੇ ਕੀਤੇ ਗਏ। ਵਿਲਹੈਂਮ (Oragon State) ਨਾਮੀ ਕਸਬੇ ਵਿਚ ਮਾਰ ਪਿਟ ਤੋਂ ਇਲਾਵਾ ਹਿੰਦੀ ਕਾਮਿਆਂ ਨੂੰ ਹੋਰ ਬੇਇਜ਼ਤ ਕਰਨ ਲਈ ਉਨ੍ਹਾਂ ਨੂੰ ਟ੍ਰੈਮਾਂ ਵਿਚ ਭਰ ਕੇ ਜੰਗਲ ਵਿਚ ਛੱਡਿਆ ਗਿਆ ਅਤੇ ਉਨ੍ਹਾਂ ਦਾ ਸਾਮਾਨ ਲੁਟ ਲਿਆ ਗਿਆ। ਸ੍ਰੀ ਸੋਹਨ ਸਿੰਘ 'ਭਕਨਾ' ਨੇ ਅਜਿਹੀਆਂ ਕਈ ਘਟਨਾਂ ਬਾਰੇ ਲਿਖਿਆ ਹੈ*, ਅਤੇ ਬੈਲਿੰਗਮ (Bellingham) ਵਿਚ ਗੋਰਿਆਂ ਵਲੋਂ ਹਿੰਦੀਆਂ ਉੱਤੇ ਹੋਏ ਇਕ ਅਜਿਹੇ ਹੱਲੇ ਦਾ ਕਈਆਂ ਨੇ ਜ਼ਿਕਰ ਕੀਤਾ ਹੈ†। ਇਨ੍ਹਾਂ ਹੱਲਿਆਂ ਦਾ ਵੱਡਾ ਕਾਰਨ ਆਰਥਕ ਸੀ, ਕਿਉਂਕਿ ਇਨ੍ਹਾਂ ਵਿਚ ਬਹੁਤਾ ਹਿੱਸਾ ਗੋਰੇ ਮਜ਼ਦੂਰਾਂ ਨੇ ਲਿਆ ਅਤੇ ਮੰਦਵਾੜੇ ਦਾ ਜ਼ੋਰ ਘਟਣ ਨਾਲ ਹੀ ਇਹ ਬੰਦ ਹੋ ਜਾਂਦੇ*। ਹਿੰਦੀ ਕਾਮਿਆਂ ਦਾ ਵੀ ਅਕਸਰ ਦੋਸ਼ ਹੁੰਦਾ, ਕਿਉਂਕਿ ਓਹ ਗੋਰਿਆਂ ਨਾਲੋਂ ਘੱਟ ਉਜਰਤਾਂ ਕਬੂਲ ਕਰਕੇ ਉਨ੍ਹਾਂ ਦੀ ਮਜ਼ਦੂਰੀ ਘਟਾਉਣ ਦਾ ਕਾਰਨ ਬਣਦੇ। ਪਰ ਇਸ ਦੇ ਬਾਵਜੂਦ ਇਨ੍ਹਾਂ ਹੱਲਿਆਂ ਨੇ ਅਮਰੀਕਾ ਦੇ ਹਿੰਦੀ ਕਾਮਿਆਂ ਨੂੰ ਤਕੜਾ ਹਲੂਣਾ ਦੇਣ ਦਾ ਕੰਮ ਕੀਤਾ, ਕਿਉਂਕਿ ਇਨ੍ਹਾਂ ਘਟਨਾਵਾਂ ਦੀ ਕੋਈ ਪੁਛ ਪੜਤਾਲ ਨਾ ਕੀਤੀ ਗਈ। ਅੰਗਰੇਜ਼ੀ ਕੌਂਸਲ ਪਾਸ ਜਦ ਹਿੰਦੀਆਂ ਨੇ ਡੈਪੂਟੇਸ਼ਨ ਰਾਹੀਂ ਸ਼ਕਾਇਤ ਕੀਤੀ ਤਾਂ ਉਸ ਨੇ ਟਾਲ ਮਟੋਲ ਤੋਂ ਵਧ ਕੋਈ ਕਦਮ ਨਾ ਚੁਕਿਆ†। ਅੰਗਰੇਜ਼ ਕੌਂਸਲ ਦੀ ਬੇਪਰਵਾਹੀ‡ ਇਤਫਾਕੀਆ ਜਾਂ ਉਸਦੀ ਜ਼ਾਤੀ ਸੁਸਤੀ ਕਰਕੇ ਨਹੀਂ ਸੀ, ਬਲਕਿ ਗਾਲਬਨ ਉਸ ਅੰਗਰੇਜ਼ੀ ਸਾਮਰਾਜੀ ਪਾਲਸੀ ਦਾ ਹਿੱਸਾ ਸੀ ਜੋ ਕੈਨੇਡਾ ਵਿਚ ਜ਼ਾਹਰ ਹੋਈ ਅਤੇ ਜਿਸ ਦਾ ਅਗਲੇ ਕਾਂਡ ਵਿਚ ਜ਼ਿਕਰ ਆਵੇਗਾ। ਇਸ ਦੇ ਮੁਕਾਬਲੇ ਜਾਪਾਨ ਸਰਕਾਰ ਨੇ ਅਮਰੀਕਾ ਵਿਚ ਜਾਪਾਨੀਆਂ ਉੱਤੇ ਏਸੇ ਕਿਸਮ ਦੇ ਹੋਏ ਹਮਲਿਆਂ ਤੋਂ ਹੋਏ ਨੁਕਸਾਨ ਦਾ ਜਾਪਾਨੀਆਂ ਨੂੰ ਇਵਜ਼ਾਨਾ ਦਵਾਇਆ ਸੀ। ਹਿੰਦੀਆਂ ਨੇ ਇਸ ਫਰਕ ਤੋਂ ਕੁਦਰਤੀ ਤੌਰ ਉੱਤੇ ਇਹ ਸਿੱਟਾ ਕੱਢਿਆ ਕਿ ਇਸ ਦਾ ਕਾਰਨ ਕੇਵਲ ਇਹ ਸੀ ਕਿ ਹਿੰਦ ਗੁਲਾਮ ਸੀ ਅਤੇ ਜਾਪਾਨ ਆਜ਼ਾਦ। ਇਸਤਰ੍ਹਾਂ ਇਨ੍ਹਾਂ ਹਮਲਿਆਂ ਨੇ

*ਅਕਾਲੀ ਤੇ ਪਰਦੇਸੀ, ਅੰਮ੍ਰਿਤਸਰ, ੩੦ ਮਾਰਚ, ਪਹਿਲੀ ਅਤੇ ਦੂਜੀ ਅਪ੍ਰੈਲ, ੧੯੩੦ ਦੇ ਪਰਚੇ।

†Modern Review, Oct. 1909, p. 373; Political India, Sir John Cumming, p. 232.

*ਇਹ ਹੱਲੇ ਬੰਦ ਹੋਣ ਦਾ ਕਾਰਨ ਇਹ ਵੀ ਦੱਸਿਆ ਗਿਆ ਹੈ ਕਿ ਹਿੰਦੀਆਂ ਨੇ ਇਕ ਦੋ ਵਾਰ ਗੋਰਿਆਂ ਦਾ ਅੱਗੋਂ ਡੱਟ ਕੇ ਮੁਕਾਬਲਾ ਕੀਤਾ ਅਤੇ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਉਸ ਦਿਨ ਤੋਂ ਗੋਰਿਆਂ ਨੇ ਫਿਰ ਹਮਲਾ ਕਰਨ ਦਾ ਹੌਂਸਲਾ ਨਾ ਕੀਤਾ।

†ਅਕਾਲੀ ਤੇ ਪ੍ਰਦੇਸੀ, ੪ ਅਪ੍ਰੈਲ, ੧੯੩੦ ਦਾ ਪਰਚਾ।

‡Modern Review, Oct., 1910, p. 437.



Digitized by Panjab Digital Library | www.panjabdigilib.org

ਅਮਰੀਕਾ ਗਏ ਹਿੰਦੀ ਕਾਮਿਆਂ ਦਾ ਆਪਣੇ ਦੇਸ਼ ਦੀ ਗੁਲਾਮੀ ਅਤੇ ਇਸ ਨਾਲ ਸੰਬੰਧਤ ਸਵਾਲਾਂ ਵੱਲ ਧਿਆਨ ਖਿੱਚਣ ਅਤੇ ਉਨ੍ਹਾਂ ਦੀ ਕੌਮੀ ਅਣਖ ਨੂੰ ਤਿੱਖਿਆਂ ਕਰਨ ਦਾ ਬਹੁਤ ਕੰਮ ਕੀਤਾ।

ਪਰ ਹਿੰਦੀ ਕਾਮਿਆਂ ਦੀ ਕੌਮੀ ਅਣਖ ਨੂੰ ਟੁੰਬਣ ਅਤੇ ਤਿੱਖਿਆਂ ਕਰਨ ਦੀ ਤਹਿ ਵਿੱਚ ਸਭ ਤੋਂ ਵੱਡਾ ਕਾਰਨ ਅਮਰੀਕਾ ਦੇ ਗੋਰਿਆਂ ਵਿਚ ਏਸ਼ੀਆਈਆਂ ਵਿਰੁਧ ਨਸਲ ਅਤੇ ਚਮੜੀ ਦੀ ਰੰਗਤ ਦੇ ਫਰਕਾਂ ਦੇ ਕਾਰਨ ਵਿਤਕਰਾ ਅਤੇ ਨਫਰਤ ਸੀ। ਤਅੱਸਬ ਓਪਰਾਪਨ ਤੋਂ ਵੀ ਪੈਦਾ ਹੋ ਜਾਂਦਾ ਹੈ, ਪਰ ਇਸ ਦੀਆਂ ਜੜ੍ਹਾਂ ਪੱਕੀਆਂ ਤਾਂ ਹੀ ਹੁੰਦੀਆਂ ਹਨ ਜਦ ਇਸ ਦੀ ਤਹਿ ਵਿਚ ਡੂੰਘੇ ਨਸਲੀ, ਸਮਾਜਕ, ਆਰਥਕ, ਅਥਵਾ ਰਾਜਸੀ ਹਿੱਤਾਂ ਦੇ ਟਕਰਾਉ ਕੰਮ ਕਰ ਰਹੇ ਹੋਣ।

ਸੰਨ ੧੮੮੦ ਤੋਂ ਪਹਿਲੋਂ ਯੂਰਪ ਵਿਚੋਂ ਅਮਰੀਕਾ ਆਉਣ ਵਾਲੇ ਬਹੁਤੇ ਆਬਾਦਕਾਰ ਐਂਗਲੋ-ਸੈਕਸਨ ਨਸਲ ਦੇ ਸਨ, ਜੋ ਆਇਰਲੈਂਡ, ਇੰਗਲੈਂਡ, ਜਰਮਨੀ ਅਤੇ ਸਕੈਂਡੇਨੇਵੀਆ ਦੇ ਮੁਲਕਾਂ ਵਿਚੋਂ ਆਏ ਸਨ। ਇਸ ਤੋਂ ਪਿਛੋਂ ਯੂਰਪ ਵਿਚੋਂ ਆਉਣ ਵਾਲਿਆਂ ਆਬਾਦਕਾਰਾਂ ਦੀ ਵਧੇਰੇ ਗਿਣਤੀ ਪੂਰਬੀ ਅਤੇ ਦੱਖਣ-ਪੂਰਬੀ ਯੂਰਪ ਦੇ ਮੁਲਕਾਂ ਵਿਚੋਂ ਸੀ। ਐਂਗਲੋਸੈਕਸਨ ਨਸਲ ਦੇ ਅਮਰੀਕਨ ਆਪਣੇ ਆਪ ਨੂੰ ਸਭਿਆਚਾਰ ਅਤੇ ਵਿਦਿਆ ਵਿਚ ਵਧੀਆ ਅਤੇ ਅਮਰੀਕਾ ਦੇ ਪੁਰਾਣੇ ਵਸਨੀਕ ਸਮਝਦੇ ਸਨ, ਅਤੇ ਸੰਨ ੧੮੮੦ ਤੋਂ ਪਿਛੋਂ ਪੂਰਬੀ ਅਤੇ ਦੱਖਣ-ਪੂਰਬੀ ਯੂਰਪ ਤੋਂ ਆਏ ਨਵੇਂ ਆਬਾਦਕਾਰਾਂ ਨੂੰ ਸਭਿਆ-ਚਾਰ ਅਤੇ ਵਿਦਿਆ ਦੇ ਲਿਹਾਜ਼ ਨਾਲ ਘਟੀਆ ਸਮਝਦੇ ਸਨ। ਐਂਗਲੋਸੈਕਸਨ ਨਸਲ ਦੇ ਅਮਰੀਕਨ ਨਹੀਂ ਸਨ ਚਾਹੁੰਦੇ ਕਿ ਪੂਰਬੀ ਅਤੇ ਦੱਖਣ-ਪੂਰਬੀ ਯੂਰਪ ਦੇ ਲੋਕ ਅਮਰੀਕਾ ਆਉਣ, ਪਰ ਅਮਰੀਕਨ ਆਰਥਕ ਵਿਕਾਸ ਵਧੇਰੇ ਤੋਂ ਵਧੇਰੇ ਆਦਮੀਆਂ ਦੀ ਮੰਗ ਕਰਦਾ ਸੀ ਜਿਸ ਨੂੰ ਐਂਗਲੋਸੈਕਸਨ ਨਸਲ ਦੇ ਆਏ ਆਬਾਦਕਾਰ ਪੂਰਾ ਨਹੀਂ ਸਨ ਕਰ ਸਕਦੇ। ਇਸ ਕਰਕੇ ਐਂਗਲੋਸੈਕਸਨ ਅਤੇ ਗੈਰ-ਐਂਗਲੋਸੈਕਸਨ ਨਸਲਾਂ ਦੇ ਅਮਰੀਕਨਾਂ ਵਿਚਕਾਰ ਵਖੇਵਾਂ ਅਤੇ ਤਅੱਸਬ ਅਮਰੀਕਨ ਭਾਈਚਾਰੇ ਵਿਚ ਖੁਲ੍ਹੀ ਰਗੜ ਦਾ ਕਾਰਨ ਨਹੀਂ ਸੀ ਬਣਦਾ।

ਅਮਰੀਕਾ ਵਿਚ ਯੂਰਪੀਨ ਨਵੇਂ ਆਬਾਦਕਾਰਾਂ ਵਿਰੁਧ ਜਜ਼ਬੇ ਦੀ ਤਹਿ ਵਿਚ ਇਕ ਵਡਾ ਰਾਜਸੀ ਕਾਰਨ ਵੀ ਸੀ। ਅਮਰੀਕਾ ਦੀਆਂ ਘਰੋਗੀ ਲੜਾਈਆਂ ਨੇ ਭਿੰਨ ਭਿੰਨ ਕੌਮਾਂ ਅਤੇ ਜਾਤੀਆਂ ਦੇ ਮਿਲਗੋਭਾ ਭਾਈਚਾਰੇ ਦੀਆਂ ਕਮਜ਼ੋਰੀਆਂ ਨੂੰ ਸਪੱਸ਼ਟ ਕੀਤਾ ਸੀ, ਅਤੇ ਨਿੱਗਰ ਕੌਮ ਬਨਾਉਣ ਦਾ ਵਿਚਾਰ ਇਹ ਮੰਗ ਕਰਦਾ ਸੀ ਕਿ ਇਕ ਸੋਚੀ ਸਮਝੀ ਹੋਈ ਨੀਤੀ ਉਤੇ ਚਲਿਆ ਜਾਏ। ਇਸ ਵਾਸਤੇ ਕੌਮੀ ਨਿਗਰਤਾ ਦੇ ਖਿਆਲ ਤੋਂ ਐਂਗਲੋਸੈਕਸਨ ਨਸਲ ਦੇ ਧੁਰੇ ਉਦਾਲੇ ਅਮਰੀਕਨ ਕੌਮ ਦੀ ਉਸਾਰੀ ਕਰਨ ਦੀ ਨੀਤੀ ਧਾਰਨ ਕੀਤੀ ਗਈ। ੧੯੧੧ ਦੀ U.S. Immigration ਕਮੇਟੀ, ਜਿਸਦਾ ਨਵੇਂ ਆਬਾਦ ਕਾਰਾਂ ਵਲ ਰਵੱਈਆ ਹਮ-ਦਰਦਾਨਾਂ ਨਹੀਂ ਸੀ, ਨੇ ਵੀ ਇਸ ਦਲੀਲ ਨੂੰ ਰੱਦ ਕਰ ਦਿਤਾ ਸੀ ਕਿ ਨਵੇਂ ਆਬਾਦਕਾਰ ਘਟੀਆ ਸ਼੍ਰੇਣੀਆਂ ਦੇ ਪ੍ਰਤਿਨਿਧ ਹਨ। ਪਰ ਫਿਰ ਵੀ ਅਮਰੀਕਾ ਦੇ ਵਿਦਵਾਨਾਂ, ਅਖਬਾਰ ਨਵੀਸਾਂ ਅਤੇ ਰਾਜਸੀ ਨੇਤਾਵਾਂ ਦੀ ਵਡੀ ਭਾਰੀ ਗਿਣਤੀ ਇਹ ਪ੍ਰਚਾਰ ਕਰਦੀ ਰਹੀ ਕਿ ਅਮਰੀਕਾ ਦੀ ਸਭਿਅਤਾ ਐਂਗਲੋਸੈਕਸਨ ਨਸਲ ਦੀ ਪੈਦਾਇਸ਼ ਹੈ ਅਤੇ ਹੋਰ ਸਭ ਨਸਲਾਂ ਘਟੀਆਂ ਹਨ। ਕਿਸੇ ਆਦਮੀ ਦੀ ਲਿਆਕਤ, ਤਰੱਕੀ ਅਤੇ ਪਹੁੰਚ ਦਾ ਫੈਸਲਾ ਉਸਦੀ ਨਸਲ ਕਰਦੀ ਹੈ, ਅਤੇ ਉਦਾਲੇ ਪੁਦਾਲੇ ਦੇ ਹਾਲਾਤ ਅਤੇ ਅਵਸਰਾਂ ਦਾ ਹਿੱਸਾ ਮਾਮੂਲੀ ਹੁੰਦਾ ਹੈ। ਲੋਕ-ਰਾਏ ਨੂੰ National Origins law ਦੇ ਹੱਕ ਵਿਚ ਤਿਆਰ ਕਰਨ ਵਿਚ ਇਸ ਤਰ੍ਹਾਂ ਦੇ ਪਰਚਾਰ ਦਾ ਵੱਡਾ ਹੱਥ ਸੀ।

ਪੰਚਾਇਤੀ ਅਤੇ ਆਦੱਰਸ਼ਕ ਅਮਰੀਕਨ ਅਨਸਰ ਵੀ ਬਿਲਕੁਲ ਚੁਪ ਨਹੀਂ ਸਨ, ਪਰ ਉਹ ਘਟ ਗਿਣਤੀ ਵਿਚ ਸਨ। U.S. Immigration ਕਮੇਟੀ ਦੀ ਘਟ ਗਿਣਤੀ ਰੀਪੋਰਟ ਨੇ ਬਹੁ ਸੰਮਤੀ ਦੀ ਰੀਪੋਰਟ ਨੂੰ ਚੈਲੰਜ ਕੀਤਾ। ਪਰ ਕਈ ਇਕ ਆਰਥਕ ਅਤੇ ਰਾਜਸੀ ਕਾਰਨ ਐਂਗਲੋਸੈਕਸਨ ਨਸਲ ਦੇ ਧੁਰੇ ਉਦਾਲੇ ਅਮਰੀਕਨ ਕੌਮ ਉਸਾਰਨ ਦੀ ਨੀਤੀ ਨੂੰ ਪ੍ਰੋੜ੍ਹਤਾ ਦੇ ਰਹੇ ਸਨ। ਅਮਰੀਕਨ ਸੁਸਾਇਟੀ ਵਿਚ ਵੱਡੀਆਂ ਭਾਰੀਆਂ ਤਬਦੀਲੀਆਂ ਆ ਰਹੀਆਂ ਸਨ। ਵੱਡੀਆਂ ਵੱਡੀਆਂ ਸਨਅੱਤਾਂ ਦੇ ਕਾਇਮ ਹੋ ਜਾਣ ਨਾਲ ਸ਼ਹਿਰਾਂ ਦੀ ਗਿਣਤੀ ਅਤੇ ਆਬਾਦੀ ਵਿਚ ਬੜਾ ਵਾਧਾ ਹੋਇਆ। ਨਵੇਂ ਆਬਾਦਕਾਰ ਜ਼ਿਆਦਾਤਰ ਸਨਅੱਤਾਂ ਵਿਚ ਕੰਮ ਕਰਨ ਲੱਗ ਪਏ ਅਤੇ ਸ਼ਹਿਰਾਂ ਵਿਚ ਇਕੱਠੇ ਹੋ ਗਏ। ਅਮਰੀਕਾ ਦੀ ਤਵਾਰੀਖ ਵਿਚ ਪਹਿਲੀ ਵੇਰ ਮਜ਼ਦੂਰ ਸ਼੍ਰੇਣੀ ਜਥੇਬੰਦ ਹੋਣੀ ਸ਼ੁਰੂ ਹੋ ਗਈ, ਜਿਨ੍ਹਾਂ ਵਿਚ ਬਹੁਤੀ ਗਿਣਤੀ ਨਵੇਂ ਆਬਾਦਕਾਰਾਂ ਦੀ ਸੀ। ਅਮਰੀਕਨ ਸੁਸਾਇਟੀ ਦੇ ਦੂਸਰੇ ਸਿਰੇ ਤੇ ਸਰਮਾਏਦਾਰ ਅਤੇ ਦਰਮਿਆਨਾ ਤਬਕਾ ਪੈਦਾ ਹੋ ਰਿਹਾ ਸੀ, ਜਿਹੜਾ ਨਵੇਂ ਆਬਾਦਕਾਰਾਂ ਦੀ ਮਜ਼ਦੂਰ ਸ਼੍ਰੇਣੀ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦਾ ਸੀ, ਕਿਉਂਕਿ ਪੂਰਬੀ ਯੂਰਪ ਵਿਚ ਸੋਸ਼ਲਿਸਟ ਫਿਲਾਸਫੀ ਅਤੇ ਸੋਸ਼ਲਿਸਟ ਪਾਰਟੀਆਂ ਦਾ ਜ਼ੋਰ ਵੱਧ ਰਿਹਾ ਸੀ। ਅਰਥਾਤ ਆਰਥਕ ਵਖੇਵੇਂ ਸਭਿਆਚਾਰਕ ਅਤੇ ਨਸਲੀ ਵਖੇਵਿਆਂ ਦੀਆਂ ਤ੍ਰੇੜਾਂ ਨੂੰ ਪੱਕਿਆਂ ਕਰ ਰਹੇ ਸਨ*। ਦੂਸਰੇ ਪਾਸੇ Knights of Labour ਅਤੇ ਪਿਛੋਂ American Federation of Labour ਆਦਿ ਮਜ਼ਦੂਰ ਜਥੇਬੰਦੀਆਂ ਨਵੇਂ ਆਬਾਦਕਾਰਾਂ ਨੂੰ ਅਮਰੀਕਾ ਆਉਣੋਂ ਰੋਕਣ ਦੇ ਹੱਕ ਵਿਚ ਇਨ੍ਹਾਂ ਦਲੀਲਾਂ ਦੇ ਆਧਾਰ ਉੱਤੇ ਆਵਾਜ਼ ਉਠਾਉਂਦੀਆਂ ਸਨ ਕਿ ਉਹ ਮੰਦਵਾੜੇ ਦੇ ਕਾਰਨ ਹੁੰਦੇ ਹਨ (ਜੋ ਬਿਲਕੁਲ ਨਿਰਮੂਲ ਸੀ)। ਉਨ੍ਹਾਂ ਨੂੰ ਹੜਤਾਲਾਂ ਤੋੜਨ ਲਈ ਵਰਤਿਆ ਜਾਂਦਾ ਹੈ, ਅਤੇ ਸਰਮਾਏਦਾਰ ਅਤੇ ਕਾਰਖਾਨੇਦਾਰ, ਆਬਾਦਕਾਰਾਂ ਦੇ ਭਿੰਨ ਭਿੰਨ ਗਰੁਪਾਂ ਨੂੰ ਆਪਣੇ ਲਾਭਾਂ ਖਾਤਰ ਇਕ ਦੂਜੇ ਵਿਰੁਧ ਵਰਤਦੇ ਹਨ। ੧੯੧੪ ਵਾਲੇ ਮਹਾਂਯੁਧ ਨੇ ਅਮਰੀਕਨ ਕੌਮੀਅਤ ਦੇ ਇਸ ਜਜ਼ਬੇ ਨੂੰ ਹੋਰ ਵੀ ਤਿੱਖਿਆਂ ਕੀਤਾ, ਅਤੇ ਪਿੱਛੋਂ ਰੂਸ ਵਿਚ ਬਾਲਸ਼ਵਿਕ ਇਨਕਲਾਬ ਨੇ ਅਮਰੀਕਨ ਸਰਮਾਏਦਾਰਾਂ ਨੂੰ ਜੁਗ ਗਰਦੀ ਦਾ ਵਿਸ਼ੇਸ਼ ਡਰ ਪਾ ਦਿੱਤਾ। ਸਨਅੱਤ ਦੇ ਮਾਲਕ, ਜੋ ਸੱਸਤੀ ਮਜ਼ਦੂਰੀ ਦੇ ਲਾਲਚ ਕਰਕੇ ਨਵੇਂ ਆਬਾਦਕਾਰਾਂ ਦੇ ਹੱਕ ਵਿਚ ਚਲੇ ਆਉਂਦੇ ਸਨ, ਵੀ ਜੁਗਗਰਦੀ ਤੋਂ ਡਰਨ ਦੇ ਕਾਰਨ ਅਮਰੀਕਾ ਵਿਚ ਪੂਰਬੀ-ਯੂਰਪ ਦੇ ਆਬਾਦਕਾਰਾਂ ਦੀ ਹੋਰ ਆਮਦ ਦੇ ਬਰਖਿਲਾਫ ਹੋ ਗਏ। ਇਨ੍ਹਾਂ ਸਭ ਅਸਰਾਂ ਦਾ ਅੰਤਮ ਸਿੱਟਾ ਇਹ ਨਿਕਲਿਆ ਕਿ ਜਦ ਨਵੀਂ ਆਬਾਦ ਕਰਨ ਵਾਲੀ ਜ਼ਮੀਨ ਦੀ ਤਕਰੀਬਨ ਹੱਦ ਪੁਗ ਗਈ ਅਤੇ ਸਨਅੱਤ ਨੂੰ ਮਜ਼ਦੂਰਾਂ ਦੀ ਥੁੜ ਘਟ ਗਈ, ਤਾਂ ਪੂਰਬੀ ਅਤੇ ਦੱਖਣੀ-ਪੂਰਬੀ ਯੂਰਪ ਤੋਂ ਅਮਰੀਕਾ ਆਉਣ ਵਾਲੇ ਨਵੇਂ ਆਬਾਦਕਾਰਾਂ ਦੀ ਗਿਣਤੀ ਕਾਨੂੰਨਨ ਬਹੁਤ ਘਟ ਕਰ ਦਿੱਤੀ ਗਈ।

ਨਸਲੀ ਅਤੇ ਜਾਤੀ ਵਿਤਕਰੇ ਦਾ ਜਜ਼ਬਾ ਜਦ ਪੂਰਬੀ ਅਤੇ ਦੱਖਣ-ਪੂਰਬੀ ਯੂਰਪੀਨ ਆਬਾਦਕਾਰਾਂ ਦੇ ਵਿਰੁਧ ਜ਼ਾਹਰ

* Caldwell, ii, p. 268.




Digitized by Panjab Digital Library | www.panjabdigilib.org



'ਸੰਤ' ਵਸਾਖਾ ਸਿੰਘ
ਪ੍ਰਧਾਨ, ਦੇਸ਼ ਭਗਤ ਪਰਵਾਰ ਸਹਾਇਕ ਕਮੇਟੀ

Digitized by Panjab Digital Library | www.panjabdigilib.org



ਸ੍ਰੀ ਜਵਾਲਾ ਸਿੰਘ 'ਠਟੀਆਂ'
ਮੀਤ ਪ੍ਰਧਾਨ, ਗ਼ਦਰ ਪਾਰਟੀ



'ਭਾਈ' ਭਗਵਾਨ ਸਿੰਘ
(ਗਦਰ ਪਾਰਟੀ ਦੇ ਪਿਛੋਂ ਬਣੇ ਪ੍ਰਧਾਨ)

Digitized by Panjab Digital Library | www.panjabdigilib.org

ਸ੍ਰੀ ਪ੍ਰਿਥਵੀ ਸਿੰਘ




ਲਾਲਾ ਹਰਦਿਆਲ
ਜਨਰਲ ਸਕੱਤਰ, ਗ਼ਦਰ ਪਾਰਟੀ





ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ'

Digitized by Panjab Digital Library | www.panjabdigilib.org



ਸ੍ਰੀ ਕੇਸਰ ਸਿੰਘ 'ਠਠਗੜ੍ਹ'
ਮੀਤ ਪ੍ਰਧਾਨ, ਗ਼ਦਰ ਪਾਰਟੀ




'ਭਾਈ' ਸੰਤੋਖ ਸਿੰਘ
ਜਨਰਲ ਸਕੱਤਰ, ਗ਼ਦਰ ਪਾਰਟੀ

Digitized by Panjab Digital Library | www.panjabdigilib.org



ਸ਼੍ਰੀ ਨਿਧਾਨ ਸਿੰਘ 'ਚੁਘਾ'




ਸ਼੍ਰੀ ਸੋਹਨ ਸਿੰਘ 'ਭਕਨਾ'
ਪ੍ਰਧਾਨ, ਗ਼ਦਰ ਪਾਰਟੀ

Digitized by Panjab Digital Library | www.panjabdigilib.org



ਸ਼੍ਰੀ ਗੁੱਜਰ ਸਿੰਘ 'ਭਕਨਾ'



ਸ਼੍ਰੀ ਸ਼ੇਰ ਸਿੰਘ 'ਵੇਂਈ ਪੁੰਈਂ'



ਸ਼੍ਰੀ ਜੀਵਨ ਸਿੰਘ

Digitized by Panjab Digital Library | www.panjabdigilib.org

ਸੰਬੰਧੀ ਚਲੇ ਮੁਕੱਦਮਿਆਂ ਵਿਚ ਵੀ ਇਹ ਜ਼ਿਕਰ ਆਉਂਦਾ ਹੈ ਕਿ ਗਦਰ ਪਾਰਟੀ ਬਣਨ ਤੋਂ ਪਹਿਲੋਂ ਸ੍ਰੀ ਜਵਾਲਾ ਸਿੰਘ 'ਠਟੀਆਂ' ਨੇ ਆਪਣੇ ਪਾਸੋਂ ਵਜ਼ੀਫੇ ਦੇ ਕੇ ਦੇਸੋਂ ਵਿਦਿਆਰਥੀ ਅਮਰੀਕਾ ਪੜ੍ਹਾਈ ਲਈ ਮੰਗਵਾਉਣ ਦਾ ਪ੍ਰਬੰਧ ਕੀਤਾ ਸੀ*। ਬਾਬੂ ਤਾਰਕਾ ਨਾਥ ਦਾਸ, ਸ੍ਰੀ ਜੀ. ਡੀ. ਕੁਮਾਰ ਅਤੇ ਸ੍ਰੀ ਹਰਨਾਮ ਸਿੰਘ 'ਕਾਹਰੀ ਸਾਰੀ' ਨੇ ਹਿੰਦੀ ਕਾਮਿਆਂ ਵਿਚ ਦੇਸ਼ ਭਗਤੀ ਦਾ ਪ੍ਰਚਾਰ ਕਰਨ ਲਈ ਇਕ ਸੁਸਾਇਟੀ ਬਣਾਈ ਜੋ ਥੋੜੇ ਮਹੀਨੇ ਅਖਬਾਰ ਵੀ ਕਢਦੀ ਰਹੀ†। ਇਸੇ ਤਰ੍ਹਾਂ ਹਿੰਦੀ ਕਾਮਿਆਂ ਵਿਚ ਦੇਸ਼ ਭਗਤੀ ਦਾ ਪ੍ਰਚਾਰ ਕਰਨ ਲਈ ਅਸਟੋਰੀਆ (ਆਰੇਗਨ ਸਟੇਟ) ਵਿਚ ਹਿੰਦੁਸਤਾਨੀ ਐਸੋਸੀਏਸ਼ਨ ਬਣੀ ਜਿਸ ਦੇ ਪ੍ਰਧਾਨ ਸ੍ਰੀ ਕੇਸਰ ਸਿੰਘ 'ਠਠਗੜ੍ਹ' ਸਨ‡। ਸ੍ਰੀ ਜਵਾਲਾ ਸਿੰਘ 'ਠਟੀਆਂ' ਨੇ ਲਿਖਿਆ ਹੈ ਕਿ ਉਨ੍ਹਾਂ, 'ਸੰਤ' ਵਸਾਖਾ ਸਿੰਘ 'ਦਦੇਹਰ' ਅਤੇ ਕੁਝ ਹੋਰ ਸੱਜਣਾਂ ਨੇ ਦੇਸ਼ ਸੇਵਾ ਲਈ ਆਪਣੇ ਜੀਵਨ ਅਰਪਨ ਕਰਨ ਦਾ ਅਰਦਾਸਾ ਸੋਧ ਦਿੱਤਾ। ਇਸੇ ਤਰ੍ਹਾਂ ਹਿੰਦੀ ਕਾਮਿਆਂ ਵਿਚ ਦੇਸ਼ ਭਗਤੀ ਦਾ ਪ੍ਰਚਾਰ ਕਰਨ ਲਈ ਹੋਰ ਕੋਸ਼ਸ਼ਾਂ ਵੀ ਸ਼ਾਇਦ ਹੁੰਦੀਆਂ ਹੋਣਗੀਆਂ ਜਿਨ੍ਹਾਂ ਦਾ ਪਤਾ ਨਹੀਂ ਲੱਗ ਸਕਿਆ। ਕੂਕਾ ਲਹਿਰ (ਸ੍ਰੀ ਸੋਹਨ ਸਿੰਘ 'ਭਕਨਾ'), ਅਤੇ ੧੯੦੭ ਵਾਲੀ ਪੰਜਾਬ ਵਿਚ ਚਲੀ ਲਹਿਰ ਤੋਂ ਜਾਗ ਲਗੇ ਇਕੜ ਦੁਕੜ ਅਨਸਰ ਵੀ ਸਨ (ਸ੍ਰੀ ਠਾਕਰ ਦਾਸ ਅਤੇ ਸ੍ਰੀ ਰਾਮ ਚੰਦ ਪਸ਼ਾਵਰੀਆ), ਜਿਨ੍ਹਾਂ ਵਿਚ ਅੰਗਰੇਜ਼ਾਂ ਵਿਰੁਧ ਅਮਰੀਕਾ ਆਉਣ ਤੋਂ ਪਹਿਲੋਂ ਹੀ ਜਜ਼ਬਾ ਮੌਜੂਦ ਸੀ। ਧੁੰਧਲੀ ਹਾਲਤ ਵਿਚ ਇਨਕਲਾਬੀ ਚਰਚਾ ਵੀ ਹੁੰਦੀ*। ਪਰ ਗਦਰ ਪਾਰਟੀ ਬਣਨ ਤੋਂ ਪਹਿਲੋਂ ਅਮਰੀਕਾ ਵਿਚਲੇ ਹਿੰਦੀ ਕਾਮਿਆਂ ਵਿਚ ਰਾਜਸੀ ਜਾਗਰਤੀ ਨਾ ਇਕ ਥਾਂ ਤੋਂ ਪ੍ਰੇਰਨਾ ਲੈਂਦੀ ਅਤੇ ਨਾ ਇਕ ਲੜੀ ਵਿਚ ਪਰੋਈ ਹੋਈ ਸੀ। ਇਹ ਰਾਜਸੀ ਜਾਗਰਤੀ ਹਾਲਾਤ ਦੇ ਅਸਰ ਹੇਠ ਸ੍ਵੈਸਿਤ (Spontaneously) ਪ੍ਰਗਟ ਹੋ ਰਹੀ ਸੀ, ਪਰ ਇਹ ਸੋਚੇ ਵੀਚਾਰੇ ਨਿਸ਼ਾਨਿਆਂ ਅਤੇ ਸਾਧਨਾਂ ਨੂੰ ਤਹਿ ਕੀਤੇ ਬਿਨਾਂ ਹਨੇਰੇ ਵਿਚ ਹੱਥ ਮਾਰ ਰਹੀ ਸੀ। ਬਲਕਿ ਅਮਰੀਕਾ ਦੇ ਹਿੰਦੀ ਕਾਮਿਆਂ ਨਾਲੋਂ ਕੈਨੇਡਾ ਦੇ ਹਿੰਦੀ ਕਾਮਿਆਂ ਦਾ ਕੌਮੀ ਉਭਾਰ, ਹਾਲਾਤ ਦੀ ਮਜਬੂਰੀ ਹੇਠ, ਪਹਿਲੋਂ ਜਥੇਬੰਦ ਹੋਇਆ।

---

*First Case, Individual case of Jawala Singh, v. Thathian, p. 2.

†First Case, The beginning of the Conspiracy and War, p. 2.

‡Ibid.

*'ਕਿਰਤੀ' ਰਸਾਲਾ।

# ਚੌਥਾ ਕਾਂਡ

# ਜਦੋ ਜਹਿਦ ਦਾ ਆਰੰਭ

ਅਮਰੀਕਨ ਦੀਪ ਵਿਚ ਹਿੰਦੀਆਂ ਦੀ ਰਾਜਸੀ ਜਦੋ ਜਹਿਦ ਦਾ ਮੁੱਢ ਕੈਨੇਡਾ ਵਿਚ ਬੱਝਾ। ਅਮਰੀਕਾ ਵਾਂਗੂੰ ਇਸ ਦੀ ਤਹਿ ਵਿਚ ਵੀ ਅਸਲੀ ਕਾਰਨ ਨਸਲੀ ਅਤੇ ਚਮੜੀ ਦੀ ਰੰਗਤ ਵਿਰੁਧ ਨਫਰਤ ਸੀ, ਜਿਸ ਨੂੰ ਆਰਥਕ ਹਾਲਾਤ ਚਮਕਾਉਂਦੇ ਸਨ। ਪਰ ਅਮਰੀਕਾ ਅਤੇ ਕੈਨੇਡਾ ਦੇ ਆਰਥਕ, ਰਾਜਸੀ ਅਤੇ ਭਾਈ ਚਾਰਕ ਹਾਲਾਤ ਵਿਚ ਫਰਕ ਸਨ। ਇਸ ਕਰਕੇ ਦੋਹਾਂ ਮੁਲਕਾਂ ਵਿਚ ਹਿੰਦੀਆਂ ਵਿਰੁਧ ਰਵੱਈਏ ਅਤੇ ਜਦੋ ਜਹਿਦ ਦੀ ਸ਼ਕਲ ਵਿਚ ਵੀ ਫਰਕ ਪ੍ਰਗਟ ਹੋਏ।

ਕੈਨੇਡਾ ਵਿਚ ਖੇਤੀ ਬਾੜੀ ਅਤੇ ਸੱਨਅਤੀ ਤਰੱਕੀ ਦੀ ਰਫਤਾਰ ਅਮਰੀਕਾ ਨਾਲੋਂ ਘਟ ਸੀ, ਇਸ ਕਰਕੇ ਕਾਮਿਆਂ ਅਤੇ ਮਜ਼ਦੂਰਾਂ ਦੀ ਉਹ ਲੋੜ ਜਾਂ ਮਾਂਗ ਨਹੀਂ ਸੀ ਜੋ ਅਮਰੀਕਾ ਵਿਚ ਸੀ। ਅਮਰੀਕਨ ਭਾਈਚਾਰਾ ਵਖੋ ਵੱਖ ਯੂਰਪੀਨ ਕੌਮੀ ਅਨਸਰਾਂ ਦਾ ਬਣਿਆ ਹੋਇਆ ਸੀ, ਜਿਨ੍ਹਾਂ ਦੀ ਯੂਰਪ ਵਿਚ ਅਕਸਰ ਟਕੱਰ ਹੁੰਦੀ ਰਹਿੰਦੀ ਸੀ। ਅਮਰੀਕਾ ਵਿਚ ਐਂਗਲੋਸੈਕਸਨ ਨਸਲ ਦੇ ਪੁਰਾਣੇ ਆਬਾਦਕਾਰ ਪੂਰਬੀ ਅਤੇ ਦਖਣ-ਪੂਰਬੀ ਯੂਰਪ ਤੋਂ ਆਏ ਨਵੇਂ ਆਬਾਦਕਾਰਾਂ ਨੂੰ ਪਸੰਦ ਨਹੀਂ ਸਨ ਕਰਦੇ। ਯੂਰਪ ਤੋਂ ਨਵੇਂ ਆਬਾਦਕਾਰ ਹਰ ਸਾਲ ਬੜੀ ਭਾਰੀ ਗਿਣਤੀ ਵਿਚ ਲਗਾਤਾਰ ਆ ਰਹੇ ਸਨ, ਅਤੇ ਉਨ੍ਹਾਂ ਨੂੰ ਨਵੇਂ ਮੁਲਕ ਵਿਚ ਸਭ ਤੋਂ ਵੱਡਾ ਫਿਕਰ ਆਪਣੇ ਪੈਰ ਜਮਾਉਣ ਦਾ ਲਗਾ ਰਹਿੰਦਾ। ਇਸ ਵਾਸਤੇ ਅਮਰੀਕਾ ਵਿਚ ਏਸ਼ੀਆਈਆਂ ਵਿਰੁਧ ਨਸਲੀ ਵਿਤਕਰੇ ਨੂੰ ਸਪੱਸ਼ਟ ਰੂਪ ਵਿਚ ਪ੍ਰਤੱਖ (Crystallize) ਹੋਣ ਵਿਚ ਵਕਤ ਲੱਗਾ। ਪਰ ਕੈਨੇਡਾ ਵਿਚ ਅੰਗਰੇਜ਼ ਅਤੇ ਫਰਾਂਸੀਸੀ ਦੋ ਹੀ ਕੌਮਾਂ ਦੇ ਅਨਸਰਾਂ ਦੀ ਬਹੁਗਿਣਤੀ ਸੀ, ਅਤੇ ਸੰਨ ੧੯੦੦ ਤੋਂ ੧੯੧੪ ਦੇ ਜ਼ਮਾਨੇ ਵਿਚ ਦੋਹਾਂ ਦਾ ਜਰਮਨੀ ਵਿਰੁਧ ਸਾਂਝਾ ਫਰੰਟ ਬਣਿਆ ਹੋਇਆ ਸੀ। ਕੈਨੇਡਾ ਅੰਦਰ ਅੰਗਰੇਜ਼ ਅਤੇ ਫਰਾਂਸੀਸੀ ਅਨਸਰਾਂ ਵਿਚਕਾਰ ਵਿਤਕਰਾ ਸੀ, ਪਰ ਏਸ਼ੀਆਈਆਂ ਵਿਰੁਧ ਸਾਂਝਾ ਮੁਹਾਜ਼ ਬਣਨ ਦੇ ਰਾਹ ਵਿਚ ਇਹ ਰੁਕਾਵਟ ਨਹੀਂ ਸੀ। ਇੰਗਲੈਂਡ ਅਤੇ ਫਰਾਂਸ ਸ਼ਹਿਨਸ਼ਾਹੀ ਤਾਕਤਾਂ (Colonial Powers) ਸਨ ਜਿਨ੍ਹਾਂ ਦੀਆਂ ਏਸ਼ੀਆ ਵਿਚ ਬਸਤੀਆਂ ਸਨ। ਇਸ ਕਰਕੇ ਅੰਗਰੇਜ਼ ਅਤੇ ਫਰਾਂਸੀਸੀ ਅਨਸਰ, ਭਾਵੇਂ ਉਹ ਕੈਨੇਡਾ ਆ ਵੱਸਿਆ ਸੀ, ਏਸ਼ੀਆਈਆਂ ਅਤੇ ਖਾਸ ਕਰ ਹਿੰਦੀਆਂ ਵਰਗੇ ਗੁਲਾਮਾਂ ਨੂੰ ਹੇਚ ਸਮਝਦਾ ਸੀ। ਕੈਨੇਡਾ ਗਏ ਹਿੰਦੀਆਂ ਵਿਚੋਂ ਕਾਫੀ ਗਿਣਤੀ ਮਾਇਕ ਤਰੱਕੀ ਕਰਕੇ ਦੁਕਾਨਾਂ ਅਤੇ ਜ਼ਮੀਨਾਂ ਦੀ ਮਾਲਕ ਬਣ ਗਈ ਸੀ ਅਤੇ ਵਪਾਰ ਅਤੇ ਠੇਕੇਦਾਰੀਆਂ ਕਰਨ ਲੱਗ ਪਈ ਸੀ। ਇਸ ਕਰਕੇ ਕੈਨੇਡੀਅਨ, ਖਾਸ ਕਰ ਓਹ ਜੋ ਹਿੰਦ ਵਿਚ ਕਦੇ ਨੌਕਰੀ ਕਰ ਗਏ ਸਨ, ਗੁਲਾਮ ਹਿੰਦੀਆਂ ਦਾ ਆਰਥਕ ਮੈਦਾਨ ਵਿਚ ਆਪਣੇ ਬਰਾਬਰ ਮੋਢੇ ਨਾਲ ਮੋਢਾ ਖਹਿਣਾ ਬਰਦਾਸ਼ਤ ਨਹੀਂ ਸਨ ਕਰ ਸਕਦੇ। ਨਾ ਹੀ ਕੈਨੇਡਾ ਵਿਚ ਅਮਰੀਕਾ ਵਾਂਗੂੰ 'ਆਜ਼ਾਦੀ ਬਰਾਬਰੀ ਅਤੇ ਏਕਤਾ' ਦੀਆਂ ਜ਼ਬਰਦਸਤ ਰਵਾਇਤਾਂ ਸਨ, ਜੋ ਕੈਨੇਡੀਅਨਾਂ ਦੀ ਜ਼ਮੀਰ ਨੂੰ ਵੇਲੇ ਕੁਵੇਲੇ ਟੁੰਬਦੀਆਂ ਜਾਂ ਵਿੰਗੇ ਸਾਧਨ ਅਖਤਿਆਰ ਕਰਨ ਲਈ ਪ੍ਰੇਰਦੀਆਂ। ਇਨ੍ਹਾਂ



Digitized by Panjab Digital Library | www.panjabdigilib.org

ਕਾਰਨਾਂ ਕਰਕੇ ਕੈਨੇਡਾ ਵਿਚ ਹਿੰਦੀਆਂ ਵਿਰੁਧ ਨਸਲੀ ਨਫਰਤ ਦਾ ਤਅੱਸਬ ਮੁਕਾਬਲਤਨ ਜਲਦੀ ਅਤੇ ਖੁਲਮਖੁਲ੍ਹਾ ਸੱਤਹ ਉੱਪਰ ਆ ਗਿਆ।

ਦੋਹਾਂ ਮੁਲਕਾਂ ਵਿਚਕਾਰ ਸਭ ਤੋਂ ਵੱਡਾ ਪ੍ਰਤੱਖ ਫਰਕ ਇਹ ਸੀ ਕਿ ਕੈਨੇਡਾ ਵਿਚ ਨਸਲੀ ਅਤੇ ਆਰਥਕ ਕਾਰਨਾਂ ਨਾਲੋਂ ਰਾਜਸੀ ਕਾਰਨ ਪ੍ਰਧਾਨ ਸਨ। ਅਰਥਾਤ ਹਿੰਦੀਆਂ ਵਿਰੁਧ ਨਫਰਤ ਅਤੇ ਵਿਤਕਰੇ ਦੀ ਤਹਿ ਵਿਚ ਦੋਹਾਂ ਮੁਲਕਾਂ ਵਿਚ ਵੱਧ ਘੱਟ ਨਸਲੀ ਕਾਰਨ ਕੰਮ ਕਰ ਰਹੇ ਸਨ, ਪਰ ਹਿੰਦੁਸਤਾਨ ਅਮਰੀਕਾ ਦੇ ਹੇਠਾਂ ਨਹੀਂ ਸੀ। ਇਸ ਕਰਕੇ ਹਿੰਦੀਆਂ ਵਿਚ ਰਾਜਸੀ ਜਾਗਰਤੀ ਆ ਜਾਣ ਨਾਲ ਅਮਰੀਕਾ ਦੇ ਹਿੱਤਾਂ ਨੂੰ ਸਿੱਧੀ ਠੇਸ ਨਹੀਂ ਸੀ ਲੱਗਦੀ, ਜਿਸ ਕਾਰਨ ਅਮਰੀਕਨ ਸਰਕਾਰ ਉਨ੍ਹਾਂ ਵਿਰੁਧ ਕੋਈ ਉਚੇਚੇ ਕਦਮ ਚੁਕਦੀ। ਪਰ ਕੈਨੇਡਾ ਸਰਕਾਰ ਅੰਗਰੇਜ਼ੀ ਸਲਤਨਤ ਦਾ ਇਕ ਡੋਮੀਨੀਅਨ ਸੀ, ਅਤੇ ਭਾਵੇਂ ਹਿੰਦੁਸਤਾਨ ਉਸ ਦੇ ਸਿੱਧੇ ਕਬਜ਼ੇ ਵਿਚ ਨਹੀਂ ਸੀ, ਪਰ ਉਸ ਦੇ ਲਾਭ ਅੰਗਰੇਜ਼ੀ ਸ਼ਹਿਨਸ਼ਾਹੀਅਤ ਦੇ ਲਾਭਾਂ ਨਾਲ ਜੁੜੇ ਹੋਏ ਸਨ। ਹਿੰਦੀਆਂ ਦੇ ਆਜ਼ਾਦ ਮੁਲਕਾਂ ਵਿਚੋਂ ਆਜ਼ਾਦੀ ਦੇ ਵੀਚਾਰ ਲਿਆਕੇ ਹਿੰਦ ਵਿਚ ਪ੍ਰਚਾਰਨੇ ਅੰਗਰੇਜ਼ੀ ਸ਼ਹਿਨ-ਸ਼ਾਹੀਅਤ ਦੇ ਲਾਭਾਂ ਦੇ ਅਨਕੂਲ ਨਹੀਂ ਸਨ। ਜੈਨਰਲ ਸਵੇਮ ਨੇ ਆਪਣੀ ਅਖਬਾਰੀ ਮੁਲਾਕਾਤ (ਜਿਸ ਦਾ ਪਿਛਲੇ ਕਾਂਡ ਵਿਚ ਜ਼ਿਕਰ ਕੀਤਾ ਗਿਆ ਹੈ) ਵਿਚ ਮੰਨਿਆ ਕਿ "ਉਨ੍ਹਾਂ ਗੱਲਾਂ ਵਿਚੋਂ, ਜਿਹੜੀਆਂ ਹਿੰਦੀਆਂ ਦੀ ਇਥੇ ਜਾਂ ਕਿਸੇ ਵੀ ਗੋਰਿਆਂ ਦੀ ਬਸਤੀ ਵਿਚ, ਰਿਹਾਇਸ਼ ਨੂੰ ਰਾਜਸੀ ਨਜ਼ਰੀਏ ਤੋਂ ਨਾਮੁਨਾਸਬ ਬਣਾਉਂਦੀਆਂ ਹਨ, ਇਕ ਇਹ ਹੈ ਕਿ ਉਹ ਗੋਰਿਆਂ ਦੇ ਭੇਤੀ ਹੋ ਜਾਂਦੇ ਹਨ।............ਇਹ ਆਦਮੀ ਵਾਪਸ ਹਿੰਦ ਜਾਂਦੇ ਹਨ ਅਤੇ ਬੰਧਨਾਂ ਤੋਂ ਛੁਟਕਾਰੇ ਦੇ ਵੀਚਾਰਾਂ ਦਾ ਪ੍ਰਚਾਰ ਕਰਦੇ ਹਨ, ਜਿਨ੍ਹਾਂ ਦੇ ਸਫਲ ਹੋ ਜਾਣ ਨਾਲ ਰਾਜ ਅਤੇ ਕਾਨੂੰਨ ਦੀ ਮਸ਼ੀਨਰੀ ਉਲਟ ਜਾਵੇਗੀ"। ਇਸ ਵਾਸਤੇ ਅੰਗਰੇਜ਼ੀ ਸਾਮਰਾਜੀ ਹਿੱਤਾਂ ਨੂੰ ਮੁਖ ਰੱਖ ਕੇ ਕੈਨੇਡਾ ਦੀ ਸਰਕਾਰ ਅਤੇ ਉਸ ਦੇ ਪੁਰਜ਼ਿਆਂ ਨੇ ਹਿੰਦੀਆਂ ਨੂੰ ਕੈਨੇਡਾ ਵਿਚੋਂ ਕੱਢਣ ਅਤੇ ਆਉਣੋਂ ਰੋਕਣ ਦੀ ਨੀਤੀ ਧਾਰਨ ਕਰਕੇ ਅਮਰੀਕਨ ਦੀਪ ਵਿਚ ਹਿੰਦੀਆਂ ਦੀ ਰਾਜਸੀ ਜਦੋਜਹਿਦ ਨੂੰ ਤੁਰਤ ਠੋਸ ਰੂਪ ਦੇਣ (Precipitate ਕਰਨ) ਵਿਚ ਪਹਿਲ ਕੀਤੀ, ਅਤੇ ਕੈਨੇਡਾ ਦੀ ਪਬਲਕ ਦੇ ਨਸਲੀ ਤਅੱਸਬ ਦੇ ਖੁਲਮਖੁਲ੍ਹੇ ਰਵੱਈਏ ਨੇ ਇਸ ਜਦੋਜਹਿਦ ਨੂੰ ਹੋਰ ਤਿੱਖਿਆਂ ਕਰ ਦਿੱਤਾ।

ਜਿਤਨਾ ਚਿਰ ਹਿੰਦੀ ਇਕੜ ਦੁਕੜ ਕੈਨੇਡਾ ਵਿਚ ਆਉਂਦੇ ਰਹੇ, ਕੈਨੇਡਾ ਵਾਸੀਆਂ ਨੇ ਉਨ੍ਹਾਂ ਵਲ ਗਹੁ ਨਾ ਕੀਤਾ। ਪਰ ਜਦੋਂ ਹਿੰਦੁਸਤਾਨੀ ਤਕਰੀਬਨ ਹਰ ਇੱਕ ਜਹਾਜ਼ ਵਿਚ ਵੀਹ ਜਾਂ ਇਸ ਤੋਂ ਵੱਧ ਦੀਆਂ ਟੋਲੀਆਂ ਵਿਚ ਆਉਣੇ ਸ਼ੁਰੂ ਹੋ ਗਏ, 'ਹਿੰਦੂ ਖਤਰੇ' ਦਾ ਨਾਅਰਾ ਲੱਗਣ ਲੱਗਾ। ਕਈ ਜੋਸ਼ੀਲੇ ਕੈਨੇਡੀਅਨਾਂ ਨੂੰ ਇਹ ਹਊਆ ਭਾਸਣ ਲੱਗ ਗਿਆ ਕਿ ਹਿੰਦੀ ਕਿਤੇ ਬਰਿਟਸ਼ ਕੋਲੰਬੀਆ ਉੱਤੇ ਨਾ ਛਾਅ ਜਾਣ। ਭੜਕਾਊ ਲਿਖਾਰੀਆਂ, ਲੈਕਚਰਾਰਾਂ, ਅਤੇ ਮਜ਼ਦੂਰ ਯੂਨੀਅਨਾਂ ਦੇ ਲੀਡਰਾਂ, ਸਭ ਨੇ ਮਿਲ ਕੇ ਆਉਣ ਵਾਲੇ ਹਿੰਦੀਆਂ ਦੇ ਬਰਖਿਲਾਫ ਜਹਾਦ ਖੜਾ ਕਰ ਦਿੱਤਾ। ਹਿੰਦੀਆਂ ਨੂੰ ਬਦਨਾਮ ਕਰਨ ਲਈ ਹਰ ਕਿਸਮ ਦੇ ਝੂਠ ਘੜੇ ਗਏ ਅਤੇ ਹਥਕੰਡੇ ਵਰਤੇ ਗਏ। ਛੋਟੀਆਂ ਛੋਟੀਆਂ ਗੱਲਾਂ ਨੂੰ ਵਧਾ ਕੇ ਪ੍ਰੱਗਟ ਕੀਤਾ ਗਿਆ ਅਤੇ ਹਜੂਮਾਂ ਨੂੰ ਕੈਨੇਡਾ ਵਿਚੋਂ ਹਿੰਦੀਆਂ ਨੂੰ ਕੱਢਣ ਲਈ ਭੜਕਾਇਆ ਗਿਆ*। ਕੈਨੇਡੀਅਨ ਪਾਰਲੀਮੈਂਟ ਦੇ ਮੈਂਬਰ ਮਿਸਟਰ ਐਚ. ਐਚ. ਸਟੀਵਿਨਜ਼ ਨੇ ਵਖੋ ਵੱਖ ਜਥੇ ਬੰਦੀਆਂ ਪਾਸ ਤਕਰੀਰਾਂ ਕਰਨ ਵਿਚ ਵੱਧ ਚੜ੍ਹਕੇ ਹਿੱਸਾ ਲਿਆ। ਉਹ ਹਿੰਦੀਆਂ ਅਤੇ ਉਨ੍ਹਾਂ ਦੇ ਸਭਿਆਚਾਰ ਦੇ ਬਰਖਲਾਫ ਪ੍ਰਚਾਰ ਕਰਨ ਲਈ ਅਮਰੀਕਾ ਅੰਦਰ ਫਿਲੇਡੈਲਫੀਆ ਤੱਕ ਜਾ ਪੁਜੇ। ਟੋਰੰਟੋ ਯੂਨੀਵਰਸਟੀ ਦੇ ਇਕ ਪ੍ਰੋਫੈਸਰ, ਜੋ ਹਿੰਦ ਵਿਚ ਰਹਿ ਚੁਕਾ ਸੀ, ਨੇ ਅਖਬਾਰਾਂ ਨੂੰ ਲਿਖਿਆ ਕਿ ਜੋ ਹਿੰਦੀ ਆ ਚੁਕੇ ਹਨ ਉਨ੍ਹਾਂ ਨੂੰ ਵੀ ਵਾਪਸ ਭੇਜ ਦਿੱਤਾ ਜਾਵੇ। 'ਮੌਂਟਰੀਅਲ ਸਟਾਰ' ਨਾਮੀਂ ਅਖਬਾਰ ਨੂੰ ਬਰਿਟਸ਼ ਕੋਲੰਬੀਆ ਦੇ ਇੱਕ ਪੱਤਰ-ਪ੍ਰੇਰਕ ਨੇ ਲਿਖਿਆ ਕਿ, "ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਇਹ ਲੋਕ (ਹਿੰਦੂ) ਅੰਗਰੇਜ਼ੀ ਸਲਤਨਤ ਦੇ ਸ਼ਹਿਰੀ ਹਨ ਜਾਂ, ਇਨ੍ਹਾਂ ਨੇ ਸਲਤਨਤ ਦੀਆਂ ਲੜਾਈਆਂ ਲੜੀਆਂ ਅਤੇ ਇਨ੍ਹਾਂ ਲੜਾਈਆਂ ਦੇ ਤਗਮੇਂ ਪਾਏ ਹੋਏ ਹਨ। ਬਰਿਟਸ਼ ਕੋਲੰਬੀਆ ਦੇ ਵਸਨੀਕ ਇਸ ਨੂੰ ਗੋਰਿਆਂ ਦੀ ਬਸਤੀ ਕਾਇਮ ਰੱਖਣਾ ਚਾਹੁੰਦੇ ਹਨ। ਅਸੀਂ ਇਨ੍ਹਾਂ ਲੋਕਾਂ ਨੂੰ ਨਹੀਂ ਚਾਹੁੰਦੇ ਅਤੇ ਨਾ ਹੀ ਰੱਖਣ ਦਾ ਇਰਾਦਾ ਕਰਦੇ ਹਾਂ, ਭਾਵੇਂ ਅੰਗਰੇਜ਼ੀ ਸਰਕਾਰ ਅਤੇ ਬਾਦਸ਼ਾਹ ਜਾਰਜ ਖੁਦ ਇਹ ਚਾਹੁਣ।" ਰੀਪੋਰਟ ਹੈ ਕਿ ਟੋਰੰਟੋ ਦੇ ਇਕ ਮਸ਼ਹੂਰ ਮਜ਼ਦੂਰ ਲੀਡਰ ਮਿਸਟਰ ਜੇਮਜ਼ ਸਿਮਪਸਨ ਨੇ ਆਖਿਆ ਕਿ ਜੇ ਟੋਰੰਟੋ ਦੇ ਧਰਮ ਪ੍ਰਚਾਰਕਾਂ ਨੇ ਸਿਖਾਂ, ਜੋ ਆਪਣੇ ਪਰਵਾਰ ਲਿਆਉਣਾ ਚਾਹੁੰਦੇ ਹਨ, ਦਾ ਸਾਥ ਦਿੱਤਾ ਤਾਂ ਜਥੇਬੰਦ ਮਜ਼ਦੂਰ ਗਿਰਜਿਆਂ ਦੀਆਂ ਸੰਸਥਾਵਾਂ ਨਾਲ ਵੀ ਟਾਕਰਾ ਕਰਨਗੇ*।

ਉਪਰੋਕਤ ਲਿਖਤ ਜ਼ਾਹਰ ਕਰਦੀ ਹੈ ਕਿ ਹਿੰਦੀਆਂ ਵਿਰੁਧ ਐਜੀਟੇਸ਼ਨ ਦਾ ਤਾਅ ਕਿਤਨਾ ਗਰਮ ਸੀ। ਅਮਰੀਕਾ ਵਾਂਗੂੰ ਇਥੇ ਹਿੰਦੀਆਂ ਦੀ ਗੁਲਾਮੀ ਬਾਰੇ ਤਾਅਨੇਬਾਜ਼ੀ ਨਹੀਂ ਸੀ ਹੋ ਸਕਦੀ, ਕਿਉਂਕਿ ਇਹ ਸ਼ਹਿਨਸ਼ਾਹੀਅਤ ਦੇ ਹਿੱਤਾਂ ਦੇ ਉਲਟ ਸੀ। ਨਾ ਹੀ ਕੈਨੇਡੀਅਨ ਮਜ਼ਦੂਰਾਂ ਨਾਲ ਆਰਥਕ ਮੁਕਾਬਲੇ ਦਾ ਢੁਚਰ ਵਜ਼ਨ ਰੱਖ ਸਕਦਾ ਸੀ, ਕਿਉਂਕਿ ਸੰਨ ੧੯੦੭ (ਜਿਸ ਸਾਲ ਕੈਨੇਡਾ ਸਰਕਾਰ ਨੇ ਹਿੰਦੀਆਂ ਨੂੰ ਕੈਨੇਡਾ ਆਉਣੋਂ ਰੋਕਣ ਦਾ ਕਦਮ ਚੁੱਕਿਆ) ਪਹਿਲਾ ਹੀ ਸਾਲ ਸੀ ਜਦ ਕੈਨੇਡਾ ਆਉਣ ਵਾਲੇ ਹਿੰਦੀਆਂ ਦੀ ਗਿਣਤੀ ਹਜ਼ਾਰ ਤੋਂ ਵੱਧ ਟੱਪੀ। ਬਲਕਿ ਹਿੰਦੀਆਂ ਨੇ ਕੈਨੇਡਾ ਵਿਚ ਇਤਨੀ ਆਰਥਕ ਤਰੱਕੀ ਕੀਤੀ ਕਿ ਉਨ੍ਹਾਂ ਦੀਆਂ ਦੋ ਵੱਡੀਆਂ ਕੰਪਨੀਆਂ, ਜ਼ਮੀਨ, ਕਾਨਾਂ, ਜਾਇਦਾਦ ਸੰਬੰਧੀ ਅਤੇ ਹੋਰ ਵਾਪਾਰ ਕਰਦੀਆਂ ਸਨ। ਪੰਦਰਾਂ ਤੋਂ ਵੀਹ ਹਿੰਦੀਆਂ ਦੇ ਦਫਤਰ ਸਨ ਜੋ ਜਾਇਦਾਦਾਂ ਦਾ ਵਿਹਾਰ ਕਰਦੇ ਸਨ, ਅਤੇ ਉਨ੍ਹਾਂ ਦੀ ਕਾਮਯਾਬੀ ਦਾ ਇਸ ਤੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਵਿਚੋਂ ਕੇਵਲ ਇਕ ਦਾ ਵਿਹਾਰ ਤਿੰਨ ਲਖ ਤੱਕ ਸੀ*। ਹਿੰਦੀਆਂ ਦੀ ਇਸ ਆਰਥਕ ਤਰੱਕੀ ਨੇ ਕੈਨੇਡੀਅਨਾਂ ਵਿਚ ਈਰਖਾ ਪੈਦਾ ਕੀਤੀ ਅਤੇ ਇਹ ਈਰਖਾ ਉਨ੍ਹਾਂ ਵਿਰੁਧ ਨਫਰਤ ਦੇ ਕਾਰਨਾਂ ਵਿਚੋਂ ਇਕ ਸੀ। ਪਰ ਅਸਲੀ ਵੱਡਾ ਕਾਰਨ ਨਸਲੀ ਤਅੱਸਬ ਸੀ ਜੋ ਅੰਗਰੇਜ਼ੀ ਸਾਮਰਾਜੀ ਹਿੱਤਾਂ ਦੀ ਸ਼ਹਿ ਵਿਚ ਖੁਲਮਖੁਲ੍ਹਾ ਪ੍ਰੱਗਟ ਹੋਇਆ। ਮਜ਼ਦੂਰ ਜਥੇਬੰਦੀਆਂ ਨੇ ਹਿੰਦੀਆਂ ਲਈ ਕੰਮ ਲਭਣਾ ਮੁਸ਼ਕਲ ਬਣਾ ਦਿਤਾ†। ਹਿੰਦੀਆਂ ਵਿਰੁਧ ਨਸਲੀ ਨਫਰਤ ਦੀ ਅੱਗ ਇਤਨੀ ਤੇਜ਼ ਹੋ ਗਈ ਕਿ ਨੀਮ ਸਰਕਾਰੀ ਏਜੰਸੀਆਂ ਵੀ ਇਸ ਵਿਚ ਖੁਲਮ ਖੁਲ੍ਹਾ ਹਿੱਸਾ ਲੈਣ

---

*Modern Review, March, 1908, p. 206.

*Indians Abroad, p. 657.

*Modern Review, August, 1913, pp. 140-149.

†Modern Review, August, 1909, p. 104.

ਲਗ ਪਈਆਂ। ਵਿਕਟੋਰੀਆ ਦੀ ਮੀਉਂਸਪਲ ਕਮੇਟੀ ਨੇ ਇਹ ਫੈਸਲਾ ਕੀਤਾ ਕਿ ਹਿੰਦੀਆਂ ਨੂੰ ਕੰਮ ਉੱਤੇ ਨਾ ਲਾਇਆ ਜਾਏ* । ਸੰਨ ੧੯੦੬ (ਜਦ ਕੈਨੇਡਾ ਆਉਣ ਵਾਲੇ ਹਿੰਦੀਆਂ ਦੀ ਗਿਣਤੀ ਕੇਵਲ ੩੮੭ ਸੀ) ਵਿਚ ਹਿੰਦੀ ਮੁਸਾਫਰਾਂ ਦਾ ਇਕ ਟੋਲਾ ਜਹਾਜ਼ ਉਤੇ ਵੈਨਕੋਵਰ ਪੁੱਜਾ, ਜਿਨ੍ਹਾਂ ਵਿਚੋਂ ਬਹੁਤਿਆਂ ਨੂੰ ਕੈਨੇਡਾ ਉਤਰਨ ਦੇ ਲਾਇਕ ਕਰਾਰ ਦਿਤਾ ਗਿਆ। ਪਰ ਵੈਨਕੋਵਰ ਦੇ ਮੇਅਰ ਨੇ ਹਿੰਦੀਆਂ ਵਿਰੋਧੀ ਅਨਸਰਾਂ ਨੂੰ ਖੁਸ਼ ਕਰਨ ਵਾਸਤੇ ਪੁਲਸ ਨੂੰ ਹੁਕਮ ਦਿਤਾ ਕਿ ਇਨ੍ਹਾਂ ਹਿੰਦੀ ਮੁਸਾਫਰਾਂ ਨੂੰ ਜਹਾਜ਼ ਉਤੋਂ ਉਤਰਨ ਨਾ ਦਿਤਾ ਜਾਏ। ਤਿਨ ਚਾਰ ਦਿਨ ਪੁਲਸ ਦੇ ਪਹਿਰੇ ਲਾਈ ਰੱਖੇ ਅਤੇ ਹਿੰਦੀ ਮੁਸਾਫਰਾਂ ਨੂੰ ਉਤਰਨ ਨਾ ਦਿਤਾ ਗਿਆ। ਪਰ ਇਹ ਕਦਮ ਬੇ-ਨਿਯਮਕ ਸੀ ਅਤੇ ਇਸ ਕਰਕੇ ਅਫਸਰ ਡਰ ਗਏ। ਤੀਜੇ ਚੌਥੇ ਦਿਨ ਪਿਛੋਂ ਚੁਪ ਕੀਤੇ ਪੁਲਸ ਦੇ ਪਹਿਰੇ ਹਟਾ ਲਏ ਗਏ ਅਤੇ ਹਿੰਦੀਆਂ ਨੂੰ ਸ਼ਹਿਰ ਵਿਚ ਵੜਨ ਦਿਤਾ ਗਿਆ†। ਸੀ. ਐਫ. ਐਂਡਰੀਊਜ਼ ਜੀ ਨੇ ਲਿਖਿਆ ਹੈ ਕਿ ਹਿੰਦੀਆਂ ਉੱਤੇ ਬਲਵੇ ਵੀ ਕੀਤੇ ਗਏ‡।

ਸੰਨ ੧੯੦੭ ਦੇ ਅਖੀਰ ਵਿਚ ਵੈਨਕੋਵਰ ਵਿਚ ਏਸ਼ੀਆਈਆਂ ਵਿਰੁਧ ਬਲਵੇ ਹੋਏ। ਹਜੂਮ ਨੇ ਗੁੱਸੇ ਵਿਚ ਜਾਪਾਨੀਆਂ ਦੀ ਬਹੁਤ ਸਾਰੀ ਜਾਇਦਾਦ ਬਰਬਾਦ ਕਰ ਦਿੱਤੀ, ਪਰ ਖੁਸ਼ ਕਿਸਮਤੀ ਨਾਲ ਹਿੰਦੀਆਂ ਨੂੰ ਨਾ ਛੇੜਿਆ ਗਿਆ। ਜਦੋਂ ਏਸ਼ੀਆਈਆਂ ਵਿਰੁਧ ਐਜੀਟੇਸ਼ਨ ਦਾ ਬੜਾ ਜ਼ੋਰ ਸੀ, ਕੈਨੇਡਾ ਸਰਕਾਰ ਨੇ ਇਹ ਮੌਕਿਆ ਤਾੜਕੇ ਆਪਣਾ ਇਕ ਵਜ਼ੀਰ ਜਾਪਾਨੀ ਸਰਕਾਰ ਨਾਲ, ਜਾਪਾਨੀਆਂ ਨੂੰ ਕੈਨੇਡਾ ਆਉਣੋਂ ਰੋਕਣ ਜਾਂ ਆਉਣ ਵਾਲਿਆਂ ਦੀ ਗਿਣਤੀ ਘਟਾਉਣ ਵਾਸਤੇ, ਸਮਝੌਤਾ ਕਰਨ ਲਈ ਜਾਪਾਨ ਭੇਜਿਆ, ਅਤੇ ਮਜ਼ਦੂਰ ਵਿਭਾਗ ਦੇ ਛੋਟੇ ਵਜ਼ੀਰ ਮਿਸਟਰ ਡਬਲਯੂ. ਐਲ. ਮੈਕੇਨਜ਼ੀ ਕਿੰਗ ਨੂੰ ਕੈਨੇਡਾ ਵਿਚ ਹਿੰਦੀਆਂ ਨੂੰ ਆਉਣੋਂ ਰੋਕਣ ਹਿਤ ਗਲ ਬਾਤ ਕਰਨ ਲਈ ਇੰਗਲਸਤਾਨ ਭੇਜਿਆ। ਮਿਸਟਰ ਕਿੰਗ ਨਾ ਹਿੰਦ ਆਏ ਅਤੇ ਨਾ ਹਿੰਦੀਆਂ ਨਾਲ ਗਲ ਬਾਤ ਕੀਤੀ। ਮਿਸਟਰ ਕਿੰਗ ਦੀ ਰੀਪੋਰਟ ਦਾ ਨਤੀਜਾ ਇਹ ਹੋਇਆ ਕਿ ੯ ਮਈ ਸੰਨ ੧੯੦੭ ਨੂੰ ਪ੍ਰਿਵੀ ਕੌਂਸਲ ਨੇ ਹੇਠ ਲਿਖਿਆ ਆਰਡਰ ਨੰ: ੯੨੦ ਪਾਸ ਕੀਤਾ:—

"ਅੱਜ ਦੀ ਤਾਰੀਖ ਤੋਂ ਅਤੇ ਪਿਛੋਂ ਕੈਨੇਡਾ ਵਿਚ ਨਵੇਂ ਆਉਣ ਵਾਲੇ ਸਿਰਫ ਓਹ ਹੀ ਉਤਰ ਸਕਣਗੇ (ਅਤੇ ਹੋਰਨਾਂ ਨੂੰ ਉਤਰਨ ਦੀ ਮਨਾਹੀ ਹੈ) ਜੋ ਆਪਣੇ ਮੁਲਕ, ਜਿਸ ਦੇ ਉਹ ਅਸਲੀ ਬਾਸ਼ਿੰਦੇ ਅਤੇ ਸ਼ਹਿਰੀ ਹਨ, ਤੋਂ ਨਿਰੰਤਰ (Continuous) ਸਫਰ ਰਾਹੀਂ ਕੈਨੇਡਾ ਆਉਣਗੇ, ਉਨ੍ਹਾਂ ਟਿਕਟਾਂ ਉਤੇ ਜੋ ਕੈਨੇਡਾ ਲਈ ਸਿੱਧੀਆਂ ਸਫਰ ਦੀ ਸਮਾਪਤੀ ਪਰਯੰਤ (Through tickets) ਖ੍ਰੀਦੀਆਂ ਹੋਣ"।

ਹਿੰਦ ਤੋਂ ਕੈਨੇਡਾ ਸਿੱਧੇ ਜਹਾਜ਼ ਨਹੀਂ ਸਨ ਜਾਂਦੇ, ਇਸ ਵਾਸਤੇ ਇਸ ਆਰਡਰ ਦਾ ਨਤੀਜਾ ਇਹ ਹੋਇਆ ਕਿ ਹਿੰਦੀਆਂ ਦਾ ਕੈਨੇਡਾ ਵਿਚ ਦਾਖਲਾ ਬਿਲਕੁਲ ਬੰਦ ਹੋ ਗਿਆ। ਸੰਨ ੧੯੧੧ ਵਿਚ ਕੈਨੇਡਾ ਅੰਦਰ ੧੧੯੩੨ ਚੀਨੇ ਅਤੇ ੨੯੮੬ ਜਾਪਾਨੀ ਦਾਖਲ ਹੋਏ, ਪਰ ਇਸ ਦੌਰਾਨ ਵਿਚ ਕੇਵਲ ਇਕ ਹਿੰਦੀ ਨੂੰ ਕੈਨੇਡਾ ਉਤਰਨ ਦਿੱਤਾ ਗਿਆ*। 'ਮੌਂਟਰੀਅਲ ਵਿਟਨਸ' ਨਾਮੀਂ ਕੈਨੇਡੀਅਨ ਅਖਬਾਰ ਨੇ ਲਿਖਿਆ ਕਿ "ਅਮਰੀਕਾ ਨੇ ਨਸਲ ਅਤੇ ਚਮੜੀ ਦੀ ਰੰਗਤ ਦੇ ਤਅੱਸਬ ਬਾਰੇ ਨਾਕਾਬਲੇ ਰਿਸ਼ਕ ਸ਼ੋਹਰਤ ਹਾਸਲ ਕੀਤੀ ਹੈ, ਪਰ ਅਸੀਂ ਆਪਣੇ ਦਖਣੀ ਪੜੋਸੀਆਂ ਨਾਲੋਂ ਵੀ ਵੱਧ ਸਖਤ ਅਤੇ ਵਰਜੂ ਹਾਂ। ਬਹੁਤ ਸਾਰੇ ਹਿੰਦੀ ਅਮਰੀਕਾ ਦੀਆਂ ਯੂਨੀਵਰਸਟੀਆਂ ਵਿਚ ਪੜ੍ਹਦੇ ਹਨ, ਪਰ ਸਾਡੀਆਂ ਵਿਚ ਨਹੀਂ ਆ ਸਕਦੇ।.........ਇਹ ਬੜੀ ਅਜੀਬ ਗੱਲ ਹੈ ਕਿ ਸਾਰੇ ਏਸ਼ੀਆਈਆਂ ਵਿਚੋਂ ਸਾਡੀ ਸਲਤਨਤ ਦੇ ਹਮਸ਼ਹਿਰੀ ਹਿੰਦੀਆਂ ਨੂੰ ਇਸ ਬੇਇਜ਼ਤ ਕਰਨ ਵਾਲੇ ਵਰਤਾਉ ਦਾ ਨਿਸ਼ਾਨਾ ਬਣਾਇਆ ਗਿਆ ਹੈ। ਮੁਲਕ ਵਿਚ ਹਜ਼ਾਰਾਂ ਚੀਨੇ ਜੀਅ-ਪ੍ਰਤਿ ਟੈਕਸ ਦੇ ਕੇ ਆ ਰਹੇ ਹਨ। ਕਈ ਨਿਯਮਾਂ ਅਨੁਸਾਰ ਉਨ੍ਹਾਂ ਦੇ ਟੱਬਰ ਵੀ ਆ ਸਕਦੇ ਹਨ। ਜਾਪਾਨੀ ਜੀਅ-ਪ੍ਰਤਿ ਟੈਕਸ ਦਿਤੇ ਬਿਨਾਂ ਆ ਸਕਦੇ ਹਨ, ਬਸ਼ੱਰਤਿਕੇ ਹਰ ਇਕ ਕੋਲ ਪੰਜਾਹ ਡਾਲਰ ਹੋਣ। ਉਨ੍ਹਾਂ ਦੇ ਪਰਵਾਰ ਵੀ ਆ ਸਕਦੇ ਹਨ। ਇਹ ਗੱਲ ਨੋਟ ਕਰਨ ਵਾਲੀ ਹੈ ਕਿ ਕੁਝ ਮਹੀਨੇ ਹੋਏ, ਓਸੇ ਜਹਾਜ਼ ਉੱਤੇ, ਜਿਸ ਉੱਤੇ ਛੇ ਹਿੰਦੀ ਇਸਤ੍ਰੀਆਂ ਆਈਆਂ, ਸੋਲਾਂ ਜਾਪਾਨੀ ਇਸਤ੍ਰੀਆਂ ਵੈਨਕੋਵਰ ਪੁੱਜੀਆਂ। ਜਾਪਾਨੀਆਂ ਦੇ ਆਉਣ ਦਾ ਕਿਸੇ ਨੂੰ ਦੁਖ ਨਾ ਹੋਇਆ; ਪਰ ਕਿਉਂਕਿ ਹਿੰਦੀ ਇਸਤ੍ਰੀਆਂ (ਜੋ ਆਰੀਆ ਨਸਲ ਦੀਆਂ ਹੋਣ ਅਤੇ ਅੰਗਰੇਜ਼ੀ ਸਲਤਨਤ ਦੀਆਂ ਸ਼ਹਿਰੀ ਹੋਣ ਦੀ ਹੈਸੀਅਤ ਵਿਚ ਸਾਡੀਆਂ ਦੂਹਰੇ ਤੌਰ ਉੱਤੇ ਭੈਣਾਂ ਹਨ) ਆਪਣੇ ਪਤੀਆਂ ਪਾਸ ਜਾਣੀਆਂ ਚਾਹੁੰਦੀਆਂ ਸਨ, ਸਾਡੇ ਲੋਕਾਂ ਦੇ ਇਕ ਹਿੱਸੇ ਨੂੰ ਇਸ ਜੋਸ਼ ਦਾ ਬੁਖਾਰ ਚੜ੍ਹ ਗਿਆ ਕਿ ਕੈਨੇਡਾ ਨੂੰ ਗੋਰਿਆਂ ਦਾ ਮੁਲਕ ਬਰਕਰਾਰ ਰੱਖਣਾ ਹੈ। ਹਿੰਦੀ ਇਸਤ੍ਰੀਆਂ ਨੂੰ ਕੈਨੇਡਾ ਦੀ ਕੇਂਦਰੀ ਸਰਕਾਰ ਨੇ ਕੇਵਲ ਰਹਿਮ ਦੇ ਆਧਾਰ ਉੱਤੇ ਜਹਾਜ਼ੋਂ ਉੱਤਰਨ ਦਿੱਤਾ"*।

ਪਰ ਕੈਨੇਡਾ ਸਰਕਾਰ ਦੇ ਕਾਨੂੰਨ ਕਾਇਦਿਆਂ ਉੱਤੇ ਇਕਸਾਰ ਵਰਤੋਂ ਨਹੀਂ ਸੀ ਹੁੰਦੀ। ਜਿਹੜਾ ਹਿੰਦੁਸਤਾਨੀ ਆਪਣੇ ਪਰਵਾਰ ਨੂੰ ਮੰਗਵਾਉਣ, ਅਤੇ ਉਸ ਨੂੰ ਕੈਨੇਡਾ ਵਿਚ ਦਾਖਲ ਹੋਣ, ਸੰਬੰਧੀ ਅਦਾਲਤ ਵਿਚ ਮੁਕੱਦਮਾ ਲੜਨ ਲਈ ਬਹੁਤ ਸਾਰਾ ਧਨ ਖਰਚ ਕਰਨ ਵਾਸਤੇ ਤਿਆਰ ਹੁੰਦਾ, ਉਹ ਆਪਣਾ ਪਰਵਾਰ ਕੈਨੇਡਾ ਲਿਆਉਣ ਵਿਚ ਕਾਮਯਾਬ ਹੋ ਜਾਂਦਾ। ਸ੍ਰੀ ਬਲਵੰਤ ਸਿੰਘ ਨੇ ਤੀਸਰੇ ਸਾਜ਼ਸ਼ ਕੇਸ ਵਿਚ ਆਪਣੇ ਬਿਆਨ (ਪੰਨਾ ੨੩੨) ਵਿਚ ਦੱਸਿਆ ਕਿ ਉਹ ਕਿਵੇਂ ਆਪਣੇ ਪਰਵਾਰ ਲਈ ਜਹਾਜ਼ ਦਾ ਕੈਨੇਡਾ ਵਾਸਤੇ ਟਿਕਟ ਹਾਸਲ ਕਰਨ ਖਾਤਰ ਦੋ ਮਹੀਨੇ ਕਲਕੱਤੇ ਟੱਕਰਾਂ ਮਾਰਦੇ ਰਹੇ। ਕਮਿਸ਼ਨਰ ਪੁਲਸ ਕਲਕੱਤਾ ਨੂੰ ਮਿਲੇ ਅਤੇ ਸਕੱਤ੍ਰ ਸਰਕਾਰ ਹਿੰਦ ਨੂੰ ਵੀ ਲਿਖਿਆ, ਪਰ ਕੁਝ ਨਾ ਬਣਿਆ। ਆਖਰ ਜੁਲਾਈ ੧੯੧੧ ਵਿਚ ਪਰਵਾਰ ਸਮੇਤ ਹਾਂਗ ਕਾਂਗ ਚਲੇ ਗਏ, ਪਰ ਉਥੇ ਵੀ ਉਨ੍ਹਾਂ ਦੇ ਪਰਵਾਰ ਲਈ ਟਿਕਟ ਨਾ ਮਿਲਿਆ। ਅਗੱਸਤ ਵਿਚ ਸੈਨਫ੍ਰਾਂਸਿਸਕੋ ਗਏ, ਇਸ ਨੀਯਤ ਨਾਲ ਕਿ ਅਮਰੀਕਾ ਰਾਹੀਂ ਕੈਨੇਡਾ ਦਾਖਲ ਹੋਣ। ਸੈਨਫ੍ਰਾਂਸਿਸਕੋ ਉਨ੍ਹਾਂ ਨੂੰ ਕੁਰਾਂਟੀਨ ਵਿਚ ਰਖਿਆ ਗਿਆ ਅਤੇ ਉੱਤਰਨ ਨਾ ਦਿੱਤਾ। ਵਜਾਹ ਇਹ ਦੱਸੀ ਗਈ ਕਿ ਓਹ ਪਹਿਲਾਂ ਕੈਨੇਡਾ ਰਹੇ ਹਨ ਅਤੇ ਉਨ੍ਹਾਂ ਦੀ ਉੱਥੇ ਜ਼ਮੀਨ ਹੈ। ਲਾਚਾਰ ਵਾਪਸ ਹਾਂਗ ਕਾਂਗ ਮੁੜੇ। ਇਸ ਸਫਰ ਵਿਚ ਸ੍ਰੀ ਭਾਗ ਸਿੰਘ ਅਤੇ ਸ੍ਰੀ ਹਾਕਮ ਸਿੰਘ ਅਤੇ ਉਨ੍ਹਾਂ ਦੇ ਪਰਵਾਰ ਸ੍ਰੀ ਬਲਵੰਤ ਸਿੰਘ ਨਾਲ ਸਨ। ਉਨ੍ਹੀਂ ਦਿਨੀਂ ਵੈਨਕੋਵਰ ਦੇ ਹਿੰਦੀਆਂ ਨੇ ਓਟਾਵਾ ਸਰਕਾਰ ਪਾਸ ਡੇਪੂਟੇਸ਼ਨ ਭੇਜਿਆ ਸੀ

*Indians Abroad, p. 661.
†Modern Review, March, 1908, p. 207.
‡Indians Abroad, p. 528.

*Indians Abroad, p. 659.

*Indians Abroad, p. 660.



Digitized by Panjab Digital Library | www.panjabdigilib.org

ਕਿ ਹਿੰਦੀਆਂ ਨੂੰ ਪਰਵਾਰਾਂ ਸਮੇਤ ਕੈਨੇਡਾ ਆਉਣ ਦੀ ਆਗਿਆ ਦਿੱਤੀ ਜਾਏ। ੨੫ ਦਸੰਬਰ ਨੂੰ ਕੈਨੇਡੀਅਨ ਪੈਸੇਫਿਕ ਰੇਲਵੇ ਦਾ ਮੈਨੇਜਰ ਸ੍ਰੀ ਬਲਵੰਤ ਸਿੰਘ ਨੂੰ ਮਿਲਿਆ ਕਿ ਉਸ ਨੂੰ ਹਦਾਇਤ ਮਿਲੀ ਹੈ ਕਿ ਸ੍ਰੀ ਬਲਵੰਤ ਸਿੰਘ ਅਤੇ ਸ੍ਰੀ ਭਾਗ ਸਿੰਘ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਵੈਨਕੋਵਰ ਦੀਆਂ ਟਿਕਟਾਂ ਦਿੱਤੀਆਂ ਜਾਣ। ੨੧ ਜਨਵਰੀ ੧੯੧੨ ਨੂੰ ਇਹ ਸੱਜਣ ਵੈਨਕੋਵਰ ਪੁੱਜੇ। ਆਦਮੀਆਂ ਨੂੰ ਜਹਾਜ਼ੋਂ ਉਤਰਨ ਦਿੱਤਾ ਗਿਆ, ਪਰ ਇਨ੍ਹਾਂ ਹੀ ਆਦਮੀਆਂ ਦੀਆਂ ਪਤਨੀਆਂ ਨੂੰ ਕੈਨੇਡਾ ਵਿਚੋਂ ਕਢੇ ਜਾਣ ਦਾ ਹੁਕਮ ਦਿੱਤਾ ਗਿਆ। ਇਨ੍ਹਾਂ ਬਾਰੇ ਘਰੋਗੀ ਵਜ਼ੀਰ ਨੂੰ ਅਪੀਲ ਕੀਤੀ ਗਈ ਅਤੇ ਇਸਤ੍ਰੀਆਂ ਅਤੇ ਬੱਚਿਆਂ ਨੂੰ ਭਾਰੀਆਂ ਜ਼ਮਾਨਤਾਂ ਉੱਤੇ ਆਪਣੇ ਪਤੀਆਂ ਅਤੇ ਬਾਪਾਂ ਪਾਸ ਜਾਣ ਲਈ ਇਸ ਸ਼ਰਤ ਉੱਤੇ ਇਜਾਜ਼ਤ ਦਿੱਤੀ ਗਈ ਕਿ ਓਹ ੬ ਫਰਵਰੀ ੧੯੧੨ ਨੂੰ ਹਾਜ਼ਰ ਹੋਣ। ਉਸ ਤਰੀਕ ਤੱਕ ਉਨ੍ਹਾਂ ਦੇ ਹੱਕ ਵਿਚ ਫੈਸਲਾ ਨਾ ਹੋਇਆ ਤਾਂ ਉਨ੍ਹਾਂ ਨੂੰ ਕੈਨੇਡਾ ਵਿਚੋਂ ਤੋਰ ਦਿੱਤਾ ਜਾਵੇਗਾ। ੩੦ ਅਪ੍ਰੈਲ ਨੂੰ ਹੁਕਮ ਹੋਇਆ ਕਿ ਇਨ੍ਹਾਂ ਇਸਤ੍ਰੀਆਂ ਅਤੇ ਬੱਚਿਆਂ ਨੂੰ ਕੈਨੇਡਾ ਵਿਚੋਂ ਕਢ ਦਿੱਤਾ ਜਾਏ, ਅਤੇ ਉਨ੍ਹਾਂ ਨੂੰ ਆਪਣੇ ਪਤੀਆਂ ਅਤੇ ਬਾਪਾਂ ਤੋਂ ਨਿਖੇੜ ਕੇ ਹਵਾਲਾਤ ਬੰਦ ਕਰ ਦਿੱਤਾ ਗਿਆ। ਪਰ ਹੀਬਸ ਕਾਰਪਸ (Habeas Corpus) ਕਾਨੂੰਨ ਹੇਠ ਦਰਖਾਸਤ ਦਿੱਤੀ ਗਈ ਅਤੇ ਇਸਤ੍ਰੀਆਂ ਅਤੇ ਬੱਚਿਆਂ ਨੂੰ ਰਾਤ ਦੇ ਬਾਰਾਂ ਵਜੇ ਰਿਹਾ ਕੀਤਾ ਗਿਆ। ਰਿਹਾਈ ਦਾ ਹੁਕਮ ਬੜੀ ਮੁਸ਼ਕਲ ਨਾਲ ਪ੍ਰਾਪਤ ਕੀਤਾ ਗਿਆ, ਕਿਉਂਕਿ ਕੈਨੇਡਾ ਵਿਚੋਂ ਕਢਣ ਦਾ ਹੁਕਮ ਸ਼ਾਮ ਦੇ ਚਾਰ ਵਜੇ ਦਿੱਤਾ ਗਿਆ ਸੀ, ਜਿਸ ਵੇਲੇ ਦਫਤਰ ਬੰਦ ਹੋ ਜਾਂਦੇ ਹਨ। ਹਿੰਦੀਆਂ ਦੇ ਵਕੀਲਾਂ ਨੇ ਉਚੇਚਾ ਉਪਰਾਲਾ ਕਰਕੇ ਜੱਜ ਨੂੰ ਰਾਤ ਮਿਲ ਕੇ ਕੈਨੇਡਾ ਵਿਚੋਂ ਕਢੇ ਜਾਣ ਨੂੰ ਮੁਲਤਵੀ ਕਰਨ ਦੇ ਹੁਕਮ ਲਏ। ਮੁਕੱਦਮਾ ੧੦ ਮਈ ਨੂੰ ਸ਼ੁਰੂ ਹੋਇਆ ਪਰ ਮੁਲਤਵੀ ਕਰ ਦਿੱਤਾ ਗਿਆ। ਹਿੰਦੀਆਂ ਦੇ ਵਕੀਲ ਮਿਸਟਰ ਏ. ਐਮ. ਹਾਰਪਰ ਦਾ ਦਾਅਵਾ ਸੀ ਕਿ ਹਿੰਦੀ ਇਸਤ੍ਰੀਆਂ ਅਤੇ ਬੱਚਿਆਂ ਦੀ ਹਿਰਾਸਤ ਬੇ-ਕਾਨੂੰਨੀ ਸੀ। ਬਹੁਤ ਚਿਰ ਲਮਕਾਉਣ ਅਤੇ ਚਿੰਤਾ ਦੇ ਬਾਦ ਸਰਕਾਰੀ ਕਰਮਚਾਰੀਆਂ ਨੇ ਮੁਕੱਦਮਾ ਵਾਪਸ ਲੈ ਲਿਆ, ਅਤੇ ਹਿੰਦੀ ਇਸਤ੍ਰੀਆਂ ਅਤੇ ਬੱਚਿਆਂ ਨੂੰ ਰਹਿਮ ਦੇ ਆਧਾਰ ਉੱਤੇ ਕੈਨੇਡਾ ਵਿਚ ਰਹਿਣ ਦਿੱਤਾ*।

ਕੈਨੇਡਾ ਵਾਸੀ ਹਿੰਦੀਆਂ ਉੱਤੇ ਅਜਿਹੀਆਂ ਵਿਤਕਰੇ ਭਰੀਆਂ ਕਾਰਰਵਾਈਆਂ ਦਾ ਜੋ ਅਸਰ ਹੋਇਆ ਉਸਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ, ਖਾਸ ਕਰ ਜਦ ਕਿ ਚੀਨਿਆਂ ਅਤੇ ਜਪਾਨੀਆਂ ਦੇ ਪਰਵਾਰ ਸੁਖੱਲੀਆਂ ਸ਼ਰਤਾਂ ਪੂਰੀਆਂ ਕਰਕੇ ਆ ਸਕਦੇ ਸਨ। ਚੀਨਿਆਂ ਜਾਪਾਨੀਆਂ ਦੇ ਮੁਕਾਬਲੇ ਵਿਚ ਹਿੰਦੀਆਂ ਨਾਲ ਇਸ ਵਰਤਾਓ ਦਾ ਇਕ ਹੀ ਮਤਲਬ ਹੋ ਸਕਦਾ ਸੀ ਕਿ ਹਿੰਦੀਆਂ ਨੂੰ ਆਜ਼ਾਦ ਦੇਸਾਂ ਦੀ ਹਵਾ ਲਗਣ ਨਾਲ ਅੰਗਰੇਜ਼ੀ ਸ਼ਹਿਨਸ਼ਾਹੀਅਤ ਦੇ ਲਾਭਾਂ ਨੂੰ ਸਿੱਧੀ ਠੋਕਰ ਵਜਦੀ ਸੀ। ਪਿਛੇ ਵੇਖਿਆ ਜਾ ਚੁਕਾ ਹੈ ਕਿ ਜੈਨਰਲ ਸਵੈਮ ਨੇ ਇਸ ਸਚਾਈ ਨੂੰ ਸਪੱਸ਼ਟ ਲਫਜ਼ਾਂ ਵਿੱਚ ਮੰਨਿਆ। ਇਸਦੀ ਇਸਤੋਂ ਵੀ ਪੁਸ਼ਟੀ ਹੁੰਦੀ ਹੈ ਕਿ ਹਿੰਦੀਆਂ ਨੂੰ ਕੈਨੇਡਾ ਦੀ ਹੱਦ ਪਾਰ ਕਰਕੇ ਅਮਰੀਕਾ ਜਾਣੋਂ ਰੋਕਿਆ ਗਿਆ†। ਜੇਕਰ ਕੈਨੇਡੀਅਨ ਕਰਮ ਚਾਰੀਆਂ ਦੀ ਹਿੰਦੀਆਂ ਨੂੰ ਸਿਰਫ ਕੈਨੇਡਾ ਵਿੱਚੋਂ ਕਢਣ ਦੀ ਮਨਸ਼ਾ ਹੁੰਦੀ ਤਾਂ ਅਜਿਹਾ ਨਾ ਕੀਤਾ ਜਾਂਦਾ। ਜੈਨਰਲ ਸਵੈਮ ਨੇ ਹੀ ਆਪਣੀ ੧੪ ਦਸੰਬਰ ਵਾਲੀ ਅਖਬਾਰੀ ਮੁਲਾਕਾਤ (ਜਿਸ ਦਾ ਜ਼ਿਕਰ ਪਹਿਲਾਂ ਆ ਚੁਕਾ ਹੈ) ਵਿਚ ਮੰਨਿਆ ਕਿ ਹਿੰਦੀਆਂ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਕੈਨੇਡਾ ਆਉਣੋਂ ਰੋਕਣ ਦੀ ਪਾਲਸੀ ਦਾ ਮਤਲਬ ਸੀ ਕਿ "ਮਸਲਾ ਥੋੜੇ ਸਾਲਾਂ ਵਿਚ ਆਪਣੇ ਆਪ ਹੱਲ ਹੋ ਜਾਵੇਗਾ। ਇਨ੍ਹਾਂ ਹਿੰਦੀਆਂ ਵਿਚੋਂ ਕੋਈ ਵੀ ਇਥੇ ਸਦਾ ਵਸਣ ਲਈ ਨਹੀਂ ਆਇਆ। ਜਦੋਂ ਉਨ੍ਹਾਂ ਨੇ ਆਪਣੀਆਂ ਦੇਸ ਗਹਿਣੇ ਪਈਆਂ ਜ਼ਮੀਨਾਂ ਨੂੰ ਛੁਡਾਉਣ ਲਈ ਕੁਝ ਰਕਮ ਜਮਾਂ ਕਰ ਲਈ, ਓਹ ਆਪੇ ਵਾਪਸ ਚਲੇ ਜਾਣਗੇ। ਕਿਉਂਕਿ ਨਵੇਂ ਹੋਰ ਆਉਣ ਵਾਲਿਆਂ ਲਈ ਦਰਵਾਜ਼ੇ ਬੰਦ ਹਨ, ਇਸ ਲਈ ਬਗੈਰ ਕਿਸੇ ਬਖੇੜੇ ਦੇ ਹਾਲਾਤ ਟਿਕਾਣੇ ਆ ਜਾਣਗੇ"।

ਪਰ ਜਾਪਦਾ ਹੈ ਕਿ ਕੈਨੇਡਾ ਵਾਸੀ ਅਤੇ ਉਥੋਂ ਦੇ ਸਰਕਾਰੀ ਕਰਮਚਾਰੀ ਥੋੜੇ ਸਾਲਾਂ ਲਈ ਵੀ ਉਡੀਕਣ ਲਈ ਤਿਆਰ ਨਹੀਂ ਸਨ, ਕਿਉਂਕਿ ਉਨ੍ਹਾਂ ਕੈਨੇਡਾ ਆ ਚੁਕੇ ਹਿੰਦੀਆਂ ਨੂੰ ਉਥੋਂ ਕਢਣ ਲਈ ਜਲਦੀ ਜਲਦੀ ਕਦਮ ਚੁਕੇ। ਜਰਨੈਲ ਸਵੈਮ ਦੀ ਉਪਰੋਕਤ ਅਖਬਾਰੀ ਮੁਲਾਕਾਤ ਤੋਂ ਇਹ ਵੀ ਜਾਪਦਾ ਹੈ ਕਿ ਹਿੰਦੀਆਂ ਨੂੰ ਕੈਨੇਡਾ ਵਿਚੋਂ ਜ਼ਬਰਦਸਤੀ ਕਢਣ ਬਾਰੇ ਵੀ ਵੀਚਾਰ ਕੀਤੀ ਗਈ। "ਜਨਰਲ ਸਵੈਮ ਦੀ ਰਾਏ ਸੀ ਕਿ ਹਿੰਦ ਵਿਚ ਗਦਰ ਨਹੀਂ ਹੋਵੇਗਾ, ਭਾਵੇਂ ਉਸ ਮੰਨਿਆ ਕਿ ਹਾਲਾਤ ਨਾਜ਼ਕ ਹਨ। ਉਸ ਦਾ ਯਕੀਨ ਸੀ ਕਿ ਦੇਸੀ ਫੌਜ ਦੇ ਸਿਖ, ਜਿਨ੍ਹਾਂ ਦੀ ਗਿਣਤੀ ਪੰਜਾਹ ਹਜ਼ਾਰ ਤੋਂ ਵੱਧ ਸੀ, ਅਜੇ ਵੀ ਵਫਾਦਾਰ ਸਨ। ਪਰ ਉਸ ਨੇ ਨੇਟਾਲ (ਅਫਰੀਕਾ) ਸਰਕਾਰ ਦੇ ਉਸ ਕੰਮ ਦੀ ਨਿਖੇਧੀ ਕੀਤੀ ਜੋ ਉਸ ਨੇ ਉਨ੍ਹਾਂ ਹਿੰਦੀਆਂ ਨੂੰ ਕੈਦ ਕਰਨ ਵਿਚ ਕੀਤਾ ਜਿਨ੍ਹਾਂ ਰਜਿਸਟਰ ਹੋਣੋਂ ਨਾਂਹ ਕੀਤੀ। ਉਸ ਦਾ ਇਹ ਯਕੀਨ ਸੀ ਕਿ ਇਸ ਦਾ ਹਿੰਦ ਵਿਚ ਮਾੜਾ ਅਸਰ ਪਵੇਗਾ।

"ਉਸ ਨੇ ਦੱਸਿਆ ਕਿ ਹਿੰਦ ਦੇ ਚਾਲਾਕ ਐਜੀਟੇਟਰ ਕਾਰਟੂਨਾਂ ਅਤੇ ਹਿੰਦੂ ਸਿਖਾਂ ਬਰਖਲਾਫ ਵਿਰੋਧਤਾ ਦੀਆਂ ਹੋਰ ਨਿਸ਼ਾਨੀਆਂ ਨੂੰ ਵਰਤ ਕੇ ਇਸਤਰ੍ਹਾਂ ਹਿੰਦੀਆਂ ਅਗੇ ਪੇਸ਼ ਕਰਦੇ ਹਨ ਜਿਸ ਨਾਲ ਬੁਰੇ ਤੋਂ ਬੁਰਾ ਅਸਰ ਪਵੇ। ਜੇ ਸਿਖ ਆਪਣੀ ਵਫਾਦਾਰੀ ਤੋਂ ਹਿੱਲ ਜਾਣ, ਤਾਂ ਉਸ ਦੇ ਅੰਦਾਜ਼ੇ ਮੁਤਾਬਿਕ ਹਾਲਾਤ ਉਤੇ ਕਾਬੂ ਪਾਉਣ ਵਾਸਤੇ ਇਕ ਲੱਖ ਗੋਰੇ ਸਿਪਾਹੀਆਂ ਦੀ ਲੋੜ ਪਵੇਗੀ। ਕਿਉਂਕਿ ਬਹੁਤਾ ਤੋਪਖਾਨਾ ਗੋਰਿਆਂ ਦੇ ਹੱਥ ਹੈ ਇਸ ਲਈ ਉਸਦੇ ਖਿਆਲ ਵਿਚ ਅੰਤ ਵਿਚ ਦੇਸੀ ਗਲਬਾ ਨਹੀਂ ਪਾ ਸਕਣਗੇ; ਪਰ ਬਹੁਤ ਸਾਰੇ ਬਿਖਰੇ ਹੋਏ ਅਫਸਰਾਂ, ਉਨ੍ਹਾਂ ਦੀਆਂ ਪਤਨੀਆਂ ਅਤੇ ਪਰਵਾਰਾਂ ਦਾ ਕਤਲਆਮ ਹੋਣ ਦੀ ਸੰਭਾਵਨਾ ਹੈ"।

ਥੋੜੇ ਲਫਜ਼ਾਂ ਵਿਚ ਤੱਤ ਕਢਦਿਆਂ ਹੋਇਆਂ ਜੈਨਰਲ ਸਵੈਮ ਨੇ ਕਿਹਾ ਕਿ, "ਮੈਂ ਹਿੰਦੀਆਂ, ਭਾਵੇਂ ਉਹ ਕੰਗਾਲ ਹੋਣ ਜਾਂ ਨਾ, ਨੂੰ ਜ਼ਬਰਦਸਤੀ ਕਢੇ ਜਾਣ ਦੇ ਪੱਕੇ ਤੌਰ ਉੱਤੇ ਵਿਰੋਧੀ ਹਾਂ, ਕਿਉਂਕਿ ਇਸ ਨਾਲ ਹਿੰਦ ਵਿਚ ਹਾਲਾਤ ਵਿਗੜ ਜਾਣਗੇ", ਅਤੇ "ਕਿਉਂਕਿ ਹਿੰਦੀਆਂ ਨੂੰ ਜ਼ਬਰਦਸਤੀ ਕਢਣਾ ਭੈੜੀ ਪਾਲਸੀ ਹੈ, ਬਰਤਾਨਵੀਂ ਹੁੰਡਰਾਸ ਦੀ ਸਕੀਮ ਐਸੀ ਹੈ ਜਿਹੜੀ ਹਿੰਦੂ ਅਤੇ ਸਿਖਾਂ ਨੂੰ ਵੀ ਪਰਵਾਨ ਹੋਵੇਗੀ ਅਤੇ ਬਰਤਾਨਵੀ, ਕੈਨੇਡੀਅਨ ਅਤੇ ਬਰਤਾਨਵੀ ਹੁੰਡਰਸ ਦੀਆਂ ਸਰਕਾਰਾਂ ਨੂੰ ਵੀ ਤਸੱਲੀ ਬਖਸ਼ ਹੋਵੇਗੀ"।

ਬੇਰੋਜ਼ਗਾਰੇ ਜਾਂ ਕੰਗਾਲ ਹਿੰਦੀਆਂ ਨੂੰ ਲੈ ਜਾਣ ਦਾ ਇਕ ਬਹਾਨਾ ਸੀ, ਕਿਉਂਕਿ ਜੈਨਰਲ ਸਵੈਮ ਨੇ ਉਪ੍ਰੋਕਤ ਅਖਬਾਰੀ ਮੁਲਾਕਾਤ ਵਿਚ ਖੁਦ ਮੰਨਿਆ ਕਿ "ਬੇਰੋਜ਼ਗਾਰੇ ਬਹੁਤ ਥੋੜੇ ਹਨ ਅਤੇ ਕੰਗਾਲ ਇਸ ਤੋਂ ਵੀ ਘੱਟ"। ਹੁੰਡੋਰਾਸ ਸਕੀਮ ਸੰਨ ੧੯੦੮ ਵਿਚ ਤਿਆਰ ਕੀਤੀ ਗਈ*। ਇਹ ਕਿਸ ਨੇ ਤਿਆਰ

*Indians Abroad, pp. 657-658; Third Case, Judgement, p. 31.

†Indians Abroad, p. 650.

*Third Case, Judgement, p. 31.



Digitized by Panjab Digital Library | www.panjabdigilib.org

ਕੀਤੀ ਇਹ ਪਤਾ ਨਹੀਂ । ਪਰ ਇਸ ਦਾ ਮਕਸਦ ਸੀ ਕਿ ਸੱਪ ਵੀ ਮਰ ਜਾਏ ਅਤੇ ਡੰਡਾ ਵੀ ਬਚ ਰਹੇ । ਅਰਥਾਤ ਹਿੰਦੀ ਕੈਨੇਡਾ ਵਿਚੋਂ ਨਿਕਲ ਵੀ ਜਾਣ ਅਤੇ ਕੈਨੇਡਾ ਸਰਕਾਰ ਦੇ ਸਿਰ ਬਦਨਾਮੀ ਵੀ ਨਾ ਆਵੇ । ਉਟਾਵਾ ਸਰਕਾਰ ਦਾ ਇਕ ਅਫਸਰ ਮਿਸਟਰ ਹਾਰਕਿਨ (ਜਾਂ ਹਾਪਕਿਨਜ਼) ਵੈਨਕੋਵਰ ਆਇਆ ਅਤੇ ਉਸ ਨੇ ਹਿੰਦੀਆਂ ਨੂੰ ਪੇਸ਼ਕਸ਼ ਕੀਤੀ ਕਿ ਓਹ ਕੈਨੇਡਾ ਦੀ ਬਜਾਏ ਬਰਤਾਨਵੀ ਹੌਂਡੋਰਾਸ ਚਲੇ ਜਾਣ। ਉਸ ਨੇ ਹੌਂਡੋਰਾਸ ਬਾਰੇ ਹਿੰਦੀਆਂ ਨੂੰ ਬੜੇ ਸਬਜ਼ ਬਾਗ਼ ਵਖਾਏ*। ਹਿੰਦੀਆਂ ਦੀ ਇਕ ਮੀਟਿੰਗ ਸੱਦੀ ਗਈ, ਜਿਸ ਵਿਚ ਉਟਾਵਾ ਦਾ ਕਮਿਸ਼ਨਰ ਵੀ ਹਾਜ਼ਰ ਸੀ । ਕਮਿਸ਼ਨਰ ਨੇ ਆਖਿਆ ਕਿ ਸਰਕਾਰ ਦੀ ਮਨਸ਼ਾ ਉਨ੍ਹਾਂ ਹਿੰਦੀਆਂ ਨੂੰ ਹੌਂਡੋਰਾਸ ਭੇਜਣ ਦੀ ਹੈ ਜਿਨ੍ਹਾਂ ਨੂੰ ਕੈਨੇਡਾ ਵਿਚ ਕੰਮ ਨਹੀਂ ਮਿਲਦਾ । ਹਿੰਦੀ ਇਹ ਮਹਿਸੂਸ ਨਹੀਂ ਸਨ ਕਰਦੇ ਕਿ ਉਨ੍ਹਾਂ ਨੂੰ ਕੰਮ ਨਹੀਂ ਮਿਲਦਾ, ਪਰ ਉਨ੍ਹਾਂ ਜਵਾਬ ਦਿਤਾ ਕਿ ਪੱਕੀ ਸਲਾਹ ਹੌਂਡੋਰਾਸ ਵੇਖਕੇ ਦੱਸੀ ਜਾ ਸਕੇਗੀ। ਇਸ ਵਾਸਤੇ ਇੰਸਪੈਕਟਰ ਹਾਪਕਿਨਜ਼, ਕਮੀਸ਼ਨਰ ਅਤੇ ਹਿੰਦੀਆਂ ਦੇ ਪ੍ਰਤਿਨਿਧ ਸ੍ਰੀ ਸ਼ਾਮ ਸਿੰਘ ਅਤੇ ਸ੍ਰੀ ਨਾਗਰ ਸਿੰਘ ੧੫ ਅਕਤੂਬਰ ਸੰਨ ੧੯੦੮ ਨੂੰ ਹੌਂਡੋਰਾਸ ਗਏ† ।

ਮੱਧ ਅਮਰੀਕਨ ਦੀਪ ਦੀ ਇਸ ਬਸਤੀ ਹੌਂਡੋਰਾਸ ਵਿਚ ਹਿੰਦੀਆਂ ਦੇ ਪ੍ਰਤਿਨਿਧਾਂ ਨੇ ਉਨ੍ਹਾਂ ਤੀਹ ਹਿੰਦੀਆਂ ਨੂੰ ਵੇਖਿਆ ਜੋ ਹਿੰਦੀ ਮਜ਼ਦੂਰਾਂ ਦੇ ਉਸ ਟੋਲੇ ਵਿਚੋਂ ਬਚੇ ਸਨ ਜੋ ਵੀਹ ਸਾਲ ਪਹਿਲੋਂ ਇਕਰਾਰ ਨਾਮੇ ਦੇ ਪਾਬੰਧ ਹੋ ਕੇ ਉਥੇ ਮਜ਼ਦੂਰੀ ਕਰਨ ਆਏ ਸਨ । ਇਨ੍ਹਾਂ ਮਜ਼ਦੂਰਾਂ ਵੇਖਿਆ ਕਿ ਹੌਂਡੋਰਾਸ ਦੇ ਹਾਲਾਤ ਉਨ੍ਹਾਂ ਨਾਲੋਂ ਬਿਲਕੁਲ ਵਖਰੇ ਸਨ ਜੋ ਉਨ੍ਹਾਂ ਨੂੰ ਦੱਸੇ ਗਏ ਸਨ ਅਤੇ ਉਨ੍ਹਾਂ ਵਿਚੋਂ ਹਰ ਇਕ ਵਾਪਸ ਹਿੰਦ ਜਾਣ ਲਈ ਉਤਾਵਲਾ ਸੀ* । ਹੌਂਡੋਰਾਸ ਜਾਣ ਵਾਲੇ ਹਿੰਦੀਆਂ ਨੂੰ ਅੱਠ ਡਾਲਰ ਮਹੀਨਾ ਅਤੇ ੨ ਸੇਰ ਆਟਾ, ੨ ਸੇਰ ਚਾਵਲ, ਅੱਧ ਸੇਰ ਖੰਡ, ੧ ਸੇਰ ਦਾਲ, ਅਧ ਸੇਰ ਬਨਾਸਪਤੀ ਘਿਉ, ਸਾਢੇ ਤਿੰਨ ਛਟਾਂਕ ਲੂਣ ਅਤੇ ਢਾਈ ਛਟਾਂਕ ਮਸਾਲਾ ਫੀ ਹਫਤੇ ਦਾ ਰਾਸ਼ਨ ਪੇਸ਼ ਕੀਤਾ ਗਿਆ† । ਕੈਨੇਡਾ ਵਿਚ ਹਿੰਦੀ ਚਾਲੀ ਤੋਂ ਸੱਠ ਡਾਲਰ ਮਹੀਨਾ ਕਮਾਉਂਦੇ ਸਨ । ਸਾਰੀ ਸਕੀਮ ਦਾ ਭਾਵ ਕੈਨੇਡਾ ਦੇ ਆਜ਼ਾਦ ਹਿੰਦੀਆਂ ਨੂੰ (Identured) ਮਿਆਦੀ ਇਕਰਾਰਨਾਮਿਆਂ ਦੇ ਪਾਬੰਧ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਪੱਧਰ ਉੱਤੇ ਲੈ ਆਉਣ ਦਾ ਸੀ‡ ।

ਹਿੰਦੀ ਪ੍ਰਤਿਨਿਧ ਹੌਂਡੋਰਾਸ ਦੇ ਹਾਲਾਤ ਨੂੰ ਇਕਦੱਮ ਤਾੜ ਗਏ ਅਤੇ ਉਨ੍ਹਾਂ ਦੇ ਨਾਲ ਗਏ ਕੈਨੇਡੀਅਨ ਅਫਸਰਾਂ ਨੂੰ ਵੀ ਇਸ ਗੱਲ ਦਾ ਪਤਾ ਲੱਗ ਗਿਆ । ਹਿੰਦੀ ਪ੍ਰਤਿਨਿਧਾਂ ਦੇ ਵਾਪਸ ਆਉਣ ਉੱਤੇ ਇਕ ਮੀਟਿੰਗ ਕੀਤੀ ਗਈ, ਜਿਸ ਵਿਚ ੧੫੦੦ ਦੇ ਕਰੀਬ ਹਿੰਦੀ, ਮਿਸਟਰ ਹਾਪਕਿਨਜ਼, ਓਟਾਵਾ ਦਾ ਕਮਿਸ਼ਨਰ, ਬੰਦਰਗਾਹ ਦਾ ਹੈਲਥ ਅਫਸਰ ਡਾਕਟਰ ਮੁਨਰੋ, ਇਕ ਮਿਸ਼ਨਰੀ, ਇਕ ਪਲੀਡਰ ਅਤੇ ਇਕ ਅਖਬਾਰ ਦਾ ਪ੍ਰਤਿਨਿਧ ਸ਼ਾਮਲ ਸਨ। ਹਿੰਦੀ ਪ੍ਰਤਿਨਿਧਾਂ ਨੇ ਹੌਂਡੋਰਾਸ ਦੇ ਹਾਲਾਤ ਦਾ ਵੇਰਵਾ ਦੱਸਦਿਆਂ ਹੋਇਆਂ ਇਹ ਵੀ ਆਖਿਆ ਕਿ ਉੱਥੇ ਮਲੇਰੀਆ ਅਤੇ ਪੀਲਾ ਬਖਾਰ (Yellow fever) ਆਮ ਹੈ ਅਤੇ ਜੇ ਬਾਰਸ਼ਾਂ ਨਾ ਹੋਣ ਤਾਂ ਪਾਣੀ ਮੁਲ ਵਿਕਦਾ ਹੈ । ਹੌਂਡੋਰਾਸ ਵਿਚ ਮਜ਼ਦੂਰੀ ਅਠ

*Indians Abroad, p. 650.
†Third Case, Evidence p. 231.

*Modern Review, August, 1909 p. 103.
†Modern Review, August, 1913, p. 142.
‡Third Case, Judgement, p 31.

ਤੋਂ ਬਾਰਾਂ ਡਾਲਰ ਹੈ* । ਹਿੰਦੀ ਪ੍ਰਤਿਨਿਧਾਂ ਨੇ ਗਲ ਬਾਤ ਵਿਚ ਇਹ ਭੇਦ ਵੀ ਪ੍ਰਗਟ ਕੀਤਾ ਕਿ ਉਨ੍ਹਾਂ ਨੂੰ ਵੱਢੀ ਦੀ ਇਕ ਭਾਰੀ ਰਕਮ ਇਸ ਵਾਸਤੇ ਪੇਸ਼ ਕੀਤੀ ਗਈ ਕਿ ਉਹ ਹੌਂਡੋਰਾਸ ਦੇ ਹੱਕ ਵਿਚ ਰੀਪੋਰਟ ਕਰਨ, ਪਰ ਉਨ੍ਹਾਂ ਨੇ ਇਸ ਕਮੀਨੀ ਪੇਸ਼ਕਸ਼ ਨੂੰ ਠੁਕਰਾ ਦਿਤਾ† । ਹਿੰਦੀ ਪ੍ਰਤਿਨਿਧਾਂ ਦੀ ਰੀਪੋਰਟ ਸੁਣਕੇ ਹਿੰਦੀਆਂ ਨੇ ਇਕ ਰਾਏ ਹੋਕੇ ਹੌਂਡੋਰਾਸ ਦੀ ਸਕੀਮ ਨੂੰ ਠੁਕਰਾ ਦਿਤਾ, ਕਿਉਂਕਿ ਓਹ ਕੈਨੇਡਾ ਵਿਚ ਚਾਲੀ ਡਾਲਰ ਮਹੀਨਾ ਕਮਾ ਸਕਦੇ ਸਨ ਅਤੇ ਵਾਹੀ ਲਈ ਹਰ ਇਕ ਨੂੰ ਕੈਨੇਡਾ ਸਰਕਾਰ ਕੋਲੋਂ ੧੬੦ ਏਕੜ ਜ਼ਮੀਨ ਮੁਫਤ ਮਿਲ ਸਕਦੀ ਸੀ‡ ।

ਹਿੰਦੀਆਂ ਨੂੰ ਹੌਂਡੋਰਾਸ ਲੈ ਜਾਣ ਲਈ ਇਕਰਾਰ ਨਾਮਿਆਂ ਦੇ ਫਾਰਮ ਛੱਪਕੇ ਤਿਆਰ ਸਨ, ਅਤੇ ਹਰ ਇਕ ਹੋਰ ਤਿਆਰੀ ਬਾਕਾਇਦਾ ਤੌਰ ਉਤੇ ਮੁਕੰਮਲ ਕੀਤੀ ਜਾ ਚੁਕੀ ਸੀ§ । ਉਸ ਵੇਲੇ ਕੈਨੇਡਾ ਵਿਚ ਰਹਿਣ ਵਾਲੇ ਕਈ ਹਿੰਦੀਆਂ ਦਾ ਬਿਆਨ ਹੈ ਕਿ ਹੌਂਡੋਰਾਸ ਸਕੀਮ ਦੇ ਠੁਕਰਾਏ ਜਾਣ ਉੱਤੇ ਕੈਨੇਡਾ ਦੇ ਕਈ ਸਰਕਾਰੀ ਅਫਸਰਾਂ ਵਲੋਂ ਹਿੰਦੀਆਂ ਨੂੰ ਜ਼ਬਰਦਸਤੀ ਭੇਜਣ ਵਾਸਤੇ ਦਬਾ ਪਾਇਆ ਗਿਆ‖ । ਹਿੰਦੀਆਂ ਨੂੰ ਇਕ ਨੀਯਤ ਤਰੀਕੇ ਉੱਤੇ ਜਾਣ ਲਈ ਤਿਆਰ ਹੋਕੇ ਘਾਟ ਉੱਤੇ ਆ ਜਾਣ ਦਾ ਹੁਕਮ ਦਿੱਤਾ ਗਿਆ । ਪਰ ਘਾਟ ਉੱਤੇ ਜਾਣ ਦੀ ਬਜਾਏ ਹਿੰਦੀਆਂ ਨੇ ਅਸਲਾ ਖ਼ੀਦ ਲਿਆ ਅਤੇ ਮਰਨ ਮਾਰਨ ਲਈ ਤਿਆਰ ਹੋਕੇ ਸਿਰਾਂ ਉੱਤੇ ਖੱਫਣ ਬੰਨ੍ਹ ਕੇ ਗੁਰਦਵਾਰੇ ਆ ਇਕੱਠੇ ਹੋਏ । ਹਿੰਦੀਆਂ ਦਾ ਦ੍ਰਿੜ੍ਹ ਇਰਾਦਾ ਵੇਖਕੇ ਅਫਸਰ ਢਿਲੇ ਹੋ ਗਏ । ਇਹ ਕਾਰਨ ਵੀ ਹੋਵੇਗਾ ਕਿ ਇਹ ਸਾਰਾ ਦਬਾਉ ਬੇਨਿਯਮਕ ਸੀ। ਹਿੰਦੀਆਂ ਦੀ ਇਸ ਉਪ੍ਰੋਕਤ ਵਾਰਤਾ ਦੀ ਕਿਸੇ ਲਿਖਤ ਤੋਂ ਪੁਸ਼ਟੀ ਨਹੀਂ ਹੁੰਦੀ, ਪਰ ਇਹ ਗੱਲ ਅਨਹੋਣੀ ਨਹੀਂ; ਕਿਉਂਕਿ ਕੈਨੇਡਾ ਦੇ ਕਰਮਚਾਰੀ ਇਸ ਗੱਲ ਉੱਤੇ ਤੁਲੇ ਹੋਏ ਸਨ ਕਿ ਅਖੀਰਲਾ ਹਿੰਦੀ ਕੈਨੇਡਾ ਵਿਚੋਂ ਚਲਾ ਜਾਏ*, ਅਤੇ ਅੱਗੇ ਵੇਖਿਆ ਜਾ ਚੁਕਾ ਹੈ ਕਿ ਵੈਨਕੋਵਰ ਦੇ ਮੇਅਰ ਨੇ ਕਿਸਤਰ੍ਹਾਂ ਬੇਕਾਨੂੰਨਾ ਹੁਕਮ ਜਾਰੀ ਕਰਕੇ ਤਿੰਨ ਚਾਰ ਦਿਨ ਹਿੰਦੀਆਂ ਨੂੰ ਜਹਾਜ਼ੋਂ ਉਤਰਨੋਂ ਰੋਕੀ ਰਖਿਆ । ਇਸ ਵਿਚ ਤਾਂ ਸ਼ੱਕ ਹੀ ਨਹੀਂ ਕਿ ਕੈਨੇਡਾ ਵਾਸੀ ਹੌਂਡੋਰਾਸ ਸਕੀਮ ਠੁਕਰਾਏ ਜਾਣ ਉਤੇ ਬਹੁਤ ਔਖੇ ਹੋਏ । ਪ੍ਰੋਫੈਸਰ ਤੇਜਾ ਸਿੰਘ ਨੇ ਇਸ ਸਕੀਮ ਦੀ ਡੱਟਕੇ ਵਿਰੋਧਤਾ ਕੀਤੀ, ਜਿਸ ਖਾਤਰ ਕੈਨੇਡਾ ਦੀਆਂ ਅਖਬਾਰਾਂ ਨੇ ਉਨ੍ਹਾਂ ਨੂੰ ਸਾਜ਼ਸ਼ੀ ਆਖਿਆ† ।

ਇਸ ਤਰ੍ਹਾਂ ਕੈਨੇਡਾ ਸਰਕਾਰ ਦੀਆਂ ਹਿੰਦੀਆਂ ਨੂੰ ਕੈਨੇਡਾ ਆਉਣੋਂ ਰੋਕਣ ਦੀਆਂ ਕਾਰਰਵਾਈਆਂ, ਅਤੇ ਕੈਨੇਡਾ ਦੇ ਅਫਸਰਾਂ ਅਤੇ ਕਰਮਚਾਰੀਆਂ ਦੀਆਂ ਉਨ੍ਹਾਂ ਨੂੰ ਓਥੋਂ ਕਢਣ ਦੀਆਂ ਚਾਲਾਂ ਅਤੇ ਦਬਾਉ, ਨੇ ਹਿੰਦੀਆਂ ਨੂੰ ਜਥੇਬੰਦ ਹੋਣ ਵਾਸਤੇ ਮਜਬੂਰ ਕਰ ਦਿੱਤਾ। ਵੈਨਕੋਵਰ ਦਾ ਗੁਰਦੁਆਰਾ, ਜਿਸ ਦੀ ਕਮੇਟੀ ਦੇ ਸ੍ਰੀ ਭਾਗ ਸਿੰਘ, ਪ੍ਰਧਾਨ, ਅਤੇ ਸ੍ਰੀ ਬਲਵੰਤ ਸਿੰਘ, ਗਰੰਥੀ, ਸਨ, ਹਿੰਦੀਆਂ ਦੀ ਮੁਕਾਬਲੇ ਦੀ ਲਹਿਰ (Resistance Movement) ਦਾ ਕੇਂਦਰ ਬਣ ਗਿਆ । ਮੁਕਾਬਲੇ ਦੀ ਲਹਿਰ ਨੂੰ ਜ਼ੋਰ-ਵਿਰਕੂ ਰੱਖਣ ਅਤੇ ਚਲਾਉਣ ਵਾਸਤੇ "ਯੂਨਾਈਟਡ ਇੰਡੀਅਨ ਲੀਗ' ਬਣਾਈ ਗਈ, ਜਿਸ ਵਿਚ ਬਿਨਾਂ ਮਜ਼ਹਬ ਦੇ

*Third Case, Evidence, p. 231.
†Modern Review, August, 1909, p. 103.
‡Third Case, Evidence, p. 231.
§Indians Abroad, p. 650.
‖Third Case, Judgement, p. 31.

*Indians Abroad, p. 662.
†Modern Review, August, 1909, p. 106



Digitized by Panjab Digital Library | www.panjabdigilib.org

ਲਿਹਾਜ਼ ਦੇ ਹਿੰਦੀ ਸ਼ਾਮਲ ਹੋਏ । ਪਰ ਇਸ ਦਾ ਕੇਂਦਰ ਵੀ ਵੈਨਕੋਵਰ ਗੁਰਦਵਾਰਾ ਸੀ* । ਮਿਸਟਰ ਰਹੀਮ, ਜੋ ਉਪ੍ਰੋਕਤ ਲੀਗ ਦੇ 'ਹਿੰਦੁਸਤਾਨੀ' ਨਾਮੀਂ ਅਖਬਾਰ ਦੇ ਐਡੀਟਰ ਸਨ†, ਨੇ ਇਸ ਸੁਸਾਇਟੀ ਦੇ ਮਕਸਦਾਂ ਨੂੰ ਪ੍ਰਚਾਰਨ ਵਿਚ ਵੱਧ ਚੜ੍ਹਕੇ ਹਿੱਸਾ ਲਿਆ । ਜੂਨ ਸੰਨ ੧੯੧੩ ਵਿਚ ਇਕ ਹੋਰ ਅਖਬਾਰ 'ਸੰਸਾਰ' ਨਾਮੀਂ ਜਾਰੀ ਕੀਤਾ ਗਿਆ ਜਿਸ ਦੇ ਡਾਕਟਰ ਸੁੰਦਰ ਸਿੰਘ ਐਡੀਟਰ ਸਨ । 'ਸੰਸਾਰ' ਅਖਬਾਰ ਦੀ ਮਦਦ ਜਾਂ ਇਸ ਵਿਚ ਕੰਮ ਇਕ ਨਿਸ਼ਕਾਮ ਸੇਵਕਾਂ ਦਾ ਜੁਟ [ਸ੍ਰੀ ਬਤਨ ਸਿੰਘ (ਕਾਹਰੀ, ਹੁਸ਼ਿਆਰਪੁਰ), ਸ੍ਰੀ ਦਲੀਪ ਸਿੰਘ (ਬਹੂਵਾਲ, ਹੁਸ਼ਿਆਰ ਪੁਰ), ਸ੍ਰੀ ਬਿਸ਼ਨ ਸਿੰਘ (ਮਰਹਾਨਾ, ਅੰਮ੍ਰਿਤਸਰ), ਸ੍ਰੀ ਦਯਾਲ ਸਿੰਘ (ਮਾਲੂਵਾਲ, ਅੰਮ੍ਰਿਤਸਰ), ਸ੍ਰੀ ਜੀਤ ਸਿੰਘ (ਬਹੂਵਾਲ, ਹੁਸ਼ਿਆਰਪੁਰ), ਸ੍ਰੀ ਕਰਤਾਰ ਸਿੰਘ (ਚੰਦਨਕੇ, ਫੀਰੋਜ਼ਪੁਰ) ਅਤੇ ਸ੍ਰੀ ਪਿਆਰਾ ਸਿੰਘ (ਲੰਗੇਰੀ, ਹੁਸ਼ਿਆਰਪੁਰ)]‡ ਉਸੇ ਸਪਿਰਟ ਨਾਲ ਕਰਦਾ ਸੀ ਜਿਸ ਨਾਲ ਪਿਛੋਂ ਅਮਰੀਕਾ ਵਿਚ ਜਾਰੀ ਹੋਏ 'ਗਦਰ' ਅਖਬਾਰ ਵਿਚ ਹਿੱਸਾ ਲੈਣ ਵਾਲਿਆਂ ਨੇ ਕੰਮ ਕੀਤਾ ।

ਆਜ਼ਾਦ ਮੁਲਕ ਦੀ ਹਵਾ ਨੇ ਕੈਨੇਡਾ ਦੇ ਹਿੰਦੀ ਕਾਮਿਆਂ ਵਿਚ ਰਾਜਸੀ ਜਾਗਰਤੀ ਪੈਦਾ ਕਰ ਦਿੱਤੀ ਸੀ, ਅਤੇ ਉਨ੍ਹਾਂ ਵਿਚ ਆਪਣੀ ਗੁਲ਼ਾਮੀ ਵਿਰੁਧ ਅਤੇ ਇਸ ਕਰਕੇ ਅੰਗਰੇਜ਼ਾਂ ਵਿਰੁਧ ਜਜ਼ਬਾ ਪੈਦਾ ਹੋਣਾ ਲਾਜ਼ਮੀ ਸੀ । ਕੈਨੇਡਾ ਸਰਕਾਰ ਅਤੇ ਇਸਦੇ ਕਰਮਚਾਰੀਆਂ ਵਲੋਂ ਹਿੰਦੀਆਂ ਨੂੰ ਕੈਨੇਡਾ ਵਿਚੋਂ ਕਢਣ ਦੀਆਂ ਕੁਚਾਲਾਂ ਅਤੇ ਦਬਾਉ ਨੇ ਉਨ੍ਹਾਂ ਵਿਰ ਅੰਗਰੇਜ਼ ਵਿਰੋਧੀ ਜਜ਼ਬੇ ਨੂੰ ਹੋਰ ਵੀ ਤਿੱਖਿਆਂ ਕਰ ਦਿੱਤਾ । ਪਰ ਹਿੰਦੀਆਂ ਦੀ ਕੈਨੇਡਾ ਵਿਚ ਲਹਿਰ ਅਜੇ ਵੀ ਨਿਯਮ ਪੂਰਬਕ ਸੀ । ਅਜਿਹਾ ਹੋਣਾ ਕੁਝ ਇਸ ਕਰਕੇ ਸੀ ਕਿ ਰਾਜਸੀ ਜਾਗਰਤੀ ਨਵੀਂ ਨਵੀਂ ਹੋਣ ਕਰਕੇ ਹਿੰਦੀ ਸ਼ਹਨਿਸ਼ਾਹੀਅਤ ਦੇ ਅਸਲੇ ਨੂੰ ਅਜੇ ਪੂਰਾ ਸਮਝੇ ਨਹੀਂ ਸਨ ਅਤੇ ਅੰਗਰੇਜ਼ਾਂ ਦੇ ਇਨਸਾਫ ਦੇ ਦਾਅਵਿਆਂ ਦਾ ਪਾਜ ਅਜੇ ਉਨ੍ਹਾਂ ਲਈ ਉਘੜਿਆ ਨਹੀਂ ਸੀ । ਕੁਝ ਵਜਾਹ ਹਾਲਾਤ ਦੀ ਮਜਬੂਰੀ ਸੀ । ਹਿੰਦੀ ਥੋੜੇ ਸਨ ਅਤੇ ਕੈਨੇਡੀਅਨ ਸਰਕਾਰ ਦੀ ਤਾਕਤ ਅਤੇ ਕੈਨੇਡੀਅਨ ਪਬਲਕ ਦੀ ਮੁਖਲਾਫਤ ਦਾ ਨੰਗੇ ਧੜ ਮੁਕਾਬਲਾ ਕਰਨ ਦਾ ਉਨ੍ਹਾਂ ਨੂੰ ਰਸਤਾ ਨਹੀਂ ਸੀ ਦਿਸਦਾ । ਇਸ ਵਾਸਤੇ ਉਨ੍ਹਾਂ ਨੇ ਕੈਨੇਡਾ, ਬਰਤਾਨੀਆ ਅਤੇ ਹਿੰਦ ਸਰਕਾਰਾਂ ਪਾਸ ਡੈਪੂਟੇਸ਼ਨ ਭੇਜ ਕੇ ਆਪਣੇ ਦੁਖੜੇ ਨਿਵਿਰਤ ਕਰਨ ਦਾ ਰਾਹ ਚੁਣਿਆ ।

ਕੈਨੇਡਾ ਵਿਚ ਹਿੰਦੀ ਆਬਾਦਕਾਰਾਂ ਦਾ ਸਵਾਲ ਸੰਨ ੧੯੨੧ ਵਿਚ ਲੰਡਨ ਵਿਚ ਹੋਈ ਇੰਪੀਰੀਅਲ ਕਾਨਫ੍ਰੰਸ ਵਿਚ ਵੀਚਾਰਿਆ ਗਿਆ । ਇਸੇ ਸਮੇਂ ਦੇ ਕਰੀਬ ਹਿੰਦੀਆਂ ਨੇ ਕੈਨੇਡਾ ਦੇ ਗਵਰਨਰ ਜਨਰਲ ਪਾਸ ਆਪਣੇ ਪਰਵਾਰਾਂ ਨੂੰ ਕੈਨੇਡਾ ਆਉਣ ਦੀ ਇਜਾਜ਼ਤ ਦੇਣ ਲਈ ਅਪੀਲ ਕੀਤੀ । ਉਸ ਬੰਨਿਓਂ ਨਿਰਾਸ ਹੋ ਕੇ ਹਿੰਦੀਆਂ ਨੇ ਬਰਿਟਸ਼ ਕੋਲੰਬੀਆ ਦੇ ਅਫਸਰਾਂ ਪਾਸ ਦਰਖਾਸਤ ਕੀਤੀ, ਪਰ ਉਨ੍ਹਾਂ ਨੇ ਜਵਾਬ ਦਿੱਤਾ ਕਿ ਇਹ ਮੁਆਮਲਾ ਕੈਨੇਡਾ ਦੀ ਕੇਂਦਰੀ ਸਰਕਾਰ ਦੇ ਵੱਸ ਦਾ ਹੈ । ਫਿਰ ਹਿੰਦੀਆਂ ਨੇ ਕੈਨੇਡਾ ਦੀ ਪਾਰਲੀਮੈਂਟ ਪਾਸ ਅਪੀਲ ਕੀਤੀ, ਪਰ ਇਧਰ ਵੀ ਕੋਈ ਆਸ ਨਾ ਵੇਖਕੇ, ਉਨ੍ਹਾਂ ਪ੍ਰੋਫੈਸਰ ਤੇਜਾ ਸਿੰਘ ਐਮ. ਏ. (ਹਾਰਵਰਡ), ਐਮ. ਏ. ਐਲ. ਐਲ. ਬੀ., ਰੇਵਰੈਂਡ ਐਲ. ਡਬਲਯੂ. ਹਾਲ, ਪਾਦਰੀ, ਡਾਕਟਰ ਸੁੰਦਰ ਸਿੰਘ ਐਮ. ਡੀ., ਅਤੇ ਸ੍ਰੀ ਰਾਜਾ ਸਿੰਘ ਨੂੰ ਓਟਾਵਾ ਸਰਕਾਰ ਪਾਸ ਡੈਪੂਟੇਸ਼ਨ ਦੇ ਤੌਰ ਉਤੇ ਭੇਜਿਆ । ਡੈਪੂਟੇਸ਼ਨ ਨੇ 'ਯੂਨਾਈਟਡ ਇੰਡੀਆ ਲੀਗ' ਅਤੇ 'ਖਾਲਸਾ ਦੀਵਾਨ ਸੁਸਾਇਟੀ, ਵੈਨਕੋਵਰ' ਵਲੋਂ ੨੯ ਨਵੰਬਰ ੧੯੧੧ ਨੂੰ ਓਟਾਵਾ ਸਰਕਾਰ ਦੇ ਘਰੇਲੂ ਵਿਭਾਗ ਦੇ ਵਜ਼ੀਰ ਮਿਸਟਰ ਰੌਗਰਜ਼ ਪਾਸ ਆਪਣਾ ਮੈਜਰਨਾਮਾ ਪੜ੍ਹਿਆ ਜਿਸ ਦੇ ਵਡੇ ੨ ਨੁਕਤੇ ਇਹ ਸਨ:—

ਕੈਨੇਡਾ ਦੇ ਹਿੰਦੀਆਂ ਵਿਚ ਨੱਵੇ ਫੀ ਸਦੀ ਤੋਂ ਵਧ ਸਿਖ ਹਨ ਜਿਨ੍ਹਾਂ ਅੰਗਰੇਜ਼ੀ ਸਲਤਨਤ ਦੀ ਬੜੀ ਖਿਦਮਤ ਕੀਤੀ ਹੈ ।

ਸਭ ਤੋਂ ਵੱਧ ਤੰਗ ਕਰਨ ਵਾਲੀ ਨਿਯਮਕ ਰੋਕ, ਜਿਸ ਨੂੰ ਇਕ ਦੱਮ ਹਟਾਇਆ ਜਾਣਾ ਚਾਹੀਦਾ ਹੈ, ਉਹ ਹੈ ਜਿਸ ਰਾਹੀਂ ਕੈਨੇਡਾ ਵਿਚ ਵੱਸਦੇ ਹਿੰਦੀਆਂ ਦੀਆਂ ਪਤਨੀਆਂ ਅਤੇ ਬਾਲ ਬਚਿਆਂ ਨੂੰ ਕੈਨੇਡਾ ਨਹੀਂ ਆਉਣ ਦਿੱਤਾ ਜਾਂਦਾ ।

ਦੂਸਰਾ ਨਿਯਮ, ਜਿਸ ਨੂੰ ਬਦਲਿਆ ਜਾਂ ਹਟਾਇਆ ਜਾਣਾ ਚਾਹੀਦਾ ਹੈ, ਕੈਨੇਡਾ ਵਿਚ ਨਿਰੰਤਰ ਸਫਰ ਰਾਹੀਂ ਪੁਜਣ ਦਾ ਹੈ ।

ਕੈਨੇਡਾ ਵਿਚ ਰਹਿਣ ਵਾਲੇ ਹਿੰਦੀ ਚੰਗੇ ਸ਼ਹਿਰੀ ਅਤੇ ਕਿਰਤੀ ਸਾਬਤ ਹੋਏ ਹਨ । ਜਿਤਨੇ ਅਰਸੇ ਤੋਂ ਉਹ ਇਥੇ ਆਕੇ ਵੱਸੇ ਹਨ, ਉਸ ਨੂੰ ਖਿਆਲ ਰਖਕੇ ਜੇ ਉਨ੍ਹਾਂ ਦਾ ਕੈਨੇਡਾ ਵਿਚ ਕਿਸੇ ਵੀ ਹੋਰ ਕੌਮ ਦੇ ਆਬਾਦਕਾਰਾਂ ਨਾਲ ਮੁਕਾਬਲਾ ਕੀਤਾ ਜਾਏ, ਤਾਂ ਉਨ੍ਹਾਂ ਪਾਸ ਕੋਲੰਬੀਆ ਦੇ ਵਡੇ ਵਡੇ ਕੇਂਦਰਾਂ ਵਿਚ ਸਭ ਤੋਂ ਜ਼ਿਆਦਾ ਜ਼ਮੀਨ, ਘਰ, ਕੰਪਨੀਆਂ ਦੇ ਹਿੱਸੇ (Stocks) ਅਤੇ ਬੈਂਕਾਂ ਵਿਚ ਨਕਦ ਰੁਪੈਆ ਹੈ; ਅਤੇ ਜਿਸਤਰ੍ਹਾਂ ਓਹ ਕਾਨੂੰਨ ਦੇ ਹੁਣ ਪਾਬੰਧ ਹਨ, ਇਸ ਬਾਰੇ ਕਿਸੇ ਨੇ ਕਿੰਤੂ ਨਹੀਂ ਕੀਤਾ ।

ਅਸੀਂ ਸਰਕਾਰ ਨਾਲ ਪੂਰਾ ਮਿਲਵਰਤਣ ਕਰਨ ਨੂੰ ਤਿਆਰ ਹਾਂ ਕਿ ਭੈੜੇ ਆਦਮੀਆਂ ਨਾਲ ਕਿਵੇਂ ਨਜਿਠਿਆ ਜਾਵੇ ਅਤੇ ਅਸੀਂ ਜ਼ਮਾਨਤ ਦੇਣ ਨੂੰ ਤਿਆਰ ਹਾਂ ਕਿ ਕੋਈ ਵੀ ਹਿੰਦੀ ਪਬਲਕ ਫੰਡ ਦੀ ਸਹਾਇਤਾ ਦਾ ਮੁਥਾਜ ਨਹੀਂ ਹੋਵੇਗਾ ।

ਅਸੀਂ ਮੰਗ ਕਰਦੇ ਹਾਂ ਕਿ ਕੈਨੇਡਾ ਆਉਣ ਵਾਲੇ ਹਿੰਦੀਆਂ ਤੋਂ ਜੋ ਜੀਅ-ਪ੍ਰਤਿ ਦੋ ਸੌ ਡਾਲਰ ਵਿਖਾਉਣ ਦੀ ਮੰਗ ਹੈ, ਇਸ ਨੂੰ ਘਟਾਕੇ ਦੂਸਰੀਆਂ ਕੌਮਾਂ ਦੇ ਬਰਾਬਰ ਕੀਤਾ ਜਾਏ ।

ਅਸੀਂ ਇਹ ਵੀ ਬੇਨਤੀ ਕਰਦੇ ਹਾਂ ਕਿ ਕੈਨੇਡਾ ਆਉਣ ਵਾਲੇ ਵਿਦਿਆਰਥੀਆਂ, ਵਪਾਰੀਆਂ ਅਤੇ ਸੈਲਾਨੀਆਂ ਉੱਤੋਂ ਰੋਕਾਂ ਹਟਾ ਕੇ ਉਨ੍ਹਾਂ ਨਾਲ ਉਸੇ ਤਰਾਂ ਵਰਤਾਉ ਕੀਤਾ ਜਾਏ ਜਿਸ ਤਰ੍ਹਾਂ ਹੋਰ ਕੌਮਾਂ ਦੀਆਂ ਇਨ੍ਹਾਂ ਸ਼ਰੇਣੀਆਂ ਨਾਲ ਕੀਤਾ ਜਾਂਦਾ ਹੈ ।

ਡੈਪੂਟੇਸ਼ਨ ਕੈਨੇਡਾ ਦੇ ਵਡੇ ਵਜ਼ੀਰ ਨੂੰ ਵੀ ਮਿਲਿਆ । ਬਹੁਤ ਮੁਲਾਕਾਤਾਂ ਦੇ ਪਿਛੋਂ ਘਰੇਲੂ ਵਿਭਾਗ ਦੇ ਵਜ਼ੀਰ ਨੇ ਇਹ ਭਰੋਸਾ ਦਿਵਾਇਆ ਕਿ ਬਰਤਾਨਵੀ ਰਾਜ ਦੇ ਸ਼ਹਿਰੀ ਤਸਲੀਮ ਮੰਨੇ ਜਾਣ ਦੀ ਬੇਨਤੀ ਉੱਤੇ ਹਮਦਰਦੀ ਨਾਲ ਵੀਚਾਰ ਕੀਤੀ ਜਾਵੇਗੀ । ਆਨਰੇਬਲ ਮਿਸਟਰ ਰੋਗਰਜ਼ ਨੇ ਇਹ ਵੀ ਮੰਨਿਆ ਕਿ ਪਰਵਾਰਾਂ ਬਾਰੇ ਬੇਨਤੀ ਜਲਦੀ ਮੰਨੀ ਜਾਣੀ ਚਾਹੀਦੀ ਹੈ । ਹਿੰਦੀਆਂ ਦੇ ਕੈਨੇਡਾ ਆਉਣ ਬਾਰੇ ਮਸਲੇ ਨੂੰ ਵੀਚਾਰਨ ਲਈ ਉਸ ਨੇ ਮਿਸਟਰ ਬਲੇਅਰ ਨੂੰ ਖਾਸ ਅਫਸਰ ਮੁਕੱਰਰ ਕਰਕੇ ਭੇਜਿਆ, ਪਰ ਹਿੰਦੀਆਂ ਨੂੰ ਕੌੜਾ ਤਜਰਬਾ ਹੋਇਆ ਕਿ ਮਿਸਟਰ ਬਲੇਅਰ ਦੀ ਰੀਪੋਰਟ ਨੇ ਸਗੋਂ ਇਸ ਮਸਲੇ ਨੂੰ ਕਿਵੇਂ ਹੋਰ ਗੁੰਝਲਦਾਰ ਬਣਾ ਦਿੱਤਾ* ।

ਜਦ ਡੈਪੂਟੇਸ਼ਨ ਨੂੰ ਓਟਾਵਾ ਗਏ ਨੂੰ ਸਵਾ ਸਾਲ ਤੋਂ

*Third Case, Evidence, p. 21.
†Third Case Judgement, p. 32.
‡Ibid, p. 31

*Indians Abroad, pp. 653-656.

ਉਪਰ ਹੋ ਗਿਆ ਅਤੇ ਕਈ ਚੇਤਾਵਨੀਆਂ ਦੇ ਬਾਵਜੂਦ ਕੈਨੇਡਾ ਦੀ ਸਰਕਾਰ ਨੇ ਕੋਈ ਤਸੱਲੀ ਬਖਸ਼ ਫੈਸਲਾ ਨਾ ਕੀਤਾ,* ਤਾਂ ਕੈਨੇਡਾ ਦੇ ਹਿੰਦੀਆਂ ਦੀ ਵੈਨਕੋਵਰ ਦੇ ਡੋਮੀਨੀਅਨ ਹਾਲ ਵਿਚ ਹੋਈ ਇਕ ਮੀਟਿੰਗ ਨੇ ਫੈਸਲਾ ਕੀਤਾ ਕਿ ਬਰਤਾਨਵੀ ਅਤੇ ਹਿੰਦ ਸਰਕਾਰਾਂ ਪਾਸ ਡੈਪੂਟੇਸ਼ਨ ਭੇਜਿਆ ਜਾਏ। ਇਸ ਡੈਪੂਟੇਸ਼ਨ ਦੇ ਮੈਂਬਰ ਸ਼੍ਰੀ ਬਲਵੰਤ ਸਿੰਘ 'ਗਰੰਥੀ', ਸ਼੍ਰੀ ਨਰੈਣ ਸਿੰਘ ਅਤੇ ਸ਼੍ਰੀ ਨੰਦ ਸਿੰਘ 'ਸਿਹਰਾ' ਸਨ, ਅਤੇ ਇਹ ੧੪ ਮਾਰਚ ੧੯੧੩† ਨੂੰ ਮੌਂਟਰੀਅਲ ਅਤੇ ਸੇਂਟ ਜੋਨ ਦੇ ਰਸਤੇ ਇੰਗਲੈਂਡ ਲਈ ਰਵਾਨਾ ਹੋ ਗਿਆ‡। ਇੰਗਲੈਂਡ ਪੁਜਦਿਆਂ ਹੀ ਡੈਪੂਟੇਸ਼ਨ ਨੇ ਨੌਆਬਾਦੀਆਂ ਦੇ ਵਜ਼ੀਰ ਮਿਸਟਰ ਲੀਊਸ ਹਾਰਕੋਰਟ ਨਾਲ ਮੁਲਾਕਾਤ ਲਈ ਬੇਨਤੀ ਕੀਤੀ, ਪਰ ਉਸ ਨੇ ਡੈਪੂਟੇਸ਼ਨ ਨੂੰ ਮਿਲਣੋਂ ਨਾਂਹ ਕਰ ਦਿੱਤੀ§। ਇੰਗਲੈਂਡ ਵਿਚ ਡੈਪੂਟੇਸ਼ਨ ਨੇ ਸਰ ਵਿਲੀਅਮ ਵੈਡਰਬਰਨ, ਸਰ ਹੈਨਰੀ ਕਾਟਨ, ਸਰ ਮਨਛਰ ਜੀ ਭਾਵਨਗਰੀ, ਸਰ ਕੇ. ਜੀ. ਗੁਪਤਾ, ਨੌਆਬਾਦੀਆਂ ਦੇ ਛੋਟੇ ਵਜ਼ੀਰ ਅਤੇ ਪਾਰਲੀਮੈਂਟ ਦੇ ਕਈ ਮੈਂਬਰਾਂ ਨਾਲ ਮੁਲਾਕਾਤ ਕੀਤੀ‖। ਇਕ ਕੈਮਬਰਿਜ ਅਤੇ ਇਕ ਕਾਖਸਨ ਹਾਲ ਲੰਡਨ ਵਿਚ ਮੀਟਿੰਗ ਕੀਤੀ ਗਈ, ਜਿਸ ਦੇ ਪ੍ਰਧਾਨ ਸਰ ਮਨਛਰ ਜੀ ਭਾਵਨਗਰੀ ਸਨ। ਮੀਟਿੰਗ ਵਿਚ ਮਤੇ ਪਾਸ ਕਰਕੇ ਅਖਬਾਰਾਂ ਨੂੰ ਭੇਜੇ ਗਏ। ਇਸ ਤੋਂ ਉਪਰੰਤ ਡੈਪੂਟੇਸ਼ਨ ਮਿਸਟਰ ਗੋਖਲੇ ਨੂੰ ਮਿਲ ਕੇ ਹਿੰਦ ਲਈ ਰਵਾਨਾ ਹੋ ਗਿਆ।

ਮਦਰਾਸ ਵਿਚ ਡੈਪੂਟੇਸ਼ਨ ਮਿਸਟਰ ਨੇਟਸਨ ਨੂੰ ਮਿਲਿਆ ਅਤੇ ਬੰਬਈ ਵਿਚ ਸਰ ਫੀਰੋਜ਼ ਸ਼ਾਹ ਮਹਿਤਾ ਅਤੇ ਮਿਸਟਰ ਵਾਸ਼ਾ ਨੂੰ, ਜਿਨ੍ਹਾਂ ਨੇ ਪੰਜਾਬ ਵਿਚ ਜਾ ਕੇ ਕੋਸ਼ਸ਼ ਕਰਨ ਦੀ ਸਲਾਹ ਦਿੱਤੀ। ਲਾਹੌਰ ਭਾਰਤ ਬਿਲਡਿੰਗ ਵਿਚ ਮੀਟਿੰਗ ਕੀਤੀ ਗਈ, ਜਿਥੇ ਕੈਨੇਡਾ ਦਾ ਸਵਾਲ ਹੱਥ ਵਿਚ ਲੈਣ ਲਈ ਸ਼੍ਰੀ ਮੇਹਰ ਸਿੰਘ ਚਾਵਲਾ, ਮੀਆਂ ਜਲਾਲ ਦੀਨ ਅਤੇ ਚੌਧਰੀ ਰਾਮ ਭਜ ਦੱਤ ਦੀ ਕਮੇਟੀ ਬਣਾਈ ਗਈ। ਸ਼੍ਰੀ ਬਘੇਲ ਸਿੰਘ 'ਕੁਲਾ' ਦੀ ਪ੍ਰਧਾਨਗੀ ਹੇਠ ਬ੍ਰੈਡਲਾ ਹਾਲ ਵਿਚ ਮੀਟਿੰਗ ਕੀਤੀ ਗਈ ਅਤੇ ਇਕ ਦੋ ਥਾਂ ਹੋਰ ਵੀ ਮੀਟਿੰਗਾਂ ਕੀਤੀਆਂ। ਫਿਰ ਡੈਪੂਟੇਸ਼ਨ ਲੈਫਟੀਨੈਂਟ ਗਵਰਨਰ, ਪੰਜਾਬ, ਸਰ ਮਾਈਕਲ ਓਡਵਾਇਰ ਨੂੰ ਮਿਲਿਆ। ਇਸ ਤੋਂ ਪਿਛੋਂ ਡੈਪੂਟੇਸ਼ਨ ਸਰ ਕੰਵਰ ਹਰਨਾਮ ਸਿੰਘ, ਆਨ੍ਰੇਬਲ ਕੰਵਰ ਦਲਜੀਤ ਸਿੰਘ, ਸਰਦਾਰ ਜੋਗਿੰਦਰ ਸਿੰਘ, ਪੰਡਤ ਮਾਲਵੀਆ, ਬੈਨਰ ਜੀ ਅਤੇ ਵਾਇਸਰਾਏ ਦੀ ਕੌਂਸਲ ਦੇ ਹੋਰ ਕਈ ਮੈਂਬਰਾਂ ਨੂੰ ਮਿਲਿਆ*। ਡੈਪੂਟੇਸ਼ਨ ਨੇ ਵਾਇਸਰਾਏ ਨਾਲ ਵੀ ਮੁਲਾਕਾਤ ਕੀਤੀ ਅਤੇ ਕਾਂਗਰਸ ਦੇ ਕਰਾਚੀ ਸਮਾਗਮ ਉੱਤੇ ਵੀ ਹਾਜ਼ਰ ਹੋਇਆ, ਜਿਥੇ ਕੈਨੇਡਾ ਦੇ ਹਿੰਦੀਆਂ ਦੇ ਹੱਕ ਵਿੱਚ ਮਤਾ ਪਾਸ ਕਰਕੇ ਵਾਇਸਰਾਏ ਨੂੰ ਭੇਜਿਆ ਗਿਆ। ਮੁਸਲਮ ਲੀਗ ਨੇ ਵੀ ਅਜਿਹਾ ਮਤਾ ਪਾਸ ਕੀਤਾ। ਅਖਬਾਰਾਂ, ਰਸਾਲਿਆਂ ਅਤੇ ਮੀਟਿੰਗਾਂ ਰਾਹੀਂ ਡੈਪੂਟੇਸ਼ਨ ਨੇ ਹਿੰਦ ਦੀ ਜਨਤਾ ਦੇ ਸਾਹਮਣੇ ਵੀ ਕੈਨੇਡਾ ਦੇ ਹਿੰਦੀਆਂ ਦੇ ਦੁਖੜੇ ਰੋਏ। ਪਰ ਇਸ ਸਾਰੀ ਭਜ ਦੌੜ ਦਾ ਅੰਗਰੇਜ਼ੀ ਸਾਮਰਾਜ ਦੀ ਮਸ਼ੀਨਰੀ ਉੱਤੇ ਕੋਈ ਖਾਸ ਅਸਰ ਨਾ ਹੋਇਆ, ਅਤੇ ਡੈਪੂਟੇਸ਼ਨ ਬਿਲਕੁਲ ਨਿਰਾਸ ਹੋਕੇ ੯ ਅਪ੍ਰੈਲ

* Modern Review, August-1913, P. 147.
† Third Case, Judgement, P. 33.
‡ Third Case, Evidence, P. 232
§ Indians Abroad, P. 662.
‖ Third Case, Evidence, P. 232.

'hird Case, Judgement, p. 33.

੧੯੧੪ ਨੂੰ ਹਾਂਗ ਕਾਂਗ ਪਰਤ ਆਇਆ।

ਅੰਗਰੇਜ਼ੀ ਸਾਮਰਾਜ ਦੀ ਇਹ ਨੀਤੀ ਰਹੀ ਹੈ ਕਿ ਆਪਣੇ ਬੁਨਿਆਦੀ ਹਿੱਤਾਂ ਨੂੰ ਸੁਰੱਖਿਅਤ ਰਖ ਕੇ ਧੀਰੇ ਧੀਰੇ ਛੋਟੀਆਂ ਛੋਟੀਆਂ ਰਿਆਇਤਾਂ ਦੇਈ ਜਾਣੀਆਂ ਤਾਕਿ ਅਧੀਨ ਜਨਤਾ 'ਤੰਗ ਆਮਦ ਬਜੰਗ ਆਮਦ' ਦੀ ਹੱਦ ਤਕ ਨਾ ਪੁਜੇ। ਪਰ ਕੈਨੇਡਾ ਵਿਚ ਇਸ ਪਾਲਸੀ ਦੇ ਉਲਟ ਵਰਤੋਂ ਕੀਤੀ ਗਈ। ਜਾਂ ਤਾਂ ਹਿੰਦੀਆਂ ਨੂੰ ਕੈਨੇਡਾ ਵਿੱਚ ਨਾ ਰਹਿਣ ਦੇਣਾ ਬਰਤਾਨਵੀ ਸਾਮਰਾਜ ਦੇ ਬੁਨਿਆਦੀ ਹਿਤਾਂ ਵਿਚੋਂ ਸੀ, ਜਾਂ ਉਸ ਦਾ ਵੀਚਾਰ ਸੀ ਕਿ ਕੈਨੇਡਾ ਦੇ ਮੁਠੀ ਭਰ ਹਿੰਦੀਆਂ ਨਾਲ ਕੁਝ ਵੀ ਸਲੂਕ ਕੀਤਾ ਜਾਏ ਓਹ ਉਸਦਾ ਕੁਝ ਨਹੀਂ ਵਿਗਾੜ ਸੱਕਦੇ। ਜਾਂ ਕੈਨੇਡਾ ਦੇ ਸਰਕਾਰੀ ਕਰਮਚਾਰੀ ਅਤੇ ਉਥੋਂ ਦੀ ਪਬਲਕ ਨਸਲੀ ਤਅੱਸਬ ਦੇ ਜੋਸ਼ ਵਿਚ ਬਰਤਾਨਵੀ ਸਾਮਰਾਜ ਦੇ ਵਡੇ ਲਾਭਾਂ ਤੋਂ ਲਾਪਰਵਾਹ ਅਤੇ ਬੇ-ਕਾਬੂ ਹੋ ਗਈ ਸੀ। ਜੈਨਰਲ ਸਵੈਮ ਦੀ ਮੁਲਾਕਾਤ (ਜਿਸ ਦਾ ਪਿਛੇ ਜ਼ਿਕਰ ਆ ਚੁਕਾ ਹੈ) ਤੋਂ ਤਾਂ ਇਹ ਜਾਪਦਾ ਹੈ ਕਿ ਬਰਤਾਨਵੀ ਸਾਮਰਾਜ ਦੀ ਇਹ ਤਾਂ ਤੀਬਰ ਇੱਛਿਆ ਸੀ ਕਿ ਹਿੰਦੀ ਕੈਨੇਡਾ ਵਿਚੋਂ ਚਲੇ ਜਾਣ, ਪਰ ਉਹ ਹਿੰਦ ਵਿਚ ਸਿੱਖ ਪਲਟਣਾਂ ਦੀ ਬਗਾਵਤ ਦੇ ਡਰ ਤੋਂ ਕੈਨੇਡਾ ਦੇ ਹਿੰਦੀਆਂ ਨੂੰ ਉਥੋਂ ਜ਼ਬਰਦਸਤੀ ਨਹੀਂ ਸੀ ਕਢਣਾ ਚਾਹੁੰਦਾ। ਕਾਰਨ ਕੁਝ ਵੀ ਹੋਵੇ, ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੈਨੇਡਾ, ਇੰਗਲੈਂਡ ਅਤੇ ਹਿੰਦ ਵਿਚ ਹਿੰਦੀਆਂ ਵਲੋਂ ਕੀਤੀ ਉਜਰਦਾਰੀ ਦੀ ਸੁਣਵਾਈ ਕਰਨ ਦੀ ਬਜਾਏ ਵਿੰਗੇ ਟੇਢੇ ਨੀਮ ਸਰਕਾਰੀ ਅਤੇ ਭਾਈਚਾਰਕ ਦਬਾਉ ਵਰਤ ਕੇ ਬਹੁਤ ਸਾਰੇ ਹਿੰਦੀਆਂ ਨੂੰ ਕੈਨੇਡਾ ਛਡ ਕੇ ਹੋਰ ਮੁਲਕਾਂ ਨੂੰ ਜਾਣ ਵਾਸਤੇ ਮਜਬੂਰ ਕੀਤਾ ਗਿਆ। ਇਸ ਦਾ ਇਕ ਹੀ ਸਬੂਤ ਕਾਫੀ ਹੈ ਕਿ ੧੯੧੯ ਵਿਚ ਹਿੰਦੀਆਂ ਦੀ ਕੈਨੇਡਾ ਵਿਚ ਗਿਣਤੀ ਘਟਕੇ ਕੇਵਲ ਚੌਥਾ ਹਿਸਾ ਅਰਥਾਤ ੧੨੦੦ ਰਹਿ ਗਈ*। ਨੀਮ ਸਰਕਾਰੀ ਅਤੇ ਭਾਈਚਾਰਕ ਦਬਾਓ ਕਿਤਨਾਂ ਸਖਤ ਹੋਵੇਗਾ, ਉਸਦਾ ਅੰਦਾਜ਼ਾ ਇਸੇ ਗਲ ਤੋਂ ਪਤਾ ਲਗ ਸਕਦਾ ਹੈ ਕਿ ਕੈਨੇਡਾ ਦੇ ਹਿੰਦੀਆਂ ਲਈ ਹਜ਼ਾਰਾਂ ਦੀਆਂ ਜਾਇਦਾਦਾਂ ਅਤੇ ਚੰਗੀ ਕਮਾਈ ਦਾ ਅਵਸਰ ਛੱਡਕੇ ਜਾਣਾ ਕੋਈ ਖੁਸ਼ੀ ਅਤੇ ਮਨ ਮਰਜ਼ੀ ਦੀ ਗੱਲ ਨਹੀਂ ਸੀ ਹੋ ਸਕਦੀ।

ਨੀਮ-ਸਰਕਾਰੀ ਦਬਾਉ ਦੇ ਹੱਥ ਕੰਡੇ ਵਰਤਣ ਦਾ ਸਭ ਤੋਂ ਵੱਡਾ ਮੋਹਰਾ ਇਮੀਗਰੇਸ਼ਨ ਮਹਿਕਮੇ ਦਾ ਇਕ ਅਫਸਰ ਮਿਸਟਰ ਹੋਪਕਿਨਜ਼ (ਜਾਂ ਹਾਪ ਕਿਨਸਨ) ਸੀ। ਇਹ ਆਦਮੀ ਕੈਨੇਡਾ ਵਿਚ ਕਿਸਤਰ੍ਹਾਂ ਅਤੇ ਕਦੋਂ ਪ੍ਰਗੱਟ ਹੋਇਆ, ਇਸ ਦਾ ਪਤਾ ਨਹੀਂ। ਕੈਨੇਡਾ ਦੇ ਹਿੰਦੀਆਂ ਨੂੰ ਪੱਕਾ ਸ਼ੱਕ ਸੀ ਕਿ ਮਿਸਟਰ ਹੋਪਕਿਨਜ਼ ਹਿੰਦ ਜਾਂ ਬਰਤਾਨਵੀ ਸਰਕਾਰ ਵਲੋਂ ਉਥੇ ਭੇਜਿਆ ਗਿਆ, ਕਿਉਂਕਿ ਉਹ ਹਿੰਦੁਸਤਾਨੀ ਜ਼ਬਾਨ ਚੰਗੀ ਤਰ੍ਹਾਂ ਬੋਲ ਸਕਦਾ ਸੀ ਅਤੇ ਕੈਨੇਡਾ ਦੇ ਹਿੰਦੀਆਂ ਨੂੰ ਆਪਸ ਵਿਚ ਪਾੜਨ ਅਤੇ ਉਨ੍ਹਾਂ ਬਾਰੇ ਜਾਸੂਸੀ ਕਰਨ ਵਿਚ ਖਾਸ ਦਿਲਚਸਪੀ ਲੈਂਦਾ ਸੀ। ਤੀਸਰੇ ਸਾਜ਼ਸ਼ ਕੇਸ ਵਿਚ ਬੇਲਾ ਸਿੰਘ ਸਰਕਾਰੀ ਗਵਾਹ ਆਪ ਮੰਨਿਆ ਕਿ ਉਹ ਸੰਨ ੧੯੦੮ ਤੋਂ ਇਮੀਗਰੇਸ਼ਨ ਦੇ ਮਹਿਕਮੇ ਨੂੰ ਖਬਰਾਂ ਦਿੰਦਾ ਹੁੰਦਾ ਸੀ ਉਹ (ਬੇਲਾ ਸਿੰਘ) ਮਿਸਟਰ ਹੋਪ ਕਿਨਸਨ ਨੂੰ ਦੱਸਦਾ ਹੁੰਦਾ ਸੀ ਅਤੇ ਹਿੰਦੀ ਉਸ ਉਤੇ ਇਸ ਬਾਰੇ ਸ਼ੱਕ ਕਰਦੇ ਸਨ†। ਇਸੇ ਮੁਕਦੱਮੇ ਵਿਚ ਇਕ ਹੋਰ ਸਰਕਾਰੀ ਗਵਾਹ ਮੰਗਲ ਸਿੰਘ ਵੀ ਇਹ ਮੰਨਿਆ ਕਿ ਉਹ ਮਿਸਟਰ ਹੋਪਕਿਨਜ਼ ਪਾਸ ਮੁਖਬਰੀ ਕਰਦਾ ਹੁੰਦਾ ਸੀ; ਉਸ ਨੂੰ

* Indians Abroad, P. 673.
† Third Case, Evidence, PP. 24 & 25; Third Case, Judgement, PP. 31 and 39.



Digitized by Panjab Digital Library | www.panjabdigilib.org

ਇਮੀਗਰੇਸ਼ਨ ਮਹਿਕਮੇਂ ਦੇ ਅਫ਼ਸਰਾਂ ਦੇਸ ਵਾਪਸ ਭੇਜਿਆ; ਅਤੇ ਮਿਸਟਰ ਹੌਪਕਿਨਜ਼ ਨੇ ਉਸ (ਮੰਗਲ ਸਿੰਘ) ਨੂੰ ਆਖਿਆ ਕਿ ਉਹ (ਮੰਗਲ ਸਿੰਘ) ਸ੍ਰੀ ਭਗਵਾਨ ਸਿੰਘ ਨੂੰ ਜੇ ਜਾਪਾਨ ਵਿਚ ਮਿਲੇ ਤਾਂ ਉਸ (ਮਿਸਟਰ ਹੌਪਕਿਨਜ਼) ਨੂੰ ਪਤਾ ਦੇਵੇ ਕਿ ਸ੍ਰੀ ਭਗਵਾਨ ਸਿੰਘ ਉਥੇ ਕੀ ਕਰਦਾ ਹੈ*। ਇਸਤੋਂ ਇਹ ਪਤਾ ਚਲਦਾ ਹੈ ਕਿ ਮਿਸਟਰ ਹੌਪਕਿਨਜ਼ ਅਤੇ ਉਸ ਦੀ ਪਿਠ ਉਤੇ ਤਾਕਤਾਂ ਦੀ ਦਿਲਚਸਪੀ ਸਿਰਫ ਕੈਨੇਡਾ ਤੱਕ ਮਹਿਦੂਦ ਨਹੀਂ ਸੀ।

ਇਸ ਤਰ੍ਹਾਂ ਕੈਨੇਡਾ ਦੇ ਹਿੰਦੀਆਂ ਨੂੰ ਜਦੋ ਜਹਿਦ ਦਾ ਨਿਯਮਕ ਰਾਹ ਛਡਣ ਲਈ ਇਕ ਤਰ੍ਹਾਂ ਮਜਬੂਰ ਕੀਤਾ ਗਿਆ, ਕਿਉਂਕਿ ਕੈਨੇਡਾ ਇੰਗਲੈਂਡ ਅਤੇ ਹਿੰਦ ਵਿਚ ਡੈਪੂਟੇਸ਼ਨ ਭੇਜ ਕੇ, ਅਤੇ ਕੈਨੇਡਾ ਦੇ ਹਿੰਦੀਆਂ ਦੇ ਪਰਵਾਰਾਂ ਨੂੰ ਕੈਨੇਡਾ ਵਿਚ ਲਿਆਉਣ ਲਈ ਮੁਕਦਮੇਂ ਲੜਨ ਉਤੇ ਹਜਾਰਾਂ ਡਾਲਰ ਖਰਚਕੇ, ਉਨ੍ਹਾਂ ਵੇਖ ਲਿਆ ਕਿ ਨਿਯਮਕ ਉਜਰਦਾਰੀ ਦਾ ਕੀ ਅਸਰ ਹੋਇਆ। ਉਨ੍ਹਾਂ ਵਾਸਤੇ ਅੰਗਰੇਜ਼ੀ ਸਾਮਰਾਜ ਦੀ ਨੀਯਤ ਅਤੇ ਇਨਸਾਫ ਦੀਆਂ ਡੀਂਗਾਂ ਦਾ ਪਾਜ ਉਘੜ ਗਿਆ। ਕੈਨੇਡਾ ਦੇ ਹਿੰਦੀਆਂ ਦੀ ਇਹ ਮਾਨਸਕ ਅਵੱਸਥਾ ਸੀ ਜਿਸ ਵੇਲੇ ਸ੍ਰੀ ਭਗਵਾਨ ਸਿੰਘ ਸੰਨ ੧੯੧੨ ਦੇ ਅਖੀਰ ਜਾਂ ੧੯੧੩ ਦੇ ਸ਼ੁਰੂ ਵਿਚ ਕੈਨੇਡਾ ਆਏ। ਸ੍ਰੀ ਭਗਵਾਨ ਸਿੰਘ ਪੀਨਾਂਗ ਅਤੇ ਹਾਂਗ ਕਾਂਗ ਗਰੰਥੀ ਰਹਿ ਚੁਕੇ ਸਨ ਅਤੇ ਤਕਰੀਰ ਦੇ ਧਨੀ ਸਨ। ਉਨ੍ਹਾਂ ਦੇ ਆਉਣ ਉਤੇ ਵੈਨਕੋਵਰ ਦੇ ਗੁਰਦੁਆਰੇ ਵਿਚ ਹਰ ਹਫ਼ਤੇ ਮੀਟਿੰਗਾਂ ਹੁੰਦੀਆਂ, ਜਿਨ੍ਹਾਂ ਵਿਚ ਹਿੰਦੀਆਂ ਨੂੰ ਦਸਿਆ ਜਾਂਦਾ ਕਿ ਉਹ ਇਕ ਦੂਜੇ ਨੂੰ ਮਿਲਣ ਉਤੇ ਬੰਦੇ ਮਾਤ੍ਰਮ ਆਖਣ; ਅਤੇ ਮੰਗਾਂ ਮੰਗਣ ਦਾ ਵਕਤ ਚਲਾ ਗਿਆ ਹੈ ਅਤੇ ਆਪਣੇ ਹੱਕ ਲੈਣ ਲਈ ਤਲਵਾਰ ਫੜਨ ਦਾ ਵੇਲਾ ਆ ਗਿਆ ਹੈ*। ਪਹਿਲੇ ਸਾਜ਼ਸ਼ ਕੇਸ ਦੇ ਲਫਜਾਂ ਵਿਚ, "ਇਕ ਮਸ਼ਹੂਰ ਬਾਗੀ ਭਗਵਾਨ ਸਿੰਘ ਸੰਨ ੧੯੧੨ ਦੇ ਅਖੀਰ ਜਾਂ ਸੰਨ ੧੯੧੩ ਦੇ ਸ਼ੁਰੂ ਵਿਚ ਆਇਆ ਅਤੇ ਉਸ ਹਿੰਦੁਸਤਾਨ ਦੀ ਅੰਗਰੇਜ਼ੀ ਸਰਕਾਰ ਵਿਰੁਧ ਲੈਕਚਰਾਂ ਦਾ ਇਕ ਸਿਲਸਲਾ ਸ਼ੁਰੂ ਕਰ ਦਿੱਤਾ। ਉਸ ਨੇ ਵੈਨਕੋਵਰ ਹਾਲ ਵਿਚ ਵੀ ਲੈਕਚਰ ਆਰੰਭ ਕਰ ਦਿਤੇ। ਉਹ ਉਥੇ ਤਿਨ ਮਹਿਨੇ ਰਿਹਾ ਅਤੇ ਉਸ ਨੇ ਆਪਣੇ ਸ੍ਰੋਤਾ-ਗਨਾਂ ਵਿਚ ਇਨਕਲਾਬੀ ਖਿਆਲ ਭਰ ਦਿਤੇ। ਭਗਵਾਨ ਸਿੰਘ ਨੂੰ ਅਖੀਰ ਜਲਾਵਤਨ ਕੀਤਾ ਗਿਆ, ਪਰ ਇਸ ਤੋਂ ਪਹਿਲੋਂ ਵੈਨਕੋਵਰ ਦੇ ਹਿੰਦੀਆਂ ਵਿਚ ਫਤੂਰ ਦੇ ਬੀਜ ਬੀਜੇ ਜਾ ਚੁਕੇ ਸਨ"†। ਕੈਨੇਡਾ ਦੇ ਹਿੰਦੀਆਂ ਦੇ ਉਸ ਸਮੇਂ ਦੇ ਜੋਸ਼ ਬਾਰੇ ਕੁਝ ਅਨੁਮਾਨ ਇਸ ਤੋਂ ਲਗ ਸਕਦਾ ਹੈ ਕਿ ਜਦ ਉਨ੍ਹਾਂ ਨੂੰ ਪਤਾ ਲਗਾ ਕਿ ਸ੍ਰੀ ਭਗਵਾਨ ਸਿੰਘ ਨੂੰ ਜਲਾਵਤਨ ਕਰਨ ਲਈ ਪੁਲਸ ਫੜ ਕੇ ਲੈ ਗਈ ਹੈ, ਤਾਂ ਉਨ੍ਹਾਂ ਨੇ ਸ੍ਰੀ ਭਗਵਾਨ ਸਿੰਘ ਨੂੰ ਪੁਲਸ ਕੋਲੋਂ ਜ਼ਬਰਦਸਤੀ ਛੁਡਾਉਣ ਦੀ ਵਿਉਂਤ ਕੀਤੀ, ਜੋ ਇਸ ਕਰਕੇ ਸਿਰੇ ਨਾ ਚੜ੍ਹੀ ਕਿ ਇਹ ਪਤਾ ਨਾ ਲਗ ਸਕਿਆ ਕਿ ਸ੍ਰੀ ਭਗਵਾਨ ਸਿੰਘ ਨੂੰ ਕਿਥੇ ਰਖਿਆ ਗਿਆ ਸੀ‡।

ਇਹ ਜੋਸ਼ ਆਰਜ਼ੀ ਨਹੀਂ ਸੀ ਬਲਕਿ ਡੂੰਘਾ ਸੀ, ਕਿਉਂਕਿ ਕੈਨੇਡਾ ਦੇ ਹਿੰਦੀਆਂ ਦੀ ਜਦੋ ਜਹਿਦ ਦਾ ਤਾਅ ਦਿਨੋ ਦਿਨ ਗਰਮ ਹੁੰਦਾ ਗਿਆ। ਇਹ ਹਕੀਕਤ ਉਨ੍ਹਾਂ ਵਾਕਿਆਤ ਤੋਂ ਜ਼ਾਹਰ ਹੁੰਦੀ ਹੈ ਜੋ 'ਕੋਮਾ ਗਾਟਾ ਮਾਰੂ' ਜਹਾਜ ਦੇ ਵੈਨਕੋਵਰ ਪੁਜਣ ਉਤੇ ਹੋਏ;* ਜਾਂ ਇਸ ਦੇ ਪਿਛੋਂ ਸ੍ਰੀ ਭਾਗ ਸਿੰਘ ਅਤੇ ਸ੍ਰੀ ਮੇਵਾ ਸਿੰਘ ਦੀ ਸ਼ਹੀਦੀ ਅਤੇ ਮਿਸਟਰ ਹੌਪਕਿਨਜ਼ ਦੇ ਕਤਲ ਦੇ ਹਾਲਾਤ ਤੋਂ†; ਜਾਂ ਪਹਿਲਾਂ ਸੰਸਾਰ ਯੁਧ ਛਿੜਨ ਸਮੇਂ ਕੈਨੇਡਾ ਵਾਸੀ ਹਿੰਦੀਆਂ ਨੇ ਜੋ ਅਤੇ ਜਿਸ ਜੋਸ਼ ਨਾਲ "ਗਦਰ ਪਾਰਟੀ ਲਹਿਰ" ਵਿਚ ਹਿੱਸਾ ਪਾਇਆ ਉਸ ਤੋਂ‡। ਅਰਥਾਤ, ਕਮਅਜ਼ਕਮ ਸ੍ਰੀ ਭਗਵਾਨ ਸਿੰਘ ਦੀ ਵੈਨਕੋਵਰ ਵਿਚ ਫੇਰੀ ਦੇ ਵੇਲੇ ਤੋਂ, ਕੈਨੇਡਾ ਦੇ ਹਿੰਦੀਆਂ ਦੀ ਜਦੋਜਹਿਦ ਹੰਗਾਮੀ ਰਾਹ ਫੜ ਚੁਕੀ ਸੀ। ਇਸ ਹੰਗਾਮੀ ਜਦੋਜਹਿਦ ਨੂੰ ਉਨ੍ਹਾਂ ਵੰਗਾਰਿਆ ਨਹੀਂ ਸੀ, ਬਲਕਿ ਇਹ ਉਨ੍ਹਾਂ ਉੱਤੇ ਠੋਸੀ ਗਈ। ਕੈਨੇਡਾ ਦੇ ਕਰਮਚਾਰੀਆਂ ਦੀ ਗਾਲਬਨ ਇਹ ਸੋਚੀ ਸਮਝੀ ਪਾਲਸੀ ਸੀ, ਕਿਉਂਕਿ ਹਰ ਇਕ ਹੰਗਾਮੀ ਘਟਨਾ ਹੋਣ ਉੱਤੇ ਉਨ੍ਹਾਂ ਨੂੰ ਹਿੰਦੀਆਂ ਉੱਤੇ ਸਿੱਧਾ ਵਾਰ ਕਰਨ ਦਾ ਮੌਕਿਆ ਮਿਲਦਾ ਸੀ। ਕੈਨੇਡਾ ਦੇ ਹਿੰਦੀ ਵੀ ਉਥੋਂ ਦੇ ਸਰਕਾਰੀ ਕਰਮ-ਚਾਰੀਆਂ ਦੀ ਇਸ ਪਾਲਸੀ ਨੂੰ ਸ਼ਾਇਦ ਸਮਝਦੇ ਹੋਣ, ਪਰ ਓਹ ਮਜਬੂਰ ਸਨ; ਕੁਝ ਆਪਣੇ ਪੰਜਾਬੀ ਸੁਭਾਉ ਕਰਕੇ ਕਿਉਂਕਿ ਓਹ ਐਸੀ ਮਿਟੀ ਦੇ ਬਣੇ ਹੋਏ ਸਨ; ਕੁਝ ਇਸ ਕਰਕੇ ਕਿ ਉਨ੍ਹਾਂ ਲਈ, ਸਵਾਏ ਆਪਣੇ ਆਪ ਕੈਨੇਡਾ ਛਡ ਜਾਣ ਦੇ, ਹੋਰ ਕੋਈ ਨਿਯਮਕ ਰਾਹ ਨਹੀਂ ਸੀ ਰਿਹਾ। ਅਤੇ ਬਗੈਰ ਕਰੜੀ ਜਦੋਜਿਹਦ ਦੇ ਓਹ ਕੈਨੇਡਾ ਛਡਣਾ ਨਹੀਂ ਸੀ ਚਾਹੁੰਦੇ, ਕਿਉਂਕਿ ਉਨ੍ਹਾਂ ਦਾ ਕੌਮੀ ਸ੍ਵੈਮਾਨ ਅਤੇ ਜ਼ਾਤੀ ਆਰਥਕ ਲਾਭ ਦੋਵੇਂ ਇਸ ਗਲ ਦੀ ਮੰਗ ਕਰਦੇ ਸਨ।

ਗਦਰ ਪਾਰਟੀ ਦੀ ਕਾਇਮੀ ਅਤੇ ਗਦਰ ਪਾਰਟੀ ਲਹਿਰ ਦੇ ਸਿਲਸਿਲੇ ਵਾਰ ਵਿਕਾਸ ਨੂੰ ਸਮਝਣ ਲਈ ਇਨ੍ਹਾਂ ਗਲਾਂ ਵਲ ਵਿਸ਼ੇਸ਼ ਧਿਆਨ ਦਵਾਉਣਾ ਜ਼ਰੂਰੀ ਹੈ ਕਿ ਸ੍ਰੀ ਭਗਵਾਨ ਸਿੰਘ ਗਦਰ ਪਾਰਟੀ ਬਣਨ ਤੋਂ ਪਹਿਲੋਂ (ਗਦਰ ਪਾਰਟੀ ਮਈ ੧੯੧੩ ਵਿਚ ਕਾਇਮ ਹੋਈ) ਸੰਨ ੧੯੧੨ ਦੇ ਅਖੀਰ ਜਾਂ ੧੯੧੩ ਦੇ ਸ਼ੁਰੂ ਵਿਚ ਵੈਨਕੋਵਰ (ਕੈਨੇਡਾ) ਆਏ। ਉਨ੍ਹਾਂ ਨੇ ਹਿੰਦੀਆਂ ਨੂੰ ਉਸੇ ਕਿਸਮ ਦਾ ਇਨਕਲਾਬੀ ਨਾਅਰਾ ਦਿਤਾ ਜੋ ਪਿਛੋਂ ਲਾਲਾ ਹਰਦਿਆਲ ਨੇ ਅਮਰੀਕਾ ਦੇ ਹਿੰਦੀਆਂ ਨੂੰ ਦਿੱਤਾ। ਸ੍ਰੀ ਭਗਵਾਨ ਸਿੰਘ ਦੇ ਕੈਨੇਡਾ ਦੇ, ਅਤੇ ਲਾਲ ਹਰਦਿਆਲ ਦੇ ਅਮਰੀਕਾ ਦੇ, ਹਿੰਦੀਆਂ ਨੂੰ ਬਹੁਤ ਜਲਦੀ ਆਪਣੇ ਵਲ ਖਿੱਚ ਲੈਣ ਦਾ ਵੱਡਾ ਰਾਜ਼ ਇਹ ਸੀ ਕਿ ਉਥੋਂ ਦੇ ਹਾਲਾਤ ਦੇ ਕਾਰਨ ਹਿੰਦੀਆਂ ਵਿਚ ਅੰਗਰੇਜ਼ੀ ਸਾਮਰਾਜ ਵਿਰੁਧ ਜਜ਼ਬਾ ਪੈਦਾ ਹੋ ਚੁਕਾ ਸੀ, ਅਤੇ ਜੋ ਇਨਕਲਾਬੀ ਨਾਅਰਾ ਦਿਤਾ ਗਿਆ ਉਹ ਉਥੇ ਗਏ ਪੰਜਾਬੀ ਕਿਸਾਨ ਅਨਸਰ ਦੇ ਸੁਭਾਉ ਅਤੇ ਰੁਚੀਆਂ ਦੇ ਅਨਕੂਲ ਸੀ। ਤੀਸਰੇ ਸਾਜ਼ਸ਼ ਕੇਸ ਦੇ ਫੈਸਲੇ ਵਿਚ ਸਿਲਸਿਲੇ ਵਾਰ ਦਸਿਆ ਗਿਆ ਹੈ ਕਿ ਕਿਵੇਂ ਸੰਨ ੧੯੦੮ ਤੋਂ ਲੈਕੇ ਕੈਨੇਡਾ ਵਿਚ ਅੰਗਰੇਜ਼ ਵਿਰੋਧੀ ਲਹਿਰ ਦਾ ਉਭਾਰ ਉਠਿਆ*। ਸੰਨ ੧੯੧੧ ਵਿਚ ਹੀ ਸ੍ਰੀ ਭਾਗ ਸਿੰਘ, ਸ੍ਰੀ ਸੋਹਨ ਲਾਲ 'ਪਾਠਕ', ਸ੍ਰੀ ਕਰਤਾਰ ਸਿੰਘ 'ਚੰਨਕੈ' ਅਤੇ ਹੋਰਨਾਂ ਨੇ ਤਕਰੀਰਾਂ ਕੀਤੀਆਂ ਕਿ ਜੇ ਉਨ੍ਹਾਂ ਦੇ ਪਰਵਾਰਾਂ ਤੇ ਬਾਲਾਂ ਨੂੰ ਕੈਨੇਡਾ ਵਿਚ ਨਾ ਉਤਰਨ ਦਿਤਾ ਗਿਆ, ਤਾਂ ਉਹ

*Third Case, Evidence, P. 27.

* Third Case Evidence P. 24.

† First Case, The beginning of the Conspirecy & War, P. 1

*Third Case, Judgement, p. 33.

*'ਕਾਮਾ ਗਾਟਾ ਮਾਰੂ' ਦੇ ਸਿਰਲਖ ਵਾਲਾ ਕਾਂਡ।

†ਕੈਨੇਡਾ ਦੇ ਹਿੰਦੀਆਂ ਦੀ ਜਦੋਜਹਿਦ ਦੇ ਇਹ ਬੜੇ ਹੰਗਾਮੀ ਵਾਕਿਆਤ ਹਨ ਪਰ ਕਿਉਂਕਿ ਇਹ ਗਦਰ ਪਾਰਟੀ ਬਣਨ ਤੋਂ ਪਿਛੋਂ ਹੋਏ ਇਸ ਵਾਸਤੇ ਇਨ੍ਹਾਂ ਦਾ ਜ਼ਿਕਰ ਯਾਰਵੇਂ ਕਾਂਡ ਵਿਚ ਕੀਤਾ ਜਾਵੇਗਾ।

‡Third Case, Judgement, p. 38.

*Third Case, Judgement, pp. 31-40.



Digitized by Panjab Digital Library | www.panjabdigilib.org

ਹਿੰਦ ਜਾ ਕੇ ਉਥੋਂ ਅੰਗਰੇਜ਼ਾਂ ਨੂੰ ਕਢਣਗੇ* । ਬਲਕਿ ਇਸ ਤੋਂ ਵੀ ਪਹਿਲੋਂ ਸੰਨ ੧੯੦੮ ਵਿਚ, ਹੁੰਡੋਰਾਸ ਦੀ ਸਕੀਮ ਵੇਲੇ, ਅੰਗਰੇਜ਼ਾਂ ਨੂੰ ਹਿੰਦ ਵਿਚੋਂ ਜ਼ਬਰਦਸਤੀ ਕਢਣ ਬਾਰੇ ਚਰਚਾ ਸ਼ੁਰੂ ਹੋ ਗਈ ਸੀ† । ਅਰਥਾਤ ਕੈਨੇਡਾ ਦੇ ਹਾਲਾਤ ਦੇ ਬਰਖਲਾਫ ਉਥੇ ਗਏ ਹਿੰਦੀਆਂ ਦਾ ਇਨਕਲਾਬੀ ਪ੍ਰਤਿਕਰਮ, ਪੰਜਾਬੀ ਕਿਸਾਨ ਸੁਭਾਉ ਅਤੇ ਰੁਚੀਆਂ ਦਾ ਸੁਭਾਵਕ ਪ੍ਰਤਿਕਰਮ ਸੀ, ਨਾ ਕਿ ਸ੍ਰੀ ਭਗਵਾਨ ਸਿੰਘ ਵੱਲੋਂ ਪੈਦਾ ਕੀਤੇ ਗਏ ਆਰਜ਼ੀ ਜੋਸ਼ ਦੇ ਕਾਰਨ। ਪਰ ਕਈ ਵੇਰੀਂ ਕਈ ਵਾਕਿਆਤ ਜਾਂ ਵਿਯੱਕਤੀਆਂ, ਕਿਸੇ ਵਿਸ਼ੇਸ਼ਤਾ ਕਾਰਨ, ਲਹਿਰਾਂ ਦੇ ਰੁਝਾ ਨੂੰ ਪ੍ਰਗਟਾਉਣ ਦਾ ਸਬੱਬ ਅਤੇ ਚਿਨ ਬਣ ਜਾਂਦੀਆਂ ਹਨ। ਸ੍ਰੀ ਭਗਵਾਨ ਸਿੰਘ ਦੀ ਕੈਨੇਡਾ ਵਿਚ ਤਿਨ ਮਹੀਨੇ ਦੀ ਫੇਰੀ, ਕੈਨੇਡਾ ਦੇ ਹਿੰਦੀਆਂ ਦੀ ਜਦੋਜਹਿਦ ਨੂੰ ਇਨਕਲਾਬੀ ਤੁਰਤ ਅਤੇ ਠੋਸ ਸ਼ਕਲ ਦੇਣ ਦਾ ਅਜਿਹਾ ਸਬੱਬ ਅਤੇ ਚਿੰਨ ਬਣੀ।

---

## ਪੰਜਵਾਂ ਕਾਂਡ

# ਗਦਰ ਪਾਰਟੀ ਦੀ ਕਾਇਮੀ

ਪਿਛਲੇ ਕਾਂਡਾਂ ਵਿਚ ਵੇਖਿਆ ਜਾ ਚੁਕਾ ਹੈ ਕਿ ਪੰਜਾਬੀ ਕਿਸਾਨ, ਜੋ ਅਮਰੀਕਾ ਅਤੇ ਕੈਨੇਡਾ ਗਏ, ਕਿਸ ਮਿਟੀ ਦੇ ਬਣੇ ਹੋਏ ਸਨ ਅਤੇ ਕਿਸ ਤਬੀਅਤ ਅਤੇ ਕਿਨ੍ਹਾਂ ਰਵਾਇਤਾਂ ਦੇ ਮਾਲਕ ਸਨ; ਅਜਿਹੇ ਅਣਖੀਲੇ, ਨਿੱਗਰ ਅਤੇ ਅਜਿਹੀਆਂ ਰਵਾਇਤਾਂ ਵਾਲੇ ਅਨਸਰ ਦੀ ਅਮਰੀਕਾ ਅਤੇ ਕੈਨੇਡਾ ਦੇ ਹਾਲਾਤ ਵਿਚ ਕਿਵੇਂ ਮਾਨਸਕ ਕਾਇਆਂ ਪਲਟ ਗਈ, ਅਤੇ ਆਪਣੇ ਦੇਸ ਦੀ ਗੁਲਾਮੀ ਅਤੇ ਅੰਗਰੇਜ਼ੀ ਸਾਮਰਾਜ ਵਿਰੁਧ ਡੂੰਘੇ ਜਜ਼ਬੇ ਨੇ ਕਿਵੇਂ ਸਹੀ ਅਰਥਾਂ ਵਿਚ ਉਨ੍ਹਾਂ ਦੇ ਦਿਲ ਅਤੇ ਦਿਮਾਗ ਉੱਤੇ ਕਬਜ਼ਾ ਕਰ ਲਿਆ; ਕੈਨੇਡਾ ਵਿਚ ਸਰਕਾਰੀ ਨੀਤੀ, ਨੀਮ ਸਰਕਾਰੀ ਦਬਾਉ ਅਤੇ ਕੈਨੇਡੀਅਨ ਪਬਲਕ ਦੀ ਖੁਲਮ ਖੁਲ੍ਹੀ ਮੁਖਾਲਫਤ ਦੇ ਕਾਰਨ ਕਿਵੇਂ ਹਿੰਦੀਆਂ ਉਤੇ ਹੰਗਾਮੀ ਜਦੋਜਹਿਦ ਠੋਸੀ ਗਈ, ਜਿਸ ਦੀ ਕੁਤੱਤਨ ਕੈਨੇਡਾ ਤੋਂ ਬਾਹਰ ਅਮਰੀਕਾ ਅਤੇ ਧੁਰ ਪੂਰਬ ਦੇ ਦੇਸਾਂ ਦੇ ਹਿੰਦੀਆਂ ਵਿਚ ਵੀ ਫੈਲ ਗਈ; ਕਿਉਂਕਿ ਇਹ ਉਨ੍ਹਾਂ ਦੀ ਆਪਣੀ ਨਿਜੀ ਜਦੋਜਹਿਦ ਦਾ ਇਕ ਪਹਿਲੂ ਸੀ, ਅਤੇ ਜੋ ਹਿੰਦੀ ਕੈਨੇਡਾ ਛਡਣ ਲਈ ਮਜਬੂਰ ਹੋ ਗਏ ਸਨ, ਓਹ ਅਮਰੀਕਾ ਅਤੇ ਧੁਰ ਪੂਰਬ ਦੇ ਦੇਸਾਂ ਵਿਚ ਜਾ ਵੱਸੇ ਸਨ। ਅਰਥਾਤ ਇਨਕਲਾਬੀ ਬਾਰੂਦ ਤਿਆਰ ਸੀ ਅਤੇ ਸਿਰਫ ਤੀਲੀ ਲਾਉਣ ਦੀ ਲੋੜ ਸੀ। ਪਹਿਲੇ ਸਾਜ਼ਸ਼ ਕੇਸ ਦੇ ਫੈਸਲੇ ਵਿਚ ਇਸ ਨੂੰ ਸਪੱਸ਼ਤ ਤੌਰ ਉੱਤੇ ਮੰਨਿਆ ਗਿਆ ਹੈ। "ਇਸ ਕਰਕੇ ਇਹ ਗੱਲ ਪ੍ਰਤੱਖ ਹੈ ਕਿ ਸੰਨ ੧੯੧੩ ਦੇ ਸ਼ੁਰੂ ਵਿਚ ਉਤ੍ਰੀ ਅਮਰੀਕਨ ਦੀਪ ਦੇ ਪੱਛਮੀ ਕੰਢੇ ਦੀਆਂ ਰਿਆਸਤਾਂ (Pacific Coast States) ਵਿਚ ਕੁਝ ਭੜਕੀਲਾ ਅਨਸਰ ਮੌਜੂਦ ਸੀ। ਇਹ ਅਨਸਰ ਸੀ ਜਿਸ ਨੂੰ ਹਰਦਿਆਲ ਨੇ ਮਈ ੧੯੧੩ ਵਿਚ ਭਖਾ ਕੇ ਭਾਂਬੜ ਬਾਲਣਾ ਸ਼ੁਰੂ ਕੀਤਾ"*। ਸਰ ਮਾਈਕਲ ਓਡਵਾਇਰ ਵੀ ਲਿਖਦੇ ਹਨ ਕਿ, "ਉਹ (ਲਾਲਾ ਹਰਦਿਆਲ) ਸੰਨ ੧੯੧੧ ਦੇ ਸ਼ੁਰੂ ਵਿਚ ਅਮਰੀਕਾ ਆਇਆ ਅਤੇ ਉਸ ਨੇ ਬਰਕਲੇ, ਕੈਲੇਫੋਰਨੀਆ, ਵਿਚ ਡੇਰਾ ਲਾ ਦਿਤਾ, ਜਿਥੇ ਕੁਝ ਸਾਲਾਂ ਤੋਂ ਅਮਰੀਕਾ ਆਏ ਹਿੰਦੀਆਂ, ਖਾਸਕਰ ਸਿੱਖਾਂ ਜੋ ਕਈ ਹਜ਼ਾਰ ਦੀ ਗਿਣਤੀ ਵਿਚ ਅਮਰੀਕਾ ਦੇ ਪੱਛਮੀ ਕੰਢੇ ਉੱਤੇ ਵੈਨਕੋਵਰ ਤੋਂ ਲੈ ਕੇ ਸੈਨਫ੍ਰਾਂਸਿਸਕੋ ਤਕ ਸੰਨ ੧੯੦੭ ਤੋਂ ਵੱਸੇ ਹੋਏ ਸਨ, ਨੂੰ ਵਿਗਾੜਨ ਵਾਸਤੇ ਬਗਾਵਤੀ ਲਹਿਰ ਕੰਮ ਕਰ ਰਹੀ ਸੀ। ਹਰਦਿਆਲ ਨੂੰ ਜ਼ਮੀਨ ਤਿਆਰ ਹੋਈ ਮਿਲੀ ਅਤੇ ਉਸ ਨੇ ਇਕ ਦੱਮ ਬੀਜ ਬੀਜਣੇ ਸ਼ੁਰੂ ਕਰ ਦਿਤੇ"† ।

ਅਮਰੀਕਾ ਕੈਨੇਡਾ ਗਏ ਅੰਗਰੇਜ਼ੀ ਸਾਮਰਾਜ ਵਿਰੋਧੀ ਉਪ੍ਰੋਕਤ ਹਿੰਦੀ ਅਨਸਰ ਨੇ ਗਦਰ ਪਾਰਟੀ ਲਹਿਰ ਦੀ ਅਮਲੀ ਤੌਰ ਉਤੇ ਸ਼ਕਲ ਕਿਵੇਂ ਫੜੀ ? ਇਹ ਹੈ ਇਸ ਕਾਂਡ ਦਾ ਅਸਲੀ ਜ਼ਰੂਰੀ ਸਵਾਲ ! ਪਰ ਕਿਉਂਕਿ ਇਸ ਬਾਰੇ ਕਈ ਭੁਲੇਖੇ ਹਨ, ਅਤੇ ਰਾਏ ਦੇ ਵਖੇਵੇਂ ਨੂੰ ਵੀ ਗੁੰਜਾਇਸ਼ ਹੋ ਸਕਦੀ ਹੈ, ਇਸ ਵਾਸਤੇ ਇਸ ਸਵਾਲ ਉਤੇ ਵੀਚਾਰ ਕਰਨ ਤੋਂ ਪਹਿਲੋਂ ਇਹ ਚੰਗਾ ਹੈ ਕਿ ਵਾਕਿਆਤ ਨੂੰ ਲੜੀਵਾਰ ਜਾਣਿਆ ਜਾਏ ਅਤੇ ਇਹ ਸਪੱਸ਼ਟ ਕੀਤਾ ਜਾਏ ਕਿ ਗਦਰ ਪਾਰਟੀ ਨਿਯਮਕ ਤੌਰ ਉਤੇ (Technically) ਕਿਵੇਂ ਕਾਇਮ ਹੋਈ। ਇਤਿਹਾਸਕ ਨਜ਼ਰੀਏ ਤੋਂ ਇਸ ਸੰਬੰਧੀ' ਸਭ ਤੋਂ ਪ੍ਰਮਾਣੀਕ ਮਸਾਲਾ ਗਦਰ ਪਾਰਟੀ ਲਹਿਰ ਸੰਬੰਧੀ ਚਲੇ ਮੁਕਦੱਮਿਆਂ ਦੇ ਫੈਸਲੇ ਹਨ। ਲਾਹੌਰ ਪਹਿਲੇ ਸਾਜ਼ਸ਼ ਕੇਸ ਦੇ ਫੈਸਲੇ (ਜਿਸ ਦੀ ਬਾਕੀ ਦੇ ਸਭ ਕੇਸਾਂ ਦੇ ਫੈਸਲੇ ਪੁਸ਼ਟੀ ਕਰਦੇ ਹਨ) ਦੇ ਆਪਣੇ ਲਫਜ਼ਾਂ ਵਿਚ, "ਹੁਣ ਵਾਲੀ ਸਾਜ਼ਸ਼ ਅਮਰੀਕਾ ਦੇ ਪਛਮੀ ਕੰਢੇ ਤੋਂ ਸ਼ੁਰੂ ਹੋਈ ਅਤੇ ਵੈਨਕੋਵਰ ਅਤੇ ਸੈਨਫ੍ਰਾਂਸਿਸਕੋ ਇਸਦੇ ਦੋ ਵੱਡੇ ਸੈਂਟਰ ਸਨ। ਸ਼ੁਰੂ ਵਿਚ ਵੈਨਕੋਵਰ ਸੈਂਟਰ ਸੀ, ਪਰ ਅਖੀਰ ਵਿਚ ਸੈਨਫ੍ਰਾਂਸਿਸਕੋ ਨੇ ਇਸ ਦੀ ਅਹਿਮੀਅਤ ਨੂੰ ਮੱਧਮ ਪਾ ਦਿਤਾ।

ਨੰਦ ਸਿੰਘ ਦੇ ਇਕਬਾਲ ਤੋਂ ਸਾਨੂੰ ਪਤਾ ਹੈ (ਪੰਨਾ ੪੦੭*) ਕਿ ਇਕ ਮਸ਼ਹੂਰ ਬਾਗੀ ਭਗਵਾਨ ਸਿੰਘ ਓਥੇ ੧੯੧੨ ਦੇ ਅਖੀਰ ਜਾਂ ੧੯੧੩ ਦੇ ਸ਼ੁਰੂ ਵਿਚ ਆਇਆ ਅਤੇ ਹਿੰਦ ਵਿਚ ਅੰਗਰੇਜ਼ੀ ਹਕੂਮਤ ਦੇ ਬਰਖਲਾਫ ਲੈਕਚਰਾਂ ਦਾ ਸਿਲਸਲਾ ਆਰੰਭ ਦਿਤਾ। ਉਸ ਨੇ ਵੈਨਕੋਵਰ ਹਾਲ ਵਿਚ ਵੀ ਲੈਕਚਰ ਦੇਣੇ ਸ਼ੁਰੂ ਕੀਤੇ, ਤਿੰਨ ਮਹੀਨੇ ਓਥੇ ਰਿਹਾ ਅਤੇ ਜਿਸ ਤਰ੍ਹਾਂ ਨੰਦ ਸਿੰਘ ਕਹਿੰਦਾ ਹੈ, 'ਆਪਣੇ ਸ੍ਰੋਤਾਗਨਾਂ ਵਿਚ ਇਨਕਲਾਬੀ ਖਿਆਲ' ਭਰ ਦਿਤੇ।

ਭਗਵਾਨ ਸਿੰਘ ਨੂੰ ਆਖਰ ਜਲਾਵਤਨ ਕੀਤਾ ਗਿਆ, ਪਰ ਇਸ ਤੋਂ ਪਹਿਲੋਂ ਵੈਨਕੋਵਰ ਦੇ ਹਿੰਦੀਆਂ ਵਿਚ ਫਤੂਰ ਦੇ ਬੀਜ ਬੀਜੇ ਜਾ ਚੁਕੇ ਸਨ।

ਨਵਾਬ ਖਾਂਨ (ਪੰਨਾ ੧੨੨) ਤੋਂ ਵੀ ਸਾਨੂੰ ਇਹ ਪਤਾ ਲਗਦਾ ਹੈ ਕਿ ਵੈਨਕੋਵਰ ਵਿਚ ਸੰਨ ੧੯੧੧-੧੨ ਅੰਦਰ

*Third Case, Evidence, P. 24; III Case, Judgement, PP. 31—32.

†Third Case, Judgement, P. 31.

*First Case, The beginning of the conspiracy and war, p. 2.

†O'Dwyer, p. 186.

*ਇਹ ਪੰਨਾ ਨੰਬਰ ਮੁਕਦਮੇਂ ਦੇ ਰੀਕਾਰਡ ਦੇ ਪੰਨਾਂ ਨੰਬਰ ਹਨ।



Digitized by Panjab Digital Library | www.panjabdigilib.org

ਅਖੌਤੀ ਰਾਜਸੀ ਮੁਆਮਲੇ ਬੜੀ ਦਿਲਚਸਪੀ ਨਾਲ ਵੀਚਾਰੇ ਜਾਂਦੇ ਸਨ।

ਕਰੀਬਨ ਏਸੇ ਹੀ ਵਕਤ ਇਕ ਹਰਦਿਆਲ ਸੈਨਫ੍ਰਾਂਸਿਸਕੋ ਪੁਜਾ।........ਜਾਪਦਾ ਹੈ ਕਿ ਇਹ ਸ਼ਖਸ ੧੯੧੨ ਦੇ ਅਖੀਰ ਜਾਂ ੧੯੧੩ ਦੇ ਸ਼ੁਰੂ ਵਿਚ ਪਹਿਲਾਂ ਪਹਿਲ ਸੈਨਫ੍ਰਾਂਸਿਸਕੋ ਪ੍ਰਗਟ ਹੋਇਆ ਅਤੇ ਇਸ ਸ਼ਹਿਰ ਵਿਚ ਨਾਸਤਕਤਾ ਬਾਰੇ ਲੈਕਚਰ ਦਿਤਾ। ਉਸ ਦੇ ਲੈਕਚਰ ਵਿਚ ਪਰਮਾਨੰਦ ਅਤੇ ਇਕ ਠਾਕਰ ਦਾਸ ਹਾਜ਼ਰ ਸਨ, ਅਤੇ ਉਸ ਨੇ ਨਵਾਬ ਖਾਨ ਨੂੰ (ਪੰਨਾ ੧੨੨) ਸਮਝਾਇਆ ਕਿ ਉਸ ਦੀ ਮਨਸ਼ਾ ਨਾਸਤਕਤਾ ਦਾ ਪ੍ਰਚਾਰ ਕਰਕੇ ਕਿਸੇ ਧੁੰਧਲੇ ਤਰੀਕੇ ਨਾਲ ਈਸਾਈਆਂ ਵਿਚ ਪਾੜ ਪਾਉਣ ਦੀ ਸੀ।

ਉਸ ਦੇ ਸਾਨਫ੍ਰਾਂਸਿਸਕੋ ਆਉਣ ਦਾ ਨਤੀਜਾ ਇਹ ਹੋਇਆ ਕਿ ਉਸ ਦੇ ਸ੍ਰੋਤਾਗਨਾਂ ਵਿਚ ਰਾਜਸੀ ਵੀਚਾਰ ਭਰੇ ਗਏ...........।

ਰਾਜ ਧ੍ਰੋਹ ਦੀ ਅੱਗ ਹੌਲੀ ਹੌਲੀ ਕੈਲੇਫੋਰਨੀਆ ਅਤੇ ਔਰੇਗਨ, ਜਿਨ੍ਹਾਂ ਰਿਆਸਤਾਂ ਵਿਚ ਕੁਝ ਹਿੰਦੀ ਆਬਾਦਕਾਰ ਸਨ, ਵਿਚ ਖਿਲਰਨ ਲਗ ਪਈ।

ਪਹਿਲਾ ਫਲ ਇਹ ਨਿਕਲਿਆ ਕਿ ਅਸਟੋਰੀਆ (ਔਰੇਗਨ) ਵਿਚ ਸੰਨ ੧੯੧੨ ਦੇ ਅਖੀਰ ਜਾਂ ੧੯੧੩ ਦੇ ਸ਼ੁਰੂ ਵਿਚ ਹਿੰਦੁਸਤਾਨੀ ਐਸੋਸੀਏਸ਼ਨ ਕਾਇਮ ਕੀਤੀ ਗਈ* । ਇਕ ਮੀਟਿੰਗ, (ਜਿਸ ਵਿਚ ਇਕ ਮੁਨਸ਼ੀ ਰਾਮ, ਇਕ ਕਰੀਮ ਬਖਸ਼ ਨਵਾਬ ਖਾਂਨ, ਕੇਸਰ ਸਿੰਘ (੪੩)*, ਬਲਵੰਤ ਸਿੰਘ (੬) ਅਤੇ ਕਰਤਾਰ ਸਿੰਘ (੩੯) ਨੇ ਭਾਸ਼ਨ ਦਿਤੇ) ਵਿਚ ਕੇਸਰ ਸਿੰਘ ਪ੍ਰਧਾਨ ਅਤੇ ਬਲਵੰਤ ਸਿੰਘ ਸਕੱਤ੍ਰ ਚੁਣੇ ਗਏ, ਅਤੇ ਸਾਹਮਣੇ ਰਖੇ ਹੋਏ ਮਕਸਦ ਇਹ ਸਨ:-

(ੳ) ਹਿੰਦੁਸਤਾਨ ਤੋਂ ਦੇਸੀ ਜ਼ਬਾਨਾਂ ਵਿਚ ਨਿਕਲਦੇ ਅਖਬਾਰ ਮੰਗਵਾਉਣੇ;

(ਅ) ਹਿੰਦੁਸਤਾਨ ਤੋਂ ਅਮਰੀਕਾ ਵਿਦਯਾ ਲਈ ਨੌਜਵਾਨ ਮੰਗਾਉਣੇ ਇਸ ਮਕਸਦ ਲਈ ਕਿ ਉਹ ਹਿੰਦ ਵਿਚ 'ਕੌਮੀ' ਸੇਵਾ ਲਈ ਆਪਣਾ ਜੀਵਨ ਅਰਪਨ;

(ੲ) ਰਾਜਸੀ ਵੀਚਾਰ ਕਰਨ ਲਈ ਹਫਤੇਵਾਰ ਮੀਟਿੰਗਾਂ ਕਰਨੀਆਂ।

ਨਵਾਬ ਖਾਨ ਦੇ ਲਫਜ਼ਾਂ ਵਿਚ ਇਸ ਦਾ ਨਤੀਜਾ ਇਹ ਹੋਇਆ ਕਿ, 'ਮੈਂਬਰ ਆਪਣੇ ਮੁਲਕ ਵਾਸਤੇ ਮਹਿਸੂਸ ਕਰਨ ਲਗ ਪਏ'।

ਨਵਾਬ ਖਾਨ (ਪੰਨਾ ੧੪੨) ਸਾਨੂੰ ਇਹ ਵੀ ਦਸਦਾ ਹੈ ਕਿ 'ਹਿੰਦੁਸਤਾਨੀ ਐਸੋਸੀਏਸ਼ਨ' ਦਾ ਤਕਰੀਬਨ ਓਹੋ ਮਕਸਦ

*ਪਹਿਲੇ ਮੁਕਦਮੇਂ ਵਿਚ ਨਵਾਬ ਖਾਨ ਦਾ ਬਿਆਨ ਹੈ ਕਿ ਲਾ: ਹਰਦਿਆਲ ਦਾ ਸਾਨਫ੍ਰਾਂਸਿਸਕੋ ਲੈਕਚਰ ਸੁਣ ਕੇ ਉਹ ਪ੍ਰੇਰਤ ਹੋ ਗਿਆ, ਅਤੇ ਅਗੋਂ ਉਸ ਨੇ ਸ੍ਰੀ ਕੇਸਰ ਸਿੰਘ 'ਠਠ ਗੜ੍ਹ' ਅਤੇ ਸ੍ਰੀ ਕਰਤਾਰ ਸਿੰਘ 'ਸਰਾਭਾ' ਆਦਿ ਨੂੰ ਪ੍ਰੇਰਿਆ, ਜਿਸ ਦਾ ਫਲ ਹਿੰਦੁਸਤਾਨੀ ਐਸੋਸੀਏਸ਼ਨ ਬਣੀ। ਸ੍ਰੀ ਕੇਸਰ ਸਿੰਘ 'ਠਠ ਗੜ੍ਹ', ਪ੍ਰਧਾਨ ਹਿੰਦੁਸਤਾਨੀ ਐਸੋਸੀਏਸ਼ਨ, ਦਾ ਦਾਅਵਾ ਹੈ ਕਿ 'ਹਿੰਦੁਸਤਾਨੀ ਐਸੋਸੀਏਸ਼ਨ' ਆਪਣੇ ਆਪ ਸੰਨ ੧੯੧੩ ਤੋਂ ਪਹਿਲੋਂ ਬਣੀ ਅਤੇ ਇਸ ਦੇ ਬਣਨ ਵਿਚ ਨਵਾਬ ਖਾਨ ਦਾ ਕੋਈ ਹੱਥ ਨਹੀਂ ਸੀ। ਇਤਨੀ ਗੱਲ ਮੁਕਦਮੇਂ ਦੇ ਫੈਸਲ ਵਿਚ ਵੀ ਮੰਨੀ ਗਈ ਹੈ ਕਿ ਇਹ ਗਲ ਸ਼ੱਕੀ ਹੈ ਕਿ ਨਵਾਬ ਖਾਨ ਨੇ ਸ੍ਰੀ ਕਰਤਾਰ ਸਿੰਘ 'ਸਰਾਭਾ' ਨੂੰ ਪ੍ਰੇਰਿਆ ਅਤੇ ਨਵਾਬ ਖਾਨ ਅਭਿਮਾਨੀ ਹੋਣ ਕਰਕੇ ਇਹ ਦਾਅਵਾ ਕਰਦਾ ਹੈ। (First Case, Individual Case of Kartar Singh, v. Saraba, p. 3)

*ਇਹ ਪਹਿਲੇ ਸਾਜ਼ਸ਼ ਕੇਸ ਵਿਚ ਦੋਸ਼ੀਆਂ ਦੇ ਨੰਬਰ ਹਨ ਜੋ ਉਨ੍ਹਾਂ ਦਾ ਨਾਮ ਬਾਰ ਬਾਰ ਲਿਖਣ ਦੀ ਖੇਚਲ ਤੋਂ ਬਚਣ ਲਈ ਜੱਜਾਂ ਨੇ ਉਨ੍ਹਾਂ ਨੂੰ ਦਿਤੇ।

ਸੀ ਜੋ ਪਿਛੋਂ ਬਣੀ 'ਹਿੰਦੀ ਐਸੋਸੀਏਸ਼ਨ' ਦਾ ਸੀ, ਜਿਸ ਸੰਬੰਧੀ ਅਸੀਂ ਹੁਣੇ ਵੀਚਾਰ ਕਰਾਂਗੇ। ਉਹ ਕਹਿੰਦਾ ਹੈ (ਪੰਨਾ ੧੪੭) ਕਿ ਇਸ ਦੇ ਨਿਸ਼ਾਨੇ ਹਰ ਮਜ਼ਹਬ ਦੇ ਹਿੰਦੀਆਂ ਦੀ ਏਕਤਾ, ਵਿਦਿਯਾ ਅਤੇ ਅੰਗਰੇਜ਼ੀ ਸਰਕਾਰ ਦੀ ਵਿਰੋਧਤਾ ਸਨ।

ਸਿਰਫ ਅਸਟੋਰੀਆ ਹੀ ਇਸ ਕਿਸਮ ਦੀ ਸੁਸਾਇਟੀ ਨਹੀਂ ਸੀ ਬਣੀ, ਕਿਉਂਕਿ ਅਮਰ ਸਿੰਘ ਦਸਦਾ ਹੈ (ਪੰਨਾ ੬੧) ਕਿ ਪੋਰਟਲੈਂਡ (ਔਰੇਗਨ) ਇਕ ਇੰਡੀਅਨ ਐਸੋਸੀਏਸ਼ਨ ਸੀ ਜਿਸ ਨੂੰ ਇਕ ਕੁਮਾਰ ਨੇ ਕਾਇਮ ਕੀਤਾ, ਪਰ ਜੋ ਜਲਦੀ ਟੁੱਟ ਗਈ।

ਇਸ ਵਾਸਤੇ ਇਹ ਸਪਸ਼ਟ ਹੈ ਕਿ ਸੰਨ ੧੯੧੩ ਦੇ ਸ਼ੁਰੂ ਵਿਚ ਪਛਮੀ ਕੰਢੇ ਦੀਆਂ ਰਿਆਸਤਾਂ ਵਿਚ ਭੜਕੀਲਾ ਅਨਸਰ ਮੌਜੂਦ ਸੀ। ਇਹ ਅਨਸਰ ਸੀ ਜਿਸ ਨੂੰ ਹਰਦਿਆਲ ਨੇ ਮਈ ੧੯੧੩ ਵਿਚ ਭਖਾ ਕੇ ਭਾਂਬੜ ਬਾਲਣਾ ਸ਼ੁਰੂ ਕੀਤਾ"*........।

ਹਰਦਿਆਲ ਬਾਰੇ ਸ੍ਰੋਤ ਹੋਣ ਉਤੇ ਸ੍ਰੀ ਕਾਂਸ਼ੀ ਰਾਮ, ਸ੍ਰੀ ਰਾਮ ਰਖਾ, ਸ੍ਰੀ ਠਾਕੁਰ ਦਾਸ, ਸ੍ਰੀ ਅਮਰ ਸਿੰਘ ਅਤੇ ਹੋਰਨਾਂ ਨੇ ਉਨ੍ਹਾਂ ਨੂੰ ਮਈ ੧੯੧੩ ਵਿਚ ਸੇਂਟ ਜੌਨ ਸਦਿਆ। "ਔਰੇਗਨ ਸਟੇਟ ਵਿਚ ਹਰਦਿਆਲ ਦੀ ਯਾਤਰਾ ਦਾ ਇਹ ਮੁਢ ਸੀ। ਅਮਰ ਸਿੰਘ (ਪੰਨਾ ੬੧) ਮੁਤਾਬਕ ਉਹ ਪਰਮਾਨੰਦ (੫੬) ਸਮੇਤ ਉਥੇ ਆਇਆ। ਪਰਮਾਨੰਦ ਓਥੇ ਹਰਦਿਆਲ ਤੋਂ ਵਿਦਾ ਹੋ ਗਿਆ ਅਤੇ ਹਰਦਿਆਲ ਇਕ ਹਫਤਾ ਸੇਂਟ ਜੌਨ ਰਿਹਾ, ਜਿਥੇ ਉਸ ਨੇ ਲੈਕਚਰ ਕੀਤੇ ਅਤੇ ਗਦਰ ਨਾਮੀਂ ਇਨਕਲਾਬੀ ਅਖਬਾਰ ਕਢਣ ਦੀ ਤਜਵੀਜ਼ ਕੀਤੀ*"।

ਏਥੋਂ ਲਾ: ਹਰਦਿਆਲ ਬਰਾਈਡਲ ਵੇਲ (ਔਰੇਗਨ) ਗਏ। ਇਕ ਮੀਟਿੰਗ ਨੂੰ ਸੰਬੋਧਨ ਕੀਤਾ ਅਤੇ ਤਜਵੀਜ਼ਸ਼ੁਦਾ ਅਖਬਾਰ ਵਾਸਤੇ ਸਤ ਸੌ ਤੋਂ ਅਠ ਸੌ ਤਕ ਡਾਲਰ ਉਗਰਾਹੇ।

ਅਗਲੇ ਦਿਨ ਵਾਪਸ ਸੇਂਟ ਜੌਨ ਆ ਗਏ ਅਤੇ ਲਿੰਟਨ, ਪੋਰਟਲੈਂਡ ਅਤੇ ਲਾਗੇ ਦੇ ਸ਼ਹਿਰਾਂ ਵਿੱਚੋਂ ਹਿੰਦੀ ਇਕ ਮੀਟਿੰਗ ਵਿਚ ਸ਼ਾਮਲ ਹੋਣ ਵਾਸਤੇ ਸੱਦੇ ਗਏ। ਇਸ ਮੀਟਿੰਗ ਵਿਚ ਸ੍ਰੀ ਸੋਹਣ ਸਿੰਘ (੭੪), ਸ੍ਰੀ ਊਧਮ ਸਿੰਘ (੭੭), ਸ੍ਰੀ ਰਾਮ ਰਖਾ (੬੫), ਸ੍ਰੀ ਕਾਂਸ਼ੀ ਰਾਮ, ਸ੍ਰੀ ਠਾਕਰ ਦਾਸ, ਸ੍ਰੀ ਅਮਰ ਸਿੰਘ ਅਤੇ ਕਈ ਹੋਰ ਸ਼ਾਮਲ ਸਨ। ਚੰਦਾ ਅਕੱਠਾ ਕੀਤਾ ਗਿਆ, ਸੈਨਫ੍ਰਾਂਸਿਸਕੋ ਅਖਬਾਰ ਛਾਪਣ ਦਾ ਫੈਸਲਾ ਕੀਤਾ ਗਿਆ, ਅਤੇ ਸੇਂਟ ਜੌਨ, ਲਿੰਟਨ ਅਤੇ ਬਰਾਈਡਲ ਵੇਲ ਵਿਚ ਚੰਦਾ ਅਕੱਠਾ ਕਰਨ ਵਾਸਤੇ ਕਮੇਟੀਆਂ ਬਣਾਈਆਂ ਗਈਆਂ।

ਹਿੰਦੁਸਤਾਨੀ ਐਸੋਸੀਏਸ਼ਨ ਨੇ ਲਾ: ਹਰਦਿਆਲ ਨੂੰ ਅਸਟੋਰੀਆ ਲਿਆਉਣ ਵਾਸਤੇ ਸ੍ਰੀ ਕਰੀਮ ਬਖਸ਼ ਅਤੇ ਸ੍ਰੀ ਕੇਸਰ ਸਿੰਘ (੪੩) ਨੂੰ ਪ੍ਰਤਿਨਿਧ ਬਣਾਕੇ ਭੇਜਿਆ। ਜਿਨ੍ਹਾਂ ਦਾ ਉਪਰ ਜ਼ਿਕਰ ਆਇਆ ਹੈ, ਸ੍ਰੀ ਸੋਹਣ ਸਿੰਘ (੭੪) ਅਤੇ ਸ੍ਰੀ ਕੇਸਰ ਸਿੰਘ (੪੩) ਲਾ: ਹਰਦਿਆਲ ਨਾਲ ਅਸਟੋਰੀਆ ਆਏ†।

ਅਸਟੋਰੀਆ ਵਿਚ "ਇਕ ਅਹਿਮ ਮੀਟਿੰਗ ਕੀਤੀ

*First Case, The beginning of the conspiracy and war, pp. 1-2.

*First Case, The beginning of the Conspiracy and War, pp. 1-2.

†Ibid, pp. 2-3.

Digitized by Panjab Digital Library | www.panjabdigilib.org

ਗਈ ਜਿਸ ਨੂੰ ਰਾਮ ਚੰਦ ਅਤੇ ਹਰਦਿਆਲ ਨੇ ਸੰਬੋਧਨ ਕੀਤਾ। ਰਾਮ ਚੰਦ ਦੇ ਭਾਸ਼ਨ ਦਾ ਸਾਰ ਤੱਤ ਇਹ ਸੀ ਕਿ ਅੰਗਰੇਜ਼ੀ ਸਰਕਾਰ ਨੂੰ ਹਿੰਦ ਵਿਚੋਂ ਬਾਹਰ ਕਢਿਆ ਜਾਏ ਅਤੇ ਹਰਦਿਆਲ ਨੇ ਵੀ ਇਸੇ ਭਾਵ ਦਾ ਭਾਸ਼ਨ ਦਿਤਾ।

ਉਸ ਨੇ ਸੇਂਟਜੌਨ, ਵੁਡ ਲੈਂਡ, ਬਰਾਈਡਲ ਵੇਲ ਅਤੇ ਪੋਰਟ ਲੈਂਡ ਵਿਚ ਅਕੱਠੇ ਹੋਏ ਚੰਦੇ, ਪਰਮਾਨੰਦ (੫੬) ਨੂੰ ਹਿੰਦ ਵਿਚ ਕੰਮ ਸ਼ੁਰੂ ਕਰਨ ਲਈ ਭੇਜੇ ਜਾਣ ਅਤੇ ਸੈਕਰੇਮੈਂਟੋ ਵਿਚ ਇਕ ਹੋਣ ਵਾਲੀ ਮੀਟਿੰਗ ਦਾ ਜ਼ਿਕਰ ਕੀਤਾ। ਬਹੁਤ ਸਾਰਾ ਚੰਦਾ ਅਕੱਠਾ ਕੀਤਾ ਗਿਆ ਅਤੇ ਹੋਰ ਫੰਡ ਅਕੱਠੇ ਕਰਨ ਵਾਸਤੇ ਇਕ ਕਮੇਟੀ ਨੀਯਤ ਕੀਤੀ ਗਈ। ਇਸ ਕਮੇਟੀ ਦਾ ਸੋਹਨ ਸਿੰਘ (੭੪) ਪ੍ਰਧਾਨ ਸੀ, ਕਰੀਮ ਬਖਸ਼ ਮੀਤ ਪ੍ਰਧਾਨ, ਹਰਦਿਆਲ ਸਕੱਤ੍ਰ, ਮੁਨਸ਼ੀ ਰਾਮ ਅਤੇ ਕਾਂਸ਼ੀ ਰਾਮ ਮੀਤ ਸਕੱਤ੍ਰ, ਕੇਸਰ ਸਿੰਘ (੪੩), ਬਲਵੰਤ ਸਿੰਘ (੬) ਅਤੇ ਨਵਾਬ ਖਾਨ ਮੈਂਬਰ ਸਨ। ਸੈਨਫ੍ਰਾਂਸਿਸਕੋ 'ਗਦਰ' ਕਢਣ ਦਾ ਪੁਖਤਾ ਫੈਸਲਾ ਕੀਤਾ ਗਿਆ। ਇਨਕਲਾਬੀਆਂ ਦੀ ਸੁਸਾਇਟੀ ਦਾ ਨਾਮ 'ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ' ਅਤੇ ਪ੍ਰੈਸ ਦਾ ਨਾਮ 'ਯੁਗੰਤਰ ਆਸ਼ਰਮ' ਰਖਿਆ ਗਿਆ। ਇਹ ਵੀ ਫੈਸਲਾ ਕੀਤਾ ਗਿਆ ਕਿ ਹਿੰਦ ਵਿਚ ਅਤੇ ਹੋਰ ਥਾਈਂ 'ਗਦਰ' ਮੁਫਤ ਵੰਡਿਆ ਜਾਏ, ਅਤੇ ਓਸੇ ਸ਼ਾਮ ਭੋਜਨ ਪਾਰਟੀ, ਜਿਸ ਵਿਚ ਲਾਲਾ ਲਾਜਪਤ ਰਾਏ ਅਤੇ ਹੋਰਨਾਂ ਦੀ ਰਚਿਤ ਰਾਜ ਧ੍ਰੋਹੀ ਲਿਖਤ ਵੰਡੀ ਗਈ, ਕਰਕੇ ਮੀਟਿੰਗ ਦੀ ਖੁਸ਼ੀ ਮਨਾਈ ਗਈ। ਭੋਜਨ ਪਾਰਟੀ ਤੋਂ ਪਿਛੋਂ ਹਰਦਿਆਲ ਨੇ ਕਈ ਹਿੰਦੀਆਂ, ਜਿਨ੍ਹਾਂ ਵਿਚ ਕੇਸਰ ਸਿੰਘ (੪੩) ਅਤੇ ਰੁਲੀਆ ਸਿੰਘ (੬੮) ਸਨ, ਨਾਲ ਮੁਲਾਕਾਤ ਅਤੇ ਗਲ ਬਾਤ ਕੀਤੀ, ੧੯੦੭ ਦੇ ਰਾਜਧ੍ਰੋਹੀ ਅਜੀਤ ਸਿੰਘ ਨੂੰ ਅਮਰੀਕਾ ਲਿਆਉਣ ਵਾਸਤੇ ਚੰਦਾ ਅਕੱਠਾ ਕੀਤਾ ਗਿਆ, ਅਤੇ ਹਰਦਿਆਲ ਨੇ ਅਗਲੇ ਦਿਨ ਫਿਰ ਇਸ ਭਾਵ ਦਾ ਲੈਕਚਰ ਕੀਤਾ ਕਿ ਹਿੰਦੀ ਹੁਣ ਅੰਗਰੇਜ਼ੀ ਖਰਕਾਰ ਨੂੰ ਹਿੰਦ ਵਿਚੋਂ ਕੱਢਣ ਦੀਆਂ ਤਿਆਰੀਆਂ ਕਰ ਰਹੇ ਹਨ*"।

ਅਸਟੋਰੀਆ ਤੋਂ ਲਾਲਾ ਹਰਦਿਆਲ ਵੀਨਾ (ਔਰੇਗਨ), ਵੀਨਾ ਤੋਂ ਸੇਂਟ ਜੌਨ ਅਤੇ ਸੇਂਟ ਜੌਨ ਤੋਂ ਵਾਪਸ ਸੈਨਫ੍ਰਾਂਸਿਸਕੋ ਚਲੇ ਗਏ†।

ਸ੍ਰੀ ਸੋਹਣ ਸਿੰਘ ਭਕਨਾ (ਪ੍ਰਧਾਨ, ਗਦਰ ਪਾਰਟੀ) ਨੇ ਵੀ 'ਹਿੰਦੁਸਤਾਨੀ ਐਸੋਸੀਏਸ਼ਨ' ਅਤੇ 'ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ' (ਜਿਸ ਨੂੰ ਮੁਖਤਸਰ ਤੌਰ ਉਤੇ ਕਹਿਣ ਵਾਸਤੇ ਉਨ੍ਹਾਂ ਕੇਵਲ 'ਹਿੰਦੀ ਐਸੋਸੀਏਸ਼ਨ' ਦਾ ਨਾਮ ਦਿੱਤਾ ਹੈ) ਦੀ ਅਸਟੋਰੀਆ ਵਿਚ ਕਾਇਮੀ ਨੂੰ ਮੁਖ ਰੂਪ‡ ਵਿਚ ਇਸੇ ਤਰ੍ਹਾਂ ਬਿਆਨ ਕੀਤਾ ਹੈ§। ਸ੍ਰੀ ਸੋਹਣ ਸਿੰਘ (ਭਕਨਾ) ਲਿਖਦੇ ਹਨ ਕਿ 'ਹਿੰਦੀ ਐਸੋਸੀਏਸ਼ਨ' ਮਗਰੋਂ 'ਗਦਰ ਪਾਰਟੀ' ਨਾਮ ਨਾਲ ਮਸ਼ਹੂਰ ਹੋ ਗਈ‖। ਪੰਡਤ ਜਗਤ ਰਾਮ¶ ਵੀ ਪਹਿਲੇ ਸਾਜ਼ਸ਼ ਕੇਸ ਵਿਚ ਆਪਣੇ ੨੨ ਜੂਨ ੧੯੧੫ ਵਾਲੇ ਬਿਆਨ ਵਿਚ ਮੰਨਦੇ ਹਨ, "ਕਿਉਂਕਿ ਅਖਬਾਰ ਦਾ ਨਾ 'ਗਦਰ' ਸੀ, ਇਸ ਵਾਸਤੇ ਓਥੋਂ ਦੇ ਲੋਕਾਂ ਨੇ ਗਦਰ ਪਾਰਟੀ ਦਾ ਨਾਮ ਦੇ ਦਿੱਤਾ, ਜਿਹੜਾ ਅਸਾਂ ਵੀ ਪਿਛੋਂ ਸਹੂਲਤ ਖਾਤਰ ਧਾਰਨ ਕਰ ਲਿਆ"। ਪਹਿਲੇ ਸਾਜ਼ਸ਼ ਕੇਸ ਦੇ ਫੈਸਲੇ ਤੋਂ ਇਹ ਸਪੱਸ਼ਟ ਹੈ ਕਿ ਗਦਰ ਅਖਬਾਰ ਅਤੇ ਗਦਰ ਲਹਿਰ ਦੀਆਂ ਹੋਰ ਕਾਰਵਾਈਆਂ "ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ" ਚਲਾਉਂਦੀ ਸੀ। ਗਦਰ ਅਖਬਾਰ ਸੰਬੰਧੀ ਜ਼ਿਕਰ ਕਰਨ ਪਿਛੋਂ 'ਹਿੰਦੀ ਐਸੋਸੀਏਸ਼ਨ ਦਾ ਕੰਮ' ਦੀ ਸੁਰਖੀ ਹੇਠ ਪਹਿਲੇ ਕੇਸ ਦੇ ਫੈਸਲੇ ਵਿਚ ਦਰਜ ਹੈ ਕਿ, "ਨਾ ਸਿਰਫ ਅਖਬਾਰ ਵੰਡਿਆ ਜਾਂਦਾ ਸੀ, ਹਿੰਦੀ ਐਸੋਸੀਏਸ਼ਨ ਨੇ ਹੋਰ ਵੀ ਵਖ ਵਖ ਤਰੀਕਿਆਂ ਨਾਲ ਕੰਮ ਕੀਤਾ।

ਖੁਦ 'ਗਦਰ' ਸਾਨੂੰ ਦਸਦਾ ਹੈ ਕਿ ਲੜਾਈ ਦੀ ਕਾਮਯਾਬੀ ਵਾਸਤੇ ਇਹ ਜ਼ਰੂਰੀ ਹੈ ਕਿ ਅਖਬਾਰ ਸ਼ੁਰੂ ਕੀਤੇ ਜਾਣ, ਕਤਾਬਾਂ ਛਾਪੀਆਂ ਜਾਣ, ਇਹ ਹਿੰਦ ਵਿਚ ਭੇਜੀਆਂ ਜਾਣ, ਫੌਜੀ ਕਵਾਇਦ ਸਿਖੀ ਜਾਏ ਅਤੇ ਬਦੇਸ਼ੀ ਕੌਮਾਂ ਨੂੰ ਮਦਦ ਵਾਸਤੇ ਅਪੀਲ ਕੀਤੀ ਜਾਏ, ਅਤੇ ਇਸ ਮਕਸਦ ਵਾਸਤੇ 'ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ' ਕਾਇਮ ਕੀਤੀ ਗਈ ਹੈ ਜਿਸ ਦੀਆਂ ਪੋਰਟ-ਲੈਂਡ, ਅਸਟੋਰੀਆ, ਸੇਂਟ ਜੌਨ, ਸੇਕਰੇਮੈਂਟੋ, ਸਟੌਕਟਨ, ਬਾਰਈਡਲ ਵੇਲ ਅਤੇ ਹੋਰ ਥਾਈਂ ਸ਼ਾਖਾਂ ਹਨ*।" ਅਰਥਾਤ 'ਗਦਰ' ਅਖਬਾਰ ਖੁਦ ਮੰਨਦਾ ਹੈ ਕਿ ਲਹਿਰ ਦੀ ਵਾਗ ਡੋਰ 'ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ' ਦੇ ਹੱਥ ਸੀ। ਸੈਨਫ੍ਰਾਂਸਿਸਕੋ ਮੁਕੱਦਮੇ ਵਿਚ ਲਿਖਿਆ ਹੈ, "ਜਦੋਂ ਹਰਦਿਆਲ ਅਮਰੀਕਾ ਤੋਂ ਭੱਜ ਗਿਆ, ਭਗਵਾਨ ਸਿੰਘ ਅਤੇ ਮੌਲਵੀ ਮੁਹੰਮਦ ਅਬਦੁਲਾ, ਜੋ ਉਸ ਸਮੇਂ ਅਕੱਠੇ ਜਾਪਾਨ ਵਿਚ ਰਹਿੰਦੇ ਸਨ, ਸੈਨਫ੍ਰਾਂਸਿਸਕੋ ਆਏ ਅਤੇ ਉਨ੍ਹਾਂ ਰਾਮ ਚੰਦਰ ਨਾਲ ਮਿਲ ਕੇ ਗਦਰ ਪਾਰਟੀ ਦਾ ਚਾਰਜ ਲੈ ਲਿਆ; 'ਪੈਸੇਫਿਕ ਕੋਸਟ ਹਿੰਦੁਸਤਾਨ ਐਸੋਸੀਏਸ਼ਨ' ਦਾ ਭਗਵਾਨ ਸਿੰਘ ਪ੍ਰਧਾਨ ਅਤੇ ਬਰਕਤੁਲਾ ਮੀਤ ਪ੍ਰਧਾਨ ਬਣ ਗਏ†।" ਅਰਥਾਤ 'ਗਦਰ ਪਾਰਟੀ' ਅਤੇ 'ਪੈਸੇਫਿਕ ਕੋਸਟ ਹਿੰਦੁਸਤਾਨ ਐਸੋਸੀਏਸ਼ਨ' ('ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ' ਦਾ ਅਗੋਂ ਪਿਛੋਂ ਕਰਕੇ ਨਾਮ ਵਰਤਿਆ ਗਿਆ ਹੈ) ਇਕੋ ਜਥੇਬੰਦੀ ਦਾ ਨਾਮ ਸੀ। ਇਸੇ ਮੁਕੱਦਮੇਂ ਵਿਚ ਜ਼ਿਕਰ ਆਉਂਦਾ ਹੈ (ਪੰਨਾ ੧੯੭) ਕਿ ਮਿਸ਼ਨ ਬੈਂਕ ਵਿਚ 'ਪੈਸੇਫਿਕ ਕੋਸਟ ਹਿੰਦੁਸਤਾਨੀ ਐਸੋਸੀਏਸ਼ਨ' ਦੇ ਨਾਮ ਮਾਇਆ ਜਮਾਂ ਸੀ।

ਇਸ ਵਾਸਤੇ 'ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ' ਅਥਵਾ 'ਗਦਰ ਪਾਰਟੀ' ਦੀ ਨਿਯਮਕ ਕਾਇਮੀ ਬਾਰੇ ਜ਼ਰਾ ਮਾਸਾ ਵੀ ਸ਼ੱਕ ਨਹੀਂ। ਪਰ ਇਸ ਨਾਲ ਗਦਰ ਪਾਰਟੀ ਲਹਿਰ ਦੀ ਉਤਪਤੀ ਨਾਲ ਸੰਬੰਧਤ ਕਈ ਕਿਆਸ ਅਤੇ ਭੁਲੇਖੇ

---

*First Case, The beginning of the conspiracy and war, p. 3.

†Ibid,

‡ਤਫਸੀਲ ਬਾਰੇ ਫਰਕ ਹਨ, ਜਿਨ੍ਹਾਂ ਦੀ ਸਮੁਚੀ ਲਹਿਰ ਦੇ ਇਤਹਾਸ ਦੇ ਨਜ਼ਰੀਏ ਤੋਂ ਬਹੁਤੀ ਅਹਿਮੀਅਤ ਨਾ ਹੋਣ ਕਰਕੇ ਨਿਰਣਾ ਕਰਨ ਦੀ ਲੋੜ ਨਹੀਂ।

§'ਅਕਾਲੀ ਤੇ ਪ੍ਰਦੇਸੀ', ਅੰਮ੍ਰਿਤਸਰ, ੧੩, ੧੬, ੧੭ ਅਤੇ ੧੮ ਅਪ੍ਰੈਲ ੧੯੩੦ ਦੇ ਪਰਚੇ।

‖'ਅਕਾਲੀ ਤੇ ਪ੍ਰਦੇਸੀ', ਅੰਮ੍ਰਿਤਸਰ, ੧੮ ਅਪ੍ਰੈਲ ੧੯੩੦ ਦਾ ਪਰਚਾ।

¶ਕੇਵਲ ਇਨ੍ਹਾਂ ਨੇ ਆਪਣੇ ਬਿਆਨ ਵਿਚ 'ਗਦਰ ਪਾਰਟੀ' ਦੀ ਕਾਇਮੀ ਬਾਰੇ ਵਖਰਾ ਨਜ਼ਰੀਆ ਪੇਸ਼ ਕੀਤਾ ਹੈ, ਪਰ ਇਸ ਦੇ ਹੱਕ ਵਿਚ ਇਕ ਵੀ ਹੋਰ ਗਵਾਹੀ ਨਾ ਹੋਣ ਕਰਕੇ ਪਹਿਲੇ ਸਾਜ਼ਸ਼ ਕੇਸ ਦੇ ਫੈਸਲੇ ਵਿਚ ਇਸ ਦਾ ਜ਼ਿਕਰ ਤਕ ਨਹੀਂ ਕੀਤਾ ਗਿਆ। ਇਹ ਠੀਕ ਹੈ ਕਿ ਜੱਜ ਅੰਗਰੇਜ਼ੀ ਸਾਮਰਾਜ ਦੇ ਪੁਰਜ਼ੇ ਸਨ, ਇਸ ਕਰਕੇ ਜਿਥੇ ਸਾਮਰਾਜੀ ਹਿੱਤਾਂ ਦਾ ਸੰਬੰਧ ਹੁੰਦਾ, ਉਹ ਵੀ ਸਚਾਈ ਦੀ ਕਸਵੱਟੀ ਉਤੇ ਪੂਰਾ ਨਹੀਂ ਸਨ ਉਤਰਦੇ। ਪਰ ਜਿਥੋਂ ਤਕ 'ਗਦਰ ਪਾਰਟੀ' ਦੀ ਕਾਇਮੀ ਦਾ ਸਵਾਲ ਹੈ, ਜੱਜਾਂ ਨੂੰ ਪਖਪਾਤ ਵਿਚ ਪੈਣ ਦੀ ਲੋੜ ਨਹੀਂ ਸੀ। ਨਾ ਹੀ ਪੰਡਤ ਜਗਤ ਰਾਮ ਦੇ ਨਜ਼ਰੀਏ ਦੇ ਹੱਕ ਵਿਚ ਕੋਈ ਹੋਰ ਨਿਰਪੱਖ ਇਤਹਾਸਕ ਸਬੂਤ ਹੈ, ਜਿਸ ਕਰਕੇ ਇਸ ਨੂੰ ਵਜ਼ਨ ਦਿਤਾ ਜਾ ਸਕੇ। ਜਾਪਦਾ ਹੈ ਕਿ ਉਨ੍ਹਾਂ ਨੇ ਯੁਗੰਤਰ ਆਸ਼ਰਮ ਦੀ ਕੌਂਸਲ ਨੂੰ ਹੀ 'ਗਦਰ ਪਾਰਟੀ' ਸਮਝ ਲੈਣ ਦਾ ਭੁਲੇਖਾ ਖਾਧਾ ਹੈ।

*First Case, The beginning of the conspiracy and war, p. 5.

†San Francisco Trial, Charge to the Jury by the Judge, p. 702.



Digitized by Panjab Digital Library | www.panjabdigilib.org

ਸਪੱਸ਼ਟ ਨਹੀਂ ਹੁੰਦੇ, ਜਿਨ੍ਹਾਂ ਦਾ ਗਦਰ ਪਾਰਟੀ ਲਹਿਰ ਦੀ ਉਤਪਤੀ ਨੂੰ ਸਮਝਣ ਤੋਂ ਪਹਿਲੋਂ ਨਿਰਣਾ ਕਰਨਾ ਜ਼ਰੂਰੀ ਹੈ।

ਸਭ ਤੋਂ ਵਡਾ ਭੁਲੇਖੇ ਵਾਲਾ ਕਿਆਸ ਇਹ ਹੈ ਕਿ ਗਦਰ ਪਾਰਟੀ ਦੀ ਕਾਇਮੀ ਜਰਮਨੀ ਜਾਂ ਜਰਮਨੀ ਦੇ ਏਜੰਟਾਂ ਦੀ ਲਾ: ਹਰਦਿਆਲ ਨਾਲ ਕੀਤੀ ਕਿਸੇ ਸਾਜ਼ਸ਼ ਦਾ ਨਤੀਜਾ ਸੀ। "ਸੈਨਫ੍ਰਾਂਸਿਸਕੋ ਵਿਚ ਜੋ ਸਰਕਾਰੀ ਮੁਕੱਦਮਾ ੨੨ ਨਵੰਬਰ ੧੯੧੭ ਨੂੰ ਸ਼ੁਰੂ ਹੋਇਆ, ਉਸ ਵਿਚ ਇਸਤਗਾਸੇ ਵਲੋਂ ਪੇਸ਼ ਕੀਤੀ ਗਈ ਗਵਾਹੀ ਮੁਤਾਬਕ, ਜਰਮਨ ਏਜੰਟਾਂ ਅਤੇ ਯੂਰਪ ਵਿਚ ਹਿੰਦੁਸਤਾਨੀ ਇਨਕਲਾਬੀਆਂ ਨਾਲ ਮਿਲਕੇ ਹਰਦਿਆਲ ਨੇ ੧੯੧੧ ਤੋਂ ਪਹਿਲੋਂ ਅਮਰੀਕਾ ਵਿਚ ਇਕ ਮੁਹਿੰਮ (Campaign) ਜਾਰੀ ਕਰਨ ਦੀ ਪਲੈਨ ਬਣਾਈ ਸੀ, ਅਤੇ ਇਸ ਸਕੀਮ ਅਨੁਸਾਰ ਕੈਲੇਫੋਰਨੀਆ ਵਿਚ ਗਦਰ ਇਨਕਲਾਬੀ ਪਾਰਟੀ ਕਾਇਮ ਕੀਤੀ"*।

ਹਿੰਦ ਵਿਚ ਗਦਰ ਪਾਰਟੀ ਲਹਿਰ ਸੰਬੰਧੀ ਚਲੇ ਮੁਕਦੱਮਿਆਂ ਵਿਚੋਂ ਕਿਸੇ ਇਕ ਵਿਚ ਵੀ ਇਹ ਜ਼ਿਕਰ ਨਹੀਂ ਆਇਆ ਕਿ ਗਦਰ ਪਾਰਟੀ ਦੀ ਕਾਇਮੀ ਵਿਚ ਜਰਮਨੀ ਜਾਂ ਜਰਮਨੀ ਦੇ ਏਜੰਟਾਂ ਦਾ ਹੱਥ ਸੀ, ਹਾਲਾਂ ਕਿ ਇਹ ਅਦਾਲਤਾਂ ਅੰਗਰੇਜ਼ੀ ਸਾਮਰਾਜ ਦੀ ਉਸ ਮਸ਼ੀਨਰੀ ਦਾ ਪੁਰਜ਼ਾ ਸਨ ਜਿਸ ਦੇ ਕਰਮਚਾਰੀ ਗਦਰ ਪਾਰਟੀ ਦੇ ਇਨਕਲਾਬੀਆਂ ਨੂੰ ਜਰਮਨੀ ਦਾ ਏਜੰਟ ਕਹਿਕੇ ਬਦਨਾਮ ਕਰਨ ਦਾ ਕੋਈ ਮੌਕਿਆ ਨਹੀਂ ਸਨ ਖੁੰਝਾਉਂਦੇ†। ਗਦਰ ਪਾਰਟੀ ਦੀ ਕਾਇਮੀ ਵਿਚ ਜਰਮਨੀ ਦਾ ਹੱਥ ਤਾਂ ਇਕ ਬੰਨੇ ਰਿਹਾ, ਪਹਿਲੇ ਅਤੇ ਦੂਸਰੇ ਮੁਕੱਦਮੇਂ ਦੇ ਫੈਸਲਿਆਂ ਵਿਚ ਇਹ ਮੰਨਿਆਂ ਗਿਆ ਹੈ ਕਿ ਗਦਰੀ ਇਨਕਲਾਬੀਆਂ ਦਾ ਜਰਮਨੀ ਨਾਲ ਸੰਬੰਧ ਵੀ ਕਾਨੂੰਨੀ ਲਿਹਾਜ਼ ਨਾਲ ਸਾਬਤ ਨਹੀਂ ਹੁੰਦਾ*। ਤੀਸਰੇ ਮੁਕੱਦਮੇਂ ਦੇ ਫੈਸਲੇ ਵਿਚ, ਹਿੰਦ ਵਿਚ ਗਦਰ ਪਾਰਟੀ ਲਹਿਰ ਫੇਲ ਹੋਣ ਪਿਛੋਂ, ਜਰਮਨੀ ਨਾਲ ਗਦਰ ਪਾਰਟੀ ਦੇ ਪੈਦਾ ਹੋਏ ਸੰਬੰਧਾਂ ਦਾ ਖੋਲ ਕੇ ਵੇਰਵਾ ਦਿਤਾ ਹੈ, ਪਰ ਉਸ ਵਿਚ ਵੀ ਇਹ ਸਪਸ਼ੱਟ ਤੌਰ ਉਤੇ ਮੰਨਿਆ ਗਿਆ ਹੈ ਕਿ ਇਹ ਸਾਬਤ ਨਹੀਂ ਹੁੰਦਾ ਕਿ ਗਦਰ ਪਾਰਟੀ ਦੀ ਕਾਇਮੀ ਵਿਚ ਜਰਮਨੀ ਦਾ ਹੱਥ ਸੀ†। ਸੈਨਫ੍ਰਾਂਸਿਸਕੋ ਮੁਕੱਦਮੇਂ ਵਿਚ ਇਸਤਗਾਸਾ ਵਲੋਂ ਇਸ ਮੁਆਮਲੇ ਸੰਬੰਧੀ ਪੇਸ਼ ਕੀਤੀ ਗਈ ਗਵਾਹੀ ਨੂੰ ਵੇਖਣ ਦਾ ਅਵਸਰ ਨਹੀਂ ਬਣ ਸਕਿਆ, ਇਸ ਵਾਸਤੇ ਇਸ ਬਾਰੇ ਪੱਕੀ ਰਾਏ ਨਹੀਂ ਦਿਤੀ ਜਾ ਸਕਦੀ। ਪਰ ਇਸ ਵਿਚ ਬਹੁਤਾ ਵਜ਼ਨ ਨਾ ਹੋਣਾ ਇਸ ਗੱਲ ਤੋਂ ਜ਼ਾਹਰ ਹੁੰਦਾ ਹੈ ਕਿ ਸੈਨਫ੍ਰਾਂਸਿਸਕੋ ਮੁਕਦਮੇਂ ਦੇ ਫੈਸਲੇ ਵਿਚ ਇਸ ਦਾ ਜ਼ਿਕਰ ਤਕ ਨਹੀਂ ਕੀਤਾ ਗਿਆ, ਹਾਲਾਂ ਕਿ ਇਹ ਜ਼ਿਕਰ ਆਉਂਦਾ ਹੈ ਕਿ ਪਹਿਲਾ ਸੰਸਾਰ ਯੁਧ ਛਿੜਨ ਤੋਂ ਪਹਿਲੋਂ ਅਮਰੀਕਾ ਵਿਚ ਹਿੰਦੂਆਂ‡ ਦੀ ਇਨਕਲਾਬੀ ਜਥੇਬੰਦੀ ਬਣੀ ਹੋਈ ਸੀ ਅਤੇ ਇਹ ਖੋਲਕੇ ਦਸਿਆ ਗਿਆ ਹੈ ਕਿ ਇਸ ਨੂੰ ਜਰਮਨੀ ਨੇ ਕਦੋ ਤੇ ਕਿਸ ਤਰ੍ਹਾਂ ਵਰਤਣ ਦੀ ਕੋਸ਼ਸ਼ ਕੀਤੀ§।

ਰੌਲਟ ਰੀਪੋਰਟ ਵਿਚੋਂ ਉਪਰ ਦਿਤੇ ਗਏ ਹਵਾਲੇ ਵਿਚ ਵੀ ਇਹ ਸਪਸ਼ੱਟ ਨਹੀਂ ਕੀਤਾ ਗਿਆ ਕਿ ਲਾ: ਹਰਦਿਆਲ ਨੇ ਯੂਰਪ ਵਿਚ ਜੋ ਅਮ੍ਰੀਕਾ ਅੰਦਰ ਮੁਹਿਮ ਜਾਰੀ ਕਰਨ ਦੀ ਪਲੈਨ ਬਣਾਈ, ਉਹ ਕੀ ਸੀ ਅਤੇ ਉਹ ਗਦਰ ਪਾਰਟੀ ਦੇ ਨਿਸ਼ਾਨਿਆਂ ਅਤੇ ਤਰੀਕਾਕਾਰ ਨਾਲ ਮੇਲ ਖਾਂਦੀ ਵੀ ਸੀ ਜਾਂ ਨਹੀਂ। ਹੋ ਸਕਦਾ ਹੈ ਕਿ ਗਦਰ ਪਾਰਟੀ ਦੀ ਕਾਇਮੀ ਵਿਚ ਜਰਮਨੀ ਦਾ ਹੱਥ ਖਿਚ ਖਿਚਾਕੇ ਜ਼ਾਹਰ ਕਰਨ ਦੀ ਖਾਤਰ ਇਸ ਹਵਾਲੇ ਨੂੰ ਜਾਣ ਬੁਝ ਕੇ ਗੋਲ ਮੋਲ ਲਫਜ਼ਾਂ ਵਿਚ ਪੇਸ਼ ਕੀਤਾ ਗਿਆ ਹੋਵੇ ਅਤੇ ਇਸ ਸਵਾਲ ਦਾ ਨਿਰਣਾ ਕਰਨ ਦੀ ਨੀਯਤੰ ਕੋਸ਼ਸ਼ ਨਾ ਕੀਤੀ ਗਈ ਹੋਵੇ। ਰੌਲਟ ਰੀਪੋਰਟ ਦਾ ਮੁਖ ਮੰਤਵ ਹਿੰਦੀ ਇਨਕਲਾਬੀਆਂ ਵਿਰੁਧ ਕੇਸ ਤਿਆਰ ਕਰਨਾ ਸੀ। ਇਸ ਵਾਸਤੇ ਜੇ ਗਦਰ ਪਾਰਟੀ ਦੀ ਕਾਇਮੀ ਵਿਚ ਜਰਮਨੀ ਦਾ ਹੱਥ ਸਪੱਸ਼ਟ ਤੌਰ ਉਤੇ ਜ਼ਾਹਰ ਕੀਤਾ ਜਾ ਸਕਦਾ ਹੁੰਦਾ ਤਾਂ ਅਗਲਬੰ ਰੌਲਟ ਰੀਪੋਰਟ ਕਰਦੀ।

ਕਿਸੇ ਸਪੱਸ਼ਟ ਸਬੂਤ ਦੇ ਨਾ ਹੋਣ ਦੇ ਬਾਵਜੂਦ ਇਹ ਖਿਆਲ, ਕਿ ਗਦਰ ਪਾਰਟੀ ਦੀ ਕਾਇਮੀ ਵਿਚ ਜਰਮਨੀ ਦਾ ਹੱਥ ਸੀ ਜਾਂ ਗਦਰ ਪਾਰਟੀ ਦੇ ਇਨਕਲਾਬੀ ਜਰਮਨੀ ਦੇ ਏਜੰਟ ਸਨ, ਬਹੁਤ ਫੈਲਿਆ ਹੋਇਆ ਹੈ। ਇਸ ਦਾ ਇਕ ਕਾਰਨ ਤਾਂ ਅੰਗਰੇਜ਼ੀ ਸਾਮਰਾਜ ਦੇ ਕਰਮਚਾਰੀਆਂ ਦਾ ਪ੍ਰਾਪੇਗੰਡਾ ਸੀ, ਜਿਸ ਦਾ ਇਤਹਾਸਕ ਸਚਾਈ ਦੀ ਪੜਚੋਲ ਨਾਲ ਵਾਸਤਾ ਨਹੀਂ ਸੀ। ਦੂਸਰੀ ਵਜਾਹ ਇਹ ਹੋ ਸਕਦੀ ਹੈ ਕਿ ਪਹਿਲਾਂ ਸੰਸਾਰ ਯੁਧ ਛਿੜਨ ਅਤੇ ਅਮਰੀਕਾ ਤੋਂ ਚਲੇ ਜ ਪਿਛੋਂ ਲਾ: ਹਰਦਿਆਲ ਨੇ ਜਰਮਨੀ ਨਾਲ ਸਾਜ਼ਬਾਜ ਕੀਤੀ, ਅਤੇ, ਹਿੰਦ ਵਿਚ ਗਦਰ ਪਾਰਟੀ ਲਹਿਰ ਫੇਲ ਹੋ ਜਾਣ ਪਿਛੋਂ, ਗਦਰ ਪਾਰਟੀ ਨੇ ਵੀ ਜਰਮਨੀ ਨਾਲ ਮਿਲ ਕੇ ਸਿਆਮ, ਬਰਮਾਂ ਅਤੇ ਕੁਝ ਹੱਦ ਤਕ ਅਫਗਾਨਸਤਾਨ ਵਿਚ ਹਿੰਦ ਤੋਂ ਬਾਹਰ ਅੰਗਰੇਜ਼ੀ ਸਾਮਰਾਜ ਵਿਰੁਧ ਇਕ ਆਖਰੀ ਹੱਲਾ ਮਾਰਨ ਦੀ ਕੋਸ਼ਸ਼ ਕੀਤੀ। ਇਹ ਨਿਖੇੜਕੇ ਨਿਰਣਾ ਕਰਨ ਦੀ ਕੋਸ਼ਸ਼ ਨਹੀਂ ਕੀਤੀ ਗਈ ਕਿ ਗਦਰ ਪਾਰਟੀ ਲਹਿਰ ਦਾ ਜਰਮਨੀ ਨਾਲ ਸੰਬੰਧ ਕੱਦ, ਕਿਸ ਹੱਦ ਤਕ ਅਤੇ ਕਿਸ ਤਰ੍ਹਾਂ ਸ਼ੁਰੂ ਹੋਇਆ। ਤੀਸਰਾ ਕਾਰਨ ਇਹ ਜਾਪਦਾ ਹੈ ਕਿ ਲ: ਹਰਦਿਆਲ ਇੰਗਲੈਂਡ ਵਿਚ ਸਰਕਾਰੀ ਵਜ਼ੀਫਾ ਛੱਡਣ ਪਿਛੋਂ ਸ਼ਾਇਦ ਅੰਗਰੇਜ਼ੀ ਸਾਮਰਾਜ ਵਿਰੋਧੀ ਅਨਸਰਾਂ ਨਾਲ ਮਿਲਕੇ ਯੂਰਪ ਵਿਚ ਕੋਸ਼ਸ਼ ਕਰਦੇ ਰਹੇ; ਭਾਵੇਂ ਰੋਲਟ ਰੀਪੋਰਟ ਵਿਚ ਲਾ: ਹਰਦਿਆਲ ਦੇ ਅਮਰੀਕਾ ਜਾਣ ਤੋਂ ਪਹਿਲੋਂ ਯੂਰਪ ਵਿਚਲੇ ਹੋਰ ਹਿੰਦੀ ਇਨਕਲਾਬੀਆਂ ਨਾਲ ਮੇਲ ਮਿਲਾਪ ਦਾ ਜ਼ਿਕਰ ਨਹੀਂ ਕੀਤਾ ਗਿਆ। ਪਰ ਇਹ ਐਨ ਮੁਮਕਨ ਹੈ ਕਿ ਉਹ ਸ਼ਿਆਮ ਜੀ ਕ੍ਰਿਸ਼ਨ ਵਰਮਾ ਵਰਗੇ ਹਿੰਦੀ ਇਨਕਲਾਬੀਆਂ ਨਾਲ ਮੇਲ ਰਖਦੇ ਹੋਣਗੇ। ਰੌਲਟ ਰੀਪੋਰਟ (ਰੋਲਟ ਕਮੇਟੀ ਨੂੰ ਇਨਕਲਾਬੀਆਂ ਬਾਰੇ ਸਰਕਾਰ ਹਿੰਦ ਦੇ ਸਾਰੇ ਖੁਫੀਆ ਕਾਗਜ਼ ਵੇਖਣ ਦੀ ਵੀ ਖੁਲ ਸੀ ਅਤੇ ਉਸ ਨੇ ਇਨਕਲਾਬੀਆਂ ਵਿਰੁਧ ਕੇਸ ਤਿਆਰ ਕਰਨ ਖਾਤਰ ਉਨ੍ਹਾਂ ਦੀਆਂ ਕਾਰਰਵਾਈਆਂ ਦੇ ਗਰਮ ਪਹਿਲੂਆਂ ਨੂੰ ਪ੍ਰਗੱਟਾਉਣੋਂ ਸੰਕੋਚ ਨਹੀਂ ਕੀਤਾ) ਵਿਚ ਕ੍ਰਿਸ਼ਨ ਜੀ ਵਰਮਾ ਅਤੇ ਉਨ੍ਹਾਂ ਦੇ ਸਾਥੀਆਂ ਦੇ ਅੰਗਰੇਜ਼ਾਂ ਵਿਰੁਧ ਯੂਰਪ ਵਿਚ ਕੀਤੇ ਪ੍ਰਚਾਰ ਦਾ ਜ਼ਿਕਰ ਹੈ, ਜਾਂ ਉਨ੍ਹਾਂ ਦੇ ਦਹਿਸ਼ਤਪਸੰਦ ਇਨਕਲਾਬੀਆਂ ਨਾਲ ਵਿੰਗੇਂ ਸਿਧੇ ਸੰਬੰਧਾਂ ਦਾ। ਗਦਰ ਪਾਰਟੀ ਬਣਨ ਤੋਂ ਪਹਿਲੋਂ ਲਾ: ਹਰਦਿਆਲ ਦੀ ਵੱਧ ਤੋਂ ਵੱਧ ਗਰਮ ਇਸੇ ਕਾਰਰਵਾਈ ਦਾ ਜ਼ਿਕਰ ਆਉਂਦਾ ਹੈ ਕਿ ਉਨ੍ਹਾਂ ਯੂਰਪ ਤੋਂ ਹਿੰਦ ਵਾਪਸ ਆਕੇ ਸੰਨ ੧੯੦੮ ਵਿਚ ਲਾਹੌਰ ਇਕ ਕਲਾਸ ਖੋਲੀ, ਜਿਸ ਵਿਚ

---

*Rowlatt Report, p. 119.

†War Speeches of sir Micheal O' Dwyer.

---

*First Case, The Connection of the Revolutionists with Germany; Second Case, Judgement, p. 102.

†Third case, Judgement, p. 61.

‡ਅਮਰੀਕਾ ਵਿਚ ਬਿਨਾਂ ਮਜ਼ਹਬ ਦੇ ਲਿਹਾਜ ਦੇ ਸਭ ਹਿੰਦੀਆਂ ਨੂੰ ਹਿੰਦੂ ਕਿਹਾ ਜਾਂਦਾ ਹੈ।

§San Francisco Trial, charge to the Jury by the Judge, p. 696.



Digitized by Panjab Digital Library | www.panjabdigilib.org

ਬਾਈਕਾਟ ਅਤੇ ਸ਼ਾਂਤਮਈ ਸਤਿਆਗ੍ਰਹਿ ਰਾਹੀਂ ਅੰਗਰੇਜ਼ੀ ਰਾਜ ਖਤਮ ਕਰਨ ਦਾ ਪ੍ਰਚਾਰ ਕੀਤਾ* । ਇਸ ਤੋਂ ਵੱਧ ਰੌਲਟ ਰੀਪੋਰਟ ਜਾਂ ਕਿਸੇ ਹੋਰ ਲਿਖਤ ਤੋਂ ਅਜੇ ਤਕ ਇਹ ਸਾਬਤ ਨਹੀਂ ਹੋ ਸਕਿਆ ਕਿ ਗਦਰ ਪਾਰਟੀ ਬਣਨ ਤੋਂ ਪਹਿਲੋਂ ਲਾ: ਹਰਦਿਆਲ ਨੇ ਫੌਜੀ ਜਾਂ ਜਨਤਕ ਹਥਿਆਰਬੰਦ ਬਗ਼ਾਵਤ ਰਾਹੀਂ ਹਿੰਦ ਨੂੰ ਅਜ਼ਾਦ ਕਰਾਉਣ ਦੀ ਕੋਈ ਅਮਲੀ ਪਲੈਨ ਜਾਂ ਸਕੀਮ ਬਣਾਈ । ਪਰ ਇਹ ਐਨ ਮੁਮਕਿਨ ਹੈ ਕਿ ਲਾ: ਹਰਦਿਆਲ ਯੂਰਪ ਵਿਚ ਅੰਗਰੇਜ਼ ਵਿਰੋਧੀ ਅਨਸਰਾਂ, ਜਿਨ੍ਹਾਂ ਵਿਚ ਸ਼ਾਇਦ ਇਕੜ ਦੁਕੜ ਜਰਮਨ ਵੀ ਹੋਣ, ਨਾਲ ਮਿਲਦੇ ਮਿਲਾਉਂਦੇ ਰਹੇ । ਸਿਰਫ ਇਤਨੀ ਗੱਲ ਤੋਂ ਖਿਚ ਖਿਚਾ ਕੇ ਇਹ ਲੜੀ ਜੋੜਨ ਦੀ ਕੋਸ਼ਸ਼ ਕੀਤੀ ਗਈ ਜਾਪਦੀ ਹੈ ਕਿ ਲਾ: ਹਰਦਿਆਲ ਨੇ ਯੂਰਪ ਵਿਚ ਜਰਮਨ ਸਰਕਾਰ ਜਾਂ ਜਰਮਨ ਏਜੰਟਾਂ ਨਾਲ ਬਣਾਈ ਕਿਸੇ ਸਕੀਮ ਮੁਤਾਬਿਕ ਅਮਰੀਕਾ ਵਿਚ ਗਦਰ ਪਾਰਟੀ ਕਾਇਮ ਕੀਤੀ । ਪਰ ਇਸ ਲੜੀ ਜੋੜਨ ਦੇ ਰਾਹ ਵਿਚ, ਕਾਨੂੰਨੀ ਸਬੂਤ ਦੀ ਅਣਹੋਂਦ ਤੋਂ ਇਲਾਵਾ, ਕਈ ਹੋਰ ਵਿਰੋਧੀ ਵਜ਼ਨੀ ਦਲੀਲਾਂ ਹਨ ।

ਇਨਕਲਾਬੀ ਨਜ਼ਰੀਏ ਤੋਂ ਲਾ: ਹਰਦਿਆਲ ਵਿਚ ਸਭ ਤੋਂ ਵੱਡਾ ਨੁਕਸ ਇਹ ਸੀ ਕਿ ਉਨ੍ਹਾਂ ਦੇ ਵੀਚਾਰ ਬਹੁਤ ਬਦਲਦੇ ਰਹਿੰਦੇ ਸਨ†, ਜਿਸ ਬਾਰੇ ਉਨ੍ਹਾਂ ਦੇ ਨਿਕਟ ਵਰਤੀ ਭਾ: ਪਰਮਾਨੰਦ (ਜਿਨ੍ਹਾਂ ਨੂੰ ਲਾ: ਹਰਦਿਆਲ ਨੇ ਹਿੰਦ ਦੇ ਸਤਿਕਾਰ ਯੋਗ ਨੇਤਾਵਾਂ ਵਿਚੋਂ ਇਕ ਮਿਥਿਆ ਹੈ*) ਨੇ ਪੁਸ਼ਟੀ ਕੀਤੀ ਹੈ† । ਯੂਰਪ ਤੋਂ ਲਾ: ਹਰਦਿਆਲ ਨਾ ਤਾਂ ਸਿੱਧੇ ਅਮਰੀਕਾ ਆਏ ਅਤੇ ਨਾ ਕਿਸੇ ਤਹਿ ਕੀਤੀ ਹੋਈ ਸਕੀਮ ਅਨੁਸਾਰ ਗਦਰ ਪਾਰਟੀ ਵਰਗੀ ਕੋਈ ਜਥੇਬੰਦੀ ਕਾਇਮ ਕਰਨ ਜਾਂ ਕੋਈ ਰਾਜਸੀ ਮੁਹਿਮ ਚਲਾਉਣ । ਭਾਈ ਪਰਮਾਨੰਦ ਦਸਦੇ ਹਨ ਕਿ ਲਾ: ਹਰਦਿਆਲ ਕਿਵੇਂ ਫਰਾਂਸ ਵਿਚ ਰਾਜਨੀਤਕ ਕੰਮ ਤੋਂ ਬਿਲਕੁਲ ਨਿਰਾਸ ਹੋ ਕੇ ਅਲਜੇਰੀਆ (ਅਫ੍ਰੀਕਾ) ਤਪੱਸਿਆ ਕਰਨ ਚਲੇ ਗਏ । ਅਲਜੇਰੀਆ ਦਾ ਮਹੌਲ ਪਸੰਦ ਨਾ ਆਇਆ ਅਤੇ ਵਾਪਸ ਫਰਾਂਸ ਆ ਗਏ । ਓਥੋਂ ਫਿਰ ਤਪੱਸਿਆ ਕਰਨ ਦੀ ਖਾਤਰ ਵੈਸਟ ਇੰਡੀਜ਼ ਦੇ ਟਾਪੂਆਂ ਵਿਚੋਂ ਇਕ ਮਾਰਟਨੀਕ (Martinique) ਨਾਮੀਂ ਟਾਪੂ ਵਿਚ ਚਲੇ ਗਏ‡ । ਜਦ ਭਾਈ ਪਰਮਾਨੰਦ ਉਨ੍ਹਾਂ ਨੂੰ ਓਥੇ ਮਿਲੇ, ਤਾਂ ਲਾ: ਹਰਦਿਆਲ ਨੇ ਦਸਿਆ ਕਿ ਉਹ ਦੁਨੀਆ ਨੂੰ ਬੁੱਧ ਦੀ ਤਰ੍ਹਾਂ ਇਕ ਨਵਾਂ ਮਜ਼ਬ ਦੇਣਾ ਚਾਹੁੰਦੇ ਸਨ ਅਤੇ ਇਸ ਦੀ ਤਿਆਰੀ ਕਰ ਰਹੇ ਸਨ । ਭਾਈ ਪਰਮਾਨੰਦ ਦੇ ਸਮਝਾਉਣ ਉੱਤੇ ਲਾ: ਹਰਦਿਆਲ ਨੇ ਤਪੱਸਿਆ ਛੱਡ ਦਿਤੀ ਅਤੇ ਆਰੀਆ ਨਸਲ ਦੀ ਪੁਰਾਣੀ ਸਭਿਆਚਾਰ ਨੂੰ ਫੈਲਾਉਣ ਖਾਤਰ ਹਾਰਵਰਡ (ਅਮਰੀਕਾ) ਚਲੇ ਗਏ । ਹਾਰਵਰਡ ਦਾ ਪਉਣ ਪਾਣੀ ਮੁਆਫਕ ਨਾ ਆਉਣ ਕਰਕੇ ਪ੍ਰੋ: ਤੇਜਾ ਸਿੰਘ ਦੀ ਸਲਾਹ ਮੰਨ ਕੇ ਕੈਲੇਫੋਰਨੀਆ ਗਏ । ਪਰ ਪੁਰਾਣੇ (ਤਪੱਸਿਆ ਕਰਨ ਵਾਲੇ) ਵੀਚਾਰਾਂ ਦਾ ਫਿਰ ਜ਼ੋਰ ਪੈਜਾਣ ਕਰਕੇ ਓਥੋਂ ਹੋਨੋਲੁਲੂ ਚਲੇ ਗਏ । ਹੋਨੋਲੁਲੂ ਤੋਂ ਲਾ: ਹਰਦਿਆਲ ਫਿਰ ਕੈਲੇਫੋਰਨੀਆ (ਸੈਨਫ੍ਰਾਂਸਿਸਕੋ) ਆ ਗਏ* ।

ਲਾ: ਹਰਦਿਆਲ ਦੇ ਆਪਣੇ ਮਜ਼ਮੂਨ (ਜੋ ਉਨ੍ਹਾਂ ਨੇ ੨੮ ਅਪ੍ਰੈਲ ੧੯੧੧ ਨੂੰ ਬਰਕਲੇ ਤੋਂ ਲਿਖਿਆ) ਤੋਂ ਵੀ ਉਨ੍ਹਾਂ ਦੇ ਉਸ ਸਮੇਂ ਦੀ ਮਾਨਸਕ ਅਵੱਸਥਾ ਅਤੇ ਕਿਸੇ ਗਰਮ ਆਬੋ-ਹਵਾ ਵਾਲੇ ਥਾਂ ਦੀ ਤਪੱਸਿਆ ਖਾਤਰ ਢੂੰਡ ਪ੍ਰਗੱਟ ਹੁੰਦੀ ਹੈ । ਲਾ: ਹਰਦਿਆਲ ਲਿਖਦੇ ਹਨ :–"ਮੈਂ ਅਜੇ ਵੀ ਓਥੋਂ (ਹਰਦਵਾਰ ਅਤੇ ਰਿਖੀਕੇਸ਼) ਦੀ ਸੁਖਦਾਈ ਹਵਾ ਦੇ ਸਾਹ ਅਤੇ ਵੀਚਾਰ-ਉਕਸਾਊ, ਚਿੰਤਾ-ਨਿਵਾਰੂ ਅਤੇ ਰੂਹ ਨੂੰ ਹੁਲਾਰਾ ਦੇਣ ਵਾਲੇ ਇਕਾਂਤ ਦੇ ਵਾਯੂਮੰਡਲ, ਜੋ ਉਸ ਪਵਿੱਤ੍ਰ ਇਲਾਕੇ ਦੀ ਹਰ ਇਕ ਨੁਕਰ ਵਿਚ ਪਸਰਿਆ ਹੋਇਆ ਹੈ, ਨੂੰ ਲੋਚਦਾ ਹਾਂ । ਅਤੇ ਮੈਂ ਪੱਛਮ ਵਿਚ ਇਹੋ ਜਿਹੀ ਜਗ੍ਹਾ ਢੂੰਡਣ ਦੀ ਕੋਸ਼ਸ਼ ਕਰ ਰਿਹਾ ਹਾਂ ਜਿਥੇ ਮੈਂ ਸ੍ਵੈ-ਪਰਫੁਲਤਾ (Self development) ਦੇ ਕਰਮ ਨੂੰ ਸੰਪੂਰਨ ਕਰ ਸਕਾਂ, ਜਿਹੜਾ ਸਿਰਫ ਨਿੱਘੀ ਅਤੇ ਸਾਮਾਨ ਰੁੱਤ ਵਿਚ ਹੀ ਸਫਲਤਾ ਪ੍ਰਾਪਤ ਕਰ ਸਕਦਾ ਹੈ......... ਸ਼ਾਇਦ ਮੈਂ ਦਖਣੀ ਕੈਲੀਫੋਰਨੀਆ ਵਿਚ ਸ਼ਾਂਤੀ ਅਤੇ ਅਮਨ ਦਾ ਉਹ ਅਸਥਾਨ ਲਭ ਸਕਾਂ ਜਿਸ ਦੀ ਮੈਂ ਦੇਰ ਤੋਂ ਢੂੰਡ ਵਿਚ ਹਾਂ, ਅਤੇ ਜਿਥੇ ਹਿੰਦ ਵਰਗੀ ਰੁਤ ਬੇ-ਅੱਟਕਾ ਸਿਲਸਿਲੇ ਵਾਰ ਸਮਾਧੀ ਲਾਉਣੀ ਮੁਮਕਿਨ ਬਣਾਉਂਦੀ ਹੈ ਅਤੇ ਉਤਸ਼ਾਹੀ ਖੋਜੀ ਨੂੰ ਸਚੇ ਸੰਨਿਆਸ ਦਾ ਅਭਿਆਸ ਕਰਨ ਦੇ ਕਾਬਿਲ ਬਣਾਉਂਦੀ ਹੈ† ।"

ਜੇ ਇਹ ਫਰਜ਼ ਵੀ ਕਰ ਲਿਆ ਜਾਏ ਕਿ ਲਾ: ਹਰਦਿਆਲ ਦੀ ਅਮਰੀਕਾ ਆਉਣ ਤੋਂ ਪਹਿਲੋਂ ਯੂਰਪ ਵਿਚ ਜਰਮਨਾਂ ਨਾਲ ਕੋਈ ਸਾਜ਼ ਬਾਜ਼ ਸੀ, ਤਾਂ ਵੀ ਉਹ ਯੂਰਪ ਵਿਚ ਹੀ ਆਪਣੀ ਜ਼ਿੰਦਗੀ ਦਾ ਪੈਂਤੜਾ ਬਦਲ ਚੁਕੇ ਸਨ । ਭਾ: ਪਰਮਾਨੰਦ ਮੁਤਾਬਕ ਉਹ ਰਾਜਸੀ ਕੰਮਾਂ ਤੋਂ ਬਿਲਕੁਲ ਨਿਰਾਸ ਹੋਕੇ ਤਪੱਸਿਆ ਲਈ ਅਲਜੇਰੀਆ ਅਤੇ ਵੈਸਟ ਇੰਡੀਜ਼ ਦੇ ਟਾਪੂਆਂ ਆਦਿ ਵਿਚ ਫਿਰਦੇ ਫਿਰਾਉਂਦੇ ਰਹੇ । ਲਾ: ਹਰਦਿਆਲ ਦੀ ਉਪਰੋਕਤ ਅਮਰੀਕਾ ਤੋਂ ਭੇਜੀ ਆਪਣੀ ਲਿਖਤ ਤਾਂ ਇਸ ਵਿਚ ਸ਼ੱਕ ਨੂੰ ਗੁੰਜਾਇਸ਼ ਨਹੀਂ ਰਹਿਣ ਦਿੰਦੀ ਕਿ ਜਦ ਉਹ ਬਰਕਲੇ (ਅਮਰੀਕਾ) ਸਨ, ਉਨ੍ਹਾਂ ਦੀ ਮਾਨਸਕ ਅਵੱਸਥਾ ਉਸ ਦ੍ਰਿੜ੍ਹ ਇਰਾਦੇ ਵਾਲੇ ਇਨਕਲਾਬੀ ਦੀ ਨਹੀਂ ਸੀ ਜੋ ਕਿਸੇ ਨੀਯਤ ਕੀਤੀ ਹੋਈ ਸਕੀਮ ਨੂੰ ਸਿਰੇ ਚਾੜ੍ਹਨ ਲਈ ਆਇਆ ਹੋਵੇ । ਭਾਈ ਪਰਮਾ ਨੰਦ ਇਹ ਵੀ ਦੱਸਦੇ ਹਨ ਕਿ ਜਦ ਲਾ: ਹਰਦਿਆਲ ਹੋਨੋਲੁਲੂ ਤੋਂ ਵਾਪਸ ਅਮਰੀਕਾ ਮੁੜੇ ਤਾਂ ਅਜੇ ਵੀ ਉਨ੍ਹਾਂ ਦਾ ਰੁਝਾਨ ਤਪੱਸਿਆ ਕਰਨ ਵਲ ਸੀ, ਜਿਸ ਨੂੰ ਬਦਲਣ ਦੀ ਭਾ: ਪਰਮਾਨੰਦ ਨੇ ਕੋਸ਼ਸ਼ ਕੀਤੀ* ।

ਉਪਰੋਕਤ ਵੀਚਾਰ ਤੋਂ ਇਲਾਵਾ ਵਡੀ ਹਕੀਕਤ ਇਹ ਹੈ ਕਿ ਗਦਰ ਪਾਰਟੀ ਲਹਿਰ ਲਾ: ਹਰਦਿਆਲ ਜਾਂ ਕਿਸੇ ਹੋਰ ਇਕੜ ਦੁਕੜ ਵਿਯੱਕਤੀ ਜਾਂ ਗਰੁਪ ਦੀ ਰਚਨਾ ਨਹੀਂ ਸੀ । ਇਹ ਦੂਸਰੀ ਵਡੀ ਗਲਤ ਫਹਿਮੀ ਹੈ ਜਿਸ ਦਾ ਨਿਰਣਾ ਕਰਨਾ ਨਾ ਕੇਵਲ ਇਹ ਸਪੱਸ਼ਟ ਕਰਨ ਵਾਸਤੇ ਜ਼ਰੂਰੀ ਹੈ ਕਿ ਗਦਰ ਪਾਰਟੀ ਜਰਮਨਾਂ ਨਾਲ ਲਾ: ਹਰਦਿਆਲ ਦੀ ਕਿਸੇ ਬਣਾਈ ਸਕੀਮ ਦਾ ਨਤੀਜਾ ਨਹੀਂ ਸੀ, ਬਲਕਿ ਇਸ ਨਿਰਣਯ ਬਿਨਾਂ

*Rowlatt Report, p. 144.

†ਪਹਿਲਾ ਸੰਸਾਰ ਯੁਧ ਖਤਮ ਹੋਣ ਪਿਛੋਂ Forty four months in Germany and Turkey ਨਾਮੀ ਕਿਤਾਬ ਛਪੀ, ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਲਾ: ਹਰਦਿਆਲ ਦੀ ਰਚਿਤ ਹੈ । ਇਸ ਕਿਤਾਬ ਵਿਚ ਹਿੰਦ ਵਿਚ ਅੰਗਰੇਜ਼ੀ ਰਾਜ ਬਹੁਤ ਲੰਮੇ ਅਰਸੇ ਲਈ ਜਾਰੀ ਰਹਿਣ ਦੀ ਲੋੜ ਉੱਤੇ ਜ਼ੋਰ ਦਿਤਾ ਗਿਆ ਹੈ, ਅਤੇ ਅੰਗਰੇਜ਼ਾਂ ਦੀ ਇਤਨੀ ਤਾਰੀਫ ਅਤੇ ਸਰਕਾਰਾਂ ਦੀ ਇਤਨੀ ਨਿਖੇਧੀ

ਕੀਤੀ ਗਈ ਹੈ ਕਿ ਕੇਵਲ ਇਸ ਨੂੰ ਪੜ੍ਹਨ ਤੋਂ ਇਹ ਸੁਫਨੇ ਵਿਚ ਵੀ ਖਿਆਲ ਨਹੀਂ ਆ ਸਕਦਾ ਕਿ ਇਸਦਾ ਕਰਤਾ ਕਦੇ ਗਦਰ ਪਾਰਟੀ ਦੇ ਮੋਢੀਆਂ ਵਿਚੋਂ ਹੋ ਸਕਦਾ ਸੀ ।

*Modern Review, Calcutta, Juiy, 1911, pp. 1-11.

†Bh. Parmanand, p. 61.

‡Isemonger, p. 2.

*Bh. Parmanand, pp. 46-60.

†Modern Review, July, 1911, pp. 1-11.

*Bh. Parmanand, p. 60.

ਅਗਲੇ ਕਾਂਡਾਂ ਵਿਚ ਦਿਤੇ ਇਸ ਲਹਿਰ ਦੇ ਅਸਲੇ ਅਤੇ ਇਸ ਲਹਿਰ ਨਾਲ ਸੰਬੰਧਤ ਕਈ ਵਾਕਿਅਤ ਅਤੇ ਉਨ੍ਹਾਂ ਦੀ ਪੜਚੋਲ ਵੀ ਸਪੱਸ਼ਟ ਨਹੀਂ ਹੋ ਸਕੇਗੀ।

ਇਸ ਭੁਲੇਖੇ ਦਾ ਵਡਾ ਕਾਰਨ ਇਹ ਨਜ਼ਰੀਆ ਹੈ ਕਿ ਰਾਜਸੀ ਲਹਿਰਾਂ ਉਤਪਨ ਕਰਨ ਵਿਚ ਪਹਿਲ ਕੇਵਲ ਪੜ੍ਹੀ ਲਿਖੀ ਸ੍ਰੇਣੀ ਵਲੋਂ ਆ ਸਕਦੀ ਹੈ, ਆਮ ਜਨਤਾ ਵਲੋਂ ਨਹੀਂ। ਹਿੰਦ ਵਿਚ ਕੌਮੀ ਲਹਿਰ ਦੇ ਵਿਕਾਸ ਦੇ ਢੰਗ ਨੇ ਹਿੰਦ ਵਿਚ ਇਸ ਨਜ਼ਰੀਏ ਨੂੰ ਹੋਰ ਵੀ ਪੁਖਤਾਇਆ ਹੈ। ਅੰਗਰੇਜ਼ੀ ਰਾਜ ਤੋਂ ਪਹਿਲੋਂ ਹਿੰਦ ਵਿਚ ਕੌਮੀਅਤ ਦਾ ਅਭਾਵ ਸੀ। ਸਰਮਾਏਦਾਰੀ ਪ੍ਰਬੰਧ ਅਤੇ ਪਛਮੀ ਸਭਿਆਚਾਰ ਨਾਲ ਜੁੜਣ, ਅਤੇ ਯੂਰਪੀਨ ਇਤਹਾਸ, ਵਿਦਿਆ ਅਤੇ ਕੌਮਾਂਤਰੀ ਘਟਨਾਵਾਂ, ਤੋਂ ਦੇਸ ਦੀ ਪੜੀ ਲਿਖੀ ਸ਼੍ਰੇਣੀ ਨੇ ਸਭ ਤੋਂ ਪਹਿਲੋਂ ਕੌਮੀਅਤ ਦਾ ਨਵੀਨ ਰਾਜਸੀ ਸਬਕ ਸਿਖਿਆ, ਜਿਸ ਨੂੰ ਰਿਸਕ ਰਿਸਕ ਕੇ ਸਾਧਾਰਨ ਜਨਤਾ ਤਕ ਅਪੜਨ ਅਤੇ ਉਸ ਦੇ ਇਸ ਨੂੰ ਗ੍ਰਹਿਣ ਕਰਨ ਵਿਚ ਕਾਫੀ ਵਕਤ ਲਗਾ। ਇਸ ਤਰ੍ਹਾਂ ਹਿੰਦੀ ਕੌਮੀ ਲਹਿਰ ਦਾ ਮੁਢ ਅਤੇ ਉਭਾਰ ਹੇਠੋਂ ਜਨਤਾ ਵਲੋਂ ਹੋਣ ਦੀ ਬਜਾਏ ਉਪਰੋਂ ਪੜ੍ਹੀ ਲਿਖੀ ਸ੍ਰੇਣੀ ਵਲੋਂ ਹੋਇਆ।

ਪਰ, ਜਿਵੇਂ ਪਿਛਲੇ ਦੋ ਕਾਂਡਾਂ ਵਿਚ ਦੱਸਿਆ ਜਾ ਚੁਕਾ ਹੈ, ਕੈਨੇਡਾ ਅਤੇ ਅਮਰੀਕਾ ਦੇ ਹਾਲਾਤ ਦੇ ਅਸਰ ਹੇਠ ਉਥੇ ਗਏ ਹਿੰਦੀ ਕਾਮਿਆਂ ਵਿਚ ਬਗੈਰ ਕਿਸੇ ਸਿਰਕੱਢ ਵਿਯੱਕਤੀ ਦੀ ਪ੍ਰੇਰਨਾ ਦੇ ਆਪਣੇ ਆਪ ਕੌਮੀ ਏਕਤਾ ਦਾ ਜਜ਼ਬਾ ਅਤੇ ਕੌਮੀ ਜੋਸ਼ ਪੈਦਾ ਹੋਇਆ। ਅਰਥਾਤ ਉਨ੍ਹਾਂ ਦੇ ਕੌਮੀ ਜੋਸ਼ ਦਾ ਉਭਾਰ ਸ੍ਵੈਸਿਤ (Spontaneous) ਅਤੇ ਕੁਦਰਤੀ (Organic) ਸੀ, ਜਿਸ ਦੇ ਕੈਨੇਡਾ ਅਮਰੀਕਾ ਦੇ ਹਾਲਾਤ ਅਤੇ ਪੰਜਾਬੀ ਕਿਸਾਨ ਵਰਗਾ ਅਣਖੀਲਾ ਨਰੋਆ ਅਤੇ ਦਲੇਰ ਅਨਸਰ ਦੋ ਜ਼ਰੂਰੀ ਅੰਗ ਸਨ। ਇਨ੍ਹਾਂ ਦੋਵਾਂ ਅੰਗਾਂ ਦੇ ਮਿਲਾਪ ਵਿਚੋਂ ਕਿਸੇ ਇਕ ਦੀ ਅਣਹੋਂਦ ਨਾਲ ਸ਼ਾਇਦ ਗਦਰ ਪਾਰਟੀ ਲਹਿਰ ਦੀ ਹੋਰ ਹੀ ਸ਼ਕਲ ਬਣਦੀ; ਕਿਉਂਕਿ ਇਹ ਗਲ ਅਰਥ-ਹੀਨ ਨਹੀਂ ਕਿ ਹਿੰਦੀ ਭਾਵੇਂ ਕਈ ਹੋਰ ਬਦੇਸ਼ਾਂ ਵਿਚ ਕਾਫੀ ਗਿਣਤੀ ਵਿਚ ਗਏ, ਪਰ ਹੋਰ ਕਿਧਰੇ ਵੀ ਜਨਤਕ ਪੈਮਾਨੇ ਉਤੇ ਹਿੰਦੀਆਂ ਦੀ ਅਜਿਹੀ ਇਨਕਲਾਬੀ ਲਹਿਰ ਪ੍ਰਗਟ ਨਾ ਹੋਈ। ਬਲਕਿ ਕੈਨੇਡਾ ਅਤੇ ਅਮਰੀਕਾ ਦੇ ਰਾਜਸੀ ਹਾਲਾਤ ਦੇ ਆਪਸ ਵਿਚ ਦੇ ਵਖੇਵੇਂ ਦੇ ਕਾਰਨ ਇਕੋ ਲਹਿਰ ਦੇ ਦੋਹਾਂ ਮੁਲਕਾਂ ਵਿਚ ਵਿਕਾਸਾਂ ਵਿਚ ਕਾਫੀ ਫਰਕ ਪੈ ਗਿਆ।

ਕੈਨੇਡਾ ਵਿਚ ਅਮਰੀਕਾ ਨਾਲੋਂ ਇਸ ਲਹਿਰ ਦੇ ਚਮਕਣ ਵਾਸਤੇ ਸਵਾਏ ਇਕ ਦੇ ਬਾਕੀ ਦੇ ਅੰਗ (factors) ਘਟ ਨਹੀਂ ਸਨ। ਪਿਛਲੇ ਕਾਂਡਾਂ ਵਿਚ ਵੇਖਿਆ ਜਾ ਚੁਕਾ ਹੈ ਕਿ ਦੋਵਾਂ ਮੁਲਕਾਂ ਵਿਚ ਇਕੋ ਕਿਸਮ ਦਾ ਹਿੰਦੀ ਅਨਸਰ ਗਿਆ ਅਤੇ ਉਨ੍ਹਾਂ ਵਿਰੁਧ ਤਕਰੀਬਨ ਇਕੋ ਕਿਸਮ ਦਾ ਨਸਲੀ ਤਅੱਸਬ ਕੰਮ ਕਰ ਰਿਹਾ ਸੀ; ਬਲਕਿ ਕੈਨੇਡਾ ਦੇ ਹਿੰਦੀ ਕਾਮਿਆਂ ਵਿਚ ਅਮਰੀਕਾ ਦੇ ਹਿੰਦੀ ਕਾਮਿਆਂ ਨਾਲੋਂ ਪਹਿਲੋਂ ਰਾਜਸੀ ਜਾਗਰਤੀ ਆਈ; ਗਦਰ ਪਾਰਟੀ ਬਣਨ ਤੋਂ ਪਹਿਲੋਂ ਕੈਨੇਡਾ ਦੇ ਹਿੰਦੀ ਕਾਮੇ ਵਧੇਰੇ ਜਥੇਬੰਦ ਸਨ ਅਤੇ ਉਨ੍ਹਾਂ ਦੀ ਜਦੋਜਹਿਦ ਪਹਿਲੋਂ ਸ਼ੁਰੂ ਹੋਈ, ਜਿਸ ਦੀ ਅਗਵਾਈ ਉਨ੍ਹਾਂ ਵਿਚੋਂ ਪੈਦਾ ਹੋਏ ਆਪਣੇ ਹੀ ਗਰੁਪ ਦੇ ਹੱਥ ਸੀ; ਹਿੰਦੀ ਕਾਮਿਆਂ ਨਾਲ ਨੇੜ, ਰਸੂਖ ਅਤੇ ਦਿਲੀ ਹਮਦਰਦੀ ਰੱਖਣ ਵਾਲਾ ਪੜ੍ਹਿਆ ਲਿਖਿਆ ਅਨਸਰ (ਪ੍ਰੋਫੈਸਰ ਤੇਜਾ ਸਿੰਘ ਐਮ. ਏ., ਡਾਕਟਰ ਸੁੰਦਰ ਸਿੰਘ, ਸ਼੍ਰੀ ਹਰਨਾਮ ਸਿੰਘ 'ਕਾਹਰੀ ਸਾਹਰੀ', ਸੇਠ ਰਹੀਮ, ਸ਼੍ਰੀ ਸੋਹਨ ਲਾਲ 'ਪਾਥਕ', ਸ਼੍ਰੀ ਬਲਵੰਤ ਸਿੰਘ, ਆਦਿ) ਕੈਨੇਡਾ ਵਿਚ ਮੌਜੂਦ ਸੀ; ਗਦਰ ਪਾਰਟੀ ਬਣਨ ਤੋਂ ਪਹਿਲੋਂ ਅਮਰੀਕਾ ਦੇ ਹਿੰਦੀਆਂ ਨਾਲੋਂ ਕੈਨੇਡਾ ਦੇ ਹਿੰਦੀਆਂ ਦੀ ਜਦੋਜਹਿਦ ਦਾ ਤਾਅ ਵਧੇਰੇ ਗਰਮ ਸੀ ਅਤੇ ਉਨ੍ਹਾਂ ਵਿਚ ਸੰਨ ੧੯੦੮* ਤੋਂ ਤਸ਼ੱਦਦ ਦੇ ਤਰੀਕਿਆਂ ਬਾਰੇ ਚਰਚਾ ਸ਼ੁਰੂ ਹੋ ਗਈ ਸੀ, ਜੋ ਵਧਦੀ ਵਧਦੀ ੧੯੧੨ ਅਤੇ ੧੯੧੩ ਵਿਚ ਖੁਲ੍ਹਮ ਖੁਲ੍ਹੀ ਜਲਸਿਆਂ ਵਿਚ ਪ੍ਰਗੱਟ ਹੋਣ ਲਗ ਪਈ; ਸ਼੍ਰੀ ਹਰਨਾਮ ਸਿੰਘ 'ਕਾਹਰੀ ਸਾਹਰੀ' ਪੈਰਸ ਵਿੱਚ ਹਿੰਦੀ ਇਨਕਲਾਬੀਆਂ ਨਾਲ ਚਿੱਠੀ ਪੱਤ੍ਰ ਰਾਹੀਂ ਮੇਲ ਰੱਖਦੇ ਅਤੇ ਉਨ੍ਹਾਂ ਤੋਂ ਬੰਬ ਬਨਾਉਣ ਦਾ ਨੁਸਖਾ ਪ੍ਰਾਪਤ ਕੀਤਾ†; 'ਸੰਸਾਰ' ਅਖਬਾਰ ਨੂੰ ਕੈਨੇਡਾ ਵਿਚ ਡਾਕਟਰ ਸੁੰਦਰ ਸਿੰਘ, ਸ਼੍ਰੀ ਕਰਤਾਰ ਸਿੰਘ 'ਚੰਦਨਕੇ', ਸ਼੍ਰੀ ਪਿਆਰਾ ਸਿੰਘ 'ਲੰਗੇਰੀ' ਆਦਿ ਦਾ ਗਰੁਪ ਉਸੇ ਤਰ੍ਹਾਂ ਨਿਸ਼ਕਾਮ ਸੇਵਾ ਭਾਵ ਨਾਲ ਚਲਾ ਰਿਹਾ ਸੀ ਜਿਵੇਂ ਪਿਛੋਂ 'ਗਦਰ' ਅਖਬਾਰ ਅਮਰੀਕਾ ਵਿਚ ਚਲਾਇਆ ਗਿਆ; ਸ਼੍ਰੀ ਭਗਵਾਨ ਸਿੰਘ ਨੇ ਕੈਨੇਡਾ ਦੇ ਹਿੰਦੀਆਂ ਨੂੰ ਅੰਗਰੇਜ਼ੀ ਸਾਮਰਾਜ ਵਿਰੁਧ ਐਲਾਨੀਆ ਇਨਕਲਾਬੀ ਨਾਅਰਾ ਦੇਣ ਦਾ ਉਸੇ ਕਿਸਮ ਦਾ ਪਾਰਟ ਅਦਾ ਕੀਤਾ ਜੋ ਲਾ: ਹਰਦਿਆਲ ਨੇ ਅਮਰੀਕਾ ਵਿਚ ਕੀਤਾ।

ਕਸਰ ਇਕ ਹੀ ਸੀ। ਗਦਰ ਪਾਰਟੀ ਲਹਿਰ ਵਰਗੀ ਇਨਕਲਾਬੀ ਲਹਿਰ ਦਾ ਕੈਨੇਡਾ ਸੁਰੱਖਿਅਤ ਅੱਡਾ (base) ਨਹੀਂ ਸੀ ਬਣ ਸਕਦਾ, ਕਿਉਂਕਿ ਇਸ ਦੀ ਅੰਗਰੇਜ਼ੀ ਸਾਮਰਾਜ ਨਾਲ ਸਿੱਧੀ ਟੱਕਰ ਸੀ। ਬੂਟਾ ਪੁੰਗਰਨ ਤੋਂ ਪਹਿਲੋਂ ਕੈਨੇਡਾ ਸਰਕਾਰ ਅਤੇ ਉਸ ਦੇ ਕਰਮਚਾਰੀ ਤਾਕਤ ਦੇ ਜ਼ੋਰ ਨਾਲ ਇਸ ਨੂੰ ਮਰੁੰਡ ਦਿੰਦੇ। 'ਗਦਰ' ਅਖਬਾਰ ਵਰਗੀ ਇਨਕਲਾਬੀ ਲਿਖਤ ਲਿਖਕੇ 'ਸੰਸਾਰ' ਅਖਬਾਰ ਇਕ ਤੋਂ ਵਧ ਪਰਚਾ ਨਹੀਂ ਸੀ ਜਾਰੀ ਰਖ ਸਕਦਾ, ਅਤੇ ਅਗੇ ਵੇਖਿਆ ਜਾ ਚੁਕਾ ਹੈ ਕਿ ਕਿਵੇਂ ਸ਼੍ਰੀ ਭਗਵਾਨ ਸਿੰਘ ਨੂੰ ਜ਼ਬਰਦਸਤੀ ਫੜ ਕੇ ਜਲਾਵਤਨ ਕੀਤਾ ਗਿਆ। ਅਮਰੀਕਾ ਸਰਕਾਰ, ਭਾਵੇਂ ਇਸ ਦੀ ਅੰਗਰੇਜ਼ੀ ਸਾਮਰਾਜ ਨਾਲ ਅੰਦਰੂਨੀ ਹਮਦਰਦੀ ਹੋਵੇ ਵੀ, ਨੇ ਗਦਰ ਪਾਰਟੀ ਲਹਿਰ ਨੂੰ ਕੁਚਲਣ ਵਾਸਤੇ ਤਾਕਤ ਦੀ ਵਰਤੋਂ ਨਹੀਂ ਕੀਤੀ (ਸਵਾਏ ਲਾ: ਹਰਦਿਆਲ ਨੂੰ ਫੜਨ ਅਤੇ ਗਦਰ ਪਾਰਟੀ ਦੇ ਕੁਝ ਮੈਂਬਰਾਂ ਉਤੇ ਸ਼ਿਕਾਗੋ ਅਤੇ ਸੈਨਫ੍ਰਾਂਸਿਸਕੋ ਵਿਚ ਮੁਕੱਦਮੇਂ ਚਲਾਉਣ ਦੇ ਜਦ ਉਸ ਨੂੰ ਇਨ੍ਹਾਂ ਵਿਰੁਧ ਅਮਰੀਕਾ ਦੇ ਕਾਨੂੰਨ ਦੀ ਉਲੰਘਣਾ ਕਰਨ ਦਾ ਪੱਕਾ ਸਬੂਤ ਮਿਲ ਗਿਆ), ਜਿਸ ਕਰਕੇ ਅਮਰੀਕਾ ਗਦਰ ਪਾਰਟੀ ਲਹਿਰ ਦਾ ਸੁਰੱਖਿਅਤ ਅੱਡਾ ਬਣ ਗਿਆ। ਇਹੋ ਕਾਰਨ ਹੈ ਕਿ ਪਹਿਲੇ ਸਾਜ਼ਸ਼ ਕੇਸ ਦੇ ਲਫਜ਼ਾਂ ਵਿਚ, "ਹੁਣ ਵਾਲੀ ਸਾਜ਼ਸ਼ ਅਮਰੀਕਾ ਦੇ ਪੱਛਮੀ ਕੰਢੇ ਤੋਂ ਸ਼ੁਰੂ ਹੋਈ ਅਤੇ ਵੈਨਕੋਵਰ ਅਤੇ ਸੈਨਫ੍ਰਾਂਸਿਸਕੋ ਇਸ ਦੇ ਦੋ ਵਡੇ ਸੈਂਟਰ ਸਨ। ਸ਼ੁਰੂ ਵਿਚ ਵੈਨਕੋਵਰ ਸੈਂਟਰ ਸੀ ਪਰ ਅਖੀਰ ਵਿਚ ਸੈਨਫ੍ਰਾਂਸਿਸਕੋ ਨੇ ਇਸ ਦੀ ਅਹਿਮੀਅਤ ਨੂੰ ਮੱਧਮ ਪਾ ਦਿੱਤਾ*।" ਅਰਥਾਤ ਅਮਰੀਕਾ ਕੈਨੇਡਾ ਗਏ ਹਿੰਦੀ ਕਾਮਿਆਂ ਦਾ ਅੰਗਰੇਜ਼ੀ ਸਾਮਰਾਜ ਵਿਰੁਧ ਕੌਮੀ ਜੋਸ਼ ਅਤੇ ਉਭਾਰ ਕੈਨੇਡਾ ਵਿਚ ਸ਼ੁਰੂ ਹੋਇਆ ਅਤੇ ਚਮਕਿਆ, ਪਰ ਦੋਹਾਂ ਦੇਸਾਂ ਦੇ ਰਾਜਸੀ ਹਾਲਾਤ ਦੇ ਵਖੇਵੇਂ ਦੇ ਕਾਰਨ ਪਿਛੋਂ ਆਕੇ ਇਸ ਦਾ ਪੱਕਾ ਅੱਡਾ ਅਮਰੀਕਾ ਵਿਚ ਬਣ ਗਿਆ।

ਇਸ ਕਰਕੇ ਭਾਵੇਂ 'ਗਦਰ ਪਾਰਟੀ' ਪਿਛੋਂ ਆਕੇ ਬਣੀ, ਪਰ ਕੈਨੇਡਾ ਅਮਰੀਕਾ ਦੇ ਹਿੰਦੀ ਕਾਮਿਆਂ ਵਿਚ ਅੰਗਰੇਜ਼ੀ

---

*Third Case, Judgement, p. 31.
†Mandlay Case, Judgement, p. 285.

---

*First Case, The beginning of the conspiracy and war, p. 1.



Digitized by Panjab Digital Library | www.panjabdigilib.org

ਸਾਮਰਾਜ ਵਿਰੁਧ ਉਠੇ ਕੌਮੀ ਜੋਸ਼ ਅਤੇ ਉਭਾਰ ਨੂੰ ਸਮੁਚੇ ਤੌਰ ਉੱਤੇ 'ਗਦਰ ਪਾਰਟੀ ਲਹਿਰ' ਦਾ ਨਾਮ ਦੇਣਾ ਵਧੇਰੇ ਵਾਜਬ ਹੈ; ਕਿਉਂਕਿ ਇਕ ਤਾਂ ਇਸ ਕੌਮੀ ਜੋਸ਼ ਅਤੇ ਉਭਾਰ ਨੇ 'ਗਦਰ ਪਾਰਟੀ' ਨੂੰ ਜਨਮ ਦਿੱਤਾ, ਨਾ ਕਿ 'ਗਦਰ ਪਾਰਟੀ' ਨੇ ਇਸ ਨੂੰ; ਦੂਸਰੇ ਜਿਸ ਲਹਿਰ ਦਾ 'ਗਦਰ ਪਾਰਟੀ' ਧੁਰਾ ਬਣੀ, ਉਹ ਕੈਨੇਡਾ ਦੇ ਹਿੰਦੀਆਂ ਵਲੋਂ ਗਦਰ ਪਾਰਟੀ ਬਣਨ ਤੋਂ ਪਹਿਲੋਂ ਜਾਰੀ ਕੀਤੀ ਗਈ ਮੁਹਿੰਮ ਦਾ ਇਕ ਤਰ੍ਹਾਂ ਅਗੋਂ ਜਾਰੀ ਰਹਿਣ ਵਾਲਾ ਅਮਲ ਸੀ। ਪਿਛਲੇ ਦੋ ਕਾਂਡਾਂ ਵਿਚ ਦਿਤੇ ਵਾਕਿਆਤ ਨੂੰ ਸਿਲਸਲੇ ਵਾਰ ਵੀਚਾਰਿਆਂ ਇਹ ਕਾਫੀ ਸਪੱਸ਼ਟ ਹੁੰਦਾ ਹੈ, ਅਤੇ ਗਦਰ ਪਾਰਟੀ ਲਹਿਰ ਸੰਬੰਧੀ ਸਭ ਮੁਕੱਦਮਿਆਂ ਵਿਚ ਇਸ ਹਕੀਕਤ ਨੂੰ ਤਸਲੀਮ ਕੀਤਾ ਗਿਆ ਹੈ* । ਬਲਕਿ ਰੌਲਟ ਰੀਪੋਰਟ ਵਿਚ ਲਿਖਿਆ ਹੈ ਕਿ ਕੈਨੇਡਾ ਤੋਂ ਜੋ ਹਿੰਦੀਆਂ ਦਾ ਡੈਪੂਟੇਸ਼ਨ ਇੰਗਲੈਂਡ ਅਤੇ ਹਿੰਦ ਆਇਆ ਸੀ, ਉਸ ਨੇ ਇਨਕਲਾਬ ਕਰਾਉਣ ਦੇ ਨਜ਼ਰੀਏ ਤੋਂ ਹਿੰਦ ਦੇ ਹਾਲਾਤ ਦਾ ਜਾਇਜ਼ਾ ਲਿਆ† । ਇਕ ਅੰਗਰੇਜ਼ ਲਿਖਾਰੀ ਨੇ ਤਾਂ ਇਹ ਵੀ ਲਿਖਿਆ ਹੈ ਕਿ ਇਸ ਡੈਪੂਟੇਸ਼ਨ ਨੇ ਯੂਰਪ ਅਤੇ ਹਿੰਦ ਦੇ ਇਨਕਲਾਬੀਆਂ ਨਾਲ ਤਅੱਲਕਾਤ ਪੈਦਾ ਕੀਤੇ ਅਤੇ ਅਨੁਮਾਨ ਹੈ ਕਿ ਕਾਬਲ ਦੇ ਅਮੀਰ ਨੂੰ ਵੀ ਟੋਹਣ ਦੀ ਕੋਸ਼ਸ਼ ਕੀਤੀ‡। ਇਹ ਪਤਾ ਲਾਉਣਾ ਮੁਸ਼ਕਲ ਹੈ ਕਿ ਇਹ ਰਾਏ ਕਿਸ ਸ਼ਹਾਦਤ ਦੀ ਬਿਨਾ ਉੱਤੇ ਬਣਾਈ ਗਈ ਹੈ। ਪਰ ਜੇਕਰ ਇਸ ਵਿਚ ਜ਼ਰਾ ਮਾਸਾ ਵੀ ਵਜ਼ਨ ਹੋਵੇ, ਤਾਂ ਇਸ ਦਾ ਸਾਫ ਮਤਲਬ ਹੈ ਕਿ ਗਦਰ ਪਾਰਟੀ ਬਣਨ ਤੋਂ ਪਹਿਲੋਂ ਕੈਨੇਡਾ ਦੇ ਹਿੰਦੀ ਕੁਝ ਹੱਦ ਤਕ ਉਸੇ ਰਾਹ ਉਤੇ ਚਲ ਰਹੇ ਸਨ ਜਿਸ ਉਤੇ ਪਿਛੋਂ ਗਦਰ ਪਾਰਟੀ ਚਲੀ; ਕਿਉਂਕਿ ਉਪ੍ਰੋਕਤ ਡੈਪੂਟੇਸ਼ਨ ਗਦਰ ਪਾਰਟੀ ਬਣਨ ਤੋਂ ਪਹਿਲੋਂ ੧੪ ਮਾਰਚ, ੧੯੧੩ ਨੂੰ ਇੰਗਲੈਂਡ ਅਤੇ ਹਿੰਦ ਨੂੰ ਰਵਾਨਾ ਹੋਇਆ, ਅਤੇ ਕਿਸੇ ਧਿਰ ਵਲੋਂ ਵੀ ਅਜੇ ਤਕ ਇਹ ਖਿਆਲ ਨਹੀਂ ਦਿੱਤਾ ਗਿਆ ਕਿ ਮਈ ੧੯੧੩* ਵਿਚ ਗਦਰ ਪਾਰਟੀ ਬਣਨ ਤੋਂ ਪਿਛੋਂ ਉਸ ਵਲੋਂ ਚਿੱਠੀ ਚੁਪੱਠੀ ਰਾਹੀਂ ਜਾਂ ਕਿਸੇ ਹੋਰ ਤਰ੍ਹਾਂ ਇਸ ਡੈਪੂਟੇਸ਼ਨ ਨਾਲ ਕੋਈ ਤਾਲ ਮੇਲ ਪੈਦਾ ਕੀਤਾ ਗਿਆ। ਇਸ ਤੋਂ ਇਲਾਵਾ ਇਹ ਵੀ ਧਿਆਨ ਦੇਣ ਯੋਗ ਵੀਚਾਰ ਹਨ ਕਿ ਉੱਤਰੀ ਅਮਰੀਕਨ ਦੀਪ ਦਾ ਪੱਛਮੀ ਹਿੱਸਾ (The Pacific Coast), ਜਿਥੇ ਹਿੰਦੀ ਕਾਮੇਂ ਬਹੁਤੀ ਗਿਣਤੀ ਵਿਚ ਗਏ, ਭੂਗੋਲਕ ਲਿਹਾਜ਼ ਨਾਲ ਇਕ ਇਕਾਈ ਹੈ । ਭਾਵੇਂ ਰਾਜਸੀ ਹੱਦਬੰਦੀਆਂ ਦੇ ਕਾਰਨ ਕੈਨੇਡਾ ਅਤੇ ਅਮਰੀਕਾ ਦੋ ਅੱਡ ਅੱਡ ਮੁਲਕ ਹਨ, ਪਰ ਇਨ੍ਹਾਂ ਦੇ ਪੱਛਮੀ ਸਮੁੰਦਰੀ ਕੰਢੇ ਦੇ ਇਲਾਕੇ ਉਸੇ ਤਰ੍ਹਾਂ ਇਕ ਦੂਜੇ ਨਾਲ ਲਗਵੇਂ ਹਨ ਜਿਵੇਂ ਪੰਜਾਬ ਅਤੇ ਯੂ. ਪੀ. ਦੇ। ਇਨ੍ਹਾਂ ਇਲਾਕਿਆਂ ਦੇ ਹਿੰਦੀਆਂ ਦਾ ਆਪਸ ਵਿਚ ਬਹੁਤ ਗੂੜ੍ਹਾ ਸੰਬੰਧ ਅਤੇ ਮੇਲ ਮਿਲਾਪ ਸੀ† । ਜੱਦ ਹਿੰਦੀਆਂ ਵਿਰੁਧ ਸਰਕਾਰੀ ਅਤੇ ਨੀਂਮ-ਸਰਕਾਰੀ ਦਬਾਉ ਦੇ ਕਾਰਨ ਬਹੁਤ ਸਾਰੇ ਹਿੰਦੀ ਕੈਨੇਡਾ ਵਿਚੋਂ ਅਮਰੀਕਾ ਆ ਜਾਣ

---

*First Case, The beginning of the conspiracy and war, pp. 1-3; Second Case, Judgement, p. 20; Third Case, Judgement p. 30.

†Rowlatt Report, p. 146.

‡The Punjab and the war, M. S. Leigh, p. 17.

---

*ਪੰਜਾਬ ਪੋਲੀਸ ਦੇ ਅਸਫ਼ਰਾਂ ਦੀ ਲਿਖਤ ਮੁਤਾਬਕ ਗਦਰ ਪਾਰਟੀ ੨ ਜੂਨ, ੧੯੧੩, ਨੂੰ ਬਣੀ।
(Isemonger and slattery, p. 13).

†Indians Abroad, p. 649.

ਲਈ ਮਜਬੂਰ ਹੋ ਗਏ, ਤਾਂ ਇਹ ਸੰਬੰਧ ਹੋਰ ਵੀ ਗੂੜ੍ਹੇ ਹੋ ਗਏ। ਇਸ ਕਰਕੇ, ਅਤੇ ਅੰਗਰੇਜ਼ੀ ਸਾਮਰਾਜ ਸਾਂਝਾ ਦੁਸ਼ਮਣ ਹੋਣ ਕਰਕੇ, ਅਮਰੀਕਾ ਕੈਨੇਡਾ ਦੇ ਹਿੰਦੀ ਅੰਗਰੇਜ਼ੀ ਸਾਮਰਾਜ ਵਿਰੁਧ ਆਪਣੀ ਜਦੋਜਹਿਦ ਨੂੰ ਸਾਂਝੀ ਜਦੋਜਹਿਦ ਸਮਝਦੇ ਸਨ* । ਇਹ ਇਸ ਤੋਂ ਵੀ ਸਪੱਸ਼ਟ ਹੈ ਕਿ 'ਗਦਰ ਪਾਰਟੀ' ਭਾਵੇਂ ਅਮਰੀਕਾ ਵਿਚ ਕਾਇਮ ਹੋਈ, ਪਰ ਇਸ ਦਾ ਅਸਲੀ ਨਾਮ 'ਦੀ ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ' (The Hindi Association of the Pacific Coast) ਰੱਖਿਆ ਗਿਆ। ਅਰਥਾਤ 'ਦੀ ਹਿੰਦ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ' ਦੇ ਨਾਮ ਤੋਂ ਹੀ ਸਪੱਸ਼ਟ ਹੈ ਕਿ ਇਹ ਕੈਨੇਡਾ ਅਮਰੀਕਾ ਦੋਹਾਂ ਦੇ ਪੱਛਮੀ ਹਿੱਸਿਆਂ ਦੇ ਹਿੰਦੀਆਂ ਦੀ ਸਾਂਝੀ ਜਥੇਬੰਦੀ ਸੀ, ਨਾ ਕੇਵਲ ਅਮਰੀਕਾ ਦੇ ਹਿੰਦੀਆਂ ਦੀ। ਇਹ ਹਕੀਕਤ ਇਸ ਤੋਂ ਵੀ ਪ੍ਰਗੱਟ ਹੁੰਦੀ ਹੈ ਕਿ ਪਹਿਲੇ ਸੰਸਾਰ ਯੁਧ ਦੇ ਦੌਰਾਨ ਵਿਚ ਗਦਰ ਪਾਰਟੀ ਵਲੋਂ ਹਿੰਦ ਨੂੰ ਭੇਜੇ ਇਨਕਲਾਬੀ ਜਥਿਆਂ ਵਿਚ ਕੈਨੇਡਾ ਦੇ ਹਿੰਦੀਆਂ ਨੇ ਉਸੇ ਤਰ੍ਹਾਂ ਵਧ ਚੜ੍ਹਕੇ ਹਿੱਸਾ ਲਿਆ ਜਿਵੇਂ ਅਮਰੀਕਾ ਦੇ ਹਿੰਦੀਆਂ ਨੇ† ।

ਗਦਰ ਪਾਰਟੀ ਲਹਿਰ ਦੀ ਉਤਪਤੀ ਸੰਬੰਧੀ ਪਏ ਭੁਲੇਖਿਆਂ ਦੀ ਉਪ੍ਰੋਕਤ ਪੜਚੋਲ ਪਿਛੋਂ ਬਾਕੀ ਨਿਰਣਾ ਕਰਨ ਵਾਲਾ ਅਸਲੀ ਜ਼ਰੂਰੀ ਸਵਾਲ ਇਹ ਰਹਿ ਜਾਂਦਾ ਹੈ ਕਿ ਗਦਰ ਪਾਰਟੀ ਬਣਨ ਤੋਂ ਪਹਿਲੋਂ ਕੈਨੇਡਾ ਅਮਰੀਕਾ ਦੇ ਹਿੰਦੀਆਂ ਵਿਚ ਉਠੇ ਕੌਮੀ ਜੋਸ਼ ਦੇ ਸਾਂਝੇ ਉਭਾਰ (ਜੋ 'ਗਦਰ ਪਾਰਟੀ ਲਹਿਰ' ਦਾ ਨਾ ਨਿਖੇੜਿਆ ਜਾ ਸਕਣ ਵਾਲਾ ਜ਼ਰੂਰੀ ਪਹਿਲਾ ਹਿੱਸਾ ਹੈ) ਨੇ ਅਮਰੀਕਾ ਵਿਚ ਗਦਰ ਪਾਰਟੀ ਨੂੰ ਕਿਨ੍ਹਾਂ ਹਾਲਾਤ ਵਿਚ ਅਤੇ ਕਿਵੇਂ ਜਨਮ ਦਿਤਾ । ਗਦਰ ਪਾਰਟੀ ਲਹਿਰ ਸੰਬੰਧੀ ਚਲੇ ਮੁਕੱਦਮਿਆਂ ਦੇ ਰੀਕਾਰਡਾਂ ਤੋਂ ਇਸ ਬਾਰੇ ਨਿਰਣਾ ਕਰਨ ਲਈ ਬਹੁਤਾ ਚਾਨਣਾ ਨਹੀਂ ਪੈਂਦਾ, ਕਿਉਂਕਿ ਇਨ੍ਹਾਂ ਵਿਚ ਵਧੇਰੇ ਧਿਆਨ ਗਦਰ ਪਾਰਟੀ ('ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ') ਦੀ ਨਿਯਮਕ ਕਾਇਮੀ ਵਲ ਦਿੱਤਾ ਗਿਆ ਹੈ, ਜਿਸ ਦਾ ਜ਼ਿਕਰ ਪਿਛੇ ਆ ਚੁਕਾ ਹੈ । ਹੋਰਨਾਂ ਵਸੀਲਿਆਂ ਤੋਂ ਮਿਲੀ ਇਸ ਸੰਬੰਧੀ ਵਾਕਫੀਅਤ ਵੀ ਮੁਕੰਮਲ ਨਹੀਂ, ਪਰ ਫਿਰ ਵੀ ਜੋ ਕੁਝ ਪਤਾ ਲਗ ਸਕਿਆ ਹੈ ਉਸ ਤੋਂ ਉਪ੍ਰੋਕਤ ਸਵਾਲ ਦਾ ਜਵਾਬ ਢੂੰਢਣ ਦੀ ਕੋਸ਼ਸ਼ ਕਰਨੀ ਲਾਜ਼ਮੀ ਹੈ।

ਪੰਜਾਬ ਪੋਲੀਸ ਦੇ ਅਫਸਰਾਂ ਦੇ ਗਦਰ ਸਾਜ਼ਸ਼ ਸੰਬੰਧੀ ਲਿਖੇ ਸਰਕਾਰੀ ਸਮਾਚਾਰ ਦੇ ਸ਼ੁਰੂ ਵਿਚ ਹੀ ਸਿੱਧ ਕਰਨ ਦੀ ਕੋਸ਼ਸ਼ ਕੀਤੀ ਗਈ ਹੈ ਕਿ ਇਹ ਆਮ ਪ੍ਰਚੱਲਤ ਵੀਚਾਰ ਗਲਤ ਹੈ ਕਿ ਲਾ: ਹਰਦਿਆਲ ਨੂੰ ਯੂਰਪ ਵਿਚ ਜਾਕੇ ਦੇਸ਼-ਭਗਤੀ ਦੀ ਜਾਗ ਲੱਗੀ। ਲਾ: ਹਰਦਿਆਲ ਦੇ ਸੀ. ਆਈ. ਡੀ. ਹੱਥ ਆਏ ਕਾਗਜ਼ਾਂ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਘਟੋ ਘੱਟ ਸੰਨ ੧੯੦੫ ਤੋਂ ਉਨ੍ਹਾਂ ਆਪਣੇ ਲਈ ਇਨਕਲਾਬੀ ਰਾਹ ਚੁਣ ਲਿਆ ਸੀ* । ਇਸ ਵਿਚ ਤਾਂ ਸ਼ੱਕ ਹੀ ਨਹੀਂ ਕਿ ਅਮਰੀਕਾ ਜਾਣ ਤੋਂ ਪਹਿਲੋਂ ਲਾ: ਹਰਦਿਆਲ ਦੇ ਮਨ ਵਿਚ ਅੰਗਰੇਜ਼ੀ ਸਾਮਰਾਜ ਵਿਰੁਧ ਅਖੀਰਲੇ ਦਰਜੇ ਦੀ ਨਫਰਤ ਸੀ, ਜਿਸ ਨੂੰ ਪਹਿਲੇ ਸਾਜ਼ਸ਼ ਕੇਸ ਦੇ ਜੱਜਾਂ ਨੇ ਇਕ ਕਿਸਮ ਦੇ ਸ਼ੁਦਾ ਨਾਲ

---

*ਜੋ ਕੈਨੇਡਾ ਦੇ ਹਿੰਦੀਆਂ ਦਾ ਡੈਪੂਟੇਸ਼ਨ ਇੰਗਲੈਂਡ ਅਤੇ ਹਿੰਦੁਸਤਾਨ ਗਿਆ, ਉਸ ਵਿੱਚ ਸ਼੍ਰੀ ਜਵਾਲਾ ਸਿੰਘ ਦੇ ਵਜ਼ੀਫਾਖਾਰ ਸ਼੍ਰੀ ਨੰਦ ਸਿੰਘ 'ਸਿਹਰਾ' ਨੂੰ ਕੈਲੇਫੋਰਨੀਆ (ਅਮਰੀਕਾ) ਤੋਂ ਸੱਦ ਕੇ ਸ਼ਾਮਲ ਕੀਤਾ ਗਿਆ। (Third Case, Evidence, p. 232; Isemonger and slattery, p. 4)

†Third Case, Judgement, p. 38.

---

*Isemonger and Slattery, p. 1.



Digitized by Panjab Digital Library | www.panjabdigilib.org

ਭੁਲਣਾ ਦਿਤੀ ਹੈ*, ਪਰ ਜਿਸ ਨੂੰ ਦਰਅਸਲ ਲਾ: ਹਰਦਿਆਲ ਦੀ ਇਨਤਹਾ ਦਰਜੇ ਦੀ ਦੇਸ਼ਭਗਤੀ ਦਾ ਮਾਪ ਸਮਝਿਆ ਜਾਣਾ ਚਾਹੀਦਾ ਹੈ। ਇਸ ਵਾਸਤੇ ਇਹ ਤਾਂ ਹੋ ਨਹੀਂ ਸਕਦਾ ਕਿ ਲਾ: ਹਰਦਿਆਲ ਵਿਚ ਕੌਮੀਅਤ ਦਾ ਜਜ਼ਬਾ ਟੁੰਭਣ ਵਾਸਤੇ ਅਮਰੀਕਾ ਦੇ ਵਾਯੂ ਮੰਡਲ ਦੀ ਲੋੜ ਸੀ, ਜਾਂ ਇਸ ਨੂੰ ਵਕਤ ਲਗਾ।

ਭਾ: ਪਰਮਾਨੰਦ ਮੁਤਾਬਕ ਲਾ: ਹਰਦਿਆਲ ਯੂਰਪ ਵਿਚ ਆਪਣਾ ਰਾਜਸੀ ਮਕਸਦ ਹਾਸਲ ਨਾ ਹੁੰਦਾ ਵੇਖ ਕੇ ਨਿਰਾਸ ਹੋ ਗਏ ਸਨ†। ਯੂਰਪ ਵਿਚ ਉਨ੍ਹਾਂ ਦੇ ਰਾਜਸੀ ਨਿਸ਼ਾਨੇ ਪ੍ਰਾਪਤ ਕਰਨ ਲਈ ਹਾਲਾਤ ਨਾ-ਮੁਆਫਕ ਸਨ, ਇਹ ਇਸ ਤੋਂ ਵੀ ਜ਼ਾਹਰ ਹੁੰਦਾ ਹੈ ਕਿ ਲਾ: ਹਰਦਿਆਲ ਦੀ ਰਾਏ ਵਿਚ ਸ੍ਰ: ਅਜੀਤ ਸਿੰਘ ਫਰਾਂਸ ਵਿਚ ਅਜਾਈਂ ਵਕਤ ਗਵਾ ਰਹੇ ਸਨ‡। ਪਰ ਅਮਰੀਕਾ ਦੇ ਹਿੰਦੀਆਂ ਬਾਰੇ ਲਾਲਾ ਹਰਦਿਆਲ ਨੇ ਲਿਖਿਆ ਕਿ, "ਇਸ ਵੇਲੇ ਹਿੰਦੁਸਤਾਨ ਵਿਚ ਵੱਸਣ ਵਾਲਿਆਂ ਨੂੰ ਸਿਰਫ ਨਿਰਾਸ਼ਾ ਦੇ ਕਾਲੇ ਬੋਲੇ ਬਦਲ ਦਿਸਦੇ ਹਨ, ਅਤੇ ਜਾਪਦਾ ਹੈ ਕਿ ਸੂਰਜ ਸਦਾ ਵਾਸਤੇ ਲੁਕ ਗਿਆ ਹੈ। ਪਰ ਮੈਂ ਉਹ ਆਸ਼ਾ ਦੀ ਝਲਕ ਵੇਖੀ ਹੈ ਜੋ ਉਨ੍ਹਾਂ ਨੂੰ ਨਹੀਂ ਦਿਸਦੀ। ਯੂਰਪ ਅਤੇ ਖਾਸ ਕਰ ਅਮਰੀਕਾ ਵਿਚ ਆਚਰਨ, ਦ੍ਰਿੜ੍ਹਤਾ, ਤਿਆਗ ਅਤੇ ਸਖਤ ਮੁਸ਼ੱਕਤ ਵੇਖੀ ਹੈ। ਇਥੇ ਮੈਂ ਵੇਖਿਆ ਹੈ ਕਿ ਸਾਡੇ ਦੇਸਵਾਸੀ ਨਾ-ਮੁਆਫਕ ਹਾਲਾਤ ਵਿਚ ਵੀ ਉਚੇ ਤੋਂ ਉਚੇ ਗੁਣ ਪੈਦਾ ਕਰ ਸਕਦੇ ਹਨ ਅਤੇ ਨਿਗਰ ਕਾਰਗੁਜ਼ਾਰੀ ਵਿਖਾ ਸਕਦੇ ਹਨ। ਇਥੇ ਗਾਲੜੀ ਪੁਣਾ ਘੱਟ ਅਤੇ ਕੰਮ ਜ਼ਿਆਦਾ, ਭਵਿਖਤ ਬਾਰੇ ਕਿਆਸ-ਆਰਾਈ ਘੱਟ ਅਤੇ ਵਰਤਮਾਨ ਵਿਚ ਕਾਮਯਾਬੀ ਹਾਸਲ ਕਰਨੀ ਵਧੇਰੇ......"*। ਅਮਰੀਕਾ ਗਏ ਹਿੰਦੀ ਅਨਸਰ ਬਾਰੇ ਲਾ: ਹਰਦਿਆਲ ਦੀ ਇਹ ਰਾਏ ਸੰਨ ੧੯੧੧ ਦੇ ਸ਼ੁਰੂ ਦੀ ਹੈ, ਪਰ ਸੰਨ ੧੯੧੨ ਦੇ ਅਖੀਰਲੇ ਹਿੱਸੇ ਜਾਂ ਸੰਨ ੧੯੧੩ ਦੇ ਸ਼ੁਰੂ ਤੱਕ ਉਨ੍ਹਾਂ ਨੇ ਇਸ ਅਨਸਰ ਨੂੰ ਆਪਣੇ ਕਿਸੇ ਰਾਜਸੀ ਮਕਸਦ ਲਈ ਵਰਤਣ ਦਾ ਯਤਨ ਕਿਉਂ ਨਾ ਕੀਤਾ ?

ਪੰਜਾਬ ਪੋਲੀਸ ਅਫਸਰਾਂ ਦੀ ਗਦਰ ਸਾਜ਼ਸ਼ ਸੰਬੰਧੀ ਸਰਕਾਰੀ ਲਿਖਤ ਮੁਤਾਬਕ ਲਾ: ਹਰਦਿਆਲ ਜਨਵਰੀ ੧੯੧੧ ਤਕ ਮਾਰਟਨੀਕ ਨਾਮੀ ਟਾਪੂ (ਵੈਸਟ ਇੰਡੀਜ਼) ਵਿਚ ਰਹੇ। ਫਰਵਰੀ ੧੯੧੨ ਵਿਚ ਸਟੈਂਨਫੋਰਡ (ਕੈਲੇਫੋਰਨੀਆ) ਯੂਨੀਵਰਸਟੀ ਵਿਚ ਹਿੰਦੀ ਫਿਲਾਸਫੀ ਅਤੇ ਸੰਸਕ੍ਰਿਤ ਦੇ ਪ੍ਰੋਫੈਸਰ ਨੀਯਤ ਕੀਤੇ ਗਏ, ਪਰ ਇਸੇ ਸਾਲ ਸਤੰਬਰ ਵਿਚ ਇਸ ਪਦਵੀ ਤੋਂ ਅਸਤੀਫਾ ਦੇਕੇ ਬਰਕਲੇ ਆ ਗਏ। "ਇਥੇ ਜਾਪਦਾ ਹੈ ਕਿ ਉਹ ਸ਼ੁਰੂ ਵਿਚ ਵਿਦਿਆਰਥੀਆਂ ਦੀ ਕਲੱਬ ਕਾਇਮ ਕਰਨ, ਅਨਾਰਕੀ ਦੇ ਹੱਕ ਵਿਚ ਲੈਕਚਰ ਦੇਣ ਅਤੇ ਸਾਰੇ ਹਿੰਦੀਆਂ, ਖਾਸ ਕਰ ਨੌਜਵਾਨਾਂ, ਜਿਨ੍ਹਾਂ ਨਾਲ ਉਨ੍ਹਾਂ ਦਾ ਵਾਹ ਪੈਂਦਾ, ਨੂੰ ਵਿਗਾੜਨ ਵਿਚ ਰੁਝ ਗਏ। ਸੰਨ ੧੯੧੩ ਵਿਚ ਸਾਰੇ ਅਮਰੀਕਾ ਵਿਚ ਖਿਲਰੇ ਹੋਏ ਹਿੰਦੁਸਤਾਨੀ ਕਾਮਿਆਂ ਵੱਲ ਧਿਆਨ ਦੇਣਾ ਸ਼ੁਰੂ ਕੀਤਾ ਅਤੇ ਉਨ੍ਹਾਂ ਨੂੰ ਹਿੰਦ ਵਿਚ ਅੰਗਰੇਜ਼ੀ ਰਾਜ ਵਿਰੁਧ ਭੜਕਾਉਣਾ ਸ਼ੁਰੂ ਕਰ ਦਿਤਾ"†।

ਭਾਈ ਪਰਮਾਨੰਦ ਲਿਖਦੇ ਹਨ (ਜਿਵੇਂ ਕੁਝ ਅਗੇ ਵੀ ਜ਼ਿਕਰ ਆ ਚੁਕਾ ਹੈ) ਕਿ ਪੈਰਸ ਵਿਚ ਆਪਣਾ ਰਾਜਸੀ

*First Case, The beginning of the conspiracy and war, p. 1.
†Bh. Parmanand, p. 46.
‡Mandlay Case, Evidence, p. 42.

*Modern Review, July, 1911, pp. 1—11.
†Isemonger and Slattary, p. 2.

ਨਿਸ਼ਾਨਾ ਪ੍ਰਾਪਤ ਕਰਨ ਤੋਂ ਬਿਲਕੁਲ ਨਿਰਾਸ ਹੋ ਕੇ ਲਾ: ਹਰਦਿਆਲ ਤਪੱਸਿਆ ਕਰਨ ਹਿਤ ਅਲਜੇਰੀਆ (ਅਫਰੀਕਾ) ਚਲੇ ਗਏ। ਅਲਜੇਰੀਆ ਦਾ ਮਹੌਲ ਪਸੰਦ ਨਾ ਆਉਣ ਕਰਕੇ ਵਾਪਸ ਪੈਰਸ ਆ ਗਏ, ਅਤੇ ਤਪੱਸਿਆ ਕਰਨ ਖਾਤਰ ਹੀ ਓਥੋਂ ਵੈਸਟ ਇੰਡੀਜ਼ ਦੇ ਮਾਰਟਨੀਕ ਨਾਮੀਂ ਟਾਪੂ ਚਲੇ ਗਏ। ਭਾ: ਪਰਮਾਨੰਦ ਦੀ ਪ੍ਰੇਰਨਾ ਕਰਨ ਉਤੇ ਮਾਰਟਨੀਕ ਤੋਂ ਹਾਰਵਰਡ (ਅਮਰੀਕਾ) ਚਲੇ ਗਏ। ਹਾਰਵਰਡ ਦਾ ਪਉਣ ਪਾਣੀ ਮੁਆਫਕ ਨਾ ਆਉਣ ਕਰਕੇ ਹਾਰਵਰਡ ਤੋਂ ਕੈਲੇਫੋਰਨੀਆ ਗਏ। ਪਰ ਕੁਝ ਮਹੀਨਿਆਂ ਪਿਛੋਂ ਹੀ ਤਪੱਸਿਆ ਕਰਨ ਦੇ ਵੀਚਾਰਾਂ ਦਾ ਫਿਰ ਜ਼ੋਰ ਪੈ ਗਿਆ ਅਤੇ ਹੋਨੋਲੂਲੂ ਚਲੇ ਗਏ। ਹੋਨੋਲੂਲੂ ਤੋਂ ਵਾਪਸ ਸੈਨਫ੍ਰਾਂਸਿਸਕੋ (ਕੈਲੇਫੋਰਨੀਆ) ਆਏ, ਅਤੇ ਇਸ ਸਮੇਂ ਵੀ ਤਪੱਸਿਆ ਕਰਨ ਵਾਲੇ ਵੀਚਾਰਾਂ ਨੇ ਲਾ: ਹਰਦਿਆਲ ਦੇ ਦਿਮਾਗ ਦੇ ਉਤੇ ਕਬਜਾ ਕੀਤਾ ਹੋਇਆ ਸੀ, ਜਿਨ੍ਹਾਂ ਤੋਂ ਵਰਜਣ ਲਈ ਭਾ: ਪਰਮਾਨੰਦ ਨੇ ਫਿਰ ਕੋਸ਼ਸ਼ ਕੀਤੀ। ਭਾਈ ਪਰਮਾਨੰਦ ਨੇ ਲਾ: ਹਰਦਿਆਲ ਤੋਂ ਹਿੰਦੂ ਫਿਲਸਫੇ ਬਾਰੇ ਲੈਕਚਰ ਦਿਵਾਉਣ ਦਾ ਪਰਬੰਧ ਕੀਤਾ। ਇਸ ਪਿਛੋਂ ਬਰਕਲੇ (ਸੈਨਫ੍ਰਾਂਸਿਸਕੋ ਦੇ ਬਿਲਕੁਲ ਨਜ਼ਦੀਕ) ਯੂਨੀਵਰਸਟੀ ਦੇ ਹਿੰਦੁਸਤਾਨੀ ਵਿਦਿਆਰਥੀਆਂ ਨੇ ਇਸੇ ਮਜ਼ਮੂਨ ਉਤੇ ਲਾ: ਹਰਦਿਆਲ ਦੇ ਯੂਨੀਵਰਸਟੀ ਵਿਚ ਲੈਕਚਰ ਕਰਵਾਏ, ਜਿਨ੍ਹਾਂ ਨੂੰ ਸੁਣ ਕੇ ਬਰਕਲੇ ਯੂਨੀਵਰਸਟੀ ਦਾ ਸੰਸਕ੍ਰਿਤ ਦਾ ਪ੍ਰੋਫੈਸਰ ਇਤਨਾ ਮੋਹਤ ਹੋ ਗਿਆ ਕਿ ਉਸ ਨੇ ਸਫਾਰਸ਼ ਕਰਕੇ ਲਾ: ਹਰਦਿਆਲ ਨੂੰ ਸਟੈਨਫੋਰਡ ਯੂਨੀਵਰਸਟੀ (ਜੋ ਸੈਨਫ੍ਰਾਂਸਿਸਕੋ ਤੋਂ ੫੦ ਮੀਲ ਦੇ ਕਰੀਬ ਦੂਰ ਹੈ) ਵਿਚ ਹਿੰਦੀ ਫਿਲਾਸਫੀ ਅਤੇ ਸੰਸਕ੍ਰਿਤ ਦਾ ਪ੍ਰੋਫੈਸਰ ਲਵਾ ਦਿਤਾ। ਪਰ ਸਟੈਨਫੋਰਡ ਵਿਚ ਲਾ: ਹਰਦਿਆਲ ਦੇ ਵੀਚਾਰਾਂ ਨੇ ਇਕ ਨਵਾਂ ਪਲਟਾ ਖਾਧਾ। ਉਨ੍ਹਾਂ ਦਾ ਰੁਖ ਸੋਸ਼ਲਿਜ਼ਮ ਅਤੇ ਕਮੀਊਨਿਜ਼ਮ ਵੱਲ ਹੋ ਗਿਆ, ਅਤੇ ਜਲਦੀ ਹੀ ਕਮੀਊਨਿਜ਼ਮ ਤੋਂ ਐਨਾਰਕਿਜ਼ਮ* ਵਲ। ਯੂਨੀਵਰਸਟੀ ਦੇ ਵਿਚ ਤੇ ਬਾਹਰ ਲਾ: ਹਰਦਿਆਲ ਨੇ ਸ਼ਾਦੀ, ਜਾਇਦਾਦ ਅਤੇ ਜਥੇਬੰਦ ਸਰਕਾਰ ਦੇ ਬਰਖਿਲਾਫ ਮੁਹਿੰਮ ਸ਼ੁਰੂ ਕਰ ਦਿੱਤੀ। ਯੂਨੀਵਰਸਟੀ ਦੇ ਪ੍ਰਬੰਧਕਾਂ ਲਈ ਇਹ ਗਵਾਰਾ ਕਰਨਾ ਮੁਸ਼ਕਲ ਹੋ ਗਿਆ, ਕਿਉਂਕਿ ਓਥੇ ਵਿਦਿਆਰਥਣਾਂ ਦੀ ਗਿਣਤੀ ਕਾਫੀ ਸੀ। ਇਸ ਵਾਸਤੇ ਲਾ: ਹਰਦਿਆਲ ਨੂੰ ਸਟੈਂਨਫੋਰਡ ਯੂਨੀਵਰਸਟੀ ਦੀ ਨੌਕਰੀ ਛਡਣੀ ਪਈ ਅਤੇ ਉਹ ਸੈਨਫ੍ਰਾਂਸਿਸਕੋ ਆ ਗਏ, ਜਿਥੇ ਉਨ੍ਹਾਂ ਹਿੰਦੀ ਵਿਦਿਆਰਥੀਆਂ ਨੂੰ ਆਪਣੇ ਹਮ-ਖਿਆਲ ਬਣਾ ਲਿਆ ਅਤੇ ਸਿਖ ਆਬਾਦੀ ਨਾਲ ਵਧੇਰੇ ਨਜ਼ਦੀਕੀ ਮੇਲ ਮਿਲਾਪ ਸ਼ੁਰੂ ਕਰ ਦਿੱਤਾ†।

ਪੰਜਾਬ ਦੇ ਪੋਲੀਸ ਅਫਸਰਾਂ ਦੇ ਲਿਖੇ ਸਮਾਚਾਰ (ਜਿਸ ਦਾ ਹਵਾਲਾ ਅਗੇ ਦਿੱਤਾ ਗਿਆ ਹੈ) ਅਤੇ ਭਾਈ ਪਰਮਾਨੰਦ ਦੀ ਉੱਪਰ ਦੱਸੀ ਵਾਰਤਾ ਵਿਚ ਤਫਸੀਲ ਬਾਰੇ ਕਈ ਫਰਕ ਹਨ, ਪਰ ਮੁਖ ਰੂਪ ਵਿਚ ਦੋਵੇਂ ਬਿਆਨ ਸਹਿਮਤ ਹਨ ਕਿ ਸਟੈਂਨਫੋਰਡ ਯੂਨੀਵਰਸਟੀ ਦੀ ਪ੍ਰੋਫੈਸਰੀ ਛੱਡਣ (ਅਰਥਾਤ ਸਤੰਬਰ ੧੯੧੨) ਪਿਛੋਂ ਲਾਲਾ ਹਰਦਿਆਲ ਨੇ ਹਿੰਦੀ ਵਿਦਿਆਰਥੀਆਂ ਅਤੇ ਕਾਮਿਆਂ ਨੂੰ ਆਪਣੇ ਹਮਖਿਆਲ ਬਨਾਉਣ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਇਸ ਤੋਂ ਪਹਿਲੋਂ ਉਨ੍ਹਾਂ ਇੰਵ ਕਿਉਂ ਨਾ ਕੀਤਾ, ਇਸ ਬਾਰੇ ਸਰਕਾਰੀ ਅਥਵਾ ਨੀਮ ਸਰਕਾਰੀ ਲਿਖਤਾਂ ਤੋਂ ਪਤਾ ਨਹੀਂ ਲਗਦਾ। ਇਸ ਦਾ ਜਵਾਬ ਭਾਈ ਪਰਮਾਨੰਦ ਦੀ ਲਿਖਤ ਤੋਂ ਮਿਲਦਾ ਹੈ, ਕਿਉਂਕਿ ਉਹ ਲਾ: ਹਰਦਿਆਲ ਦੇ ਨਿਕਟ ਵਰਤੀ ਹੋਣ ਕਰਕੇ ਉਨ੍ਹਾਂ ਨਾਲ ਜ਼ਾਤੀ ਮੇਲ ਮਿਲਾਪ ਅਤੇ ਚਿੱਠੀ ਚੁਪੱਠੀ ਤੋਂ ਇਹ

*ਜਿਹੜੀ ਵੀਚਾਰ ਧਾਰਾ ਹਰ ਤਰ੍ਹਾਂ ਦੀ ਜਥੇਬੰਦ ਸਰਕਾਰ ਦੇ ਵਿਰੁਧ ਹੈ।
†Bh. Parmanand, pp. 46-61.



Digitized by Panjab Digital Library | www.panjabdigilib.org

ਜਾਣਦੇ ਸਨ ਕਿ ਤਪੱਸਿਆ ਅਥਵਾ ਸਾਧਨਾਂ ਕਰਨ ਦੇ ਵੀਚਾਰਾਂ ਨੇ ਲਾ: ਹਰਦਿਆਲ ਦੇ ਦਿਮਾਗ਼ ਉੱਤੇ ਕਾਫੀ ਚਿਰ ਕਬਜ਼ਾ ਕਰੀ ਰਖਿਆ। ਸਟੈਂਨਫੋਰਡ ਯੂਨੀਵਰਸਟੀ ਵਿਚ ਕਿਸੇ ਤਰ੍ਹਾਂ ਉਨ੍ਹਾਂ ਦੇ ਵੀਚਾਰਾਂ ਨੇ ਨਵਾਂ ਪਲਟਾ ਖਾਧਾ ਅਤੇ ਰਾਜਸੀ ਮਸਲਿਆਂ ਵੱਲ ਧਿਆਨ ਦੇਣ ਲਈ ਰਸਤਾ ਸਾਫ ਹੋਇਆ।

ਸਤੰਬਰ ੧੯੧੨ ਵਿਚ ਸਟੈਂਨਫੋਰਡ ਯੂਨੀਵਰਸਟੀ ਦੀ ਪ੍ਰੋਫੈਸਰੀ ਛੱਡਣ ਵੇਲੇ ਤੋਂ ਮਈ ੧੯੧੩ ਦੇ ਔਰੇਗਨ ਸਟੇਟ ਦੇ ਦੌਰੇ (ਜਿਸ ਵਿਚ ਗਦਰ ਪਾਰਟੀ ਕਾਇਮ ਹੋਈ) ਤੱਕ ਦੇ ਵਿਚਲੇ ਸਮੇਂ ਦੇ ਲਾ: ਹਰਦਿਆਲ ਦੇ ਵੀਚਾਰਾਂ ਅਤੇ ਕਾਰਰਵਾਈਆਂ ਬਾਰੇ ਤਸਵੀਰ ਨਿਖਰਵੀਂ ਨਹੀਂ। ਭਾਈ ਪਰਮਾਨੰਦ ਇਹ ਤਾਂ ਦਸਦੇ ਹਨ ਕਿ ਲਾ: ਹਰਦਿਆਲ ਦੇ ਵੀਚਾਰ ਐਨਾਰਕਿਜ਼ਮ ਵੱਲ ਝੁਕ ਚੁਕੇ ਸਨ, ਪਰ ਇਹ ਖੋਲ੍ਹਕੇ ਨਹੀਂ ਲਿਖਿਆ ਕਿ ਲਾਲਾ ਹਰਦਿਆਲ ਨੇ ਹਿੰਦੀ ਵਿਦਿਆਰਥੀਆਂ ਨੂੰ ਆਪਣੇ ਹਮਖਿਆਲ ਬਨਾਉਣ ਅਤੇ ਹਿੰਦੀ ਕਾਮਿਆਂ ਨਾਲ ਮੇਲ ਮਿਲਾਪ ਨਜ਼ਦੀਕੀ ਕਰਨ ਦੀ ਕੋਸ਼ਸ਼ ਐਨਾਰਕਿਜ਼ਮ ਦੇ ਨਿਸ਼ਾਨੇ ਨੂੰ ਸਿਰੇ ਚੜ੍ਹਾਉਣ ਲਈ ਕੀਤੀ ਜਾਂ ਕਿਸੇ ਹੋਰ ਮਕਸਦ ਲਈ। ਜਿਸ ਪੰਜਾਬ ਪੁਲਸ ਦੇ ਅਫਸਰਾਂ ਦੀ ਲਿਖਤ ਦਾ ਅਗੇ ਜ਼ਿਕਰ ਕੀਤਾ ਗਿਆ ਹੈ, ਉਸ ਵਿਚ ਵੀ ਇਸ ਸਮੇਂ ਵਿਚ ਲਾ: ਹਰਦਿਆਲ ਦੇ ਅਨਾਰਕੀ ਦੇ ਹੱਕ ਵਿਚ ਲੈਕਚਰ ਦੇਣ ਦਾ ਜ਼ਿਕਰ ਹੀ ਆਉਂਦਾ ਹੈ, ਜਾਂ ਇਹ ਕਿ ਉਹ ਸਾਰੇ ਹਿੰਦੀਆਂ, ਖਾਸ ਕਰ ਨੌਜਵਾਨਾਂ, ਨੂੰ ਵਿਗਾੜਨ ਵਿਚ ਰੁਝ ਗਏ। ਇਸ ਤੋਂ ਜਾਪਦਾ ਹੈ ਕਿ ਰਾਜਸੀ ਵੀਚਾਰ–ਧਾਰਾ (Ideology) ਦੇ ਨਜ਼ਰੀਏ ਤੋਂ ਜਾਂ ਤਾਂ ਲਾ: ਹਰਦਿਆਲ ਦੇ ਉਸ ਸਮੇਂ ਦੇ ਰਾਜਸੀ ਵੀਚਾਰ ਅਤੇ ਨਿਸ਼ਾਨੇ ਉਨ੍ਹਾਂ ਦੇ ਸਾਹਮਣੇ ਸਾਫ ਸਪੱਸ਼ਟ ਨਹੀਂ ਸਨ, ਜਾਂ ਉਨ੍ਹਾਂ ਦੇ ਰਾਜਸੀ ਵੀਚਾਰ ਬਹੁਤ ਜਲਦੀ ਬਦਲਦੇ ਰਹਿੰਦੇ ਸਨ; ਕਿਉਂਕਿ ਐਨਾਰਕਿਜ਼ਮ ਅਤੇ ਪੰਚਾਇਤੀ ਰਾਜ ਦੇ ਨਿਸ਼ਾਨੇ (ਜੋ ਗਦਰ ਪਾਰਟੀ ਨੇ ਅਪਣਾਇਆ*) ਵਿਚ ਜ਼ਮੀਨ ਆਸਮਾਨ ਦਾ ਫਰਕ ਹੈ। ਅੰਗਰੇਜ਼ੀ ਸਾਮਰਾਜ ਵਿਰੁਧ ਅੰਦੋਲਨ ਬਾਰੇ ਧਾਰਨ ਕਰਨ ਵਾਲੇ ਅਮਲੀ ਤਰੀਕਾਕਾਰ (ਸਵਾਏ ਇਕ ਅਖਬਾਰ ਜਾਰੀ ਕਰਨ ਦੇ ਖਿਆਲ ਦੇ ਅਤੇ ਧੁੰਦਲੀ ਹਾਲਤ ਵਿਚ ਇਕ ਆਮ ਇਨਕਲਾਬੀ ਰੁਖ ਹੋਣ ਦੇ) ਬਾਰੇ ਤਸਵੀਰ ਵੀ ਸ਼ਾਇਦ ਸਪੱਸ਼ਟ ਤੌਰ ਉੱਤੇ ਉਸ ਸਮੇਂ ਉਨ੍ਹਾਂ ਦੇ ਸਾਹਮਣੇ ਨਹੀਂ ਸੀ, ਜਾਂ ਉਹ ਜਾਣ ਬੁਝ ਕੇ ਅਜੇ ਫੂਕ ਫੂਕ ਕੇ ਕਦਮ ਪੁਟਦੇ ਸਨ (ਜਿਹੜਾ ਅਮਲ ਅਮਰੀਕਾ ਦੇ ਆਜ਼ਾਦੀ ਵਾਲੇ ਖੁਲ੍ਹੇ ਮਹੌਲ ਅਤੇ ਉਨ੍ਹਾਂ ਦੇ ਪਿਛੋਂ ਆਪਣੇ ਧਾਰਨ ਕੀਤੇ ਅਮਲ ਨਾਲ ਮੇਲ ਨਹੀਂ ਖਾਂਦਾ); ਕਿਉਂਕਿ ਪਹਿਲੇ ਸਾਜ਼ਸ਼ ਕੇਸ ਦੇ ਫੈਸਲੇ ਵਿਚ ਵਾਅਦਾ ਮੁਆਫ ਗਵਾਹ ਨਵਾਬ ਖਾਨ ਦੇ ਬਿਆਨ ਮੁਤਾਬਕ ਦਸੰਬਰ ੧੯੧੨ ਵਿਚ ਸੈਨਫ੍ਰਾਂਸਿਸਕੋ ਵਿਚ ਉਨ੍ਹਾਂ ਕੇਵਲ ਨਾਸਤਕਤਾ ਬਾਰੇ ਲੈਕਚਰ ਦਿਤਾ, ਅਤੇ ਪਰਾਈਵੇਟ ਗਲ ਬਾਤ ਵਿਚ ਨਵਾਬ ਖਾਨ ਨੂੰ ਸਮਝਾਇਆ ਕਿ ਇਸ ਤਰ੍ਹਾਂ ਕਰਨ ਤੋਂ ਉਨ੍ਹਾਂ ਦੀ ਮੁਰਾਦ ਈਸਾਈਆਂ ਵਿਚ ਕਿਸੇ ਧੁੰਧਲੇ ਤਰੀਕੇ ਨਾਲ ਪਾੜ ਪਾਉਣ ਦੀ ਸੀ†। ਪਰ ਲਾ: ਹਰਦਿਆਲ ਦੀ ਪਿਛਲੀ ਜ਼ਿੰਦਗੀ ਦੇ ਰੁਖ ਅਤੇ ਅੰਗਰੇਜ਼ੀ ਸਾਮਰਾਜ ਵਿਰੁਧ ਉਨ੍ਹਾਂ ਦੇ ਇਨਤਹਾਈ ਜਜ਼ਬੇ ਨੂੰ ਮੁਖ ਰਖਕੇ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਭਾਵੇਂ ਉਨ੍ਹਾਂ ਦਾ ਰੁਖ ਕਦੇ ਸੋਸ਼ਲਿਜ਼ਮ ਕਮੀਊਨਿਜ਼ਮ ਵੱਲ ਹੁੰਦਾ ਅਤੇ ਕਦੇ ਐਨਾਰਕਿਜ਼ਮ ਵੱਲ, ਪਰ ਜਦ ਵੀ ਉਨ੍ਹਾਂ ਦੇ ਵੀਚਾਰਾਂ ਦਾ ਰਾਜਸੀ ਦਾਇਰੇ ਵੱਲ ਮੁਹਾਣ ਹੁੰਦਾ, ਇਨ੍ਹਾਂ ਦੀ ਤਹਿ ਵਿਚ ਬੁਨਿਆਦੀ ਡੂੰਘਾ ਜਜ਼ਬਾ (ਕਦੇ ਲੁਕਵੀਂ ਅਤੇ ਕਦੇ ਪ੍ਰਗੱਟ ਹਾਲਤ ਵਿਚ) ਅੰਗਰੇਜ਼ੀ ਸਾਮਰਾਜ ਵਿਰੁਧ ਨਫਰਤ ਹੁੰਦੀ, ਅਤੇ ਅਮਲੀ ਕਾਰਵਾਈ ਦੇ ਪੱਧਰ ਉੱਤੇ ਉਨ੍ਹਾਂ ਦੀ ਰੁਚੀ ਅੰਗਰੇਜ਼ੀ ਸਾਮਰਾਜ ਉੱਤੇ ਚੋਟ ਲਾਉਣ ਲਈ ਇਨਕਲਾਬੀ ਰਾਹ ਢੂੰਢਣ ਦੀ ਹੁੰਦੀ।

ਸਤੰਬਰ ੧੯੧੨ ਤੇ ਮਈ ੧੯੧੩ ਦੇ ਦਰਮਿਆਨੀ ਸਤ ਅੱਠ ਮਹੀਨੇ ਦੇ ਸਮੇਂ ਦੇ ਲਾ: ਹਰਦਿਆਲ ਦੇ ਵੀਚਾਰਾਂ ਅਤੇ ਅਮਲੀ ਕਾਰਗੁਜ਼ਾਰੀ ਬਾਰੇ ਤਸਵੀਰ ਭਾਵੇਂ ਸਾਫ ਸਾਫ ਨਹੀਂ ਦਿਸਦੀ, ਅਤੇ ਇਸ ਬਾਰੇ ਕੁਝ ਕਿਆਸ ਆਰਾਈ ਤੋਂ ਕੰਮ ਲੈਣਾ ਪਿਆ ਹੈ, ਪਰ ਇਹ ਹਕੀਕਤ ਸਪੱਸ਼ਟ ਹੈ ਕਿ ਉਨ੍ਹਾਂ ਨੂੰ ਇਸ ਦੌਰਾਨ ਵਿਚ ਆਪਣੇ ਮਕਸਦ ਲਈ ਐਸੀ ਨਿੱਗਰ ਕਾਮਯਾਬੀ ਹਾਸਲ ਨਹੀਂ ਹੋਈ ਜੋ ਸਰਕਾਰ ਜਾਂ ਪਬਲਕ ਦਾ ਖਾਸ ਧਿਆਨ ਆਪਣੇ ਵਲ ਖਿਚਦੀ। ਜਾਪਦਾ ਹੈ ਕਿ ਉਨ੍ਹਾਂ ਦੀ ਸਰਗਰਮੀ ਜ਼ਾਤੀ ਮੇਲ ਮਿਲਾਪ, ਮੀਟਿੰਗਾਂ ਅਤੇ ਲੈਕਚਰਾਂ ਤਕ ਮਹਿਦੂਦ ਰਹੀ, ਜਿਸ ਦਾ ਖਾਸ ਅਮਲੀ ਸਿੱਟਾ ਨਾ ਨਿਕਲਿਆ। ਇਸਦਾ ਕਾਰਨ ਇਹ ਹੋ ਸਕਦਾ ਹੈ ਕਿ ਜਾਂ ਤਾਂ ਲਾ: ਹਰਦਿਆਲ ਦੇ ਆਪਣੇ ਆਪ ਵਿਚ ਉਤਸ਼ਾਹ ਦੀ ਅਜੇ ਕਮੀ ਸੀ, ਜਾਂ ਉਸ ਵਿਦਿਆਰਥੀ ਅਤੇ ਪੜ੍ਹੀ ਲਿਖੀ ਸ਼੍ਰੇਣੀ ਵਿਚ ਜਿਸ ਨਾਲ ਉਨ੍ਹਾਂ ਦਾ ਇਸ ਸਮੇਂ ਵਿਚ ਬਹੁਤਾ ਵਾਹ ਪਿਆ*। ਇਹ ਠੀਕ ਹੈ ਕਿ ਭਾਈ ਪਰਮਾਨੰਦ ਮੁਤਾਬਕ ਲਾਲਾ ਹਰਦਿਆਲ ਨੇ ਕੈਲੇਫੋਰਨੀਆ ਦੇ ਸਿਖ ਤਬਕੇ (ਜਿਸ ਤੋਂ ਉਨ੍ਹਾਂ ਦੀ ਮੁਰਾਦ ਹਿੰਦੀ ਕਾਮਿਆਂ ਤੋਂ ਜਾ[illegible] ਹੈ) ਨਾਲ ਵੀ ਮੇਲ ਮਿਲਾਪ ਸ਼ੁਰੂ ਕਰ ਦਿਤਾ ਸੀ। ਪਰ ਇਸ ਮੇਲ ਮਿਲਾਪ ਦਾ ਦਾਇਰਾ ਵਡਾ ਨਹੀਂ ਸੀ ਹੋ ਸਕਦਾ, ਕਿਉਂਕਿ ਕੈਲੇਫੋਰਨੀਆ ਵਿਚ ਹਿੰਦੀ ਕਾਮੇਂ ਬਹੁਤਾ ਖੇਤਾਂ ਵਿਚ ਕੰਮ ਕਰਦੇ ਸਨ ਅਤੇ ਇਸ ਕਰਕੇ ਬਿਖਰੇ ਹੋਏ ਸਨ। ਇਸ ਦੇ ਮੁਕਾਬਲੇ ਲਾ: ਹਰਦਿਆਲ ਦੇ ਔਰੇਗਨ ਸਟੇਟ ਦੇ ਚੰਦ ਦਿਨਾਂ ਦੇ ਦੌਰੇ ਵਿਚ (ਜਿਥੇ ਹਿੰਦੀ ਕਾਮੇਂ ਮਿਲਾਂ ਵਿਚ ਕੰਮ ਕਰਦੇ ਸਨ ਅਤੇ ਮੁਕਾਬਲਤਨ ਵਧੇਰੇ ਅਕੱਠੇ ਅਤੇ ਨੇੜੇ ਨੇੜੇ ਰਹਿੰਦੇ ਸਨ।) ਗਦਰ ਪਾਰਟੀ ਵੀ ਕਾਇਮ ਹੋ ਗਈ, ਇਸ ਦੀਆਂ ਕਈ ਸ਼ਾਖਾਂ ਵੀ ਬਣ ਗਈਆਂ, ਅਤੇ 'ਗਦਰ' ਅਖਬਾਰ ਵਾਸਤੇ ਫੰਡ ਵੀ ਕਾਫੀ ਅਕੱਠਾ ਹੋ ਗਿਆ।

ਇਸ ਦਾ ਕਾਰਨ ਵੀ ਸਪੱਸ਼ਟ ਹੀ ਜਾਪਦਾ ਹੈ। ਪਿਛਲੇ ਕੁਝ ਕਾਂਡਾਂ ਵਿਚ ਵੇਖਿਆ ਜਾ ਚੁਕਾ ਹੈ ਕਿ ਕਿਨ੍ਹਾਂ ਹਾਲਾਤ ਦੇ ਅਸਰ ਹੇਠ ਕੈਨੇਡਾ ਅਮਰੀਕਾ ਦੇ ਹਿੰਦੀ ਕਾਮਿਆਂ ਵਿਚ ਅੰਗਰੇਜ਼ੀ ਸਾਮਰਾਜ ਵਿਰੁਧ ਜਜ਼ਬਾ ਇਕ ਉਘੜਵੇਂ ਉਭਾਰ ਦੀ ਸ਼ਕਲ ਫੜ ਚੁਕਾ ਸੀ। ਵਿਦਿਆਰਥੀ ਸ਼੍ਰੇਣੀ ਇਸ ਤੋਂ ਨਿਰਲੇਪ ਨਹੀਂ ਸੀ ਰਹੀ, ਅਤੇ ਉਨ੍ਹਾਂ ਵਿਚੋਂ ਕਈਆਂ ਨੇ ਗਦਰ ਪਾਰਟੀ ਲਹਿਰ ਵਿਚ ਉੱਘਾ ਹਿੱਸਾ ਲਿਆ। ਪਰ ਸਮੂਹਕ ਤੌਰ ਉਤੇ ਕੈਨੇਡਾ ਅਮਰੀਕਾ ਵਿਚ ਗਦਰ ਪਾਰਟੀ ਲਹਿਰ ਹਿੰਦੀ ਕਾਮਿਆਂ ਦੀ ਲਹਿਰ ਵਧੇਰੇ ਸੀ। ਕੈਨੇਡਾ ਇਸ ਕੌਮੀ ਜੋਸ਼ ਦੇ ਵਿਕਾਸ ਦਾ ਅੱਡਾ ਨਹੀਂ ਸੀ ਬਣ ਸਕਦਾ, ਜਿਸ ਕਰਕੇ ਕੁਦਰਤੀ ਤੌਰ ਉੱਤੇ ਦੂਸਰਾ ਰਾਹ ਇਹੋ ਸੀ ਕਿ ਅਮਰੀਕਾ ਅੱਡਾ ਬਣੇ। ਪਰ ਅਮਰੀਕਾ ਵਿਚ ਇਕ ਐਸੀ ਸਿਰਕੱਢ ਸ਼ਖਸੀਅਤ ਦੀ ਲੋੜ ਸੀ, ਜਿਹੜੀ ਹਿੰਦੀ ਕਾਮਿਆਂ ਦਾ ਭਰੋਸਾ ਜਿੱਤ ਸਕੇ ਅਤੇ ਉਨ੍ਹਾਂ ਦੀ ਤਬੀਅਤ ਅਤੇ ਰੁਚੀਆਂ ਦੇ ਅਨਕੂਲ ਇਨਕਲਾਬੀ ਪ੍ਰੋਗਰਾਮ ਵੀ ਪੇਸ਼ ਕਰ ਸਕੇ। ਜਾਪਦਾ ਹੈ ਕਿ ਅਮਰੀਕਾ ਦੇ ਹਿੰਦੀ ਕਾਮਿਆਂ ਦੇ ਇਨਤਹਾਈ ਜੋਸ਼ ਨੇ ਲਾ: ਹਰਦਿਆਲ ਨੂੰ ਨਿਝੱਕ ਹੋਕੇ ਅਤੇ

*ਅਗਲਾ ਕਾਂਡ।

†First Case, The beginning of the conspiracy and war, p. 2.

*ਇਹ ਇਸ ਤੋਂ ਵੀ ਜਾਪਦਾ ਹੈ ਕਿ ੨ ਜੂਨ ੧੯੧੩ ਨੂੰ ਅਸਟੋਰੀਆ ਵਿਚ ਹੋਈ ਮੀਟਿੰਗ [ਜਿਸ ਵਿਚ ਗਦਰ ਪਾਰਟੀ ਬਣੀ] ਵਿਚ ਲਾ: ਹਰਦਿਆਲ ਨੇ ਕਿਹਾ ਕਿ ਉਹ ਸੈਨਫ੍ਰਾਂਸਿਸਕੋ ਦੇ ਵਿਦਿਆਰਥੀਆਂ ਵੱਲੋਂ ਪ੍ਰਤਿਨਿਧ ਹਨ (Isemonger and Slattery, pp. 12-13).

ਅਗੇ ਵੱਧ ਕੇ ਕਦਮ ਪੁਟਣ ਦਾ ਉਤਸ਼ਾਹ ਦਿਤਾ, ਅਤੇ ਲਾ: ਹਰਦਿਆਲ ਨੇ ਉਨ੍ਹਾਂ ਦੀ ਨਬਜ਼ ਨੂੰ ਤਾੜਕੇ ਉਨ੍ਹਾਂ ਦੀਆਂ ਰੁਚੀਆਂ ਦੇ ਅਨਕੂਲ* ਇਨਕਲਾਬੀ ਪ੍ਰੋਗਰਾਮ ਪੇਸ਼ ਕੀਤਾ। ਅਰਥਾਤ ਦੋਹਾਂ ਧਿਰਾਂ ਦੇ ਮਿਲਾਪ ਨੇ ਕੈਨੇਡਾ ਅਮਰੀਕਾ ਦੇ ਹਿੰਦੀ ਕਾਮਿਆਂ ਦੇ ਕੌਮੀ ਜੋਸ਼ ਦੇ ਉਭਾਰ ਦੇ ਵਿਕਾਸ ਦੀ ਇਕ ਇਤਿਹਾਸਕ ਲੋੜ ਨੂੰ ਪੂਰਾ ਕੀਤਾ, ਜਿਸ ਕਾਰਨ ਲਾ: ਹਰਦਿਆਲ ਦੀ ਸ਼ਖਸੀਅਤ ਨਾਲ ਵਾਹ ਪੈਂਦਿਆਂ ਹੀ ਅਮਰੀਕਾ ਦੇ ਹਿੰਦੀ ਕਾਮਿਆਂ† ਦਾ ਇਨਕਲਾਬੀ ਜੋਸ਼ ਤੱਟ ਫੱਟ ਇਕ ਕੇਂਦਰ ਦੇ ਉਦਾਲੇ ਆ ਅਕੱਠਾ ਹੋਇਆ। ਰਸਾਇਣ ਵਿਦਿਆ ਦੀ ਬੋਲੀ ਵਿਚ L. Hardyal served as a focus to hasten the crystallization of a super-saturated solution; ਅਰਥਾਤ ਫਲ ਪੱਕ ਕੇ ਤਿਆਰ ਸੀ ਜੋ ਲਾ: ਹਰਦਿਆਲ ਦੀ ਛੂਹ ਲਗਦਿਆਂ ਹੀ ਝੋਲੀ ਵਿਚ ਆ ਡਿੱਗਾ।

'ਗਦਰ ਪਾਰਟੀ' ਦੀ ਕਾਇਮੀ ਬਾਰੇ ਉਪ੍ਰੋਕਤ ਨਜ਼ਰੀਆ ਕੇਵਲ ਇਕ ਥੋਥਾ ਕਿਆਸ ਨਹੀਂ; ਕਿਉਂਕਿ, ਜਿਵੇਂ ਪਿਛਲੇ ਕਾਂਡ ਵਿਚ ਵੇਖਿਆ ਜਾ ਚੁਕਾ ਹੈ, ਸ੍ਰੀ ਭਗਵਾਨ ਸਿੰਘ ਦੀ ਕੇਵਲ ਤਿੰਨ ਮਹੀਨੇ ਦੀ ਕੈਨੇਡਾ ਵਿਚਫੇਰੀ ਓਥੋਂ ਦੇ ਹਿੰਦੀਆਂ ਦੇ ਕੌਮੀ ਜੋਸ਼ ਨੂੰ ਤੁਰਤ ਠੋਸ ਰੂਪ ਦੇਣ ਦਾ ਕਿਵੇਂ ਇਸੇ ਤਰ੍ਹਾਂ ਕਾਰਨ ਬਣੀ, ਹਾਲਾਂਕਿ ਇਲਮੀ ਲਿਆਕਤ ਅਤੇ ਤਿਆਗ ਦੇ ਨਜ਼ਰੀਏ ਤੋਂ ਸ੍ਰੀ ਭਗਵਾਨ ਸਿੰਘ ਦੀ ਸ਼ਖਸੀਅਤ ਲਾ: ਹਰਦਿਆਲ ਦੀ ਸ਼ਖਸੀਅਤ ਦਾ ਮੁਕਾਬਲਾ ਨਹੀਂ ਸੀ ਕਰਦੀ। ਗਦਰ ਪਾਰਟੀ ਲਹਿਰ ਦੇ ਸਮੁਚੇ ਵਿਕਾਸ ਦੇ ਵਾਕਿਆਤ (ਜਿਨ੍ਹਾਂ ਦਾ ਜ਼ਿਕਰ ਅਗਲੇ ਕਾਂਡਾਂ ਵਿਚ ਆਵੇਗਾ) ਤਾਂ ਇਸ ਵਿਚ ਸ਼ੱਕ ਨੂੰ ਗੁੰਜਾਇਸ਼ ਨਹੀਂ ਰਹਿਣ ਦਿੰਦੇ ਕਿ ਕੈਨੇਡਾ ਅਮਰੀਕਾ ਦੇ ਹਿੰਦੀ ਕਾਮਿਆਂ ਦੇ ਕੌਮੀ ਜੋਸ਼ ਨੇ ਉਪ੍ਰੋਕਤ ਲਹਿਰ ਦੇ ਤੌਰ ਉੱਤੇ ਇਕ ਐਸੇ ਬੇ-ਕਾਬੂ ਹੱੜ ਦੀ ਸ਼ਕਲ ਫੜੀ ਜਿਸ ਵਿਚ ਵਿਅੱਕਤੀਆਂ ਬੇਬੱਸ ਤੀਲਿਆਂ ਦੀ ਤਰ੍ਹਾਂ ਰੁੜ੍ਹ ਗਈਆਂ। ਸ੍ਰੀ ਹਰਨਾਮ ਸਿੰਘ 'ਟੁੰਡੀਲਾਟ' ਨੇ ਇਕ ਐਸਾ ਵਾਕਿਆ (ਜਿਸ ਦਾ ਕਿਸੇ ਲਿਖਤ ਵਿਚ ਜ਼ਿਕਰ ਨਹੀਂ, ਪਰ ਜੋ ਗਦਰ ਪਾਰਟੀ ਲਹਿਰ ਦੇ ਵਿਕਾਸ ਦੀ ਸਪਿਰਟ ਨਾਲ ਮੇਲ ਖਾਂਦਾ ਹੈ) ਦੱਸਿਆ ਹੈ ਜੋ ਅਮਰੀਕਾ ਵਿਚਲੇ ਹਿੰਦੀਆਂ ਦੇ ਉਸ ਸਮੇਂ ਦੇ ਜੋਸ਼ ਨੂੰ ਪ੍ਰਗਟ ਕਰਨ ਦੀ ਸੋਹਣੀ ਮਿਸਾਲ ਹੈ। ਜਦ ਲਾ: ਹਰਦਿਆਲ ਨੇ ਔਰੇਗਨ ਸਟੇਟ ਦੇ ਦੌਰੇ (ਜਿਸ ਵਿਚ ਗਦਰ ਪਾਰਟੀ ਬਣੀ) ਵਿਚ ਇਕ ਥਾਂ ਅੰਗਰੇਜ਼ਾਂ ਨੂੰ ਹਿੰਦ ਵਿਚੋਂ ਕਢਣ ਦੀ ਤਿਆਰੀ ਕਰਨ ਅਤੇ ਇਸ ਖਾਤਰ ਇਕ ਅਖਬਾਰ ਜਾਰੀ ਕਰਨ ਦੀ ਤਜਵੀਜ਼ ਕੀਤੀ, ਤਾਂ ਇਕ ਸਜਣ ਉੱਠ ਕੇ ਪੁਛਣ ਲਗੇ ਕਿ ਅਖਬਾਰ ਕਢਣ ਵਿਚ ਸਮਾਂ ਗਵਾਉਣ ਦੀ ਕੀ ਲੋੜ ਹੈ? ਗੱਲ ਤਾਂ ਅਸਾਂ ਸਮਝ ਲਈ ਹੈ; ਜਹਾਜ਼ ਜਾਂਦੇ ਹਨ, ਚਲੋ ਚੱਲੀਏ ਅਤੇ ਅੰਗਰੇਜ਼ਾਂ ਨੂੰ ਕੱਢੀਏ।

ਇਸ ਵਾਸਤੇ ਉਪਰੋਕਤ ਵੀਚਾਰ ਪਿਛੋਂ ਇਨ੍ਹਾਂ ਗੱਲਾਂ ਵਿਚ ਸ਼ੱਕ ਨਹੀਂ ਜਾਪਦਾ ਕਿ ਗਦਰ ਪਾਰਟੀ ਬਣਨ ਤੋਂ ਪਹਿਲੋਂ ਕੈਨੇਡਾ ਅਮਰੀਕਾ ਦੇ ਹਿੰਦੀਆਂ ਵਿਚ ਅੰਗਰੇਜ਼ੀ ਸਾਮਰਾਜ ਵਿਰੁਧ ਬਹੁਤ ਜੋਸ਼ ਮੌਜੂਦ ਸੀ; ਅਮਰੀਕਨ ਦੀਪ ਵਿਚ ਹਿੰਦੀਆਂ ਦੀ ਜਦੋਜਹਿਦ ਦਾ ਮੁਢ ਅਤੇ ਸ਼ੁਰੂ ਦਾ ਵਿਕਾਸ ਕੈਨੇਡਾ ਵਿਚ ਹੋਇਆ, ਜਿਥੇ ਲਾ: ਹਰਦਿਆਲ ਕਦੇ ਨਹੀਂ ਗਏ; 'ਗਦਰ ਪਾਰਟੀ' ਉਪ੍ਰੋਕਤ ਜੋਸ਼ ਦੀ ਪੈਦਾਇਸ਼ ਸੀ, ਅਤੇ ਜਿਸ ਲਹਿਰ ਦਾ ਪਿਛੋਂ ਆਕੇ 'ਗਦਰ ਪਾਰਟੀ' ਧੁਰਾ ਬਣੀ, ਉਹ ਲਹਿਰ ਇਸ (ਗਦਰ ਪਾਰਟੀ) ਦੇ ਬਣਨ ਤੋਂ ਪਹਿਲੋਂ ਚਲੀ ਆ ਰਹੀ ਕੈਨੇਡਾ ਅਮਰੀਕਾ ਦੇ ਹਿੰਦੀਆਂ ਦੀ ਸਾਂਝੀ ਜਦੋਜਹਿਦ ਦਾ ਇਕ ਅਗੋਂ ਜਾਰੀ ਰਹਿਣ ਵਾਲਾ ਅਮਲ ਸੀ। ਇਹ ਅਨੁਮਾਨ ਵੀ ਬੇਥੱਵਾ ਨਹੀਂ ਜਾਪਦਾ ਕਿ ਹਿੰਦੀ ਕਾਮਿਆਂ ਦੇ ਉਪ੍ਰੋਕਤ ਜੋਸ਼ ਤੋਂ ਹੀ ਸ਼ਾਇਦ ਲਾ: ਹਰਦਿਆਲ ਨੂੰ ਫਿਰ ਰਾਜਸੀ ਇਨਕਲਾਬੀ ਮੈਦਾਨ ਵਿਚ ਖੁਲਮ ਖੁਲਾ ਕੁਦ ਪੈਣ ਦੀ ਪ੍ਰੇਰਨਾ ਮਿਲੀ। ਪਰ ਇਸ ਅਨੁਮਾਨ ਨੂੰ ਨਾ ਠੀਕ ਮੰਨਦਿਆਂ ਹੋਇਆਂ ਵੀ ਇਹ ਗਲ ਕਾਫੀ ਹੱਕ ਤਕ ਸਪੱਸ਼ਟ ਹੋ ਗਈ ਜਾਪਦੀ ਹੈ ਕਿ 'ਗਦਰ ਪਾਰਟੀ ਲਹਿਰ' ਅਤੇ 'ਗਦਰ ਪਾਰਟੀ,' ਜਰਮਨੀ ਜਾਂ ਕਿਸੇ ਹੋਰ ਨਾਲ ਕਿਸੇ ਗੌਂਦ ਜਾਂ ਅਗਾਊਂ ਬਣਾਈ ਸਕੀਮ ਦਾ ਨਤੀਜਾ ਨਹੀਂ ਸਨ, ਅਤੇ ਨਾ ਹੀ ਇਹ ਕਿਸੇ ਵਿਅੱਕਤੀ ਜਾਂ ਗਰੁਪ ਦੀ ਰਚਨਾ ਸਨ। ਮੁਖ ਰੂਪ ਵਿਚ ਇਹ ਅਮਰੀਕਾ ਕੈਨੇਡਾ ਦੇ ਹਾਲਾਤ ਅਤੇ ਉਥੇ ਗਏ ਹਿੰਦੀ ਅਨਸਰ ਦੇ ਪਰਸਪਰ ਮੇਲ ਅਤੇ ਪ੍ਰਤਿਕਰਮ ਤੋਂ ਪੈਦਾ ਹੋਈਆਂ। ਨਿਯਮਕ ਤੌਰ ਉਤੇ ਵੀ ਲਾ: ਹਰਦਿਆਲ ਨੂੰ ਔਰੇਗਨ ਸਟੇਟ ਦੇ ਦੌਰੇ ਉਤੇ ਸਦੱਣ ਦੀ ਪਹਿਲ ਹਿੰਦੀ ਕਾਮਿਆਂ ਨੇ ਕੇਵਲ ਸ੍ਰੋਤ* ਹੋਣ ਉਤੇ ਕੀਤੀ; ਕਿਉਂਕਿ ਔਰੇਗਨ ਸਟੇਟ ਸੈਨਫ੍ਰਾਂਸਿਸਕੋ ਤੋਂ ਸੈਂਕੜੇ ਮੀਲ ਦੂਰ ਹੈ ਅਤੇ ਲਾ: ਹਰਦਿਆਲ ਦਾ ਔਰੇਗਨ ਸਟੇਟ ਦੇ ਹਿੰਦੀਆਂ ਨਾਲ ਪਹਿਲੋਂ ਉਕਾ ਮੇਲ ਮਿਲਾਪ ਨਹੀਂ ਸੀ।

ਪਰ ਲਹਿਰਾਂ ਭਾਵੇਂ ਸ੍ਵੈਸਿਤ ਉਤਪਨ ਹੋਣ ਅਤੇ ਇਨ੍ਹਾਂ ਦਾ ਉਭਾਰ ਹੇਠੋਂ ਜਨਤਾ ਵਲੋਂ ਉਠੇ, ਸ਼ਖਸੀਅਤ ਵਾਲੀਆਂ ਵਿਅੱਕਤੀਆਂ ਜੋ ਇਨ੍ਹਾਂ ਵਿਚ ਹਿਸਾ ਪਾਉਂਦੀਆਂ ਹਨ ਉਹ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਨਫਰਾਦੀ ਤੌਰ ਉਤੇ ਗਦਰ ਪਾਰਟੀ ਕਾਇਮ ਕਰਨ ਵਿਚ ਲਾ: ਹਰਦਿਆਲ ਦੀ ਸ਼ਖਸੀਅਤ ਨੇ ਸਭ ਤੋਂ ਨੁਮਾਇਆਂ ਪਾਰਟ ਅਦਾ ਕੀਤਾ। ਉਨ੍ਹਾਂ ਦੀ ਇਲਮੀ ਲਿਆਕਤ ਨੇ ਬਰਕਲੇ ਯੂਨੀਵਰਸਟੀ ਦੇ ਸੰਸਕ੍ਰਿਤ ਦੇ ਪ੍ਰੋਫੈਸਰ ਨੂੰ ਵੀ ਮੋਹ ਲਿਆ ਸੀ। ਕਾਬਲੀਅਤ, ਸਾਦਗੀ ਅਤੇ ਤਿਆਗ ਦੇ ਕਾਰਨ, ਯੂਨੀਵਰਸਟੀ ਅਤੇ ਕੈਲੇਫੋਰਨੀਆ ਦੇ ਅਖਬਾਰੀ ਹਲਕਿਆਂ ਵਿਚ ਉਨ੍ਹਾਂ ਖਾਸ ਮਾਨ ਪ੍ਰਾਪਤ ਕੀਤਾ, ਅਤੇ ਅਖਬਾਰਾਂ ਵਿਚ ਉਨ੍ਹਾਂ ਨੂੰ ਅਕਸਰ 'ਹਿੰਦੂ ਸੰਤ' ਦੀ ਪਦਵੀ ਦਿਤੀ ਜਾਂਦੀ*। ਉਨ੍ਹਾਂ ਦੀ ਸ਼ਖਸੀਅਤ ਨਾ ਕੇਵਲ ਅਮਰੀਕਾ ਦੇ ਹਿੰਦੀ ਕਾਮਿਆਂ ਦੇ ਜੋਸ਼ ਨੂੰ ਇਕ ਜਥੇਬੰਦ ਲਹਿਰ ਦੀ ਸ਼ਕਲ ਦੇਣ ਦਾ ਕੇਂਦਰ ਬਣੀ, ਬਲਕਿ ਉਨ੍ਹਾਂ ਦੀ ਸ਼ਖਸੀਅਤ ਦੇ ਕਾਰਨ ਅਮਰੀਕਨ ਜਾਣਕਾਰ ਹਲਕਿਆਂ ਵਿਚ ਇਸਦਾ ਮਾਣ ਵੀ ਵਧਿਆ। ਗਦਰ ਪਾਰਟੀ ਲਹਿਰ ਲਈ ਲਾ: ਹਰਦਿਆਲ ਦੀ ਇਹ ਕੀਤੀ ਸੇਵਾ ਮਾਮੂਲੀ ਨਹੀਂ, ਅਤੇ ਇਸ ਲਹਿਰ ਦੇ ਇਤਿਹਾਸ ਵਿਚ ਹਮੇਸ਼ਾਂ ਰੋਸ਼ਨ ਰਹੇ ਗੀ; ਕਿਉਂਕਿ ਗਦਰ ਪਾਰਟੀ ਨੇ ਵੀ (ਜਿਵੇਂ ਅਗਲੇ ਕਾਂਡਾਂ ਵਿਚ ਵੇਖਿਆ ਜਾਵੇਗਾ) ਸਮੁਚੇ ਤੌਰ ਉਤੇ ਗਦਰ ਪਾਰਟੀ ਲਹਿਰ ਨੂੰ ਸ਼ਕਲ ਦੇਣ ਵਿਚ ਤਕਰੀਬਨ ਲਾ: ਹਰਦਿਆਲ ਵਰਗਾ ਪਾਰਟ ਅਦਾ ਕੀਤਾ। ਅਰਥਾਤ ਗਦਰ ਪਾਰਟੀ ਨੇ ਗਦਰ ਪਾਰਟੀ ਲਹਿਰ ਨੂੰ ਇਤਨਾ ਬਣਾਇਆ ਜਾਂ ਢਾਲਿਆ ਨਹੀਂ, ਜਿਤਨਾ ਕਿ ਇਸ ਲਹਿਰ ਦੀ ਤਰਜਮਾਨੀ ਕਰਨ ਦਾ ਵਸੀਲਾ ਬਣੀ।

---

*Bh. Parmanand, p. 66.

†ਪੰਜਾਬ ਪੋਲੀਸ ਦੇ ਅਫਸਰਾਂ ਦੀ ਲਿਖਤ ਮੁਤਾਬਕ ਵੀ ਲਾਲਾ ਹਰਦਿਆਲ ਨੇ ੧੯੧੩ ਵਿਚ ਹਿੰਦੀ ਕਾਮਿਆਂ ਵਲ ਧਿਆਨ ਦਿਤਾ (Isemonger and slattery; p. 2).

*First Case, the beginning of the Conspiracy & war, p. 2; Bh: Parmanand, p. 62.

*Bh Parmanand, p. 61.

## ਛੇਵਾਂ ਕਾਂਡ

# ਗ਼ਦਰ ਪਾਰਟੀ ਦੇ ਆਦੱਰਸ਼ ਅਤੇ ਨਿਯਮ ਉਪਨਿਯਮ

ਸ਼੍ਰੀ ਸੋਹਨ ਸਿੰਘ 'ਭਕਨਾ', ਪ੍ਰਧਾਨ, ਗਦਰ ਪਾਰਟੀ, ਨੇ ਲਿਖਿਆ ਹੈ ਕਿ ਗਦਰ ਪਾਰਟੀ ਦਾ ਮੁਖ ਮੰਤਵ, ਉਸ ਦੇ ਨਿਯਮ ਉਪਨਿਯਮ ਤੇ ਪਾਰਟੀ ਦੇ ਮੈਂਬਰਾਂ ਦੇ ਫਰਜ਼ ਇਕ ਕਮੇਟੀ ਦੀ ਦੀਰਘ ਵੀਚਾਰ ਦਵਾਰਾ ਬਣਾਏ ਗਏ, ਜਿਨ੍ਹਾਂ ਵਿਚੋਂ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ ਜ਼ਰੂਰੀ ਇਹ ਹਨ*:-

**ਆਦੱਰਸ਼:**–ਆਜ਼ਾਦੀ ਤੇ ਬਰਾਬਰੀ।

**ਨਿਯਮ ਉਪਨਿਯਮ:**–(੧) ਆਜ਼ਾਦੀ ਦਾ ਹਰ ਇੱਕ ਪਰੇਮੀ, ਬਿਨਾਂ ਜ਼ਾਤ ਪਾਤ ਜਾਂ ਦੇਸ਼ ਕੌਮ ਦੇ ਲਿਹਾਜ਼ ਦੇ ਇਸ ('ਹਿੰਦੀ ਐਸੋਸੀਏਸ਼ਨ') ਵਿਚ ਸ਼ਾਮਲ ਹੋ ਸਕਦਾ ਹੈ।

(੨) ਗਦਰ ਪਾਰਟੀ ਦੇ ਹਰ ਇਕ ਸਿਪਾਹੀ ਦਾ ਆਪੋ ਵਿਚ ਦੀ ਕੌਮੀ ਨਾਤਾ ਹੋਵੇਗਾ ਨਾਂ ਕਿ ਮਜ਼੍ਹਬੀ, ਅਤੇ ਨਾ ਹੀ ਗਦਰ ਪਾਰਟੀ ਵਿਚ ਕਦੀ ਮਜ਼੍ਹਬੀ ਚਰਚਾਵਾਦ ਕੀਤੀ ਜਾਵੇਗੀ। ਆਸਤਕ (ਰੱਬ ਨੂੰ ਮੰਨਣ ਵਾਲੇ), ਨਾਸਤਕ (ਰਬ ਤੋਂ ਬੇਮੁਖ), ਹਿੰਦੂ, ਮੁਸਲਮਾਨ, ਸਿਖ, ਈਸਾਈ ਆਦਿਕ ਮਜ਼ਹਬੀ ਖਿਆਲਾਂ ਨੂੰ ਲੈਕੇ, ਕੋਈ ਆਦਮੀ ਗਦਰ ਪਾਰਟੀ ਵਿਚ ਸ਼ਾਮਲ ਨਹੀਂ ਹੋ ਸਕੇਗਾ। ਹਰ ਇਕ ਹਿੰਦੁਸਤਾਨੀ, ਹਿੰਦੁਸਤਾਨੀ ਹੁੰਦਾ ਹੋਇਆ, ਤੇ ਹਰ ਇਕ ਮਨੁਖ, ਮਨੁਖ ਹੁੰਦਾ ਹੋਇਆ, ਇਸ ਦਾ ਮੈਂਬਰ ਬਣ ਸਕੇਗਾ।

(੩) ਖਾਣ ਪੀਣ ਵਲੋਂ ਸਭ ਨੂੰ ਖੁਲ੍ਹ ਹੋਵੇਗੀ। ਭਾਵੇਂ ਕੋਈ ਮਾਸ ਖਾਵੇ ਜਾਂ ਸਬਜ਼ੀ, ਗਾਂ ਖਾਵੇ ਭਾਵੇਂ ਸੂਅਰ, ਹਲਾਲ ਖਾਵੇ ਜਾਂ ਝੱਟਕਾ, ਉਸ ਦੀ ਆਜ਼ਾਦੀ ਵਿਚ ਕਿਸੇ ਨੂੰ ਦਖਲ ਦੇਣ ਦਾ ਹੱਕ ਨਹੀਂ ਹੋਵੇਗਾ।

(੧੨) ਸੁਸਾਇਟੀ ਦਾ ਕੌਮੀ ਬੋਲਾ 'ਬੰਦੇ ਮਾਤ੍ਰਮ' ਹੋਵੇਗਾ।

**ਸਿਪਾਹੀ ਦਾ ਕਰਤੱਬ:**–(੧) ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ, ਜਿਥੇ ਕਿ ਗੁਲਾਮੀ ਦੇ ਵਿਰੁਧ ਜੰਗ ਛਿੜੇ, ਗਦਰ ਪਾਰਟੀ ਦੇ ਸਿਪਾਹੀ ਦਾ ਫਰਜ਼ ਹੋਵੇਗਾ ਕਿ ਉਹ ਆਜ਼ਾਦੀ ਤੇ ਬਰਾਬਰੀ ਦੇ ਹਾਮੀਆਂ ਦੀ ਹਰ ਤਰ੍ਹਾਂ ਤਨੋਂ ਮਨੋਂ ਸਹਾਇਤਾ ਕਰੇ।

(੨) ਹਿੰਦੁਸਤਾਨ ਦੀ ਆਜ਼ਾਦੀ ਲਈ ਤਨ, ਮਨ, ਧਨ, ਗੱਲ ਕੀ ਜਿਸ ਤਰ੍ਹਾਂ ਦੀ ਵੀ ਕੁਰਬਾਨੀ ਕਰਨੀ ਪਵੇ, ਗਦਰ ਪਾਰਟੀ ਦਾ ਸਿਪਾਹੀ ਉਸ ਤੋਂ ਅੰਗ ਨਾ ਮੋੜੇਗਾ।

(੩) ਹਿੰਦੁਸਤਾਨ ਵਿਚੋਂ ਅੰਗਰੇਜ਼ੀ ਤੇ ਇਕ ਪੁਰਖੀ ਰਾਜ ਦੀ ਸਫਾ ਵਲ੍ਹੇਟ ਕੇ 'ਇਕ ਮਈ ਪੰਚਾਇਤ' ਕਾਇਮ ਕਰਨਾ ਹਰ ਇਕ ਮੈਂਬਰ ਦਾ ਪਹਿਲਾ ਫਰਜ਼ ਹੋਵੇਗਾ।

(੪) ਬਾਰ ਬਾਰ ਫੇਲ ਹੋਣ ਪੁਰ ਵੀ ਆਪਣੇ ਆਦੱਰਸ਼ ਤੋਂ ਪਿਛੇ ਨਾ ਹਟਣਾ; ਜਦੋਂ ਤੀਕ ਗਦਰ ਪਾਰਟੀ ਦਾ ਇਕ ਮੈਂਬਰ ਵੀ ਜੀਉਂਦਾ ਰਹੇ, ਆਪਣੇ ਕੰਮ ਨੂੰ ਬਰਾਬਰ ਰੱਖਣਾ ਇਸ ਦੀ ਡਿਊਟੀ ਹੈ।

ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਸ੍ਰੀ ਸੋਹਣ ਸਿੰਘ ਨੇ ਜੇਲ੍ਹ ਵਿਚੋਂ ਸੰਨ ੧੯੩੦ ਵਿਚ ਇਹ ਬਿਆਨ ਛਪਵਾਇਆ, ਜਦ ਕਿ ਉਨ੍ਹਾਂ ਨੂੰ ਗਦਰ ਪਾਰਟੀ ਲਹਿਰ ਦੇ ਸਿਲਸਲੇ ਵਿਚ ਸੰਨ ੧੯੧੫ ਵਿਚ ਕੈਦ ਹੋਣ ਪਿਛੋਂ ਦੇਸ ਵਿਚ ਕਿਸੇ ਪਾਰਸੀ ਜਾਂ ਗਰੁਪ ਨਾਲ ਮੇਲ ਮਿਲਾਪ ਕਰਨ ਦਾ ਅਵਸਰ ਨਹੀਂ ਸੀ ਮਿਲਿਆ। ਇਹ ਠੀਕ ਹੈ ਕਿ ਉਨ੍ਹਾਂ ਨੇ ਆਪਣੀ ਯਾਦਦਾਸ਼ਤ ਦੇ ਸਹਾਰੇ ਸਭ ਕੁਝ ਲਿਖਿਆ, ਅਤੇ ਗਦਰ ਪਾਰਟੀ ਦੀ ਪਹਿਲੀ ਨਿਯਮਕ ਬਣਤਰ (Constitution) ਦੀ ਕਾਪੀ ਵੀ ਨਹੀਂ ਮਿਲ ਸਕੀ ਜਿਸ ਨਾਲ ਇਸ ਬਿਆਨ ਨੂੰ ਟਕਰਾ ਲਿਆ ਜਾਏ। ਪਰ ਗਦਰ ਪਾਰਟੀ ਲਹਿਰ ਦੇ ਤਿਨ ਵਡੇ ਅੰਗ ਸਾਬਤ ਕਰਨ ਵਾਸਤੇ ਕਾਫੀ ਸ਼ਹਾਦਤ ਮੌਜੂਦ ਹੈ ਕਿ ਗਦਰ ਪਾਰਟੀ ਲਹਿਰ **ਗੈਰ-ਫਿਰਕੂ ਅਤੇ ਇਨਕਲਾਬੀ ਕੌਮੀ ਲਹਿਰ** ਸੀ, ਜਿਸਦਾ ਮੁਖ ਮੰਤਵ ਹਿੰਦ ਵਿਚ **ਪੰਚਾਇਤੀ ਰਾਜ** ਕਾਇਮ ਕਰਨਾ ਸੀ।

ਪਹਿਲੇ ਸਾਜ਼ਸ਼ ਕੇਸ ਦਾ ਫੈਸਲਾ ਇਨ੍ਹਾਂ ਸ਼ਬਦਾਂ ਨਾਲ ਸ਼ੁਰੂ ਹੁੰਦਾ ਹੈ। "ਜਿਥੇ ਵੀ ਕੋਈ ਸਰਕਾਰ ਹੋਵੇ ਓਥੇ ਕੁਝ ਬੇਚੈਨੀ ਹੁੰਦੀ ਹੈ, ਭਾਵੇਂ ਓਹ ਬੇਚੈਨੀ ਦੀ ਵਜਾਹ ਵਾਜਬ ਹੋਵੇ ਜਾਂ ਨਾਵਾਜਬ। ਪਰ ਜਿਸ ਸਾਜ਼ਸ਼ ਬਾਰੇ ਮੁਕੱਦਮਾ ਚਲ ਰਿਹਾ ਹੈ, ਉਸ ਦੇ ਮਨੋ ਵਿਗਿਆਨਕ (Psychological) ਕਾਰਨਾਂ ਬਾਰੇ ਵੀਚਾਰ ਕਰਨੀ ਸਾਡੇ ਕੰਮ ਦਾ ਹਿੱਸਾ ਨਹੀਂ"। ਅਰਥਾਤ ਜੱਜਾਂ ਨੇ ਗਦਰ ਪਾਰਟੀ ਲਹਿਰ ਉਤਪਨ ਹੋਣ ਦੇ ਕਾਰਨਾਂ ਅਤੇ ਉਸ ਦੇ ਮਕਸਦਾਂ ਅਤੇ ਨਿਸ਼ਾਨਿਆਂ ਬਾਰੇ ਵੀਚਾਰ ਕਰਨੋਂ ਸੰਕੋਚ ਕੀਤੀ ਹੈ। ਪਹਿਲੇ ਕੇਸ ਦੇ ਇਕ ਜੱਜ, ਟੀ. ਪੀ. ਐਲਸ, ਨੇ ਸ਼੍ਰੀ ਗੁਰਮੁਖ ਸਿੰਘ ਦਾ ਬਿਆਨ ਪੂਰਾ ਨਾ ਲਿਖਣ ਦੇ ਹੱਕ ਵਿਚ ੧੯-੬-੧੫ ਨੂੰ ਇਸ ਭਾਵ ਦਾ ਨੋਟ ਚਾੜ੍ਹਿਆ ਕਿ ਖਾਸ ਕਨੂੰਨ (ਜਿਸ ਹੇਠਾਂ ਗਦਰ ਪਾਰਟੀ ਲਹਿਰ ਨਾਲ ਸਬੰਧਤ ਮੁਕਦਮੇਂ ਚਲਾਏ ਗਏ) ਦਾ ਇਕ ਮਕਸਦ ਇਹ ਸੀ ਕਿ ਅਖੌਤੀ ਸਾਜਸ਼ੀਆਂ ਨੂੰ ਰਾਜਸੀ ਪ੍ਰਾਪੇਗੰਡਾ ਕਰਨ ਦਾ ਮੌਕਿਆ ਨਾ ਦਿਤਾ ਜਾਏ*। ਇਸ ਤਰ੍ਹਾਂ ਗਦਰ ਪਾਰਟੀ ਲਹਿਰ ਨਾਲ ਸੰਬੰਧਤ ਸਾਰੇ ਮੁਕੱਦਮਿਆਂ ਦੇ ਫੈਸਲਿਆਂ ਵਿਚ ਇਸ ਦੇ ਪੰਚਾਇਤੀ ਰਾਜ ਦੇ ਮਕਸਦ ਅਤੇ ਗ਼ੈਰ-ਫਿਰਕੂ ਨਜ਼ਰੀਏ ਨੂੰ ਨਜ਼ਰਅੰਦਾਜ਼ ਕਰਨ ਦੀ ਕੋਸ਼ਸ਼ ਕੀਤੀ ਗਈ ਹੈ। ਪਰ ਕਿਉਂਕਿ ਇਹ ਨਜ਼ਰੀਆ ਅਤੇ ਮਕਸਦ ਗਦਰ ਪਾਰਟੀ ਲਹਿਰ ਦੇ ਕੇਂਦ੍ਰੀ ਧੁਰੇ ਸਨ, ਇਸ ਵਾਸਤੇ ਇਨ੍ਹਾਂ ਬਾਰੇ ਕਿਧਰੇ ਕਿਧਰੇ ਜ਼ਿਕਰ ਆਉਣੋਂ ਨਹੀਂ ਰੁਕ ਸਕਿਆ।

'ਹਿੰਦੁਸਤਾਨ ਜਾਣ ਦੇ ਮਕਸਦ' ਦੀ ਸੁਰਖੀ ਹੇਠ ਪਹਿਲੇ ਸਾਜ਼ਸ਼ ਕੇਸ ਵਿਚ ਲਿਖਿਆ ਹੈ, "......ਇਨਕਲਾਬੀਆਂ ਦੇ ਸਵਰਾਜ ਦੀ 'ਗਦਰ' ਨੇ ਸਾਫ ਤਸ਼ਰੀਹ ਕੀਤੀ ਹੈ।...... ਕਾਫਰਾਂ ਨੂੰ ਕੱਢ ਕੇ ਹਿੰਦ ਦੇ ਆਜ਼ਾਦ ਹੁਕਮਰਾਨ ਬਣੋ............ ਪੰਚਾਇਤੀ ਰਾਜ (Republican Govt.) ਰਾਹੀਂ ਖੁਸ਼ੀ ਪ੍ਰਾਪਤ ਹੁੰਦੀ ਹੈ......ਇਸ ਲਹਿਰ ਦਾ ਮਕਸਦ ਇਹ ਹੈ ਕਿ ਹਿੰਦ ਦੇ ਲੋਕ ਗਦਰ ਕਰਨ, ਘੁਣ ਖਾਧੇ ਦਰੱਖਤ ਵਾਂਗੂੰ ਅੰਗਰੇਜ਼ੀ ਸਰਕਾਰ ਨੂੰ ਜੜ੍ਹਾਂ ਤੋਂ ਪੁਟਣ ਅਤੇ ਤਬਾਹ ਕਰਨ ਅਤੇ ਇਕ ਕੌਮੀ ਹਕੂਮਤ ਕਾਇਮ ਕਰਨ...............ਅਤੇ ਸੋਹਨ ਸਿੰਘ* ਨੇ ਮਿੰਟਗੁਮਰੀ ਵਿਚ ਜੇਲਰ ਨੂੰ ਦੱਸਿਆ 'ਸਾਨੂੰ ਹਮੇਸ਼ਾਂ ਪੰਚਾਇਤੀ ਰਾਜ ਦੀ ਖਾਹਸ਼ ਕਰਨੀ ਚਾਹੀਦੀ ਹੈ...........ਪਾਰਟੀ ਦਾ ਬੁਨਿਆਦੀ ਅਸੂਲ ਕਿਸੇ ਵੀ ਸਾਧਨਾਂ

*'ਅਕਾਲੀ ਤੇ ਪ੍ਰਦੇਸੀ,' ਅੰਮ੍ਰਿਤਸਰ, ੧੮ ਅਤੇ ੧੯ ਅਪ੍ਰੈਲ ੧੯੩੦ ਦੇ ਪਰਚੇ।

*First Case, Evidence of Gurmukh Singh S/o Hoshnak Singh.



Digitized by Panjab Digital Library | www.panjabdigilib.org

ਰਾਹੀਂ ਸਵਰਾਜ ਹਾਸਲ ਕਰਨਾ ਸੀ।'..............ਮੂਲਾ ਸਿੰਘ...... ..............ਸਾਨੂੰ ਦਸਦਾ ਹੈ.................ਕਿ ਉਸ ਨੇ* ਇਹ ਦਲੀਲਾਂ ਦਿੱਤੀਆਂ ਕਿ ਜੇ ਅਫੀਮ ਦੇ ਮਾਰੇ ਹੋਏ ਚੀਨਿਆਂ ਵਰਗੇ ਲੋਕ ਪੰਚਾਇਤੀ ਰਾਜ ਕਾਇਮ ਕਰ ਸਕਦੇ ਸਨ, ਨਿਰਸੰਦੇਹ ਹਿੰਦੀ ਵੀ ਕਰ ਸਕਦੇ ਹਨ। ਨਿਸ਼ਾਨਾ ਉਨ੍ਹਾਂ ਲੀਹਾਂ ਉੱਤੇ ਚਲਣ ਦਾ ਹੈ ਜਿਨ੍ਹਾਂ ਉੱਤੇ ਚੀਨ ਅਤੇ ਹੋਰ ਮੁਲਕ, ਜਿਥੇ ਜੁਗਗਰਦੀਆਂ ਹੋਈਆਂ, ਚਲੇ, ਅਤੇ ਗਦਰ ਦੀ ਸਿਖਿਆ ਉੱਤੇ ਚਲਕੇ ਅੰਗਰੇਜ਼ੀ ਸਰਕਾਰ ਦਾ ਤਖਤਾ ਉਲਟਣਾ ਹੈ"।

ਮਾਂਡਲੇ ਸਾਜ਼ਸ਼ ਕੇਸ ਦੇ ਫੈਸਲੇ ਵਿਚ ਗਦਰ ਅਖਬਾਰ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ, "ਇਹ ਪਹਿਲੇ ਪਰਚੇ ਤੋਂ ਖੁਲਮ ਖੁਲ੍ਹਾ ਅਤੇ ਬਿਨਾ ਕਿਸੇ ਲੁਕਾ ਦੇ ਬਾਗੀ ਸੀ ਅਤੇ ਪੰਚਾਇਤੀ ਰਾਜ, ਜਿਸ ਵਿਚ ਹਿੰਦ ਦੀਆਂ ਸਾਰੀਆਂ ਜਾਤੀਆਂ ਦੇ ਪ੍ਰਤਿਨਿਧ ਹੋਣੇ ਸਨ, ਨੂੰ ਕਾਇਮ ਕਰਨ ਖਾਤਰ ਅੰਗਰੇਜ਼ਾਂ ਨੂੰ ਹਿੰਦ ਵਿਚੋਂ ਬਗਾਵਤ ਰਾਹੀਂ ਜ਼ਬਰਦਸਤੀ ਬਾਹਰ ਕਢਣ ਦਾ ਪ੍ਰਚਾਰ ਕਰਦਾ ਸੀ"†।

ਮਾਂਡਲੇ ਕੇਸ ਵਿਚ ਹੀ ਜ਼ਿਕਰ ਆਉਂਦਾ ਹੈ ਕਿ ਸ਼੍ਰੀ ਹੀਰਾ ਸਿੰਘ ਨੇ ਬੰਕੋਕ ਲੈਕਚਰ ਕੀਤਾ ਕਿ "ਬਾਦਸ਼ਾਹ ਸਲਾਮਤ ਦਾ ਰਾਜ ਖਤਮ ਹੋਣ ਉੱਤੇ ਓਹ ਪੰਚਾਇਤੀ ਰਾਜ ਕਾਇਮ ਕਰਨਗੇ"‡।

ਪੰਚਾਇਤੀ ਰਾਜ ਦੇ ਨਿਸ਼ਾਨੇ ਨੂੰ ਕੇਵਲ ਸ਼ੁਰੂ ਵਿਚ ਨੀਯਤ ਨਹੀਂ ਸੀ ਕੀਤਾ ਗਿਆ, ਬਲਕਿ ਇਸ ਨੂੰ ਅਮਲੀ ਸ਼ਕਲ ਦੇਣ ਦਾ ਅਖੀਰ ਦੰਮ ਤਕ ਧਿਆਨ ਰਖਿਆ ਗਿਆ। "ਐਲਾਨੇ ਜੰਗ", ਜਿਹੜਾ ਤਜਵੀਜ਼ ਸ਼ੁਦਾ ਗਦਰ ਸ਼ੁਰੂ ਹੋਣ ਸਮੇਂ ਵੰਡਣ ਲਈ ਤਿਆਰ ਕੀਤਾ ਗਿਆ ਸੀ, ਵਿਚ ਲਿਖਿਆ ਹੈ, "ਹੁਣ ਹੈ ਵੇਲਾ ਬਗਾਵਤ ਕਰਨ ਦਾ, ਯੂਰਪੀਨਾਂ ਨੂੰ ਮੌਤ ਦੇ ਘਾਟ ਉਤਾਰਨ ਦਾ ਅਤੇ ਆਪਣਾ ਮੁਲਕ ਉਨ੍ਹਾਂ ਤੋਂ ਆਜ਼ਾਦ ਕਰਵਾਉਣ ਦਾ.........ਮੈਂ ਤੁਹਾਨੂੰ ਇਕ ਜੰਗ ਬਾਰੇ ਦੱਸ ਰਿਹਾ ਹਾਂ ਜਿਸ ਦਾ ਐਲਾਨ ਕੀਤਾ ਗਿਆ ਹੈ.........ਇਹ ਸਾਰੇ ਹਿੰਦ ਵਿਚ ਫੈਲ ਗਿਆ ਹੈ.........ਕੀ ਤੁਸੀਂ ਚੈਨ ਨਾਲ ਬੈਠ ਸਕਦੇ ਹੋ ਜਦੋਂ ਇਕ ਜੰਗ ਜਾਰੀ ਹੋਵੇ.........ਤੁਸੀਂ ਸਾਡੇ ਨਾਲ ਇਸ ਜੰਗ ਵਿਚ ਸ਼ਾਮਲ ਹੋਵੋਗੇ.........ਤੁਹਾਨੂੰ ਏਕਾ ਕਰਨਾ ਚਾਹੀਦਾ ਹੈ, ਹੁਣ ਵਾਲੀ ਹਕੂਮਤ ਨੂੰ ਜੜ੍ਹਾਂ ਤੋਂ ਪੁਟਣਾ ਚਾਹੀਦਾ ਹੈ ਅਤੇ ਇਕ ਪੰਚਾਇਤੀ ਰਾਜ ਕਾਇਮ ਕਰਨਾ ਚਾਹੀਦਾ ਹੈ"*।

ਜਦੋਂ ਤਜਵੀਜ਼ ਸ਼ੁਦਾ ਗਦਰ ਦੇ ਨੀਯਤ ਸਮੇਂ ਤੋਂ ਐਨ ਪਹਿਲੋਂ ਸ਼੍ਰੀ ਰਾਸ ਬਿਹਾਰੀ ਬੋਸ ਨੇ ਸ਼੍ਰੀ ਸੁਚਾ ਸਿੰਘ ਨੂੰ ਅੰਬਾਲੇ ਭੇਜਿਆ, "ਉਸ ਨੂੰ ਇਹ ਹਦਾਇਤ ਦਿੱਤੀ ਗਈ ਕਿ ਖਬਰ ਪੁਜਦੇ ਸਾਰ ਹੀ ਅੰਗਰੇਜ਼ੀ ਪਲਟਣਾਂ ਦਾ ਕਤਲਾਮ ਕਰ ਦਿੱਤਾ ਜਾਵੇ, ਪੰਚਾਇਤੀ ਰਾਜ ਦਾ ਐਲਾਨ ਕਰ ਦਿੱਤਾ ਜਾਵੇ ਅਤੇ ਉਹ ੧੦੦ ਸਵਾਰ ਲਾਹੌਰ ਭੇਜ ਦੇਵੇ ਅਤੇ ਬਾਕੀਆਂ ਨੂੰ ਨਾਲ ਲੈ ਕੇ ਦਿੱਲੀ ਜਾਵੇ†।"

ਇਕ ਨੀਮ ਸਰਕਾਰੀ ਅਮਰੀਕਨ ਰੀਪੋਰਟ ਵਿਚ ਵੀ ਇਹ ਮੰਨਿਆ ਗਿਆ ਹੈ ਕਿ ਗਦਰ ਪਾਰਟੀ ਦਾ ਮਕਸਦ ਹਿੰਦ ਵਿਚ ਜਮਹੂਰੀ ਨਮੂਨੇ ਦੀ ਹਕੂਮਤ ਕਾਇਮ ਕਰਨਾ ਸੀ‡।

*ਸ਼੍ਰੀ ਸੋਹਣ ਸਿੰਘ 'ਭਕਨਾ' ਨੇ।
†Mandlay Case, Judgement, p. 259.
‡Ibid p. 33.

*First Case, The objects of going to India, p. 3.
†First Case, Seduction of troops, p. 8.
‡Unamerican Activities, p. 213.

ਪੰਚਾਇਤੀ ਰਾਜ ਕਿਸ ਕਿਸਮ ਦਾ ? ਇਸਦੀ ਤਸ਼ਰੀਹ ਕੀਤੀ ਹੋਈ ਕਿਧਰੇ ਨਹੀਂ ਮਿਲਦੀ। ਪਰ ਇਹ ਅਨੁਮਾਨ ਲਾ ਲੈਣਾ ਅਯੋਗ ਨਹੀਂ ਕਿ ਗਦਰ ਪਾਰਟੀ ਦੇ ਸਾਹਮਣੇ ਅਮਰੀਕਾ ਦਾ ਨਮੂਨਾ ਸੀ, ਜਿਸ ਦੇ ਅਸਰ ਹੇਠ ਪੰਚਾਇਤੀ ਰਾਜ ਦਾ ਨਿਸ਼ਾਨਾ ਕਾਇਮ ਹੋਇਆ।

ਗਦਰ ਪਾਰਟੀ ਲਹਿਰ ਸੰਬੰਧੀ ਚਲੇ ਮੁਕੱਦਮਿਆਂ ਵਿਚ ਇਸ ਲਹਿਰ ਦੇ ਗੈਰ ਫਿਰਕੂ ਨਜ਼ਰੀਏ ਸੰਬੰਧੀ ਹੋਰ ਵੀ ਘਟ ਜ਼ਿਕਰ ਹੈ। ਨਵਾਬ ਖਾਨ ਨੇ ਆਪਣੀ ਗਵਾਹੀ ਵਿਚ ਦਸਿਆ ਕਿ 'ਹਿੰਦੁਸਤਾਨ ਐਸੋਸੀਏਸ਼ਨ' ਦਾ ਤਕਰੀਬਨ ਓਹੋ ਮਕਸਦ ਸੀ ਜੋ ਪਿਛੋਂ ਬਣੀ 'ਹਿੰਦੀ ਐਸੋਸੀਏਸ਼ਨ' ਦਾ, ਅਤੇ ਇਹ ਸਾਰੇ ਫਿਰਕਿਆਂ ਦੇ ਹਿੰਦੀਆਂ ਦੀ ਏਕਤਾ ਨੂੰ ਮੁਖ ਰਖਦੀ ਸੀ*, ਅਤੇ ਅਮਰੀਕਾ ਤੋਂ ਆਉਂਦਿਆਂ ਰਸਤੇ ਵਿਚ ਪੀਨਾਂਗ ਅਤੇ ਰੰਗੂਨ ਏਕਤਾ ਦਾ ਪ੍ਰਚਾਰ ਕੀਤਾ ਗਿਆ†। ਨਵਾਬ ਖਾਨ ਨੇ ਹੀ ਜਿਰਾਹ ਦੇ ਜਵਾਬ ਵਿਚ ਦੱਸਿਆ ਕਿ, "ਗਦਰ ਪਾਰਟੀ ਇਸਲਾਮ ਦੇ ਬਰਖਲਾਫ ਨਹੀਂ। ਗਦਰ ਪਾਰਟੀ ਦੇ ਸਿਖ ਅਤੇ ਮੁਸਲਮਾਨ ਮੈਂਬਰ ਅਕੱਠਾ ਖਾਣਾ ਖਾਂਦੇ ਹਨ ਅਤੇ ਕੋਈ ਇਤਰਾਜ਼ ਨਹੀਂ ਕੀਤਾ ਜਾਂਦਾ‡।

ਪਹਿਲੇ ਸਾਜ਼ਸ਼ ਕੇਸ ਦੇ ਫੈਸਲੇ ਵਿਚ ਜੱਜਾਂ ਨੇ ਆਪਣੀਆਂ ਗੱਲਾਂ ਸਿੱਧ ਕਰਨ ਵਾਸਤੇ 'ਗਦਰ' ਅਤੇ 'ਗਦਰ ਦੀ ਗੂੰਜ' ਦੇ ਹਵਾਲੇ ਦੇਣ ਲਗਿਆਂ ਸੰਕੋਚ ਨਹੀਂ ਕੀਤੀ, ਅਤੇ ਜੇ ਓਹ ਚਾਹੁੰਦੇ ਤਾਂ ਗਦਰ ਪਾਰਟੀ ਲਹਿਰ ਦਾ ਗੈਰ-ਫਿਰਕੂ ਨਜ਼ਰੀਆ ਦਰਸਾਉਣ ਲਈ 'ਗਦਰ' ਅਤੇ 'ਗਦਰ ਦੀ ਗੂੰਜ'* ਵਿਚੋਂ ਬਹੁਤ ਮਸਾਲਾ ਮਿਲ ਸਕਦਾ ਸੀ। ਵੰਨਗੀ ਦੇ ਤੌਰ ਉਤੇ:–

"ਸਾਨੂੰ ਲੋੜ ਨਾ ਪੰਡਤਾਂ ਕਾਜ਼ੀਆਂ ਦੀ,
ਨਹੀਂ ਸ਼ੌਕ ਹੈ ਬੇੜਾ ਡੁਬਾਵਣੇ ਦਾ।
ਜਪ ਜਾਪ ਦਾ ਵਕਤ ਬਤੀਤ ਹੋਇਆ,
ਵੇਲਾ ਆ ਗਿਆ ਤੇਗ ਉਠਾਵਣੇ ਦਾ†।

... ... ... ...

ਹਿੰਦੂ ਤੇ ਮੁਸਲਮਾਨ ਸਿਖ ਤੇ ਬੰਗਾਲੀ ਸਾਰੇ,
ਭਾਰਤ ਦੇ ਪੁਤ ਅਸੀਂ ਸਾਰੇ ਹੀ ਕਹਾਂਮਦੇ।
ਸ਼ਰਾ ਤੇ ਮਜ਼ਬ ਜੇਹੜੇ ਰਖ ਲੌ ਕਨਾਰਿਆਂ ਤੇ,
ਦੇਖੀ ਜਾਊ ਪਿਛੋਂ ਕੰਮ ਪੇਹਲਾਂ ਕਤਲਾਮ ਦੇ‡।

... ... ... ...

ਰਹੇ ਗਰਕ ਹਿੰਦੂ ਮੁਸਲਮਾਨ ਸਾਰੇ,
ਆਯਾ ਜਦੋਂ ਦਾ ਰਾਜ ਫਰੰਗੀਆਂ ਦਾ।
ਰੱਦੀ ਝਗੜਿਆਂ ਵਿਚ ਮਸ਼ਗੂਲ ਹੋਏ,
ਜਿਵੇਂ ਕੰਮ ਜਨਾਨੀਆਂ ਰੰਡੀਆਂ ਦਾ।
ਪੈਦਾ ਹੋਇਕੇ ਇਕ ਹੀ ਦੇਸ਼ ਅੰਦਰ,
ਭੈੜਾ ਕੰਮ ਫੜਿਆ ਧੜੇ ਬੰਦੀਆਂ ਦਾ।
ਛੂਤ ਛਾਤ ਅੰਦਰ ਊਚ ਨੀਚ ਬਣਕੇ,
ਉਲਟਾ ਕੰਮ ਕੀਤਾ ਫਿਰਕੇ ਬੰਦੀਆਂ ਦਾ।

*First Case, The beginning of conspiracy and war, p 2.
†First Case, The return to India, p. 6.
‡Mandlay Case, Evidence, p. 48.

*'ਗਦਰ' ਵਿਚ ਛਪੀਆਂ ਕਵਿਤਾਵਾਂ ਵਿਚੋਂ ਚੋਣਵੀਆਂ ਦਾ ਸੰਗ੍ਰਹਿ ਜੋ ਗਦਰ ਪਾਰਟੀ ਵਲੋਂ ਅਲੈਹਦਾ ਛਾਪਿਆ ਗਿਆ।
†ਗਦਰ ਦੀ ਗੂੰਜ, ਨੰ: ੧, ਪੰਨਾਂ ੪।
‡ਗਦਰ ਦੀ ਗੂੰਜ, ਨੰ: ੧, ਪੰਨਾ ੨੩ (ਯੁਗੰਤਰ ਆਸ਼ਰਮ, ਸੈਨਫ੍ਰਾਂਸਿਸਕੋ ਵਲੋਂ ਛਾਪੀ ਹੋਈ)



Digitized by Panjab Digital Library | www.panjabdigilib.org

ਗਿਆ ਦੇਸ਼ ਦਾ ਭੁਲ ਪਯਾਰ ਸਾਨੂੰ,
ਹੋਯਾ ਅਸਰ ਜੋ ਸੋਹਬਤਾਂ ਮੰਦੀਆਂ ਦਾ*।

... ... ... ...

ਛੂਤ ਛਾਤ ਦਾ ਕੋਈ ਖਿਆਲ ਨਾਹੀਂ,
ਸਾਨੂੰ ਪਰਖ ਨਾ ਚੂਹੜੇ ਚਮਾਰ ਵਾਲੀ।
ਹਿੰਦੁਸਤਾਨ ਵਾਲੇ ਸਾਰੇ ਹੈਨ ਭਾਈ,
ਰੀਤ ਰੱਖਣੀ ਨਹੀਂ ਮਕਾਰ ਵਾਲੀ†।

... ... ... ...

ਮਜ਼ਹਬੀ ਝਗੜਿਆਂ ਤੇ ਤੁਸੀਂ ਜ਼ੋਰ ਪਾਯਾ,
ਕੀਤਾ ਦੇਸ਼ ਦਾ ਨਹੀਂ ਧਿਆਨ ਵੀਰੋ।
ਤੁਸਾਂ ਭੋਲਿਓ ਮੂਲ ਨਾ ਖਬਰ ਲੱਗੀ,
ਝਗੜਾ ਘਤਿਆ ਵੇਦ ਕੁਰਾਨ ਵੀਰੋ।
ਦੇਸ਼ ਪੱਟਿਆ ਤੁਸਾਂ ਦੇ ਝਗੜਿਆਂ ਨੇ,
ਤੁਸੀਂ ਸਮਝਦੇ ਨਹੀਂ ਨਦਾਨ ਵੀਰੋ।
ਮੰਦਰ ਮਸਜਦਾਂ ਤੁਸਾਂ ਦੇ ਢੈਣ ਲਗੇ,
ਕਿਥੇ ਤੁਸਾਂ ਦੇ ਦੀਨ ਈਮਾਨ ਵੀਰੋ।
ਕੇਹੜੀ ਗੱਲ ਦਾ ਤੁਸਾਂ ਗੁਮਾਨ ਭਾਈ,
ਖੋਹੇ ਤੁਸਾਂ ਦੇ ਕਰਦ ਕਰਪਾਨ ਵੀਰੋ।
ਗਊ ਸੂਰ ਦੀ ਤੁਸਾਂ ਨੂੰ ਕਸਮ ਭਾਈ,
ਗੋਰੇ ਰੋਜ਼ ਹੀ ਇਨ੍ਹਾਂ ਨੂੰ ਖਾਣ ਵੀਰੋ।
ਹਿੰਦੂ ਮੁਸਲਮਾਨੋਂ ਝਗੜਾ ਛੱਡ ਦੇਵੋ,
ਲਵੋ ਦੇਸ਼ ਤੇ ਕੌਮ ਨੂੰ ਜਾਨ ਵੀਰੋ‡।

ਜ਼ਿਮੀਂ ਵੇਹਲ ਦੇਵੇ ਅਸੀਂ ਗਰਕ ਜਾਈਏ,
ਪੈਦਾ ਹੋ ਗਿਆ ਤੀਹ ਕਰੋੜ ਕਾਹਨੂੰ।
ਛੇਤੀ ਮਿਲ ਬੈਠੋ ਹਿੰਦੂ ਮੁਸਲਮਾਨੋ,
ਤੁਸੀਂ ਬੈਠੇ ਹੋ ਵਿਚ ਅਨਜੋੜ ਕਾਹਨੂੰ।
ਛੇਤੀ ਕਰੋ ਤਿਆਰੀਆਂ ਗਦਰ ਦੀਆਂ,
ਸਿੰਘੋ ਛੱਡਿਆ ਮੁਖ ਮਰੋੜ ਕਾਹਨੂੰ*।

... ... ... ...

ਤੁਸੀਂ ਦੀਨ ਈਮਾਨ ਦੇ ਪਏ ਪਿਛੇ,
ਫਿਕਰ ਤੁਸਾਂ ਨੂੰ ਗਿਆਨ ਧਿਆਨ ਵਾਲੇ।
ਆਪਸ ਵਿਚ ਲੜਨਾਂ ਮੰਦਾ ਕੰਮ ਫੜਿਆ,
ਝਗੜੇ ਝਗੜ ਹਿੰਦੂ ਮੁਸਲਮਾਨ ਵਾਲੇ।
ਹੀਰਾ ਹਿੰਦ ਹੀਰਾ ਖਾਕ ਰੋਲ ਦਿਤਾ,
ਰੌਲੇ ਘਤ ਕੇ ਵੇਦ ਕੁਰਾਨ ਵਾਲੇ।
ਗਾਈਂ ਸੂਰ ਝਟਕਾ ਜੇਕਰ ਦੁਖ ਦਿੰਦਾ,
ਗੋਰੇ ਹੈਨ ਤਿਨੇ ਚੀਜਾਂ ਖਾਨ ਵਾਲੇ†।

ਪਰ ਗਦਰ ਪਾਰਟੀ ਦੇ ਐਲਾਨੀਆ ਮਕਸਦ (ਜੋ ਸ੍ਰੀ ਸੋਹਨ ਸਿੰਘ ਨੇ ਦਸੇ ਹਨ) ਅਤੇ 'ਗਦਰ' ਜਾਂ 'ਗਦਰ ਦੀ ਗੂੰਜ' ਦੇ ਹਵਾਲੇ ਇਹ ਜ਼ਾਹਰ ਕਰਨ ਵਾਸਤੇ ਕਾਫੀ ਨਹੀਂ ਕਿ ਗਦਰ ਪਾਰਟੀ ਲਹਿਰ ਦੀ ਸਪਿਰਟ ਅਮਲੀ ਵਰਤੋਂ ਵਿਚ ਵੀ ਗੈਰ-ਫਿਰਕੂ ਸੀ। ਸਾਡੇ ਦੇਸ ਵਿਚ ਕਈ ਕੌਮੀ ਜਨਤਕ ਜਥੇਬੰਦੀਆਂ ਦੇ ਐਲਾਨੀਆ ਨਿਸ਼ਾਨੇ ਗੈਰ-ਫਿਰਕੂ ਹਨ, ਪਰ ਉਨ੍ਹਾਂ ਦੇ ਲੀਡਰਾਂ ਦੀ ਸੱਚੀ ਕੋਸ਼ਸ਼ ਦੇ ਬਾਵਜੂਦ ਅਮਲੀ ਵਰਤੋਂ ਵਿਚ ਫਿਰਕੂ ਰੰਗਤ ਆ ਜਾਂਦੀ ਹੈ, ਕਿਉਂਕਿ ਉਨ੍ਹਾਂ ਦੇ ਮੈਂਬਰਾਂ ਦੀ ਬਹੁਗਿਣਤੀ ਦੇ ਮਨਾਂ ਵਿਚ ਫਿਰਕੇਦਾਰੀ ਦੇ ਬੀਜ ਹਨ। ਗਦਰ ਪਾਰਟੀ ਲਹਿਰ ਵਿਚ ਇਹ ਵਿਸ਼ੇਸ਼ ਖਾਸਾ ਸੀ ਕਿ ਅਮਲੀ ਵਰਤੋਂ ਵਿਚ ਵੀ ਇਸ ਦੀ ਸਪਿਰਟ ਨਿਰੋਲ ਗੈਰ-ਫਿਰਕੂ ਸੀ। ਇਸ ਦੇ ਕਈ ਕਾਰਨ ਅਤੇ ਸਬੂਤ ਹਨ।

ਫਿਰਕੂ ਤੰਗ ਨਜ਼ਰੀ ਦੀ ਇਕ ਵਜਾਹ ਓਹ ਪੁਰਾਤਨ ਜ਼ਿੰਦਗੀ ਦੀਆਂ ਕੀਮਤਾਂ ਹਨ ਜਿਨ੍ਹਾਂ ਦੀਆਂ ਜੜ੍ਹਾਂ ਸਾਡੇ ਦੇਸ ਦੇ ਰਸਮੀ ਧਰਮਾਂ, ਇਤਹਾਸ, ਰਵਾਇਤਾਂ ਅਤੇ ਜ਼ਿੰਦਗੀ ਦੀ ਰਹਿਣੀ ਬਹਿਣੀ ਦੇ ਢੰਗਾਂ ਵਿਚ ਹਨ, ਅਤੇ ਜਿਨ੍ਹਾਂ ਨੂੰ ਜਰਮਾਏਦਾਰੀ ਨਿਜ਼ਾਮ ਨੇ ਨਵੀਂ ਰੰਗਤ ਵਿਚ ਪੱਕਿਆਂ ਕੀਤਾ ਤੀਜੇ ਕਾਂਡ ਵਿਚ ਵੇਖਿਆ ਜਾ ਚੁਕਾ ਹੈ ਕਿ ਪਰਦੇਸਾਂ ਦੇ ਸਫਰ, ਪਛਮੀ ਸਭਿਅਤਾ ਅਤੇ ਸਭਿਆਚਾਰ ਨਾਲ ਸਿਧੇ ਜ਼ਾਤੀ ਵਾਹ, ਅਤੇ ਆਜ਼ਾਦ ਮੁਲਕਾਂ ਦੀ ਮਿਸਾਲ, ਹਵਾ ਅਤੇ ਹਾਲਾਤ ਨੇ, ਕਿਵੇਂ ਓਥੇ ਗਏ ਹਿੰਦੀਆਂ ਦੀ ਤੰਗ ਨਜ਼ਰੀ ਦੂਰ ਕਰਕੇ ਉਨ੍ਹਾਂ ਵਿਚ ਕੌਮੀਅਤ ਦਾ ਜਜ਼ਬਾ ਭਰਿਆ। ਗੁਲਾਮੀ ਵਿਰੁਧ ਜਜ਼ਬਾ ਇਤਨਾ ਡੂੰਘਾ ਚਲਾ ਗਿਆ ਕਿ ਇਸ ਨੇ ਫਿਰਕਾ ਪ੍ਰਸੱਤੀ ਆਦਿ ਦੇ ਜਜ਼ਬਿਆਂ ਉਤੇ ਗਲਬਾ ਪਾ ਲਿਆ, ਜਿਸ ਦੀ ਦਾਦ ਗਵਰਨਰ ਸਵੈਮ, ਲਾ: ਹਰਦਿਆਲ ਅਤੇ ਸੇਂਟ ਨਿਹਾਲ ਸਿੰਘ ਨੇ ਦਿਤੀ। ਬਲਕਿ ਜੈਨਰਲ ਸਵੈਮ ਨੇ ਦੱਸਿਆ ਕਿ ਹਿੰਦੀਆਂ ਨੂੰ ਕੈਨੇਡਾ ਵਿਚੋਂ ਕਢੇ ਜਾਣ ਦੀ ਸਕੀਮ ਦੀ ਤਹਿ ਵਿਚ ਇਕ ਵਡਾ ਕਾਰਨ ਇਹ ਸੀ।

ਹਿੰਦ ਦੇ ਰਾਜਸੀ ਮੈਦਾਨ ਵਿਚ ਫਿਰਕੇਦਾਰੀ ਦਾ ਇਕ ਵਡਾ ਕਾਰਨ ਇਹ ਵੀ ਰਿਹਾ ਹੈ ਕਿ ਜੋ ਲੋਕ ਅੰਗਰੇਜ਼ਾਂ ਨਾਲ ਸਿੱਧੀ ਟੱਕਰ ਲਾਉਣ ਦੀ ਹਿੰਮਤ ਨਾ ਰਖਦੇ, ਜਾਂ ਇਸ ਟਾਕਰੇ ਦੀ ਕੀਮਤ ਨਾ ਦੇ ਸਕਦੇ, ਉਹ ਫਿਰਕੂ ਝਗੜਿਆਂ ਵਿਚ ਹਿੱਸਾ ਲੈਕੇ ਬਗੈਰ ਬਹੁਤਾ ਸੇਕ ਲਗਣ ਦੇ ਲੀਡਰੀ ਦਾ ਆਪਣਾ ਚਾਅ ਪੂਰਾ ਕਰ ਲੈਂਦੇ, ਅਤੇ ਛੋਟੇ ਮੋਟੇ ਮਕਸਦ ਹਾਸਲ ਕਰ ਲੈਂਦੇ। ਪਰ ਗਦਰ ਪਾਰਟੀ ਲਹਿਰ ਵਿਚ ਹਿਸਾ ਲੈਣ ਵਾਲੇ ਸਿਰਾਂ ਉਤੇ ਖਫਣ ਬੰਨ੍ਹਕੇ ਅੰਗਰੇਜ਼ਾਂ ਨੂੰ ਦੇਸ ਵਿਚੋਂ ਹਥਿਆਰਬੰਦ ਇਨਕਲਾਬ ਰਾਹੀਂ ਕਢਣ ਆਏ। ਜਿਸ ਤਰ੍ਹਾਂ ਅਗੇ ਵੇਖਿਆ ਜਾਵੇਗਾ, ਉਨ੍ਹਾਂ ਦੇ ਮਨ ਵਿਚ ਦੁਬਧਾ ਜਾਂ ਸ਼ੱਕ ਨਹੀਂ ਸੀ ਕਿ ਜਾਂ ਉਨ੍ਹਾਂ ਨੂੰ 'ਆਜ਼ਾਦੀ ਮਿਲੇਗੀ ਜਾਂ ਮੌਤ'। ਇਸ ਕਰਕੇ ਰਿਆਇਤਾਂ, ਉਹਦਿਆਂ, ਵਜ਼ੀਰੀਆਂ ਅਤੇ ਸੁਵੱਲੀ ਤਾਕਤ ਦੇ ਲਾਲਚ, ਜੋ ਅਕਸਰ ਖੁਦਗਰਜ਼ੀ ਅਤੇ ਤੰਗ ਨਜ਼ਰੀ ਪੈਦਾ ਕਰਦੇ ਹਨ, ਉਨ੍ਹਾਂ ਦੇ ਮਨ ਉਤੇ ਉਸ ਵੇਲੇ ਅਸਰ ਨਹੀਂ ਸਨ ਕਰ ਰਹੇ।

ਪੰਜਾਬ ਸਰਕਾਰ ਨੇ ੨੮ ਫਰਵਰੀ ੧੯੧੫ ਨੂੰ ਜੋ ਰੀਪੋਰਟ ਸਰਕਾਰ ਹਿੰਦ ਨੂੰ ਭੇਜੀ, ਉਸ ਵਿਚ ਲਿਖਿਆ ਕਿ ਜੋ ਸਾਜ਼ਸ਼ੀ ਲਾਹੌਰ ਫੜੇ ਗਏ ਹਨ, "ਓਹ ਬਹੁਤੇ ਅਨਾੜੀ ਸਿਖ ਕਿਸਾਨ ਹਨ ਜਿਨ੍ਹਾਂ ਨੇ ਅਮਰੀਕਾ ਵਿਚ ਬਰਾਬਰੀ ਅਤੇ ਜਮਹੂਰੀਅਤ ਦੇ ਅਸੂਲਾਂ ਨੂੰ ਬੇਢੱਬੀ ਹਾਲਤ ਵਿਚ ਗ੍ਰਹਿਣ ਕਰ ਲਿਆ ਹੈ"*। ਇਹ ਠੀਕ ਹੈ ਕਿ ਅਮਰੀਕਾ ਤੋਂ ਆਏ ਗਦਰੀਏ ਬਹੁਤੇ ਪੜ੍ਹੇ ਲਿਖੇ ਨਹੀਂ ਸਨ ਅਤੇ ਰਾਜਨੀਤਕ ਫਿਲਾਸਫੀ ਤੋਂ ਕੋਰੇ ਸਨ। ਪਰ ਇਸ ਰੀਪੋਰਟ ਤੋਂ ਇਹ ਜ਼ਾਹਰ ਜ਼ਰੂਰ ਹੁੰਦਾ ਹੈ ਕਿ ਉਨ੍ਹਾਂ ਦਾ ਨਜ਼ਰੀਆ ਤੰਗ ਨਹੀਂ ਸੀ, ਅਤੇ ਉਨ੍ਹਾਂ ਦੇ ਦਿਲਾਂ ਵਿਚ ਇਨਸਾਨੀ ਬੇਹਤਰੀ ਲਈ ਉਚੇ ਅਤੇ ਸੁਚੇ ਵਲਵਲੇ ਭਰੇ ਹੋਏ ਸਨ। ਓਹ ਅੰਦਰੋਂ ਬਾਹਰੋਂ ਖਰੇ ਅਤੇ ਨਿਸ਼ਕਪਟ ਸਨ, ਅਤੇ ਜੋ ਕਹਿੰਦੇ ਸਨ ਉਸ ਉਤੇ ਅਮਲ ਕਰਦੇ ਸਨ। ਅਮਰੀਕਾ ਵਿਚ ਯੁਗੰਤਰ ਆਸ਼ਰਮ ਵਿਚ ਸਭ ਦਾ ਸਾਂਝਾ ਲੰਗਰ ਸੀ, ਅਤੇ ਹਿੰਦ ਨੂੰ ਆਉਂਦਿਆਂ ਹੋਇਆਂ ਜਹਾਜ਼ ਉਤੇ ਵੀ ਜ਼ਾਤ ਪਾਤ ਅਤੇ ਧਰਮ ਦੇ ਲਿਹਾਜ਼ ਬਿਨਾਂ ਖਾਣ ਪੀਣ ਦਾ

*ਗਦਰ ਦੀ ਗੂੰਜ, ਨੰ: ੧, ਪੰਨਾਂ ੧੮।
† ,, ,, ,, ,, ,, ੧੯।
‡ ,, ,, ,, ,, ,, ੧੭।

*ਗਦਰ ਦੀ ਗੂੰਜ, ਨੰ: ੧, ਪੰਨਾਂ ੬।
† ,, ,, ,, ,, ,, ੫।

*Rowlatt Report, p. 155.

ਇਕੋ ਥਾਂ ਪ੍ਰਬੰਧ ਸੀ* ।

ਅਮਰੀਕਾ ਵਿਚੋਂ ਗਦਰ ਪਾਰਟੀ ਲਹਿਰ ਵਿਚ ਹਿੱਸਾ ਲੈਣ ਲਈ ਬਹੁਤੇ ਪੰਜਾਬ ਦੇ ਕਿਸਾਨ ਸਿਖ ਆਏ, ਪਰ ਅਮਰੀਕਾ ਵਿਚ ਹੋਰ ਹਿੰਦੀ ਅਨਸਰਾਂ ਦੀ ਆਬਾਦੀ ਦੇ ਮੁਤਾਬਕ ਹਿੰਦੂ, ਮੁਸਲਮਾਨ ਜਾਂ ਹੋਰ ਜਾਤੀਆਂ ਜਾਂ ਸੂਬਿਆਂ ਦੇ ਅਨਸਰਾਂ ਨੇ ਵੀ ਹਿੱਸਾ ਲਿਆ† । ਮੌਲਵੀ ਬਰਕਤੁਲਾ ਗਦਰ ਪਾਰਟੀ ਦੇ ਉਘੇ ਲੀਡਰ ਸਨ ਜੋ ਪਿਛੋਂ ਗਦਰ ਪਾਰਟੀ ਦੇ ਮੀਤ ਪ੍ਰਧਾਨ ਬਣੇ, ਅਤੇ ਪਰਸਿੱਧ ਸ੍ਰੀ ਪਿੰਗਲੇ ਮਹਾਰਾਸ਼ਟਰ ਦੇ ਨੌਜਵਾਨ ਸਨ । ਗਦਰ ਪਾਰਟੀ ਦੇ ਲੀਡਰ ਜਹਾਜ਼ਾਂ ਉਤੇ ਹੀ ਫੜੇ ਜਾਨ ਪਿਛੋਂ ਹਿੰਦ ਵਿਚ ਗਦਰ ਪਾਰਟੀ ਲਹਿਰ ਵਿਚ ਕਾਫੀ ਬੰਗਾਲੀ ਸ਼ਾਮਲ ਹੋ ਗਏ, ਅਤੇ ਸ੍ਰੀ ਰਾਸ ਬਿਹਾਰੀ ਬੋਸ ਇਸ ਦੇ ਆਪ ਚੁਣਕੇ ਲੀਡਰ ਬਣਾਏ ਗਏ । ਫੌਜਾਂ ਨੂੰ ਵਰਗਲਾਉਣ ਸਮੇਂ ਬਿਨਾਂ ਧਰਮ, ਜਾਤੀ ਜਾਂ ਸੂਬੇ ਦੇ ਲਿਹਾਜ਼ ਦੇ ਸਭ ਦੇਸੀ ਪਲਟਣਾਂ ਨੂੰ ਨਾਂਲ ਮਿਲਾਉਣ ਦੀ ਕੋਸ਼ਸ਼ ਕੀਤੀ ਗਈ, ਅਤੇ ਸਿੰਘਾ ਪੁਰ ਜਿਸ ਪਲਟਣ ਨੇ ਗਦਰ ਕੀਤਾ ਉਹ ਨਿਰੋਲ ਮੁਸਲਮਾਨਾਂ ਦੀ ਸੀ । ਬਲਕਿ ਗਦਰ ਪਾਰਟੀ ਲਹਿਰ ਵਿਚ ਹਿੱਸਾ ਲੈਣ ਦੀ ਨੀਯਤ ਨਾਲ ਚਾਰ ਅਮਰੀਕਨ ਵੀ ਆਏ, ਜਿਨ੍ਹਾਂ ਨੂੰ ਜਾਂ ਤਾਂ ਹਿੰਦ ਵਿਚ ਵੜਨ ਨਾ ਦਿਤਾ ਗਿਆ ਜਾਂ ਫੜ ਕੇ ਵਾਪਸ ਭੇਜ ਦਿਤਾ ਗਿਆ । ਜੇ ਗਦਰ ਪਾਰਟੀ ਲਹਿਰ ਦੀ ਸਪਿਰਟ ਫਿਰਕੂ, ਜਾਂ ਸੂਬਿਕ ਤੰਗ ਨਜ਼ਰੀ ਵਾਲੀ, ਜਾਂ ਆਪਣੀ ਪਾਰਟੀ ਦੇ ਹੱਥ ਤਾਕਤ ਲੈਣ ਦੀ ਵੀ, ਹੁੰਦੀ ਤਾਂ ਇਹ ਸਭ ਕੁਛ ਇਸ ਤਰ੍ਹਾਂ ਨਾ ਹੁੰਦਾ ।

ਗਦਰ ਪਾਰਟੀ ਲਹਿਰ ਦੀ ਸਕੀਮ ਦਾ ਇਕ ਹਿੱਸਾ ਇਹ ਸੀ ਕਿ ਅੰਗਰੇਜ਼ਾਂ ਨੂੰ ਹਿੰਦ ਵਿਚੋਂ ਕਢਣ ਵਾਸਤੇ ਅਫਗਾਨਸਤਾਨ ਅਤੇ ਸਰਹੱਦ ਪਾਰ ਦੇ ਕਬੀਲਿਆਂ ਨੂੰ ਨਾਲ ਮਿਲਾਇਆ ਜਾਏ, ਅਤੇ ਗਦਰ ਪਾਰਟੀ ਦੇ ਕਈ ਮੈਂਬਰਾਂ ਨੇ ਹੋਰ ਇਨਕਲਾਬੀਆਂ ਨਾਲ ਰਲਕੇ ਇਹ ਕੋਸ਼ਸ਼ ਵੀ ਕੀਤੀ । ਨਿਰੋਲ ਕੌਮੀ ਨਜ਼ਰੀਏ ਤੋਂ ਵੀ ਇਹ ਕਦਮ ਖਤਰਿਆਂ ਰਹਿਤ ਨਹੀਂ ਸੀ, ਪਰ ਗਦਰ ਪਾਰਟੀ ਲਹਿਰ ਦੇ ਗੈਰ–ਫਿਰਕੂ ਨਜ਼ਰੀਏ ਦੇ ਹੱਕ ਵਿਚ ਇਹ ਇਕ ਵੱਡਾ ਸਬੂਤ ਹੈ ।

ਹਿੰਦ ਦਾ ਵਾਯੂਮੰਡਲ ਫਿਰਕੇਦਾਰੀ ਨਾਲ ਭਰਪੂਰ ਰਿਹਾ ਹੈ, ਅਤੇ ਪੰਜਾਬ ਇਸ ਦਾ ਗੜ੍ਹ ਸੀ । ਗਦਰ ਪਾਰਟੀ ਲਹਿਰ ਦੀ ਗੈਰ–ਫਿਰਕੂ ਸਪਿਰਟ ਦੀ ਇਹ ਇਕ ਵਡੀ ਸ਼ਾਹਦੀ ਹੈ ਕਿ ਇਸ ਦੇ ਫੇਲ ਹੋ ਜਾਣ ਪਿਛੋਂ ਅਮਰੀਕਾ ਤੋਂ ਆਏ* ਪਹਿਲੇ ਕੇਸ ਵਿਚ ਸਜ਼ਾ ਪਾਉਣ ਵਾਲੇ ਉਘੇ ਗਦਰੀਆਂ ਵਿਚੋਂ ਇਕ† ਨੇ ਵੀ, ਰਿਹਾ ਹੋਕੇ ਕਿਸੇ ਫਿਰਕੂ ਲਹਿਰ ਵਿਚ ਹਿੱਸਾ ਨਹੀਂ ਲਿਆ, ਹਾਲਾਂਕਿ ਉਹ ਕੌਮੀ ਅਤੇ ਜਨਤਕ ਲਹਿਰਾਂ ਵਿਚ ਵਧ ਚੜ੍ਹਕੇ ਹਿਸਾ ਲੈਂਦੇ ਰਹੇ । ਬਲਕਿ ਉਨ੍ਹਾਂ ਵਿਚੋਂ ਬਹੁਗਿਣਤੀ ਰਿਹਾਈ ਦੇ ਪਿਛੋਂ ਕਮੀਊਨਿਸਟ ਲਹਿਰ ਵਿਚ ਸ਼ਾਮਲ ਹੋ ਗਈ, ਅਤੇ ਗਦਰ ਪਾਰਟੀ ਲਹਿਰ ਫੇਲ ਹੋਣ ਪਿਛੋਂ ਗਦਰ ਪਾਰਟੀ ਦਾ ਰੁਖ ਕਮੀਊਨਿਜ਼ਮ ਵਲ ਹੋ ਗਿਆ‡ । ਕਮੀਊਨਿਸਟ ਪਾਰਟੀ ਦੇ ਕਟੱੜ ਦੁਸ਼ਮਣ ਵੀ ਉਸ ਉਤੇ ਫਿਰਕੇਦਾਰੀ ਦਾ ਦੋਸ਼ ਨਹੀਂ ਲਾ ਸਕਦੇ ।

ਗਦਰ ਪਾਰਟੀ ਲਹਿਰ ਦੇ ਇਨਕਲਾਬੀ ਅਸਲੇ ਬਾਰੇ ਕੁਝ ਦੱਸਣ ਦੀ ਲੋੜ ਨਹੀਂ । ਇਸ ਲਹਿਰ ਦਾ ਇਕ ਸਿਰੇ ਤੋਂ ਦੂਸਰੇ ਸਿਰੇ ਤੱਕ ਦਾ ਇਤਹਾਸ ਇਸ ਦੀ ਮੂੰਹੋਂ ਬੋਲਦੀ ਤਸਵੀਰ ਹੈ । ਸਿਰਫ ਇਹ ਨਿਖੇੜਾ ਕਰਨ ਦੀ ਲੋੜ ਹੈ ਕਿ ਬੰਗਾਲੀ ਦਹਿਸ਼ਤ ਪਸੰਦਾਂ (Terrorists) ਦੇ ਇਕ ਗਰੁਪ ਦੇ ਇਸ ਲਹਿਰ ਦਾ ਸਾਥ ਦੇਣ, ਅਤੇ ਉਨ੍ਹਾਂ ਦੇ ਅਸਰ ਹੇਠ ਇਸ ਲਹਿਰ ਨਾਲ ਸੰਬੰਧਤ ਕੁਝ ਡਾਕਿਆਂ ਅਤੇ ਇਕੜ ਦੁਕੜ ਕਤਲਾਂ, ਤੋਂ ਗਦਰ ਪਾਰਟੀ ਲਹਿਰ ਨੂੰ ਦਹਿਸ਼ਤ ਪਸੰਦ ਲਹਿਰ ਦੀ ਰੰਗਤ ਨਹੀਂ ਦੇਣੀ ਚਾਹੀਦੀ । ਅਗੇ ਵੇਖਿਆ ਜਾਵੇਗਾ ਕਿ ਬੰਗਾਲੀ ਦਹਿਸ਼ਤ ਪਸੰਦ ਵੀ ਇਸ ਲਹਿਰ ਵਿਚ ਸ਼ਾਮਲ ਹੋਣ ਲਈ ਬਹੁਤਾ ਇਸ ਗਲ ਨਾਲ ਪ੍ਰੇਰਤ ਹੋਏ, ਜਦ ਉਨ੍ਹਾਂ ਵੇਖਿਆ ਕਿ ਦੇਸੀ ਫੌਜਾਂ ਨੂੰ ਵਰਗਲਾਉਣ ਦਾ ਕਿਤਨਾ ਕੰਮ ਹੋ ਚੁਕਾ ਹੈ ਅਤੇ ਹੋਰ ਇਸ ਬੰਨੇ ਸਫਲਤਾ ਹਾਸਲ ਕਰਨ ਦੀ ਕਿਤਨੀ ਸੰਭਾਵਨਾ ਹੈ । ਦੇਸੀ ਫੌਜਾਂ ਨੂੰ ਹਥਿਆਰ ਬੰਦ ਬਗਾਵਤ ਦਾ ਧੁਰਾ ਬਣਾਉਣ ਦੀ ਸੰਭਾਵਨਾ ਬੰਗਾਲੀ ਦੇਸ਼ ਭਗਤਾਂ ਵਾਸਤੇ ਬਿਲਕੁਲ ਇਕ ਨਵਾਂ ਤਜੱਰਬਾ ਸੀ, ਕਿਉਂਕਿ ਬੰਗਾਲੀਆਂ ਦੀ ਫੌਜ ਵਿਚ ਗਿਣਤੀ ਨਾ ਹੋਇਆਂ ਦੇ ਬਰਾਬਰ ਹੋਣ ਕਰਕੇ ਉਨ੍ਹਾਂ ਨੂੰ ਇਸ ਬੰਨੇ ਕਾਰਗਰ ਕਦਮ ਪੁਟਣ ਦਾ ਕਦੇ ਪਹਿਲਾਂ ਅਵਸਰ ਨਹੀਂ ਸੀ ਮਿਲ ਸਕਿਆ । ਅਰਥਾਤ ਭਾਵੇਂ ਬੰਗਾਲੀ ਦੇਸ਼ ਭਗਤਾਂ ਨੇ ਹਿੰਦ ਵਿਚ ਗਦਰ ਪਾਰਟੀ ਲਹਿਰ ਨੂੰ ਆਪਣੇ ਤਰੀਕਾਕਾਰਾਂ ਦੀ ਮਾੜੀ ਜਿਹੀ ਰੰਗਤ ਦਿਤੀ, ਪਰ ਉਹ ਵੀ ਸਮੁਚੇ ਤੌਰ ਉਤੇ ਇਕ ਨਵਾਂ ਨਜ਼ਰੀਆ ਗ੍ਰਹਿਣ ਕਰਕੇ ਲਹਿਰ ਵਿਚ ਸ਼ਾਮਲ ਹੋਏ । ਅਗਲੇ ਕਾਂਡਾਂ ਵਿਚ ਇਹ ਵੀ ਵੇਖਿਆ ਜਾਵੇਗਾ ਕਿ ਫੌਜਾਂ ਤੋਂ ਇਲਾਵਾ ਆਮ ਜਨਤਾ ਅਤੇ ਵਿਦਿਆਰਥੀਆਂ ਨੂੰ ਨਾਲ ਮਿਲਾਕੇ ਹਥਿਆਰਬੰਦ ਇਨਕਲਾਬ ਰਾਹੀਂ ਅੰਗਰੇਜ਼ੀ ਹਕੂਮਤ ਦਾ ਹਿੰਦ ਵਿਚੋਂ ਖਾਤਮਾ ਕਰਕੇ ਪੰਚਾਇਤੀ ਰਾਜ ਕਾਇਮ ਕਰਨਾ ਗਦਰ ਪਾਰਟੀ ਲਹਿਰ ਦਾ ਵਡਾ ਮਕਸਦ ਅਤੇ ਪ੍ਰੋਗਰਾਮ ਸੀ, ਜਿਸ ਨੂੰ ਸਿਰੇ ਚਾੜ੍ਹਨ ਦੀ ਪੂਰੀ ਕੋਸ਼ਸ਼ ਕੀਤੀ ਗਈ । ਇਹ ਵਖਰੀ ਗਲ ਹੈ ਕਿ ਪੰਚਾਇਤੀ ਰਾਜ ਸਥਿਰ ਹੁੰਦਾ ਜਾਂ ਨਾ ਹੁੰਦਾ, ਕਿਉਂਕਿ ਹਿੰਦ ਵਾਸੀ ਇਸ ਵਾਸਤੇ ਤਿਆਰ ਨਹੀਂ ਸਨ । ਇਹ ਵੀ ਵਖਰੀ ਗਲ ਹੈ ਕਿ ਦੇਸ ਦੀ ਸਾਧਾਰਨ ਜਨਤਾ ਵਿਚ ਰਾਜਸੀ ਜਾਗਰਤਾ ਨਾ ਹੋਇਆਂ ਦੇ ਬਰਾਬਰ ਹੋਣ ਕਰਕੇ ਆਮ ਜਨਤਾ ਅਤੇ ਵਿਦਿਆਰਥੀਆਂ ਨੂੰ ਲਹਿਰ ਵਿਚ ਸ਼ਾਮਲ ਕਰਨ ਵਿਚ ਕਾਮਯਾਬੀ ਘੱਟ ਹੋਈ, ਅਤੇ ਲੜਾਈ ਦੇ ਵਿਸ਼ੇਸ਼ ਹਾਲਾਤ ਦੇ ਕਾਰਨ ਦੇਸੀ ਫੌਜੀਆਂ ਦੀ ਹਮਾਇਤ ਹਾਸਲ ਕਰਨ ਵਿਚ ਵਧੇਰੇ ਸਫਲਤਾ ਹੋਈ, ਜਿਸ ਕਰਕੇ ਗਦਰ ਪਾਰਟੀ ਲਹਿਰ ਦੀਆਂ ਹਿੰਦ ਵਿਚ ਕੋਸ਼ਸ਼ਾਂ ਦਾ ਇਹ ਹਿੱਸਾ ਧੁਰਾ ਬਣ ਗਿਆ । ਇਸ ਵਾਸਤੇ ਹਿੰਦ ਵਿਚਲੇ ਉਸ ਵੇਲੇ ਦੇ ਰਾਜਸੀ ਹਾਲਾਤ ਦੇ ਮੁਤਾਬਕ ਗਦਰ ਪਾਰਟੀ ਲਹਿਰ ਸਹੀ ਅਰਥਾਂ ਵਿਚ ਕੌਮੀ ਇਨਕਲਾਬੀ ਲਹਿਰ ਸੀ । ਇਸ ਨੂੰ ਦਹਿਸ਼ਤ ਪਸੰਦ ਲਹਿਰ ਨਾਲ ਤੁਲਣਾ ਦੇਣੀ ਤਾਂ ਉੱਕਾ ਗਲਤ ਹੈ, ਕਿਉਂਕਿ ਕੇਵਲ ਦੇਸ ਦੀ ਫੌਜ ਦੀ ਮਦਦ ਨਾਲ ਬਦੇਸ਼ੀ ਹਕੂਮਤ ਦਾ ਆਪਣੇ ਦੇਸ ਵਿਚੋਂ ਤਖਤਾ ਉਲਟਣ ਨੂੰ ਵੀ ਦਹਸ਼ਤ ਪਸੰਦੀ ਦਾ ਨਾਮ ਨਹੀਂ ਦਿਤਾ ਜਾ ਸਕਦਾ ।

ਆਖਰ ਹਥਿਆਰਬੰਦ ਕੌਮੀ ਇਨਕਲਾਬਾਂ ਅਤੇ ਦਹਿਸ਼ਤ ਪਸੰਦੀ ਵਿਚ ਬੁਨਿਆਦੀ ਫਰਕ ਕੀ ਹੁੰਦਾ ਹੈ, ਕਿਉਂਕਿ ਉਕੜ ਦੁਕੜ ਕਤਲ ਤੇ ਘਟਨਾਵਾਂ ਤਾਂ ਜਨਤਕ

---

*First Case, the Return to India, p. 2.

†Mandlay Case, Judgement, pp. 31 & 32.

---

*ਸਵਾਏ ਭਾ: ਪਰਮਾਨੰਦ ਦੇ ਜੋ ਆਪਣੇ ਬਿਆਨ ਮੁਤਾਬਕ ਗਦਰ ਪਾਰਟੀ ਨਾਲ ਸੰਬੰਧਤ ਨਹੀਂ ਸਨ ।

†ਅਮਰੀਕਾ ਤੋਂ ਆਏ ਪਹਿਲੇ ਕੇਸ ਦੇ ਗਦਰੀ ਤੇ ਇਸ ਵਾਸਤੇ ਚੁਣੇ ਗਏ ਹਨ ਕਿ ਲਹਿਰ ਨੂੰ ਜਥੇਬੰਦ ਕਰਨ ਵਾਲੇ ਅਤੇ ਲੀਡਰ ਅਸਲੀ ਉਹ ਸਨ (Second Case, p. 1), ਅਤੇ ਗਦਰ ਪਾਰਟੀ ਲਹਿਰ ਵਿਚ ਹਿੰਦ ਵਿਚੋਂ ਹੋਰ ਵੀ ਭਿਨ ਭਿਨ ਵੀਚਾਰਾਂ ਵਾਲੇ ਅਨਸਰ ਸ਼ਾਮਲ ਹੋ ਗਏ ।

‡Political India, Sir John Cumming. p. 232.

ਇਨਕਲਾਬਾਂ ਵਿਚ ਵੀ ਨਹੀਂ ਰੁਕ ਸਕਦੀਆਂ । ਦਹਿਸ਼ਤ ਪਸੰਦ ਕੇਵਲ ਇਕੜ ਦੁਕੜ ਕਤਲਾਂ, ਜਾਂ ਇਨ੍ਹਾਂ ਦਵਾਰਾ ਫੈਲਾਏ ਗਏ ਡਰ, ਦੇ ਆਸਰੇ ਕਿਸੇ ਹਕੂਮਤ ਦਾ ਤਖਤਾ ਪਲਟਣ ਦੀ ਆਸ ਰਖਦੇ ਹਨ । ਉਹ ਜਨਤਾ ਦੀ ਇਨਕਲਾਬੀ ਤਾਕਤ ਨੂੰ ਜਥੇਬੰਦ ਕਰਕੇ, ਜਾਂ ਫੌਜ ਨੂੰ ਨਾਲ ਮਿਲਾਕੇ, ਉਸ ਹਕੂਮਤ ਤੋਂ ਭਾਰੂ ਜਾਂ ਮੁਕਾਬਲੇ ਦੀ ਤਾਕਤ ਪੈਦਾ ਕਰਨ ਦਾ ਯਤਨ ਨਹੀਂ ਕਰਦੇ; ਅਤੇ ਉਨ੍ਹਾਂ ਦਾ ਤਰੀਕਾਕਾਰ ਕੇਵਲ ਐਸੀਆਂ ਹਕੂਮਤਾਂ ਵਿਰੁਧ ਕਾਮਯਾਬ ਹੋ ਸਕਦਾ ਹੈ ਜੋ ਥੋੜੇ ਪੁਰਸ਼ਾਂ ਜਾਂ ਗਰੁਪਾਂ ਦੇ ਸਹਾਰੇ ਖੜੀਆਂ ਹੋਣ । ਜਿਥੇ ਇਕ ਸਮੁਚੀ ਕੌਮ ਜਾਂ ਪ੍ਰਬੰਧ (System) ਦੂਸਰੇ ਉਤੇ ਭਾਰੂ ਹੋਵੇ ਉਥੇ ਦਹਿਸ਼ਤਪਸੰਦ ਤਰੀਕਾਕਾਰ ਦੀ ਸਫਲਤਾ ਦੀ ਸੰਭਾਵਨਾ ਨਾ ਹੋਇਆਂ ਬਰਾਬਰ ਹੋ ਸਕਦੀ ਹੈ। ਉਪ੍ਰੋਕਤ ਨਜ਼ਰੀਏ ਦੇ ਕਾਰਨ ਦਹਿਸ਼ਪਸੰਦਾਂ ਦੀ ਜਥੇਬੰਦੀ ਵੀ ਛੋਟੇ ਛੋਟੇ ਗਰੁਪਾਂ ਵਿਚ ਸਾਜਸ਼ੀ ਲੀਹਾਂ ਤਕ ਮਹਿਦੂਦ ਹੁੰਦੀ ਹੈ। ਪਰ ਫੌਜ ਨੂੰ ਵਡੇ ਪੈਮਾਨੇ ਉਤੇ ਨਾਲ ਮਿਲਾਉਣ ਦੀਆਂ ਕੋਸ਼ਸ਼ਾਂ ਤੋਂ ਇਲਾਵਾ, ਗਦਰ ਪਾਰਟੀ ਵਾਲੇ ਹਜ਼ਾਰਾਂ ਦੀ ਗਿਣਤੀ ਵਿਚ ਅਮਰੀਕਾ ਵਿਚੋਂ ਅੰਗਰੇਜ਼ਾਂ ਵਿਰੁਧ ਲੜਾਈ ਦਾ ਖੁਲ੍ਹਾ ਐਲਾਨ ਕਰਕੇ ਤੁਰੇ । ਬਲਕਿ ਉਨ੍ਹਾਂ ਦੀ ਇਹ ਸਭ ਤੋਂ ਵਡੀ ਮੋਹਲਕ ਗਲਤੀ ਸਾਬਤ ਹੋਈ। ਪਹਿਲੇ ਸਾਜਸ਼ ਕੇਸ ਦੇ ਫੈਸਲੇ ਦੇ ਸ਼ੁਰੂ ਵਿਚ ਦਿਤੀ ਗਈ ਸੁਰਖੀ, 'ਸਾਜਸ਼ ਅਤੇ ਜੰਗ ਦਾ ਅਰੰਭ' (The Beginning of the Conspiracy & war) ਵੀ ਇਸ ਗਲ ਨੂੰ ਜ਼ਾਹਰ ਕਰਦੀ ਹੈ ਕਿ ਜੱਜ ਵੀ ਗਦਰ ਪਾਰਟੀ ਲਹਿਰ ਨੂੰ ਵਡੇ ਪੈਮਾਨੇ (Mass Scale) ਉਤੇ ਇਨਕਲਾਬੀ ਅੰਦੋਲਨ ਸਮਝਦੇ ਸਨ, ਭਾਵੇਂ ਉਨ੍ਹਾਂ ਜੰਗ ਦੇ ਨਾਲ ਸਾਜ਼ਸ਼ ਸ਼ਬਦ ਨੂੰ ਵੀ ਜੋੜਿਆ ਹੈ, ਕਿਉਂਕਿ ਸਾਜ਼ਸ਼ ਹਰ ਇਕ ਇਨਕਲਾਬੀ ਅੰਦੋਲਨ ਦਾ ਕੁਝ ਨਾ ਕੁਝ ਜ਼ਰੂਰ ਹਿਸਾ ਹੁੰਦੀ ਹੈ।

**ਅਗਲੇ ਕਾਂਡਾਂ ਵਿਚਲਾ ਗਦਰ ਪਾਰਟੀ ਲਹਿਰ ਦਾ ਇਤਹਾਸ ਅਤੇ ਵਾਕਿਆਤ ਵੀ ਇਸ ਗਲ ਦੀ ਪੁਸ਼ਟੀ ਕਰਨਗੇ ਕਿ ਸਮੁਚੇ ਤੌਰ ਉਤੇ ਗਦਰ ਪਾਰਟੀ ਲਹਿਰ ਕੌਮੀ ਇਨਕਲਾਬੀ ਲਹਿਰ ਸੀ, ਨਾ ਕਿ ਦਹਿਸ਼ਤਪਸੰਦ ਅੰਦੋਲਨ ।**

## ਸਤਵਾਂ ਕਾਂਡ

# ਗਦਰ ਪਰਟੀ ਦੀ ਪਲੈਨ

ਭਾਈ ਪਰਮਾਨੰਦ ਨੇ ਲਿਖਿਆ ਹੈ ਕਿ ਗਦਰ ਪਾਰਟੀ ਨੂੰ ਚਲਾਉਣ ਵਾਲੇ ਦਰਅਸਲ ਅੰਨ੍ਹੇ ਜਜ਼ਬੇ ਦੇ ਅਸਰ ਹੇਠ ਕੰਮ ਕਰ ਰਹੇ ਸਨ* । ਅਮਲੀ ਵਰਤੋਂ ਦੀ ਤਫਸੀਲ ਨੂੰ ਤਹਿ ਕੀਤੇ ਬਿਨਾਂ ਜਿਵੇਂ ਗਦਰ ਪਾਰਟੀ ਦੇ ਇਨਕਲਾਬੀਆਂ ਦਾ ਵਹੀਰ ਢੋਲ ਵਜਾਕੇ ਐਲਾਨੀਆ ਹਿੰਦ ਨੂੰ ਠਿੱਲ ਪਿਆ†, ਉਸ ਨੂੰ ਵੇਖਕੇ ਇਸੇ ਕਿਸਮ ਦਾ ਮਨ ਉਤੇ ਅਸਰ ਪੈਂਦਾ ਹੈ । ਪਰ ਇਸ ਦਾ ਇਹ ਮਤਲਬ ਨਹੀਂ ਕਿ ਗਦਰ ਪਾਰਟੀ ਦਾ ਕੋਈ ਆਪਣਾ ਪਲੈਨ ਜਾਂ ਪ੍ਰੋਗਰਾਮ ਹੈ ਈ ਨਹੀਂ ਸੀ । ਹਰ ਇਕ ਰਾਜਨੀਤਕ ਪਾਰਟੀ, ਜਿਸ ਦਾ ਕੋਈ ਹਾਸਲ ਕਰਨ ਯੋਗ ਮਕਸਦ ਹੋਵੇ ਅਤੇ ਜਿਸ ਨੂੰ ਪ੍ਰਾਪਤ ਕਰਨ ਲਈ ਉਹ ਤੁਲੀ ਹੋਵੇ, ਦਾ ਕੋਈ ਨਾ ਕੋਈ ਪ੍ਰੋਗਰਾਮ ਅਥਵਾ ਪਲੈਨ ਜ਼ਰੂਰ ਹੁੰਦਾ ਹੈ, ਭਾਵੇਂ ਇਹ ਧੁੰਧਲੀ (vague) ਹਾਲਤ ਵਿਚ ਹੀ ਕਿਉਂ ਨਾ ਹੋਵੇ। ਇਨਕਲਾਬੀ ਪਾਰਟੀਆਂ ਦੇ ਪਲੈਨ ਅਮੂਮਨ ਭੇਦ ਦੇ ਪਰਦੇ ਵਿਚ ਰਹਿੰਦੇ ਹਨ ਅਤੇ ਉਨ੍ਹਾਂ ਬਾਰੇ ਮੁਕੰਮਲ ਸਬੂਤ ਮਿਲਣ ਦੀ ਆਸ ਰੱਖਣੀ ਠੀਕ ਨਹੀਂ । ਪਰ ਗਦਰ ਪਾਰਟੀ ਲਹਿਰ ਸੰਬੰਧੀ ਚਲੇ ਮੁਕੱਦਮਿਆਂ ਵਿਚ ਕਾਫੀ ਸ਼ਹਾਦਤ ਹੈ ਜੋ ਗਦਰ ਪਾਰਟੀ ਦੇ ਪਲੈਨ ਅਤੇ ਪ੍ਰੋਗਰਾਮ ਦੇ ਮੋਟੇ ਮੋਟੇ ਅੰਗਾਂ ਨੂੰ ਸਪੱਸ਼ਟ ਤੌਰ ਉਤੇ ਜ਼ਾਹਰ ਕਰਦੀ ਹੈ।

ਗਦਰ ਪਾਰਟੀ ਲਹਿਰ ਦੇ ਪਲੈਨ ਦਾ ਸਭ ਤੋਂ ਨੁਮਾਇਆਂ ਅੰਗ ਅੰਤਰ ਰਾਸ਼ਟਰੀ ਹਾਲਾਤ ਤੋਂ ਫਾਇਦਾ ਉਠਾਉਣ ਦਾ ਸੀ। ਇਸ ਦੇ ਦੋ ਪਹਿਲੂ ਸਨ। ਇਕ ਤਾਂ ਹਿੰਦ ਵਿਚਲੀ ਬਦੇਸ਼ੀ ਅੰਗਰੇਜ਼ੀ ਹਕੂਮਤ ਉਤੇ ਉਸ ਵੇਲੇ ਅਖੀਰਲਾ ਵਾਰ ਕਰਨਾ ਜਿਸ ਵੇਲੇ ਅੰਗਰੇਜ਼ ਕਿਸੇ ਵਡੀ ਮੁਕਾਬਲੇ ਦੀ ਤਾਕਤ ਨਾਲ ਲੜਾਈ ਵਿਚ ਫਸੇ ਹੋਏ ਹੋਣ । ਦੂਸਰੇ ਅੰਤਰ-ਰਾਸ਼ਟਰੀ ਅੰਗਰੇਜ਼ ਵਿਰੋਧੀ ਤਾਕਤਾਂ ਦੀ ਮਦਦ ਅਤੇ ਸਹਾਇਤਾ ਲੈਣੀ।

੩੧ ਦਸੰਬਰ ੧੯੧੩ ਨੂੰ ਸੈਕਰੇਮੈਂਟੋ ਵਿਚ ਹੋਈ ਮੀਟਿੰਗ ਵਿਚ "ਲਾ: ਹਰਦਿਆਲ ਨੇ ਦੱਸਿਆ ਕਿ ਜਰਮਨੀ ਇੰਗਲੈਂਡ ਨਾਲ ਲੜਾਈ ਦੀ ਤਿਆਰੀ ਕਰ ਰਿਹਾ ਹੈ ਅਤੇ ਹੋਣ ਵਾਲੇ ਇਨਕਲਾਬ ਵਾਸਤੇ ਹਿੰਦ ਜਾਣ ਦਾ ਸਮਾਂ ਹੈ। ਇਹ ਪੁਰ ਮਤਲਬ ਗੱਲ ਹੈ ਕਿ ਇਤਨਾ ਚਿਰ ਪਹਿਲਾਂ, ਅਰਥਾਤ ਦਸੰਬਰ ੧੯੧੩ ਵਿਚ, ਹਰਦਿਆਲ ਨੂੰ ਜਰਮਨੀ ਦੇ ਆਉਣ ਵਾਲੇ ਇਰਾਦਿਆਂ ਦਾ ਪਤਾ ਸੀ, ਅਤੇ ਇਹ ਉਸ ਦੀਆਂ ਬਗਾਵਤ ਕਰਨ ਦੀਆਂ ਕੋਸ਼ਸ਼ਾਂ ਅਤੇ ਉਸ ਮੁਲਕ ਨਾਲ ਕੁਝ ਸੰਬੰਧ ਨੂੰ ਜ਼ਾਹਰ ਕਰਦਾ ਹੈ* ।"

ਅਮਰੀਕਾ ਤੋਂ ਤੁਰਨ ਸਮੇਂ ਸੈਨਫ੍ਰਾਂਸਿਸਕੋ ਵਿਚ ੨੫ ਮਾਰਚ ੧੯੧੪ ਨੂੰ ਹੋਈ ਮੀਟਿੰਗ ਵਿਚ "ਹਰਦਿਆਲ ਨੇ ਐਲਾਨ ਕੀਤਾ ਕਿ ਓਹ ਜਰਮਨੀ ਜਾਏਗਾ ਅਤੇ ਹੋਣ ਵਾਲੀ ਬਗਾਵਤ ਵਾਸਤੇ ਓਥੇ ਤਿਆਰੀ ਕਰੇਗਾ" ।

*Bh. Parmanand, p. 70.
†ਕਾਂਡ ਤੇਰਵਾਂ ।

*First Case, The beginning of the conspiracy and war, p. 5.



Digitized by Panjab Digital Library | www.panjabdigilib.org

੧੯੧੪ ਵਾਲਾ ਮਹਾਨ ਯੁਧ ਛਿੜ ਜਾਣ ਉਤੇ (ਪਰ ਅੰਗਰੇਜ਼ਾਂ ਦੇ ਇਸ ਵਿਚ ਸ਼ਾਮਲ ਹੋਣ ਤੋਂ ਪਹਿਲੋਂ) ਮੌਲਵੀ ਬਰਕਤੁਲਾ ਨੇ ਨਵਾਬ ਖਾਨ ਨੂੰ ਦੱਸਿਆ ਕਿ, "ਅੰਗਰੇਜ਼ ਇਸ ਵਿਚ ਸ਼ਾਮਲ ਹੋਣ ਵਾਸਤੇ ਮਜਬੂਰ ਹੋ ਜਾਣਗੇ, ਅਤੇ ਮਿਸਰ, ਆਇਰਲੈਂਡ, ਦਖਣੀ ਅਫਰੀਕਾ ਅਤੇ ਹੋਰ ਥਾਈਂ ਬਗਾਵਤਾਂ ਹੋ ਜਾਣਗੀਆਂ; ਹਿੰਦੁਸਤਾਨ ਜਾਣ, ਫੌਜਾਂ ਨੂੰ ਵਰਗਲਾਉਣ ਅਤੇ ਬਗਾਵਤ ਸ਼ੁਰੂ ਕਰਨ ਦਾ ਇਹ ਬਹੁਤ ਵਧੀਆ ਮੌਕਿਆ ਹੈ"*।

ਲੜਾਈ ਤੋਂ ਪਹਿਲੋਂ ਅਮਰੀਕਾ ਵਿਚ ਗਦਰ ਪਾਰਟੀ ਵਲੋਂ ਕੀਤੀਆਂ ਮੀਟਿੰਗਾਂ ਦਾ ਸਾਰ ਤੱਤ ਦਸਦਿਆਂ ਹੋਇਆਂ ਪਹਿਲੇ ਕੇਸ ਦੇ ਫੈਸਲੇ ਵਿਚ ਲਿਖਿਆ ਹੈ, "ਜਿਨ੍ਹਾਂ ਮੀਟਿੰਗਾਂ ਬਾਰੇ ਅਸਾਂ ਹੁਣੇ ਵਿਚਾਰ ਕੀਤੀ ਹੈ, ਇਹ ਉਹ ਸਨ ਜਿਨ੍ਹਾਂ ਵਿਚ ਸਾਜ਼ਸ਼ ਦੇ ਬੀਜ਼ ਬੀਜੇ ਗਏ, ਅਤੇ ਕਿਸੇ ਆਉਣ ਵਾਲੀ ਤਰੀਖ ਉਤੇ ਗਦਰ ਕਰਨ ਦਾ ਭਰੋਸਾ ਦਿਵਾਇਆ ਗਿਆ। ਵੇਖਣ ਨੂੰ ਜਾਪਦਾ ਹੈ ਕਿ ਲਹਿਰ ਦੇ ਲੀਡਰਾਂ ਨੂੰ ਪਤਾ ਸੀ ਕਿ ਉਹ ਤਾਰੀਖ ਨੇੜੇ ਹੀ ਸੀ। ਇਸ ਵਿਚ ਇਹ ਸ਼ੱਕ ਕਰਨ ਨੂੰ ਗੁੰਜਾਇਸ਼ ਹੈ ਕਿ ਲੜਾਈ ਸਚ ਮੁਚ ਲਗਣ ਤੋਂ ਮਹੀਨਿਆਂ ਬੱਧੀ ਪਹਿਲੋਂ, ਲੀਡਰਾਂ ਨੂੰ ਜਰਮਨੀ ਦੀ ਵਡਾ ਯੁਧ ਸ਼ੁਰੂ ਕਰਨ ਦੀ ਮਨਸ਼ਾ ਦਾ ਪਤਾ ਸੀ, ਵਰਨਾ ਭਵਿਖਤ ਵਿਚ ਜਲਦੀ ਬਗਾਵਤ ਖੜੀ ਕਰਨ ਦੇ ਭਰੋਸੇ ਦੇਣ ਦੀ ਸਮਝ ਆਉਂਣੀ ਮੁਸ਼ਕਲ ਹੈ"†।

ਇਸੇ ਤਰ੍ਹਾਂ ੧੫ ਨਵੰਬਰ ੧੯੧੩ ਦੇ 'ਗਦਰ' ਵਿਚ ਲਿਖਿਆ ਗਿਆ, "ਸਾਡੀ ਆਜ਼ਾਦੀ ਦੀ ਲਹਿਰ ਵਾਸਤੇ ਜਰਮਨਾਂ ਦੀ ਬਹੁਤ ਹਮਦਰਦੀ ਹੈ, ਕਿਉਂਕਿ ਅੰਗਰੇਜ਼ ਉਨ੍ਹਾਂ ਦੇ ਤੇ ਸਾਡੇ ਸਾਂਝੇ ਦੁਸ਼ਮਣ ਹਨ। ਭਵਿਖਤ ਵਿਚ ਜਰਮਨੀ ਸਾਡੇ ਕੋਲੋਂ ਮਦਦ ਲੈ ਸਕਦਾ ਹੈ, ਉਹ ਸਾਡੀ ਵੀ ਕਾਫੀ ਮਦਦ ਕਰ ਸਕਦੇ ਹਨ"*।

ਗਦਰ ਅਖਬਾਰ ਦੀਆਂ ਲਿਖਤਾਂ ਦਾ ਸਾਰ ਤੱਤ ਕਢਦਿਆਂ ਹੋਇਆਂ ਫੈਸਲੇ ਵਿਚ ਲਿਖਿਆ ਹੈ ਕਿ, "ਇਹ ਹਿੰਦੁਸਤਾਨ ਇਸ ਮਕਸਦ ਨਾਲ ਜਾਣ ਦਾ ਪ੍ਰਚਾਰ ਕਰਦਾ ਸੀ ਕਿ ਸਲਤਨਤ ਦੇ ਦੁਸ਼ਮਣਾਂ ਨਾਲ ਮਿਲਕੇ ਬਗਾਵਤ ਖੜੀ ਕੀਤੀ ਜਾਵੇ"†।

ਦੂਸਰੇ ਮੁਕੱਦਮੇਂ ਦੇ ਫੈਸਲੇ ਵਿਚ ਜਰਮਨੀ ਨਾਲ ਗਦਰ ਪਾਰਟੀ ਲਹਿਰ ਦੇ ਸੰਬੰਧਾਂ ਦਾ ਤੱਤ ਕਢਦਿਆਂ ਹੋਇਆਂ ਲਿਖਿਆ ਹੈ ਕਿ "ਸਾਨੂੰ ਪੂਰਨ ਤਸੱਲੀ ਹੈ ਕਿ ਜਰਮਨੀ ਨਾਲ ਲੜਾਈ ਸ਼ੁਰੂ ਹੋਣ ਨੂੰ ਹਿੰਦ ਵਿਚ ਬਗਾਵਤ ਵਾਸਤੇ ਇਕ ਨਾਦਰ ਮੌਕਿਆ ਸਮਝਿਆ ਜਾਂਦਾ ਸੀ, ਅਤੇ ਇਹ ਆਸ ਕੀਤੀ ਗਈ ਕਿ ਜਰਮਨੀ ਇਸ ਗਦਰ ਵਿਚ ਹਿੱਸਾ ਲਵੇਗਾ‡।"

ਜਰਮਨੀ ਨਾਲ ਗਦਰ ਪਾਰਟੀ ਲਹਿਰ ਦੇ ਸੰਬੰਧ ਕਦ ਅਤੇ ਕਿਸ ਕਿਸਮ ਦੇ ਕ੍ਰਾਇਮ ਹੋਏ, ਇਹ ਇਕ ਵਖਰਾ ਸਵਾਲ ਹੈ ਜਿਸ ਦਾ ਨਿਰਣਾ ਇਧਰੇ ਅਗੇ ਕੀਤਾ ਜਾਵੇਗਾ। ਪਰ ਉਪ੍ਰੋਕਤ ਹਵਾਲਿਆਂ ਤੋਂ ਇਹ ਸਾਫ ਪ੍ਰਗਟ ਹੈ ਕਿ ਅੰਗਰੇਜ਼ਾਂ ਉਤੇ ਓਦੋਂ ਵਾਰ ਕਰਨਾ ਜਦ ਓਹ ਕਿਸੇ ਮਹਾਂ ਯੁਧ ਵਿਚ ਫਸੇ ਹੋਣ, ਅਤੇ ਅੰਗਰੇਜ਼ਾਂ ਦੀਆਂ ਅੰਤਰ ਰਾਸ਼ਟਰੀ ਦੁਸ਼ਮਨ ਤਾਕਤਾਂ ਦੀ ਆਪਣੇ ਮਨੋਰਥ ਲਈ ਮਦਦ ਲੈਣੀ ਸ਼ੁਰੂ ਤੋਂ ਗਦਰ ਪਾਰਟੀ ਦੀ ਪਲੈਨ ਦਾ ਮੁਖ ਹਿੱਸਾ ਸੀ।

*First Case, The beginning of the Conspiracy & war p. 7.
†Ibid, p. 8.

*First Case, Part II, pp. 24 & 25.
†First Case, The objects of going to India, p. 1.
‡Second Case, Judgement, p. 102.

'ਗਦਰ ਪਾਰਟੀ' ਦੀ ਫੌਜੀ ਪਲੈਨ ਦੇ ਅੰਤਰ ਰਾਸ਼ਟਰੀ ਪਹਿਲੂ ਬਾਰੇ ਸ਼ਹਾਦਤ ਇਤਨੀ ਸਪੱਸ਼ਟ ਨਹੀਂ।

ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ' ਨੇ ਦਸਿਆ ਹੈ ਕਿ 'ਭਾਈ' ਸੰਤੋਖ ਸਿੰਘ (ਜੋ ਲਾ: ਹਰਦਿਆਲ ਦੇ ਅਮਰੀਕਾ ਤੋਂ ਚਲੇ ਜਾਣ ਪਿਛੋਂ ਗਦਰ ਪਾਰਟੀ ਦੇ ਜਨਰਲ ਸਕੱਤ੍ਰ ਅਤੇ ਗੁਪਤ ਕਮੀਸ਼ਨ ਦੇ ਮੈਂਬਰ ਚੁਣੇ ਗਏ) ਨੇ ਸੈਨਫ੍ਰਾਂਸਿਸਕੋ ਦੇ ਜਰਮਨ ਕੌਂਸਲ ਨਾਲ ਮਿਲਕੇ ਇਹ ਪਲੈਨ ਬਣਾਈ ਕਿ ਲੜਾਈ ਲਗਣ ਉਤੇ ਜਰਮਨੀ ਦੀ ਮਦਦ ਨਾਲ ਤੁਰਕੀ ਫੌਜਾਂ ਨਹਿਰ ਸਵੇਜ਼ ਉਤੇ ਕਬਜ਼ਾ ਕਰ ਲੈਣ, ਅਤੇ ਇਸ ਵਿਚ ਜਹਾਜ਼ ਡੋਬਕੇ ਇਸ ਨੂੰ ਬੰਦ ਕਰ ਦੇਣ। ਉਸੇ ਸਮੇਂ ਗਦਰ ਪਾਰਟੀ ਹਿੰਦ ਵਿਚ ਬਗਾਵਤ ਖੜੀ ਕਰਕੇ ਅੰਗਰੇਜ਼ਾਂ ਉਤੇ ਚੋਟ ਮਾਰੇ। 'ਜਹਾਨੇ ਇਸਲਾਮ' (ਜੋ ਕੁਸਤਨਤੁਨੀਆਂ ਵਿਚ ਛਪਦਾ ਸੀ) ਦੇ ੨੦ ਨਵੰਬਰ ੧੯੧੪ ਦੇ ਪਰਚੇ ਵਿਚ ਪ੍ਰਸਿਧ ਤੁਰਕੀ ਲੀਡਰ ਅਨਵਰ ਪਾਸ਼ਾ ਦੀ ਤਕਰੀਰ ਦੀ ਇਸਤਰ੍ਹਾਂ ਰਪੋਰਟ ਛਪੀ ਹੈ। "ਹੁਣ ਵਕਤ ਹੈ ਕਿ ਹਿੰਦ ਵਿਚ ਬਗਾਵਤ ਦਾ ਐਲਾਨ ਕੀਤਾ ਜਾਏ, ਅੰਗਰੇਜ਼ ਦੇ ਮੈਗਜ਼ੀਨਾਂ ਉਤੇ ਹੱਲੇ ਕਰਕੇ ਹਥਿਆਰ ਲੁਟੇ ਜਾਣ ਅਤੇ ਉਨ੍ਹਾਂ ਨਾਲ ਉਨ੍ਹਾਂ ਨੂੰ ਮਾਰਿਆ ਜਾਏ। ਹਿੰਦੀਆਂ ਦੀ ਗਿਣਤੀ ਤੇਤੀ ਕ੍ਰੋੜ ਹੈ ਅਤੇ ਅੰਗਰੇਜ਼ਾਂ ਦੀ ਕੇਵਲ ਦੋ ਲਖ। ਉਨ੍ਹਾਂ ਨੂੰ ਕਤਲ ਕਰ ਦੇਣਾ ਚਾਹੀਦਾ ਹੈ, ਉਨ੍ਹਾਂ ਪਾਸ ਫੌਜ ਨਹੀਂ। ਜਲਦੀ ਹੀ ਤੁਰਕ ਨਹਿਰ ਸਵੇਜ਼ ਨੂੰ ਬੰਦ ਕਰ ਦੇਣਗੇ"*। ਇਸ ਫੌਜੀ ਪਲੈਨ (Strategy) ਦਾ ਇਹ ਵੀ ਹਿੱਸਾ ਸੀ ਕਿ ਹੋਰ ਮੁਲਕਾਂ ਵਿਚ ਵੀ, ਜਿਥੇ ਜਿਥੇ ਹਿੰਦੀ ਫੌਜਾਂ ਹੋਣ, ਬਗਾਵਤਾਂ ਹੋਣ*, ਤਾਕਿ ਅੰਗਰੇਜ਼ਾਂ ਦੀ ਤਾਕਤ ਇਨ੍ਹਾਂ ਨੂੰ ਨਜਿੱਠਣ ਲਈ ਥਾਈਂ ਥਾਈਂ ਬਿਖਰ ਜਾਏ, ਅਤੇ ਓਹ ਹਿੰਦ ਵਿਚਲੀ ਬਗਾਵਤ ਨੂੰ ਕੁਚਲਣ ਲਈ ਇਕ ਥਾਂ ਇਕੱਠੀ ਨਾ ਕਰ ਸਕਣ। ਇਸੇ ਮਕਸਦ ਨੂੰ ਸਾਹਮਣੇ ਰੱਖ ਕੇ ਸਿੰਘਾਪੁਰ ਵਿਚ ਗਦਰ ਕਰਵਾਇਆ ਗਿਆ, ਅਤੇ ਸਿਆਮ ਬਰਮਾ ਵਿਚ ਬਗਾਵਤ ਕਰਵਾਉਣ ਦੀ ਕੋਸ਼ਸ਼ ਕੀਤੀ ਗਈ, ਅਤੇ ਮੌਲਵੀ ਬਰਕਤੁਲਾ ਦੀ ਕਾਬਲ ਦੇ ਅਮੀਰ ਨੂੰ ਅੰਗਰੇਜ਼ਾਂ ਵਿਰੁਧ ਖੜਾ ਕਰਨ ਦੀ ਡੀਉਟੀ ਲਾਈ ਗਈ†। ਮੌਲਵੀ ਬਰਕਤੁਲਾ ਨੂੰ ਆਸ ਸੀ ਕਿ ਲੜਾਈ ਛਿੜਨ ਉਤੇ ਮਿਸਰ, ਆਇਰਲੈਂਡ, ਦਖਣੀ ਅਫਰੀਕਾ ਅਤੇ ਹੋਰ ਮੁਲਕਾਂ ਵਿਚ ਬਗਾਵਤਾਂ ਹੋਣਗੀਆਂ‡। ਸ੍ਰੀ ਸੋਹਨ ਸਿੰਘ 'ਭਕਨਾ' (ਪ੍ਰਧਾਨ, ਗਦਰ ਪਾਰਟੀ ਅਤੇ ਗੁਪਤ ਕਮੀਸ਼ਨ ਦੇ ਮੈਂਬਰ) ਨੂੰ ਵੀ ਮਿਸਰ ਵਿਚ ਬਗਾਵਤ ਹੋਣ ਦੀ ਆਸ ਸੀ, ਅਤੇ ਉਨ੍ਹਾਂ ਮਿੰਟਗੁਮਰੀ ਜੇਲਰ ਨੂੰ ਦਸਿਆ ਕਿ ਕਈ ਦੇਸ਼ ਭਗਤ ਈਰਾਨ ਅਤੇ ਕਾਬਲ ਵਿਚ ਕੰਮ ਕਰ ਰਹੇ ਸਨ§। ਉਪ੍ਰੋਕਤ ਹਵਾਲੇ ਗਦਰ ਪਾਰਟੀ ਦੀ ਤਹਿ ਸ਼ੁਦਾ ਕਿਸੇ ਫੌਜੀ ਪਲੈਨ ਨੂੰ ਸਾਬਤ ਕਰਨ ਵਾਸਤੇ ਸ਼ਾਇਦ ਕਾਫੀ ਨਹੀਂ, ਪਰ ਇਹ ਸ਼ਹਾਦਤ ਕਮਅਜ਼ਕਮ ਇਹ ਜ਼ਰੂਰ ਜ਼ਾਹਰ ਕਰਦੀ ਹੈ ਕਿ ਗਦਰ ਪਾਰਟੀ ਦੇ ਲੀਡਰਾਂ ਦੇ ਵੀਚਾਰ ਕਿਨ੍ਹਾਂ ਲੀਹਾਂ ਉੱਤੇ ਕੰਮ ਕਰ ਰਹੇ ਸਨ, ਅਤੇ ਓਹ ਆਪਣੀਆਂ ਸਕੀਮਾਂ ਨੂੰ ਕਿਵੇਂ ਅੰਤਰ ਰਾਸ਼ਟਰੀ

*Rowlatt Report, p. 169.

*San Francisco Trial, p. 179.
†Third Case, Evidence, p. 31.
‡First Case, The beginning of the conspiracy and war, p. 7.
§First Case, Part II, p. 40.



Digitized by Panjab Digital Library | www.panjabdigilib.org

ਹਾਲਾਤ ਦੇ ਨਾਲ ਮੇਲਕੇ ਸੋਚਦੇ ਸਨ ।

ਇਹ ਜ਼ਾਹਰ ਹੀ ਹੈ ਕਿ ਗਦਰ ਪਾਰਟੀ ਦੀ ਪਲੈਨ ਦਾ ਕੁਦਰਤੀ ਤੌਰ ਉਤੇ ਸਭ ਤੋਂ ਵਡਾ ਅੰਗ ਹਿੰਦ ਵਿਚ ਇਨਕਲਾਬੀ ਤਿਆਰੀਆਂ ਕਰਨੀਆਂ ਅਤੇ ਕਰਾਉਣੀਆਂ ਸਨ। ਇਨ੍ਹਾਂ ਤਿਆਰੀਆਂ ਅਤੇ ਕੋਸ਼ਸ਼ਾਂ ਬਾਰੇ ਵਿਸਥਾਰ ਨਾਲ ਜ਼ਿਕਰ ਅਗਲੇ ਕਈ ਕਾਂਡਾਂ ਵਿਚ ਆਵੇਗਾ, ਪਰ ਇਥੇ ਗਦਰ ਪਾਰਟੀ ਦੀ ਪਲੈਨ ਅਤੇ ਪ੍ਰੋਗਰਾਮ ਦੇ ਮੁਖ ਅੰਗਾਂ ਨੂੰ ਸਾਫ ਕਰਨ ਖਾਤਰ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਹਿੰਦ ਵਿਚ ਬਗਾਵਤ ਕਰਾਉਣ ਦੇ ਪ੍ਰੋਗਰਾਮ ਦਾ ਸਭ ਤੋਂ ਅਹਿਮ ਅੰਗ ਅਤੇ ਧੁਰਾ ਹਿੰਦੁਸਤਾਨੀ ਫੌਜ ਦੀਆਂ ਦੇਸੀ ਪਲਟਣਾਂ ਨੂੰ ਗਦਰ ਵਾਸਤੇ ਤਿਆਰ ਕਰਨਾ ਸੀ*, ਭਾਵੇਂ ਇਸ ਵਿਚ ਦੇਸ ਦੀ ਆਮ-ਜਨਤਾ, ਖਾਸ ਕਰ ਨੌਜਵਾਨਾਂ ਅਤੇ ਪੇਂਡੂਆਂ ਨੂੰ ਨਾਲ ਲੈਣਾ ਵੀ ਸ਼ਾਮਲ ਸੀ†। ਇਸ ਪ੍ਰੋਗਰਾਮ ਦਾ ਇਕ ਪਹਿਲੂ ਇਹ ਵੀ ਸੀ ਕਿ ਇਨ੍ਹਾਂ ਤਿਆਰੀਆਂ ਅਤੇ ਕੋਸ਼ਸ਼ਾਂ ਦਾ ਹਿੰਦ ਤੋਂ ਬਾਹਰ ਅਮਰੀਕਾ ਨੂੰ ਉਸੇ ਤਰ੍ਹਾਂ ਸੁਰਖਯਤ ਅੱਡਾ (Safe Base) ਬਣਾਇਆ ਜਾਵੇ ਜਿਵੇਂ ਕਈ ਹੋਰ ਮੁਲਕਾਂ ਦੇ, ਖਾਸ ਕਰ ਆਇਰਿਸ਼, ਦੇਸ਼ ਭਗਤਾਂ ਨੇ ਬਣਾਇਆ ਹੋਇਆ ਸੀ। ਇਸ ਵਾਸਤੇ ਗਦਰ ਪਾਰਟੀ ਐਸੀਆਂ ਕਾਰਰਵਾਈਆਂ ਖੁਲਮਾ ਖੁਲਾ ਕਰਨੋਂ ਸੰਕੋਚ ਕਰਦੀ ਜਿਨ੍ਹਾਂ ਨਾਲ ਅਮਰੀਕਾ ਦਾ ਕਾਨੂੰਨ ਭੰਗ ਹੋਣ ਕਾਰਨ ਅਮਰੀਕਨ ਸਰਕਾਰ ਨੂੰ ਅਮਰੀਕਾ ਵਿਚ ਗਦਰ ਪਾਰਟੀ ਲਹਿਰ ਨੂੰ ਦਬਾਉਣ ਦਾ ਬਹਾਨਾ ਮਿਲ ਸਕੇ। ਮਿਸਾਲ ਵਜੋਂ ਗਦਰ ਪਾਰਟੀ ਅਮਰੀਕਾ ਵਿਚ ਜਥੇਬੰਦ ਤਰੀਕੇ ਨਾਲ ਅਤੇ ਖੁਲਮ ਖੁਲੇ ਤੌਰ ਉਤੇ ਹਥਿਆਰਾਂ ਦੇ ਅੱਕਠਾ ਕਰਨ ਅਤੇ ਹਥਿਆਰਾਂ ਦੀ ਸਿਖਲਾਈ ਦਾ ਪ੍ਰਬੰਧ ਕਰਨੋਂ ਝਕਦੀ ਰਹੀ। ਪਰ ਇਸ ਮਜਬੂਰੀ ਨੂੰ ਸਾਹਮਣੇ ਰਖਦਿਆਂ ਹੋਇਆਂ ਗਦਰ ਪਾਰਟੀ ਦੀ ਸਕੀਮ ਸੀ ਕਿ ਹਿੰਦੀ ਨੌਜਵਾਨਾਂ ਨੂੰ ਅਮਰੀਕਾ ਜਾਂ ਹੋਰ ਬਦੇਸ਼ਾਂ ਵਿਚ ਫੌਜੀ ਸਿਖਲਾਈ ਕਰਵਾਕੇ* ਹਿੰਦੁਸਤਾਨ ਗੁਪਤ ਤੌਰ ਉਤੇ ਭੇਜਿਆ ਜਾਵੇ, ਜਿਥੇ ਉਹ ਫੌਜਾਂ ਵਿਚ ਘੁਸ ਕੇ (ਜਿਤਨਾ ਚਿਰ ਵਡਾ ਯੁਧ ਨਾ ਲਗੇ ਅਤੇ ਗਦਰ ਪਾਰਟੀ ਖੁਲੀ ਬਗਾਵਤ ਕਰਨ ਦਾ ਹੁਕਮ ਨਾ ਭੇਜੇ) ਕੰਮ ਕਰੀ ਜਾਣ। ਇਸੇ ਤਰ੍ਹਾਂ ਪਿੰਡਾਂ, ਵਿਦਿਆਰਥੀਆਂ ਅਤੇ ਆਮ ਜਨਤਾ ਵਿਚ ਪ੍ਰਚਾਰ ਕਰਨ ਵਾਸਤੇ ਵੀ ਅਗਾਊਂ ਪਾਰਟੀਆਂ ਭੇਜਣ ਦੀ ਸਕੀਮ ਸੀ†। ਸ਼੍ਰੀ ਸੋਹਨ ਸਿੰਘ 'ਭਕਨਾ' ਇਸੇ ਖਾਤਰ, ਅਰਥਾਤ 'ਕੌਮਾ ਗਾਟਾ ਮਾਰੂ' ਦੇ ਮੁਸਾਫਰਾਂ ਨੂੰ ਆਪਣੇ ਪ੍ਰੋਗਰਾਮ ਸਮਝਾਉਣ ਅਤੇ ਦੇਸ ਅੰਦਰ ਰਾਜਸੀ ਜਥੇਬੰਦੀਆਂ, ਖਾਸ ਕਰ ਇਨਕਲਾਬੀ ਪਾਰਟੀਆਂ, ਨਾਲ ਤਾਲ ਮੇਲ ਪੈਦਾ ਕਰਨ ਖਾਤਰ, ਯੂਰਪ ਦਾ ਯੁਧ ਸ਼ੁਰੂ ਹੋਣ ਤੋਂ ਪਹਿਲੋਂ ਅਮਰੀਕਾ ਤੋਂ ਹਿੰਦੁਸਤਾਨ ਲਈ ਰਵਾਨਾ ਹੋ ਗਏ ਸਨ‡। ਹਥਿਆਰ ਅਕੱਠੇ ਕਰਨ ਵਲ ਵੀ ਧਿਆਨ ਦਿਤਾ ਗਿਆ। ਪਹਿਲਾ ਸੰਸਾਰ ਯੁਧ ਛਿੜਨ ਤੋਂ ਪਹਿਲੋਂ ੧੩ ਜਨਵਰੀ ੧੯੧੪ ਦੇ ਪਰਚੇ ਵਿਚ 'ਗਦਰ' ਅਖਬਾਰ ਨੇ ਗਦਰੀ ਇਨਕਲਾਬੀਆਂ ਨੂੰ ਕਾਬਲ ਜਾਕੇ ਰਾਈਫਲਾਂ ਬਨਾਉਣਾ ਸਿਖਣ ਅਤੇ ਉਥੋਂ ਪੰਜਾਬ ਲਿਆਉਣ ਦੀ ਪ੍ਰੇਰਨਾ ਕੀਤੀ, ਅਤੇ ੧੯੦੭ ਵਾਲੀ ਐਜੀਟੇਸ਼ਨ ਦੇ ਮਸ਼ਹੂਰ ਇਨਕਲਾਬੀ ਸ੍ਰਦਾਰ ਅਜੀਤ ਸਿੰਘ ਨੇ ਗਦਰ ਪਾਰਟੀ ਦੇ ਮੈਂਬਰਾਂ ਨੂੰ ਸੈਨਫ੍ਰਾਂਸਿਸਕੋ ਇਸੇ ਭਾਵ ਦੀ ਚਿਠੀ ਲਿਖੀ*। ਸੰਸਾਰ ਯੁਧ ਛਿੜ ਜਾਣ ਦੀ ਸੂਰਤ ਵਿਚ ਗਦਰੀ ਇਨਕਲਾਬੀਆਂ ਦੇ ਜੱਥੇ ਹਿੰਦ ਵਿਚ ਗਦਰ ਕਰਵਾਉਣ ਖਾਤਰ ਅਮਰੀਕਾ ਕੈਨੇਡਾ ਅਤੇ ਧੁਰ ਪੂਰਬ ਤੋਂ ਭਾਰੀ ਗਿਣਤੀ ਵਿਚ ਦੇਸ ਭੇਜਨ ਦੇ ਪ੍ਰੋਗਰਾਮ ਬਾਰੇ ਤਾਂ ਕਿਸੇ ਹਵਾਲੇ ਦੇਣ ਦੀ ਵੀ ਲੋੜ ਨਹੀਂ, ਕਿਉਂਕਿ ਜਿਵੇਂ ਅਗਲੇ ਕਾਂਡਾਂ ਵਿਚ ਵੇਖਿਆ ਜਾਵੇਗਾ ਉਨ੍ਹਾਂ ਨੇ ਇਸਤਰ੍ਹਾਂ ਅਮਲੀ ਤੌਰ ਉਤੇ ਕੀਤਾ।

ਗਦਰ ਪਾਰਟੀ ਦੀ ਉਪ੍ਰੋਕਤ ਪਲੈਨ ਅਤੇ ਪ੍ਰੋਗਰਾਮ ਦੇ ਕਈ ਪਹਿਲੂਆਂ ਬਾਰੇ ਭਾਵੇਂ ਸ਼ਹਾਦਤ ਪੂਰੀ ਨਹੀਂ, ਪਰ ਇਸ ਦੀਆਂ ਮੋਟੀਆਂ ਮੋਟੀਆਂ ਲੀਹਾਂ ਜ਼ਰੂਰ ਦਿਸਦੀਆਂ ਹਨ, ਭਾਵੇਂ ਇਹ ਧੁੰਦਲੀ ਹਾਲਤ ਵਿਚ ਹੀ ਕਿਉਂ ਨਾ ਹੋਣ। ਪਰੰਤੂ ਇਸ ਪਲੈਨ ਦੀ ਤਫਸੀਲ ਦੀਆਂ ਲੜੀਆਂ ਧੁੰਦਲੀ ਹਾਲਤ ਵਿਚ ਵੀ ਨਹੀਂ ਦਿਸਦੀਆਂ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਗਦਰ ਪਾਰਟੀ ਦੀ ਪਲੈਨ ਅਤੇ ਪ੍ਰੋਗਰਾਮ, ਗਦਰ ਪਾਰਟੀ ਦੇ ਪੰਚਾਇਤੀ ਰਾਜ ਦੇ ਨਿਸ਼ਾਨੇ ਵਾਂਗੂ, ਗਦਰ ਪਾਰਟੀ ਦੇ ਲੀਡਰਾਂ ਦੀ ਡੂੰਘੀ ਵੀਚਾਰ ਦਾ ਸ਼ਾਇਦ ਇਤਨਾ ਨਤੀਜਾ ਨਹੀਂ ਸੀ, ਜਿਤਨਾ ਕਿ ਅਮਰੀਕਾ ਵਿਚਲੇ ਮਹੌਲ ਅਤੇ ਆਇਰਿਸ਼† ਅਤੇ ਚੀਨੇ ਆਦਿ ਦੇਸ਼ ਭਗਤਾਂ ਦੀਆਂ ਆਪਣੇ ਆਪਣੇ ਦੇਸ਼ਾਂ ਨੂੰ ਆਜ਼ਾਦ ਕਰਾਉਣ ਵਾਲੀਆਂ ਕੋਸ਼ਸ਼ਾਂ ਦੀਆਂ ਪਾਈਆਂ ਲੀਹਾਂ ਅਤੇ ਮਿਸਾਲਾਂ ਦੀ ਸੁਭਾਵਕ ਪੈਦਾਇਸ਼। ਅਰਥਾਤ ਹੋ ਸਕਦਾ ਹੈ ਕਿ ਪਲੈਨ ਦੀ ਅਮਲੀ ਵਰਤੋਂ ਦੀਆਂ ਲੜੀਆਂ ਨੂੰ ਵਿਸਥਾਰ ਪੂਰਬਕ ਗਿਣਿਆ ਮਿਥਿਆ ਹੀ ਨਾ ਗਿਆ ਹੋਵੇ, ਕਿਉਂਕਿ ਗਦਰ ਪਾਰਟੀ ਦੇ ਲੀਡਰਾਂ, ਲਾ: ਹਰਦਿਆਲ ਸਮੇਤ, ਨੂੰ ਇਨਕਲਾਬੀ ਢੰਗਾਂ ਦੀ ਅਮਲੀ ਵਰਤੋਂ ਦਾ ਅਜੇ ਤਜੱਰਬਾ ਨਹੀਂ ਸੀ। ਇਹ ਕਾਰਨ ਵੀ ਹੋ ਸਕਦਾ ਹੈ ਕਿ ਇਨਕਲਾਬੀ ਪਾਰਟੀਆਂ ਦੇ ਬਹੁਤ ਸਾਰੇ ਭੇਦ ਅਕਸਰ ਪਰਦੇ ਵਿਚ ਰਹਿ ਜਾਂਦੇ ਹਨ ਅਤੇ ਗਦਰ ਪਾਰਟੀ ਦਾ ਗੁਪਤ ਕੰਮ ਕੇਵਲ ਤਿੰਨ ਮੈਂਬਰਾਂ ਦੇ ਕਮੀਸ਼ਨ ਦੇ ਸਪੁਰਦ ਸੀ। ਪਰ ਸਭ ਤੋਂ ਵਡਾ ਸਬੱਬ ਇਹ ਜਾਪਦਾ ਹੈ ਕਿ ਸੰਸਾਰ ਯੁਧ ਗਦਰ ਪਾਰਟੀ ਦੇ ਲੀਡਰਾਂ ਦੀ ਆਸ ਤੋਂ ਪਹਿਲੋਂ ਲਗ ਜਾਣ ਕਰਕੇ, ਉਨ੍ਹਾਂ ਨੂੰ ਆਪਣੇ ਪ੍ਰੋਗਰਾਮ ਦੀ ਤਫਸੀਲ ਤਹਿ ਕਰਨ ਅਤੇ ਇਸ ਦੇ ਕਈ ਪਹਿਲੂਆਂ ਨੂੰ ਸਿਰੇ ਚਾੜਨ ਦਾ ਮੌਕਿਆ ਨਾ ਮਿਲਿਆ। ਗਦਰ ਪਾਰਟੀ ਲਹਿਰ ਸੰਬੰਧੀ ਚਲੇ ਕਈ ਮੁਕਦਮਿਆਂ ਵਿਚ ਲਾ: ਹਰਦਿਆਲ ਅਤੇ ਗਦਰ ਪਾਰਟੀ ਦੇ ਹੋਰ ਲੀਡਰਾਂ ਦੀਆਂ ਤਕਰੀਰਾਂ ਤੋਂ ਖਿਚ ਖਿਚਾਕੇ ਇਹ ਜ਼ਾਹਰ ਕਰਨ ਦੀ ਕੋਸ਼ਸ਼ ਕੀਤੀ ਗਈ ਹੈ ਕਿ ਗਦਰ ਪਾਰਟੀ ਦੇ ਲੀਡਰਾਂ ਨੂੰ ਗਾਲਬਨ ਇਹ ਪਤਾ ਸੀ ਕਿ ਯੂਰਪ ਦਾ ਯੁਧ ਬਹੁਤ ਜਲਦੀ ਛਿੜਨ ਵਾਲਾ ਸੀ*। ਪਰ ਇਹ ਅਨੁਮਾਨ ਬਿਲਕੁਲ ਗਲਤ ਸੀ ਅਤੇ ਇਸ ਦੀ ਮਨਸ਼ਾ ਜਾਂ ਜਰਮਨੀ ਦੇ ਸਿਰ ਦੋਸ਼ ਥਪਣ ਦੀ ਸੀ ਕਿ ਉਹ ਸ਼ੁਰੂ ਤੋਂ ਵਡਾ ਯੁਧ ਛੇੜਨ ਲਈ ਤੁਲਿਆ ਹੋਇਆ ਸੀ, ਜਾਂ ਇਸ ਯੁਧ

*First Case, The Seduction of Troops, p. 1.

†First Case, The objects of going to India, p. 1.

*First Case, Part II, p. 41; First Case, The Beginning of the Conspiracy and war, p. 5.

†Third Case, Evidence, p. 87.

‡[illegible]ਵਾਂ ਕਾਂਡ ।

*First Case, Judgement, the Collection of Arms, p. 1

†ਆਇਰਸ਼ਾਂ ਨੇ ਵੀ ਆਇਰ ਲੈਂਡ ਵਿਚ ਬਗਾਵਤ ਕਰਨ ਖਾਤਰ ਜਰਮਨੀ ਨਾਲ ਸਾਜ਼ ਬਾਜ਼ ਕੀਤੀ ਅਤੇ ਉਥੇ ਬਗਾਵਤ ਹੋਈ ਵੀ (Modern Review, June 1918, p. 677)

*First Case, Judgement, the Beginning of the Conspiracy and war, pp. 5–8.

ਤੋਂ ਪਹਿਲੋਂ ਗਦਰ ਪਾਰਟੀ ਦੇ ਜਰਮਨੀ ਨਾਲ ਡੂੰਘੇ ਸੰਬੰਧ ਜ਼ਾਹਰ ਕਰਨ ਦੀ। ਪਰ ਮਿਸਟਰ ਲਾਈਡ ਜਾਰਜ, ਜੋ ਪਹਿਲੇ ਸੰਸਾਰ ਯੁਧ ਦੇ ਦੌਰਾਨ ਵਿਚ ਬਰਤਾਨੀਆਂ ਦੇ ਵਡੇ ਵਜ਼ੀਰ ਰਹਿ ਚੁਕੇ ਸਨ, ਨੇ ਖੁਦ ਮੰਨਿਆ ਹੈ ਕਿ ਜਰਮਨੀ ਦੇ ਕੇਸਰ ਦੀ ਯੂਰਪ ਵਿਚ ਉਸ ਵੇਲੇ ਲੜਾਈ ਛੇੜਨ ਦੀ ਮਨਸ਼ਾ ਨਹੀਂ ਸੀ* । ਇਹ ਠੀਕ ਹੈ ਕਿ ਨਾ ਕੇਵਲ ਗਦਰ ਪਾਰਟੀ ਦੇ ਲੀਡਰਾਂ ਨੂੰ, ਬਲਕਿ ਅੰਤਰਰਾਸ਼ਟਰੀ ਰਾਜਨੀਤੀ ਵਿਚ ਦਿਲਚਸਪੀ ਲੈਣ ਵਾਲੇ ਹਰ ਇਕ ਆਦਮੀ ਨੂੰ, ਇਹ ਪਤਾ ਸੀ ਕਿ ਜਰਮਨੀ ਅਤੇ ਇਤਹਾਦੀਆਂ ਵਿਚਕਾਰ ਤਾਕਤ ਆਜ਼ਮਾਈ ਦੀਆਂ ਤਿਆਰੀਆਂ ਹੋ ਰਹੀਆਂ ਸਨ, ਅਤੇ ਸੰਨ ੧੯੦੫ ਵਿਚ ਮਰਾਕੋ ਅਤੇ ੧੯੧੧ ਵਿਚ ਅਗਾਡੀਰ ਦੇ ਸਵਾਲਾਂ ਉਤੋਂ ਵਡੀ ਲੜਾਈ ਛਿੜਨੋਂ ਮਸਾਂ ਬਚੀ। ਅੰਤਰਰਾਸ਼ਟਰੀ ਲੜਾਈ ਲਗਣ ਦੀ ਸੰਭਾਵਨਾ ਨੂੰ ਸਾਹਮਣੇ ਰਖਕੇ ਹੀ ਗਦਰ ਪਾਰਟੀ ਹਿੰਦ ਵਿਚ ਇਨਕਲਾਬ ਕਰਾਉਣ ਦੀਆਂ ਤਿਆਰੀਆਂ ਕਰਨ ਲਗ ਪਈ ਸੀ, ਅਤੇ ਇਹ ਸੰਭਾਵਨਾ ਉਸ ਦੀ ਪਲੈਨ ਦਾ ਧੁਰਾ ਸੀ। ਪਰ ਗਦਰ ਪਾਰਟੀ ਦੇ ਮੁਖੀਆਂ ਨੂੰ ਖਿਆਲ ਸੀ ਕਿ ਵਡੀ ਲੜਾਈ ਅਜੇ ਕੁਝ ਸਾਲ ਠਹਿਰ ਕੇ ਲਗੇ ਗੀ, ਅਤੇ ਉਨ੍ਹਾਂ ਨੂੰ ਆਪਣੀ ਪਲੈਨ ਅਤੇ ਪ੍ਰੋਗਰਾਮ ਨੂੰ ਮੁਕੰਮਲ ਕਰਨ ਅਤੇ ਇਸ ਨੂੰ ਸਿਰੇ ਚਾੜ੍ਹਨ ਦੀਆਂ ਤਿਆਰੀਆਂ ਲਈ ਵਕਤ ਮਿਲ ਜਾਵੇਗਾ। ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ,' ਜਿਨ੍ਹਾਂ ਦੀ ਡੀਊਟੀ ਲਾ: ਹਰਦਿਆਲ ਦੀ ਰਾਖੀ ਲਈ ਉਨ੍ਹਾਂ ਦੇ ਨਾਲ ਨਾਲ ਰਹਿਣ ਦੀ ਸੀ ਅਤੇ ਜਿਸ ਕਰਕੇ ਉਨ੍ਹਾਂ ਨੂੰ ਲਾ: ਹਰਦਿਆਲ ਦੇ ਨੇੜੇ ਆਉਣ ਦਾ ਕਾਫੀ ਅਵਸਰ ਮਿਲਿਆ, ਨੇ ਦਸਿਆ ਹੈ ਕਿ ਲਾ: ਹਰਦਿਆਲ ਦਾ ਅਨੁਮਾਨ ਸੀ ਕਿ ਵਡਾ ਯੁਧ ਸੰਨ ੧੯੨੦ ਦੇ ਕਰੀਬ ਲਗੇਗਾ। ਸ੍ਰੀ ਭਗਵਾਨ ਸਿੰਘ, ਜਦ ਉਹ ਫਿਲੇਪਾਈਨ ਵਿਚ ਹਿੰਦ ਦੇ ਇਨਕਲਾਬ ਵਾਸਤੇ ਰਕਰੂਟ ਭਰਤੀ ਕਰਨ ਆਏ, ਨੇ ਦਸਿਆ ਕਿ ਹਿੰਦ ਵਿਚ ਇਨਕਲਾਬ ਹੋਣਾ ਤਾਂ ਸੰਨ ੧੯੧੭ ਵਿਚ ਸੀ, ਪਰ ਵਡੀ ਲੜਾਈ ਲਗ ਜਾਣ ਕਰਕੇ ਹੁਣ ਜਲਦੀ ਕਰਨੀ ਪਵੇਗੀ* । ਸੈਨਫ੍ਰਾਂਸਿਸਕੋ ਮੁਕਦੱਮੇ ਦੇ ਫੈਸਲੇ ਵਿਚ ਹੀ ਇਹ ਜ਼ਿਕਰ ਆਉਂਦਾ ਹੈ ਕਿ ਵਡੀ ਲੜਾਈ ਲਗ ਜਾਣ ਪਿਛੋਂ ਜਰਮਨੀ ਨੇ ਗਦਰ ਪਾਰਟੀ, ਜੋ ਹਿੰਦੁਸਤਾਨ ਵਿਚ ਕਿਸੇ ਅਗੋਂ ਆਉਣ ਵਾਲੇ ਸਮੇਂ† ਵਿਚ ਗਦਰ ਕਰਵਾਉਣ ਦੀ ਮਨਸ਼ਾ ਨਾਲ ਇਨਕਲਾਬੀ ਪ੍ਰਚਾਰ ਕਰਨ ਵਿਚ ਰੁਝੀ ਹੋਈ ਸੀ, ਨੂੰ ਵਰਤਿਆ।

ਗਦਰ ਪਾਰਟੀ ਦੇ ਪ੍ਰੋਗਰਾਮ ਦੇ ਕਈ ਪਹਿਲੂ ਅਮਲੀ ਵਰਤੋਂ ਵਿਚ ਬੁਰੀ ਤਰ੍ਹਾਂ ਫੇਲ ਹੋ ਗਏ। ਇਸ ਦਾ ਵਡਾ ਕਾਰਨ, ਜਿਵੇਂ ਉਪਰ ਦਸਿਆ ਗਿਆ ਹੈ, ਇਹ ਸੀ ਕਿ ਗਦਰ ਪਾਰਟੀ ਨੂੰ ਇਨਕਲਾਬੀ ਤਿਆਰੀ ਵਾਸਤੇ ਆਪਣੀ ਆਸ ਮੁਤਾਬਕ ਸਮਾਂ ਨਾ ਮਿਲਿਆ। ਹੋਰ ਕਾਰਨ ਵੀ ਸਨ ਜਿਨ੍ਹਾਂ ਬਾਰੇ ਅਗੇ ਕਿਸੇ ਕਾਂਡ ਵਿਚ ਵੀਚਾਰ ਕੀਤੀ ਜਾਵੇਗੀ। ਪਰ ਕਿਸੇ ਪਲੈਨ ਅਤੇ ਪ੍ਰੋਗਰਾਮ ਨੂੰ ਉਸਦੀਆਂ ਆਪਣੀਆਂ ਖੂਬੀਆਂ ਅਤੇ ਕਮੀਆਂ ਦੇ ਆਧਾਰ ਉਤੇ ਪਰਖਣਾ ਚਾਹੀਦਾ ਹੈ; ਕਿਉਂਕਿ ਚੰਗੇ ਪਲੈਨ ਵੀ ਇਨ੍ਹਾਂ ਨੂੰ ਨੇਪਰੇ ਚਾੜ੍ਹਨ ਵਾਲਿਆਂ ਦੀਆਂ ਕਮੀਆਂ, ਜਾਂ ਐਸੇ ਹਾਲਾਤ ਜੋ ਉਨ੍ਹਾਂ ਦੇ ਵੱਸ ਵਿਚ ਨਾ ਹੋਣ, ਦੇ ਕਾਰਨ ਫੇਲ ਹੋ ਜਾਂਦੇ ਹਨ।

*War Memoirs of David Lloyd George, i, pp. 55-56.

*San Francisco Trial, Testimony of Witnesses, p. 179.

† Ibid, Charge to the Jury by the Judge, p. 696.

ਗਦਰ ਪਾਰਟੀ ਦੀ ਪਲੈਨ ਦਾ ਇਕ ਬਹੁਤ ਵਡਾ ਅੰਗ ਅੰਤਰਰਾਸ਼ਟਰੀ ਹਾਲਾਤ ਦਾ ਫਾਇਦਾ ਉਠਾਉਣਾ ਅਤੇ ਅੰਗਰੇਜ਼ ਵਿਰੋਧੀ ਤਾਕਤਾਂ ਤੋਂ ਮਦਦ ਲੈਣੀ ਸੀ। ਇਸ ਬੰਨੇਂ ਕਦਮ ਉਠਾਉਣ ਅਤੇ ਕੌਮੀ ਪੰਚਾਇਤੀ ਰਾਜ ਦਾ ਨਿਸ਼ਾਨਾ ਅਪਨਾਉਣ ਵਿਚ ਹਿੰਦੀਆਂ ਦੀਆਂ ਜਨਤਕ ਲਹਿਰਾਂ ਵਿਚੋਂ ਗਦਰ ਪਾਰਟੀ ਨੇ ਸਭ ਤੋਂ ਪਹਿਲ ਕੀਤੀ। ਹਿੰਦ ਦੇ ਰਾਜਸੀ ਅੰਦੋਲਨ ਦੇ ਇਤਹਾਸ ਅੰਦਰ ਇਹ ਆਪਣੇ ਆਪ ਵਿਚ ਇਕ ਬਹੁਤ ਵਡਾ ਅਤੇ ਅਗੇ ਵਧੂ ਕਦਮ ਸੀ, ਜਿਸ ਦੀ ਅਹਿਮੀਅਤ ਦੀ ਕਦਰ ਕੇਵਲ ਸਨਅੱਤੀ ਇਨਕਲਾਬ (Iudustrial Revolution) ਤੋਂ ਉਤਪਨ ਹੋਏ ਅੰਤਰਰਾਸ਼ਟਰੀ ਹਾਲਾਤ ਨੂੰ ਵੀਚਾਰਿਆਂ ਪੈ ਸਕਦੀ ਹੈ।

ਸਨਅੱਤੀ ਇਨਕਲਾਬ ਤੋਂ ਪਹਿਲੋਂ ਸ਼ਾਹੀ ਫੌਜਾਂ ਅਤੇ ਆਮ ਜਨਤਾ ਵਿਚਕਾਰ ਹਥਿਆਰਾਂ ਅਤੇ ਫੌਜੀ ਸਿਖਲਾਈ ਦੇ ਢੰਗਾਂ ਦੇ ਨੁਕਤਾ ਖਿਆਲ ਤੋਂ ਬਹੁਤਾ ਅਮਿਟ ਘਾਪਾ ਨਾ ਹੁੰਦਾ, ਜਿਸ ਕਰਕੇ ਸਰਕਾਰਾਂ ਵਿਰੁਧ ਜਨਤਕ ਬਗਾਵਤ ਖੜੀ ਕਰਨ ਦੀ ਸੰਭਾਵਨਾ ਬਣੀ ਰਹਿੰਦੀ। ਪਰ ਯੂਰਪ ਵਿਚ ਸਨਅੱਤੀ ਇਨਕਲਾਬ ਨੇ ਯੂਰਪੀਨ ਤਾਕਤਾਂ ਦੇ ਹੱਥ ਨਵੇਂ ਹਥਿਆਰ ਅਤੇ ਉਨ੍ਹਾਂ ਨਾਲ ਸੰਬੰਧਤ ਨਵੇਂ ਫੌਜੀ ਸਿਖਲਾਈ ਦੇ ਢੰਗ ਦੇ ਦਿਤੇ, ਜਿਸ ਕਰਕੇ ਉਹ ਏਸ਼ੀਆ ਅਫਰੀਕਾ ਆਦਿ ਦੀਆਂ ਪਛੜੀਆਂ ਹੋਈਆਂ ਕੌਮਾਂ ਉਤੇ ਛਾਅ ਗਈਆਂ। ਇਨ੍ਹਾਂ ਯੂਰਪੀਨ ਬਦੇਸ਼ੀ ਹਕੂਮਤਾਂ ਵਿਰੁਧ ਦੇਸ ਦੇ ਵਸਨੀਕਾਂ ਦੀ ਆਪਣੇ ਸਿਰ ਬਸਿਰ ਕਾਮਯਾਬ ਬਗਾਵਤ ਖੜੀ ਕਰਨੀ ਅਤਿ ਮੁਸ਼ਕਲ ਹੋ ਗਈ, ਕਿਉਂਕਿ ਨਵੀਂਨ ਹਥਿਆਰਾਂ ਅਤੇ ਫੌਜੀ ਢੰਗਾਂ ਦੇ ਕਾਰਨ ਥੋੜੇ ਬਦੇਸ਼ੀ ਬਹੁਤੇ ਬੇ–ਹਥਿਆਰੇ ਦੇਸੀਆਂ ਉਤੇ ਭਾਰੂ ਹੁੰਦੇ। ਸਨਅੱਤੀ ਇਨਕਲਾਬ ਦਾ ਇਹ ਸਿੱਟਾ ਵੀ ਨਿਕਲਿਆ ਕਿ ਆਵਾਜਾਈ ਦੇ ਤੇਜ਼ ਅਤੇ ਸੁਖੈਨ ਵਸੀਲਿਆਂ ਨੇ ਫਾਸਲੇ ਅਤੇ ਵਕਤ ਦੇ ਲਿਹਾਜ਼ ਨਾਲ ਦੁਨੀਆਂ ਦੇ ਅੱਡ ਅੱਡ ਹਿਸਿਆਂ ਨੂੰ ਇਕ ਦੂਜੇ ਦੇ ਬਹੁਤ ਨੇੜੇ ਕਰ ਦਿਤਾ, ਜਿਸ ਕਾਰਨ ਮੁਕਾਮੀ ਗਲਬਾ ਪਾਊ ਅਕੱਠੀ ਕੀਤੀ ਹੋਈ ਫੌਜੀ ਤਾਕਤ ਜਾਂ ਹਾਸਲ ਕੀਤੀ ਹੋਈ ਫਤਹ ਕਾਫੀ ਨਾ ਰਹੀ। ਮਿਸਾਲ ਦੇ ਤੌਰ ਉਤੇ ਜਿਤਨਾ ਚਿਰ ਅੰਤਰਰਾਸ਼ਟਰੀ ਰਾਜਸੀ ਮੈਦਾਨ ਵਿਚ ਅੰਗਰੇਜ਼ੀ ਸਾਮਰਾਜ ਦਾ ਬੋਲ ਬਾਲਾ ਰਿਹਾ, ਹਿੰਦ ਵਿਚੋਂ ਅੰਗਰੇਜ਼ਾਂ ਨੂੰ ਇਕ ਵੇਰ ਕਢ ਦੇਣਾ ਵੀ ਉਤਨਾਂ ਚਿਰ ਅਕਾਰਥ ਸਾਬਤ ਹੁੰਦਾ, ਜਿਤਨਾ ਚਿਰ ਅੰਤਰਰਾਸ਼ਟਰੀ ਵਿਰੋਧੀ ਫੌਜੀ ਤਾਕਤਾਂ ਦਾ ਤਵਾਜ਼ਨ ਅੰਗਰੇਜ਼ਾਂ ਦੇ ਫਿਰ ਹਿੰਦੁਸਤਾਨ ਵਿਚ ਪੈਰ ਜਮਾਉਣੇ ਕਠਨ ਨਾ ਬਣਾ ਸਕਦਾ। ਪਹਿਲੇ ਮਹਾਂਨ ਯੁਧ ਤੋਂ ਪਹਿਲੋਂ ਦੁਨੀਆਂ ਵਿਚ ਸਭ ਤੋਂ ਵਡੀ ਤਾਕਤ ਹੋਣ ਦੇ ਬਾਵਜੂਦ ਅੰਗਰੇਜ਼ੀ ਸਾਮਰਾਜ ਦੀ ਕਾਮਯਾਬੀ ਕੇਵਲ ਇਸ ਦੇ ਫੌਜੀ ਅਤੇ ਆਰਥਕ ਬੱਲ ਉਤੇ ਨਿਰਭਰ ਨਹੀਂ ਸੀ। ਅੰਗਰੇਜ਼ਾਂ ਦੀ ਰਾਜਨੀਤਕ ਬਦੇਸ਼ੀ ਪਾਲਸੀ (Diplomacy) ਦਾ ਇਸ ਕਾਮਯਾਬੀ ਵਿਚ ਬਹੁਤ ਹੱਥ ਸੀ, ਜੋ, ਕਿਸੇ ਖਾਸ ਮਕਸਦ ਵਾਸਤੇ ਕਿਸੇ ਖਾਸ ਸਮੇਂ, ਅੰਤਰਰਾਸ਼ਟਰੀ ਤਾਕਤਾਂ ਦੇ ਤਵਾਜ਼ਨ ਨੂੰ ਆਪਣੇ ਹੱਕ ਵਿਚ ਕਰਨ ਵਿਚ ਕਾਮਯਾਬ ਹੁੰਦੀ। ਡਾਕਟਰ ਤਾਰਕਾ ਨਾਥ ਦਾਸ (ਜਿਨ੍ਹਾਂ ਨੂੰ ਗਦਰ ਪਾਰਟੀ ਲਹਿਰ ਸੰਬੰਧੀ ਸੈਨਫ੍ਰਾਂਸਿਸਕੋ ਵਿਚ ਚਲੇ ਮੁਕੱਦਮੇਂ ਵਿਚ ਸਜ਼ਾ ਹੋਈ) ਲਿਖਦੇ ਹਨ ਕਿ, "ਇਹ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ੧੮੫੭ ਵਾਲੇ ਹਿੰਦ ਦੀ ਆਜ਼ਾਦੀ ਦੇ ਅੰਦੋਲਨ ਦੇ ਫੇਲ ਹੋਣ ਦੇ ਕਾਰਨਾਂ ਵਿਚੋਂ ਇਕ ਇਹ ਸੀ ਕਿ ਅੱਡ ਅੱਡ ਕੌਮਾਂ ਨਾਲ ਉਸ ਕਿਸਮ ਦੇ ਬਦੇਸ਼ੀ ਤਅੱਲਕਾਤ ਨਾ ਪੈਦਾ ਕੀਤੇ ਗਏ, ਜਿਸ ਤਰ੍ਹਾਂ ਦੇ ਇਟਲੀ ਨੇ ਆਪਣੀ ਆਜ਼ਾਦੀ ਦੇ ਅੰਦੋਲਨ ਦੇ ਦੌਰਾਨ ਵਿਚ ਕਾਇਮ ਕੀਤੇ।...........ਇੰਗਲੈਂਡ ਨੇ



Digitized by Panjab Digital Library | www.panjabdigilib.org

ਤੁਰਕੀ ਉਤੇ ਇਸ ਹੱਦ ਤਕ ਅਸਰ ਪਾਇਆ ਕਿ ਸੁਲਤਾਨ ਨੇ ਹਿੰਦ ਦੇ ਮੁਸਲਮਾਨਾਂ, ਖਾਸ ਕਰ ਨਿਜ਼ਾਮ ਹੈਦਰਾਬਾਦ, ਦੇ ਨਾਮ ਅੰਗਰੇਜ਼ਾਂ ਦੀ ਮਦਦ ਕਰਨ ਦਾ ਫਰਮਾਨ ਜਾਰੀ ਕਰ ਦਿੱਤਾ। ਇਹ ਬਹੁਤ ਕਾਰਗਰ ਸਾਬਤ ਹੋਇਆ । ਰੂਸ ਅਤੇ ਈਰਾਨ ਹਿੰਦ ਦੀ ਇਸ ਕਰਕੇ ਮਦਦ ਨਾ ਕਰ ਸਕੇ ਕਿਉਂਕਿ ਓਹ ਤੁਰਕੀ ਤੋਂ ਡਰਦੇ ਸਨ, ਜਿਸ ਦੀ ਪਿੱਠ ਉਤੇ ਬਰਤਾਨੀਆਂ, ਫਰਾਂਸ, ਇਟਲੀ ਆਦਿ ਯੂਰਪੀਨ ਅਤੇ ਹੋਰ ਕੌਮਾਂ ਦਾ ਜੁੱਟ ਸੀ । ਇਸ ਸਿਲਸਲੇ ਵਿਚ ਇਹ ਜ਼ਿਕਰ ਕੀਤਾ ਜਾ ਸਕਦਾ ਹੈ ਕਿ ਯੂਰਪ ਦੀ ਲੜਾਈ ਦੇ ਦੌਰਾਨ ਵਿਚ ਹਿੰਦੀ ਇਨਕਲਾਬੀਆਂ ਨੇ ਦੁਨੀਆਂ ਦੀਆਂ ਅੱਡ ਅੱਡ ਹਕੂਮਤਾਂ ਨਾਲ ਬਦੇਸ਼ੀ ਤਅੱਲਕਾਤ ਕਾਇਮ ਕਰਨ ਦੀ ਓਸੇ ਤਰ੍ਹਾਂ ਵੱਧ ਤੋਂ ਵੱਧ ਕੋਸ਼ਸ਼ ਕੀਤੀ, ਜਿਵੇਂ ਬੈਂਜੇਮਨ ਫਰੈਂਕਲਿਨ ਅਤੇ ਹੋਰਨਾਂ ਨੇ ਯੂਨਾਈਟਡ ਸਟੇਟਸ ਆਫ ਅਮਰੀਕਾ ਦੇ ਕਾਇਮ ਹੋਣ ਤੋਂ ਐਨ ਪਹਿਲੋਂ ਅਮਰੀਕਾ ਦੇ ਇਨਕਲਾਬੀਆਂ ਵਲੋਂ ਕੀਤੀ*"।

ਇਸ ਵਾਸਤੇ ਗਦਰ ਪਾਰਟੀ ਪਲੈਨ ਦਾ ਅੰਤਰ ਰਾਸ਼ਟਰੀ ਹਾਲਾਤ ਤੋਂ ਫਾਇਦਾ ਉਠਾਉਣ ਦਾ ਹਿੱਸਾ ਬਹੁਤ ਅਹਿਮ ਅਤੇ ਸਿਆਣਪ ਭਰਿਆ ਕਦਮ ਸੀ। ਅੰਤਰਰਾਸ਼ਟਰੀ ਹਾਲਾਤ ਵੀ ਇਸ ਦੇ ਬਹੁਤ ਮੁਆਫਕ ਹੁੰਦੇ ਜਾਂਦੇ ਸਨ । ਜਰਮਨੀ ਅਤੇ ਅੰਗਰੇਜ਼ਾਂ ਦਾ ਸੱਨਅਤੀ ਲਿਹਾਜ਼ ਨਾਲ ਪਛੜੇ ਹੋਏ ਦੇਸਾਂ ਦੀਆਂ ਮੰਡੀਆਂ ਉਤੇ ਵਾਪਾਰਕ ਕਬਜ਼ਾ ਕਰਨ ਦਾ ਮੁਕਾਬਲਾ ਦਿਨੋ ਦਿਨ ਤਿੱਖਾ ਹੋ ਰਿਹਾ ਸੀ। ਇਸ ਤੋਂ ਵੀ ਅੰਗਰੇਜ਼ਾਂ ਲਈ ਵਡੇ ਦੁਖ ਵਾਲੀ ਗੱਲ ਇਹ ਸੀ ਕਿ ਜਰਮਨੀ ਆਪਣੇ ਸਮੁੰਦਰੀ ਬੇੜੇ ਨੂੰ ਮਜ਼ਬੂਤ ਬਣਾ ਰਿਹਾ ਸੀ। ਅੰਗਰੇਜ਼ੀ ਸਾਮਰਾਜ ਦੀ ਸਮੁਚੀ ਨੀਤੀ ਦਾ ਇਹ ਵਡਾ ਧੁਰਾ ਚਲਿਆ ਆਉਂਦਾ ਸੀ ਕਿ ਸਮੁੰਦਰ ਉਤੇ ਉਨ੍ਹਾਂ ਦਾ ਪਲੜਾ ਸਭ ਤੋਂ ਭਾਰੂ ਹੋਵੇ। ਅੰਗਰੇਜ਼ਾਂ ਨੂੰ ਇਹ ਕਿਸੇ ਕੀਮਤ ਉਤੇ ਵੀ ਨਹੀਂ ਸੀ ਪੁਗਦਾ ਕਿ ਜਰਮਨੀ ਉਨ੍ਹਾਂ ਦੀ ਸਮੁੰਦਰੀ ਤਾਕਤ ਨੂੰ ਚੈਲੰਜ ਕਰ ਸਕੇ, ਕਿਉਂਕਿ ਅੰਗਰੇਜ਼ੀ ਸਲਤਨਤ ਦਾ ਇਹ ਬੁਨਿਆਦੀ ਹਿਤ ਸੀ। ਇਸ ਕਰਕੇ ਅੰਗਰੇਜ਼ ਅਤੇ ਜਰਮਨੀ ਤਾਕਤ ਅਜ਼ਮਾਈ ਵਾਸਤੇ ਤਿਆਰੀਆਂ ਕਰ ਰਹੇ ਸਨ । ਜਰਮਨੀ ਨਾਲ ਪੁਰਾਣੀ ਦੋਸਤੀ ਛੱਡ ਕੇ ਅੰਗਰੇਜ਼ਾਂ ਹੁਣ ਫਰਾਂਸ ਅਤੇ ਰੂਸ (ਜੋ ਸੰਨ ੧੯੦੪ ਵਿਚ ਜਾਪਾਨ ਕੋਲੋਂ ਹਾਰ ਖਾ ਕੇ ਅੰਗਰੇਜ਼ਾਂ ਦੀ ਹਿੰਦ ਵਿਚ ਸਲਤਨਤ ਲਈ ਹੁਣ ਖਤਰਾ ਨਹੀਂ ਸੀ ਰਿਹਾ) ਨਾਲ ਗੰਢ ਲਈ। ਜਿਤਨਾ ਚਿਰ ਅੰਗਰੇਜ਼ਾਂ ਨੂੰ ਰੂਸ ਦੇ ਹਿੰਦ ਵਲ ਵਧਣ ਦਾ ਖਤਰਾ ਸੀ ਓਹ ਤੁਰਕੀ ਦੀ ਪਿੱਠ ਠੋਕਦੇ ਰਹੇ। ਹੁਣ ਨਹਿਰ ਸਵੇਜ਼ ਹੱਥ ਆ ਜਾਣ ਅਤੇ ਮਿਸਰ ਉਤੇ ਕਬਜ਼ਾ ਹੋ ਜਾਣ ਕਰਕੇ ਅੰਗਰੇਜ਼ ਤੁਰਕੀ ਵਿਰੁਧ ਹੋ ਗਏ, ਕਿਉਂਕਿ ਤੁਰਕੀ ਦੀ ਬਰਬਾਦੀ ਨਾਲ ਮੁਸਲਮਾਨੀ ਤਾਕਤਾਂ ਕਮਜ਼ੋਰ ਪੈਂਦੀਆਂ ਸਨ। ਇਸਤਰ੍ਹਾਂ ਹੋਣ ਨਾਲ ਅੰਗਰੇਜ਼ਾਂ ਨੂੰ ਇਹ ਖਤਰਾ ਘਟਦਾ ਸੀ ਕਿ ਮੁਸਲਮਾਨੀ ਤਾਕਤਾਂ ਅਕੱਠੀਆਂ ਅਤੇ ਮਜ਼ਬੂਤ ਹੋਕੇ ਕਦੇ ਮਿਸਰ ਅਤੇ ਨਹਿਰ ਸਵੇਜ਼ ਉਤੇ ਅੰਗਰੇਜ਼ਾਂ ਦੇ ਕਬਜ਼ੇ ਨੂੰ, ਅਤੇ ਹਿੰਦ ਦੇ ਮੁਸਲਮਾਨਾਂ ਨੂੰ ਨਾਲ ਮਿਲਾ ਕੇ ਹਿੰਦ ਵਿਚ ਅੰਗਰੇਜ਼ੀ ਰਾਜ ਨੂੰ, ਚੈਲੰਜ ਕਰਨ । ਅੰਗਰੇਜ਼ਾਂ ਦੀ ਇਸ ਨੀਤੀ ਦੇ ਮੁਕਾਬਲੇ ਵਾਸਤੇ ਤੁਰਕੀ ਨੇ ਜਰਮਨੀ ਨਾਲ ਗੰਢ ਲਈ। ਸੁਲਤਾਨ ਅਬਦੁਲ ਹਮੀਦ ਨੇ ਸਾਰੇ ਮੁਸਲਮਾਨਾਂ ਨੂੰ ਅਕੱਠੇ ਹੋਣ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ, ਅਤੇ ਜਰਮਨਾਂ ਨੂੰ ਬਰਲਨ ਬੁਗਦਾਦ ਰੇਲਵੇ ਬਨਾਉਣ ਦੀ ਰਿਆਇਤ ਦੇ ਦਿਤੀ। ਇਸਤਰ੍ਹਾਂ ਯੂਰਪ ਵੀਹਵੀਂ ਸਦੀ ਦੇ ਸ਼ੁਰੂ ਤੋਂ ਲੜਾਈ ਵਾਸਤੇ ਤਿਆਰੀ ਕਰ ਰਿਹਾ ਸੀ। ਵਡੀ ਲੜਾਈ ਕਈ ਵੇਰ ਹੁੰਦੀ ਹੁੰਦੀ ਰੁਕੀ; ਸੰਨ ੧੯੦੫ ਵਿਚ ਮੁਰਾਕੋ ਦੇ ਸਵਾਲ ਉਤੇ ਜਦ ਜਰਮਨੀ ਵਿੱਲਾ ਪੈ ਗਿਆ, ਸੰਨ ੧੯੧੧ ਵਿਚ ਅਗਾਡੀਰ (Agadir) ਦੇ ਝਗੜੇ ਸੰਬੰਧੀ, ਅਤੇ ੧੯੧੨-੧੩ ਵਿਚ ਦੋ ਤਿਨ ਵਾਰ ਬਲਕਾਨ ਜੰਗ ਦੇ ਦੌਰਾਨ ਵਿਚ । ਬਰਲਨ-ਬੁਗਦਾਦ ਜਰਮਨ ਰੇਲਵੇ ਲਾਈਨ ਬਨਾਉਣ ਦੀ ਤਜਵੀਜ਼ ਨੇ ਹੋਰ ਵੀ ਬਲਦੀ ਉਤੇ ਤੇਲ ਪਾਉਣ ਦਾ ਕੰਮ ਕੀਤਾ; ਕਿਉਂਕਿ ਏਸ਼ੀਆ ਸੰਬੰਧੀ ਅੰਗਰੇਜ਼ੀ ਨੀਤੀ ਦਾ ਧੁਰਾ ਹਿੰਦ ਵਿਚ ਆਪਣਾ ਰਾਜ ਕਾਇਮ ਰਖੀ ਰਖਣਾ ਸੀ, ਅਤੇ ਓਹ ਇਹ ਨਹੀਂ ਸਨ ਬਰਦਾਸ਼ਤ ਕਰ ਸਕਦੇ ਕਿ ਹੋਰ ਕਿਸੇ ਵਡੀ ਤਾਕਤ ਦੀ ਪਹੁੰਚ ਹਿੰਦ ਦੀ ਸਰਹੱਦ ਦੇ ਕੋਲ ਫਾਰਸ ਦੀ ਖਾੜੀ ਤਕ ਪੁਜ ਜਾਵੇ।

ਇਸ ਵਾਸਤੇ ਗਦਰ ਪਾਰਟੀ ਦੇ ਮੁਖੀਆਂ ਦਾ ਇਹ ਅੰਦਾਜ਼ਾ ਠੀਕ ਸੀ ਕਿ ਅੰਤਰਰਾਸ਼ਟਰੀ ਰਾਜਨੀਤਕ ਹਾਲਾਤ ਤੇਜ਼ੀ ਨਾਲ ਮਹਾਨ ਯੁਧ ਛਿੜਨ ਵਲ ਜਾ ਰਹੇ ਸਨ, ਜਿਸ ਤੋਂ ਫਾਇਦਾ ਉਠਾਉਣ ਦੀ ਕੋਸ਼ਸ਼ ਕਰਨੀ ਚਾਹੀਦੀ ਸੀ । ਗਦਰ ਪਾਰਟੀ ਵਾਲਿਆਂ ਵਾਸਤੇ ਇਹ ਆਸ ਕਰਨ ਦੀ ਵੀ ਗੁੰਜਾਇਸ਼ ਸੀ ਕਿ ਹਿੰਦ ਦੇ ਗਵਾਂਢੀ ਮੁਸਲਮਾਨ ਦੇਸ ਉਨ੍ਹਾਂ ਦਾ ਸਾਥ ਦੇਣਗੇ; ਕਿਉਂਕਿ ਇਕ ਤਾਂ ਤੁਰਕੀ ਅੰਗਰੇਜ਼ਾਂ ਵਿਰੁਧ ਜਾਵੇਗਾ, ਦੂਸਰੇ ਮਿਸਰ ਉਤੇ ਕਬਜ਼ਾ ਕਰਨ ਅਤੇ ਹੋਰ ਮੁਸਲਮਾਨ ਦੇਸਾਂ ਉਤੇ ਅੰਗਰੇਜ਼ਾਂ ਵਲੋਂ ਦਬਾਉ ਪਾਉਣ ਅਤੇ ਉਨ੍ਹਾਂ ਨੂੰ ਕਮਜ਼ੋਰ ਰਖੀ ਰੱਖਣ ਦੀ ਤਹਿ ਵਿਚ ਅਸਲ ਕਾਰਨ ਹਿੰਦ ਨੂੰ ਗੁਲਾਮ ਰੱਖੀ ਰੱਖਣ ਦੀ ਮਨਸ਼ਾ ਸੀ, ਜਿਸ ਉਤੇ ਮੈਸੋਪੋਟੇਮੀਆਂ ਦੀ ਮੁਹਿੰਮ ਬਾਰੇ ਅੰਗਰੇਜ਼ੀ ਪਾਰਲੀਮੈਂਟਾਂ ਵਿਚ ਹੋਈਆਂ ਬਹਿਸਾਂ ਤੋਂ ਬਹੁਤ ਚਾਨਣਾ ਪੈਂਦਾ ਹੈ। ਸੋ ਗਵਾਂਢੀ ਮੁਸਲਮਾਨ ਦੇਸਾਂ ਦੇ ਆਪਣੇ ਹਿਤ ਵਿਚ ਸੀ ਕਿ ਅੰਗਰੇਜ਼ੀ ਸਾਮਰਾਜ ਦੇ ਦਬਾਓ ਅਤੇ ਚਾਲਾਂ ਤੋਂ ਬਚਣ ਵਾਸਤੇ ਹਿੰਦ ਵਿਚਲੀ ਆਜ਼ਾਦੀ ਦੀ ਲਹਿਰ ਦੀ ਮਦਦ ਕਰਨ।

ਇਸ ਸਿਲਸਲੇ ਵਿਚ ਫਿਰ ਇਹ ਸਪੱਸ਼ਟ ਕਰ ਦੇਣਾ ਜ਼ਰੂਰੀ ਹੈ ਕਿ ਗਦਰ ਪਾਰਟੀ, ਜਰਮਨੀ ਜਾਂ ਹੋਰ ਕਿਸੇ ਬਦੇਸ਼ੀ ਤਾਕਤ ਦੀ, ਹੱਥਠੋਕਾ ਜਾਂ ਏਜੰਟ ਨਹੀਂ ਸੀ ਬਣਨਾ ਚਾਹੁੰਦੀ। ੧੯੧੪ ਵਾਲੇ ਸੰਸਾਰ ਯੁਧ ਤੋਂ ਪਹਿਲੋਂ ਦਬੀਆਂ ਹੋਈਆਂ ਕੌਮਾਂ ਜਾਂ ਸ਼੍ਰੇਣੀਆਂ ਦੇ ਹੱਕ ਵਿਚ ਕੋਈ ਐਸੀ ਜ਼ਬਰਦਸਤ ਤਾਕਤ ਜਾਂ ਕੌਮਾਂਤਰੀ ਲਹਿਰ ਜਾਂ ਲੋਕ ਰਾਏ ਨਹੀਂ ਸੀ ਪੈਦਾ ਹੋਈ, ਜਿਸ ਦੀ ਸ਼ਹਿ, ਆਸਰੇ ਜਾਂ ਮਦਦ ਨਾਲ ਦਬੀਆਂ ਹੋਈਆਂ ਕੌਮਾਂ ਅਥਵਾ ਸ਼੍ਰੇਣੀਆਂ ਆਪਣੇ ਪੈਰੀਂ ਖੜੋਣ ਦੀ ਆਸ ਕਰ ਸਕਣ। ਪਹਿਲੇ ਸੰਸਾਰ ਯੁਧ ਤੋਂ ਪਹਿਲੋਂ ਕੌਮਾਂਤਰੀ ਮੈਦਾਨ ਵਿਚ ਰਾਜਸੀ ਤਾਕਤ ਦੇ ਘੋਲ (Power Politics) ਦਾ ਬੋਲ ਬਾਲਾ ਸੀ। ਅਰਥਾਤ ਇਕ ਸਾਮਰਾਜੀ ਗਰੁਪ ਦੀ ਦੂਸਰੇ ਸਾਮਰਾਜੀ ਗਰੁਪ ਨਾਲ ਟੱਕਰ ਸੀ, ਪਰ ਏਸ਼ੀਆ ਆਦਿ ਦੇ ਦਬਾਏ ਹੋਏ ਮੁਲਕਾਂ ਨੂੰ ਦੋਵੇਂ ਹੜੱਪ ਕਰਨਾ ਚਾਹੁੰਦੇ ਸਨ। ਦਬੀਆਂ ਹੋਈਆਂ ਕੌਮਾਂ ਵਾਸਤੇ ਇਕੋ ਇਕ ਰਾਹ ਸੀ ਕਿ ਕੌਮਾਂਤਰੀ ਤਾਕਤਾਂ ਦੇ ਪਰਸਪਰ ਵਿਰੋਧ ਤੋਂ ਉਪਜੇ ਹੋਏ ਤਵਾਜ਼ਨ ਨੂੰ ਇਸਤਰ੍ਹਾਂ ਆਪਣੇ ਹੱਕ ਵਿਚ ਵਰਤਣ ਦੀ ਕੋਸ਼ਸ਼ ਕਰਨ ਕਿ ਸੱਪ ਵੀ ਮਰ ਜਾਏ ਅਤੇ ਸੋਟਾ ਵੀ ਬਚ ਜਾਏ। ਅਰਥਾਤ ਦਬਾਉਣ ਵਾਲੀ ਤਾਕਤ ਤੋਂ ਵੀ ਛੁਟਕਾਰਾ ਮਿਲ ਜਾਵੇ ਅਤੇ ਹਤੱਲਵਸ਼ਾ ਹੋਰ ਕੋਈ ਨਵੀਂ ਤਾਕਤ ਵੀ ਨਾ ਆ ਦਬਾਵੇ। ਇਸ ਰਸਤੇ ਵਿਚ ਖਤਰੇ ਜ਼ਰੂਰ ਸਨ। ਪਰ ਦਬਾਈਆਂ ਹੋਈਆਂ ਕੌਮਾਂ ਦੇ ਹੱਕ ਵਿਚ ਕਿਸੇ ਜ਼ਬਰਦਸਤ ਤਾਕਤ ਜਾਂ ਅੰਤਰਰਾਸ਼ਟਰੀ ਲਹਿਰ ਦੀ ਅਣਹੋਂਦ ਵਿਚ ਹੋਰ ਰਾਹ ਵੀ ਕੀ ਸੀ, ਸਵਾਏ ਇਸ ਦੇ ਕਿ ਜਿਸ ਤਾਕਤ ਨੇ ਦਬਾਇਆ ਹੋਵੇ ਉਸੇ ਦਾ ਜੂਲਾ ਠੀਕ ਜਾਂ ਬੇਹਤਰ ਸਮਝਕੇ ਉਸ ਨੂੰ ਪਰਵਾਨ ਕਰੀ ਰਖਿਆ ਜਾਏ। ਨਾਂ ਉਸ ਵੇਲੇ ਹਿੰਦ ਵਿਚ ਕੋਈ

*India in World Politics, Tarak Nath Das, p. 103.



Digitized by Panjab Digital Library | www.panjabdigilib.org

ਜ਼ਬਰਦਸਤ ਜਨਤਕ ਲਹਿਰ ਸੀ ਜਿਸ ਦੇ ਬੱਲ ਆਜ਼ਾਦੀ ਲੈਣ ਦੀ ਦੂਰ ਦੀ ਆਸ ਵੀ ਦਿਸਦੀ ਹੋਵੇ । ਇਨ੍ਹਾਂ ਹਾਲਾਤ ਵਿਚ ਗਦਰ ਪਾਰਟੀ ਦੇ ਮੁਖੀਆਂ ਆਪਣੇ ਦੇਸ ਨੂੰ ਆਜ਼ਾਦ ਕਰਾਉਣ ਵਾਸਤੇ ਬਦੇਸ਼ੀ ਤਾਕਤਾਂ ਦੀ ਮਦਦ ਹਾਸਲ ਕਰਨ ਵਾਸਤੇ ਉਸੇ ਕਿਸਮ ਦਾ ਯਤਨ ਕੀਤਾ ਜਿਵੇਂ ਬੈਂਜੇਮਨ ਫਰੈਂਕਲਿਨ ਜਾਂ ਇਟਲੀ ਅਤੇ ਹੋਰ ਦੇਸਾਂ ਦੇ ਦੇਸ਼ ਭਗਤਾਂ ਕੀਤੇ । ਗਦਰ ਪਾਰਟੀ ਦਾ ਪੰਚਾਇਤੀ ਰਾਜ ਦਾ ਆਦਰਸ਼ ਅਪਨਾਉਣਾ ਹੀ ਇਸ ਦਾ ਕਾਫੀ ਸਬੂਤ ਹੈ । ਜਦ ਲਾਲਾ ਹਰਦਿਆਲ ਨੇ ਅਮਰੀਕਾ ਤੋਂ ਜਾਣ ਪਿਛੋਂ, ੧੯੧੪ ਵਾਲੀ ਵਡੀ ਲੜਾਈ ਦੇ ਦੌਰਾਨ ਵਿਚ, ਜਰਮਨੀ ਵਿਚ ਜਾ ਕੇ ਹੋਰ ਹਿੰਦੀ ਦੇਸ਼ ਭਗਤਾਂ ਨਾਲ ਮਿਲਕੇ ਬਰਲਨ ਵਿਚ 'ਇੰਡੀਅਨ ਰੈਵੋਲੀਊਸ਼ਨਰੀ ਸੁਸਾਇਟੀ' ਬਣਾਈ (ਜਿਸ ਨੇ ਜਰਮਨ ਸਰਕਾਰ ਅਤੇ ਤੁਰਕੀ ਅਫਸਰਾਂ ਦਾ ਮਿਲਵਰਤਨ ਹਾਸਲ ਕਰਨ ਵਿਚ ਬਹੁਤਾ ਹਿੱਸਾ ਲਿਆ), ਤਾਂ ਇਸ ਸੁਸਾਇਟੀ ਦਾ ਨਿਸ਼ਾਨਾ ਵੀ ਖੁਲ੍ਹੇ ਤੌਰ ਉਤੇ ਹਿੰਦ ਵਿਚ ਪੰਚਾਇਤੀ ਰਾਜ ਕਾਇਮ ਕਰਨਾ ਰਖਿਆ ਗਿਆ* । ਇਸ ਤੋਂ ਇਲਾਵਾ ਗਦਰ ਪਾਰਟੀ, ਜਾਂ ਬਰਲਨ ਵਿਚ ਬਣੀ 'ਇੰਡੀਅਨ ਰੈਵੋਲੀਊਸ਼ਨਰੀ ਸੁਸਾਇਟੀ' (ਜਿਸ ਨਾਲ ਗਦਰ ਪਾਰਟੀ ਨੇ ਪਿਛੋਂ ਜਾ ਕੇ ਮਿਲਵਰਤਨ ਕੀਤਾ), ਨੇ ਕਦੇ ਵੀ ਕਿਸੇ ਐਸੀ ਤਜਵੀਜ਼ ਵਲ ਧਿਆਨ ਤਕ ਨਹੀਂ ਦਿੱਤਾ, ਜਿਸ ਦੀ ਮਨਸ਼ਾ ਜਰਮਨ ਜਾਂ ਤੁਰਕੀ ਫੌਜਾਂ ਨੂੰ ਹਿੰਦ ਵਿਚ ਲਿਆਉਣ ਦੀ ਹੋਵੇ । ਉਨ੍ਹਾਂ ਜਰਮਨੀ ਤੋਂ ਵਧ ਤੋਂ ਵਧ ਹਥਿਆਰਾਂ ਜਾਂ ਮਾਇਆ ਦੀ ਮਦਦ ਲਈ, ਅਤੇ ਜਰਮਨੀ ਵਿਚ ਹੋਏ ਕੈਦ ਹਿੰਦੀ ਸਿਪਾਹੀਆਂ ਨੂੰ ਹਿੰਦ ਦੀ ਆਜ਼ਾਦੀ ਲਈ ਵਰਤਣ ਦੀ ਪਲੈਨ ਬਣਾਈ।

ਇਕ ਅਮਰੀਕਨ ਨੀਂਮ ਸਰਕਾਰੀ ਰੀਪੋਰਟ ਵਿਚ ਵੀ ਇਸ ਹਕੀਕਤ ਨੂੰ ਮੰਨਿਆ ਗਿਆ ਹੈ ਕਿ ਪਹਿਲੇ ਸੰਸਾਰ ਯੁਧ ਸਮੇਂ ਭਾਵੇਂ ਗਦਰੀਆਂ ਦੇ ਜਰਮਨੀ ਨਾਲ ਸੰਬੰਧ ਸਨ, ਪਰ ਉਹ ਇਸ ਕਰਕੇ ਨਹੀਂ ਸਨ ਕਿ ਗਦਰੀ ਜਰਮਨ ਨਿਵਾਜ਼ ਸਨ, ਬਲਕਿ ਇਸ ਕਰਕੇ ਕਿ ਜਰਮਨੀ ਵੀ ਬਰਤਾਨੀਆ ਦਾ ਦੁਸ਼ਮਨ ਸੀ* । ਜਰਮਨੀ ਦੀ ਹਾਰ ਪਿਛੋਂ ਗਦਰ ਪਾਰਟੀ ਨੇ ਅੰਗਰੇਜ਼ਾਂ ਵਿਰੁਧ ਆਪਣੀਆਂ ਆਜ਼ਾਦਾਨਾਂ ਸਰਗਰਮੀਆਂ ਜਾਰੀ ਰੱਖੀਆਂ, ਅਤੇ ਆਪਣੇ ਮਕਸਦ ਖਾਤਰ ਰੂਸ ਨਾਲ ਜੋੜ ਜੋੜਿਆ, ਅਤੇ ੧੯੪੫ ਪਿਛੋਂ ਬਰਤਾਨੀਆ ਦੀ ਵਿਰੋਧਤਾ ਦੇ ਕਾਰਨ ਅਮਰੀਕਾ ਦੇ ਵੀ ਬਰਖਲਾਫ ਹੋ ਗਈ† । ਬਲਕਿ ਪਹਿਲੇ ਕੇਸ ਵਿਚ ਸ਼ਹਾਦਤ ਹੈ ਕਿ ਗਦਰ ਪਾਰਟੀ ਦੇ ਲੀਡਰ ਇਸ ਖਤਰੇ ਤੋਂ ਚੌਕਸ ਸਨ ਕਿ ਕਿਧਰੇ ਜਰਮਨ ਅੰਗਰੇਜ਼ਾਂ ਦੀ ਥਾਂ ਹਿੰਦ ਵਿਚ ਪੈਰ ਨਾ ਆ ਜਮਾਉਣ । ਮਿੰਟਗੁਮਰੀ ਦੇ ਜੇਲਰ ਨੇ ਆਪਣੇ ਨੋਟਾਂ ਵਿਚ ਲਿਖਿਆ ਹੈ ਕਿ ਸ਼੍ਰੀ ਸੋਹਨ ਸਿੰਘ 'ਭਕਨਾ' (ਪ੍ਰਧਾਨ, ਗਦਰ ਪਾਰਟੀ) ਨੇ ਉਸ ਨੂੰ ਦੱਸਿਆ ਕਿ "ਓਹ (ਜਵਾਲਾ ਸਿੰਘ, ਮੂਲਾ ਸਿੰਘ ਅਤੇ ਕੇਸਰ ਸਿੰਘ) ਹਿੰਦ ਵਿਚ ਪ੍ਰਚਾਰ ਕਰਨ ਵਾਸਤੇ ਭੇਜੇ ਗਏ ਕਿ ਕਿਧਰੇ ਜਰਮਨ ਅੰਗਰੇਜ਼ਾਂ ਦੀ ਥਾਂ ਨਾ ਮੱਲ ਲੈਣ, ਅਤੇ ਹਿੰਦੀਆਂ ਨੂੰ ਉਸੇ ਹਾਲਾਤ ਵਿਚ ਰਖਣ ਜਿਸ ਵਿਚ ਉਹ ਹਨ"‡ ।

ਸ਼੍ਰੀ ਹਰਨਾਮ ਸਿੰਘ 'ਟੁੰਡੀ ਲਾਟ' ਦਸਦੇ ਹਨ ਕਿ

*Third Case, Evidence, p. 181.

*Report reg. unamerican activities, p. 220.

†Ibid, p. 241.

‡First Case, Judgement, Part I, p. 40.

ਯੁਗੰਤਰ ਆਸ਼ਰਮ, ਸੈਨਫ੍ਰਾਂਸਿਸਕੋ, ਵਿਚ ਇਕ ਪੰਜਾਬ ਦਾ ਵਡਾ ਨਕਸ਼ਾ ਲਗਾ ਹੋਇਆ ਸੀ, ਜਿਸ ਉਤੇ ਕਸ਼ਮੀਰ ਦੇ ਹਿੱਸੇ ਵਿਚ ਬੜੀ ਸੁੰਦਰ ਲਿਖਤ ਵਿਚ ਲਾ: ਹਰਦਿਆਲ ਨੇ ਆਪਣੀ ਹੱਥੀਂ ਅੰਗਰੇਜ਼ੀ ਵਿਚ ਲਿਖਿਆ ਹੋਇਆ ਸੀ "Republic in Kashmir in 1920" (ਕਸ਼ਮੀਰ ਵਿਚ ਸੰਨ ੧੯੨੦ ਵਿਚ ਪੰਚਾਇਤੀ ਰਾਜ) । ਲਾ: ਹਰਦਿਆਲ ਤੋਂ ਜਦ ਸ਼੍ਰੀ ਹਰਨਾਮ ਸਿੰਘ ਨੇ ਇਸ ਦਾ ਮਤਲਬ ਪੁਛਿਆ, ਤਾਂ ਉਨ੍ਹਾਂ ਦੱਸਿਆ ਕਿ ਪਹਿਲਾਂ ਚੀਨ ਆਜ਼ਾਦ ਹੋਵੇਗਾ ਅਤੇ ਫਿਰ ਉਸ ਦੀ ਮਦਦ ਨਾਲ ਅਸੀਂ ਪਹਿਲਾਂ ਕਸ਼ਮੀਰ ਵਿਚ ਸੰਨ ੧੯੨੦ ਦੇ ਕਰੀਬ ਪੰਚਾਇਤੀ ਰਾਜ ਕਾਇਮ ਕਰਾਂਗੇ । ਅਰਥਾਤ ਇਕ ਸਕੀਮ ਇਹ ਵੀ ਸੀ ਕਿ ਚੀਨ ਰਾਹੀਂ ਪਹਿਲੋਂ ਹਿੰਦ ਦੇ ਉਤਰੀ ਹਿੱਸਿਆਂ ਵਲੋਂ ਦੇਸ ਨੂੰ ਆਜ਼ਾਦ ਕਰਾਉਣ ਦਾ ਕੰਮ ਸ਼ੁਰੂ ਕੀਤਾ ਜਾਵੇ । ਪਿਛੋਂ ਹੋਏ ਵਾਕਿਆਤ ਦੀ ਰੌਸ਼ਨੀ ਵਿਚ ਇਹ ਸਕੀਮ ਬੜੀ ਗੈਰ-ਅਮਲੀ ਅਤੇ ਹਵਾਈ ਜਾਪਦੀ ਹੈ, ਪਰ ਇਹ ਜ਼ਰੂਰ ਜ਼ਾਹਰ ਕਰਦੀ ਹੈ ਕਿ ਗਦਰ ਪਾਰਟੀ ਦੇ ਲੀਡਰ ਜਰਮਨੀ ਜਾਂ ਕਿਸੇ ਹੋਰ ਤਾਕਤ ਨਾਲ ਬਝੇ ਹੋਏ ਨਹੀਂ ਸਨ, ਅਤੇ ਆਪਣਾ ਮੰਤਵ ਪੂਰਾ ਕਰਨ ਵਾਸਤੇ ਹੋਰ ਬੰਨੇ ਵੀ ਖਿਆਲ ਦੁੜਾਉਂਦੇ ਸਨ ।

ਗਦਰ ਪਾਰਟੀ ਦੀਆਂ ਹਿੰਦ ਵਿਚ ਇਨਕਲਾਬੀ ਤਿਆਰੀਆਂ ਦਾ ਧੁਰਾ ਹਿੰਦੀ ਫੌਜੀਆਂ ਨੂੰ ਬਗਾਵਤ ਲਈ ਤਿਆਰ ਕਰਨਾ ਸੀ। ਕਿਸੇ ਜਨਤਕ ਇਨਕਲਾਬ ਨੂੰ ਕਾਮਯਾਬ ਕਰਨ ਵਾਸਤੇ ਵੀ ਫੌਜੀਆਂ ਨੂੰ ਨਾਲ ਮਿਲਾਉਣਾ ਜ਼ਰੂਰੀ ਹੁੰਦਾ ਹੈ, ਪਰ ਉਸ ਸਮੇਂ ਦੇਸ ਵਿਚ ਜਨਤਕ ਇਨਕਲਾਬੀ ਲਹਿਰ ਤਾਂ ਇਕ ਬੰਨੇ, ਜਨਤਕ ਪੈਮਾਨੇ ਉਤੇ ਕੋਈ ਅਮਨ ਪਸੰਦ ਰਾਜਸੀ ਅੰਦੋਲਨ ਵੀ ਨਹੀਂ ਸੀ । ਬੰਗਾਲ ਵਿਚ ਇਨਫਰਾਦੀ ਦਹਿਸ਼ਤਪਸੰਦ ਲਹਿਰ ਜ਼ਰੂਰ ਮੌਜੂਦ ਸੀ, ਪਰ ਇਸ ਦੇ ਤਰੀਕਾਕਾਰ ਦੇ ਆਸਰੇ ਫੌਜਾਂ ਨੂੰ ਨਾਲ ਲਏ ਬਗੈਰ ਕਾਮਯਾਬੀ ਦੇ ਚਾਨਸ ਨਾ ਹੋਇਆਂ ਬਰਾਬਰ ਸਨ; ਕਿਉਂਕਿ ਹਿੰਦ ਦੇ ਰਾਜਸੀ ਅੰਦੋਲਨ ਦਾ ਟਾਕਰਾ ਮੁਠੀ ਭਰ ਵਿਯਕਤੀਆਂ ਨਾਲ ਨਹੀਂ ਸੀ, ਬਲਕਿ ਸਮੁਚੀ ਅੰਗਰੇਜ਼ੀ ਸਾਮਰਾਜੀ ਤਾਕਤ ਨਾਲ ਸੀ । ਬੰਗਾਲ ਦੇ ਕਈ ਉੱਘੇ ਦਹਿਸ਼ਤਪਸੰਦ ਇਨਕਲਾਬੀਆਂ ਨੂੰ ਵੀ ਗਦਰ ਪਾਰਟੀ ਦੀ ਫੌਜਾਂ ਵਿਚ ਬਗਾਵਤ ਕਰਾਉਣ ਵਾਲੀ ਪਲੈਨ ਵਧੇਰੇ ਪਸੰਦ ਆਈ, ਅਤੇ ਉਹ ਇਸੇ ਕਾਰਨ ਪ੍ਰੇਰਤ ਹੋਕੇ ਗਦਰ ਪਾਰਟੀ ਲਹਿਰ ਵਿਚ ਸ਼ਾਮਲ ਹੋ ਗਏ* । ਇਨ੍ਹਾਂ ਵੀਚਾਰਾਂ ਤੋਂ ਇਲਾਵਾ ਗਦਰ ਪਾਰਟੀ ਦਾ ਇਹ ਅੰਦਾਜ਼ਾ ਠੀਕ ਸਾਬਤ ਹੋਇਆ ਕਿ ਜੰਗ ਦੀ ਸੂਰਤ ਵਿਚ ਸਿਪਾਹੀਆਂ, ਜਦ ਉਨ੍ਹਾਂ ਨੂੰ ਆਪਣੇ ਬਦੇਸ਼ੀ ਹਾਕਮਾਂ ਦੀ ਨੌਕਰੀ ਕਰਨ ਵਿਚ ਸਰੀਹਨ ਮੌਤ ਦੇ ਚਾਨਸ ਵਧੇਰੇ ਦਿਸਦੇ ਹੋਣ, ਨੂੰ ਆਪਣੇ ਦੇਸ਼ ਦੀ ਆਜ਼ਾਦੀ ਖਾਤਰ ਬਗਾਵਤ ਵਾਸਤੇ ਪ੍ਰੇਰਨਾ ਮੁਸ਼ਕਲ ਨਹੀਂ ਸੀ, ਬਸ਼ੱਰਤਿਕੇ ਇਸ ਦੀ ਕਾਮਯਾਬੀ ਦੀ ਕੁਝ ਸੂਰਤ ਹੋਵੇ । ਗਦਰ ਇਨਕਲਾਬੀਆਂ ਨੂੰ ਜੋ ਹਿੰਦੀ ਫੌਜੀਆਂ ਨੂੰ ਬਗਾਵਤ ਲਈ ਤਿਆਰ ਕਰਨ ਵਿਚ ਕਾਮਯਾਬੀ ਹੋਈ, ਉਹ ਇਸ ਗਲ ਦਾ ਕਾਫੀ ਸਬੂਤ ਹੈ । ਇਸ ਵਾਸਤੇ ਹਿੰਦੀ ਫੌਜਾਂ ਨੂੰ ਬਗਾਵਤ ਵਾਸਤੇ ਤਿਆਰ ਕਰਨਾ ਅਤੇ ਇਸ ਨੂੰ ਹਿੰਦ ਵਿਚਲੀ ਇਨਕਲਾਬੀ ਪਲੈਨ ਦਾ ਧੁਰਾ ਬਨਾਉਣਾ, ਗਦਰ ਪਾਰਟੀ ਦੀ ਪਲੈਨ ਦਾ ਨਾ ਕੇਵਲ ਇਕ ਠੀਕ ਕਦਮ ਸੀ, ਬਲਕਿ ਉਸ ਸਮੇਂ ਦੇ ਦੇਸ ਦੇ ਰਾਜਸੀ ਹਾਲਾਤ ਦੀ ਰੌਸ਼ਨੀ ਵਿਚ ਇਨਕਲਾਬੀ ਨਜ਼ਰੀਏ ਤੋਂ ਇਸ ਤੋਂ ਬਿਨਾਂ ਹੋਰ ਕੋਈ ਅਮਲੀ ਵਰਤੋਂ ਵਿਚ ਆ ਸਕਣ ਵਾਲਾ ਰਾਹ ਹੀ ਨਹੀਂ ਸੀ ।

*ਬੰਦੀ ਜੀਵਨ, ਸਚਿੰਦਰ ਨਾਥ ਸਾਨਿਆਲ, ਪਹਿਲਾ ਭਾਗ, ਪੰਨਾ ੩੯ ਤੇ ੪੦ ।



Digitized by Panjab Digital Library | www.panjabdigilib.org

# ਅਠਵਾਂ ਕਾਂਡ*

# 'ਗਦਰ' ਅਖਬਾਰ

ਗਦਰ ਪਾਰਟੀ ਕਾਇਮ ਕਰਨ ਪਿਛੋਂ, "ਅਗਲਾ ਕਦਮ 'ਗਦਰ' ਅਖਬਾਰ ਕਾਇਮ ਕਰਨ ਦਾ ਚੁਕਿਆ ਗਿਆ । ਇਸ ਅਖ਼ਬਾਰ ਦਾ ਪਹਿਲਾ ਪਰਚਾ ਪਹਿਲੀ ਨਵੰਬਰ, ੧੯੧੩ ਨੂੰ ਪ੍ਰਕਾਸ਼ਤ ਹੋਇਆ† ।"

ਪੰਜਵੇਂ ਕਾਂਡ ਵਿਚ ਦੱਸਿਆ ਜਾ ਚੁਕਾ ਹੈ ਕਿ ਮਈ ੧੯੧੩ ਵਿਚ ਲਾ: ਹਰਦਿਆਲ ਦੇ ਔਰੇਗਨ ਸਟੇਟ ਦੇ ਦੌਰੇ ਦੇ ਦੌਰਾਨ ਵਿਚ ਅਖਬਾਰ ਜਾਰੀ ਕਰਨ ਵਾਸਤੇ ਚੰਦਾ ਇਕੱਠਾ ਕੀਤਾ ਗਿਆ; ਅਤੇ ਜਿਸ ਦਿਨ ਗਦਰ ਪਾਰਟੀ ਕਾਇਮ ਹੋਈ, ਓਸੇ ਦਿਨ ਸੈਨਫ੍ਰਾਂਸਿਸਕੋ ਤੋਂ ਗਦਰ ਅਖਬਾਰ ਪ੍ਰਕਾਸ਼ਤ ਕਰਨ ਦਾ ਫੈਸਲਾ ਵੀ ਕੀਤਾ ਗਿਆ । ਸੈਨਫ੍ਰਾਂਸਿਸਕੋ ਇਸ ਵਾਸਤੇ ਚੁਣਿਆ ਗਿਆ ਕਿਉਂਕਿ ਲਾ: ਹਰਦਿਆਲ ਉਥੇ ਰਹਿੰਦੇ ਸਨ, ਕੈਲੇਫੋਰਨੀਆ ਵਿਚ ਹਿੰਦੀਆਂ ਦੀ ਗਿਣਤੀ ਬਹੁਤ ਸੀ, ਅਤੇ ਇਹ ਅੰਗਰੇਜ਼ ਵਿਰੋਧੀ ਆਇਰਸ਼ ਅਤੇ ਹੋਰ ਕੌਮਾਂਤਰੀ ਅਗੇ-ਵਧੂ ਲਹਿਰਾਂ ਦਾ ਅਮਰੀਕਾ ਵਿਚ ਕੇਂਦ੍ਰ ਸੀ । ਲਾ: ਹਰਦਿਆਲ ਨੂੰ ਅਖਬਾਰ ਚਲਾਉਣ ਦਾ ਜ਼ਿਮੇਂਵਾਰ ਥਾਪਿਆ ਗਿਆ, ਤਿੰਨ ਹਜ਼ਾਰ ਦੇ ਕਰੀਬ ਡਾਲਰ ਇਕ ਸਬ ਕਮੇਟੀ (ਜੋ ਅਖਬਾਰ ਦੇ ਪ੍ਰਬੰਧ ਵਾਸਤੇ ਨੀਯਤ ਕੀਤੀ ਗਈ) ਦੇ ਨਾਮ ਜਮਾਂ ਕਰਾਇਆ ਗਿਆ, ਅਤੇ ਅਖ਼ਬਾਰ ਦੇ ਚਲੰਤ ਖਰਚ ਪੂਰੇ ਕਰਨ ਵਾਸਤੇ ਮਾਹਵਾਰੀ ਚੰਦੇ ਅਕੱਠੇ ਕਰਨ ਦਾ ਪ੍ਰਬੰਧ ਕੀਤਾ ਗਿਆ*, ਕਿਉਂਕਿ ਅਖਬਾਰ ਨੂੰ ਮੁਫਤ ਵੰਡਣ ਦਾ ਫੈਸਲਾ ਕੀਤਾ ਗਿਆ ਸੀ† ।

ਔਰੇਗਨ ਸਟੇਟ ਦਾ ਦੌਰਾ ਖਤਮ ਕਰਕੇ ਲਾ: ਹਰਦਿਆਲ ਵਾਪਸ ਸੈਨਫ੍ਰਾਂਸਿਸਕੋ ਆ ਗਏ ਅਤੇ ਪਾਰਟੀ ਦੇ ਹੋਰ ਮੈਂਬਰ ਮਿਲਾਂ ਵਿਚ ਕੰਮ ਕਰਨ ਲਈ ਖਿੰਡ ਪੁੰਡ ਗਏ । ਪੰਜ ਮਹੀਨੇ ਲੰਘ ਗਏ ਪਰ ਅਖਬਾਰ ਨਾ ਨਿਕਲਿਆ । ਸ੍ਰੀ ਸੋਹਣ ਸਿੰਘ ਭਕਨਾ, ਪ੍ਰਧਾਨ ਗਦਰ ਪਾਰਟੀ, ਲਿਖਦੇ ਹਨ ਕਿ ਲਾ: ਹਰਦਿਆਲ ਨੇ ਸਗੋਂ ਉਨ੍ਹਾਂ ਨੂੰ ਲਿਖ ਦਿੱਤਾ ਕਿ, "ਮੇਰੀ ਸਿਹਤ ਕੰਮ ਕਰਨ ਯੋਗ ਨਹੀਂ ਹੈ, ਭਲੀ ਗਲ ਹੈ ਕਿ ਪ੍ਰਬੰਧਕ ਕਮੇਟੀ ਅਖਬਾਰ ਦਾ ਬੋਝ ਕਿਸੇ ਹੋਰ ਸਜਨ ਦੇ ਸਿਰ ਦੇ ਦੇਵੇ‡" । ਪਰ ਉਸ ਵੇਲੇ ਅਖਬਾਰ ਨੂੰ ਚਲਾਉਣ ਵਾਲਾ ਹੋਰ ਕੋਈ ਆਦਮੀ ਨਹੀਂ ਸੀ ਦਿਸਦਾ, ਅਤੇ ਪ੍ਰਬੰਧਕ ਕਮੇਟੀ ਨੂੰ ਚਿੱਠੀਆਂ ਦੀ ਭਰਮਾਰ ਹੋ ਰਹੀ ਸੀ ਕਿ ਅਖਬਾਰ ਕੱਢਣ ਵਿਚ ਦੇਰ ਕਿਉਂ ਪੈ ਰਹੀ ਸੀ । ਕਿਉਂਕਿ ਜਿਸਤਰ੍ਹਾਂ ਅਗੇ ਦੱਸਿਆ ਜਾ ਚੁਕਾ ਹੈ, ਇਹ ਲਹਿਰ ਹੇਠੋਂ ਹਿੰਦੀ ਕਾਮਿਆਂ ਵਲੋਂ ਉਤਪਨ ਹੋਈ, ਅਤੇ ਓਹ ਬੜੇ ਉਤਾਵਲੇ ਸਨ ਕਿ ਜਲਦੀ ਤੋਂ ਜਲਦੀ ਅਮਲੀ ਕਦਮ ਚੁਕਿਆ ਜਾਏ । ਇਸ ਵਾਸਤੇ ਕਮੇਟੀ ਨੇ ਲਾ: ਹਰਦਿਆਲ ਉਤੇ ਜ਼ੋਰ ਦਿੱਤਾ ਕਿ ਅਖਬਾਰ ਦੀ ਜ਼ਿਮੇਂਵਾਰੀ ਉਨ੍ਹਾਂ ਨੂੰ ਹੀ ਨਿਭਾਉਣੀ ਪਵੇਗੀ । ਜਾਪਦਾ ਹੈ ਕਿ ਸ੍ਰੀ ਕਰਤਾਰ ਸਿੰਘ 'ਸਰਾਭਾ' ਦੇ ਉਤਸ਼ਾਹ ਦਾ ਅਖਬਾਰ ਜਾਰੀ ਕਰਨ ਵਿਚ ਕਾਫੀ ਹੱਥ ਸੀ । ਸ੍ਰੀ ਕਰਤਾਰ ਸਿੰਘ 'ਸਰਾਭਾ' ਅਠਾਰਾਂ ਕੁ ਸਾਲ ਦੇ ਨੌਜਵਾਨ ਸਨ, ਜਿਨ੍ਹਾਂ ਨੇ ਬੰਗਾਲ ਦੇ ਇਕ ਸਕੂਲ ਵਿਚ ਵਿਦਿਆ ਪ੍ਰਾਪਤ ਕੀਤੀ ਅਤੇ ਜਿਥੋਂ ਗਾਲਬਨ ਉਨ੍ਹਾਂ ਨੂੰ ਰਾਜਸੀ ਜਾਗਰਤੀ ਆਈ* । ਉਹ ਅਮਰੀਕਾ ਉਚੀ ਵਿਦਿਆ ਹਾਸਲ ਕਰਨ ਆਏ ਸਨ, ਅਤੇ ਬਰਕਲੇ ਯੂਨੀਵਰਸਟੀ ਵਿਚ ਰਸਾਇਣ ਵਿਦਿਆ ਪੜ੍ਹਨ ਵੀ ਲਗ ਗਏ ਸਨ । ਪਰ ਜਿਉਂ ਹੀ ਉਨ੍ਹਾਂ ਗਦਰ ਪਾਰਟੀ ਕਾਇਮ ਹੋਣ ਅਤੇ ਅਖਬਾਰ ਜਾਰੀ ਕਰਨ ਦੇ ਫੈਸਲੇ ਬਾਰੇ ਸੁਣਿਆ, ਉਨ੍ਹਾਂ ਅਗੋਂ ਪੜ੍ਹਾਈ ਦਾ ਵੀਚਾਰ ਤਰਕ ਕਰ ਦਿਤਾ । ਸ੍ਰੀ ਕਰਤਾਰ ਸਿੰਘ 'ਸਰਾਭਾ', ਜਿਵੇਂ ਅਗੇ ਵੇਖਿਆ ਜਾਵੇਗਾ, ਇਨਸਾਨੀ ਜਾਮੇਂ ਵਿਚ ਇਕ ਬਿਜਲੀ ਦੇ ਇੰਜਨ (Human dynamo) ਦੀ ਤਰ੍ਹਾਂ ਸਨ, ਜੋ ਆਪਣੇ ਬੇਹਸਾਬੇ ਜ਼ੋਸ਼ ਅਤੇ ਉਤਸ਼ਾਹ ਨਾਲ ਹਰ ਉਸ ਆਦਮੀ ਨੂੰ ਉਤਸ਼ਾਹ ਦੀ ਰੌ ਨਾਲ ਚਾਰਜ ਕਰਦੇ ਸਨ ਜਿਸ ਦਾ ਉਨ੍ਹਾਂ ਨਾਲ ਵਾਹ ਪੈਂਦਾ । ਜੇ ਸ੍ਰੀ ਸੋਹਣ ਸਿੰਘ 'ਭਕਨਾ' ਦੀ ਗਲ ਠੀਕ ਮੰਨ ਲਈ ਜਾਏ ਕਿ ਲਾ: ਹਰਦਿਆਲ ਅਖਬਾਰ ਦੀ ਜ਼ਿਮੇਵਾਰੀ ਨਿਭਾਉਣੋਂ ਢਿਲੇ ਪੈ ਗਏ ਸਨ, ਤਾਂ ਇਹ ਵਡੀ ਗਲ ਨਹੀਂ ਕਿ ਪ੍ਰਬੰਧਕ ਕਮੇਟੀ ਦੇ ਜ਼ੋਰ ਪਾਉਣ ਅਤੇ 'ਸਰਾਭਾ' ਜੀ ਦੇ ਉਤਸ਼ਾਹ ਨੇ ਲਾ: ਹਰਦਿਆਲ ਨੂੰ ਅਖਬਾਰ ਦੀ ਜ਼ਿਮੇਵਾਰੀ ਨਿਭਾਉਣ ਲਈ ਪੈਰਾਂ ਉਤੇ ਫਿਰ ਖੜ੍ਹਾ ਕੀਤਾ ਹੋਵੇ । ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ', ਜੋ ਪਿਛੋਂ ਗਦਰ ਅਖਬਾਰ ਵਿਚ ਕੰਮ ਕਰਦੇ ਰਹੇ, ਦਸਦੇ ਹਨ ਕਿ ਸ੍ਰੀ ਕਰਤਾਰ ਸਿੰਘ 'ਸਰਾਭਾ' ਨੇ ਦੋ ਸੌ ਡਾਲਰ, ਜੋ ਵਿਦਿਆ ਦੇ ਖਰਚਾਂ ਲਈ ਉਨ੍ਹਾਂ ਨੂੰ ਦੇਸੋਂ ਆਇਆ ਸੀ, ਲਾ: ਹਰਦਿਆਲ ਦੇ ਹਵਾਲੇ ਕੀਤਾ, ਅਤੇ ਅਖਬਾਰ ਸ਼ਾਇਆ ਕਰਨ ਦਾ ਪ੍ਰਬੰਧ ਕਰਨ ਵਿਚ ਇਕਦੱਮ ਜੁੱਟ ਪਏ । ਪਹਿਲੇ ਕੇਸ ਦੇ ਫੈਸਲੇ ਵਿਚ ਵੀ ਇਹ ਦਰਜ ਹੈ ਕਿ ਸ੍ਰੀ ਕਰਤਾਰ ਸਿੰਘ 'ਸਰਾਭਾ' ਦਾ 'ਗਦਰ' ਦਾ ਪਹਿਲਾ ਪਰਚਾ ਕੱਢਣ ਵਿਚ ਹੱਥ ਸੀ* ।

'ਗਦਰ' ਅਖਬਾਰ ਦੇ ਪਹਿਲੇ ਪਰਚੇ ਉਰਦੂ ਵਿਚ ਹੱਥ ਨਾਲ ਚਲਣ ਵਾਲੇ ਸਾਈਕਲੋਸਟਾਈਲ ਪ੍ਰੈਸ ਉਤੇ ਛਾਪੇ ਗਏ, ਅਤੇ ਜਨਵਰੀ ੧੯੧੪ ਤੋਂ ਅਖਬਾਰ ਗੁਰਮੁਖੀ ਵਿਚ ਵੀ ਛਾਪਿਆ ਜਾਣ ਲਗਾ । ਪਰ ਜਦੋਂ ਅਖਬਾਰ ਦੀ ਮਾਂਗ ਬਹੁਤੀ ਵੱਧ ਗਈ, ਨੰ: ੫, ਵੁਡ ਸਟਰੀਟ (ਸੈਨਫ੍ਰਾਂਸਿਸਕੋ) ਵਿਚ ਆਪਣਾ ਛਾਪਾ ਖਾਨਾ ਕਾਇਮ ਕੀਤਾ ਗਿਆ । ਸ੍ਰੀ ਸੋਹਣ ਸਿੰਘ ਲਿਖਦੇ ਹਨ ਕਿ ਪਹਿਲੇ ਪਰਚੇ ਦੇ ਲਾ: ਹਰਦਿਆਲ ਐਡੀਟਰ ਸਨ, ਅਤੇ ਛਾਪਣ ਵਾਲੇ ਸ੍ਰੀ ਕਰਤਾਰ ਸਿੰਘ 'ਸਰਾਭਾ' ਅਤੇ ਸ੍ਰੀ ਗੁਪਤਾ† । ਅਮਰ ਸਿੰਘ ( ਵਾਅਦਾ ਮੁਆਫ ) ਮੁਤਾਬਕ ਉਹ ਅਤੇ ਸ੍ਰੀ ਰਾਮਚੰਦ 'ਗਦਰ' ਅਖਬਾਰ ਦੇ ਸਟਾਫ ਵਿਚ ਦਸੰਬਰ ੧੯੧੩ ਵਿਚ ਸ਼ਾਮਲ ਹੋਏ, ਜਦ ਲਾ: ਹਰਦਿਆਲ, ਸ੍ਰੀ ਗੁਪਤਾ, ਸ੍ਰੀ ਕਰਤਾਰ ਸਿੰਘ 'ਸਰਾਭਾ' ਅਤੇ ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ' ਉਥੇ ਅਗੇ ਹੀ ਕੰਮ ਕਰ ਰਹੇ ਸਨ ।

---

*ਗਦਰ ਪਾਰਟੀ ਲਹਿਰ ਸੰਬੰਧੀ ਚਲੇ ਮੁਕੱਦਮਿਆਂ ਵਿਚ 'ਗਦਰ' ਅਖਬਾਰ ਦੇ ਪ੍ਰਬੰਧ ਬਾਰੇ ਬਹੁਤੀ ਤਫਸੀਲ ਨਹੀਂ ਦਿੱਤੀ ਗਈ । ਇਸ ਵਾਸਤੇ ਇਸ ਕਾਂਡ ਵਿਚ ਐਸੀ ਵਾਕਫੀਅਤ ਵੀ ਸ਼ਾਮਲ ਕਰਨੀ ਪਈ ਹੈ, ਜੋ ਹੋਰ ਵਸੀਲਿਆਂ ਤੋਂ ਪ੍ਰਾਪਤ ਕੀਤੀ ਗਈ ਹੈ ਅਤੇ ਜਿਸ ਦੀ ਪੁਸ਼ਟੀ ਨਹੀਂ ਹੁੰਦੀ, ਪਰ ਬਹੁਤੀ ਜ਼ਰੂਰੀ ਨਾ ਹੋਣ ਕਰਕੇ ਜਿਸ ਦਾ ਲਹਿਰ ਦੇ ਇਤਿਹਾਸ ਉਤੇ ਅਸਰ ਨਹੀਂ ਪੈਂਦਾ ।

†First Case, The beginning of the conspiracy and war, p. 3.

*Mandlay Case, Judgement, p. 31.

†First Case, The beginning of the conspiracy and war, p. 3.

‡'ਅਕਾਲੀ ਤੇ ਪ੍ਰਦੇਸੀ', ੧੯ ਅਪਰੈਲ ੧੯੩੦ ਦਾ ਪਰਚਾ ।

*First Case, Individual Case of Kartar Singh, Sarabha, p. 3.

*First Case, The Beginning of the Conspiracy and war, p. 4.

†'ਅਕਾਲੀ ਤੇ ਪ੍ਰਦੇਸੀ,' ੨੦ ਅਪ੍ਰੈਲ ੧੯੩੦ ਦਾ ਪਰਚਾ

Digitized by Panjab Digital Library | www.panjabdigilib.org

ਪਿਛੋਂ ਪੰਡਤ ਜਗਤ ਰਾਮ, ਸ੍ਰੀ ਪਿਰਥੀ ਸਿੰਘ, ਸ੍ਰੀ ਮੈਹਬੂਬ ਅਲੀ ਅਤੇ ਸ੍ਰੀ ਇਨਾਇਤ ਖਾਨ ਵੀ ਸਟਾਫ ਵਿਚ ਸ਼ਾਮਲ ਹੋ ਗਏ* ।

'ਗਦਰ' ਅਖਬਾਰ ਜਾਰੀ ਹੋਣ ਵੇਲੇ ਤੋਂ ਲੈ ਕੇ ਮਾਰਚ ੧੯੧੪ ਤਕ, ਜਦੋਂ ਅਮਰੀਕਾ ਦੇ ਅਧਿਕਾਰੀਆਂ ਨੇ ਲਾ: ਹਰਦਿਆਲ ਨੂੰ ਅਮਰੀਕਾ ਛੱਡਣ ਲਈ ਮਜਬੂਰ ਕਰ ਦਿੱਤਾ, ਇਸ ਦਾ ਪ੍ਰਬੰਧ ਲਾ: ਹਰਦਿਆਲ ਦੇ ਹੱਥ ਰਿਹਾ । ਬਲਕਿ ਇਹ ਕਹਿਣਾ ਵਧੇਰੇ ਠੀਕ ਹੋਵੇਗਾ ਕਿ ਹਰ ਲਿਹਾਜ਼ ਨਾਲ 'ਗਦਰ' ਅਖਬਾਰ ਲਾ: ਹਰਦਿਆਲ ਦੀ ਰਚਨਾ ਸੀ । ਇਸ ਨੂੰ ਜਾਰੀ ਕਰਨ ਦਾ ਵੀਚਾਰ ਅਤੇ ਇਸ ਦਾ ਨਾਮ ਉਨ੍ਹਾਂ ਦੇ ਦਿਮਾਗ ਵਿਚੋਂ ਨਿਕਲਿਆ, ਉਨ੍ਹਾਂ ਨੇ ਹੀ ਜਾਰੀ ਕੀਤਾ, ਅਤੇ ਮਾਰਚ ੧੯੧੪ ਤਕ ਉਹ ਹੀ ਇਸ ਦੇ ਪ੍ਰਬੰਧ ਦੇ ਕਰਤਾ ਧਰਤਾ ਜ਼ਿਮੇਂਵਾਰ, ਇਸ ਦੀ ਪਾਲਸੀ ਨੀਯਤ ਕਰਨ ਵਾਲੇ, ਲਿਖਾਰੀ ਅਤੇ ਐਡੀਟਰ ਸਨ । ਇਨਕਲਾਬੀ ਲਹਿਰ ਨੂੰ ਚਲਾਉਣ ਦੇ ਹੋਰ ਪਹਿਲੂਆਂ ਬਾਬਤ ਉਨ੍ਹਾਂ ਦੀ ਯੋਗਤਾ ਬਾਰੇ ਦੋ ਰਾਵਾਂ ਹੋ ਸਕਦੀਆਂ ਹਨ, ਪਰ ਲਿਖਾਰੀ ਜਾਂ ਲੈਕਚਰਾਰ ਦੀ ਹੈਸੀਅਤ ਵਿਚ ਉਨ੍ਹਾਂ ਦੀ ਯੋਗਤਾ ਬਾਰੇ ਸ਼ੱਕ ਨੂੰ ਗੁੰਜਾਇਸ਼ ਨਹੀਂ ।

ਲਾ: ਹਰਦਿਆਲ ਅਸਲ ਵਸਨੀਕ ਦਿੱਲੀ ਦੇ ਸਨ ਅਤੇ ਓਥੋਂ ਉਨ੍ਹਾਂ ਸੇਂਟ ਸਟੀਫਿਨਜ਼ ਕਾਲਜ ਵਿਚੋਂ ਬੀ. ਏ. ਪਾਸ ਕੀਤਾ । ਅਗੋਂ ਐਮ. ਏ. ਦੀ ਪੜ੍ਹਾਈ ਲਈ ਗਵਰਨਮੈਂਟ ਕਾਲਜ, ਲਾਹੌਰ, ਆ ਗਏ; ਕਿਉਂਕਿ ਉਨ੍ਹੀਂ ਦਿਨੀਂ ਦਿਲੀ ਵਿਦਯਕ ਲਿਹਾਜ਼ ਨਾਲ ਪੰਜਾਬ ਯੂਨੀਵਰਸਟੀ ਨਾਲ ਜੁੜਿਆ ਹੋਇਆ ਸੀ । ਲਾ: ਹਰਦਿਆਲ ਦੀ ਉਨ੍ਹਾਂ ਦਿਨਾਂ ਦੀ ਯਾਦ ਸ਼ਕਤੀ ਬਾਰੇ ਕਈ ਅਚੰਭੇ ਵਾਲੀਆਂ ਗੱਲਾਂ ਪ੍ਰਚੱਲਤ ਹਨ, ਕਿ ਉਨ੍ਹਾਂ ਕਿਵੇਂ ਇਕ ਕਵਿਤਾ ਦੀ ਕਤਾਬ ਨੂੰ ਕੇਵਲ ਇਕੋ ਵਾਰ ਪੜ੍ਹ ਕੇ ਕਾਲਜ ਦੇ ਵਿਦਿਆਰਥੀਆਂ ਅਤੇ ਸਟਾਫ ਦੇ ਅਕੱਠ ਸਾਹਮਣੇ ਹਰਫ ਬਹੱਰਫ ਸੁਣਾ ਦਿਤਾ । ਐਮ. ਏ. ਦੇ ਇਮਤਿਹਾਨ ਵਿਚ ਉਹ ਯੂਨੀਵਰਸਟੀ ਵਿਚੋਂ ਅੱਵਲ ਰਹੇ, ਅਤੇ ਉਨ੍ਹਾਂ ਦੀ ਲਿਆਕਤ ਦਾ ਸੱਦਕਾ ਸਰਕਾਰੀ ਵਜ਼ੀਫੇ ਉਤੇ ਲਾ: ਹਰਦਿਆਲ ਨੂੰ ਔਕਸਫੋਰਡ (ਇੰਗਲੈਂਡ) ਉੱਚੀ ਪੜ੍ਹਾਈ ਲਈ ਭੇਜਿਆ ਗਿਆ । ਵਲੈਤ ਜਾਕੇ ਅੰਗਰੇਜ਼ੀ ਸਾਮਰਾਜ ਵਿਰੋਧੀ ਉਨ੍ਹਾਂ ਦੇ ਜਜ਼ਬੇ ਨੇ ਉਬਾਲਾ ਖਾਧਾ, ਅਤੇ ਉਹ ਸਰਕਾਰੀ ਵਜ਼ੀਫਾ ਅਤੇ ਪੜ੍ਹਾਈ ਛੱਡ ਕੇ ਦੇਸ਼ ਸੇਵਾ ਦੀ ਲਗਨ ਵਿਚ ਮਗਨ ਹੋ ਗਏ । ਕਿਨ੍ਹਾਂ ਹਾਲਾਤ ਵਿਚੋਂ ਲੰਘਦੇ ਹੋਏ ਉਹ ਯੂਰਪ ਤੋਂ ਅਮਰੀਕਾ ਆਏ, ਅਤੇ ਕਿਵੇਂ ਗਦਰ ਪਾਰਟੀ ਅਤੇ ਗਦਰ ਅਖਬਾਰ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ, ਇਸ ਦਾ ਜ਼ਿਕਰ ਪਿਛਲੇਰੇ ਕਾਂਡ ਵਿਚ ਆ ਚੁਕਾ ਹੈ । ਅਜਿਹੀ ਕਾਬਲੀਅਤ ਵਾਲੀ ਸ਼ਖਸੀਅਤ ਦੇ ਹੱਥ ਵਿਚ, ਅਤੇ ਐਸੇ ਹਾਲਾਤ ਜੋ ਇਸ ਦੇ ਲਈ ਪੱਕ ਕੇ ਤਿਆਰ ਸਨ ਦੀ ਹੋਂਦ ਵਿਚ, 'ਗਦਰ' ਅਖਬਾਰ ਦਾ ਨਿਕਲਦੇ ਸਾਰ ਇਕ ਨਵੇਂ ਨਿਕਲੇ ਤਾਰੇ ਵਾਂਗੂੰ ਹਿੰਦੀਆਂ ਦਾ ਆਪਣੇ ਵਲ ਧਿਆਨ ਖਿੱਚ ਲੈਣਾ ਬਹੁਤੀ ਹੈਰਾਨੀ ਵਾਲੀ ਗੱਲ ਨਹੀਂ ।

ਲਾ: ਹਰਦਿਆਲ ਤੋਂ ਦੂਸਰੇ ਦਰਜੇ ਉਤੇ 'ਗਦਰ' ਅਖਬਾਰ ਦੀ ਲਿਖਤ ਵਿਚ ਹਿੱਸਾ ਸ੍ਰੀ ਰਾਮ ਚੰਦ 'ਪਸ਼ਾਵਰੀਆ' ਦਾ ਸੀ । ਸ੍ਰੀ ਰਾਮ ਚੰਦ ਨੇ ਗਦਰ ਪਾਰਟੀ ਲਹਿਰ ਨਾਲ ਸੰਬੰਧਤ ਜਲਸਿਆਂ ਅਤੇ ਮੀਟਿੰਗਾਂ ਵਿਚ ਤਕਰੀਰਾਂ ਕਰਨ ਵਿਚ ਵੀ ਹਿੱਸਾ ਲਿਆ, ਅਤੇ ਇਕ ਸਮੇਂ ਗਦਰ ਪਾਰਟੀ ਦੇ ਕਰਤਾ ਧਰਤਾ ਬਣ ਗਏ; ਜਿਸ ਦੇ ਕਈ ਪਹਿਲੂ ਸ਼ੱਕੀ ਹਨ ਅਤੇ ਜਿਨ੍ਹਾਂ ਦਾ ਕਿਸੇ ਅਗਲੇ ਕਾਂਡ ਵਿਚ ਜ਼ਿਕਰ ਆਵੇਗਾ । ਪਰ 'ਗਦਰ' ਅਖਬਾਰ ਵਿਚ ਉਨ੍ਹਾਂ ਦੇ ਕੀਤੇ ਕੰਮ ਨੂੰ ਪਰਵਾਨ ਨਾ ਕਰਨਾ ਬੇਇਨਸਾਫੀ ਹੋਵੇਗੀ । ਸ੍ਰੀ ਰਾਮ ਚੰਦ ਨੇ ਸੰਨ ੧੯੦੬-੭ ਵਾਲੀ ਲਹਿਰ ਵਿਚ ਸ੍ਰਦਾਰ ਅਜੀਤ ਸਿੰਘ ਨਾਲ ਮਿਲਕੇ ਹਿੱਸਾ ਲਿਆ, ਅਤੇ ਹਿੰਦ ਵਿਚ ਗੁਜਰਾਂਵਾਲਾ ਤੋਂ ਨਿਕਲਦੇ ਅਖਬਾਰ 'ਇੰਡੀਆ' ਅਤੇ ਦਿਲੀ ਤੋਂ ਨਿਕਲਦੇ ਅਖਬਾਰ 'ਆਕਾਸ਼' ਦੇ ਐਡੀਟਰ ਰਹਿ ਚੁਕੇ ਸਨ* । ਇਸ ਕਰਕੇ ਉਹ ਅਖਬਾਰੀ ਕੰਮ ਲਈ ਯੋਗਤਾ ਰਖਦੇ ਸਨ ।

ਸ੍ਰੀ ਕਰਤਾਰ ਸਿੰਘ 'ਸਰਾਭਾ' ਆਪਣੇ ਇੰਤਹਾਈ ਉਤਸ਼ਾਹ ਦੇ ਕਾਰਨ ਹਰ ਮਸਾਲੇ ਪਿਪਲਾ ਮੂਲ ਸਨ । ਉਹ ਪਾਰਟੀ ਦੀ ਜਥੇਬੰਦੀ ਅਤੇ ਦਫਤਰ ਨਾਲ ਸੰਬੰਧਤ ਕੰਮਾਂ ਤੋਂ ਇਲਾਵਾ ਉਰਦੂ ਪਰਚੇ ਦੀ ਕਤਾਬਤ ਕਰਦੇ, ਉਰਦੂ ਪਰਚੇ ਨੂੰ ਗੁਰਮੁਖੀ ਵਿਚ ਛਾਪਣ ਲਈ ਤਰਜਮਾਂ ਕਰਦੇ, ਪਰੈਸ ਵਿਚ ਕੰਮ ਕਰਦੇ, ਅਤੇ ਅਖਬਾਰ ਡਾਕ ਵਿਚ ਰਵਾਨਾ ਕਰਨ ਵਿਚ ਮਦਦ ਦਿੰਦੇ ।

ਪੰਡਤ ਜਗਤ ਰਾਮ ਅਖਬਾਰ ਦੀ ਡਾਕ ਰਵਾਨਾ ਕਰਨ ਦੇ ਇੰਚਾਰਜ ਸਨ† । ਇਹ ਕੰਮ ਬਹੁਤ ਜ਼ਿਮੇਵਾਰੀ ਦਾ ਸੀ, ਕਿਉਂਕਿ ਅਮਰੀਕਾ ਤੋਂ ਬਾਹਰ ਜਿਨ੍ਹਾਂ ਪਤਿਆਂ ਉਤੇ ਅਖਬਾਰ ਭੇਜਿਆ ਜਾਂਦਾ, ਉਨ੍ਹਾਂ ਬਾਰੇ ਬੜਾ ਰਾਜ਼ ਰਖਿਆ ਜਾਂਦਾ ਤਾਕਿ ਅੰਗਰੇਜ਼ ਕਰਮਚਾਰੀਆਂ ਅਤੇ ਉਨ੍ਹਾਂ ਦੇ ਏਜੰਟਾਂ ਨੂੰ ਪਤਾ ਨਾ ਲਗੇ । ਜਿਸ ਰਜਿਸਟਰ ਵਿਚ ਇਹ ਐਡਰੈਸ ਸਨ, ਉਹ ਡਾਕ ਪਾਉਣ ਪਿਛੋਂ ਬੈਂਕ ਦੇ ਸੇਫ ਡੀਪੌਜ਼ਿਟ ਵਿਚ ਰਖਿਆ ਜਾਂਦਾ* । ਪੰਡਤ ਜਗਤ ਰਾਮ ਦਸਦੇ ਹਨ ਕਿ, ਇਸ ਡਰ ਤੋਂ ਕਿ ਮਤਾਂ ਰਜਿਸਟਰ ਦੁਸ਼ਮਣਾਂ ਦੇ ਹੱਥ ਆ ਜਾਏ, ਉਨ੍ਹਾਂ ਨੇ ਪਿਛੋਂ ਸਾਰੇ ਪਤੇ, ਜੋ ਹਜ਼ਾਰਾਂ ਦੀ ਗਿਣਤੀ ਵਿਚ ਸਨ, ਕੰਠ ਕਰ ਲਏ । ਪੰਡਤ ਜਗਤ ਰਾਮ ਦੇ ਹਿੰਦ ਆ ਜਾਣ ਪਿਛੋਂ ਇਹ ਡੀਊਟੀ ਸ੍ਰੀ ਮੁਨਸ਼ੀ ਰਾਮ ਸੰਨ ੧੯੧੫ ਤਕ ਨਿਭਾਉਂਦੇ ਰਹੇ† ।

ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ' ਦੀ ਮੁਖ ਡੀਊਟੀ ਲਾ: ਹਰਦਿਆਲ ਦੀ ਹਫਾਜ਼ਤ ਕਰਨੀ ਸੀ, ਕਿਉਂਕਿ ਉਹ ਸਰੀਰਕ ਕਮਜ਼ੋਰੀ ਦੇ ਕਾਰਨ ਸ੍ਵੈ-ਰਖਿਆ ਦੇ ਲਾਇਕ ਨਹੀਂ ਸਨ । ਇਸ ਡੀਊਟੀ ਤੋਂ ਇਲਾਵਾ, ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ' ਗਦਰ ਅਖਬਾਰ ਵਿਚ ਛਪਣ ਲਈ ਕਵਿਤਾ ਲਿਖਣ ਲਗ ਪਏ । ਗਦਰ ਵਿਚ ਛਪੀਆਂ ਕਵਿਤਾਵਾਂ ਵਿਚੋਂ ਚੋਣਵੀਆਂ ਨੂੰ ਪਿਛੋਂ 'ਗਦਰ ਦੀ ਗੂੰਜ' ਨਾਮੇਂ ਪੈਂਫਲਟ ਦੀ ਸ਼ਕਲ ਵਿਚ ਅੱਡਰਾ ਛਾਪਿਆ ਗਿਆ, ਜੋ ਬਹੁਤ ਹਰ ਮਨ ਪਿਆਰੀ ਹੋ ਗਈ; ਅਤੇ ਪਹਿਲੀ ਛਪੀ 'ਗਦਰ ਦੀ ਗੂੰਜ' ਵਿਚ ਬਹੁਤੀਆਂ ਕਵਿਤਾਵਾਂ ਸ੍ਰੀ ਹਰਨਾਮ ਸਿੰਘ 'ਲਾਟ' ਦੀਆਂ ਸਨ ।

ਲਾ: ਹਰਦਿਆਲ ਦੇ ਅਮਰੀਕਾ ਤੋਂ ਚਲੇ ਜਾਣ ਪਿਛੋਂ ਅਖਬਾਰ ਦਾ ਪ੍ਰਬੰਧ ਇਕ ਬੋਰਡ ਦੇ ਹਵਾਲੇ ਕੀਤਾ ਗਿਆ, ਜਿਸ ਦੇ ਮੈਂਬਰ ਸ੍ਰੀ ਰਾਮ ਚੰਦ 'ਪਸ਼ਾਵਰੀਆ,' ਸ੍ਰੀ ਮੋਹਨ ਲਾਲ, ਪੰਡਤ ਜਗਤ ਰਾਮ, ਸ੍ਰੀ ਕਰਤਾਰ ਸਿੰਘ 'ਸਰਾਭਾ' ਅਤੇ ਸ੍ਰੀ ਹਰਨਾਮ

---

*First Case, The Beginning of the Conspiracy and war, p. 4.

*Isemonger and Slattery, p. 34.

†First Case, Individual Case of Jagat Ram, p. 2.

*San Francisco Trial, Charge to the Jury by Judge, p. 709.

†Ibid.

ਸਿੰਘ 'ਟੁੰਡੀ ਲਾਟ' ਸਨ । ਐਡੀਟਰੀ ਅਤੇ ਲੇਖ ਲਿਖਣ ਦਾ ਬਹੁਤਾ ਕੰਮ ਸ਼੍ਰੀ ਰਾਮ ਚੰਦ 'ਪਸ਼ਾਵਰੀਆ' ਕਰਦੇ; ਅਤੇ ਸ਼੍ਰੀ ਮੋਹਨ ਲਾਲ, ਸ਼੍ਰੀ ਪਿਰਥੀ ਸਿੰਘ, ਸ਼੍ਰੀ ਅਮਰ ਸਿੰਘ, ਸ਼੍ਰੀ ਕਰਤਾਰ ਸਿੰਘ 'ਸਰਾਭਾ' ਅਤੇ ਸ਼੍ਰੀ ਬਸੰਤ ਸਿੰਘ ਉਨ੍ਹਾਂ ਦੀ ਮਦਦ ਕਰਦੇ ਸਨ । ਜਦ ਸ਼੍ਰੀ ਕਰਤਾਰ ਸਿੰਘ 'ਸਰਾਭਾ' ਹਵਾਈ ਜਹਾਜ਼ਾਂ ਦਾ ਕੰਮ ਸਿਖਣ ਚਲੇ ਗਏ, ਸ਼੍ਰੀ ਹਰਨਾਮ ਸਿੰਘ 'ਟੁੰਡੀ ਲਾਟ' ਗੁਰਮੁਖੀ ਵਿਚ ਛਾਪਣ ਲਈ ਅਖਬਾਰ ਦਾ ਉਰਦੂ ਵਿਚੋਂ ਤਰਜਮਾ ਕਰਨ ਲਗ ਪਏ । ਪਿਛੋਂ ਜਦ ਅਖਬਾਰ ਹਿੰਦੀ ਅਤੇ ਗੁਜਰਾਤੀ ਵਿਚ ਵੀ ਛਪਣ ਲਗਾ, ਤਾਂ ਇਨ੍ਹਾਂ ਜ਼ਬਾਨਾਂ ਦੇ ਪਰਚਿਆਂ ਦੇ ਇਨਚਾਰਜ ਸ਼੍ਰੀ ਖੇਮ ਚੰਦ ਬਣਾਏ ਗਏ । ਸ਼੍ਰੀ ਬਰਕਤੁਲਾ ਅਤੇ ਸ਼੍ਰੀ ਭਗਵਾਨ ਸਿੰਘ ਦੇ ਅਮਰੀਕਾ ਆ ਜਾਣ ਉਤੇ ਅਗਸੱਤ ੧੯੧੪ ਤੱਕ ਅਖਬਾਰ ਦਾ ਪ੍ਰਬੰਧ ਸ਼੍ਰੀ ਬਰਕਤੁਲਾ, ਸ਼੍ਰੀ ਭਗਵਾਨ ਸਿੰਘ, ਸ਼੍ਰੀ ਰਾਮ ਚੰਦ ਅਤੇ ਅਮਰ ਸਿੰਘ (ਰਾਜਪੂਤ) ਚਲਾਉਂਦੇ ਰਹੇ* ।

ਗਦਰ ਅਖਬਾਰ ਹਫਤੇ ਪਿਛੋਂ ਪ੍ਰਕਾਸ਼ਤ ਹੁੰਦਾ ਸੀ ਅਤੇ ਇਸਦੀ ਇਸ਼ਾਇਤ ਹਜ਼ਾਰਾਂ ਤਕ ਅਪੜ ਗਈ† । ਅਖਬਾਰ ਚਾਰ ਜ਼ਬਾਨਾਂ ਵਿਚ ਨਿਕਲਣ ਕਰਕੇ ਵੀ ਕੰਮ ਬਹੁਤ ਵੱਧ ਗਿਆ; ਅਤੇ ਗਦਰ ਅਖਬਾਰ, ਪ੍ਰੈਸ ਅਤੇ ਪਾਰਟੀ ਦੇ ਦਫਤਰ (ਪਾਰਟੀ ਅਤੇ ਅਖਬਾਰ ਦਾ ਦਫਤਰ ਇਕੋ ਸੀ, ਜਿਸਦਾ ਨਾਮ ਯੁਗੰਤਰ ਆਸ਼ਰਮ ਸੀ, ਅਤੇ ਜੋ ਨੰ: ੪੩੬, ਹਿਲ ਸਟਰੀਟ, ਸੈਨਫ੍ਰਾਂਸਿਸਕੋ ਵਿਚ ਸੀ) ਵਿਚ ਕੰਮ ਕਰਨ ਵਾਲਿਆਂ ਦੀ ਗਿਣਤੀ ਵੀਹ ਦੇ ਕਰੀਬ ਅਪੜ ਗਈ । ਸਵਾਏ ਲਾ: ਹਰਦਿਆਲ, ਅਤੇ ਅਖਬਾਰ ਤੇ ਦਫਤਰ ਵਿਚ ਪੱਕੇ ਤੌਰ ਉਤੇ ਕੰਮ ਕਰਨ ਵਾਲਿਆਂ ਦੇ, ਬਾਕੀ ਦੇ ਵਾਰੀਆਂ ਨਾਲ ਕੰਮ ਕਰਦੇ । ਅਰਥਾਤ ਆਪਣੇ ਕੋਲੋਂ ਖਰਚ ਕਰਕੇ ਜਦ ਕੰਮ ਕਰਨ ਵਾਲਿਆਂ ਪਾਸ ਮਾਇਆ ਮੁਕ ਜਾਂਦੀ, ਤਾਂ ਓਹ ਕਮਾਉਣ ਵਾਸਤੇ ਮਿਲਾਂ ਅਤੇ ਖੇਤਾਂ ਵਿਚ ਚਲੇ ਜਾਂਦੇ, ਅਤੇ ਆਪਣੇ ਕੋਲੋਂ ਖਰਚ ਕਰਕੇ ਕੰਮ ਕਰਨ ਵਾਲੇ ਹੋਰ ਦੇਸ਼ ਭਗਤ ਉਨ੍ਹਾਂ ਦੀ ਥਾਂ ਆ ਮਲਦੇ* । ਪਰ ਇਹ ਤਰੀਕਾ ਵਰਤੋਂ ਵਿਚ ਬਹੁਤ ਚਿਰ ਨਾ ਨਿਭ ਸਕਿਆ, ਅਤੇ ਯੁਗੰਤਰ ਆਸ਼ਰਮ ਅਤੇ ਪ੍ਰੈਸ ਵਿਚ ਕੰਮ ਕਰਨ ਵਾਲੇ ਦੇਸ਼ ਭਗਤਾਂ ਦਾ ਇਕ ਜੱਥਾ ਪੱਕੇ ਤੌਰ ਉਤੇ ਓਥੇ ਰਹਿਣ ਲਗ ਪਿਆ । ਇਨ੍ਹਾਂ ਦੇਸ਼ ਭਗਤਾਂ ਨੂੰ ਕੋਈ ਤਨਖਾਹ ਨਾ ਦਿਤੀ ਜਾਂਦੀ, ਜਿਸ ਗਲ ਦਾ ਪਹਿਲੇ ਕੇਸ ਦੇ ਫੈਸਲੇ ਵਿਚ ਕਈ ਥਾਈਂ ਜ਼ਿਕਰ ਆਉਂਦਾ ਹੈ†, ਅਤੇ ਗਦਰ ਅਖਬਾਰ ਵਿਚ ਵੀ ਇਹ ਲਿਖਿਆ ਹੁੰਦਾ‡ । ਕੋਈ ਨੌਕਰ ਜਾਂ ਚਪੜਾਸੀ ਨਾ ਰਖਿਆ ਗਿਆ, ਅਤੇ ਹਰ ਇਕ ਕੰਮ ਦੇਸ਼ ਭਗਤ ਆਪਣੀ ਹਥੀਂ ਕਰਦੇ । ਸਭ ਲਈ ਸਾਂਝਾ ਇਕੋ ਲੰਗਰ ਹੁੰਦਾ, ਅਤੇ ਜ਼ਾਤੀ ਲੋੜਾਂ ਲਈ ਕੇਵਲ ਦੋ ਡਾਲਰ ਮਹੀਨੇ ਦੇ ਹਰ ਇਕ ਨੂੰ ਦਿਤੇ ਜਾਂਦੇ§ । ਬਾਜ਼ਾਰੋ ਲੰਗਰ ਵਾਸਤੇ ਸਿਰਫ ਡਬਲ ਰੋਟੀ ਖ਼ੀਦੀ ਜਾਂਦੀ, ਕਿਉਂਕਿ ਸਬਜ਼ੀਆਂ ਆਲੂ ਆਦਿ ਸ਼੍ਰੀ ਜਵਾਲਾ ਸਿੰਘ, 'ਸੰਤ' ਵਸਾਖਾ ਸਿੰਘ ਅਤੇ 'ਭਾਈ' ਸੰਤੋਖ ਸਿੰਘ ਆਪਣੀ ਫਾਰਮ ਤੋਂ ਭੇਜ ਦਿੰਦੇ* ।

ਅਮਰੀਕਾ ਤੋਂ ਬਾਹਰ 'ਗਦਰ' ਕੈਨੇਡਾ, ਜਾਪਾਨ, ਚੀਨ, ਫਿਲੇਪਾਈਨਜ਼, ਮਲਾਯਾ, ਸਿਆਮ, ਬਰਮਾ, ਅਰਜਨਟਾਈਨ, ਪਾਨਾਮਾ, ਹਿੰਦ ਅਤੇ ਹੋਰ ਬਹੁਤ ਸਾਰੇ ਦੇਸਾਂ, ਜਿਥੇ ਵੀ ਹਿੰਦੀਆਂ ਅਤੇ ਖਾਸ ਕਰ ਪੰਜਾਬੀਆਂ ਦੀ ਕਾਫੀ ਗਿਣਤੀ ਸੀ, ਵਿਚ ਮੁਫਤ ਭੇਜਿਆ ਜਾਂਦਾ† । ਅੰਗਰੇਜ਼ੀ ਸਰਕਾਰ ਨੇ ਅੰਗਰੇਜ਼ੀ ਸਲਤਨਤ ਵਿਚ 'ਗਦਰ' ਦੇ ਦਾਖਲੇ ਨੂੰ ਰੋਕਣ ਵਾਸਤੇ ਆਪਣਾ ਪੂਰਾ ਤਾਣ ਲਾਇਆ, ਪਰ ਸਵਾਏ ਹਿੰਦੁਸਤਾਨ ਦੇ ਉਹ ਹੋਰ ਕਿਧਰੇ ਪੂਰੀ ਕਾਮਯਾਬ ਨਾ ਹੋ ਸਕੀ । ਹਿੰਦ ਵਿਚ ਆਉਣੋਂ ਰੋਕਣ ਵਿਚ ਵੀ ਕਾਮਯਾਬੀ ਜਨਵਰੀ ੧੯੧੪ ਵਿਚ ਹੋਈ‡ । ਅੰਗਰੇਜ਼ੀ ਸਰਕਾਰ ਆਪਣੇ ਨਜ਼ਰੀਏ ਤੋਂ 'ਗਦਰ' ਦੇ ਦਾਖਲੇ ਨੂੰ ਰੋਕਣ ਵਿਚ ਹਕਬਜਾਨਬ ਸੀ, ਕਿਉਂਕਿ ਜਿਹੜੇ ਵੀ ਹਿੰਦੀ ਇਸ ਨੂੰ ਪੜ੍ਹਦੇ ਉਨ੍ਹਾਂ ਉਤੇ ਜਾਦੂ ਦਾ ਅਸਰ ਹੁੰਦਾ । ਲਿਖਾਰੀ ਨੂੰ ਧੁਰ ਪੂਰਬ ਦੀ ਇਕ ਮਿਸਾਲ ਦਾ ਪਤਾ ਹੈ, ਜਿਥੇ ਇਕ ਬੀਬੀ 'ਗਦਰ' ਦੇ ਪਰਚਿਆਂ ਨੂੰ ਰੇਸ਼ਮੀ ਰੁਮਾਲਾਂ ਵਿਚ ਵਲੇਟ ਕੇ ਸਾਂਭਦੀ ਰਹੀ । 'ਗਦਰ' ਅਖਬਾਰ ਦੀ ਹਰਦਿਲ ਅਜ਼ੀਜ਼ੀ ਦਾ ਇਸੇ ਤੋਂ ਅਨੁਮਾਨ ਲਗ ਸਕਦਾ ਹੈ ਕਿ, 'ਗਦਰ' ਅਖਬਾਰ ਦਾ ਇਸ ਨਾਲ ਸੰਬੰਧ ਹੋਣ ਦੇ ਕਾਰਨ, 'ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ' ਪਾਰਟੀ ਦਾ ਨਾਮ 'ਗਦਰ ਪਾਰਟੀ' ਮਸ਼ਹੂਰ ਹੋ ਗਿਆ ।

'ਗਦਰ' ਅਖਬਾਰ ਨਾ ਕੇਵਲ ਗਦਰ ਪਾਰਟੀ ਦਾ ਪਹਿਲਾ ਅਮਲੀ ਕਦਮ ਸੀ, ਸਗੋਂ ਸ਼ੁਰੂ ਸ਼ੁਰੂ ਵਿਚ ਇਹ ਗਦਰ ਪਾਰਟੀ ਦੀਆਂ ਸਾਰੀਆਂ ਕਾਰਰਵਾਈਆਂ ਦਾ ਧੁਰਾ ਸੀ । ਬਲਕਿ ਪਿਛੋਂ ਵੀ ਗਦਰ ਪਾਰਟੀ ਲਹਿਰ ਦੇ ਆਸ਼ਿਆਂ ਨੂੰ ਪ੍ਰਚਾਰਨ, ਅਤੇ ਇਸ ਲਹਿਰ ਨੂੰ ਬੜੀ ਜ਼ਬਰਦਸਤ ਇਨਕਲਾਬੀ ਤਾਕਤ ਬਨਾਉਣ, ਦਾ ਸਭ ਤੋਂ ਵੱਡਾ ਅਕੱਲਾ ਕਦਮ ਸਾਬਤ ਹੋਇਆ । ਅਮਰੀਕਾ ਤੋਂ ਬਾਹਰ ਦੂਰ ਦੁਰਾਡੇ ਦੇਸਾਂ ਵਿਚ ਗਦਰ ਪਾਰਟੀ ਲਹਿਰ ਜਥੇਬੰਦ ਕਰਨ ਵਾਸਤੇ ਇਸ ਦੀ ਬਦੌਲਤ ਆਦਮੀਆਂ ਦੇ ਜ਼ਾਤੀ ਮੇਲ ਦੀ ਬਹੁਤੀ ਲੋੜ ਨਾ ਰਹੀ । ਜਿਥੇ ਵੀ ਇਹ ਪੁਜਦਾ, ਹਰ ਹਫਤੇ ਹਿੰਦੀ ਇਸ ਨੂੰ ਪੜ੍ਹਨ ਅਤੇ ਸੁਣਨ ਵਾਸਤੇ ਜਮਾਂ ਹੋ ਜਾਂਦੇ । ਅਮਰੀਕਾ ਤੋਂ ਬਾਹਰ 'ਗਦਰ' ਅਖਬਾਰ ਹੀ ਥਾਂ ਥਾਂ ਐਸਾ ਕੇਂਦ੍ਰ ਬਣਿਆ, ਜਿਸ ਉਦਾਲੇ ਗਦਰ ਪਾਰਟੀ ਲਹਿਰ ਦੇ ਵੀਚਾਰਾਂ ਨਾਲ ਸੰਮਤੀ ਰੱਖਣ ਵਾਲੇ ਸੱਜਣ ਅੱਕੱਠੇ ਹੋਏ ਅਤੇ ਜੁੜੇ, ਜੋ ਪਿਛੋਂ ਪਹਿਲਾ ਮੌਕਿਆ ਮਿਲਣ ਉਤੇ ਗਦਰ ਪਾਰਟੀ ਲਹਿਰ ਵਿਚ ਕੁਦ ਪਏ ।

ਇਸ ਦੇ ਦੋ ਵਡੇ ਕਾਰਨ ਸਨ । ਹਿੰਦ ਤੋਂ ਬਾਹਰ, ਖਾਸ ਕਰ ਧੁਰ ਪੂਰਬ ਵਿਚ, ਕਈ ਰਾਜਸੀ ਅਤੇ ਮਨੋਵਿਗਯਾਨਕ ਹਾਲਾਤ ਹਿੰਦੀਆਂ ਉਤੇ ਓਸੇ ਕਿਸਮ ਦਾ (ਭਾਵੇਂ ਉਤਨੀ ਤੇਜ਼ੀ ਵਿਚ ਨਹੀਂ) ਅਸਰ ਕਰ ਰਹੇ ਸਨ ਜਿਵੇਂ ਅਮਰੀਕਾ ਅਤੇ ਕੈਨੇਡਾ ਵਿਚ । ਹੋਰ ਮੁਲਕਾਂ ਦੇ ਵਸਨੀਕਾਂ ਨਾਲ ਵਾਹ ਪੈਣ ਕਰਕੇ ਉਨ੍ਹਾਂ ਵਿਚ ਕੁਝ ਰਾਜਸੀ ਜਾਗਰਤੀ ਆ ਗਈ ਸੀ, ਅਤੇ ਹਰ ਕਦਮ ਉਤੇ ਆਪਣੇ ਦੇਸ ਦੀ ਗੁਲਾਮੀ ਦੀ ਯਾਦ ਉਨ੍ਹਾਂ ਨੂੰ ਟੁੰਬਦੀ ਸੀ । ਉਨ੍ਹਾਂ ਵਿਚੋਂ ਕਾਫੀਆਂ ਦੇ ਮਨਾਂ ਵਿਚ ਜ਼ਾਤੀ ਤਜੱਰਬੇ ਕਰਕੇ ਵੀ ਕੁੜੱਤਨ ਸੀ । ਉਨ੍ਹਾਂ ਆਪਣੀਆਂ ਜਾਇਦਾਦਾਂ ਵੱਟ ਵੇਚ ਕੇ ਕੈਨੇਡਾ ਜਾਣ ਦੀ ਕੋਸ਼ਸ਼ ਕੀਤੀ ਸੀ, ਪਰ ਓਥੇ

*First Case, The Beginning of the Conspiracy and war, p. 5.

†Third Case, Evidence, p. 30.

*Isemonger and Slattery, p. 33.

†First Case, Judgement, Individual Case of Kartar Singh, V Sarabha, p. 5; First Case, Evidence of Amar Singh, Rajput, approver.

‡ਗੁਰਮੁਖੀ 'ਗਦਰ' ੨੭ ਜਨਵਰੀ ੧੯੧੪ ਦਾ ਪਰਚਾ ।

§Third Case, Evidence, p. 30.

*'ਅਕਾਲੀ ਤੇ ਪ੍ਰਦੇਸੀ', ੨੭ ਅਪ੍ਰੈਲ ੧੯੩੦ ਦਾ ਪਰਚਾ ।

†Isemonger and Slattery, p. 17.

‡Ibid, p. 18.



Digitized by Panjab Digital Library | www.panjabdigilib.org

ਜਾਣੋਂ ਜਵਾਬ ਮਿਲਣ ਦੇ ਕਾਰਨ ਓਹ ਹੁਣ ਨਾ ਘਰ ਜੋਗੇ ਰਹੇ ਸਨ ਨਾ ਘਾਟ ਜੋਗੇ, ਅਤੇ ਬੇਸਰੋ ਸਾਮਾਨ ਧੁਰ ਪੂਰਬ ਦੇ ਦੇਸਾਂ ਵਿਚ ਦਿਨ ਕਟੀ ਕਰ ਰਹੇ ਸਨ।

ਦੂਸਰਾ ਵਡਾ ਕਾਰਨ ਇਹ ਸੀ ਕਿ 'ਗਦਰ' ਅਖਬਾਰ ਬਿਨਾਂ ਲਾਗ ਲਪੇਟ ਦੇ ਸਿੱਧੇ ਸਾਫ ਠੁਲੇ ਲਫਜ਼ਾਂ ਵਿਚ ਅੰਗਰੇਜ਼ਾਂ ਵਿਰੁਧ ਹਥਿਆਰ ਬੰਦ ਇਨਕਲਾਬ ਦਾ ਪ੍ਰਚਾਰ ਕਰਦਾ ਸੀ। ਮਾਂਡਲੇ ਕੇਸ ਦੇ ਫੈਸਲੇ ਵਿਚ ਲਿਖਿਆ ਹੈ ਕਿ, "ਇਹ (ਗਦਰ ਅਖਬਾਰ) ਐਨ ਓਸੇ ਤਰ੍ਹਾਂ ਦਾ ਹੈ ਜਿਸਤਰ੍ਹਾਂ ਦਾ ਇਸ ਦਾ ਨਾਮ ਹੈ।........ਸਾਜ਼ਸ਼ ਅਮੂਮਨ ਆਪਣੇ ਭਾਵ ਲੁਕਵੇਂ ਤਰੀਕੇ ਨਾਲ ਦੋਹਰੇ ਅਰਥ ਰੱਖਣ ਵਾਲੇ ਲਫਜ਼ਾਂ ਦੀ ਓਟ ਲੈ ਕੇ ਜ਼ਾਹਰ ਕਰਦੀ ਹੈ। ਪਰ ਗਦਰ ਲਕੋ ਨਹੀਂ ਰੱਖਦਾ ਅਤੇ ਸਿੱਧੀ ਗਲ ਕਰਦਾ ਹੈ*"। ਇਹ ਤਰੀਕਾ ਕਾਰ ਬਦੇਸ਼ਾਂ ਵਿਚ ਗਏ ਪੰਜਾਬੀ ਅਨਸਰ ਦੇ, ਸਦੀਆਂ ਦੇ ਹਾਲਾਤ ਦੇ ਕਾਰਨ, ਲਹੂ ਵਿਚ ਰਚਿਆ ਹੋਇਆ ਸੀ। ਅਰਥਾਤ ਗਦਰ ਨੇ ਪੰਜਾਬੀ ਕਿਸਾਨ ਦੇ ਦਿਲ ਦੀ ਆਪਣੀ ਬੋਲੀ ਬੋਲੀ, ਜੋ ਉਸ ਦੇ ਸੁਭਾਉ ਦੇ ਐਨ ਮੁਤਾਬਕ ਸੀ†। ਪਰ ਆਪਣੀ ਜ਼ਿੰਦਗੀ ਵਿਚ ਇਸ ਨੂੰ ਪਹਿਲੀ ਵੇਰ ਸੁਣਨ ਦਾ ਮੌਕਿਆ ਮਿਲਨ ਦੇ ਕਾਰਨ, ਪੰਜਾਬੀ ਕਿਸਾਨ ਨੂੰ ਕੁਝ ਗੈਰ-ਸਾਧਾਰਨ ਮਸਤੀ ਚੜ੍ਹ ਗਈ—ਇਤਨੀ ਮਸਤੀ ਕਿ ਜਦ ਅਮਰੀਕਾ ਤੋਂ ਗਦਰ ਪਾਰਟੀ ਦੇ ਜਥੇ ਦੇਸ ਨੂੰ ਆਜ਼ਾਦ ਕਰਾਉਣ ਲਈ ਹਿੰਦ ਨੂੰ ਆਏ, ਤਾਂ ਰਸਤੇ ਵਿਚ ਜਾਪਾਨ, ਸ਼ੰਘਾਈ, ਹਾਂਗ ਕਾਂਗ, ਮਨੀਲਾ ਅਤੇ ਸਿੰਘਾ ਪੁਰ ਤੋਂ ਪੰਜਾਬੀ ਅਨਸਰ ਨੂੰ ਨਾਲ ਮਿਲਾਉਣ ਲਈ ਕੇਵਲ ਇਕ ਇਕ ਦੋ ਦੋ ਦਿਨ ਦਾ ਉਨ੍ਹਾਂ ਨਾਲ ਮਾਮੂਲੀ ਮੇਲ ਮਿਲਾਪ ਕਾਫੀ ਕਾਰਗਰ ਸਾਬਤ ਹੋਇਆ*।

ਪਹਿਲੇ ਕੇਸ ਦੇ ਫੈਸਲੇ ਵਿਚ ਜੋ 'ਗਦਰ' ਦੀ ਲਿਖਤ ਦੀ ਵੰਨਗੀ ਦਿਤੀ ਹੈ, ਉਸ ਵਿਚੋਂ ਕੁਝ ਦਾ ਤਰਜਮਾ ਇਹ ਹੈ:—

"ਸਾਨੂੰ ਛਾਪਾ ਮਾਰ ਲੜਾਈ ਲੜਨੀ ਚਾਹੀਦੀ ਹੈ, ਅਤੇ ਐਸੇ ਤਰੀਕੇ ਇਖਤਿਆਰ ਕਰਨੇ ਚਾਹੀਦੇ ਹਨ ਜੋ ਵਰਤੋਂ ਵਿਚ ਆ ਸਕਣ।......

ਬਗਾਵਤ ਦਾ ਧੌਂਸਾ ਵਜ ਰਿਹਾ ਹੈ। ਗਦਰ ਲਈ ਤੇਜ਼ੀ ਨਾਲ ਤਿਆਰੀ ਕਰੋ।...

ਆਓ, ਲੜਾਈ ਦੇ ਮੈਦਾਨ ਵਿਚ ਨਿਤਰੋ,......

ਆਓ ਦੇਸ ਨੂੰ ਜੰਗ ਕਰਨ ਚਲੀਏ। ਇਹ ਆਖਰੀ ਸ਼ਬਦ ਹਨ।......

ਅਸੀਂ ਆਪਣੇ ਆਪ ਨੂੰ ਫੌਜਾਂ ਵਿਚ ਜਥੇਬੰਦ ਕਰਾਂ ਗੇ ਅਤੇ ਲੜਾਈ ਦੇ ਮੈਦਾਨ ਵਿਚ ਲੜਾਂਗੇ। ਤਲਵਾਰ ਧੂਣ ਦਾ ਵਕਤ ਆ ਗਿਆ ਹੈ......ਜੰਗ ਕਰਨ ਦਾ ਵਕਤ ਆ ਗਿਆ ਹੈ......ਗਦਰ ਸ਼ੁਰੂ ਕਰਨ ਦਾ ਵਕਤ ਆ ਗਿਆ ਹੈ; ਆਓ ਲੜਾਈ ਦੇ ਮੈਦਾਨ ਵਿਚ ਕੁਦੀਏ।......

ਗਦਰ ਦੀਆਂ ਜਲਦੀ ਤਿਆਰੀਆਂ ਕਰੋ ਤਾਕਿ ਜ਼ਾਲਮ ਹਕੂਮਤ ਦਾ ਖੁਰਾ ਖੋਜ ਮਿਟਾਇਆ ਜਾਏ।

ਡੈਪੂਟੇਸ਼ਨਾਂ ਨਾਲ ਕੁਝ ਨਹੀਂ ਸੰਵਰਿਆ... ਤਲਵਾਰ ਤੇ ਢਾਲ ਹੱਥ ਵਿਚ ਫੜੋ।......

ਸਾਰੀ ਦੁਨੀਆਂ ਇਹ ਤੁਹਾਥੋਂ ਆਸ ਕਰਦੀ ਹੈ ਕਿ ਉਠੋ ਅਤੇ ਅੰਗਰੇਜ਼ਾਂ ਦਾ ਨਾਸ ਕਰੋ।...

੧੮੫੭ ਦੇ ਗਦਰ ਨੂੰ ੫੦ ਸਾਲ ਬੀਤ ਚੁਕੇ ਹਨ ਅਤੇ ਇਕ ਹੋਰ ਗਦਰ ਦੀ ਬਹੁਤ ਲੋੜ ਹੈ। ਅਜ ਅੰਗਰੇਜ਼ਾਂ ਵਿਰੁਧ ਅਸੀਂ ਨਵੀਂ ਲੜਾਈ ਆਰੰਭ ਕਰਦੇ ਹਾਂ। ਸਾਡਾ ਨਾਮ ਕੀ ਹੈ? ਗਦਰ। ਸਾਡਾ ਕੰਮ ਕੀ ਹੈ? ਗਦਰ*"।

'ਗਦਰ ਦੀ ਗੂੰਜ' ਵਿਚੋਂ ਕੁਝ ਟੋਟਕੇ, ਜੋ ਪਹਿਲੇ ਕੇਸ ਦੇ ਫੈਸਲੇ ਵਿਚ ਦਰਜ ਨਹੀਂ, ਨਮੂਨੇ ਵਜੋਂ ਹੇਠਾਂ ਦਿਤੇ ਜਾਂਦੇ ਹਨ:—

"ਕਦੋਂ ਅਲੀ ਅਲੀ ਕਰਕੇ ਲੜਨ ਗਾਜ਼ੀ,
ਕਰਨ ਪਾਜੀਆਂ ਦੀ ਤੰਗ ਜਾਨ ਲੋਕੋ।
ਕਿਉਂ ਨਾ ਖਿਚ ਤਲਵਾਰ ਰਾਜਪੂਤ ਲੜਦੇ,
ਜੇਹੜੀ ਮੁਢੋਂ ਸੀ ਏਨਾਂ ਦੀ ਬਾਣ ਲੋਕੋ।
ਕਦੋਂ ਖਾਲਸਾ ਧੂਹਕੇ ਤੇਗ ਨੰਗੀ,
ਲੌਹਣ ਗੋਰਿਆਂ ਦੇ ਆਕੇ ਘਾਣ ਲੋਕੋ।
ਔਣ ਸੂਰਮੇਂ ਹੌਸਲੇ ਨਾਲ ਚੜ੍ਹਕੇ,
ਲੇਖਾ ਗੋਰਿਆਂ ਨਾਲ ਮੁਕਾਨ ਲੋਕੋ।
ਦਗੇ ਬਾਜ਼ ਜੋ ਕੌਮ ਅੰਗਰੇਜ਼ ਦੀ ਹੈ,
ਏਹਨਾਂ ਬਕਰੇ ਵਾਂਗ ਝਟਕਾਨ ਲੋਕੋ†।

.........

ਹਿੰਦੂ ਸਿਖ ਪਠਾਣ ਤੇ ਮੁਸਲਮਾਨੋ,
ਫੌਜਾਂ ਵਾਲਿਓ ਜ਼ਰਾ ਖਿਆਲ ਕਰਨਾ।
ਸਾਡਾ ਦੇਸ਼ ਫਰੰਗੀਆਂ ਲੁਟ ਖਾਦਾ,
ਅਸੀਂ ਯੁਧ ਹੁਣ ਓਹਨਾਂ ਦੇ ਨਾਲ ਕਰਨਾ।
ਕਰਕੇ ਦੂਰ ਫਰੰਗੀਆਂ ਬਾਂਦਰਾਂ ਨੂੰ,
ਰੌਸ਼ਨ ਹਿੰਦ ਨੂੰ ਵਾਂਗ ਮਸਾਲ ਕਰਨਾ।
ਬੜਾ ਕੰਮ ਕਰਨਾ ਲੜਨੋ ਨਹੀਂ ਡਰਨਾ,
ਦੇਸੋਂ ਦੂਰ ਪਲੇਗ ਤੇ ਕਾਲ ਕਰਨਾ*।

.........

ਰੰਗ ਵਿਚ ਭੰਗ ਪਾਕੇ ਕੀਤਾ ਬਦਰੰਗ ਸਾਨੂੰ,
ਲਗ ਗਿਆ ਜੰਗ ਕਿਥੋਂ ਸਾਡੀ ਤਲਵਾਰ ਨੂੰ।
ਦੁਖਾਂ ਵਿਚ ਜਾਨ ਪਈ ਜੀਵਨਾ ਮੁਹਾਲ ਹੋਯਾ,
ਤੋੜ ਨਹੀਂ ਸਕਦੇ ਗੁਲਾਮੀ ਵਾਲੀ ਤਾਰ ਨੂੰ।
ਉਡ ਜਾਣ ਦੁਖ ਅਤੇ ਭੁਖ ਦੇ ਕੜਾਕੇ ਅਜ,
ਜੁਤੀ ਨਾਲ ਕਢੋ ਜੇ ਫਰੰਗੀ ਬਦਕਾਰ ਨੂੰ।
ਖਿਲੇ ਪਯਾਰਾ ਬਾਗ ਸਾਡਾ ਸਦਾ ਹੀ ਬਸੰਤ ਵਾਂਗ,
ਛੇਤੀ ਬਲ ਧਾਰੋ ਵੀਰੋ ਕਰੋ ਉਪਕਾਰ ਨੂੰ†।

.........

ਸ਼ੇਰ ਦਾ ਸਰੂਪ ਧਾਰ ਗਜੀਏ ਮੈਦਾਨ ਜੰਗ,
ਕਢੀਏ ਬੁਖਾਰ ਮਾਰ ਬਾਂਦਰਾਂ ਦੀ ਡਾਰ ਨੂੰ।
ਉਡ ਜਾਏ ਡਰ ਸਾਡੇ ਦਿਲਾਂ ਉਤੋਂ ਜ਼ਾਲਮਾ ਦਾ,
ਕਢੀਏ ਮੈਦਾਨ ਵਿਚੋਂ ਤੇਜ਼ ਤਲਵਾਰ ਨੂੰ‡।

.........

*Mandlay Case, Judgement, p. 32.
†Third Case, Judgement, p. 32.

*ਕਾਂਡ ਤੇਰਵਾਂ।

*First Case, The Objects of Going to India, p. 2.
†ਗਦਰ ਦੀ ਗੂੰਜ, ਨੰਬਰ ੧, ਪੰਨੇ ੫,੬.

*ਗਦਰ ਦੀ ਗੂੰਜ, ਨੰਬਰ ੧, ਪੰਨਾ ੨੦.
†ਗਦਰ ਦੀ ਗੂੰਜ, ਨੰਬਰ ੧, ਪੰਨਾ ੨੧
‡ਗਦਰ ਦੀ ਗੂੰਜ, ਨੰਬਰ ੧, ਪੰਨਾ ੨੨.



Digitized by Panjab Digital Library | www.panjabdigilib.org

ਢਾਂਮਦੇ ਮਸੀਤਾਂ ਕਿਤੇ ਮੰਦਰ ਗਿਰਾਂਮਦੇ ਨੇ,
ਕਰਦੇ ਸ਼ੈਤਾਨੀਆਂ ਹਟਾਓ ਬਦਕਾਰ ਨੂੰ।
ਜ਼ਾਲਮ ਫਰੰਗੀਆਂ ਦੇ ਚਿਤੜਾਂ ਤੇ ਲੌਣ ਹਿਤ,
ਕਰੇ ਸੀਖ ਲਾਲ ਕਹੋ ਉਮਰੇ ਲੁਹਾਰ ਨੂੰ।
ਫੌਜ ਅਸੀਂ ਬਣਾਂਗੇ ਤੇ ਲੜਾਂਗੇ ਮੈਦਾਨ ਜਾਕੇ,
ਕਰਾਂਗੇ ਆਜ਼ਾਦ ਹਿੰਦ ਧਾਰ ਬਲਕਾਰ ਨੂੰ*।

.........

ਧਾਰ ਲੌ ਇਰਾਦਾ ਹੁਣ ਬਢ ਦੇਣਾ ਜ਼ਾਲਮਾਂ ਨੂੰ,
ਲਹੂ ਪੀਵੋ ਰੱਜ ਰੱਜ ਮਾਰੋ ਛਾਣ ਛਾਣ ਜੀ†!

ਪਹਿਲੇ ਕੇਸ ਦੇ ਫੈਸਲੇ ਵਿਚ 'ਗਦਰ' ਅਖਬਾਰ ਬਾਰੇ ਤੱਤ ਕਢਦਿਆਂ ਹੋਇਆਂ ਲਿਖਿਆ ਹੈ ਕਿ "ਸਲਤਨਤ ਦੇ ਦੁਸ਼ਮਣਾਂ ਨਾਲ ਮਿਲਕੇ ਬਗਾਵਤ ਖੜੀ ਕਰਨ ਦੇ ਇਰਾਦੇ ਨਾਲ ਹਿੰਦ ਜਾਣ, ਸਾਰੇ ਯੂਰਪੀਨ ਅਤੇ ਵਫਾਦਾਰ ਹਿੰਦੁਸਤਾਨੀਆਂ ਨੂੰ ਮਾਰ ਮੁਕਾਣ, ਅਤੇ ਹੁਣ ਵਾਲੀ ਹਕੂਮਤ ਦਾ ਤਖਤਾ ਉਲਟਾ ਕੇ ਪੰਚਾਇਤੀ ਰਾਜ (Republic) ਕਾਇਮ ਕਰਨ ਦਾ ਇਹ ਪ੍ਰਚਾਰ ਕਰਦਾ ਸੀ । ਇਸ ਦੀ ਬੋਲੀ ਇਕਸਾਰ ਖੂਨੀ ਅਤੇ ਦੁਬਧਾ ਤੋਂ ਰਹਿਤ ਸੀ‡"।

ਇਕ ਹੋਰ ਥਾਂ ਇਸੇ ਫੈਸਲੇ ਵਿਚ ਲਿਖਿਆ ਹੈ, "ਇਹ ਪੁਰ-ਤਸ਼ੱਦਦ ਅੰਗਰੇਜ਼ ਵਿਰੋਧੀ ਅਖਬਾਰ ਸੀ, ਜਿਹੜਾ ਹਰ ਇਕ ਐਸੇ ਜਜ਼ਬੇ ਨੂੰ ਉਭਾਰਦਾ ਸੀ ਜਿਹੜਾ ਉਭਾਰਿਆ ਜਾ ਸਕਦਾ ਸੀ; ਹਰ ਇਕ ਫਿਕਰੇ ਵਿਚ ਕਤਲ ਅਤੇ ਗਦਰ ਦਾ ਪ੍ਰਚਾਰ ਕਰਦਾ ਸੀ; ਸਾਰੇ ਹਿੰਦੀਆਂ ਨੂੰ, ਕਤਲ ਕਰਨ, ਬਗਾਵਤ ਕਰਾਉਣ ਅਤੇ ਅੰਗਰੇਜ਼ੀ ਸਰਕਾਰ ਨੂੰ ਹਰ ਇਕ ਹਥਿਆਰ ਵਰਤਕੇ ਕਢਣ ਵਾਸਤੇ, ਹਿੰਦ ਜਾਣ ਦੀ ਪ੍ਰੇਰਨਾ ਕਰਦਾ ਸੀ; ਅਤੇ ਹਰ ਇਕ ਐਸੇ ਰਾਜ ਵਿਧਰੋਹੀ ਅਤੇ ਕਾਤਲ, ਜੋ ਆਰਜ਼ੀ ਤੌਰ ਉਤੇ ਮਸ਼ਹੂਰ ਹੋ ਗਿਆ, ਦੀ ਮਹਿਮਾ ਕਰਦਾ ਸੀ, ਅਤੇ ਉਨ੍ਹਾਂ ਦੇ ਨਕਸ਼ੇ ਕਦਮ ਉਤੇ ਚਲਣ ਲਈ ਉਨ੍ਹਾਂ ਨੂੰ ਮਿਸਾਲ ਦੇ ਤੌਰ ਉਤੇ ਪੇਸ਼ ਕਰਦਾ ਸੀ*"।

ਬਦੇਸ਼ੀ ਹਕੂਮਤ, ਜਿਸ ਨੇ ਇਕ ਮੁਲਕ ਦੇ ਲੋਕਾਂ ਨੂੰ ਤਾਕਤ ਦੇ ਜ਼ੋਰ ਨਾਲ ਗੁਲਾਮ ਰਖਿਆ ਹੋਵੇ, ਨਾਲ ਆਪਣੇ ਮੁਲਕ ਦੀ ਆਜ਼ਾਦੀ ਦੀ ਲੜਾਈ ਦੇ ਦੌਰਾਨ ਵਿਚ, ਬਦੇਸ਼ੀ ਹਕੂਮਤ ਦੇ ਪੁਰਜ਼ਿਆਂ ਨੂੰ ਮਾਰਨ ਵਾਲੇ ਰਾਜ ਵਿਧਰੋਹੀ ਅਤੇ ਕਾਤਲ ਹੁੰਦੇ ਹਨ ਜਾਂ ਦੇਸ਼ ਭਗਤ ਅਤੇ ਸ਼ਹੀਦ–ਇਸ ਦਾ ਨਿਰਣਯ ਵੀਚਾਰਨ ਵਾਲੇ ਦੇ ਨਜ਼ਰੀਏ ਉਤੇ ਨਿਰਭਰ ਹੈ । ਨਾ ਹੀ ਇਹ ਆਸ ਕੀਤੀ ਜਾ ਸਕਦੀ ਹੈ ਕਿ 'ਗਦਰ' ਵਿਚ ਵਰਤੇ ਕਈ ਸ਼ਬਦਾਂ ਨਾਲ ਹਰ ਇਕ ਸਹਿਮਤ ਹੋਵੇ। ਪਰ 'ਗਦਰ' ਅਤੇ 'ਗਦਰ ਦੀ ਗੂੰਜ' ਵਿਚੋਂ ਵਨਗੀ ਮਾਤਰ ਉਪਰ ਦਿਤੀ ਗਈ ਲਿਖਤ, ਗਦਰ ਪਾਰਟੀ ਲਹਿਰ ਦੇ ਸਿਧੀ ਟੱਕਰ ਲੈਣ (forthright) ਵਾਲੇ ਅਸਲੇ, ਅਤੇ ਉਸ ਤਬੀਅਤ ਅਤੇ ਸੁਭਾਉ ਜਿਸ ਨੂੰ ਇਹ ਪਸੰਦ ਆਇਆ, ਨੂੰ ਜ਼ਰੂਰ ਸਪੱਸ਼ਟ ਕਰਦੀ ਹੈ।

---

*ਗਦਰ ਦੀ ਗੂੰਜ, ਨੰ: ੧, ਪੰਨਾ ੨੨।
†ਗਦਰ ਦੀ ਗੂੰਜ, ਨੰਬਰ ੧, ਪੰਨਾ ੨੪.
‡First Case, The objects of going to India, p. 1.

*First Case, The beginning of the conspiracy and war, p. 4.

# ਨੌਵਾਂ ਕਾਂਡ

# ਲਾ: ਹਰਦਿਆਲ ਦੀ ਅਮਰੀਕਾ ਤੋਂ ਰਵਾਨਗੀ

'ਗਦਰ' ਅਖਬਾਰ ਦੇ ਜਾਰੀ ਹੋਣ ਦੀ ਢਿੱਲ ਸੀ ਕਿ ਇਨਕਲਾਬੀ ਲਹਿਰ ਅਮਰੀਕਾ, ਕੈਨੇਡਾ ਅਤੇ ਧੁਰ ਪੂਰਬ ਵਿਚ ਅੱਗ ਦੀ ਤਰ੍ਹਾਂ ਫੈਲ ਗਈ। ਅੰਗਰੇਜ਼ੀ ਸਾਮਰਾਜੀਆਂ ਦੀ ਅੱਖ ਵਿਚ ਇਸ ਦਾ ਚੁਭਣਾ ਕੁਦਰਤੀ ਗੱਲ ਸੀ, ਅਤੇ ਨੀਊਯਾਰਕ ਵਾਲੇ ਅੰਗਰੇਜ਼ੀ ਕੌਂਸਲ ਨੂੰ ਲਾ: ਹਰਦਿਆਲ ਦੀ ਹਰਕਤ ਦਾ ਪੂਰਾ ਪੂਰਾ ਪਤਾ ਰਹਿੰਦਾ* । ਇਹ ਜਾਪਦਾ ਹੈ ਕਿ ਅਮਰੀਕਾ ਦੇ ਕਰਮਚਾਰੀਆਂ ਵੱਲੋਂ ਲਾ: ਹਰਦਿਆਲ ਨੂੰ ਅਮਰੀਕਾ ਵਿਚੋਂ ਨਿਕਲ ਜਾਣ ਲਈ ਮਜਬੂਰ ਕਰਨ ਵਿਚ ਅੰਗਰੇਜ਼ੀ ਸਾਮਰਾਜੀ ਰਸੂਖ ਦਾ ਹੱਥ ਸੀ। ਕਮ ਅਜ਼ ਕਮ ਗਦਰ ਪਾਰਟੀ ਵਾਲੇ ਅਤੇ ਉਨ੍ਹਾਂ ਦੇ ਹਮਦਰਦ ਇਹੋ ਸ਼ੱਕ ਕਰਦੇ ਸਨ†, ਕਿਉਂਕਿ ਲਾ: ਹਰਦਿਆਲ ਅਤੇ ਗਦਰ ਪਾਰਟੀ ਦੀ ਪਾਲਸੀ ਸੀ ਕਿ ਕਿਸੇ ਤਰ੍ਹਾਂ ਵੀ ਅਮਰੀਕਨ ਸਰਕਾਰ ਦੇ ਵਿਰੁਧ ਕੰਮ ਨਾ ਕੀਤਾ ਜਾਏ। ਅਮਰੀਕਾ ਵਿਚ ਹੋਰ ਮੁਲਕਾਂ ਦੇ ਕਾਫੀ ਅਨਾਰਕਿਸਟ ਅਤੇ ਇਨਕਲਾਬੀ ਉਸ ਵੇਲੇ ਸਰਗਰਮ ਸਨ, ਅਤੇ ਲਾ: ਹਰਦਿਆਲ ਉਨ੍ਹਾਂ ਸਭ ਵਿਚੋਂ ਸਿਰਕੱਢ ਵੀ ਨਹੀਂ ਸਨ। ਫਿਰ ਕੇਵਲ ਲਾ: ਹਰਦਿਆਲ ਨੂੰ ਅਮਰੀਕਾ ਵਿਚੋਂ ਕਢੇ ਜਾਣ ਲਈ ਕਿਉਂ ਚੁਣਿਆ ਗਿਆ ?

ਗਦਰ ਪਾਰਟੀ ਨੇ ਅਮਰੀਕਾ ਵਿਚ ਹੋਰ ਦੇਸਾਂ ਦੇ ਇਨਕਲਾਬੀਆਂ, ਖਾਸ ਕਰ ਆਇਰਿਸ਼ਾਂ ਅਤੇ ਰੂਸੀਆਂ, ਨਾਲ ਮੇਲ ਜੋਲ ਕਾਇਮ ਕੀਤਾ ਹੋਇਆ ਸੀ । ਉਹ ਹਿੰਦੁਸਤਾਨ ਦੀ ਆਜ਼ਾਦੀ ਵਾਸਤੇ ਹਮਦਰਦੀ ਰਖਦੇ ਸਨ ਅਤੇ ਗਦਰ ਪਾਰਟੀ ਵਲੋਂ ਕੀਤੀਆਂ ਮੀਟਿੰਗਾਂ ਨੂੰ ਸੰਬੋਧਨ ਕੀਤਾ ਕਰਦੇ । ਇਸੇ ਤਰ੍ਹਾਂ ਲਾ: ਹਰਦਿਆਲ ਉਨ੍ਹਾਂ ਦੀਆਂ ਮੀਟਿੰਗਾਂ ਵਿਚ ਲੈਕਚਰ ਦਿੰਦੇ, ਅਤੇ ਇਕ ਵੇਰ ਉਨ੍ਹਾਂ ਰੂਸੀ ਜ਼ਾਰ ਦੇ ਜ਼ੁਲਮ ਦੇ ਵਿਰੁਧ ਲੈਕਚਰ ਦਿੱਤਾ। ਅਮਰੀਕਨ ਕਰਮਚਾਰੀ ਅਗੇ ਹੀ ਕਿਸੇ ਮੌਕਿਆ ਦੀ ਢੂੰਡ ਵਿਚ ਜਾਪਦੇ ਸਨ, ਅਤੇ ਉਨ੍ਹਾਂ ਝਟ ਲਾ: ਹਰਦਿਆਲ ਦੇ ਵਾਰੰਟ ਜਾਰੀ ਕਰ ਦਿੱਤੇ*।

ਗਦਰ ਪਾਰਟੀ ਵਾਲੇ ਅੰਗਰੇਜ਼ੀ ਸਾਮਰਾਜੀਆਂ ਅਤੇ ਉਨ੍ਹਾਂ ਦੇ ਏਜੰਟਾਂ ਉਤੇ ਸ਼ੱਕ ਰਖਦੇ ਸਨ, ਇਸ ਵਾਸਤੇ ਉਨ੍ਹਾਂ ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ' ਅਤੇ ਸ੍ਰੀ ਕਰਤਾਰ ਸਿੰਘ 'ਸਰਾਭਾ' ਨੂੰ ਲਾ: ਹਰਦਿਆਲ ਦੀ ਰਾਖੀ ਵਾਸਤੇ ਨੀਯਤ ਕੀਤਾ ਹੋਇਆ ਸੀ। ਜਦ ਵੀ ਲਾ: ਹਰਦਿਆਲ ਯੁਗੰਤਰ ਆਸ਼ਰਮ ਤੋਂ ਬਾਹਰ ਜਾਂਦੇ, ਇਹ ਦੇਸ਼ ਭਗਤ ਭਰੇ ਹੋਏ ਪਸਤੌਲਾਂ ਸਮੇਤ ਲਾ: ਹਰਦਿਆਲ ਦੇ ਸਜੇ ਖੱਬੇ ਰਹਿੰਦੇ।

---

*Bh. Parmanand, pp. 62, 65.
†First Case, Statement of Jagat Ram, dated 22.6.1915.

*ਲਾ: ਹਰਦਿਆਲ ਦੀ ਗ੍ਰਿਫਤਾਰੀ ਬਾਰੇ ਇਹ ਨਜ਼ਰੀਆ ਸ੍ਰੀ ਸੋਹਣ ਸਿੰਘ 'ਭਕਨਾ' ਨੇ ਅਕਾਲੀ ਤੇ ਪ੍ਰਦੇਸੀ, ੨੦ ਅਪਰੈਲ ੧੯੩੦ ਦੇ ਪਰਚੇ ਵਿਚ ਪੇਸ਼ ਕੀਤਾ ਹੈ। ਰੋਲਟ ਰਪੋਰਟ ਵਿਚ ਵੀ ਇਹ ਲਿਖਿਆ ਹੈ ਕਿ ਲਾ: ਹਰਦਿਆਲ ਦੀਆਂ ਤਕਰੀਰਾਂ ਨੇ ਅਮਰੀਕਨ ਸਰਕਾਰ ਦਾ ਧਿਆਨ ਖਿੱਚ ਲਿਆ (Rowlatt Report, p. 146.)



Digitized by Panjab Digital Library | www.panjabdigilib.org

੧੬ ਮਾਰਚ ੧੯੧੪ ਨੂੰ ਲਾ: ਹਰਦਿਆਲ ਨੇ ਸੈਨਫ੍ਰਾਂਸਿਸਕੋ ਵਿਚ ਅਮਰੀਕਨਾਂ ਦੀ ਇਕ ਮੀਟਿੰਗ ਵਿਚ ਲੈਕਚਰ ਦੇਣਾ ਸੀ। ਜਿਉਂ ਹੀ ਲਾ: ਹਰਦਿਆਲ ਟਰੇਮਕਾਰ ਤੋਂ ਆਪਣੇ ਸਾਥੀਆਂ ਸਮੇਤ ਉਤਰ ਕੇ ਮੀਟਿੰਗ ਹਾਲ ਵਿਚ ਵੜਨ ਲਗੇ, ਉਨ੍ਹਾਂ ਨੂੰ ਇਸ ਨੀਯਤ ਨਾਲ ਗਰਿਫਤਾਰ ਕਰ ਲਿਆ ਗਿਆ ਕਿ ਬਤੌਰ ਅਣ-ਚਾਹੇ ਬਦੇਸ਼ੀ ਦੇ ਉਨ੍ਹਾਂ ਨੂੰ ਅਮਰੀਕਾ ਵਿਚੋਂ ਕੱਢ ਦਿਤਾ ਜਾਏ*। ਜਦੋਂ ਪੁਲਸ ਲਾ: ਹਰਦਿਆਲ ਨੂੰ ਆਪਣੀ ਮੋਟਰ ਵਿਚ ਬੈਠਾਉਣ ਲਗੀ, ਰਾਖੀ ਕਰਨ ਵਾਲੇ ਦੇਸ਼ ਭਗਤਾਂ ਨੇ ਪਸਤੌਲ ਕੱਢ ਲਏ। ਪਰ ਇਤਫਾਕੀਆ ਸ੍ਰੀ ਸੋਹਨ ਸਿੰਘ 'ਭਕਨਾ' ਵੀ ਓਥੇ ਸਨ, ਅਤੇ ਉਨ੍ਹਾਂ ਨੇ ਉਨ੍ਹਾਂ ਦੇਸ਼ ਭਗਤਾਂ ਨੂੰ ਸੈਨਤ ਨਾਲ ਮਨਾਹ ਕਰ ਦਿਤਾ। ਪੁਲੀਸ ਵੀ ਸਮਝ ਗਈ, ਅਤੇ ਉਸ ਨੇ ਲਾ: ਹਰਦਿਆਲ ਦੇ ਵਾਰੰਟ ਉਤੇ ਦਸਖਤ ਕਰਵਾਕੇ ਅਤੇ ਅਗਲੇ ਦਿਨ ਕਚੈਹਰੀ ਵਿਚ ਹਾਜ਼ਰ ਹੋਣ ਦੀ ਹਦਾਇਤ ਕਰਕੇ ਉਨ੍ਹਾਂ ਨੂੰ ਨਾਲ ਨਾ ਲੈ ਜਾਣਾ ਮੁਨਾਸਬ ਜਾਤਾ।

ਲਾ: ਹਰਦਿਆਲ ਨੇ ਮੀਟਿੰਗ ਵਿਚ ਜਾਕੇ ਹੋਈ ਘਟਨਾਂ ਦਾ ਜ਼ਿਕਰ ਕੀਤਾ। ਲੈਕਚਰਾਰ ਅਤੇ ਸ੍ਰੋਤਾਗਨ ਅਮਰੀਕਨ ਕਰਮਚਾਰੀਆਂ ਦੀ ਕਾਰਰਵਾਈ ਦੀ ਨਿਖੇਧੀ ਕਰਨ ਵਿਚ ਇਕ ਰਾਏ ਸਨ। ਉਨ੍ਹਾਂ ਨੂੰ ਹਿੰਦੁਸਤਾਨੀਆਂ ਦੇ ਮਕਸਦ ਨਾਲ ਵੀ ਹਮਦਰਦੀ ਸੀ, ਪਰ ਉਨ੍ਹਾਂ ਨੂੰ ਬਹੁਤ ਬੁਰੀ ਗੱਲ ਇਹ ਲਗੀ ਕਿ ਅਮਰੀਕਨ ਸਰਕਾਰ ਅੰਗਰੇਜ਼ੀ ਸਾਮਰਾਜ ਦੇ ਇਸ਼ਾਰੇ ਉਤੇ ਚਲੀ। ਕੁਝ ਅਮਰੀਕਨ ਅਖਬਾਰਾਂ ਅਤੇ ਮਜ਼ਦੂਰ ਸੰਸਥਾਵਾਂ ਨੇ ਵੀ ਅਮਰੀਕਨ ਸਰਕਾਰ ਦੀ ਇਨ੍ਹਾਂ ਲੀਹਾਂ ਉਤੇ ਨੁਕਤਾਚੀਨੀ ਕੀਤੀ। ਅਮਰੀਕਨ ਪਬਲਕ ਦੀ ਇਹ ਨਿਖਰਵੀਂ ਹਮਦਰਦੀ ਅਤੇ ਮਦਦ ਗਦਰ ਪਾਰਟੀ ਲਈ ਬਹੁਤ ਹੀ ਫਾਇਦੇ ਮੰਦ ਸਾਬਤ ਹੋਈ, ਕਿਉਂਕਿ ਇਸ ਨੇ ਢਾਲ ਦਾ ਕੰਮ ਦਿਤਾ।

ਗਦਰ ਪਾਰਟੀ ਨੇ ਲਾ: ਹਰਦਿਆਲ ਨੂੰ ਜ਼ਮਾਨਤ ਉਤੇ ਆਜ਼ਾਦ ਰਹਿਣ ਦਾ ਪ੍ਰਬੰਧ ਕਰ ਦਿਤਾ ਸੀ, ਅਤੇ ਅਮਰੀਕਨ ਪਬਲਕ ਦੇ ਇਕ ਹਿਸੇ ਵਿਚ ਉਨ੍ਹਾਂ ਦੇ ਹੱਕ ਵਿਚ ਪੈਦਾ ਹੋ ਗਈ ਹਮਦਰਦੀ ਅਤੇ ਐਜੀਟੇਸ਼ਨ ਦੇ ਕਾਰਨ ਅਮਰੀਕਨ ਸਰਕਾਰ ਦੀ ਪੋਜ਼ੀਸ਼ਨ ਵੀ ਬਹੁਤੀ ਆਸਾਨ ਨਹੀਂ ਸੀ। ਪਰ ਲਾ: ਹਰਦਿਆਲ ਦੇ ਕਈ ਮਿਤਰਾਂ, ਜੋ ਸਰਕਾਰੀ ਨੀਤੀ ਦੇ ਅੰਦਰੂਨੀ ਭੇਦਾਂ ਤੋਂ ਜਾਣੂ ਸਨ, ਨੇ ਲਾ: ਹਰਦਿਆਲ ਨੂੰ ਅਮਰੀਕਾ ਛਡ ਜਾਣ ਦੀ ਸਲਾਹ ਦਿਤੀ। ਲਾ: ਹਰਦਿਆਲ ਨੂੰ ਇਹ ਵੀ ਡਰ ਸੀ ਕਿ ਕਿਧਰੇ ਅਮਰੀਕਨ ਸਰਕਾਰ ਉਨ੍ਹਾਂ ਨੂੰ ਅੰਗਰੇਜ਼ਾਂ ਦੇ ਹਵਾਲੇ ਨਾ ਕਰ ਦੇਵੇ। ਗਦਰ ਪਾਰਟੀ ਦੀ ਪ੍ਰਬੰਧਕ ਕਮੇਟੀ ਵੀ ਇਸੇ ਨਤੀਜੇ ਉਤੇ ਪੁਜੀ, ਅਤੇ ਇਹ ਫੈਸਲਾ ਕੀਤਾ ਗਿਆ ਕਿ ਜ਼ਮਾਨਤ ਜ਼ਬਤ ਕਰਵਾ ਲਈ ਜਾਏ। ਪਾਰਟੀ ਨੇ ਲਾ: ਹਰਦਿਆਲ ਦੇ ਜ਼ਾਤੀ ਖਰਚਾਂ ਅਤੇ ਸਫਰ ਖਰਚ ਦਾ ਪ੍ਰਬੰਧ ਕਰ ਦਿਤਾ, ਅਤੇ ਲਾ: ਹਰਦਿਆਲ ਚੁਪ ਚਾਪ ਅਮਰੀਕਾ ਸਦਾ ਵਾਸਤੇ ਛਡ ਕੇ ਸਵਿਟਜ਼ਰਲੈਂਡ ਚਲੇ ਗਏ। ਇਸ ਤੋਂ ਪਿਛੋਂ, ਸਵਾਏ ਖਾਸ ਮੌਕਿਆ ਉਤੇ ਕਦੇ ਚਿਠੀ ਚੁਪੱਠੀ ਦੇ, ਉਨ੍ਹਾਂ ਦਾ ਗਦਰ ਪਾਰਟੀ ਨਾਲ ਸਿੱਧਾ ਸੰਬੰਧ ਨਾ ਰਿਹਾ*।

*Rowlatt Report, p. 146.

*ਇਹ ਸਾਰਾ ਸਮਾਚਾਰ ਵੀ ਸ੍ਰੀ ਸੋਹਨ ਸਿੰਘ 'ਭਕਨਾ' ਦੇ 'ਅਕਾਲੀ ਤੇ ਪ੍ਰਦੇਸੀ', (੨੨ ਅਪ੍ਰੈਲ, ੧੯੩੦) ਵਿਚ ਛਪੇ ਬਿਆਨ ਦੇ ਆਧਾਰ ਉਤੇ ਲਿਖਿਆ ਗਿਆ ਹੈ, ਕਿਉਂਕਿ ਗਦਰ ਪਾਰਟੀ ਲਹਿਰ ਸੰਬੰਧੀ ਚਲੇ ਮੁਕੱਦਮਿਆਂ ਵਿਚ ਇਸ ਬਾਰੇ ਕੋਈ ਜ਼ਿਕਰ ਨਹੀਂ।

ਗਦਰ ਪਾਰਟੀ ੨ ਜੂਨ ੧੯੧੩ ਨੂੰ ਕਾਇਮ ਹੋਈ, ਪਰ ਅਮਲੀ ਤੌਰ ਉਤੇ ਇਸ ਦੀ ਸਰਗਰਮੀ ਪਹਿਲੀ ਨਵੰਬਰ ਨੂੰ ਸ਼ੁਰੂ ਹੋਈ। ਲਾ: ਹਰਦਿਆਲ ਨੇ ਗਦਰ ਪਾਰਟੀ ਦੀਆਂ ਸਰਗਰਮੀਆਂ ਵਿਚ ਤਕਰੀਬਨ ਪੰਜ ਮਹੀਨੇ-ਨਵੰਬਰ ੧੯੧੩ ਤੋਂ ਮਾਰਚ ੧੯੧੪ ਤਕ-ਹਿੱਸਾ ਲਿਆ। ਗਦਰ ਪਾਰਟੀ ਕਾਇਮ ਕਰਨ ਵਿਚ ਹਿੱਸਾ ਪਾਉਣ ਤੋਂ ਇਲਾਵਾ, ਉਨ੍ਹਾਂ ਨੇ ਇਤਨੇ ਥੋੜੇ ਅਰਸੇ ਵਿਚ ਆਪਣੀ ਲਿਖਤ, ਪੁਰ ਅਸਰ ਤਕਰੀਰਾਂ ਅਤੇ ਕਾਬਲੀਅਤ ਨਾਲ ਗਦਰ ਪਾਰਟੀ ਦਾ ਵਿਕਾਰ ਅਮਰੀਕਾ ਵਿਚ ਬਹੁਤ ਉੱਚਾ ਕਰ ਦਿੱਤਾ। ਉਨ੍ਹਾਂ ਦੀ ਕੁਰਬਾਨੀ ਦੀ ਸਪਿਰਟ ਅਤੇ ਉੱਚਾ ਆਚਰਨ ਹਰ ਇਕ ਸਾਥੀ ਵਿਚ ਉਤਸ਼ਾਹ ਭਰਦਾ, ਅਤੇ ਉਨ੍ਹਾਂ ਦੀ ਸਾਦਾ ਰਹਿਣੀ ਗਦਰ ਪਾਰਟੀ ਦੇ ਉਨ੍ਹਾਂ ਕਿਸਾਨ ਦੇਸ਼ ਭਗਤਾਂ ਲਈ ਵੀ ਇਕ ਨਮੂਨਾ ਸੀ ਜੋ ਸਖਤ ਜ਼ਿੰਦਗੀ ਦੇ ਆਦੀ ਸਨ। ਜੋ ਉਨ੍ਹਾਂ ਨੂੰ ਬਹੁਤ ਮਾਮੂਲੀ ਮਾਹਵਾਰੀ ਅਲਾਉਂਸ* ਜ਼ਾਤੀ ਖਰਚਾਂ ਵਾਸਤੇ ਮਿਲਦਾ, ਉਹ ਉਸ ਵਿਚੋਂ ਵੀ ਬਚਾ ਕੇ ਪਾਰਟੀ ਨੂੰ ਵਾਪਸ ਕਰਦੇ, ਅਤੇ ਕੇਵਲ ਕਪੜਿਆਂ ਦੇ ਇਕੋ ਸੂਟ ਨਾਲ ਗੁਜ਼ਾਰਾ ਕਰਦੇ। ਗਦਰ ਪਾਰਟੀ ਨਾਲ ਉਨ੍ਹਾਂ ਦਾ ਇਹ ਸੰਬੰਧ ਅਤੇ ਇਸ ਦੀ ਕੀਤੀ ਸੇਵਾ ਹਮੇਸ਼ਾਂ ਸਤਿਕਾਰ ਨਾਲ ਯਾਦ ਰੱਖੀ ਜਾਏਗੀ ਅਤੇ ਗਦਰ ਪਾਰਟੀ ਦੇ ਇਤਹਾਸ ਵਿਚ ਚਮਕਦੀ ਰਹੇਗੀ।

ਅੰਗਰੇਜ਼ੀ ਸਾਮਰਾਜੀ ਹਿੱਤਾਂ ਨੂੰ ਗਾਲਬਨ ਇਹ ਆਸ ਸੀ ਕਿ ਲਾ: ਹਰਦਿਆਲ ਦਾ ਗਦਰ ਪਾਰਟੀ ਨਾਲੋਂ ਸੰਬੰਧ ਟੁਟ ਜਾਣ ਨਾਲ, ਸਿਰ ਧੜ ਨਾਲੋਂ ਅੱਡ ਹੋ ਜਾਏਗਾ ਅਤੇ ਇਹ ਲਹਿਰ ਆਪਣੇ ਆਪ ਕਮਜ਼ੋਰ ਅਤੇ ਨਿਕੰਮੀ ਹੋ ਜਾਵੇਗੀ। ਜੇਕਰ ਲਹਿਰ ਦੀਆਂ ਨੀਹਾਂ ਡੂੰਘੀਆਂ ਅਤੇ ਚੌੜੀਆਂ ਨਾ ਹੁੰਦੀਆਂ, ਅਤੇ ਇਹ ਗਿਣਤੀ ਦੀਆਂ ਵਿਯੱਕਤੀਆਂ ਦੇ ਆਸਰੇ ਹੀ ਹੁੰਦੀ, ਤਾਂ ਹੋਣਾ ਵੀ ਇਵੇਂ ਹੀ ਚਾਹੀਦਾ ਸੀ। ਲਾ: ਹਰਦਿਆਲ ਦੀ, ਗਦਰ ਪਾਰਟੀ ਲਹਿਰ ਨਾਲ ਇਤਨੇ ਥੋੜੇ ਅਰਸੇ ਦੇ ਸੰਬੰਧ ਪਿਛੋਂ, ਇਤਨੀ ਜਲਦੀ ਅਮਰੀਕਾ ਤੋਂ ਰਵਾਨਗੀ ਸਚਮੁਚ ਹੀ ਲਹਿਰ ਦੀ ਨਿਗਰਤਾ ਦੀ ਇਕ ਵਡੀ ਪਰਖ ਸੀ। ਪਰ ਲਾ: ਹਰਦਿਆਲ ਦੇ ਚਲੇ ਜਾਣ ਨਾਲ ਲਹਿਰ ਵਿਚ ਕਮਜ਼ੋਰੀ ਨਾ ਆਈ*। ਗਦਰ ਪਾਰਟੀ ਲਹਿਰ ਨਾ ਕੇਵਲ ਇਸ ਪਰਖ ਵਿਚੋਂ ਸਾਬਤ ਨਿਕਲੀ, ਬਲਕਿ ਲਾ: ਹਰਦਿਆਲ ਦੇ ਅਮਰੀਕਾ ਤੋਂ ਚਲੇ ਜਾਣ ਪਿਛੋਂ ਲਹਿਰ ਆਪਣੇ ਬੱਲ (momentum) ਨਾਲ ਹੀ ਤਰੱਕੀ ਕਰਦੀ ਗਈ। ਜਿਥੇ 'ਗਦਰ' ਪਹਿਲੋਂ ਸਿਰਫ ਉਰਦੂ ਅਤੇ ਗੁਰਮੁਖੀ ਵਿਚ ਛਪਦਾ, ਹੁਣ ਗੁਜਰਾਤੀ ਅਤੇ ਹਿੰਦੀ ਵਿਚ ਵੀ ਛਪਣ ਲਗ ਪਿਆ, ਅਤੇ ਇਸ ਦੀ ਇਸ਼ਾਇਤ ਦਿਨੋ ਦਿਨ ਵਧਦੀ ਗਈ। ਅਮਰੀਕਾ ਵਿਚ ਮੀਟਿੰਗਾਂ ਦੀ ਭਰਮਾਰ ਬਦਸਤੂਰ ਜਾਰੀ ਰਹੀ†। ਅਮਰੀਕਾ ਤੋਂ ਬਾਹਰ ਕੈਨੇਡਾ, ਮੈਕਸੀਕੋ, ਪਾਨਾਮਾ ਤੇ ਅਰਜਨਟਾਈਨ ਤੋਂ ਇਲਾਵਾ, "ਨਵੀਂ ਸ਼ਹਾਦਤ ਬਿਨਾਂ ਸ਼ੱਕ ਦੀ ਗੁੰਜਾਇਸ਼ ਦੇ ਇਹ ਸਾਬਤ ਕਰਦੀ ਹੈ ਕਿ ਅਮਰੀਕਾ ਵਿਚ ਇਕ ਵੇਰ ਸ਼ੁਰੂ ਹੋਣ ਉਤੇ, ਗਦਰ ਲਹਿਰ ਸਾਰੇ ਧੁਰ ਪੂਰਬ ਵਿਚ, ਜਿਥੇ ਕਿਤੇ ਵੀ ਹਿੰਦੀ ਅਕੱਠੇ ਰਹਿੰਦੇ ਸਨ, ਖਿਲਰ ਗਈ‡"। ਅਤੇ "ਬੀਜ ਜਿਹੜੇ ਉਹਨੇ (ਲਾ: ਹਰਦਿਆਲ) ਅਤੇ ਹੋਰਨਾਂ ਨੇ ਓਦੋਂ ਬੀਜੇ ਸਨ

*ਪਹਿਲੇ ਕੇਸ ਵਿਚ ਅਮਰ ਸਿੰਘ ਰਾਜਪੂਤ ਦੀ ਗਵਾਹੀ ਮੁਤਾਬਕ ੨੫ ਡਾਲਰ ਮਹੀਨਾ।

*Mandlay Case, Judgement, p. 32.

†First Case, The beginning of the conspiracy and war, pp. 7-9.

‡Second Case, Judgement, p. 23.

ਵੱਧ ਫੁਲ ਕੇ ਇਕ ਵੱਡੀ ਜ਼ਬਰਦਸਤ ਜਥੇਬੰਦੀ ਬਣ ਗਏ*"। ਇਹ ਗਲ ਜ਼ਾਹਰ ਕਰਦੀ ਹੈ ਕਿ ਗਦਰ ਪਾਰਟੀ ਲਹਿਰ ਦੀਆਂ ਜੜ੍ਹਾਂ ਡੂੰਘੀਆਂ ਅਤੇ ਦੂਰ ਦੂਰ ਖਿਲਰੀਆਂ ਹੋਈਆਂ ਸਨ।

ਗਦਰ ਪਾਰਟੀ ਲਹਿਰ ਦੀ ਇਸ ਨਿਗਰਤਾ ਦੇ ਦੋ ਵੱਡੇ ਕਾਰਨ ਸਨ।

ਗਦਰ ਪਾਰਟੀ ਲਹਿਰ ਦੁਸ਼ਮਨ ਉਤੇ ਸਿੱਧਾ ਕਾਰੀ ਵਾਰ ਕਰਕੇ ਹੰਨੇ ਬੰਨੇ ਕਰਨ ਵਾਲੀ ਹਥਿਆਰਬੰਦ ਲਹਿਰ ਸੀ, ਨਾ ਕਿ ਨਿਯਮਕ, ਸੁਧਾਰਕ ਅਤੇ ਸਮਝੌਤਾ ਢੂੰਡੂ ਲਹਿਰ। ਇਨਕਲਾਬੀ ਲਹਿਰਾਂ ਨੂੰ ਵਿਸ਼ੇਸ਼ ਕਰਕੇ ਲੜਾਕੇ ਜੋਧਿਆਂ ਦੀ ਅਗਵਾਈ ਕਰ ਸਕਣ ਵਾਲੇ ਅਮਲ ਦੇ ਧਨੀਆਂ (men of action), ਜੋ ਅਮੂਮਨ ਆਮ ਜਨਤਾ ਵਿਚੋਂ ਉਤਪਨ ਹੁੰਦੇ ਹਨ, ਦੀ ਲੋੜ ਹੁੰਦੀ ਹੈ, ਨਾ ਸਿਰਫ ਖਿਆਲੀ ਨੁਕਤੇ ਕਢਣ ਵਾਲਿਆਂ ਦੀ। ਹੋਰ ਮੁਲਕਾਂ ਵਿਚ ਹੋਏ ਇਨਕਲਾਬਾਂ ਨੇ ਆਮ ਜਨਤਾ ਵਿੱਚ ਅਜਿਹੇ ਅਮਲ ਦੇ ਧਨੀ ਆਗੂ ਪੈਦਾ ਕੀਤੇ, ਅਤੇ ਅਮਰੀਕਾ ਗਏ ਹਿੰਦੀ ਕਾਮਿਆਂ ਨੇ ਵੀ।

ਸ੍ਰੀ ਸੋਹਨ ਸਿੰਘ 'ਭਕਨਾ', ਪ੍ਰਧਾਨ ਗਦਰ ਪਾਰਟੀ, ਬਹੁਤੇ ਪੜ੍ਹੇ ਲਿਖੇ ਨਾ ਹੋਣ ਦੇ ਬਾਵਜੂਦ ਰਾਜਨੀਤੀ ਬਾਬਤ ਚੰਗੀ ਖਾਸੀ ਸੂਝ ਬੂਝ ਰਖਦੇ ਹਨ। ਉਨ੍ਹਾਂ ਦੀ ਨੇਕਨੀਯਤੀ, ਜਨਤਾ ਨਾਲ ਹਮਦਰਦੀ, ਅਤੇ ਬੁਢੇਪੇ ਦੀ ਹਾਲਤ ਵਿਚ ਵੀ ਹਰ ਇਨਕਲਾਬੀ ਲਹਿਰ ਵਿਚ ਸ਼ਾਮਲ ਹੋਣ ਦੀਆਂ ਖੂਬੀਆਂ, ਉਨ੍ਹਾਂ ਦੇ ਰਾਜਸੀ ਵਿਰੋਧੀਆਂ ਉਤੇ ਵੀ ਅਸਰ ਪਾਉਣੋਂ ਨਹੀਂ ਰਹਿੰਦੀਆਂ। ਉਹ ਬੰਦਿਆਂ ਨੂੰ ਪਰਖਣ ਅਤੇ ਹਾਲਾਤ ਦਾ ਜਾਇਜ਼ਾ ਲੈਣ ਵਾਸਤੇ ਤਿੱਖੀ ਸਮਝ ਰਖਦੇ ਹਨ, ਜਿਸ ਕਾਰਨ ਉਹ ਅਮਰੀਕਾ ਗਏ ਹਿੰਦੀਆਂ ਕਾਮਿਆਂ, ਜਿਨ੍ਹਾਂ ਵਿਚੋਂ ਉਹ ਆਪ ਇਕ ਸਨ, ਦੀ ਅਮਲ ਦੇ ਮੈਦਾਨ ਵਿਚ ਅਗਵਾਈ ਕਰਨ ਦੇ ਯੋਗ ਸਨ। ਲਾ: ਹਰਦਿਆਲ ਦੇ ਅਮਰੀਕਾ ਤੋਂ ਚਲੇ ਜਾਣ ਪਿਛੋਂ ਸ੍ਰੀ ਸੋਹਨ ਸਿੰਘ ਨੇ, ਆਪਣਾ ਕੰਮ ਕਾਜ ਛੱਡਕੇ, ਯੁਗੰਤਰ ਆਸ਼ਰਮ ਵਿਚ ਡੇਰੇ ਲਾ ਦਿਤੇ, ਅਤੇ ਕੈਲੇਫੋਰਨੀਆ ਦਾ ਦੌਰਾ ਕਰਕੇ ਛੋਟੇ ਛੋਟੇ ਥਾਈਂ ਵੀ, ਜਿਥੇ ਹਿੰਦੀ ਸਨ, ਗਦਰ ਪਾਰਟੀ ਦੀਆਂ ਸ਼ਾਖਾਂ ਕਾਇਮ ਕਰ ਦਿੱਤੀਆਂ। ਸ੍ਰੀ ਸੋਹਨ ਸਿੰਘ ਨੂੰ ਦੂਸਰੇ ਮੁਕੱਦਮੇ ਦੇ ਫੈਸਲੇ ਵਿਚ "ਇਸ ਸਾਰੀ ਲਹਿਰ ਵਿਚ ਸਭ ਤੋਂ ਖਤਰਨਾਕ ਆਦਮੀਆਂ ਵਿਚੋਂ ਇਕ" ਦਸਿਆ ਗਿਆ ਹੈ*।

ਸ੍ਰੀ ਕੇਸਰ ਸਿੰਘ 'ਠਠਗੜ੍ਹ', ਮੀਤ ਪ੍ਰਧਾਨ ਗਦਰ ਪਾਰਟੀ, ਪਹਿਲਾਂ ਬਣੀ ਹਿੰਦੁਸਤਾਨੀ ਐਸੋਸੀਏਸ਼ਨ ਦੇ ਪ੍ਰਧਾਨ ਸਨ, ਅਤੇ ਨਵਾਬ ਖਾਨ ਦੇ ਬਿਆਨ ਮੁਤਾਬਕ ਉਨ੍ਹਾਂ ਦਾ "ਅਮਰੀਕਾ ਦੇ ਸਿਖਾਂ ਵਿਚ ਬਹੁਤ ਰਸੂਖ ਸੀ†"। ਜਦੋਂ ਅਮਰੀਕਾ ਵਿਚੋਂ ਗਦਰ ਕਰਨ ਵਾਸਤੇ ਇਨਕਲਾਬੀਆਂ ਦਾ ਜੱਥਾ 'ਕੋਰੀਆ' ਜਹਾਜ਼ ਉਤੇ ਤੁਰਨ ਲਗਾ, ਤਾਂ ਉਨ੍ਹਾਂ ਨੂੰ "ਓਹਨਾਂ ਵਿਚੋਂ ਇਕ ਨੀਯਤ ਕੀਤਾ ਗਿਆ ਜਿਨ੍ਹਾਂ ਦੀਆਂ ਹਦਾਇਤਾਂ ਨੂੰ ਮੰਨਿਆ ਜਾਣਾ ਸੀ‡"।

ਗਦਰ ਪਾਰਟੀ ਦੇ ਦੂਸਰੇ ਮੀਤ ਪ੍ਰਧਾਨ, ਸ੍ਰੀ ਜਵਾਲਾ ਸਿੰਘ 'ਠਟੀਆਂ, ਅਮਰੀਕਾ ਅਤੇ ਅਮਰੀਕਾ ਤੋਂ ਬਾਹਰ ਹਿੰਦੀਆਂ ਵਿਚ ਇਸ ਕਰਕੇ ਮਸ਼ਹੂਰ ਸਨ ਕਿ ਉਨ੍ਹਾਂ ਆਪਣੇ ਪਾਸੋਂ ਭਾਰੀ ਖਰਚ ਕਰਕੇ ਅਮਰੀਕਾ ਵਿਚ ਪੜ੍ਹਨ ਵਾਸਤੇ ਹਿੰਦੀ ਵਿਦਿਆਰਥੀਆਂ ਨੂੰ ਵਜ਼ੀਫੇ ਦਿਤੇ। ਉਹ "ਉਨ੍ਹਾਂ ਆਦਮੀਆਂ ਵਿਚੋਂ ਸਨ ਜਿਨ੍ਹਾਂ ਦੇ ਹੁਕਮਾਂ ਦੀ ਪਾਲਣਾ ਕੀਤੀ ਜਾਣੀ ਸੀ"*, ਅਤੇ ਉਨ੍ਹਾਂ ਨਜ਼ਰਬੰਦ ਹੋਏ ਕੁਝ ਆਦਮੀਆਂ ਵਿਚੋਂ ਜੋ "ਸਾਨੂੰ ਪਾਰਟੀ ਦੇ ਦਿਮਾਗ ਰਹੇ ਜਾਪਦੇ ਹਨ"†। ਸ੍ਰੀ ਜਵਾਲਾ ਸਿੰਘ ਦੀ ਜਥੇਬੰਦੀ ਕਰਨ ਦੀ ਕਾਬਲੀਅਤ ਦਾ ਇਸ ਤੋਂ ਵੀ ਅਨੁਮਾਨ ਲਗ ਸਕਦਾ ਹੈ ਕਿ ਉਨ੍ਹਾਂ, ਗਦਰ ਪਾਰਟੀ ਲਹਿਰ ਸੰਬੰਧੀ ਹੋਈ ਕੈਦ ਤੋਂ ਰਿਹਾ ਹੋਕੇ, ਪੰਜਾਬ ਵਿਚ ਕਿਸਾਨ ਲਹਿਰ ਦਾ ਮੁਢ ਬੰਨ੍ਹਿਆ ਅਤੇ ਪੰਜਾਬ ਕਿਸਾਨ ਕਮੇਟੀ ਦੇ ਪਹਿਲੇ ਪ੍ਰਧਾਨ ਚੁਣੇ ਗਏ।

ਲਾ: ਹਰਦਿਆਲ ਦੇ ਅਮਰੀਕਾ ਤੋਂ ਚਲੇ ਜਾਣ ਪਿਛੋਂ 'ਭਾਈ' ਸੰਤੋਖ ਸਿੰਘ ਉਨ੍ਹਾਂ ਦੀ ਥਾਂ ਗਦਰ ਪਾਰਟੀ ਦੇ ਜਨਰਲ ਸਕੱਤ੍ਰ‡ ਅਤੇ ਗੁਪਤ ਕਮਿਸ਼ਨ ਦੇ ਮੈਂਬਰ ਚੁਣੇ ਗਏ। 'ਭਾਈ' ਸੰਤੋਖ ਸਿੰਘ, ਖਾਲਸਾ ਕਾਲਜ, ਅੰਮ੍ਰਿਤਸਰ, ਵਿਚੋਂ ਐਫ. ਏ. ਜਾਂ ਬੀ. ਏ. ਦੀ ਪੜ੍ਹਾਈ ਛੱਡਕੇ ਅਮਰੀਕਾ ਉਚੀ ਵਿਦਿਆ ਪ੍ਰਾਪਤ ਕਰਨ ਗਏ, ਅਤੇ ਕੈਲੇਫੋਰਨੀਆਂ ਨਵੇਂ ਜਾਣ ਵਾਲੇ ਹੋਰ ਹਿੰਦੀਆਂ ਵਾਂਕੁਰ ਸ੍ਰੀ ਜਵਾਲਾ ਸਿੰਘ ਅਤੇ 'ਸੰਤ' ਵਸਾਖਾ ਸਿੰਘ ਪਾਸ ਉਨ੍ਹਾਂ ਦੀ ਫਾਰਮ ਉਤੇ ਵਿਹਲੇ ਦਿਨ ਕਟਣ ਚਲੇ ਗਏ। ਗਦਰ ਪਾਰਟੀ ਬਣਨ ਤੋਂ ਕਾਫੀ ਚਿਰ ਪਹਿਲੋਂ ਸ੍ਰੀ ਜਵਾਲਾ ਸਿੰਘ ਨੂੰ, ਪਤਾ ਨਹੀਂ ਕਿਸੇ ਆਇਰਸ਼ ਦੇਸ਼ ਭਗਤ ਤੋਂ ਜਾਂ ਹੋਰ ਕਿਸੇ ਤਰ੍ਹਾਂ, ਦੇਸ਼ ਭਗਤੀ ਦੀ ਲਗਨ ਲਗ ਚੁਕੀ ਸੀ। ਉਨ੍ਹਾਂ 'ਸੰਤ' ਵਸਾਖਾ ਸਿੰਘ ਨੂੰ ਆਪਣਾ ਹਮ ਖਿਆਲ ਬਣਾ ਲਿਆ। 'ਭਾਈ' ਸੰਤੋਖ ਸਿੰਘ ਵੀ ਉਨ੍ਹਾਂ ਦੀ ਸੰਗਤ ਕਰਕੇ ਇਸੇ ਰੰਗਤ ਵਿਚ ਰੰਗੇ ਗਏ, ਅਤੇ ਤਿਨਾਂ ਨੇ ਆਪਣਾ ਜੀਵਨ ਕੌਮੀ ਸੇਵਾ ਦੇ ਅਰਪਨ ਕਰਨ ਦਾ ਅਰਦਾਸਾ ਕਰ ਦਿੱਤਾ। ਕੈਲੇਫੋਰਨੀਆ ਵਿਚ ਹਿੰਦੀ ਦੇਸ਼ਭਗਤੀ ਦਾ ਇਹ ਚੰਗਾ ਜੀਉਂਦਾ ਜਾਗਦਾ ਸੈਂਟਰ ਸੀ, ਜੋ ਗਦਰ ਪਾਰਟੀ ਬਣਨ ਉਤੇ ਇਸ ਵਿਚ ਸ਼ਾਮਲ ਹੋ ਗਿਆ, ਅਤੇ ਜਿਸ ਨੇ ਗਦਰ ਪਾਰਟੀ ਲਹਿਰ ਨੂੰ ਕਾਫੀ ਮਜ਼ਬੂਤ ਕੀਤਾ। ਇਨ੍ਹਾਂ ਤਿਨਾਂ ਵਿਚੋਂ 'ਭਾਈ' ਸੰਤੋਖ ਸਿੰਘ ਨੇ ਗਦਰ ਪਾਰਟੀ ਲਹਿਰ ਦੀ ਵਿਸ਼ੇਸ਼ ਸੇਵਾ ਕੀਤੀ।

ਇਨਕਲਾਬੀ ਲਹਿਰ ਦੀਆਂ ਪਲੈਨਾਂ ਬਨਾਉਣ ਅਤੇ ਉਨ੍ਹਾਂ ਨੂੰ ਨੇਪਰੇ ਚਾੜ੍ਹਨ ਵਾਸਤੇ, ਇਨਕਲਾਬੀ ਜੋਸ਼ ਅਤੇ ਲਗਨ ਦੇ ਨਾਲ ਨਾਲ, ਬਹੁਤ ਉੱਚ ਦਰਜੇ ਦੀ ਸਿਆਣਪ, ਮੁਦੱਬਰੀ, ਦੂਰਅੰਦੇਸ਼ੀ ਅਤੇ ਗੰਭੀਰਤਾ ਆਦਿ ਗੁਣਾਂ ਦੀ ਵੀ ਲੋੜ ਹੁੰਦੀ ਹੈ; ਅਤੇ ਦੁਨੀਆ ਦੇ ਇਤਹਾਸ ਵਿਚ ਹੀ ਬਹੁਤ ਘਟ ਐਸੀਆਂ ਇਨਕਲਾਬੀ ਸ਼ਖਸੀਅਤਾਂ ਹੋਈਆਂ ਹਨ, ਜਿਨ੍ਹਾਂ ਵਿਚ ਇਨ੍ਹਾਂ ਸਾਰੀਆਂ ਗੱਲਾਂ ਦਾ ਯੋਗ ਤਵਾਜ਼ਨ ਹੋਵੇ। ਗਦਰ ਪਾਰਟੀ ਲਹਿਰ ਦੇ ਫੇਲ ਹੋਣ ਦਾ ਇਕ ਵੱਡਾ ਕਾਰਨ ਇਹ ਵੀ ਸੀ ਕਿ ਇਹ ਬਹੁਤ ਉਚੇ ਪਾਏ ਦਾ ਅਜਿਹਾ ਲੀਡਰ ਜਾਂ ਗਰੁਪ ਪੈਦਾ ਨਾ ਕਰ ਸਕੀ। ਲਾ: ਹਰਦਿਆਲ ਵਿਦਵਾਨ ਅਤੇ ਫਲਾਸਫਰ ਜ਼ਰੂਰ ਸਨ, ਪਰ ਉਹ ਤਬੀਅਤਨ ਕਿਸੇ ਕਿਸਮ ਦਾ ਤਵਾਜ਼ਨ ਰੱਖਣ ਦੇ ਯੋਗ ਨਹੀਂ ਸਨ*। 'ਭਾਈ' ਪਰਮਾਨੰਦ ਸੁਚੇਤ ਸਨ, ਪਰ

---

*First Case, The beginning of the conspiracy and war, p. 9.

---

*Second Case, Judgement p. 25.

†First Case, The beginning of the conspiracy and war, p. 9.

‡First Case, Individual Case of Kesar Singh, p. 1.

---

*First Case, Individual Case of Jawala Singh of Thatian, p. 1.

†Ibid, p. 2.

‡San Francisco Trial, charge to the Jury by the judge, p. 711.

---

*ਭਾਈ ਪਰਮਾਨੰਦ ਲਿਖਦੇ ਹਨ ਕਿ ਓਹ 'ਇਕ ਅੰਤਮ ਪੋਜ਼ੀਸ਼ਨ ਤੋਂ ਦੂਸਰੀ ਅੰਤਮ ਪੋਜ਼ੀਸਨ ਤਕ ਬਦਲਦੇ ਰਹਿੰਦੇ ਸਨ'। (Bh.



Digitized by Panjab Digital Library | www.panjabdigilib.org

ਉਨ੍ਹਾਂ ਦਾ ਨਜ਼ਰੀਆ ਇਨਕਲਾਬੀ ਨਹੀਂ ਸੀ। ਮੌਲਵੀ ਬਰਕਤੁਲਾ ਅਤੇ ਸ੍ਰੀ ਭਗਵਾਨ ਸਿੰਘ ਵਧੀਆ ਲੈਕਚਰਾਰ ਸਨ, ਅਤੇ ਉਨ੍ਹਾਂ ਦੇ ਇਸ ਗੁਣ ਦਾ ਗਦਰ ਪਾਰਟੀ ਲਹਿਰ ਨੂੰ ਚਮਕਾਉਣ ਵਿਚ ਕਾਫੀ ਹਿੱਸਾ ਸੀ। ਪਰ ਗਦਰ ਪਾਰਟੀ ਦੀ ਸਮੁਚੀ ਅਗਵਾਈ ਜਿਸ ਦਰਜੇ ਤਕ ਪੁਜੀ, ਉਸ ਮੁਤਾਬਕ 'ਭਾਈ' ਸੰਤੋਖ ਸਿੰਘ ਵਿਚ ਇਨਕਲਾਬੀ ਲਗਨ, ਨੇਕਨੀਅਤੀ, ਸਿਆਣਪ, ਦੂਰਅੰਦੇਸ਼ੀ ਅਤੇ ਗੰਭੀਰਤਾ ਆਦਿ ਗੁਣਾਂ ਦਾ ਸਭ ਤੋਂ ਵੱਧ ਯੋਗ ਤਵਾਜ਼ਨ ਸੀ। ਜਿਤਨਾ ਚਿਰ ਪੰਡਤ ਰਾਮ ਚੰਦ ਪਸ਼ਾਵਰੀਏ ਦਾ ਦੌਰ (ਜਿਸ ਦਾ ਵੇਰਵਾ ਅਗਲੇ ਕਿਸੇ ਕਾਂਡ ਵਿਚ ਆਵੇਗਾ) ਸ਼ੁਰੂ ਨਹੀਂ ਹੋਇਆ, ਲਾ: ਹਰਦਿਆਲ ਦੀ ਰਵਾਨਗੀ ਪਿਛੋਂ ਗਦਰ ਪਾਰਟੀ ਲਹਿਰ ਨੂੰ ਅਮਰੀਕਾ ਵਿਚ ਚਲਾਉਣ ਦਾ ਸਭ ਤੋਂ ਵੱਧ ਬੋਝ 'ਭਾਈ' ਸੰਤੋਖ ਸਿੰਘ ਦੇ ਮੋਢਿਆਂ ਉਤੇ ਪਿਆ†। ਸ੍ਰੀ ਸੋਹਨ ਸਿੰਘ 'ਭਕਨਾ' ਨੇ ਇਸੇ ਥਾਂ ਲਿਖਿਆ ਹੈ ਕਿ, "ਭਾਈ ਸੰਤੋਖ ਸਿੰਘ ਜੀ ਦੀ ਉਸਤਤੀ ਤੇ ਉਨ੍ਹਾਂ ਦੇ ਗੁਣਾਂ ਦਾ ਫੋਟੋ ਖਿਚਣਾ ਮੇਰੀ ਕਲਮ ਤੋਂ ਬਾਹਰ ਹੈ.........(ਉਨ੍ਹਾਂ) ਵਰਗੇ ਸਚੇ ਦੇਸ਼ ਭਗਤ ਤੇ ਕੰਮ ਕਰਨ ਵਾਲੇ ਸੰਸਾਰ ਵਿਚ ਵਿਰਲੇ ਹਨ"। ਸ੍ਰੀ ਸੋਹਨ ਸਿੰਘ 'ਭਕਨਾ' ਤੋਂ ਬਿਨਾਂ ਹੋਰ ਗਦਰੀ ਇਨਕਲਾਬੀਆਂ, ਜਿਨ੍ਹਾਂ ਨੇ ਉਨ੍ਹਾਂ ਨਾਲ ਮਿਲਕੇ ਕੰਮ ਕੀਤਾ, ਦੀ ਵੀ 'ਭਾਈ' ਸੰਤੋਖ ਸਿੰਘ ਬਾਰੇ ਰਾਏ ਸ੍ਰੀ 'ਭਕਨਾ' ਦੀ ਰਾਏ ਨਾਲ ਮਿਲਦੀ ਹੈ। ਉਨ੍ਹਾਂ ਦੀ ਗੰਭੀਰਤਾ ਅਤੇ ਤਦੱਬਰ ਦਾ ਇਕ ਨਮੂਨਾ ਉਹ ਢੰਗ ਹੈ, ਜਿਸ ਨਾਲ ਉਨ੍ਹਾਂ ਨੇ 'ਕਿਰਤੀ' ਰਸਾਲਾ ਸ਼ੁਰੂ ਕਰਕੇ ਪੰਜਾਬ (ਅਤੇ ਸ਼ਾਇਦ ਹਿੰਦੁਸਤਾਨ) ਵਿਚ ਕਿਰਤੀ ਲਹਿਰ ਦਾ ਮੁਢ ਬੰਨ੍ਹਿਆ। ਸ੍ਰੋਤ ਹੈ ਕਿ ਸਿੰਘਾ ਪੁਰ ਦਾ ਗਦਰ ਕਰਾਉਣ ਵਿਚ ਵੀ ਉਨ੍ਹਾਂ ਦਾ ਲੁਕਵਾਂ ਹੱਥ ਸੀ, ਅਤੇ ਮਾਂਡਲੇ ਸਾਜਸ਼ ਕੇਸ ਵਿਚ ਇਹ ਲਿਖਿਆ ਹੈ ਕਿ ਬਰਮਾ ਵਿਚ ਗਦਰ ਕਰਾਉਣ ਦੇ ਯਤਨ ਕਰਨ ਵਾਲੇ ਸਿਰਕੱਢ ਮੋਢੀਆਂ ਵਿਚੋਂ ਉਹ ਇਕ ਸਨ*।

ਪੰਡਤ ਕਾਂਸ਼ੀ ਰਾਮ ਗਦਰ ਪਾਰਟੀ ਦੇ ਖਜ਼ਾਨਦੀ ਸਨ। ਗਦਰ ਪਾਰਟੀ ਬਣਨ ਤੋਂ ਪਹਿਲੋਂ ਉਹ ਆਰਾਮ ਤਲਬੀ ਦੀ ਜ਼ਿੰਦਗੀ ਬਸੱਰ ਕਰਦੇ ਸਨ। ਲਾ: ਹਰਦਿਆਲ ਨੂੰ ਔਰੇਗਨ ਸਟੇਟ ਦੇ ਦੌਰੇ ਉਤੇ ਸਦੱਣ ਅਤੇ ਗਦਰ ਪਾਰਟੀ ਨੂੰ ਕਾਇਮ ਕਰਨ ਵਿਚ ਉਨ੍ਹਾਂ ਨੇ ਉਘਾ ਹਿੱਸਾ ਲਿਆ। ਗਦਰ ਪਾਰਟੀ ਕਾਇਮ ਹੋ ਜਾਣ ਉਤੇ ਉਨ੍ਹਾਂ ਦੀ ਜ਼ਿੰਦਗੀ ਵਿਚ ਬਿਲਕੁਲ ਪਲਟਾ ਆ ਗਿਆ, ਅਤੇ ਆਰਾਮ ਤਲਬੀ ਦੀ ਪੁਰਾਣੀ ਜ਼ਿੰਦਗੀ ਨੂੰ ਸਦਾ ਲਈ ਤਿਆਗ ਕੇ ਗਦਰ ਪਾਰਟੀ ਲਹਿਰ ਦੀਆਂ ਸਰਗਰਮੀਆਂ ਵਿਚ ਉਤਨਾ ਚਿਰ ਜੁਟੇ ਰਹੇ ਜਿਤਨਾ ਚਿਰ ਫਾਂਸੀ ਦੇ ਤਖਤੇ ਉਤੇ ਲਟਕ ਕੇ ਸ਼ਹੀਦੀ ਨਹੀਂ ਪਾ ਗਏ।

ਪਹਿਲਾ ਸੰਸਾਰ ਯੁਧ ਛਿੜਦੇ ਸਾਰ ਸ੍ਰੀ ਭਗਵਾਨ ਸਿੰਘ, ਜੋ ਕੈਨੇਡਾ ਤੋਂ ਜਲਾਵਤਨ ਹੋਣ ਪਿਛੋਂ ਜਾਪਾਨ ਚਲੇ ਗਏ ਸਨ, ਅਮਰੀਕਾ ਆ ਗਏ, ਅਤੇ ਸ੍ਰੀ ਸੋਹਣ ਸਿੰਘ ਭਕਨਾ, ਜੋ ਦੇਸ ਨੂੰ ਇਨਕਲਾਬੀ ਮੁਹਿੰਮ ਉਤੇ ਰਵਾਨਾ ਹੋ ਚੁਕੇ ਸਨ, ਦੀ ਥਾਂ ਗਦਰ ਪਾਰਟੀ ਦੇ ਪ੍ਰਧਾਨ ਬਣ ਗਏ। ਸ੍ਰੀ ਭਗਵਾਨ ਸਿੰਘ ਦੀ ਕਥਨੀ ਵਿਚ ਬਹੁਤ ਅਸਰ ਸੀ, ਅਤੇ ਪੰਜਵੇਂ ਕਾਂਡ ਵਿਚ ਵੇਖਿਆ ਜਾ ਚੁਕਾ ਹੈ ਕਿ ਉਨ੍ਹਾਂ ਦੀਆਂ ਤਕਰੀਰਾਂ ਨੇ ਕਿਸਤਰ੍ਹਾਂ ਕੈਨੇਡਾ ਦਿਆਂ ਹਿੰਦੀਆਂ ਵਿਚ ਜੋਸ਼ ਭਰਿਆ। ਅਮਰੀਕਾ ਆ ਕੇ ਵੀ ਸ੍ਰੀ ਭਗਵਾਨ ਸਿੰਘ ਨੇ ਉਥੋਂ ਦੇ ਹਿੰਦੀਆਂ ਦੇ ਜੋਸ਼ ਨੂੰ ਹੋਰ ਉਭਾਰਨ ਵਿਚ ਕਾਫ਼ੀ ਹਿੱਸਾ ਪਾਇਆ, ਅਤੇ ਤੀਸਰੇ ਸਾਜ਼ਸ਼ ਕੇਸ ਦੇ ਲਫਜ਼ਾਂ ਵਿਚ ਉਹ "ਅਫਰਾਰ ਸਭ ਤੋਂ ਖਤਰਨਾਕ ਇਨਕਲਾਬੀਆਂ ਵਿਚੋਂ ਇਕ ਸਨ, ਅਤੇ ਆਪਣੇ ਹਮਵਤਨਾਂ ਵਿਚ ਹਰਦਿਆਲ ਨਾਲੋਂ ਸ਼ਾਇਦ ਹੀ ਘਟ ਅਸਰ ਰਸੂਖ ਰਖਦੇ ਸਨ*"।

ਸ੍ਰੀ ਭਗਵਾਨ ਸਿੰਘ ਦੇ ਨਾਲ ਹੀ ਜਾਪਾਨ ਤੋਂ ਮੌਲਵੀ ਬਰਕਤੁਲਾ ਅਮਰੀਕਾ ਆ ਗਏ। ਮੌਲਵੀ ਬਰਕਤੁਲਾ ਭੂਪਾਲ ਰਿਆਸਤ ਦੇ ਵਸਨੀਕ ਸਨ, ਅਤੇ ਸੰਨ ੧੯੦੯ ਵਿਚ ਟੋਕੀਓ ਯੂਨੀਵਰਸਟੀ (ਜਾਪਾਨ) ਵਿਚ ਪ੍ਰੋਫੈਸਰ ਲਗ ਗਏ, ਜਿਥੇ ਉਹ ਇਕ ਅਖਬਾਰ ਵੀ ਕਢਦੇ ਰਹੇ। ਸੰਨ ੧੯੧੧ ਵਿਚ ਉਨ੍ਹਾਂ ਤੁਰਕੀ ਮਿਸਰ ਆਦਿ ਦੇਸਾਂ ਦਾ ਦੌਰਾ ਕੀਤਾ, ਅਤੇ ਪੈਰਸ ਵਿਚ ਕਿਸ਼ਨ ਜੀ ਵਰਮਾ ਨਾਲ ਵੀ ਚਿੱਠੀ ਪੱਤ੍ਰ ਕਰਦੇ ਰਹੇ। ਇਸ ਦੌਰੇ ਪਿਛੋਂ ਉਨ੍ਹਾਂ ਦਾ ਅਖਬਾਰ ਅੰਗਰੇਜ਼ਾਂ ਵਿਰੁਧ ਇਤਨਾ ਹੋ ਗਿਆ ਕਿ ਜਾਪਾਨੀ ਸਰਕਾਰ ਨੇ ੧੯੧੨ ਵਿਚ ਇਸ ਨੂੰ ਬੰਦ ਕਰ ਦਿੱਤਾ। ੧੯੧੪ ਦੇ ਸ਼ੁਰੂ ਵਿਚ ਉਨ੍ਹਾਂ ਨੂੰ ਨੌਕਰੀਓਂ ਵੀ ਜਵਾਬ ਮਿਲ ਗਿਆ ਅਤੇ ਉਹ ਅਮਰੀਕਾ ਆ ਗਏ, ਜਿਥੇ ਉਹ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ* ਅਤੇ ਇਸ ਦੇ ਮੀਤ ਪ੍ਰਧਾਨ ਬਣਾਏ ਗਏ। ਅਮਰੀਕਾ ਵਿਚ ਉਨ੍ਹਾਂ ਪਾਰਟੀ ਦੇ ਪ੍ਰੋਗਰਾਮ ਨੂੰ ਤਰੱਕੀ ਦੇਣ, ਖਾਸ ਕਰ ਮੁਸਲਮਾਨਾਂ ਨੂੰ ਇਸ ਵਿਚ ਵਧੇਰੇ ਗਿਣਤੀ ਵਿਚ ਸ਼ਾਮਲ ਕਰਨ, ਦਾ ਬਹੁਤ ਸ਼ਲਾਘਾ ਯੋਗ ਉੱਦਮ ਕੀਤਾ, ਅਤੇ ਪਿਛੋਂ ਉਨ੍ਹਾਂ ਦੀ ਡੀਊਟੀ ਹਿੰਦੁਸਤਾਨ ਦੇ ਗਵਾਂਢੀ ਮੁਸਲਮਾਨ ਦੇਸਾਂ ਵਿਚ ਕੰਮ ਕਰਨ ਲਈ ਲਾਈ ਗਈ।

ਗਦਰ ਪਾਰਟੀ ਦੇ ਉਪ੍ਰੋਕਤ ਉਘੇ ਉਹਦੇਦਾਰਾਂ ਤੋਂ ਇਲਾਵਾ, ਭੱਜਣ ਨੱਠਣ ਅਤੇ ਅਮਲੀ ਕੰਮ ਕਰਨ ਦੇ ਲਿਹਾਜ਼ ਨਾਲ, ਗਦਰ ਪਾਰਟੀ ਲਹਿਰ ਵਿਚ ਸਭ ਤੋਂ ਵੱਧ ਹਿੱਸਾ ਸ੍ਰੀ ਕਰਤਾਰ ਸਿੰਘ 'ਸਰਾਭਾ' ਦਾ ਸੀ। ਪਹਿਲੇ ਮੁਕਦਮੇ ਦੇ ਫੈਸਲੇ ਦੇ ਲਫਜ਼ਾਂ ਵਿਚ, "ਅਮਰੀਕਾ ਵਿਚ, ਰਸਤੇ ਵਿਚ ਅਤੇ ਹਿੰਦ ਅੰਦਰ, ਅਮਲੀ ਤੌਰ ਉਤੇ ਸਾਜ਼ਸ਼ ਦਾ ਕੋਈ ਵੀ ਐਸਾ ਭਾਗ ਨਹੀਂ ਜਿਸ ਵਿਚ ਇਸ ਮੁਲਜ਼ਮ ਨੇ ਹਿੱਸਾ ਨਾ ਲਿਆ ਹੋਵੇ" ਅਤੇ "ਇਸ ਦੇ ਵਿਰੁਧ ਸਭ ਤੋਂ ਵੱਧ ਮਸਾਲਾ ਹੈ†"।

ਸ੍ਰੀ ਹਰਨਾਮ ਸਿੰਘ 'ਕਾਹਰੀ ਸਾਹਰੀ' ਦੀ ਸ਼ਖਸੀਅਤ 'ਭਾਈ' ਸੰਤੋਖ ਸਿੰਘ ਦੀ ਸ਼ਖਸੀਅਤ ਨਾਲ ਮਿਲਦੀ ਜੁਲਦੀ ਜਾਪਦੀ ਹੈ। ਆਪ ਅੰਗਰੇਜ਼ੀ ਪੜ੍ਹੇ ਲਿਖੇ (ਸ਼ਾਇਦ ਐਮ. ਏ.) ਅਤੇ ਸਿਆਣੇ ਸਜਣ ਸਨ‡, ਜਿਨ੍ਹਾਂ ਵਿਚ ਇਨਕਲਾਬੀ ਲਗਨ ਅਤੇ ਗੰਭੀਰਤਾ ਦਾ ਬਹੁਤ ਸੋਹਣਾ ਤਵਾਜ਼ਨ ਸੀ। ਕੈਨੇਡਾ ਦੀ ਤਹਿਰੀਕ ਵਿਚ ਉੱਘਾ ਹਿੱਸਾ ਲੈਣ ਬਦਲੇ ਉਨ੍ਹਾਂ ਨੂੰ ਸੰਨ ੧੯੧੦-੧੧ ਵਿਚ ਓਥੋਂ ਜਲਾਵਤਨ ਕੀਤਾ ਗਿਆ, ਅਤੇ

---

Parmanand, p. 61)। ਲਾ: ਹਰਦਿਆਲ ਨਾਲ ਸੰਬੰਧਤ ਕੀਤੀ ਜਾਂਦੀ ਕਤਾਬ 'Twenty four months in Germany and Turkey' ਪੜ੍ਹਨ ਤੋਂ ਉਨ੍ਹਾਂ ਦੀ ਤਵਾਜ਼ਨ ਨਾ ਰੱਖਣ ਵਾਲੀ ਤਬੀਅਤ ਹੋਰ ਵੀ ਸਪੱਸ਼ਟ ਹੁੰਦੀ ਹੈ।

†'ਅਕਾਲੀ ਤੇ ਪ੍ਰਦੇਸ਼ੀ', ਅੰਮ੍ਰਿਤਸਰ, ੨੪ ਅਤੇ ੨੫ ਅਪ੍ਰੈਲ, ੧੯੩੦, ਦੇ ਪਰਚੇ।

*Mandlay Case, Judgement, p. 34.

*Third Case, Judgement, p. 32.

*O' Dwyer, p. 186.

†First Case, Individual Case of Kartar Singh, V. Sarabha, p. 1.

‡Mandlay Case, Judgement, p. 265

ਗਦਰ ਪਾਰਟੀ ਬਣਨ ਤੋਂ ਪਹਿਲੋਂ ਉਹ ਅਮਰੀਕਾ ਵਿਚ ਸ਼੍ਰੀ ਜੀ. ਡੀ. ਕੁਮਾਰ ਅਤੇ ਸ਼੍ਰੀ ਤਾਰਕਾ ਨਾਥ ਦਾਸ ਨਾਲ ਮਿਲਕੇ ਅਖਬਾਰ ਕਢਦੇ ਰਹੇ । ਗਦਰ ਪਾਰਟੀ ਬਣ ਜਾਣ ਉਤੇ ਉਨ੍ਹਾਂ ਇਸ ਵਿਚ ਵੱਧ ਚੜ੍ਹਕੇ ਹਿੱਸਾ ਲਿਆ, ਜਿਸ ਬਦਲੇ ਉਨ੍ਹਾਂ ਨੂੰ ਅਮਰੀਕਾ ਵਿਚੋਂ ਵੀ ੨੬ ਸਤੰਬਰ ੧੯੧੪ ਨੂੰ ਜਲਾਵਤਨ ਕੀਤਾ ਗਿਆ । 'ਭਾਈ' ਸੰਤੋਖ ਸਿੰਘ ਵਾਂਗੂ ਹੀ ਆਪ ਆਪਣੀ ਸ਼ਖਸੀਅਤ ਨੂੰ ਸੰਕੋਚ ਕੇ ਤੇ ਪਿਛੇ ਰਹਿ ਕੇ ਵਧੇਰੇ ਕੰਮ ਕਰਦੇ ਸਨ, ਜਿਸ ਕਰਕੇ ਅਗਲਬੱ ਉਹ ਗਦਰ ਪਾਰਟੀ ਦੇ ਸੈਂਟਰ ਤੋਂ ਲਾਂਭੇ ਰਹੇ, ਅਤੇ 'ਭਾਈ' ਸੰਤੋਖ ਸਿੰਘ ਵਾਂਗੂੰ ਉਹ ਪਬਲਕ ਦੀਆਂ ਨਜ਼ਰਾਂ ਵਿਚ ਮਸ਼ਹੂਰ ਨਹੀਂ ਹੋਏ । ਪਰ ਮਾਂਡਲੇ ਕੇਸ ਦੇ ਲਫਜ਼ਾਂ ਵਿਚ "ਅਮਰੀਕਾ ਵਿਚ ਗਦਰ ਪਾਰਟੀ ਦੇ ਸਭ ਤੋਂ ਵੱਧ ਖਤਰਨਾਕ ਆਦਮੀਆਂ ਵਿਚੋਂ ਉਹ ਇਕ ਸਨ", ਅਤੇ ਸਿਆਮ ਦੀ ਮੁਹਿੰਮ ਦੇ ਲੀਡਰਾਂ ਵਿਚੋਂ ਇਕ* ।

ਉਪ੍ਰੋਕਤ ਸਜਣ ਅਤੇ 'ਗਦਰ' ਅਖਬਾਰ ਨੂੰ ਚਲਾਉਣ ਵਾਲੇ ਨਿਸ਼ਕਾਮ ਸੇਵਕਾਂ ਦਾ ਜੁਟ, ਜਿਸ ਦਾ ਅਠਵੇਂ ਕਾਂਡ ਵਿਚ ਜ਼ਿਕਰ ਆ ਚੁਕਾ ਹੈ, ਅਮਰੀਕਾ ਵਿਚ ਗਦਰ ਪਾਰਟੀ ਲਹਿਰ ਦੀ ਜਿੰਦ ਜਾਨ ਸਨ। ਇਨ੍ਹਾਂ ਨੇ ਲਾ: ਹਰਦਿਆਲ ਦੀ ਅਮਰੀਕਾ ਤੋਂ ਰਵਾਨਗੀ ਪਿਛੋਂ ਨਾ ਕੇਵਲ ਲਹਿਰ ਨੂੰ ਢਿਲੇ ਹੋਣੋਂ ਬਚਾਇਆ, ਬਲਕਿ ਇਸ ਨੂੰ ਅਗੇ ਨਾਲੋਂ ਵੀ ਪ੍ਰਫੁਲਤ ਕਰਨ ਵਿਚ ਉਘਾ ਹਿੱਸਾ ਲਿਆ। ਹਰ ਇਕ ਲਹਿਰ ਵਿਚ ਐਸੀਆਂ ਵਿਅੱਕਤੀਆਂ ਹੁੰਦੀਆਂ ਹਨ ਜੋ ਆਪਣੀ ਸ਼ਖਸੀਅਤ ਦੇ ਕਾਰਨ ਲਹਿਰ ਵਿਚ ਖਾਸ ਹਿੱਸਾ ਪਾਉਂਦੀਆਂ ਹਨ । ਪਰ ਗਦਰ ਪਾਰਟੀ ਲਹਿਰ ਦੀ ਨਿਗਰਤਾ ਦਾ ਦੂਸਰਾ ਅਤੇ ਅਸਲੀ ਵਡਾ ਕਾਰਨ ਇਸ ਦਾ ਸ੍ਵੈਸਿਤ ਉਭਾਰ ਸੀ, ਜਿਸ ਦੇ ਕਾਰਨ ਇਸ ਵਿਚ ਹਿੱਸਾ ਲੈਣ ਵਾਲਾ ਤਕਰੀਬਨ ਹਰ ਇਕ ਅਨਸਰ ਜੀਉਂਦਾ ਜਾਗਦਾ ਅਤੇ ਖੁਦਬਖੁਦ ਹਰਕਤ ਵਿਚ ਸੀ। ਅਠਵੇਂ ਕਾਂਡ ਵਿਚ ਵੇਖਿਆ ਜਾ ਚੁਕਾ ਹੈ ਕਿ ਜਦ ਪ੍ਰਬੰਧਕਾਂ ਨੇ 'ਗਦਰ' ਅਖਬਾਰ ਜਾਰੀ ਕਰਨ ਵਿਚ ਢਿਲ ਮਠ ਕੀਤੀ, ਤਾਂ ਹਿੰਦੀ ਕਾਮਿਆਂ ਨੇ ਪ੍ਰਬੰਧਕਾਂ ਨੂੰ ਜਲਦੀ ਕਰਨ ਵਾਸਤੇ ਕਿਵੇਂ ਜ਼ੋਰ ਦਿਤਾ । ਇਸੇ ਸ੍ਵੈਸਿਤ ਉਭਾਰ ਦੇ ਕਾਰਨ ਅਮਰੀਕਾ ਅਤੇ ਕੈਨੇਡਾ ਤੋਂ ਬਾਹਰ ਧੁਰ ਪੂਰਬ ਦੇ ਮੁਲਕਾਂ (ਫਿਲੇਪਾਈਨ, ਮਲਾਯਾ, ਸਿਆਮ, ਬਰਮਾ, ਚੀਨ ਜਾਪਾਨ ਆਦਿ), ਜਿਥੇ ਗਦਰ ਪਾਰਟੀ ਦੇ ਬਹੁਤੇ ਕਾਰਗਰ ਸੰਬੰਧ ਨਹੀਂ ਸਨ, ਵਿਚ ਉਘੇ ਇਨਕਲਾਬੀ ਪੈਦਾ ਹੋਏ; ਜਿਨ੍ਹਾਂ ਬਗੈਰ ਲੰਮੀ ਚੌੜੀ ਪ੍ਰੇਰਨਾ ਦੇ ਬਹੁਤ ਮਾਮੂਲੀ ਮੇਲ ਮਿਲਾਪ ਹੋਣ ਉਤੇ ਗਦਰ ਪਾਰਟੀ ਲਹਿਰ ਦੇ ਸੰਗਰਾਮ ਵਿਚ ਛਾਲਾਂ ਮਾਰ ਦਿਤੀਆਂ; ਅਤੇ ਸ਼੍ਰੀ ਪਿੰਗਲੇ ਅਤੇ ਸ਼੍ਰੀ ਸੋਹਨ ਲਾਲ 'ਪਾਠਕ' ਵਾਂਗੂੰ ਅਨੇਕਾਂ ਇਨਕਲਾਬੀਆਂ, ਜੋ ਪਹਿਲੋਂ ਅਮਰੀਕਾ ਜਾਂ ਕੈਨੇਡਾ ਵਿਚ ਬਹੁਤੇ ਉਘੇ ਨਹੀਂ ਸਨ, ਨੇ ਗਦਰ ਪਾਰਟੀ ਲਹਿਰ ਦੇ ਹਿੰਦ ਅਤੇ ਇਸ ਦੇ ਗਵਾਂਢੀ ਮੁਲਕਾਂ ਵਿਚਲੇ ਸੰਗਰਾਮ ਵਿਚ ਉਘਾ ਹਿੱਸਾ ਲਿਆ।

---

*Mandlay Case, Judgement, p. 285

## ਦਸਵਾਂ ਕਾਂਡ

# ਜਥੇਬੰਦੀ ਅਤੇ ਹੋਰ ਕੰਮ

'ਗਦਰ' ਅਖਬਾਰ ਤੋਂ ਇਲਾਵਾ ਗਦਰ ਪਾਰਟੀ ਦੇ ਸਾਹਮਣੇ ਆਪਣੀ ਜਥੇਬੰਦੀ ਨੂੰ ਪੱਕਿਆਂ ਕਰਨ ਅਤੇ ਆਪਣੀ ਪਲੈਨ ਦੇ ਕਈ ਗੁਪਤ ਅੰਗਾਂ ਨੂੰ ਸਿਰੇ ਚਾੜ੍ਹਨ ਦੇ ਵੀ ਕੰਮ ਸਨ।

**ਜਥੇਬੰਦੀ**—ਗਦਰ ਪਾਰਟੀ ਲਹਿਰ ਸੰਬੰਧੀ ਚਲੇ ਮੁਕੱਦਮਿਆਂ ਵਿਚ ਸਿਰਫ ਇਹ ਹੀ ਜ਼ਿਕਰ ਆਉਂਦਾ ਹੈ ਕਿ 'ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ', ਅਰਥਾਤ ਗਦਰ ਪਾਰਟੀ, ਦੀਆਂ ਅਮਰੀਕਾ ਵਿਚ* ਅਤੇ ਅਮਰੀਕਾ ਤੋਂ ਬਾਹਰ ਕਈ ਮੁਲਕਾਂ ਵਿਚ ਸ਼ਾਖਾਂ ਸਨ। ਗਦਰ ਪਾਰਟੀ ਦੇ ਉਸ ਸਮੇਂ ਦੇ ਆਪਣੇ ਰੀਕਾਰਡਾਂ ਬਾਰੇ ਇਹ ਵੀ ਪਤਾ ਨਹੀਂ, ਹਨ ਕਿ ਨਹੀਂ। ਇਸ ਵਾਸਤੇ ਗਦਰ ਪਾਰਟੀ ਦੀ ਬਣਤਰ ਬਾਰੇ ਸ਼੍ਰੀ ਸੋਹਨ ਸਿੰਘ 'ਭਕਨਾ', ਪ੍ਰਧਾਨ ਗਦਰ ਪਾਰਟੀ, ਦੇ ਬਿਆਨ ਬਿਨਾਂ ਹੋਰ ਕੋਈ ਵਾਕਫੀਅਤ ਨਹੀਂ ਮਿਲ ਸਕੀ, ਅਤੇ ਇਸ ਲਹਿਰ ਦੇ ਇਤਹਾਸ ਦਾ ਇਹ ਪਹਿਲੂ ਅਧੂਰਾ ਹੈ।

ਸ਼੍ਰੀ ਸੋਹਨ ਸਿੰਘ 'ਭਕਨਾ' ਮੁਤਾਬਕ ਗਦਰ ਪਾਰਟੀ ਦੀ ਬਣਤਰ ਜ਼ਮਹੂਰੀ ਲੀਹਾਂ ਉਤੇ ਸੀ, ਅਤੇ ਇਸ ਦਾ ਇਕ ਉਪਨਿਯਮ ਇਹ ਸੀ ਕਿ ਕੋਈ ਇਕ ਆਦਮੀ ਵਾਹਦ ਲੀਡਰ ਨਹੀਂ ਸਮਝਿਆ ਜਾਵੇਗਾ । ਅਮਰੀਕਾ ਅੰਦਰ ਮਿੱਲਾਂ ਵਿਚ ਅਤੇ ਗੈਂਗਾਂ (ਇਕ ਥਾਂ ਜੰਮ ਕੇ ਨਾ ਬਹਿਣ ਵਾਲੇ ਟੋਲਿਆਂ) ਦੀ ਸ਼ਕਲ ਵਿਚ ਜਿਥੇ ਵੀ ਗਦਰ ਪਾਰਟੀ ਦੇ ਮੈਂਬਰਾਂ ਦੀ ਕੁਝ ਗਿਣਤੀ ਹੁੰਦੀ, ਉਨ੍ਹਾਂ ਵਿਚੋਂ ਇਕ ਚੁਣਵੀਂ ਮੁਕਾਮੀਂ ਕਮੇਟੀ ਬਣ ਜਾਂਦੀ, ਜਿਸ ਦਾ ਗਦਰ ਪਾਰਟੀ ਨਾਲ ਸਿੱਧਾ ਸੰਬੰਧ ਹੁੰਦਾ। ਮੁਕਾਮੀਂ ਕਮੇਟੀਆਂ ਦੇ ਪ੍ਰਤਿਨਿਧ ਗਦਰ ਪਾਰਟੀ ਦੀ ਕੇਂਦ੍ਰੀ ਪ੍ਰਬੰਧਕ ਕਮੇਟੀ ਚੁਣਦੇ, ਜਿਸ ਦੇ ਹੱਥ ਪਾਰਟੀ ਦਾ ਸਾਰਾ ਪ੍ਰਬੰਧ ਹੁੰਦਾ। ਮੁਕਾਮੀਂ ਕਮੇਟੀਆਂ ਅਤੇ ਕੇਂਦ੍ਰੀ ਪਰਬੰਧਕ ਕਮੇਟੀ ਦੀ ਚੋਣ ਹਰ ਸਾਲ ਹੁੰਦੀ । ਪ੍ਰਬੰਧਕ ਕਮੇਟੀ ਅਗੋਂ ਆਪਣੇ ਉਹਦੇਦਾਰਾਂ ਅਤੇ ਵਖੋ ਵਖ ਕੰਮਾਂ ਨੂੰ ਚਲਾਉਣ ਵਾਲੀਆਂ ਸਬ-ਕਮੇਟੀਆਂ ਦੀ ਚੋਣ ਕਰਦੀ। ਪ੍ਰਬੰਧਕ ਕਮੇਟੀ ਦੇ ਅਗੋਂ ਦੋ ਭਾਗ ਸਨ—ਇਕ ਪ੍ਰਗੱਟ ਅਤੇ ਦੂਜਾ ਗੁਪਤ। ਗੁਪਤ ਕਮੇਟੀ ਅਥਵਾ ਕਮੀਸ਼ਨ ਦੇ ਤਿੰਨ ਮੈਂਬਰ ਹੁੰਦੇ, ਅਤੇ ਸਾਰੇ ਗੁਪਤ ਕੰਮ ਇਸ ਕਮੀਸ਼ਨ ਦੇ ਹਵਾਲੇ ਹੁੰਦੇ। ਜਿਤਨਾ ਰੁਪੱਯਾ ਗੁਪਤ ਕਮੀਸ਼ਨ ਪ੍ਰਬੰਧਕ ਕਮੇਟੀ ਪਾਸੋਂ ਮੰਗਦਾ, ਉਸ ਨੂੰ ਬਿਨਾਂ ਕਾਰਨ ਪੁਛੇ ਦੇਣਾ ਪੈਂਦਾ; ਅਤੇ ਪ੍ਰਬੰਧਕ ਕਮੇਟੀ ਨੂੰ ਇਹ ਵੀ ਹੱਕ ਨਾ ਹੁੰਦਾ ਕਿ ਉਹ ਗੁਪਤ ਕਮੀਸ਼ਨ ਨੂੰ ਉਸ ਵਕਤ ਤਕ ਹਸਾਬ ਦੇਣ ਲਈ ਮਜਬੂਰ ਕਰ ਸਕੇ, ਜਦੋਂ ਤਕ ਕਿ ਕਮੀਸ਼ਨ ਖੁਦ ਹਸਾਬ ਦੇਣਾ ਯੋਗ ਨਾ ਸਮਝੇ। ਪਰ ਜੇ ਪ੍ਰਬੰਧਕ ਕਮੇਟੀ ਨੂੰ ਗੁਪਤ ਕਮੀਸ਼ਨ ਦੇ ਕਿਸੇ ਮੈਂਬਰ ਜਾਂ ਸਾਰੇ ਕਮੀਸ਼ਨ ਦੀ ਨੀਯਤ ਜਾਂ ਯੋਗਤਾ ਬਾਰੇ ਸ਼ੱਕ ਹੋ ਜਾਵੇ, ਤਾਂ ਉਹ ਮੈਂਬਰ ਜਾਂ ਕਮੀਸ਼ਨ ਨੂੰ ਬਦਲਣ ਦਾ ਹੱਕ ਰਖਦੀ । ਪ੍ਰਬੰਧਕ ਕਮੇਟੀ ਜਾਂ ਗੁਪਤ ਕਮੀਸ਼ਨ ਦਾ ਕੋਈ ਮੈਂਬਰ, ਜੇ ਉਹ ਬੇਈਮਾਨੀ ਕਰੇ ਜਾਂ ਪਾਰਟੀ ਦੇ ਭੇਦ ਵੈਰੀਆਂ ਪਾਸ ਪ੍ਰਗੱਟ ਕਰੇ, ਤਾਂ ਉਸ ਲਈ ਮੌਤ ਦੀ ਸਜ਼ਾ ਸੀ। ਪ੍ਰਗੱਟ ਭਾਗ ਦੇ ਖਰਚ ਦੀ ਰੀਪੋਰਟ ਪ੍ਰਬੰਧਕ ਕਮੇਟੀ ਹਰ

---

*First Case, The beginning of the conspiracy and war, p. 5.

ਮਹੀਨੇ ਪਰਕਾਸ਼ਤ ਕਰਦੀ, ਅਤੇ ਪਾਰਟੀ ਦੇ ਦਫਤ੍ਰ, ਪ੍ਰੈਸ ਅਤੇ ਅਖਬਾਰ ਵਿਚ ਜਾਂ ਪਾਰਟੀ ਦਾ ਹੋਰ ਕੰਮ ਕਰਨ ਵਾਲੇ ਵਰਕਰਾਂ ਨੂੰ ਤਨਖਾਹ ਨਹੀਂ ਸੀ ਮਿਲ ਸਕਦੀ। ਕੇਵਲ ਜ਼ਰੂਰਤ ਅਨੁਸਾਰ ਰੋਟੀ ਤੇ ਕਪੜਾ ਬਰਾਬਰੀ ਦੇ ਅਸੂਲਾਂ ਅਨੁਸਾਰ ਹਰ ਇਕ ਵਰਕਰ ਨੂੰ ਇਕੋ ਜਿਹਾ ਪਾਰਟੀ ਦੇ ਫੰਡ ਵਿਚੋਂ ਮਿਲ ਸਕਦਾ*।

'ਹਿੰਦੁਸਤਾਨ ਗਦਰ ਪਾਰਟੀ' (ਅਮਰੀਕਾ ਵਿਚ ਕਾਨੂੰਨੀ ਗਰਿਫਤ ਤੋਂ ਬਚਣ ਵਾਸਤੇ ਸੈਨਫ੍ਰਾਂਸਿਸਕੋ ਮੁਕੱਦਮੇਂ ਪਿਛੋਂ ਗਦਰ ਪਾਰਟੀ ਨੇ ਜੋ ਆਪਣਾ ਨਾਮ ਰਖ ਲਿਆ) ਨੇ ਜੋ ਸੰਨ ੧੯੨੮ ਵਿਚ ਆਪਣੀ ਬਣਤਰ ਦੇ ਨਿਯਮ ਛਾਪੇ†, ਉਨ੍ਹਾਂ ਵਿਚ ਪਹਿਲੀ ਬਣਤਰ ਨਾਲੋਂ ਕਈ ਤਬਦੀਲੀਆਂ ਹੋਣਗੀਆਂ। ਪਰ ਉਨ੍ਹਾਂ ਵਿਚ ਵੀ ਦਰਜ ਹੈ ਕਿ ਗੁਪਤ ਕਮੀਸ਼ਨ ਤਿੰਨਾਂ ਮੈਂਬਰਾਂ ਦਾ ਹੋਵੇਗਾ, ਜਿਨ੍ਹਾਂ ਨੂੰ ਕੇਂਦਰੀ ਪੰਚਾਇਤ ਉਮਰ ਭਰ ਵਾਸਤੇ ਚੁਣੇਗੀ। ਇਹ ਕਮੀਸ਼ਨ ਕੇਂਦਰੀ ਪੰਚਾਇਤ ਨੂੰ ਹਰ ਸਾਲ ਰੀਪੋਰਟ ਕਰੇਗਾ ਕਿ ਸਾਲ ਵਿਚ ਕਿਤਨਾਂ ਰੁਪੱਯਾ ਖਰਚ ਹੋਇਆ। ਪਰ ਆਪਣੀਆਂ ਕਾਰਰਵਾਈਆਂ ਅਤੇ ਆਮਦਨ ਖਰਚ ਦੀ ਤਫਸੀਲ ਸਿਰਫ ਉਸ ਹਾਲਤ ਵਿਚ ਅਗੋਂ ਵਾਸਤੇ ਮੁਕੱਰਰ ਹੋਏ ਕਮੀਸ਼ਨ ਨੂੰ ਪੇਸ਼ ਕਰੇਗਾ, ਜਿਸ ਹਾਲਤ ਵਿਚ ਇਹ ਆਪ ਅਸਤੀਫਾ ਦੇ ਦੇਵੇ ਜਾਂ ਬਰਖਾਸਤ ਕਰ ਦਿਤਾ ਜਾਵੇ। ਇਸ ਤਰ੍ਹਾਂ 'ਹਿੰਦੁਸਤਾਨ ਗਦਰ ਪਾਰਟੀ' ਦੀ ਨਿਯਮਕ ਬਣਤਰ ਦਾ ਇਹ ਹਿੱਸਾ ਸ਼੍ਰੀ ਸੋਹਣ ਸਿੰਘ 'ਭਕਨਾ' ਵਲੋਂ ਦਿਤੀ ਗਈ ਗਦਰ ਪਾਰਟੀ ਦੇ ਕਮੀਸ਼ਨ ਦੀ ਬਣਤਰ ਨਾਲ ਮੁਖ ਰੂਪ ਵਿਚ ਮੇਲ ਖਾਂਦਾ ਹੈ।

ਗਦਰ ਪਾਰਟੀ ਦੇ ਨਿਯਮ ਉਪਨਿਯਮਂ ਉਪ੍ਰੋਕਤ ਸਨ ਜਾਂ ਹੋਰ, ਇਹ ਜਾਪਦਾ ਹੈ ਕਿ ਜਿਸ ਸਮੇਂ ਨਾਲ ਇਸ ਇਤਹਾਸ ਦਾ ਬਹੁਤਾ ਸੰਬੰਧ ਹੈ, ਉਸ ਸਮੇਂ ਗਦਰ ਪਾਰਟੀ ਦੀ ਜਥੇਬੰਦੀ ਨੂੰ ਚਲਾਉਣ ਵਿਚ ਨਿਯਮ ਉਪਨਿਯਮਾਂ ਦਾ ਉਹ ਹੱਥ ਨਹੀਂ ਸੀ ਜੋ ਆਮੂਮਨ ਜਥੇਬੰਦੀਆਂ ਨੂੰ ਚਲਾਉਣ ਵਿਚ ਇਨ੍ਹਾਂ ਦਾ ਹੋਇਆ ਕਰਦਾ ਹੈ*। ਇਹ ਫਰਜ਼ ਕਰਨ ਦਾ ਇਕ ਕਾਰਨ ਤਾਂ ਇਹ ਹੈ ਕਿ ਜਿਸ ਕਿਸਾਨ ਅਨਸਰ ਦਾ ਗਦਰ ਪਾਰਟੀ ਵਿਚ ਜ਼ੋਰ ਸੀ, ਉਸ ਨੂੰ ਇਸ ਕਿਸਮ ਦਾ ਅਜੇ ਤਜਰਬਾ ਨਹੀਂ ਸੀ ਹੋਇਆ। ਪਰ ਇਸ ਤੋਂ ਵੀ ਵਡਾ ਕਾਰਨ (ਜੋ ਗਦਰ ਪਾਰਟੀ ਲਹਿਰ ਦੀ ਸਪਿਰਟ ਨੂੰ ਵੀ ਜ਼ਾਹਰ ਕਰਦਾ ਹੈ) ਇਹ ਸੀ ਕਿ ਗਦਰ ਪਾਰਟੀ

*'ਅਕਾਲੀ ਤੇ ਪ੍ਰਦੇਸੀ', ੧੮ ਅਪ੍ਰੈਲ ਸੰਨ ੧੯੩੦ ਦਾ ਪਰਚਾ।

†The United States of India, March 1928 (Published by the Hindustan Ghadr Party, U.S.A.)

*Unamerican Activities ਬਾਰੇ ਰੀਪੋਰਟ (ਪੰਨਾ ੨੧੫) ਵਿਚ ਤਾਂ ਇਥੋਂ ਤਕ ਲਿਖਿਆ ਹੈ ਕਿ ਸੰਨ ੧੯੧੭ ਤੋਂ ਪਹਿਲੋਂ ਗਦਰ ਪਾਰਟੀ ਇਕ ਢਿਲੀ ਜਿਹੀ ਜਥੇਬੰਦੀ ਸੀ, ਜਿਸ ਦੇ ਬਾਕਾਇਦਾ ਨਿਯਮ ਉਪਨਿਯਮ ਅਤੇ ਮੈਂਬਰ ਨਹੀਂ ਸਨ। ਇਹ ਰਾਏ ਅਮਰੀਕਨ ਜਥੇਬੰਦੀਆਂ ਦੇ ਦਸਤੂਰ ਦੇ ਪੈਮਾਨੇ ਨੂੰ ਸਾਹਮਣੇ ਰਖਕੇ ਪੇਸ਼ ਕੀਤੀ ਗਈ ਜਾਪਦੀ ਹੈ। ਇਹ ਠੀਕ ਹੈ ਕਿ ਸੰਨ ੧੯੧੭ ਤੋਂ ਪਹਿਲੋਂ ਗਦਰ ਪਾਰਟੀ ਰਜਿਸਟਰਡ ਜਥੇਬੰਦੀ ਨਹੀਂ ਸੀ, ਪਰ ਇਸ ਦਾ ਇਹ ਭਾਵ ਨਹੀਂ ਕਿ ਗਦਰ ਪਰਟੀ ਦੇ ਨਿਯਮ ਉਪਨਿਯਮ ਜਾਂ ਮੈਂਬਰ ਉੱਕਾ ਨਹੀਂ ਸਨ ਹੋ ਸਕਦੇ। ਅਮਰੀਕਾ ਅਤੇ ਅਮਰੀਕਾ ਤੋਂ ਬਾਹਰ ਗਦਰ ਪਾਰਟੀ ਦੀਆਂ ਬਾਕਾਇਦਾ ਸ਼ਾਖਾਂ ਸਨ (First Case, The beginning of the conspiracy and war, p. 5); ਅਤੇ ਸ਼੍ਰੀ ਸੋਹਨ ਸਿੰਘ 'ਭਕਨਾ' ਤੋਂ ਇਲਾਵਾ ਉਸ ਸਮੇਂ ਗਦਰ ਪਾਰਟੀ ਵਿਚ ਹਿੱਸਾ ਲੈਣ ਵਾਲੇ ਅਤੇ ਐਸ ਸਮੇਂ ਮੌਜੂਦ ਸਭ ਉਘੇ ਮੈਂਬਰ ਇਸ ਬਾਰੇ ਮੁੱਤਫਿਕ ਹਨ ਕਿ ਅਮਰੀਕਾ ਵਿਚ ਗਦਰ ਪਾਰਟੀ ਦੇ ਮੈਂਬਰ ਸਨ ਅਤੇ ਗਦਰ ਪਾਰਟੀ ਦੀਆਂ ਬਾਕਾਇਦਾ ਮੀਟਿੰਗਾਂ ਹੁੰਦੀਆਂ।

ਲਹਿਰ ਵਿਚ ਹਿੱਸਾ ਲਣ ਵਾਲਿਆਂ ਵਿਚੋਂ ਬਹੁਤਿਆਂ ਵਿਚ, ਤੀਜੇ ਕਾਂਡ ਵਿਚ ਦਿਤੇ ਕਾਰਨਾਂ ਕਰਕੇ, ਆਪਣੇ ਦੇਸ ਨੂੰ ਆਜ਼ਾਦ ਕਰਾਉਣ ਲਈ ਅਸਾਧਾਰਨ ਕਿਸਮ ਦੀ ਤੀਬਰ ਲਗਨ ਲਗੀ ਹੋਈ ਸੀ। Unamerican Activities ਬਾਰੇ ਰੀਪੋਰਟ (ਫੰਨਾ ੨੧੪) ਵਿਚ ਹੀ ਦਰਜ ਹੈ ਕਿ ਗਦਰ ਪਾਰਟੀ ਦੇ ਮੈਂਬਰਾਂ ਵਿਚ ਇਕ ਦੂਜੇ ਲਈ ਅਤੇ ਪਾਰਟੀ ਲਈ ਫਰਮਾਂਬਰਦਾਰੀ ਕੁਟ ਕੁਟ ਕੇ ਭਰੀ ਹੋਈ ਸੀ। ਇਸ ਤੀਬਰ ਲਗਨ ਦੇ ਕਾਰਨ ਜਥੇਬੰਦੀ ਵਿਚ ਉਹਦੇ ਜਾਂ ਤਾਕਤ ਹਾਸਲ ਕਰਨ ਦੀ ਭਜ ਦੌੜ, ਜਾਂ ਉੱਕੀ ਨਹੀਂ ਸੀ ਜਾਂ ਬਹੁਤ ਦੱਬੀ ਹੋਈ ਸੀ। ਆਪਣੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਦੀ ਖਿੱਚ ਨੇ ਇਤਨੀ ਇਕਸੁਰਤਾ ਪੈਦਾ ਕੀਤੀ ਹੋਈ ਸੀ ਕਿ ਨਿਯਮਾਂ ਉਪਨਿਯਮਾਂ ਦੀਆਂ ਬਰੀਕੀਆਂ ਵਲ ਧਿਆਨ ਦੇਣ ਦੀ ਲੋੜ ਨਹੀਂ ਸੀ ਪੈਂਦੀ। ਇਹ ਕੇਵਲ ਕਿਆਸ ਹੀ ਨਹੀਂ। ਗਦਰ ਪਾਰਟੀ ਲਹਿਰ ਦੇ ਅਮਲੀ ਤੌਰ ਉਤੇ ਫੇਲ ਹੋ ਜਾਣ ਅਤੇ ਪੰਡਤ ਰਾਮ ਚੰਦਰ ਪਸ਼ਾਵਰੀਆ ਦੇ ਦੌਰ ਸ਼ੁਰੂ ਹੋਣ ਵੇਲੇ ਤਕ, ਗਦਰ ਪਾਰਟੀ ਵਿਚ ਉਹਦਿਆਂ ਬਾਰੇ ਕਿਸੇ ਹੋਏ ਝਗੜੇ ਜਾਂ ਮੁਕਾਬਲੇ ਦਾ ਮੁਕੱਦਮਿਆਂ ਵਿਚ ਜ਼ਿਕਰ ਤਕ ਨਹੀਂ ਆਉਂਦਾ, ਹਾਲਾਂ ਕਿ ਗਦਰ ਪਾਰਟੀ ਅਤੇ ਧਾਰਮਕ ਸੰਸਥਾਵਾਂ ਵਿਚਕਾਰ ਮਾਮੂਲੀ ਮਾਮੂਲੀ ਹੋਏ ਝਗੜਿਆਂ ਦਾ ਜ਼ਿਕਰ ਆਉਂਦਾ ਹੈ। ਸਗੋਂ ਉਹਦੇਦਾਰੀਆਂ ਵਲ ਇਥੋਂ ਤਕ ਘਟ ਧਿਆਨ ਦਿਤਾ ਗਿਆ ਜਾਪਦਾ ਹੈ ਕਿ ਇਸ ਕਾਰਨ ਉਸ ਸਮੇਂ ਦੇ ਗਦਰ ਪਾਰਟੀ ਦੇ ਚੁਣੇ ਹੋਏ ਉਹਦੇਦਾਰਾਂ ਬਾਰੇ ਸਪੱਸ਼ਟ ਤੌਰ ਉਤੇ ਪਤਾ ਨਹੀਂ ਲਗ ਸਕਿਆ, ਅਤੇ ਇਸ ਬਾਰੇ ਨਿਰਣਾ ਕਰਨ ਲਈ ਕੁਝ ਅੰਦਾਜ਼ੇ ਅਤੇ ਅਨੁਮਾਨ ਦੀ ਓਟ ਲੈਣੀ ਪਈ ਹੈ*। ਨਾ ਹੀ ਇਸ ਸਮੇਂ ਅੰਦਰ ਪਾਰਟੀ ਵਿਚ ਜ਼ਬਤ ਕਾਇਮ ਰੱਖਣ ਵਾਸਤੇ ਕੀਤੀ ਗਈ ਕਿਸੇ ਕਾਰਰਵਾਈ ਦੀ ਮਿਸਾਲ ਮਿਲ ਸਕੀ ਹੈ; ਹਾਲਾਂਕਿ ਗਦਰ ਪਾਰਟੀ ਦੇ ਇਨਕਲਾਬੀਆਂ ਦਾ ਹਿੰਦ ਵਿਚ ਕੀਤਾ ਕੰਮ ਇਸ ਕਿਸਮ ਦਾ ਸੀ ਅਤੇ ਇਤਨਾ ਖਤਰੇ ਵਾਲਾ ਸੀ, ਜੋ ਬਿਨਾਂ ਮੁਕੰਮਲ ਜ਼ਬਤ ਦੇ ਹੋ ਨਹੀਂ ਸੀ ਸਕਦਾ। ਇਸ ਤੋਂ ਬਿਨਾਂ ਅਮਰੀਕਾ ਤੋਂ ਹਿੰਦੁਸਤਾਨ ਨੂੰ ਆਉਂਦਿਆਂ ਹੋਇਆਂ ਰਸਤੇ ਵਿਚ ਅਤੇ ਹਿੰਦੁਸਤਾਨ ਵਿਚ ਆ ਕੇ, ਕੇਵਲ ਬਹੁਤ ਮਾਮੂਲੀ ਜਾਣ ਪਛਾਣ ਦੇ ਆਧਾਰ ਉਤੇ ਤੇ ਬਿਨਾਂ ਨਿਯਮਕ ਰਸਮਾਂ (Formalities) ਪੂਰੀ ਕੀਤਿਆਂ, ਹੋਰ ਇਨਕਲਾਬੀਆਂ ਨੂੰ ਆਪਣੇ ਨਾਲ ਸ਼ਾਮਲ ਕਰ ਲਿਆ ਗਿਆ। ਖਾਸ ਕਰ ਜਿਸਤਰ੍ਹਾਂ ਮੌਲਵੀ ਬਰਕਤੁਲਾ ਅਤੇ ਸ਼੍ਰੀ ਰਾਸ ਬਿਹਾਰੀ ਬੋਸ ਨੂੰ ਇਕਦੱਮ ਆਪਣਾ ਲੀਡਰ ਬਣਾ ਲਿਆ ਗਿਆ, ਉਸ ਤੋਂ ਵੀ ਇਹੋ ਜ਼ਾਹਰ ਹੁੰਦਾ ਹੈ ਕਿ ਗਦਰ ਪਾਰਟੀ ਲਹਿਰ ਵਿਚ ਹਿੱਸਾ ਲੈਣ ਵਾਲਿਆਂ ਵਿਚ ਜ਼ਬਤ, ਏਕਤਾ ਅਤੇ ਇਕਸੁਰਤਾ ਕਾਇਮ ਰਖਣ ਵਿਚ ਨਿਯਮਕ ਬੰਧਨਾਂ ਅਤੇ ਆਸਰਿਆਂ ਦੀ ਬਜਾਏ ਇਨਕਲਾਬੀ ਤੀਬਰ ਲਗਨ ਦਾ ਵਧੇਰੇ ਹੱਥ ਸੀ।

ਅਠਵੇਂ ਕਾਂਡ ਵਿਚ ਜਿਵੇਂ ਦੱਸਿਆ ਜਾ ਚੁਕਾ ਹੈ, ਗਦਰ ਪਾਰਟੀ ਲਹਿਰ ਨੂੰ ਸ਼ਕਲ ਦੇਣ ਅਤੇ ਇਸ ਦੇ ਮੰਤਵਾਂ ਨੂੰ ਪ੍ਰਚਾਰਨ ਲਈ ਅਮਰੀਕਾ ਅਤੇ ਅਮਰੀਕਾ ਤੋਂ ਬਾਹਰ ਸਭ ਤੋਂ ਵਡਾ ਅਮਲੀ ਕਦਮ 'ਗਦਰ' ਅਖਬਾਰ ਸੀ। ਪਰ ਅਮਰੀਕਾ ਵਿਚ ਗਦਰ ਪਾਰਟੀ ਲਹਿਰ ਨੂੰ ਜਥੇਬੰਦ ਕਰਨ ਵਾਸਤੇ ਮੀਟਿੰਗਾਂ ਅਤੇ ਜਲਸੇ ਵੀ ਕੀਤੇ ਗਏ, ਅਤੇ ਜ਼ਾਤੀ ਮੇਲ ਮਿਲਾਪ ਤੋਂ ਵੀ ਕੰਮ ਲਿਆ ਗਿਆ। ਇਹ ਮੀਟਿੰਗਾਂ ਦਸੰਬਰ ੧੯੧੩ ਤੋਂ ਅਗੱਸਤ ੧੯੧੪ ਤਕ ਲਗਾਤਾਰ ਹੁੰਦੀਆਂ ਰਹੀਆਂ, ਅਤੇ ਇਨ੍ਹਾਂ ਦੇ ਜੋ

*ਅੰਤਕਾ ਨੰ: ੧।

ਹਾਲਾਤ ਪਹਿਲੇ ਮੁਕੱਦਮੇ ਦੇ ਫੈਸਲੇ ਵਿਚ ਦਰਜ ਹਨ*, ਉਨ੍ਹਾਂ ਵਿਚੋਂ ਕੁਝ ਹੇਠਾਂ ਦਿਤੇ ਜਾਂਦੇ ਹਨ, ਕਿਉਂਕਿ ਇਹ ਉਸ ਵੇਲੇ ਦੇ ਗਦਰ ਪਾਰਟੀ ਲਹਿਰ ਦੇ ਤਾਅ (Tempo) ਤੇ ਵਾਯੂਮੰਡਲ ਨੂੰ ਵੀ ਪ੍ਰਗੱਟ ਕਰਦੇ ਹਨ।

ਹਿੰਦੀ ਐਸੋਸੀਏਸ਼ਨ ਦੀ ਸਰਪਰੱਸਤੀ ਹੇਠ ੩੧ ਦਸੰਬਰ ੧੯੧੩ ਨੂੰ ਸੈਕਰੇਮੈਂਟੋ ਵਿਚ ਪਬਲਕ ਮੀਟਿੰਗ ਕੀਤੀ ਗਈ। ਕਵਿਤਾ ਪੜ੍ਹੀਆਂ ਗਈਆਂ ਅਤੇ ਤਸ਼ੱਦਦ ਵਾਲੇ ਅਤੇ ਰਾਜ ਵਿਧਰੋਹੀ ਲੈਕਚਰ ਕੀਤੇ ਗਏ। ਲੈਂਟਰਨ ਸਲਾਈਡਾਂ ਰਾਹੀਂ ਮਸ਼ਹੂਰ ਰਾਜ ਵਿਧਰੋਹੀਆਂ ਦੀਆਂ ਤਸਵੀਰਾਂ ਵਿਖਾਈਆਂ ਗਈਆਂ, ਇਨਕਲਾਬੀ ਤਰੀਕਾਕਾਰ ਵਖਾਏ ਗਏ, ਅਤੇ "ਅੰਤ ਵਿਚ ਹਰਦਿਆਲ ਨੇ ਉਨ੍ਹਾਂ ਨੂੰ ਦਸਿਆ ਕਿ ਜਰਮਨੀ ਇੰਗਲਸਤਾਨ ਨਾਲ ਜੰਗ ਦੀ ਤਿਆਰੀ ਕਰ ਰਿਹਾ ਹੈ ਅਤੇ ਆਉਣ ਵਾਲੇ ਇਨਕਲਾਬ ਲਈ ਹਿੰਦ ਜਾਣ ਦਾ ਸਮਾਂ ਹੈ।"

ਪਹਿਲੀ ਫਰਵਰੀ ੧੯੧੪ ਨੂੰ ਬਰਕਲੇ ਮੀਟਿੰਗ ਹੋਈ "ਜਿਸ ਨੂੰ ਹਰਦਿਆਲ ਅਤੇ ਓਵਨ (Owen) ਨਾਮੀਂ ਇਕ ਅਮਰੀਕਨ ਅਨਾਰਕਿਸਟ ਨੇ ਸੰਬੋਧਨ ਕੀਤਾ"।

੧੫ ਫਰਵਰੀ ੧੯੧੪ ਨੂੰ ਸਟਾਕਟਨ ਵਿਚ ਇਕ ਮੀਟਿੰਗ ਹੋਈ ਜਿਸ ਵਿਚ ਹਾਜ਼ਰੀ ਬਹੁਤ ਸੀ। "ਇਕ ਝੰਡਾ ਲਹਿਰਾਇਆ ਗਿਆ ਅਤੇ ਅੰਗਰੇਜ਼ਾਂ ਦਾ ਖੁਰਾ ਖੋਜ ਮਿਟਾ ਦੇਣ ਦੀਆਂ ਕਸਮਾਂ ਖਾਧੀਆਂ ਗਈਆਂ। ਉਸ ਵੇਲੇ ਤੋਂ **ਸਾਰਿਆਂ** ਨੇ ਆਪਣੀ ਕਮਾਈ ਗਦਰ ਦੇ ਕੰਮ ਲਈ ਅਰਪਣ ਕਰਨ ਦੇ ਬਚਨ ਦਿਤੇ........ਇਸ ਦੇ ਮਗਰੋਂ ਅਗਲੇ ਦਿਨ ਇਕ ਹੋਰ ਮੀਟਿੰਗ ਹੋਈ, ਜਿਥੇ ਅਗੇ ਵਰਗੀਆਂ ਕਸਮਾਂ ਖਾਧੀਆਂ ਗਈਆਂ, ਲੈਕਚਰ ਹੋਏ ਅਤੇ ਸਾਰੇ ਅਮਰੀਕਾ ਵਿਚ ਜੰਗ ਦਾ ਐਲਾਨ ਕਰਨ ਵਾਸਤੇ ਮੀਟਿੰਗਾਂ ਕਰਨ ਦਾ ਫੈਸਲਾ ਕੀਤਾ ਗਿਆ।"

ਸੈਕਰੇਮੈਂਟੋ ਵਿਚ ੪ ਮਾਰਚ ੧੯੧੪ ਨੂੰ ਪ੍ਰਧਾਨ ਹਿੰਦੀ ਐਸੋਸੀਏਸ਼ਨ ਨੇ ਇਕ ਹੋਰ ਮੀਟਿੰਗ ਕੀਤੀ, "ਜਿਥੇ ਉਤਸ਼ਾਹ ਭਰਪੂਰ ਸ੍ਰੋਤਾਗਨਾਂ ਨੂੰ ਗਦਰ ਕਰਨ ਦਾ ਪ੍ਰਚਾਰ ਕੀਤਾ ਗਿਆ ਅਤੇ ਉਨ੍ਹਾਂ ਇਸ ਵਿਚ ਸ਼ਾਮਲ ਹੋਣ ਦਾ ਬਚਨ ਦਿਤਾ"।

ਸੈਨਫ੍ਰਾਂਸਿਸਕੋ ੨੫ ਮਾਰਚ ੧੯੧੪ ਨੂੰ ਹੋਈ ਮੀਟਿੰਗ ਵਿਚ, "ਹਰਦਿਆਲ ਦੀ ਜਲਦੀ ਹੋਣ ਵਾਲੀ ਹਿਰਾਸਤ ਬਾਰੇ **ਅਮਰੀਕਨਾਂ** ਅਤੇ ਹਿੰਦੀਆਂ ਨੇ ਤਸ਼ੱਦਦ ਭਰੀਆਂ ਤਕਰੀਰਾਂ ਕੀਤੀਆਂ। ਹਰਦਿਆਲ ਨੇ ਨਾਲ ਲਗਵਾਂ ਇਹ ਵੀ ਐਲਾਨ ਕੀਤਾ ਕਿ ਉਹ ਜਰਮਨੀ ਜਾਵੇਗਾ ਅਤੇ ਹੋਣ ਵਾਲੇ ਗਦਰ ਲਈ ਉੱਥੇ ਤਿਆਰੀ ਕਰੇਗਾ।"

ਮਾਰਚ ੧੯੧੪ ਵਿਚ ਅਸਟੋਰੀਆ ਵਿਚ, "ਇਕ ਛੋਟੀ ਜਿਹੀ ਆਪਣੀ ਹੀ ਸੁਸਾਇਟੀ ਬਣਾਈ ਗਈ ਜਿਸ ਦਾ ਪ੍ਰਧਾਨ ਕੇਸਰ ਸਿੰਘ ਸੀ, ਅਤੇ ਜਿਸ ਦਾ ਮੰਤਵ ਸਰਕਾਰ ਨੂੰ ਉਲਟਾਉਣਾ ਅਤੇ ਗਦਰ ਦੀ ਸਿਖਿਆ ਨੂੰ ਅਮਲੀ ਜਾਮਾ ਪਹਿਨਾਉਣਾ ਸੀ.....ਸਾਰਿਆਂ ਨੇ ਕਸਮਾਂ ਖਾਧੀਆਂ ਕਿ ਓਹ ਇਨਕਲਾਬ ਸ਼ੁਰੂ ਕਰਨ ਦੀ ਖਾਤਰ ਵਾਪਸ ਹਿੰਦੁਸਤਾਨ ਜਾਣਗੇ।"

੭ ਜੂਨ ੧੯੧੪ ਨੂੰ ਅਸਟੋਰੀਆ ਇਕ ਹੋਰ ਵਡੀ ਮੀਟਿੰਗ ਹੋਈ। ਭਗਵਾਨ ਸਿੰਘ, ਬਰਕਤੁਲਾ ਅਤੇ ਸੋਹਣ ਸਿੰਘ ਨੇ ਤਸ਼ੱਦਦ ਭਰੀਆਂ ਤਕਰੀਰਾਂ ਕੀਤੀਆਂ। "ਅਤੇ ਇਨ੍ਹਾਂ ਵਿਚ ਹਰ ਇਕ ਨੇ ਸ੍ਰੋਤਾਗਨਾਂ ਨੂੰ ਮਸ਼ਵਰਾ ਦਿਤਾ ਕਿ ਹਿੰਦੁਸਤਾਨ ਜਲਦੀ ਵਾਪਸ ਜਾਣ ਅਤੇ ਗਦਰ ਸ਼ੁਰੂ ਕਰਨ ਦਾ ਇਹ ਸਮਾਂ ਹੈ।........ਸ੍ਰੋਤਾਗਨ ਫਿਰ ੮ ਤੇ ੯ ਜੂਨ ਨੂੰ ਇਕੱਠੇ ਹੋਏ ਅਤੇ ਆਉਣ ਵਾਲੇ ਗਦਰ ਵਿਚ ਲੜ ਮਰਨ ਦੀਆਂ ਕਸਮਾਂ ਚੁਕੀਆਂ।"

*First Case, The beginning of the conspiracy and war, pp. 5-6.

੨੩ ਜੂਨ ੧੯੧੪ ਨੂੰ ਪੋਰਟਲੈਂਡ ਦੀ ਮੀਟਿੰਗ ਨੂੰ ਬੈਂਡ ਵਾਜੇ ਅਤੇ ਜਲੂਸ ਨਾਲ ਸ਼ੁਰੂ ਕੀਤਾ ਗਿਆ। "ਸ੍ਰੋਤਾਗਨਾਂ ਨੇ ਆਉਣ ਵਾਲੇ ਗਦਰ ਵਿਚ ਸ਼ਾਮਲ ਹੋਣ ਦੀਆਂ ਕਸਮਾਂ ਚੁਕੀਆਂ। ਮੁਹੰਮਦ ਦੀਨ ਸਭਾ-ਪਤਿ ਸੀ ਅਤੇ ਕੌਮਾਂ ਗਾਟਾ ਮਾਰੂ ਦੀ ਰੁਕਾਵਟ ਸਾਹਮਣੇ ਵਡਾ ਮਸਲਾ ਸੀ।"

"੩ ਜੁਲਾਈ (੧੯੧੪) ਨੂੰ ਸਟਾਕਟਨ ਇਕ ਬਹੁਤ ਵਡੀ ਮੀਟਿੰਗ ਕੀਤੀ ਗਈ। ੭੦੦ ਤੋਂ ਵੱਧ ਹਿੰਦੀ ਹਾਜ਼ਰ ਸਨ, ਅਤੇ ਇਕੱਤ੍ਰਤਾ ੯ ਵਜੇ ਸਵੇਰ ਤੋਂ ਰਾਤ ਦੇ ਸਾਢੇ ਬਾਰਾਂ ਵਜੇ ਤਕ ਜੁੜੀ ਰਹੀ, ਅਤੇ ਕੈਨੇਡਾ ਅਤੇ ਮੈਕਸੀਕੋ ਦੇ ਹਿੰਦੀ ਇਸ ਵਿਚ ਸ਼ਾਮਲ ਹੋਏ।"

ਮੀਟਿੰਗਾਂ ਤੋਂ ਇਲਾਵਾ ਕੈਲੇਫੋਰਨੀਆ ਦੇ ਵਖ ਵਖ ਹਿੱਸਿਆਂ ਵਿਚ ਸ਼ਾਖਾਂ ਕਾਇਮ ਕਰਨ ਖਾਤਰ ਫਰਵਰੀ ੧੯੧੪ ਵਿਚ ਸਟਾਕਟਨ ਵਿਚ ਇਕ ਕਮੇਟੀ ਬਣਾਈ ਗਈ, ਅਤੇ ਮਾਰਚ ੧੯੧੪ ਵਿਚ ਇਸ ਦੇ ਪ੍ਰਧਾਨ ਨੇ ਦੌਰਾ ਸ਼ੁਰੂ ਕਰ ਦਿੱਤਾ*। ਹੋਰ ਕਈ ਲੀਡਰ ਵੀ ਹਿੰਦੀਆਂ ਨਾਲ ਜ਼ਾਤੀ ਮੇਲ ਮਿਲਾਪ ਕਰਨ ਲਗ ਪਏ†। ਸ਼੍ਰੀ ਸੋਹਣ ਸਿੰਘ, ਪ੍ਰਧਾਨ ਗਦਰ ਪਾਰਟੀ, ਨੇ ਪਾਰਟੀ ਦੀ ਜਥੇਬੰਦੀ ਕਰਨ ਖਾਤਰ ਕੈਲੇਫੋਰਨੀਆ ਵਿਚ ਆਪਣੇ ਕੀਤੇ ਦੌਰੇ ਨੂੰ 'ਅਕਾਲੀ ਤੇ ਪ੍ਰਦੇਸੀ'‡ ਅਖਬਾਰ ਵਿਚ ਬਿਆਨ ਕੀਤਾ ਹੈ, ਜਿਸ ਦੀ ਤਫਸੀਲ ਵਿਚ ਪੈਣ ਦੀ ਲੋੜ ਨਹੀਂ।

ਅਮਰੀਕਾ ਤੋਂ ਬਾਹਰ, 'ਗਦਰ' ਅਖਬਾਰ ਤੋਂ ਇਲਾਵਾ, ਗਦਰ ਪਾਰਟੀ ਲਹਿਰ ਜਥੇਬੰਦ ਕਰਨ ਦਾ ਕੰਮ ਬਹੁਤਾ ਚਿੱਠੀਆਂ ਚੁਪੱਠੀਆਂ ਰਾਹੀਂ ਕੀਤਾ ਗਿਆ। ਕੈਨੇਡਾ ਵਿਚ ਤਾਂ ਕਿਸੇ ਪ੍ਰੇਰਨਾ ਦੀ ਵੀ ਲੋੜ ਨਹੀਂ ਸੀ, ਕਿਉਂਕਿ ਜਿਵੇਂ ਚੌਥੇ ਕਾਂਡ ਵਿਚ ਦਸਿੱਆ ਜਾ ਚੁਕਾ ਹੈ, ਗਦਰ ਪਾਰਟੀ ਲਹਿਰ ਦਾ ਮੁਢ ਓਥੇ ਬੱਝਾ। 'ਦੀ ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ' ਦੇ ਨਾਮ ਤੋਂ ਹੀ ਜ਼ਾਹਰ ਹੈ ਕਿ ਗਦਰ ਪਾਰਟੀ ਅਮਰੀਕਾ ਅਤੇ ਕੈਨੇਡਾ ਦੇ ਹਿੰਦੀਆਂ ਦੀ ਸਾਂਝੀ ਜਥੇਬੰਦੀ ਸੀ, ਭਾਵੇਂ ਇਹ ਪਤਾ ਨਹੀਂ ਕਿ ਕੈਨੇਡਾ ਸਰਕਾਰ ਦੀ ਵਿਰੋਧਤਾ ਦੇ ਕਾਰਨ ਕੈਨੇਡਾ ਵਿਚ ਪ੍ਰਗੱਟ ਤੌਰ ਉੱਤੇ ਗਦਰ ਪਾਰਟੀ ਦੀ ਮੁਕਾਮੀ ਸ਼ਾਖ ਕਾਇਮ ਹੋ ਸਕੀ ਜਾਂ ਨਾ। ਪਰ ਹਿੰਦ ਨੂੰ ਆਜ਼ਾਦ ਕਰਾਉਣ ਖਾਤਰ ਗਦਰ ਪਾਰਟੀ ਦੀ ਮੁਹਿੰਮ ਜਾਰੀ ਹੋਣ ਉਤੇ, ਕੈਨੇਡਾ ਦੇ ਹਿੰਦੀ ਇਨਕਲਾਬੀ ਇਸ ਵਿਚ ਸੁਤੇ ਸਿਧ ਇਸਤਰ੍ਹਾਂ ਸ਼ਾਮਲ ਹੋ ਗਏ ਜਿਵੇਂ ਕਿ ਉਨ੍ਹਾਂ ਦੀ ਇਹ ਆਪਣੀ ਹੀ ਰਚਨਾਂ ਸੀ। ਅਮਰੀਕਾ ਦੇ ਹਿੰਦੀ ਕਾਮਿਆਂ ਵਾਂਗੂੰ ਕੈਨੇਡਾ ਦੇ ਹਿੰਦੀ ਕਾਮਿਆਂ ਦਾ ਇਨਕਲਾਬੀ ਉਭਾਰ ਵੀ ਹਾਲਾਤ ਦੀ ਪ੍ਰੇਰਨਾ ਹੇਠ ਸੈਸਿਤ ਉਭਾਰ ਸੀ, ਇਸ ਕਰਕੇ ਉਥੋਂ ਦੀ ਲਹਿਰ ਵੀ ਇਕੜ ਦੁਕੜ ਵਿਯੱਕਤੀਆਂ ਦੇ ਆਸਰੇ ਨਹੀਂ ਸੀ। ਪਰ ਫਿਰ ਵੀ ਸ਼੍ਰੀ ਬਲਵੰਤ ਸਿੰਘ 'ਗਰੰਥੀ' ਅਤੇ ਸ਼੍ਰੀ ਭਾਗ ਸਿੰਘ ਦਾ ਨਾਮ ਖਾਸ ਜ਼ਿਕਰ ਯੋਗ ਹੈ, ਕਿਉਂਕਿ ਉਨ੍ਹਾਂ ਨੇ ਕੈਨੇਡਾ ਵਿਚਲੀ ਹਿੰਦੀਆਂ ਦੀ ਇਨਕਲਾਬੀ ਲਹਿਰ ਵਿਚ ਵੱਧ ਚੜ੍ਹਕੇ ਹਿੱਸਾ ਪਾਇਆ*।

*First Case, The beginning of the conspiracy and war, p. 5.

†Ibid.

‡ਅਕਾਲੀ ਤੇ ਪ੍ਰਦੇਸੀ, ਪਹਿਲੀ, ਦੂਜੀ ਅਤੇ ਤੀਜੀ ਮਈ ੧੯੩੮ ਦੇ ਪਰਚੇ।

*ਕੈਨੇਡਾ ਵਿਚ ਹਿੰਦੀਆਂ ਦੀ ਲਹਿਰ ਵਿਚ ਉਘਾ ਹਿੱਸਾ ਲੈਣ ਵਾਲੀਆਂ ਵਿਯੱਕਤੀਆਂ ਦਾ ਜ਼ਿਕਰ ਚੌਥੇ ਕਾਂਡ ਵਿਚ ਆ ਚੁਕਾ ਹੈ।



Digitized by Panjab Digital Library | www.panjabdigilib.org

ਇਨ੍ਹਾਂ ਤੋਂ ਇਲਾਵਾ ਸ਼੍ਰੀ ਸੋਹਨ ਲਾਲ 'ਪਾਠਕ', ਸ਼੍ਰੀ ਕਪੂਰ ਸਿੰਘ ਅਤੇ ਸ਼੍ਰੀ ਹਰਦਿਤ ਸਿੰਘ ਨੇ ਬਰਮਾ ਸਿਆਮ ਦੀ ਮੁਹਿੰਮ ਵਿਚ ਉਘਾ ਹਿੱਸਾ ਲਿਆ, ਅਤੇ ਸ਼੍ਰੀ ਗਾਂਧਾ ਸਿੰਘ ਨੇ ਹਿੰਦ ਵਿਚਲੀਆਂ ਇਨਕਲਾਬੀ ਸਰਗਰਮੀਆਂ ਵਿਚ।

ਅਮਰੀਕਾ ਅਤੇ ਕੈਨੇਡਾ ਤੋਂ ਬਾਹਰ ਹੋਰ ਕਈ ਟਾਪੂਆਂ ਵਿਚ ਵੀ ਗਦਰ ਪਾਰਟੀ ਦੀਆਂ ਸ਼ਾਖਾਂ ਸਨ, ਪਰ ਗਦਰ ਪਾਰਟੀ ਲਹਿਰ ਦੇ ਅਮਰੀਕਨ ਦੀਪ ਤੋਂ ਬਾਹਰ ਵਡੇ ਦੋ ਅੱਡੇ ਸ਼ੰਘਾਈ (ਚੀਨ) ਅਤੇ ਮਨੀਲਾ (ਫਿਲਿਪਾਈਨ) ਸਨ। ਪਿਛੋਂ ਆਕੇ ਸਿਆਮ (ਥਾਈਲੈਂਡ) ਵੀ ਗਦਰ ਪਾਰਟੀ ਲਹਿਰ ਦੀ ਮੁਹਿੰਮ ਦਾ ਖਾਸਾ ਵਡਾ ਸੈਂਟਰ ਬਣ ਗਿਆ, ਅਤੇ ਇਸ ਦੇ ਮੁਕਾਮੀ ਲੀਡਰ ਸ਼੍ਰੀ ਅਮਰ ਸਿੰਘ 'ਐਨਜੀਨੀਅਰ' ਅਤੇ ਸ਼੍ਰੀ ਬੁਢਾ ਸਿੰਘ ਬੰਗਕੋਕ ਵਾਲੇ ਸਨ, ਪਰ ਇਸ ਦੀ ਪਹਿਲ ਅਤੇ ਅਗਵਾਈ ਬਹੁਤੀ ਅਮਰੀਕਾ ਅਤੇ ਕੈਨੇਡਾ ਤੋਂ ਆਏ ਗਦਰੀ ਇਨਕਲਾਬੀਆਂ ਦੇ ਹੱਥ ਸੀ। ਸ਼ੰਘਾਈ ਅਤੇ ਮਨੀਲਾ ਵਿਚ ਗਦਰ ਪਾਰਟੀ ਲਹਿਰ ਦੀ ਸ਼ਕਲ ਅਮਰੀਕਾ ਅਤੇ ਕੈਨੇਡਾ ਦੀ ਲਹਿਰ ਨਾਲੋਂ ਕੁਝ ਵਖਰੀ ਕਿਸਮ ਦੀ ਸੀ। ਇਨ੍ਹਾਂ ਥਾਵਾਂ ਦੇ ਹਾਲਾਤ ਵਖਰੇ ਹੋਣ ਦੇ ਕਾਰਨ, ਜਾਂ ਇਥੇ ਹਿੰਦੀਆਂ ਦੀ ਘਟ ਗਿਣਤੀ ਹੋਣ ਕਰਕੇ, ਇਥੋਂ ਦੀ ਗਦਰ ਪਾਰਟੀ ਲਹਿਰ ਦੀ ਸ਼ਕਲ ਹਿੰਦੀਆਂ ਦੇ ਆਮ ਜਨਤਕ ਉਭਾਰ ਦੀ ਘਟ ਜਾਪਦੀ ਹੈ, ਅਤੇ ਕਈ ਇਕ ਵਿਅੱਕਤੀਆਂ ਦਾ ਪਾਇਆ ਹਿੱਸਾ ਮੁਕਾਬਲਤਨ ਵਧੇਰੇ ਉਘਾ ਦਿਸਦਾ ਹੈ। ਸ਼ੰਘਾਈ ਵਿਚ ਗਦਰ ਪਾਰਟੀ ਲਹਿਰ ਦੇ ਮੋਢੀ ਸ਼੍ਰੀ ਨਿਧਾਨ ਸਿੰਘ 'ਚੁਘਾ' ਸਨ, ਜਿਨ੍ਹਾਂ ਬਾਰੇ ਪਹਿਲੇ ਮੁਕੱਦਮੇ ਦੇ ਜੱਜਾਂ ਲਿਖਿਆ ਹੈ* ਕਿ, "ਹੁਣ ਵਾਲੇ ਮੁਕੱਦਮੇ ਦੇ ਬਹੁਤ ਜ਼ਰੂਰੀ ਮੁਲਜ਼ਮਾਂ ਵਿਚੋਂ ਇਕ ਹੈ ਜਿਸ ਵਿਰੁਧ ਮਸਾਲਾ ਕੇਵਲ ਕਰਤਾਰ ਸਿੰਘ ਨਾਲੋਂ ਦੂਸਰੇ ਦਰਜੇ ਉਤੇ ਹੈ।.........ਸਾਡੀ ਰਾਏ ਵਿਚ ਇਹ ਪੂਰੀ ਤਰ੍ਹਾਂ ਸਾਬਤ ਹੋ ਚੁਕਾ ਹੈ ਕਿ ਇਹ ਮੁਲਜ਼ਮ ਨਿਹਾਇਤ ਹੀ ਜ਼ਿਆਦਾ ਖਤਰਨਾਕ ਅਪਰਾਧੀ ਹੈ ਅਤੇ ਸਭ ਤੋਂ ਵੱਧ ਅਤੇ ਜ਼ਰੂਰੀ ਦੋਸ਼ੀਆਂ ਵਿਚੋਂ ਇਕ"। ਗਦਰ ਪਾਰਟੀ ਲਹਿਰ ਦੇ ਮਸ਼ਹੂਰ ਇਨਕਲਾਬੀ ਡਾਕਟਰ ਮਥਰਾ ਸਿੰਘ ਅਤੇ ਇਨ੍ਹਾਂ ਦੇ ਨਾਲ ਸ਼੍ਰੀ ਗੁਜਰ ਸਿੰਘ 'ਭਕਨਾ' ਵੀ ਪਹਿਲਾਂ ਸ਼ੰਘਾਈ ਸਨ, ਪਰ ਇਨ੍ਹਾਂ ਦੋਹਾਂ ਵਧੇਰੇ ਉੱਘਾ ਹਿੱਸਾ ਹਿੰਦ ਵਿਚ ਆ ਕੇ ਲਿਆ।

ਮਨੀਲਾ ਵਿਚ ਗਦਰ ਪਾਰਟੀ ਲਹਿਰ ਦੇ ਬੀਜ ਸ਼੍ਰੀ ਗੁਰੂ ਦੱਤ ਕੁਮਾਰ (ਜੋ ਅਮਰੀਕਾ ਵਿਚ ਬਾਬੂ ਤਾਰਕਾ ਨਾਥ ਦਾਸ ਅਤੇ ਸ਼੍ਰੀ ਹਰਨਾਮ ਸਿੰਘ 'ਕਾਹਰੀ ਸਾਰੀ' ਨਾਲ ਮਿਲ ਕੇ ਗਦਰ ਪਾਰਟੀ ਬਣਨ ਤੋਂ ਪਹਿਲੋਂ ਇਕ ਅਖਬਾਰ ਕਢਿਆ ਕਰਦੇ ਸਨ, ਅਤੇ ਜੋ ਸਿਹਤ ਖਰਾਬ ਹੋਣ ਦੇ ਕਾਰਨ ਮਨੀਲਾ ਆ ਗਏ ਸਨ) ਨੇ ਸੰਨ ੧੯੧੪ ਵਿਚ ਬੀਜ ਬੀਜੇ। ਸ਼੍ਰੀ ਗੁਰੂ ਦੱਤ ਕੁਮਾਰ ਸਿਹਤ ਦੀ ਖਰਾਬੀ ਦੇ ਕਾਰਨ ਮਨੀਲਾ ਤੋਂ ਵੀ ਜਲਦੀ ਚਲੇ ਗਏ, ਪਰ ਉਨ੍ਹਾਂ ਦੇ ਜਾਣ ਤੋਂ ਪਹਿਲੋਂ ਮਨੀਲਾ ਵਿਚ ਇਨਕਲਾਬੀਆਂ ਦੀ ਇਕ ਜਥੇਬੰਦੀ ਬਣ ਗਈ ਸੀ, ਜਿਸ ਦੇ ਪ੍ਰਧਾਨ ਸ਼੍ਰੀ ਹਾਫਿਜ਼ ਅਬਦੁਲਾ* ਅਤੇ ਸ਼੍ਰੀ ਚੰਨਣ ਸਿੰਘ ਉਹਦੇਦਾਰ ਸਨ। ਗਦਰ ਪਾਰਟੀ ਦੇ ਹਿੰਦ ਵਲ ਆਉਣ ਵਾਲੇ ਇਨਕਲਾਬੀਆਂ ਦਿਆਂ ਜਥਿਆਂ ਵਿਚ ਮਨੀਲਾ ਦੇ ਕਾਫੀ ਹਿੰਦੀ ਇਨਕਲਾਬੀ ਸ਼ਾਮਲ ਹੋ ਗਏ, ਜਿਸ ਕਾਰਨ ਸ਼੍ਰੀ ਰਹਿਮਤ ਅਲੀ ਖਾਨ ਅਤੇ ਉਨ੍ਹਾਂ ਦੇ ਮਨੀਲਾ ਦੇ ਕਈ ਸਾਥੀਆਂ ਨੂੰ ਫਾਂਸੀ ਦੇ ਤਖਤੇ ਉਤੇ ਲਟਕ ਕੇ ਸ਼ਹੀਦੀ

*First Case, Individual Case of Nidhan Singh, pp. 1 and 6.

*Isemonger and Slattery, p. 45.

ਪਾਉਣੀ ਪਈ*। ਗਦਰ ਪਾਰਟੀ ਲਹਿਰ ਵਿਚ ਹਿੱਸਾ ਲੈਣ ਖਾਤਰ ਹੀ ਸ਼੍ਰੀ ਹਾਫਿਜ਼ ਅਬਦੁਲਾ ਨੂੰ ਵੀ ਫਾਂਸੀ ਦਿਤੀ ਗਈ।

## ਜਰਮਨੀ ਨਾਲ ਸੰਬੰਧ

ਸਤਵੇਂ ਕਾਂਡ ਵਿਚ ਵੇਖਿਆ ਜਾ ਚੁਕਾ ਹੈ ਕਿ ਅੰਤਰਰਾਸ਼ਟਰੀ ਹਾਲਾਤ ਤੋਂ ਫਾਇਦਾ ਉਠਾਉਣਾ ਗਦਰ ਪਾਰਟੀ ਦੀ ਪਲੈਨ ਦਾ ਇਕ ਮੁਖ ਅੰਗ ਸੀ। ਗਦਰ ਪਾਰਟੀ ਲਹਿਰ ਸ਼ੁਰੂ ਹੋਣ ਸਮੇਂ ਜਰਮਨੀ ਕਿਉਂਕਿ ਅੰਗਰੇਜ਼ੀ ਸਲਤਨਤ ਦਾ ਸਭ ਤੋਂ ਵਡਾ ਦੁਸ਼ਮਣ ਸਮਝਿਆ ਜਾਂਦਾ ਸੀ, ਇਸ ਵਾਸਤੇ ਗਦਰ ਪਾਰਟੀ ਦਾ ਜਰਮਨੀ ਨਾਲ ਮੇਲ ਮਿਲਾਪ ਪੈਦਾ ਕਰਨ ਵੱਲ ਝੁਕਾ ਹੋਣਾ ਕੁਦਰਤੀ ਸੀ। ਪਰ ਪਹਿਲਾ ਸੰਸਾਰ ਯੁਧ ਛਿੜਨ ਤੋਂ ਪਹਿਲੋਂ ਦੇ ਸਮੇਂ ਬਾਰੇ ਕੇਵਲ ਇਤਨਾ ਹੀ ਲਿਖਤੀ ਜ਼ਿਕਰ ਆਉਂਦਾ ਹੈ ਕਿ ਲਾ: ਹਰਦਿਆਲ ਨੇ ਅਮਰੀਕਾ ਤੋਂ ਚਲੇ ਜਾਣ ਤੋਂ ਪਹਿਲੋਂ ਸੈਨਫ੍ਰਾਂਸਿਸਕੋ ਦੇ ਜਰਮਨ ਕੌਂਸਲਖਾਨੇ ਨਾਲ ਸੰਬੰਧ ਜੋੜ ਲਏ ਸਨ†। ਸ਼੍ਰੀ ਸੋਹਨ ਸਿੰਘ 'ਭਕਨਾ' ਦਸਦੇ ਹਨ ਕਿ ਲਾ: ਹਰਦਿਆਲ ਦੇ ਪਿਛੋਂ ਉਨ੍ਹਾਂ ਦੀ ਥਾਂ ਬਣੇ ਜਨਰਲ ਸੱਕਤ੍ਰ, 'ਭਾਈ' ਸੰਤੋਖ ਸਿੰਘ ਨੇ ਸੈਨਫ੍ਰਾਂਸਿਸਕੋ ਜਰਮਨ ਕੌਂਸਲਖਾਨੇ ਨਾਲ ਇਹ ਸੰਬੰਧ ਜਾਰੀ ਰਖੇ।

ਪਹਿਲਾ ਸੰਸਾਰ ਯੁਧ ਸ਼ੁਰੂ ਹੁੰਦੇ ਸਾਰ ਇਟਲੀ ਵਿਚ ਇਕ ਜਰਮਨੀ ਦਾ ਜਹਾਜ਼ ਰੋਕਿਆ ਗਿਆ "ਜਿਸ ਵਿਚ ਪੰਜ ਲਖ ਰੀਵਾਲਵਰ, ਇਕ ਲਖ ਬੰਦੂਕਾਂ, ਦੋ ਲਖ ਦਾਰੂ ਸਿਕੇ ਦੇ ਬਕਸ, ਚਾਰ ਹਵਾਈ ਜਹਾਜ਼ ਵਾਇਰਲੈਸ ਅਤੇ ਹੋਰ ਸਾਮਾਨ ਸਮੇਤ, ਇਕ ਹਜ਼ਾਰ ਹਵਾਈ ਜਹਾਜ਼ਾਂ ਦੇ ਬੰਬ, ਚੌਦਾਂ ਤੋਪਾਂ, ਸੈਂਕੜੇ ਟਨ ਸੀਮਿੰਟ ਅਤੇ ਦੋ ਮੁਕੰਮਲ ਵਾਇਰਲੈਸ ਸਟੇਸ਼ਨ ਸਨ। ਜ਼ਰੂਰੀ ਫੌਜੀ ਕਾਗਜ਼ਾਤ ਵੀ ਜਹਾਜ਼ ਵਿਚ ਲੁਕਾਏ ਹੋਏ ਲੱਭੇ*"। ਗਦਰ ਪਾਰਟੀ ਲਹਿਰ ਦਾ ਸਮਾਚਾਰ ਲਿਖਣ ਵਾਲੇ ਪੰਜਾਬ ਪੁਲਸ ਦੇ ਅਫਸਰਾਂ (ਜੋ ਇਸ ਲਹਿਰ ਨਾਲ ਸੰਬੰਧਤ ਵਾਕਿਆਤ ਦੀ ਸਰਕਾਰ ਵਲੋਂ ਕੀਤੀ ਤਫਤੀਸ਼ ਵਿਚ ਵੀ ਲਗੇ ਰਹੇ ਸਨ) ਦਾ ਅਨੁਮਾਨ ਹੈ ਕਿ "ਉਪ੍ਰੋਕਤ ਸਾਮਾਨ ਵਿਚ ਰੀਵਾਲਵਰਾਂ ਦੀ ਭਾਰੀ ਗਿਣਤੀ ਤੋਂ ਇਹ ਜ਼ਾਹਰ ਹੁੰਦਾ ਹੈ, ਕਿ ਇਹ ਹਥਿਆਰ ਕਿਸੇ ਬਾਕਾਇਦਾ ਫੌਜੀ ਮੁਹਿਮ ਦੀ ਬਜਾਏ ਕਿਸੇ ਇਨਕਲਾਬੀ ਲਹਿਰ ਨੂੰ ਸਨੱਧਬੱਧ ਕਰਨ ਲਈ ਸਨ†"। ਸਤਵੇਂ ਕਾਂਡ (ਪੰਨਾਂ ੨੦੭) ਵਿਚ ਦੱਸਿਆ ਜਾ ਚੁਕਾ ਹੈ ਕਿ ਇਕ ਗਦਰੀ ਇਨਕਲਾਬੀ ਦੇ ਬਿਆਨ ਮੁਤਾਬਕ 'ਭਾਈ' ਸੰਤੋਖ ਸਿੰਘ ਨੇ ਸੈਨਫ੍ਰਾਂਸਿਸਕੋ ਦੇ ਜਰਮਨ ਕੌਂਸਲ ਨਾਲ ਮਿਲਕੇ ਇਹ ਪਲੈਨ ਬਣਾਈ ਕਿ ਲੜਾਈ ਲਗਣ ਉਤੇ ਜਰਮਨੀ ਦੀ ਮਦਦ ਨਾਲ ਤੁਰਕੀ ਫੌਜਾਂ ਨਹਿਰ ਸਵੇਜ਼ ਉਤੇ ਕਬਜ਼ਾ ਕਰ ਲੈਣ, ਅਤੇ ਇਸ ਵਿਚ ਜਹਾਜ਼ ਡੋਬਕੇ ਇਸ ਨੂੰ ਬੰਦ ਕਰ ਦੇਣ। ਹੋ ਸਕਦਾ ਹੈ ਕਿ ਇਟਲੀ ਵਿਚ ਰੋਕੇ ਗਏ ਜਰਮਨ ਜਹਾਜ਼ ਵਿਚ ਜੋ ਸੀਮਿੰਟ ਸੀ, ਉਹ ਇਸੇ ਮਤਲਬ ਲਈ ਸੀ; ਅਰਥਾਤ ਜਹਾਜ਼ ਡੋਬਕੇ ਸਵੇਜ਼ ਨਹਿਰ ਬੰਦ ਕਰ ਦੇਣ ਵਾਸਤੇ ਸੀ, ਅਤੇ ਹਥਿਆਰ ਹਿੰਦ ਵਿਚ ਗਦਰੀ ਇਨਕਲਾਬੀਆਂ ਨੂੰ ਸਨੱਧ ਬੱਧ ਕਰਨ ਲਈ। ਜੇਕਰ ਇਹ ਕਿਆਸ ਠੀਕ ਹੋਵੇ ਤਾਂ ਸਿਧਾ

*Third Case, Judgement, p. 28.
†The Pioneer (Lucknow), May 13, 1918.

*Isemonger and slattery, p. 78.
†Ibid, p. 79.

ਮਤਲਬ ਇਹ ਹੈ ਕਿ ਸੰਸਾਰ ਯੁਧ ਛਿੜਨ ਤੋਂ ਪਹਿਲੋਂ ਗਦਰ ਪਾਰਟੀ ਅਤੇ ਜਰਮਨ ਸਰਕਾਰ ਜਾਂ ਕਰਮਚਾਰੀਆਂ ਵਿਚਕਾਰ ਕਾਫੀ ਗੂੜ੍ਹਾ ਤਾਲ ਮੇਲ ਸੀ। ੬ ਮਾਰਚ ੧੯੧੪ ਨੂੰ ਛਪੇ ਇਕ ਜਰਮਨ ਅਖਬਾਰ 'ਬਰਲਨਰ ਟੈਗੇ ਬਲਾਟ' ਨੇ ਲਿਖਿਆ ਕਿ, "ਕਿਹਾ ਜਾਂਦਾ ਹੈ ਹਿੰਦ ਨੂੰ ਹਥਿਆਰ ਅਤੇ ਦਾਰੂ ਸਿੱਕਾ ਪੁਚਾਉਣ ਲਈ ਕੈਲੇਫੋਰਨੀਆ ਵਿਚ ਖਾਸ ਤੌਰ ਉਤੇ ਜਥੇਬੰਦ ਪ੍ਰਬੰਧ ਹੋ ਰਿਹਾ ਹੈ"*। ਜੇਕਰ ਜਰਮਨ ਅਖਬਾਰ ਦੀ ਇਹ ਇਤਲਾਹ ਠੀਕ ਹੋਵੇ, ਤਾਂ ਇਸ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਜਰਮਨਾਂ ਦਾ ਅਗਲਬੰ ਇਸ ਪ੍ਰਬੰਧ ਵਿਚ ਹੱਥ ਹੋਵੇਗਾ, ਜਾਂ ਘਟੋ ਘਟ ਉਨ੍ਹਾਂ ਨੂੰ ਇਸ ਬਾਰੇ ਇਤਲਾਹ ਸੀ। ਇਹ ਵੀ ਜ਼ਾਹਰ ਹੀ ਹੈ ਕਿ ਹਿੰਦ ਨੂੰ ਹਥਿਆਰ ਪੁਚਾਣ ਦਾ ਪ੍ਰਬੰਧ ਗਦਰ ਪਾਰਟੀ ਹੀ ਕਰ ਰਹੀ ਹੋਵੇਗੀ, ਕਿਉਂਕਿ ਹਿੰਦ ਬਾਬਤ ਇਨਕਲਾਬੀ ਦ੍ਰਿਸ਼ਟੀ ਕੋਨ ਤੋਂ ਦਿਲਚਸਪੀ ਲੈਣ ਵਾਲੀ ਕੈਲੇਫੋਰਨੀਆਂ ਵਿਚ ਹੋਰ ਕਿਹੜੀ ਪਾਰਟੀ ਹੋ ਸਕਦੀ ਸੀ। ਪਹਿਲਾ ਸੰਸਾਰ ਯੁਧ ਸ਼ੁਰੂ ਹੋਣ ਤੋਂ ਪਹਿਲੋਂ ਗਦਰ ਪਾਰਟੀ ਅਤੇ ਜਰਮਨ ਕਰਮਚਾਰੀਆਂ ਵਿਚਕਾਰ ਤਾਲ ਮੇਲ ਨੂੰ ਜ਼ਾਹਰ ਕਰਨ ਵਾਲੀਆਂ ਇਹ ਨਿਸ਼ਾਨੀਆਂ ਜ਼ਰੂਰ ਹਨ, ਅਤੇ ਹੋਰ ਵਧੇਰੇ ਸਬੂਤ ਦੀ ਅਣਹੋਂਦ ਵਿਚ ਪਤਾ ਨਹੀਂ ਇਨ੍ਹਾਂ ਨੂੰ ਕਿਤਨੀ ਕੁ ਮਹਾਨਤਾ ਦਿੱਤੀ ਜਾ ਸਕਦੀ ਹੈ। ਪਰ ਇਹ ਵੀ ਧਿਆਨ ਰੱਖਣ ਯੋਗ ਹੈ ਕਿ ਇਨਕਲਾਬੀ ਪਾਰਟੀਆਂ ਦੇ ਗੁਪਤ ਕੰਮਾਂ ਬਾਰੇ ਇਸ ਤੋਂ ਵਧੇਰੇ ਸਪੱਸ਼ਟ ਸ਼ਹਾਦਤ (ਜਿਤਨਾ ਚਿਰ ਉਹ ਆਪ ਪ੍ਰਗੱਟ ਨਾ ਕਰਨ) ਮਿਲਣ ਦੀ ਆਸ ਰੱਖਣੀ ਵੀ ਸ਼ਾਇਦ ਗੈਰ-ਸਾਧਾਰਨ ਗੱਲ ਹੈ।

'ਇਨਕਲਾਬੀਆਂ ਦੇ ਜਰਮਨੀ ਨਾਲ ਸੰਬੰਧ' ਦੀ ਸੁਰਖੀ ਹੇਠ ਪਹਿਲੇ ਮੁਕੱਦਮੇ ਦੇ ਫੈਸਲੇ ਵਿਚ ਗਦਰੀ ਇਨਕਲਾਬੀਆਂ ਦੇ ਜਰਮਨੀ ਨਾਲ ਸੰਬੰਧਾਂ ਬਾਰੇ ਤੱਤ ਕਢਦਿਆਂ ਹੋਇਆਂ ਲਿਖਿਆ ਹੈ ਕਿ, "ਅਸੀਂ ਇਹ ਦਸਣ ਦੇ ਅਸੱਮਰਥ ਹਾਂ ਕਿ ਇਨਕਲਾਬੀਆਂ ਅਤੇ ਬਾਦਸ਼ਾਹ ਸਲਾਮਤ ਦੇ ਦੁਸ਼ਮਣਾਂ ਵਿਚਕਾਰ ਕਿਥੋਂ ਤਕ ਮੇਲ ਜੋਲ ਸੀ। ਪਰ ਇਹ ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਇਸ ਗਲ ਦੀਆਂ ਇਸ਼ਾਰੇ ਮਾਤਰ ਨਿਸ਼ਾਨੀਆਂ ਹਨ, ਕਿ ਆਪਸ ਵਿਚ ਕੋਈ ਗਲ ਗਿਣੀ ਮਿਥੀ ਹੋਈ ਸੀ, ਕੁਝ ਜਰਮਨਾਂ ਨੇ ਸ਼ਖਸੀ ਤੌਰ ਉਤੇ ਮਦਦ ਦਿਤੀ, ਅਤੇ ਇਨਕਲਾਬੀ ਬਾਦਸ਼ਾਹ ਸਲਾਮਤ ਦੇ ਜਰਮਨ ਦੁਸ਼ਮਣਾਂ ਨੂੰ ਆਪਣੇ ਜੋਟੀਦਾਰ ਸਮਝਦੇ ਸਨ"। ਦੂਸਰੇ ਮੁਕੱਦਮੇਂ ਦੇ ਫੈਸਲੇ ਵਿਚ ਉਪ੍ਰੋਕਤ ਰਾਏ ਦੀ ਪੁਸ਼ਟੀ ਕੀਤੀ ਗਈ ਹੈ, ਅਤੇ ਇਹ ਦਸਿਆ ਗਿਆ ਹੈ ਕਿ ਇਨਕਲਾਬੀ ਇਹ ਆਸ ਕਰਦੇ ਸਨ, ਕਿ ਪਹਿਲਾ ਸੰਸਾਰ ਯੁਧ ਸ਼ੁਰੂ ਹੋਣ ਉਤੇ ਹਿੰਦ ਵਿਚ ਹੋਣ ਵਾਲੇ ਇਨਕਲਾਬ ਵਿਚ ਜਰਮਨੀ ਹੱਥ ਵਟਾਏਗਾ*। ਫਰੈਸਨੋ ਵਿਚ ਇਕ ਹੋਈ ਮੀਟਿੰਗ ਦੀ ਇਕ ਅਮਰੀਕਨ ਅਖਬਾਰ ਵਿਚ ਛਪੀ ਰੀਪੋਰਟ ਮੁਤਾਬਕ, ਗਦਰ ਪਾਰਟੀ ਦੇ ਲੀਡਰਾਂ ਨੇ ਜਲਸੇ ਵਿਚ ਖੁਲਮ ਖੁਲ੍ਹਾ ਕਿਹਾ ਕਿ ਜਰਮਨੀ ਨੇ ਹਿੰਦ ਵਿਚ ਹੋਣ ਵਾਲੇ ਇਨਕਲਾਬ ਵਿਚ ਮਦਦ ਦੇਣ ਦਾ ਬਚਨ ਦਿੱਤਾ ਹੈ†।

ਪਹਿਲਾ ਸੰਸਾਰ ਯੁਧ ਛਿੜਨ ਤੋਂ ਪਹਿਲੋਂ ਗਦਰ ਪਾਰਟੀ ਦੇ ਜਰਮਨੀ ਜਾਂ ਅੰਗਰੇਜ਼ ਵਿਰੋਧੀ ਹੋਰ ਕਿਸੇ ਤਾਕਤ ਨਾਲ ਪੈਦਾ ਕੀਤੇ ਸੰਬੰਧਾਂ ਬਾਰੇ ਇਸ ਤੋਂ ਵੱਧ ਵਾਕਫੀਅਤ ਨਹੀਂ ਮਿਲ ਸਕੀ, ਅਤੇ ਗਦਰ ਪਾਰਟੀ ਲਹਿਰ ਦੇ ਇਤਿਹਾਸ ਦਾ ਇਹ ਅੰਗ ਬਹੁਤ ਅਧੂਰਾ ਹੈ। ਪਹਿਲੇ ਸੰਸਾਰ ਯੁਧ ਤੋਂ ਪਹਿਲੋਂ ਗਦਰ ਪਾਰਟੀ ਦੇ ਜਰਮਨੀ ਨਾਲ ਕਿਸ ਕਿਸਮ ਦੇ ਅਤੇ ਕਿਸ ਹੱਦ ਤਕ ਸੰਬੰਧ ਸਨ, ਕਿਸੇ ਪੱਕੀ ਸ਼ਹਾਦਤ ਜਾਂ ਸਬੂਤ ਤੋਂ ਬਿਨਾਂ ਇਸ ਬਾਰੇ ਕੇਵਲ ਕਿਆਸ ਆਰਾਈ ਦਾ ਆਸਰਾ ਲਿਆ ਜਾ ਸਕਦਾ ਹੈ। ਹੋ ਸਕਦਾ ਹੈ ਕਿ ਜਰਮਨ ਸਰਕਾਰ ਨੇ ਗਦਰ ਪਾਰਟੀ ਦੀਆਂ ਸਰਗਰਮੀਆਂ ਨੂੰ ਆਪਣੀ ਅੰਗਰੇਜ਼ ਵਿਰੋਧੀ ਪਲੈਨ ਵਿਚ ਲੜਾਈ ਤੋਂ ਪਹਿਲੋਂ ਉਹ ਵਜ਼ਨ ਨਾ ਦਿਤਾ ਹੋਵੇ ਜੋ ਉਸ ਨੇ ਸੰਸਾਰ ਯੁਧ ਛਿੜਨ ਪਿਛੋਂ ਦਿਤਾ, ਅਤੇ ਗਦਰ ਪਾਰਟੀ ਦੇ ਮੁਖੀਆਂ ਦਾ ਜਰਮਨ ਕਰਮਚਾਰੀਆਂ ਨਾਲ ਮੇਲ ਜੋਲ ਕੇਵਲ ਸੈਨਫ੍ਰਾਂਸਿਸਕੋ ਜਰਮਨ ਕੌਂਸਲਖਾਨੇ ਤਕ ਮਹਿਦੂਦ ਰਿਹਾ ਹੋਵੇ। ਜ਼ਿਆਦਾ ਸੰਭਾਵਨਾ ਇਹ ਜਾਪਦੀ ਹੈ ਕਿ ਗਦਰ ਪਾਰਟੀ ਨੂੰ ਕੰਮ ਸ਼ੁਰੂ ਕੀਤਿਆਂ ਬਹੁਤ ਥੋੜਾ ਸਮਾਂ ਹੋਇਆ ਸੀ ਜਦ ਪਹਿਲਾ ਸੰਸਾਰ ਯੁਧ ਆਰੰਭ ਹੋ ਗਿਆ, ਅਤੇ ਅਜਿਹੇ ਮੇਲ ਜੋਲ ਨੂੰ ਵਧਾਉਣ ਲਈ ਲੋੜੀਂਦਾ ਸਮਾਂ ਨਾ ਮਿਲਿਆ। ਨਾ ਹੀ ਗਦਰ ਪਾਰਟੀ ਅਤੇ ਜਰਮਨ ਕਰਮਚਾਰੀਆਂ ਨੂੰ ਸੰਸਾਰ ਯੁਧ ਦੇ ਇਤਨੀ ਜਲਦੀ ਛਿੜ ਜਾਣ ਦੀ ਆਸ ਸੀ, ਜੋ ਉਹ ਆਪਸ ਵਿਚਕਾਰ ਦੇ ਮਿਲਵਰਤਣ ਦੀ ਤਫਸੀਲ ਨੂੰ ਫੌਰੀ ਤਹਿ ਕਰਨ ਦੀ ਕੋਸ਼ਸ਼ ਕਰਦੇ, ਜਿਵੇਂ ਕਿ ਸੰਸਾਰ ਯੁਧ ਛਿੜਨ ਪਿਛੋਂ ਕੀਤੀ ਗਈ। ਕਾਰਨ ਕੁਝ ਵੀ ਹੋਵੇ, ਇਹ ਸਪੱਸ਼ਟ ਹੈ ਕਿ ਗਦਰ ਪਾਰਟੀ ਦੇ ਮੁਖੀਆਂ ਨੇ ਜਰਮਨ ਕਰਮਚਾਰੀਆਂ ਜਾਂ ਜਰਮਨੀ ਨਾਲ ਅੰਗਰੇਜ਼ੀ ਹਕੂਮਤ ਵਿਰੁਧ ਜੋ ਤਾਲ ਮੇਲ ਪੈਦਾ ਕਰਨ ਦੀ ਕੋਸ਼ਸ਼ ਕੀਤੀ, ਸੰਸਾਰ ਯੁਧ ਛਿੜਨ ਤੋਂ ਪਹਿਲੋਂ ਉਹ ਕੋਈ ਕਾਰਗਰ ਸ਼ਕਲ ਨਾ ਫੜ ਸਕੀ।

## ਫੌਜੀ ਸਿਖਲਾਈ

ਗਦਰ ਪਾਰਟੀ ਨੇ ਪਹਿਲਾ ਸੰਸਾਰ ਯੁਧ ਛਿੜਨ ਤੋਂ ਪਹਿਲੋਂ ਗਦਰੀ ਇਨਕਲਾਬੀਆਂ ਨੂੰ ਫੌਜੀ ਸਿਖਿਆ ਦਿਵਾਉਣ ਦਾ ਪ੍ਰਬੰਧ ਕਰਨ ਵਲ ਵੀ ਧਿਆਨ ਦਿਤਾ। ਸ੍ਰੀ ਸੋਹਨ ਸਿੰਘ 'ਭਕਨਾ' ਦਸਦੇ ਹਨ ਕਿ ਸ੍ਰੀ ਕਰਤਾਰ ਸਿੰਘ 'ਸਰਾਭਾ' ਨੂੰ ਹਵਾਈ ਜਹਾਜ਼ ਦਾ ਕੰਮ ਸਿਖਵਾਉਣ ਦਾ ਇਕ ਜਰਮਨ ਕੰਪਨੀ ਰਾਹੀਂ ਪਰਬੰਧ ਕੀਤਾ ਗਿਆ, ਅਤੇ ਸ੍ਰੀ ਊਧਮ ਸਿੰਘ 'ਕਸੇਲ' ਦੀ ਲੀਡਰੀ ਹੇਠ ਇਕ ਜਥੇ ਨੂੰ ਸ੍ਰੀ ਜਵਾਲਾ ਸਿੰਘ 'ਠਟੀਆ' ਦੀ ਫਾਰਮ ਉਤੇ ਗੁਪਤ ਤੌਰ ਉਤੇ ਫੌਜੀ ਸਿਖਲਾਈ ਲਈ ਭੇਜਿਆ ਗਿਆ। ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ' ਦਸਦੇ ਹਨ ਕਿ ਲਾ: ਹਰਦਿਆਲ ਨੇ ਰੋਕਿਆ ਹੋਇਆ ਸੀ ਕਿ ਅਮਰੀਕਾ ਵਿਚ ਖੁਲ੍ਹੇ ਤੌਰ ਉਤੇ ਹਥਿਆਰਾਂ ਦੀ ਸਿਖਲਾਈ ਨਹੀਂ ਕਰਨੀ, ਕਿਉਂਕਿ ਅਮਰੀਕਨ ਸਰਕਾਰ ਇਹ ਬਰਦਾਸ਼ਤ ਨਹੀਂ ਕਰੇਗੀ ਅਤੇ ਇਸ ਤਰ੍ਹਾਂ ਪਰਚਾਰ ਦਾ ਕੰਮ ਵੀ ਬੰਦ ਹੋ ਜਾਵੇਗਾ। ਹਥਿਆਰਾਂ ਦੀ ਸਿਖਲਾਈ ਵਾਸਤੇ ਚੀਨ ਲਾਗੇ ਜਰਮਨ ਟਾਪੂਆਂ ਵਿਚ ਪਰਬੰਧ ਕੀਤਾ ਗਿਆ ਸੀ! ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ', ਸ੍ਰੀ ਕਰਤਾਰ ਸਿੰਘ ਅਤੇ ਸ੍ਰੀ ਪਿਰਥੀ ਸਿੰਘ ਨੇ ਗੁਪਤ ਤੌਰ ਉਤੇ ਬੰਬ ਬਨਾਉਣ ਦਾ ਕੰਮ ਸਿਖਿਆ, ਅਤੇ ਸ੍ਰੀ ਹਰਨਾਮ ਸਿੰਘ ਦੀ ਬੰਬ ਦਾ ਤਜਰਬਾ ਕਰਦਿਆਂ ਹੋਇਆਂ ਬਾਂਹ ਉਡ ਗਈ। ਉਪਰੋਕਤ ਕਾਰਰਵਾਈਆਂ ਵਿਚੋਂ ਕੇਵਲ 'ਸਰਾਭਾ' ਜੀ ਦੇ ਹਵਾਈ ਜਹਾਜ਼ ਸਿੱਖਣ ਅਤੇ 'ਟੁੰਡੀ ਲਾਟ' ਜੀ ਦੀ ਬਾਂਹ ਉਡ ਜਾਣ ਬਾਰੇ ਮੁਕੱਦਮਿਆਂ ਦੀਆਂ ਸ਼ਹਾਦਤਾਂ ਵਿਚ ਜ਼ਿਕਰ ਆਉਂਦਾ ਹੈ*। ਅਮਰੀਕਨ ਇਮੀਗ੍ਰੇਸ਼ਨ ਦੀਆਂ ਰੀਪੋਰਟਾਂ ਮੁਤਾਬਕ ਵੀ ਇਕ ਹਵਾਈ ਜਹਾਜ਼ ਖ੍ਰੀਦਿਆ ਗਿਆ, ਕਈ ਆਦਮੀਆਂ ਨੂੰ ਪਾਈਲਟ ਦਾ ਕੰਮ ਸਿਖਾਇਆ

---

*Rowlatt Report, p. 119.

*Second Case, Judgement, p. 102.
†Isemonger and Slattery, p. 51.

*First Case, Individual cases of Kartar Singh and Harnam Singh.



Digitized by Panjab Digital Library | www.panjabdigilib.org

ਗਿਆ, ਅਤੇ ਬੰਬ ਬਨਾਉਣੇ ਦੱਸੇ ਗਏ*। ਅਮਰੀਕਾ ਦੇ ਇਕ ਅਖਬਾਰ 'ਫਰੇਸਨੋ ਰੀਪੱਬਲੀਕਨ' ਨੇ ਆਪਣੇ ੨੩ ਸਤੰਬਰ ਦੇ ਪਰਚੇ ਵਿਚ ਲਿਖਿਆ, "ਇਕ ਆਮ ਫੰਡ ਵੀ ਹੈ, ਅਤੇ ਇਹ ਇਤਲਾਹ ਹੈ ਕਿ ਇਸ ਦਾ ਬਹੁਤਾ ਹਿੱਸਾ ਹਿੰਦੂਆਂ ਨੂੰ ਫੌਜੀ ਸਕੂਲਾਂ ਵਿਚ ਭੇਜਣ ਉਤੇ ਖਰਚਿਆ ਜਾ ਰਿਹਾ ਹੈ, ਤਾਕਿ ਉਹ ਹਿੰਦ ਵਾਪਸ ਜਾਕੇ ਆਪਣੇ ਦੇਸ਼ ਵਾਸੀਆਂ ਨੂੰ ਲੜਾਈ ਦਾ ਹੁਨਰ ਸਿਖਾ ਸਕਣ†"।

ਗਦਰ ਪਾਰਟੀ ਵਲੋਂ ਫੌਜੀ ਸਿਖਲਾਈ ਲਈ ਕੀਤੇ ਇਹ ਪਰਬੰਧ ਅਜੇ ਇਬਤਦਾਈ ਹਾਲਤ ਵਿਚ ਸਨ, ਅਤੇ ਵਡੇ ਪੈਮਾਨੇ ਉਤੇ ਵਧਾਏ ਨਹੀਂ ਸਨ ਜਾ ਸਕੇ। ਇਸ ਦਾ ਕਾਰਨ ਵੀ ਇਹੋ ਹੈ ਕਿ ਗਦਰ ਪਾਰਟੀ ਨੂੰ ਕੰਮ ਸ਼ੁਰੂ ਕੀਤਿਆਂ ਅਜ ਬਹੁਤ ਥੋੜਾ ਸਮਾ ਹੋਇਆ ਸੀ ਜਦ ਪਹਿਲਾ ਸੰਸਾਰ ਯੁਧ ਲਗ ਗਿਆ, ਅਤੇ ਉਸ ਨੂੰ ਆਪਣੀ ਪਲੈਨ ਦੇ ਅੰਗਾਂ ਨੂੰ ਨੇਪਰੇ ਚਾੜ੍ਹਨ ਦਾ ਲੋੜੀਂਦਾ ਵਕਤ ਨਾ ਮਿਲਿਆ। ਪਰ ਉੱਪਰ ਦਿੱਤੀ ਵਾਕਫੀਅਤ ਅਤੇ ਇਸ ਬਾਰੇ ਦਿੱਤੀ ਸ਼ਹਾਦਤ ਤੋਂ ਇਹ ਜ਼ਰੂਰ ਜ਼ਾਹਰ ਹੁੰਦਾ ਹੈ ਕਿ ਗਦਰ ਪਾਰਟੀ ਨੇ ਗਦਰੀ ਇਨਕਲਾਬੀਆਂ ਨੂੰ ਫੌਜੀ ਸਿਖਲਾਈ ਦੇਣ ਵਲ ਧਿਆਨ ਦਿੱਤਾ। ਪਹਿਲੇ ਸੰਸਾਰ ਯੁਧ ਵਿਚ ਵੀ ਹਵਾਈ ਜਹਾਜ਼ਾਂ ਦੀ ਆਮ ਵਰਤੋਂ ਨਹੀਂ ਸੀ ਕੀਤੀ ਗਈ। ਇਸ ਵਾਸਤੇ ਗਦਰ ਪਾਰਟੀ ਦਾ ਇਸ ਬੰਨੇ ਧਿਆਨ ਦੇਣਾ ਹਿੰਦ ਦੇ ਹਾਲਾਤ ਮੁਤਾਬਕ ਕਾਫੀ ਅਗੇ ਵਧ ਕੇ ਰੱਖਿਆ ਹੋਇਆ ਕਦਮ ਸੀ।

---

## ਯਾਰਵਾਂ ਕਾਂਡ

# 'ਕੋਮਾ ਗਾਟਾ ਮਾਰੂ' ਅਤੇ ਗਦਰ ਪਾਰਟੀ

'ਕੋਮਾ ਗਾਟਾ ਮਾਰੂ' ਘੱਟਨਾ ਦਾ ਗਦਰ ਪਾਰਟੀ ਲਹਿਰ ਨਾਲ ਸਿੱਧਾ ਸੰਬੰਧ ਨਹੀਂ, ਪਰ ਇਸ ਦਾ ਮੁਖਤਸਰ ਜ਼ਿਕਰ ਕਰਨਾ ਇਸ ਵਾਸਤੇ ਜ਼ਰੂਰੀ ਹੈ ਕਿ, "ਇਸ ਵਿਚ ਸ਼ੱਕ ਨਹੀਂ, ਹਿੰਦ ਨੂੰ ਆਉਣ ਦੀ ਤਿਆਰੀ ਵਿਚ ਇਸ ਹਾਦਸੇ ਨੇ ਹਿੱਸਾ ਪਾਇਆ*।"

ਚੌਥੇ ਕਾਂਡ ਵਿਚ ਦੱਸਿਆ ਜਾ ਚੁਕਾ ਹੈ ਕਿ ਕੈਨੇਡਾ ਵਿਚ ਹਿੰਦੀਆਂ ਨੂੰ ਦਾਖਲ ਹੋਣੋਂ ਰੋਕਣ ਵਾਸਤੇ ਕੈਨੇਡਾ ਸਰਕਾਰ ਨੇ ਹੁਕਮ ਜਾਰੀ ਕਰ ਦਿੱਤਾ ਸੀ, ਕਿ ਕੈਨੇਡਾ ਵਿਚ ਸਿਰਫ ਉਹ ਆਦਮੀ ਦਾਖਲ ਹੋ ਸਕਣਗੇ, ਜੋ ਆਪਣੇ ਮੁਲਕ, ਜਿਸਦੇ ਉਹ ਸ਼ਹਿਰੀ ਹੋਣ, ਤੋਂ ਸਿੱਧੀ ਕੈਨੇਡਾ ਦੀ ਟਿਕਟ ਲੈਕੇ ਲਗਾਤਾਰ (continuous) ਜਹਾਜ਼ੀ ਸਫਰ ਰਾਹੀਂ ਕੈਨੇਡਾ ਪੁਜਣ। ਹਿੰਦੁਸਤਾਨ ਦੇ ਆਪਣੇ ਜਹਾਜ਼ ਨਹੀਂ ਸਨ, ਅਤੇ ਨਾ ਹੀ ਹੋਰ ਦੇਸਾਂ ਦੇ ਜਹਾਜ਼ ਹਿੰਦ ਅਤੇ ਕੈਨੇਡਾ ਵਿਚਕਾਰ ਸਿੱਧੇ ਚਲਦੇ ਸਨ। ਇਸ ਵਾਸਤੇ ਕੈਨੇਡਾ ਸਰਕਾਰ ਨੇ ਇਸ ਚੁਚਰ ਦੀ ਵਰਤੋਂ ਕੀਤੀ ਤਾਕਿ ਕੈਨੇਡਾ ਵਿਚ ਹਿੰਦੀ ਆਉਣੋਂ ਵੀ ਰੁਕ ਜਾਣ, ਅਤੇ ਕੈਨੇਡਾ ਸਰਕਾਰ ਸਿਰ ਇਹ ਵੀ ਨਾ ਮੜ੍ਹਿਆ ਜਾਏ ਕਿ ਓਹ ਨਸਲੀ

*Unamerican Activities, p. 220.
†Isemonger and slattery, p. 52.

*First Case, Preparing for the migration, p. 1.

ਵਿਤਕਰੇ ਦੇ ਕਾਰਨ ਹਿੰਦੀਆਂ ਨੂੰ ਆਉਣੋਂ ਰੋਕਦੀ ਹੈ।

ਸ੍ਰੀ ਗੁਰਦਿੱਤ ਸਿੰਘ 'ਸਰਹਾਲੀ' ਪੰਦਰਾਂ ਸਾਲ ਪਹਿਲਾਂ ਹਿੰਦ ਤੋਂ ਬਾਹਰ ਗਏ ਹੋਏ ਸਨ ਅਤੇ ਸਿੰਘਾਪੁਰ ਅਤੇ ਮਲਾਯਾ ਵਿਚ ਠੇਕੇਦਾਰੀ ਦਾ ਕੰਮ ਕਰਦੇ ਸਨ। ਸੰਨ ੧੯੦੯ ਵਿਚ ਉਹ ਵਾਪਸ ਦੇਸ ਆਏ। ਸਿੰਘਾਪੁਰ ਨੂੰ ਵਾਪਸ ਜਾਂਦਿਆਂ ਹੋਇਆਂ ਉਨ੍ਹਾਂ ਪੰਜਾਬੀਆਂ ਨੂੰ ਕੈਨੇਡਾ ਲੈ ਜਾਣ ਵਾਸਤੇ ਜਹਾਜ਼ ਠੇਕੇ ਉਤੇ ਲੈਣ ਦਾ ਉੱਦਮ ਸ਼ੁਰੂ ਕਰ ਦਿੱਤਾ*। ਸ੍ਰੀ ਸ਼ੇਰ ਸਿੰਘ 'ਵੇਈਂ ਪੁਈਂ', ਜੋ ਕੈਨੇਡਾ ਵਿਚੋਂ ਹਿੰਦ ਨੂੰ ਆਉਣ ਵਾਲੇ ਗਦਰੀਆਂ ਦੇ ਪਹਿਲੇ ਜਥੇ ਦੇ ਲੀਡਰ ਸਨ, ਦਾ ਬਿਆਨ ਹੈ ਕਿ ਸ੍ਰੀ ਬਲਵੰਤ ਸਿੰਘ 'ਗਰੰਥੀ' ਵੈਨਕੋਵਰ ਵਾਲੇ ਸ੍ਰੀ ਗੁਰਦਿਤ ਸਿੰਘ 'ਸਰਹਾਲੀ' ਨੂੰ ਇਤਫਾਕੀਆ ਦੇਸ ਮਿਲੇ, ਅਤੇ ਉਨ੍ਹਾਂ ਸ੍ਰੀ ਗੁਰਦਿੱਤ ਸਿੰਘ ਨੂੰ ਕੈਨੇਡਾ ਜਹਾਜ਼ ਲੈ ਜਾਣ ਦੀ ਪ੍ਰੇਰਨਾ ਕੀਤੀ† ਅਤੇ ਮਾਲੀ ਸਹਾਇਤਾ ਦਾ ਭਰੋਸਾ ਦਿੱਤਾ‡। ਜਹਾਜ਼ ਲੈ ਜਾਣ ਦਾ ਮਕਸਦ ਇਹ ਸੀ ਕਿ ਕੈਨੇਡਾ ਸਰਕਾਰ ਦੇ ਹੁਕਮ ਦੀ ਪਾਲਣਾ ਹੋ ਜਾਣ ਕਾਰਨ ਹਿੰਦੀਆਂ ਨੂੰ ਜਾਂ ਤਾਂ ਕੈਨੇਡਾ ਵਿਚ ਦਾਖਲ ਹੋ ਜਾਣ ਦਿੱਤਾ ਜਾਵੇਗਾ। ਜੇ ਫਿਰ ਵੀ ਹਿੰਦੀਆਂ ਨੂੰ ਕੈਨੇਡਾ ਵਿਚ ਦਾਖਲ ਨਾ ਹੋਣ ਦਿੱਤਾ ਗਿਆ ਤਾਂ ਕੈਨੇਡਾ ਸਰਕਾਰ ਦੇ ਚੁਚਰ ਦਾ ਪੋਲ ਉੱਘੜ ਜਾਵੇਗਾ।

ਸ੍ਰੀ ਗੁਰਦਿੱਤ ਸਿੰਘ ਕਲਕਤੇ ਵਿਚ ਜਹਾਜ਼ ਠੇਕੇ ਉਤੇ ਲੈਣ ਵਿਚ ਕਾਮਯਾਬ ਨਾ ਹੋਏ ਅਤੇ ਹਾਂਗ ਕਾਂਗ ਚਲੇ ਗਏ, ਜਿਥੇ ਉਨ੍ਹਾਂ ਇਕ ਜਰਮਨ ਏਜੰਟ ਰਾਹੀਂ ਇਕ ਜਾਪਾਨੀ ਜਹਾਜ਼ ਠੇਕੇ ਉਤੇ ਲੈ ਲਿਆ*। ਇਸ ਜਹਾਜ਼ ਦਾ ਨਾਮ 'ਕੋਮਾ ਗਾਟਾ ਮਾਰੂ' ਸੀ।

'ਕੋਮਾ ਗਾਟਾ ਮਾਰੂ ੪ ਅਪ੍ਰੈਲ ਸੰਨ ੧੯੧੪ ਨੂੰ ਹਾਂਗ ਕਾਂਗ ਤੋਂ ਰਵਾਨਾ ਹੋਇਆ। ਸ਼ੰਘਾਈ ਅਤੇ ਨਾਗਾਸਾਕੀ (ਜਾਪਾਨ) ਹੁੰਦਾ ਹੋਇਆ ਇਹ ਜਹਾਜ਼ ੩੫੧ ਸਿਖ ਅਤੇ ੨੧ ਪੰਜਾਬੀ ਮੁਸਲਮਾਨ ਮੁਸਾਫਰਾਂ ਸਮੇਤ ੨੩ ਮਈ ੧੯੧੪ ਨੂੰ ਵੈਨਕੋਵਰ ਪੁਜਾ†। ਕੁਰਾਟੀਨ ਛਡਣ ਪਿਛੋਂ ਜਹਾਜ਼ ਨੂੰ ਇਮੀਗ੍ਰੇਸ਼ਨ ਮਹਿਕਮੇ ਦੇ ਹੁਕਮ ਅਨੁਸਾਰ ਘਾਟ ਉਤੇ ਨਾ ਲਗਣ ਦਿਤਾ ਗਿਆ, ਅਤੇ ਘਾਟ ਤੋਂ ਦੂਰ ਪਾਣੀ ਵਿਚ ਖੜ੍ਹੇ ਰਹਿਣ ਵਾਸਤੇ ਮਜਬੂਰ ਕੀਤਾ ਗਿਆ। ਪਹਿਰੇਦਾਰ ਅਤੇ ਸਰਕਾਰੀ ਗਸ਼ਤੀ ਕਿਸ਼ਤੀਆਂ ਕਰੜਾਈ ਨਾਲ ਜਹਾਜ਼ ਦੀ ਨਿਗਰਾਨੀ ਕਰਦੀਆਂ, ਅਤੇ ਕਿਸੇ ਨੂੰ ਜਹਾਜ ਉਤੇ ਨਾ ਜਾਣ ਦਿਤਾ ਗਿਆ। ਜਹਾਜ਼ ਦੀ ਠੇਕੇ ਦੀ ਮਿਆਦ, ਜਦ ਇਸ ਨੂੰ ਹਾਂਗ ਕਾਂਗ ਮਾਲਕਾਂ ਦੇ ਵਾਪਸ ਹਵਾਲੇ ਕਰਨਾ ਸੀ, ਅਤੇ ਠੇਕੇ ਦਾ ਬਕਾਇਆ ਅਦਾ ਕਰਨ ਦੀ ਤਾਰੀਖ ਨੇੜੇ ਢੁਕਦੀ ਜਾਂਦੀ ਸੀ, ਪਰ ਪੁਛ ਪੜਤਾਲ ਦੀ ਕਮੇਟੀ ਪੜਤਾਲ ਨੂੰ ਲਮਕਾ ਰਹੀ ਸੀ‡।

ਮਿਸਜ਼ ਐਨਾ ਰੋਸ ਨੇ ਟੋਰੰਟੋ ਦੇ ਅਖਬਾਰ ਵਿਚ ਕੁਝ ਮਜ਼ਮੂਨ ਲਿਖੇ। ਇਸ ਨਿਰਪੱਖ ਲਿਖਾਰੀ ਦੇ ਆਪਣੇ ਲਫਜ਼ਾਂ ਵਿਚ, "ਪਰ ਇਹ ਆਦਮੀ, ਜਿਨ੍ਹਾਂ ਕੈਨੇਡੀਅਨ ਕਾਇਦੇ

*Rowlatt Report, p. 146.
†Isemonger and slattery, p. 36.
‡'ਕਾਮਾ ਗਾਟਾ ਮਾਰੂ' ਦੇ ਵੈਨਕੋਵਰ ਪੁਜਣ ਉਤੇ ੨੨੦੦੦ ਡਾਲਰ ਜਹਾਜ਼ ਦੇ ਠੇਕੇ ਦਾ ਬਕਾਇਆ ਕੈਨੇਡਾ ਦੇ ਹਿੰਦੀਆਂ ਵਲੋਂ ਤਾਰਿਆ ਗਿਆ। (Rowlatt Report p. 146).

*Rowlatt Report, p. 146.
†Rowlatt, Report, p. 147.
‡Indians Abroad, p. 668.



Digitized by Panjab Digital Library | www.panjabdigilib.org

ਦੀ ਪਾਲਣਾ ਕੀਤੀ ਸੀ, ਜਿਹੜੇ ਤਕਰੀਬਨ ਸਤਵੰਜਾ ਹਜ਼ਾਰ ਡਾਲਰ ਖਰਚ ਕੇ ਲਗਾਤਾਰ ਸਫਰ ਰਾਹੀਂ ਪੁਜੇ ਸਨ, ਜਿਹੜੇ ਹੁਣ ਨਿਮਰਤਾ ਨਾਲ ਬਰਤਾਨਵੀਂ ਸ਼ਹਿਰੀ ਦੀ ਹੈਸੀਅਤ ਵਿਚ ਦਾਖਲਾ ਮੰਗਦੇ ਸਨ ਅਤੇ ਇਸ ਦੀ ਆਸ ਰਖਦੇ ਸਨ, ਦਾਖਲੇ ਦੀ ਇਜਾਜ਼ਤ ਦੀ ਬਜਾਏ ਜ਼ਲਾਲਤ ਦਰ ਜ਼ਲਾਲਤ ਦਾ ਸ਼ਿਕਾਰ ਹੋਏ। ਇਨ੍ਹਾਂ ਮਜ਼ਬੂਤ, ਸ੍ਵੈਮਾਨ ਵਾਲੇ ਅਤੇ ਆਜ਼ਾਦ ਆਦਮੀਆਂ ਨਾਲ ਜਿਸ ਹੱਦ ਤਕ ਸਰਕਾਰੀ ਨਿਰਾਦਰੀ ਨੇ ਵਰਤਾਓ ਕੀਤਾ, ਉਸ ਦਾ ਤਕਰੀਬਨ ਅੰਦਾਜ਼ਾ ਲਾਉਣਾ ਮੁਸ਼ਕਲ ਹੈ। ਕੰਢੇ ਉਤੇ ਸਿਖਾਂ ਨਾਲ ਉਨ੍ਹਾਂ ਨੂੰ ਬਿਲਕੁਲ ਮੇਲ ਮਿਲਾਪ ਜਾਂ ਗਲ ਬਾਤ ਨਾ ਕਰਨ ਦਿੱਤੀ ਗਈ। ਉਨ੍ਹਾਂ ਨੂੰ ਆਪਣੇ ਵਕੀਲ ਨਾਲ ਵੀ ਮੁਲਾਕਾਤ ਨਾ ਕਰਨ ਦਿੱਤੀ ਗਈ। ਜਦੋਂ ਦਾਖਲੇ ਸੰਬੰਧੀ ਉਨ੍ਹਾਂ ਦਾ ਮੁਕੱਦਮਾ ਅਦਾਲਤ ਵਿਚ ਸੀ, ਉਨ੍ਹਾਂ ਦੇ ਵਕੀਲ ਮਿਸਟਰ ਬਰਡ ਨੂੰ ਉਨ੍ਹਾਂ ਵਿਚੋਂ ਕਿਸੇ ਨਾਲ ਵੀ ਜ਼ਾਤੀ ਮੁਲਾਕਾਤ ਕਰਨ ਦੀ ਆਗਿਆ ਨਾ ਦਿੱਤੀ ਗਈ, ਜਿਸ ਕਰਕੇ ਉਹ ਉਨ੍ਹਾਂ ਦਾ ਮੁਕੱਦਮਾ ਅੰਨ੍ਹੇਰੇ ਵਿਚ ਲੜਦਾ ਰਿਹਾ। ਇਨ੍ਹਾਂ ਹਾਲਾਤ ਵਿਚ ਜਦ ਮੁਕੱਦਮੇਂ ਦਾ ਫੈਸਲਾ ਉਨ੍ਹਾਂ ਦੇ ਬਰਖਲਾਫ ਹੋ ਗਿਆ, ਮਿਸਟਰ ਬਰਡ ਨੂੰ ਉਨ੍ਹਾਂ ਨੂੰ ਜਹਾਜ਼ ਉਤੇ ਜਾਕੇ ਮਿਲਣ ਦਿੱਤਾ ਗਿਆ, ਅਤੇ ਉਸ (ਮਿਸਟਰ ਬਰਡ) ਨੂੰ ਪਤਾ ਲਗਾ ਕਿ ਮੁਕਦਮੇ ਦੇ ਕਈ ਜ਼ਰੂਰੀ ਪੱਖ ਉਹ ਸਮਝਾ ਹੀ ਨਹੀਂ ਸੀ ਸਕਿਆ ਅਤੇ ਨਾ ਉਹ ਪੇਸ਼ ਕੀਤੇ ਗਏ। ਜੇ ਇਹ ਕੈਨੇਡੀਅਨ ਇਨਸਾਫ ਹੈ ਤਾਂ ਇਹ ਬਰਤਾਨਵੀਂ ਇਨਸਾਫ ਨਹੀਂ।

ਜਦੋਂ ਮੁਕੱਦਮੇਂ ਦਾ ਫੈਸਲਾ ਉਨ੍ਹਾਂ ਦੇ ਬਰਖਲਾਫ ਹੋ ਗਿਆ, ਉਨ੍ਹਾਂ ਓਥੋਂ ਤੁਰ ਜਾਣ ਦੀ ਇਛਿਆ ਪ੍ਰਗੱਟ ਕੀਤੀ। ਉਨ੍ਹਾਂ ਸਿਰਫ ਵਾਪਸੀ ਸਫਰ ਵਾਸਤੇ ਰਾਸ਼ਨ ਪਾਣੀ ਦਿਤੇ ਜਾਣ ਦੀ ਮੰਗ ਕੀਤੀ। ਇਮੀਗ੍ਰੇਸ਼ਨ ਦੇ ਅਫਸਰਾਂ ਰਾਸ਼ਨ ਦੇਣੋਂ ਨਾਂਹ ਕਰ ਦਿਤੀ, ਅਤੇ ਕਪਤਾਨ ਨੂੰ ਇਕਦੱਮ ਜ਼ਹਾਜ਼ ਤੋਰਨ ਲਈ ਮਜਬੂਰ ਕਰਨ ਦੀ ਕੋਸ਼ਸ਼ ਕੀਤੀ*। ਭਾਵੇਂ ਉਨ੍ਹਾਂ ਨੂੰ ਅਕਾਰਨ ਛੇ ਹਫਤੇ ਅਟਕਾਇਆ ਗਿਆ ਸੀ, ਇਨ੍ਹਾਂ ਅਫਸਰਾਂ ਨੇ ਬਗੈਰ ਰਾਸ਼ਨ ਦੇ ਉਨ੍ਹਾਂ ਨੂੰ ਆਪਣਾ ਲੰਮਾ ਸਫਰ ਸ਼ੁਰੂ ਕਰਨ ਵਾਸਤੇ ਮਜਬੂਰ ਕਰਨ ਦੀ ਕੋਸ਼ਸ਼ ਕੀਤੀ। ਇਸ ਗੱਲ ਨੇ ਸਿਖਾਂ ਦੀ ਅਣਖ ਅਤੇ ਬਹਾਦਰੀ ਨੂੰ ਚਮਕਾਇਆ ਅਤੇ ਉਨ੍ਹਾਂ ਕਪਤਾਨ ਨੂੰ ਹੁਕਮ ਮੰਨਣੋਂ ਰੋਕ ਦਿੱਤਾ। ੧੩੫ ਪੁਲਸੀਆਂ ਅਤੇ ਅੱਗ ਬੁਝਾਨ ਵਾਲੇ ਇੰਜਨਾਂ ਰਾਹੀਂ ਜੋ ਉਨ੍ਹਾਂ ਉਤੇ ਪਾਣੀ ਸੁਟਿਆ ਗਿਆ, ਇਸ ਨੇ ਉਨ੍ਹਾਂ ਨੂੰ ਹੋਰ ਵੀ ਭੜਕਾਇਆ। ਉਨ੍ਹਾਂ ਨੇ ਇਟਾਂ ਅਤੇ ਕੋਲੇ ਦੇ ਢ੍ਹਟਿਆਂ ਨਾਲ ਪੁਲਸ ਨੂੰ ਪਿਛਾੜ ਦਿੱਤਾ। ਫਿਰ ਆਪਣੀ ਤਾਕਤ ਦੇ ਘੁਮੰਡ ਵਿਚ ਕੈਨੇਡਾ ਨੇ ਆਪਣੇ ਜੰਗੀ ਜਹਾਜ਼ 'ਰੇਨਬੋ' ਨੂੰ ਹੁਕਮ ਦਿੱਤਾ ਕਿ ਉਹ 'ਕੌਮਾ ਗਾਟਾ ਮਾਰੂ' ਦੇ ਕੋਲ ਜਾ ਕੇ ਉਸ ਨੂੰ ਹੁਕਮ ਮੰਨਣ ਵਾਸਤੇ ਮਜਬੂਰ ਕਰੇ। ਇਸ ਦੌਰਾਨ ਵਿਚ ੩੫੦ ਆਦਮੀਆਂ ਨੂੰ ਭੁਖਿਆਂ ਪੈਸੇਫਿਕ ਸਮੁੰਦਰ ਦੇ ਪਾਰ ਭੇਜਣ ਦੀ ਗੈਰ-ਇਨਸਾਨੀ ਕੋਸ਼ਸ਼ ਛੱਡ ਦਿੱਤੀ ਗਈ ਅਤੇ ਖੁਲ੍ਹੇ ਰਾਸ਼ਨਾਂ ਦੀ ਪੇਸ਼ਕਸ਼ ਕੀਤੀ ਗਈ। ਪਰ ਹੁਣ ਸਿਖਾਂ ਦਾ ਲੜਾਕਾ ਖੂਨ ਉਬਾਲਾ ਖਾ ਚੁਕਾ ਸੀ। ਉਨ੍ਹਾਂ ਨੂੰ ਪਤਾ ਸੀ ਕਿ ਕੈਨੇਡਾ ਸਰਕਾਰ ਦੇ ਪ੍ਰਤਿਨਿੱਧਾਂ ਉਨ੍ਹਾਂ ਨਾਲ ਵਹਿਸ਼ੀਆਨਾ ਵਰਤਾਰਾ ਕੀਤਾ, ਅਤੇ ਉਨ੍ਹਾਂ ਨੇ ਇਹ ਫੈਸਲਾ ਕਰ ਲਿਆ ਕਿ ਕਿਸੇ ਪੇਸ਼ਕਸ਼ ਉਤੇ ਹੁਣ ਇਤਬਾਰ ਨਾ ਕੀਤਾ ਜਾਏ। ਬਲਕਿ

*ਪਰ ਮੁਸਾਫਰਾਂ ਨੇ ਜਹਾਜ਼ ਦੇ ਕਪਤਾਨ ਅਤੇ ਅਫਸਰਾਂ ਨੂੰ ਇਕ ਕਮਰੇ ਵਿਚ ਬੰਦ ਕਰ ਦਿਤਾ ਅਤੇ ਜਹਾਜ਼ ਨੂੰ ਜ਼ਬਰਦਸਤੀ ਤੋਰੇ ਜਾਣ ਤੋਂ ਰੋਕ ਦਿਤਾ (Isemonger and slattery, p. 39.)

ਲੜਿਆ ਜਾਏ ਅਤੇ ਜੇ ਲੋੜ ਪਏ ਤਾਂ ਸ਼ਹੀਦੀਆਂ ਪਾਈਆਂ ਜਾਣ।

੨੨ ਜੁਲਾਈ, ੧੯੧੪, ਨੂੰ ਕੈਨੇਡਾ ਨੇ ਆਪਣੇ ਆਪ ਨੂੰ ਇਸ ਪੋਜ਼ੀਸ਼ਨ ਵਿਚ ਪਾਇਆ। 'ਰੇਨਬੋ' ਜਹਾਜ਼ ਦੀਆਂ ਤੋਪਾਂ ਨੇ ਵਿਚਾਰੇ 'ਕੌਮਾ ਗਾਟਾ ਮਾਰੂ' ਦਾ ਨਿਸ਼ਾਨਾ ਬੰਨ੍ਹਿਆ ਹੋਇਆ ਸੀ। ਜਹਾਜ਼ ਉਤੇ ਸਿਖਾਂ ਨੇ ਲਕੜਾਂ ਨਾਲ ਲੜਨ ਵਾਸਤੇ ਓਟਾਂ ਬਣਾ ਲਈਆਂ ਸਨ, ਅਤੇ ਉਨ੍ਹਾਂ ਵਿਚੋਂ ਲੁਹਾਰ ਰਾਤ ਦਿਨ ਤਲਵਾਰਾਂ ਅਤੇ ਨੇਜ਼ੇ ਬਣਾ ਰਹੇ ਸਨ। ਤਦੋਂ ਇਸ ਮੁਸ਼ਕਲ ਵਿਚ ਸਰਕਾਰ ਨੇ ਕੰਢੇ ਦੇ ਸਿਖਾਂ ਦੀ ਮਦਦ ਲਈ, ਅਤੇ ਭਾਵੇਂ ਉਨ੍ਹਾਂ ਨੂੰ ਪਹਿਲਾਂ 'ਕੌਮਾ ਗਾਟਾ ਮਾਰੂ' ਦੇ ਆਦਮੀਆਂ ਨਾਲ ਮਿਲਣ ਨਹੀਂ ਸੀ ਦਿੱਤਾ ਗਿਆ, ਹੁਣ ਕੰਢੇ ਦੇ ਸਿਖਾਂ ਦਾ ਖੁਸ਼ੀ ਨਾਲ ਡੈਪੂਟੇਸ਼ਨ ਭੇਜਿਆ ਗਿਆ ਕਿ ਓਹ ਉਨ੍ਹਾਂ ਨੂੰ ਯਕੀਨ ਦਿਵਾਉਣ ਕਿ ਸਰਕਾਰ ਨੇਕਨੀਯਤੀ ਨਾਲ ਰਾਸ਼ਨ ਦੀ ਪੇਸ਼ਕਸ਼ ਕਰਦੀ ਹੈ ਜਿਸ ਨੂੰ ਲੈ ਕੇ ਓਹ ਚਲੇ ਜਾਣ। ਆਖਰ ਵਿਚ ਓਹ ਕਾਮਯਾਬ ਹੋਏ ਅਤੇ ਨਿੱਕਾ ਜਿਹਾ ਜਹਾਜ਼ ਤੁਰਦਾ ਬਣਿਆ*।"

ਸਰ ਮਾਈਕਲ ਓਡਵਾਇਰ† ਨੇ ਅਤੇ ਰੌਲਟ ਰੀਪੋਰਟ‡ ਵਿਚ ਵੀ ਇਸ ਗੱਲ ਨੂੰ ਮੰਨਿਆ ਗਿਆ ਹੈ ਕਿ ਜਹਾਜ਼ ਨੂੰ ਤੁਰਨ ਵਾਸਤੇ ਮਜਬੂਰ ਕਰਨ ਲਈ ਪਹਿਲੋਂ ਪੁਲਸ ਦੀ ਵਰਤੋਂ ਕੀਤੀ ਗਈ, ਜਿਸ ਨੂੰ ਜਹਾਜ਼ ਦੇ ਮੁਸਾਫਰਾਂ ਪਛਾੜ ਦਿਤਾ, ਅਤੇ ਫਿਰ ਇਕ ਜੰਗੀ ਜਹਾਜ਼ ਦੀ ਮਦਦ ਲਈ ਗਈ।

'ਕੌਮਾ ਗਾਟਾ ਮਾਰੂ' ਦੇ ਇਸ ਵਾਕਿਆ ਨੇ ਬਲਦੀ ਉਤੇ ਤੇਲ ਪਾਉਣ ਦਾ ਕੰਮ ਕੀਤਾ। ਕੈਨੇਡਾ, ਅਮਰੀਕਾ ਅਤੇ ਧੁਰ ਪੂਰਬ ਦੇ ਹਿੰਦੀਆਂ ਦੇ ਜੋਸ਼ ਦਾ ਪਾਰਾ ਉਬਲਨ ਦੇ ਤਾਪਮਾਨ ਤਕ ਜਾ ਪੁਜਾ। ਕੈਨੇਡਾ ਵਿਚ ਹਿੰਦੀਆਂ ਨੂੰ ਨਾ ਦਾਖਲ ਹੋਣ ਦੇਣ ਦੀ ਨੀਤੀ, ਹਿੰਦੀਆਂ ਦੇ ਜ਼ਾਤੀ ਲਾਭਾਂ ਅਤੇ ਸ੍ਵੈਮਾਨ ਦੋਹਾਂ ਨੂੰ ਸੱਟ ਮਾਰਦੀ ਸੀ, ਅਤੇ ਇਸ ਦੀ ਚੋਟ ਦੇ ਸ਼ਿਕਾਰ ਹੋਏ ਅਨੇਕਾਂ ਹਿੰਦੀ ਧੁਰ ਪੂਰਬ ਅਤੇ ਅਮਰੀਕਾ ਵਿਚ ਖਿਲਰੇ ਹੋਏ ਸਨ। ਜ਼ਾਤੀ ਲਾਭਾਂ ਅਤੇ ਸ੍ਵੈਮਾਨ ਤੋਂ ਵੀ ਵੱਧ, ਕੈਨੇਡਾ, ਅਮਰੀਕਾ ਅਤੇ ਧੁਰ ਪੂਰਬ ਦੇ ਹਿੰਦੀਆਂ ਵਿਚ ਕੌਮੀ ਅਣਖ ਦਾ ਜਜ਼ਬਾ ਭਰ ਚੁਕਾ ਸੀ। ਕੌਮੀ ਮਾਨ ਅਪਮਾਨ ਦਾ ਸਵਾਲ ਹੁਣ ਉਨ੍ਹਾਂ ਵਾਸਤੇ ਜ਼ਿੰਦਗੀ ਮੌਤ ਦਾ ਸਵਾਲ ਬਣ ਗਿਆ ਸੀ। 'ਕੌਮਾ ਗਾਟਾ ਮਾਰੂ' ਦੇ ਵਾਕਿਆ ਨੇ ਹਿੰਦੀਆਂ ਦੀ ਕੌਮੀ ਨਿਰਾਦਰੀ ਅਤੇ ਉਨ੍ਹਾਂ ਦੀ ਗੁਲਾਮੀ (ਕਿਉਂਕਿ ਕੈਨੇਡਾ, ਅਮਰੀਕਾ ਅਤੇ ਧੁਰ ਪੂਰਬ ਦੇ ਹਿੰਦੀ ਆਪਣੀ ਕੌਮੀ ਨਿਰਾਦਰੀ ਦਾ ਕਾਰਨ ਹਿੰਦ ਦੀ ਗੁਲਾਮੀ ਨੂੰ ਸਮਝਦੇ ਸਨ) ਦੇ ਸਵਾਲ ਨੂੰ ਪ੍ਰਤੱਖ ਰੂਪ ਵਿਚ ਉਨ੍ਹਾਂ ਦੇ ਸਾਹਮਣੇ ਲੈ ਆਂਦਾ। ਕੈਨੇਡਾ, ਅਮਰੀਕਾ ਅਤੇ ਧੁਰ ਪੂਰਬ ਦੇ ਹਿੰਦੀਆਂ ਦਾ ਖੂਨ ਹੁਣ ਉਬਾਲੇ ਮਾਰਨ ਲਗ ਪਿਆ। ਪਹਿਲੇ ਮੁਕਦਮੇਂ ਦੇ ਫੈਸਲੇ ਦੇ ਲਫਜ਼ਾਂ ਵਿਚ, "ਇਸ ਵਿਚ ਸ਼ੱਕ ਨਹੀਂ ਕਿ ਗਦਰ ਅਖਬਾਰ ਨੇ ਜਿਹੜੇ ਜਜ਼ਬਾਤ ਭੜਕਾਏ ਹੋਏ ਸਨ, ਉਨ੍ਹਾਂ ਨੂੰ ਹੋਰ ਭਾਂਬੜ ਬਾਲਣ ਵਾਸਤੇ ਇਸ ਵਾਕਿਆ ਨੂੰ ਵਰਤਿਆ ਗਿਆ*।" ਗਦਰ ਅਖਬਾਰ ਨੇ 'ਕੌਮਾ ਗਾਟਾ ਮਾਰੂ' ਬਾਰੇ ਸਪੇਸ਼ਲ ਨੰਬਰ ਕਢਿਆ। ਅਮਰੀਕਾ ਅਤੇ ਕੈਨੇਡਾ ਵਿਚ ਥਾਂ ਥਾਂ ਜਲਸੇ ਕੀਤੇ ਗਏ, ਅਤੇ 'ਕੌਮਾ ਗਾਟਾ ਮਾਰੂ' ਦੇ ਜਹਾਜ਼ੀਆਂ ਨੂੰ ਉਤਾਰਨ ਲਈ ਮੁਕੱਦਮਾ ਲੜਨ ਵਾਸਤੇ ਚੰਦੇ ਅਕੱਠੇ ਕਰਕੇ ਭੇਜੇ ਗਏ। ਜਦ ਸਭ

*Indians Abroad, pp. 669-670.
†O'Dwyer, p. 193.
‡Rowlatt Report, p. 147.

*First Case, Preparing for the migration, p. 1.

ਕਾਨੂੰਨੀ ਕਾਰਗੁਜ਼ਾਰੀ ਨਿਸਫਲ ਰਹੀ, ਤਾਂ 'ਕੋਮਾ ਗਾਟਾ ਮਾਰੂ' ਦੇ ਜਹਾਜ਼ੀਆਂ ਨੂੰ ਹਥਿਆਰ ਪੁਚਾਣ ਦੀ ਕੋਸ਼ਸ਼ ਕੀਤੀ ਗਈ* । ਹਿੰਦ ਵਿਚ ਜਾ ਕੇ ਅੰਗਰੇਜ਼ਾਂ ਨੂੰ ਹਥਿਆਰਬੰਦ ਬਗਾਵਤ ਰਾਹੀਂ ਕਢਣ ਦੀ ਖੁਲਮ ਖੁਲ੍ਹੀ ਚਰਚਾ ਹੋਣ ਲਗ ਪਈ†, ਅਤੇ ਭਾਈ ਪਰਮਾਨੰਦ ਮੁਤਾਬਕ ਵੈਨਕੋਵਰ ਅਤੇ ਇਸ ਦੇ ਨੇੜੇ ਤੇੜੇ ਦੇ ਹਿੰਦੀਆਂ ਨੇ ਸ਼ਹਿਰ ਨੂੰ ਲੁਟਣ ਦੀ ਤਿਆਰੀ ਕਰ ਲਈ, ਅਤੇ ਕੈਨੇਡਾ ਵਿਚ ਕੋਈ ਫੌਜ ਨਹੀਂ ਸੀ ਜੋ ਇਸ ਨੂੰ ਬਚਾਉਣ ਵਾਸਤੇ ਪੁਜਦੀ‡ ।"

ਗਦਰ ਪਾਰਟੀ ਨੇ 'ਕੋਮਾ ਗਾਟਾ ਮਾਰੂ' ਦੇ ਮੁਸਾਫਰਾਂ ਦੇ ਹੱਕ ਵਿਚ ਪ੍ਰਚਾਰ ਕਰਨ ਅਤੇ ਉਨ੍ਹਾਂ ਵਾਸਤੇ ਵੈਨਕੋਵਰ ਗੁਰਦਵਾਰਾ ਕਮੇਟੀ ਨੂੰ ਮਾਲੀ ਸਹਾਇਤਾ ਭੇਜਣ ਤੋਂ ਇਲਾਵਾ, ਕੁਦਰਤੀ ਤੌਰ ਉਤੇ ਆਪਣੇ ਪਾਰਟੀ ਪ੍ਰੋਗਰਾਮ ਨੂੰ ਵਧਾਉਣ ਖਾਤਰ ਇਸ ਸਮੇਂ ਦੀ ਯੋਗ ਵਰਤੋਂ ਕੀਤੀ । ਸ੍ਰੀ ਸੋਹਨ ਸਿੰਘ 'ਭਕਨਾ' ਦਾ ਬਿਆਨ ਹੈ ਕਿ 'ਕੋਮਾ ਗਾਟਾ ਮਾਰੂ' ਦੇ ਜਹਾਜ਼ੀਆਂ ਨੂੰ ਗਦਰ ਅਖਬਾਰ ਗੁਪਤ ਵਸੀਲਿਆਂ ਰਾਹੀਂ, ਖਾਸ ਕਰ ਰਾਸ਼ਨ ਦੇ ਬੋਰਿਆਂ ਵਿਚ, ਪੁਚਾਇਆ ਜਾਂਦਾ । ਜਦ ਪਤਾ ਲੱਗਾ ਕਿ 'ਕੋਮਾ ਗਾਟਾ ਮਾਰੂ' ਕੈਨੇਡਾ ਤੋਂ ਵਾਪਸ ਜਾਣ ਵਾਸਤੇ ਮਜਬੂਰ ਹੋ ਰਿਹਾ ਹੈ, ਤਾਂ ਗਦਰ ਪਾਰਟੀ ਦੇ ਗੁਪਤ ਕਮੀਸ਼ਨ ਦੀ ਮੀਟਿੰਗ ਸੱਦੀ ਗਈ। ਗੁਪਤ ਕਮੀਸ਼ਨ ਨੇ ਫੈਸਲਾ ਕੀਤਾ ਕਿ ਗਦਰ ਪਾਰਟੀ ਦੇ ਪ੍ਰਧਾਨ, ਸ੍ਰੀ ਸੋਹਨ ਸਿੰਘ 'ਭਕਨਾ', ਨੂੰ ਤੁਰਤ ਯੋਕੋਹਾਮਾ (ਜਾਪਾਨ) ਰਾਹੀਂ ਦੇਸ ਭੇਜਿਆ ਜਾਏ । ਸ੍ਰੀ ਸੋਹਨ ਸਿੰਘ ਨੂੰ ਭੇਜਣ ਦੇ ਇਹ ਮਕਸਦ ਸਨ :–

੧. 'ਕੋਮਾ ਗਾਟਾ ਮਾਰੂ' ਦੇ ਜਹਾਜ਼ੀਆਂ ਦੇ ਲੀਡਰਾਂ ਨੂੰ ਯੋਕੋਹਾਮਾ (ਜਾਪਾਨ) ਮਿਲ ਕੇ ਉਨ੍ਹਾਂ ਨੂੰ ਗਦਰ ਪਾਰਟੀ ਦਾ ਪ੍ਰੋਗਰਾਮ ਸਮਝਾਇਆ ਜਾਏ, ਤਾਕਿ ਓਹ ਦੇਸ ਜਾਕੇ ਇਸ ਉਤੇ ਵਰਤੋਂ ਕਰਨ ।

੨. 'ਕੋਮਾ ਗਾਟਾ ਮਾਰੂ' ਦੇ ਜਹਾਜ਼ੀਆਂ ਨੂੰ ਹਥਿਆਰ ਪੁਚਾਉਣੇ।

੩. ਧੁਰ ਪੂਰਬ ਅਤੇ ਦੇਸ ਵਿਚ ਗਦਰ ਪਾਰਟੀ ਦੀਆਂ ਸ਼ਾਖਾਂ ਖੋਲ੍ਹਣੀਆਂ, ਅਤੇ ਗਦਰ ਪਾਰਟੀ ਦੇ ਪ੍ਰੋਗਰਾਮ ਵਾਸਤੇ ਜ਼ਮੀਨ ਤਿਆਰ ਕਰਨੀ।

'ਕੋਮਾ ਗਾਟਾ ਮਾਰੂ' ਨੇ ਵੈਨਕੋਵਰ ਤੋਂ ਵਾਪਸੀ ਸਫਰ ਵਾਸਤੇ ੨੩ ਜੁਲਾਈ ੧੯੧੪ ਨੂੰ ਤੁਰਨਾ ਸੀ, ਅਤੇ ਸ੍ਰੀ ਸੋਹਨ ਸਿੰਘ 'ਭਕਨਾ' ੨੧ ਜੁਲਾਈ ੧੯੧੪* ਨੂੰ ਸੈਨਫ੍ਰਾਂਸਿਸਕੋ ਤੋਂ ਰਵਾਨਾ ਹੋ ਗਏ। ਸ੍ਰੀ ਸੋਹਨ ਸਿੰਘ 'ਭਕਨਾ' ਦਸਦੇ ਹਨ ਕਿ ਜਹਾਜ਼ ਵਿਚ ਕਮਰਾ ਪਹਿਲਾਂ ਹੀ ਰੀਜ਼ੱਰਵ ਕਰਵਾ ਲਿਆ ਗਿਆ ਸੀ, ਅਤੇ ਸ੍ਰੀ ਕਰਤਾਰ ਸਿੰਘ 'ਸਰਾਭਾ' ੧੦੦ ਪਸਤੌਲ ਗੋਲੀ ਗਠੇ ਸਮੇਤ ਇਸ ਵਿਚ ਰੱਖ ਆਏ । ਸੀ. ਆਈ. ਡੀ. ਦੀਆਂ ਨਜ਼ਰਾਂ ਤੋਂ ਬਚਕੇ ਸ੍ਰੀ ਸੋਹਨ ਸਿੰਘ ਜਹਾਜ਼ ਤੁਰਨ ਦੇ ਸਮੇਂ ਤੋਂ ਕੇਵਲ ਪੰਦਰਾਂ ਮਿੰਟ ਪਹਿਲਾਂ ਜਹਾਜ਼ ਵਿਚ ਦਾਖਲ ਹੋਏ, ਅਤੇ ਸਿੱਧਾ ਆਪਣੇ ਰੀਜ਼ੱਰਵ ਕਮਰੇ ਵਿਚ ਜਾਕੇ ਬੈਠ ਗਏ। ਸ੍ਰੀ ਸੋਹਨ ਸਿੰਘ ਦੀ ਰਵਾਨਗੀ ਦਾ ਸਿਰਫ ਕਮੀਸ਼ਨ ਅਤੇ ਸ੍ਰੀ ਕਰਤਾਰ ਸਿੰਘ 'ਸਰਾਭਾ' ਨੂੰ ਪਤਾ ਸੀ।

ਜਹਾਜ਼ ਅਜੇ ਅਮਰੀਕਾ ਅਤੇ ਜਾਪਾਨ ਦੇ ਸਮੁੰਦਰ ਵਿਚਕਾਰ ਸੀ ਜਦ ਪਹਿਲੇ ਵਡੇ ਸੰਸਾਰ ਯੁਧ ਦੇ ਛਿੜਨ ਦਾ ਬੇਤਾਰ ਬਰਕੀ ਰਾਹੀਂ ਪਤਾ ਲਗਾ । ਗੁਪਤ ਕਮੀਸ਼ਨ ਨੇ ਸ੍ਰੀ ਸੋਹਨ ਸਿੰਘ ਦੀ ਰਵਾਨਗੀ ਦੀ ਇਤਲਾਹ ਜਾਪਾਨ ਦੀ ਸ਼ਾਖ ਨੂੰ ਦੇ ਰੱਖੀ ਸੀ, ਜਿਸ ਕਰਕੇ ਯੋਕੋਹਾਮਾ (ਜਾਪਾਨ) ਜਹਾਜ਼ ਪੁਜਣ ਉਤੇ ਪਾਰਟੀ ਦੇ ਦੋ ਮੈਂਬਰ ਅਗੋਂ ਘਾਟ ਉਤੇ ਪੁਜੇ ਹੋਏ ਸਨ। ਹਥਿਆਰਾਂ ਦੀਆਂ ਪੇਟੀਆਂ ਉਨ੍ਹਾਂ ਦੇ ਹਵਾਲੇ ਕਰ ਦਿੱਤੀਆਂ ਗਈਆਂ, ਜਿਨ੍ਹਾਂ ਨੇ ਚੁੰਗੀ ਦੇ ਪਰਬੰਧਕਾਂ ਨਾਲ ਮਿਲ ਕੇ ਪੇਟੀਆਂ ਸੰਭਾਲ ਲਈਆਂ।

ਜਦ 'ਕੋਮਾ ਗਾਟਾ ਮਾਰੂ' ਯੋਕੋਹਾਮਾ ਪੁਜਾ ਤਾਂ ਗਦਰ ਪਾਰਟੀ ਦਾ ਇਕ ਮੈਂਬਰ ਜਹਾਜ਼ ਉਤੇ ਸ੍ਰੀ ਗੁਰਦਿੱਤ ਸਿੰਘ 'ਸਰਹਾਲੀ' ਅਤੇ ਉਨ੍ਹਾਂ ਦੇ ਸਕੱਤ੍ਰ ਸ੍ਰੀ ਰਾਏ ਸਿੰਘ ਨੂੰ ਮਿਲਿਆ। ਇਸ ਪੁਰ ਸ੍ਰੀ ਰਾਏ ਸਿੰਘ ਅਤੇ ਸ੍ਰੀ ਹਰਨਾਮ ਸਿੰਘ (ਉਰਫ 'ਕੋਮਾ ਗਾਟਾ ਮਾਰੂ') ਸ੍ਰੀ ਸੋਹਨ ਸਿੰਘ 'ਭਕਨਾ' ਨੂੰ ਯੋਕੋਹਾਮਾ ਦੇ ਇਕ ਹੋਟਲ ਵਿਚ ਮਿਲਣ ਆਏ। ਅਗਲੇ ਦਿਨ ਸ੍ਰੀ ਸੋਹਨ ਸਿੰਘ ਖੁਦ ਜਹਾਜ਼ ਉਤੇ ਜਾਕੇ ਸ੍ਰੀ ਗੁਰਦਿਤ ਸਿੰਘ ਅਤੇ ਜਹਾਜ਼ ਕਮੇਟੀ ਨੂੰ ਮਿਲੇ, ਅਤੇ ਉਨ੍ਹਾਂ ਨੂੰ ਗਦਰ ਪਾਰਟੀ ਦਾ ਸੰਦੇਸ਼ ਦਿਤਾ। ਹਥਿਆਰ ਅਤੇ ਗਦਰ ਪਾਰਟੀ ਦਾ ਲਿਟਰੇਚਰ ਵੀ 'ਕੋਮਾ ਗਾਟਾ ਮਾਰੂ' ਵਿਚ ਪੁਚਾਇਆ ਗਿਆ।

ਉਨੀ ਦਿਨੀਂ ਜਰਮਨੀ ਦਾ ਐਮਡਨ ਨਾਮੀ ਗਸ਼ਤੀ ਜੰਗੀ ਜਹਾਜ਼ (Cruiser) ਧੁਰ ਪੂਰਬ ਦੇ ਸਮੁੰਦਰਾਂ ਵਿਚ ਇਤਹਾਦੀਆਂ ਦੇ ਤਜਾਰਤੀ ਜਹਾਜ਼ ਡੋਬ ਰਿਹਾ ਸੀ। ਜਾਪਾਨ ਵੀ ਇਤਹਾਦੀਆਂ ਦਾ ਹਿਮਾਇਤੀ ਸੀ ਅਤੇ 'ਕੋਮਾ ਗਾਟਾ ਮਾਰੂ' ਜਾਪਾਨੀ ਜਹਾਜ਼ ਹੋਣ ਕਰਕੇ ਖਤਰੇ ਵਿਚ ਸੀ। ਯੋਕੋਹਾਮਾ ਵਿਚ ਜਰਮਨ ਕੌਂਸਲ ਨਿਗਰਾਨੀ ਹੇਠ ਸੀ, ਪਰ ਜਾਪਾਨ ਦੀ ਗਦਰ ਪਾਰਟੀ ਦੇ ਮੈਂਬਰਾਂ ਦੀ ਸੂਝ ਬੂਝ ਅਤੇ ਹੁਸ਼ਿਆਰੀ ਦਾ ਸੱਦਕਾ ਸ੍ਰੀ ਸੋਹਨ ਸਿੰਘ ਜਰਮਨ ਕੌਂਸਲ ਨੂੰ ਮਿਲਣ ਵਿਚ ਕਾਮਯਾਬ ਹੋ ਗਏ । ਜਰਮਨ ਕੌਂਸਲ ਨੇ ਇਸ ਗਲ ਦਾ ਜ਼ਿਮਾ ਲਿਆ ਕਿ 'ਕੋਮਾ ਗਾਟਾ ਮਾਰੂ' ਨੂੰ ਆਂਚ ਨਹੀਂ ਆਵੇਗੀ, ਅਤੇ ਉਸ ਨੇ ਇਹ ਵੀ ਪੇਸ਼ਕਸ਼ ਕੀਤੀ ਕਿ ਐਮਡਨ ਜਹਾਜ਼ 'ਕੋਮਾ ਗਾਟਾ ਮਾਰੂ' ਦੇ ਮੁਸਾਫਰਾਂ ਨੂੰ ਸਮੁੰਦਰ ਵਿਚ ਹਥਿਆਰ ਵੀ ਪੁਚਾ ਸਕੇਗਾ। ਪਰ 'ਕੋਮਾ ਗਾਟਾ ਮਾਰੂ' ਦੇ ਸਾਰੇ ਅਫਸਰ ਜਾਪਾਨੀ ਹੋਣ ਕਰਕੇ ਇਸ ਪੇਸ਼ਕਸ਼ ਤੋਂ ਫਾਇਦਾ ਉਠਾਉਣਾ ਮੁਮਕਨ ਨਹੀਂ ਸੀ। ਕਿਹਾ ਜਾਂਦਾ ਹੈ ਕਿ ਸਮੁੰਦਰ ਵਿਚ 'ਐਮਡਨ' ਗਸ਼ਤੀ ਜਹਾਜ਼ 'ਕੋਮਾ ਗਾਟਾ ਮਾਰੂ' ਨੂੰ ਟਕਰਿਆ, ਪਰ ਝੰਡੀ ਸ਼ੀਸ਼ੇ ਵਾਲੇ ਹਿੰਦੀ ਜਹਾਜ਼ੀਆਂ ਨੇ ਜਦ ਆਪਣੀ ਨੀਯਤ ਨਿਸ਼ਾਨੀ ਦਸੀ ਤਾਂ ਉਹ ਰੂਪੋਸ਼ ਹੋ ਗਿਆ।

ਸ੍ਰੀ ਸੋਹਨ ਸਿੰਘ 'ਭਕਨਾ' ਦੀ ਦੱਸੀ ਉਪ੍ਰੋਕਤ ਵਾਰਤਾ ਦੀ ਪਹਿਲੇ ਮੁਕੱਦਮੇਂ ਵਿਚ ਹੋਈਆਂ ਸ਼ਹਾਦਤਾਂ ਤੋਂ ਵੀ ਇਸ ਹੱਦ ਤਕ ਪੁਸ਼ਟੀ ਹੁੰਦੀ ਹੈ ਕਿ ਸ੍ਰੀ ਸੋਹਨ ਸਿੰਘ ਦੇ ਅਮਰੀਕਾ ਤੋਂ ਰਵਾਨਾ ਹੋਣ ਦੇ ਕੀ ਮਕਸਦ ਸਨ, ਅਤੇ ਉਨ੍ਹਾਂ 'ਕੋਮਾ ਗਾਟਾ ਮਾਰੂ' ਦੇ ਲੀਡਰਾਂ ਨੂੰ ਯੋਕੋਹਾਮਾ ਮਿਲਕੇ ੧੦੦ ਪਸਤੌਲ ਗੋਲੀ ਗਠੇ ਸਮੇਤ ਪੁਚਾਇਆ* । ਗਦਰ ਪਾਰਟੀ ਅਤੇ 'ਕੋਮਾ ਗਾਟਾ ਮਾਰੂ' ਜਹਾਜ਼ੀਆਂ ਦੇ ਆਪਸ ਨਾਲ ਬਣੇ ਸੰਬੰਧ ਇਸ ਗੱਲ ਤੋਂ ਵੀ ਸਿੱਧ ਹੁੰਦੇ ਹਨ ਕਿ 'ਕੋਮਾ ਗਾਟਾ ਮਾਰੂ' ਦੇ ਚੰਦ ਇਕ ਮੁਸਾਫਰਾਂ, ਜਿਨ੍ਹਾਂ ਵਿਚੋਂ ਕਾਮਰੇਡ ਗੁਰਮੁਖ ਸਿੰਘ ਦਾ ਨਾਮ ਖਾਸ ਜ਼ਿਕਰ ਕਰਨ ਯੋਗ ਹੈ, ਨੇ ਬਜ ਬਜ ਘਾਟ ਦੀ ਘਟਨਾ ਪਿਛੋਂ ਹਿੰਦ ਵਿਚ ਗਦਰ ਪਾਰਟੀ ਲਹਿਰ ਵਿਚ ਹਿੱਸਾ

*Third Case, Judgement, p. 37; Rowlatt Report, p. 148.
†Third Case, Judgement, p. 36.
‡Bh. Parmanand, p. 67.

*First Case, Individual Case of Sohan Singh, p. 2.

*First Case, Individual Case of Sohan Singh, V. Bhakna.



Digitized by Panjab Digital Library | www.panjabdigilib.org

ਲਿਆ

ਸਮੁਚੀ ਗਦਰ ਪਾਰਟੀ ਲਹਿਰ ਉਤੇ ਅਸਰ ਪੈਣ ਤੋਂ ਇਲਾਵਾ, 'ਕੌਮਾ ਗਾਟਾ ਮਾਰੂ' ਘਟਨਾ ਦੇ ਕਾਰਨ ਕੈਨੇਡਾ ਵਾਸੀ ਹਿੰਦੀਆਂ ਦੀ ਮੁਕਾਮੀ ਜਦੋ ਜਹਿਦ ਦੀ ਵੀ ਸ਼ਕਲ ਬਦਲ ਗਈ। 'ਕੌਮਾ ਗਾਟਾ ਮਾਰੂ' ਦੇ ਕੈਨੇਡਾ ਪੁਜਣ ਤੋਂ ਪਹਿਲੋਂ ਵੀ ਸ੍ਰੀ ਭਗਵਾਨ ਸਿੰਘ ਨੇ ਕੈਨੇਡਾ ਵਾਸੀ ਹਿੰਦੀਆਂ ਨੂੰ 'ਤਲਵਾਰ ਫੜਨ' ਦਾ ਨਾਅਰਾ ਦਿੱਤਾ ਸੀ। ਪਰ 'ਕੌਮਾ ਗਾਟਾ ਮਾਰੂ' ਦੇ ਕੈਨੇਡਾ ਪੁਜਣ ਅਤੇ ਓਥੋਂ ਚਲੇ ਜਾਣ ਪਿਛੋਂ, ਗਦਰ ਅਤੇ ਇਨਕਲਾਬ ਬਾਰੇ ਕੈਨੇਡਾ ਵਾਸੀ ਹਿੰਦੀਆਂ ਵਿਚ ਚਰਚਾ ਆਮ ਹੋ ਗਈ। ਡੋਮੀਨੀਅਨ ਹਾਲ (ਵੈਨਕੋਵਰ) ਵਿਚ ਇਕ ਵੱਡੀ ਮੀਟਿੰਗ ਹੋਈ, ਜਿਸ ਵਿਚ "ਇਹ ਪ੍ਰਚਾਰ ਕੀਤਾ ਗਿਆ ਕਿ ਜੇ ਜਹਾਜ਼ ਨੂੰ ਵਾਪਸ ਤੋਰ ਦਿੱਤਾ ਗਿਆ ਤਾਂ ਹਿੰਦੀਆਂ ਨੂੰ ਵਾਪਸ ਹਿੰਦ ਜਾਣਾ ਚਾਹੀਦਾ ਹੈ, ਅੰਗਰੇਜ਼ਾਂ ਨੂੰ ਓਥੋਂ ਕਢਣਾ ਚਾਹੀਦਾ ਹੈ, ਅਤੇ ਉਨ੍ਹਾਂ ਦੇ ਸਿਰ ਹਦਵਾਣਿਆਂ ਵਾਂਗੂ ਫੇਹਣੇ ਚਾਹੀਦੇ ਹਨ*"। ਪਹਿਲਾ ਸੰਸਾਰ ਯੁਧ ਸ਼ੁਰੂ ਹੋਣ ਵੇਲੇ ਤੱਕ ਗੁਰਦਵਾਰੇ ਵਿਚ ਹਰ ਛਨਿਛਰ ਵਾਰ ਮੀਟਿੰਗਾਂ ਹੁੰਦੀਆਂ, 'ਗਦਰ' ਅਖਬਾਰ ਮੰਗਵਾਇਆ ਜਾਂਦਾ ਅਤੇ 'ਗਦਰ ਦੀ ਗੂੰਜ' ਵਿਚੋਂ ਕਵਿਤਾ ਗਾਵੀਆਂ ਜਾਂਦੀਆਂ†। ਇਹ ਇਨਕਲਾਬੀ ਜੋਸ਼ ਤਕਰੀਰਾਂ ਦੀ ਹੱਦ ਤੋਂ ਅਗੇ ਵੱਧ ਤੁਰਿਆ। ਅਮਰੀਕਾ ਵਿਚੋਂ ਹਥਿਆਰ ਪ੍ਰਾਪਤ ਕਰਨ ਦੀ ਕੋਸ਼ਸ਼ ਕੀਤੀ ਗਈ‡, ਅਤੇ ਕੈਨੇਡਾ ਦੇ ਕਰਮਚਾਰੀਆਂ ਪਾਸ ਮੁਖਬਰੀ ਕਰਨ ਵਾਲੇ ਕੁਝ ਹਿੰਦੀਆਂ ਨੂੰ ਖੁਫੀਆ ਤੌਰ ਉਤੇ ਜਾਨੋਂ ਮਾਰ ਦਿੱਤਾ ਗਿਆ§।

7½ ਦੂਸਰੇ ਬੰਨੇ ਹਿੰਦੀਆਂ ਵਿਰੋਧੀ ਤਾਕਤਾਂ ਵੀ ਚੁਪ ਨਹੀਂ ਸਨ। ਓਹ ਵੈਨਕੋਵਰ ਗੁਰਦੁਆਰੇ ਦੇ ਪ੍ਰਬੰਧਕਾਂ ਉਤੇ ਵਾਰ ਕਰਨ ਦਾ ਮੌਕਿਆ ਤਾੜਦੀਆਂ ਸਨ, ਕਿਉਂਕਿ ਵੈਨਕੋਵਰ ਗੁਰਦੁਆਰਾ ਕੈਨੇਡਾ ਵਾਸੀ ਹਿੰਦੀਆਂ ਦੀ ਜਦੋ ਜਹਿਦ ਦਾ ਕੇਂਦਰ ਸੀ, ਜਿਸ ਦੇ ਬਿਖਰਨ ਨਾਲ ਕੈਨੇਡਾ ਵਾਸੀ ਹਿੰਦੀਆਂ ਦੀ ਲਹਿਰ ਕਮਜ਼ੋਰ ਹੁੰਦੀ ਸੀ। ੩੦ ਅਗਸਤ, ੧੯੧੪, ਨੂੰ ਬੇਲਾ ਸਿੰਘ (ਮਿਸਟਰ ਹਾਪਕਿਨਜ਼ ਦਾ ਵਡਾ ਮੁਖਬਰ) ਅਤੇ ਉਸ ਦੇ ਆਦਮੀ ਫਸਾਦ ਖੜਾ ਕਰਨ ਦੀ ਨੀਯਤ ਨਾਲ ਗੁਰਦੁਆਰੇ ਆਏ, ਪਰ ਅਗਾਊਂ ਪਤਾ ਲਗ ਜਾਣ ਕਰਕੇ ਪੁਲਸ ਨੂੰ ਇਤਲਾਹ ਦੇ ਦਿੱਤੀ ਗਈ, ਜਿਸ ਨੇ ਬੇਲਾ ਸਿੰਘ ਅਤੇ ਉਸ ਦੇ ਆਦਮੀਆਂ ਨੂੰ ਗੁਰਦਵਾਰੇ ਵਿਚੋਂ ਕੱਢ ਦਿੱਤਾ*। ੫ ਸਤੰਬਰ, ੧੯੧੪ ਨੂੰ ਬੇਲਾ ਸਿੰਘ ਫਿਰ ਗੁਰਦਵਾਰੇ ਆਇਆ, ਅਤੇ ਸ੍ਰੀ ਭਾਗ ਸਿੰਘ, ਪ੍ਰਧਾਨ, ਗੁਰਦੁਆਰਾ ਕਮੇਟੀ, ਦੇ ਪਿਛੇ ਆਕੇ ਬੈਠ ਗਿਆ। ਸ਼ਬਦ ਕੀਰਤਨ ਹੋ ਰਿਹਾ ਸੀ, ਜਦ ਬੇਲਾ ਸਿੰਘ ਨੇ ਅਚਾਨਕ ਸ੍ਰੀ ਭਾਗ ਸਿੰਘ ਦੀ ਪਿੱਠ ਵਿੱਚ ਪਸਤੌਲ ਨਾਲ ਗੋਲੀਆਂ ਮਾਰਕੇ ਉਨ੍ਹਾਂ ਨੂੰ ਓਥੇ ਹੀ ਸ਼ਹੀਦ ਕਰ ਦਿੱਤਾ†। ਇਕ ਹੋਰ ਸਜਣ ਸ੍ਰੀ ਬਤਨ ਸਿੰਘ ਨੂੰ ਵੀ ਗੋਲੀਆਂ ਵੱਜੀਆਂ, ਜਿਸ ਕਾਰਨ ਉਹ ਪਿਛੋਂ ਚਲਾਣਾ ਕਰ ਗਏ‡। ਬੇਲਾ ਸਿੰਘ ਉਤੇ ਮੁਕੱਦਮਾ ਚਲਿਆ, ਪਰ ਉਹ ਇਸ ਬਿਆਨ ਦੇ ਆਧਾਰ ਉਤੇ ਬਰੀ ਕੀਤਾ ਗਿਆ ਕਿ ਸ੍ਰੀ ਭਾਗ ਸਿੰਘ ਨੇ ਉਸ ਉਤੇ ਪਹਿਲੋਂ ਵਾਰ ਕੀਤਾ ਸੀ, ਅਤੇ ਉਸ (ਬੇਲਾ ਸਿੰਘ) ਨੇ ਆਪਣੇ ਬਚਾਉ ਖਾਤਰ ਸ੍ਰੀ ਭਾਗ ਸਿੰਘ ਨੂੰ ਗੋਲੀਆਂ ਮਾਰੀਆਂ। ਪਰ ਸ੍ਰੀ ਭਾਗ ਸਿੰਘ ਨੂੰ ਭਰੇ ਦੀਵਾਨ ਵਿੱਚ ਸਾਰਿਆਂ ਦੇ ਸਾਹਮਣੇ ਪਿਛੋਂ ਅਚਾਨਕ ਗੋਲੀਆਂ ਮਾਰਕੇ ਸ਼ਹੀਦ ਕੀਤਾ ਗਿਆ ਸੀ। ਇਸ ਕਰਕੇ ਕੈਨੇਡਾ ਵਾਸੀ ਹਿੰਦੀਆਂ ਨੂੰ ਜ਼ਾਤੀ ਇਲਮ ਤੋਂ ਪਤਾ ਸੀ ਕਿ ਅਸਲ ਵਾਕਿਆਤ ਕੀ ਸਨ। ਕੁਦਰਤੀ ਤੌਰ ਉਤੇ ਉਨ੍ਹਾਂ ਨੇ ਸ੍ਰੀ ਭਾਗ ਸਿੰਘ ਦੀ ਸ਼ਹੀਦੀ ਪਿਛੇ ਹਿੰਦੀਆਂ ਵਿਰੋਧੀ ਤਾਕਤਾਂ ਦਾ ਹੱਥ ਸਮਝਿਆ; ਜਿਸ ਦਾ ਬਦਲਾ ਲੈਣ ਵਾਸਤੇ ਸ੍ਰੀ ਮੇਵਾ ਸਿੰਘ ਨੇ ੨੧ ਅਕਤੂਬਰ (ਜਿਸ ਦਿਨ ਸ੍ਰੀ ਭਾਗ ਸਿੰਘ ਦੀ ਸ਼ਹੀਦੀ ਦਾ ਸੁਪਰੀਮ ਕੋਰਟ ਵਿਚ ਮੁਕੱਦਮਾ ਸ਼ੁਰੂ ਹੋਇਆ) ਨੂੰ ਮਿਸਟਰ ਹਾਪਕਿਨਜ਼ (ਜੋ ਹਿੰਦੀਆਂ ਦੀਆਂ ਨਜ਼ਰਾਂ ਵਿਚ ਉਨ੍ਹਾਂ ਵਿਰੁਧ ਦਬਾਉ ਦਾ ਸਭ ਤੋਂ ਵੱਧ ਸਰਗਰਮ ਮੋਹਰਾ ਸੀ) ਨੂੰ ਭਰੀ ਕਚਹਿਰੀ ਵਿਚ ਉਸੇ ਤਰ੍ਹਾਂ ਗੋਲੀ ਮਾਰ ਕੇ ਮਾਰ ਦਿੱਤਾ*, ਜਿਵੇਂ ਭਰੇ ਦੀਵਾਨ ਵਿਚ ਸ੍ਰੀ ਭਾਗ ਸਿੰਘ ਨੂੰ ਸ਼ਹੀਦ ਕੀਤਾ ਗਿਆ ਸੀ। ਸ੍ਰੀ ਮੇਵਾ ਸਿੰਘ ਨੇ ਖੜਕ ਕੇ ਬਿਆਨ ਦਿਤਾ ਅਤੇ ਇਸ ਬਦਲੇ ਉਨ੍ਹਾਂ ਨੂੰ ਫਾਂਸੀ ਉਤੇ ਲਟਕਣਾ ਪਿਆ।

ਸ੍ਰੀ ਭਾਗ ਸਿੰਘ, ਸ੍ਰੀ ਬਤਨ ਸਿੰਘ ਅਤੇ ਸ੍ਰੀ ਮੇਵਾ ਸਿੰਘ ਦੀਆਂ ਸ਼ਹੀਦੀਆਂ ਨੇ ਕੈਨੇਡਾ, ਅਮਰੀਕਾ ਅਤੇ ਦੂਰ ਪੂਰਬ ਦੇ ਹਿੰਦੀਆਂ ਦੇ ਜੋਸ਼, ਜੋ 'ਕੌਮਾ ਗਾਟਾ ਮਾਰੂ' ਦੀ ਘਟਨਾ ਕਰਕੇ ਅਗੇ ਹੀ ਬਹੁਤ ਚਮਕਿਆ ਹੋਇਆ ਸੀ, ਵਿਚ ਹੋਰ ਵਾਧਾ ਕੀਤਾ। 'ਕੌਮਾ ਗਾਟਾ ਮਾਰੂ' ਦੇ ਮੁਆਮਲੇ ਦਾ ਤਾਂ ਇਹ ਮਤਲਬ ਸੀ ਕਿ ਕੈਨੇਡਾ ਸਰਕਾਰ ਅਗੋਂ ਨਵੇਂ ਆਉਣ ਵਾਲੇ ਹਿੰਦੀਆਂ ਨੂੰ ਹਰ ਹਾਲਤ ਵਿਚ ਕੈਨੇਡਾ ਆਉਣੋਂ ਰੋਕਣ ਲਈ ਤੁਲੀ ਹੋਈ ਸੀ, ਪਰ ਉਪ੍ਰੋਕਤ ਸ਼ਹੀਦੀਆਂ ਨੇ ਸਪੱਸ਼ਟ ਤੌਰ ਉਤੇ ਜ਼ਾਹਰ ਕੀਤਾ ਕਿ ਅਗੇ ਆ ਚੁਕੇ ਹਿੰਦੀਆਂ ਉਤੇ ਦਬਾਉ ਪਾਉਣ ਲਈ ਕੈਨੇਡਾ ਦੀਆਂ ਕਈ ਤਾਕਤਾਂ ਕਿਵੇਂ ਅਖੀਰਲੀ ਹੱਦ ਤਕ ਪੁਜ ਗਈਆਂ।

## ਬਾਰ੍ਹਵਾਂ ਕਾਂਡ

# ਪਹਿਲਾ ਸੰਸਾਰ ਯੁਧ ਅਤੇ ਗਦਰ ਪਾਰਟੀ ਦਾ ਫੈਸਲਾ

'ਕੌਮਾ ਗਾਟਾ ਮਾਰੂ' ਵੈਨਕੋਵਰ ਤੋਂ ੨੩ ਜੁਲਾਈ, ੧੯੧੪, ਨੂੰ ਰਵਾਨਾ ਹੋਇਆ, ਅਤੇ ਪਹਿਲਾ ਸੰਸਾਰ ਯੁਧ ਜੁਲਾਈ ਦੇ ਅਖੀਰ ਵਿਚ ਛਿੜ ਪਿਆ। ਅਰਥਾਤ 'ਕੌਮਾ ਗਾਟਾ ਮਾਰੂ' ਬਾਰੇ ਕੈਨੇਤਾ ਵਿਚ ਹੋਈ ਘਟਨਾ ਦੇ ਕਾਰਨ ਕੈਨੇਡਾ, ਅਮਰੀਕਾ ਅਤੇ ਧੁਰ ਪੂਰਬ ਦੇ ਹਿੰਦੀਆਂ ਦੇ ਜੋਸ਼ ਅਤੇ ਗੁੱਸੇ ਦਾ ਪਾਰਾ ਐਨ ਸਿਖਰ ਉਤੇ ਸੀ, ਜਿਸ ਵੇਲੇ ਗਦਰ ਪਾਰਟੀ ਨੇ ਹਿੰਦ ਵਿਚ ਇਨਕਲਾਬ ਕਰਨ ਵਾਸਤੇ ਆਪਣੇ ਜੁਗਗਰਦੀ ਦੇਸ ਭੇਜਣ ਦਾ ਫੈਸਲਾ ਕੀਤਾ। ਦੂਸਰੇ ਮੁਕੱਦਮੇਂ ਦੇ ਫੈਸਲੇ ਵਿਚ ਲਿਖਿਆ ਹੈ ਕਿ 'ਅਮਰੀਕਾ ਦੇ ਇਨਕਲਾਬੀਆਂ ਦੇ ਹਿੰਦ ਨੂੰ ਉਸ ਵੇਲੇ ਆਉਣ ਦੇ ਫੈਸਲੇ ਪਿੱਛੇ 'ਕੌਮਾ ਗਾਟਾ ਮਾਰੂ' ਦੀ ਘਟਨਾ ਦਾ ਵੱਡਾ ਹੱਥ ਸੀ*। ਜੇਕਰ ਇਸ ਲਿਖਤ ਦਾ ਭਾਵ ਇਹ ਹੈ ਕਿ ਗਦਰ ਪਾਰਟੀ ਨੇ ਹਿੰਦ ਵਿਚ ਇਨਕਲਾਬੀ ਭੇਜਣ ਦਾ ਫੈਸਲਾ 'ਕੌਮਾ ਗਾਟਾ ਮਾਰੂ' ਦੀ ਘਟਨਾ ਕਰਕੇ ਕੀਤਾ, ਤਾਂ ਇਹ ਸੋਲਾਂ ਆਨੇ ਸਚਾਈ ਨਹੀਂ। ਇਸ ਭੁਲੇਖੇ ਦਾ ਵੱਡਾ ਕਾਰਨ ਇਹ ਹੈ ਕਿ 'ਕੌਮਾ ਗਾਟਾ ਮਾਰੂ' ਜਹਾਜ਼ ਦੇ ਕੈਨੇਡਾ ਤੋਂ ਰਵਾਨਾ ਹੋਣ

---

*Third Case, Judgement, p. 36.
†Ibid, pp. 37–38.
‡Ibid.
§Ibid, p. 39.

---

*Third Case, Evidence, p. 232.
†Ibid.
‡Third Case, Judgement, p. 39.

---

*Third Case, Judgement, p. 39; Third Case, Evidence, p. 232.

---

*Second Case, Judgement, p. 23.



Digitized by Panjab Digital Library | www.panjabdigilib.org

ਪਿਛੋਂ ਹਫਤੇ ਦੇ ਵਿਚ ਵਿਚ ਸੰਸਾਰ ਯੁਧ ਛਿੜ ਪਿਆ, ਪਰ ਇਹ ਇਤਫਾਕੀਆ ਅਮਰ ਸੀ। ਇਹ ਠੀਕ ਹੈ ਕਿ 'ਕੌਮਾ ਗਾਟਾ ਮਾਰੂ' ਘਟਨਾ ਨੇ ਬਲਦੀ ਉਤੇ ਤੇਲ ਪਾਉਣ ਦਾ ਕੰਮ ਕੀਤਾ, ਅਤੇ, ਜਿਵੇਂ ਅਗਲੇ ਕਾਂਡ ਵਿਚ ਵੇਖਿਆ ਜਾਵੇਗਾ, ਗਦਰੀ ਇਨਕਲਾਬੀਆਂ ਦੀ ਹਿੰਦ ਜਾਣ ਦੀ ਮੁਹਿੰਮ ਨੂੰ ਤੱਟ ਫੱਟ ਇਕ ਬੇ-ਕਾਬੂ ਹੜ੍ਹ ਦੀ ਸ਼ਕਲ ਦਿਤੀ। ਪਰ ਜੇਕਰ 'ਕੌਮਾ ਗਾਟਾ ਮਾਰੂ' ਦੀ ਘਟਨਾ ਨਾ ਵੀ ਹੋਈ ਹੁੰਦੀ, ਤਾਂ ਵੀ ਗਦਰ ਪਾਰਟੀ ਨੇ ਇਹੋ ਫੈਸਲਾ ਕਰਨਾ ਸੀ ਜੋ ਉਸ ਨੇ ਕੀਤਾ; ਕਿਉਂਕਿ ਉਸ ਦੇ ਫੈਸਲੇ ਦੀ ਤਹਿ ਵਿਚ ਵਜ਼ਨੀ ਕਾਰਨ ਅਤੇ ਦ੍ਰਿੜ੍ਹ ਇਨਕਲਾਬੀ ਲਗਨ ਸੀ। ਜਦ ਇਹ ਪਤਾ ਵੀ ਨਹੀਂ ਸੀ ਕਿ 'ਕੌਮਾ ਗਾਟਾ ਮਾਰੂ' ਜਾਂ ਕਿਸੇ ਹੋਰ ਜਹਾਜ਼ ਨੂੰ ਹਿੰਦੀਆਂ ਵਲੋਂ ਕੈਨੇਡਾ ਲੈ ਜਾਣ ਦੀ ਕੋਈ ਤਜਵੀਜ਼ ਅਮਲੀ ਸ਼ਕਲ ਫੜ ਰਹੀ ਹੈ, ਲਾ: ਹਰਦਿਆਲ ਨੇ ੩੧ ਦਸੰਬਰ, ੧੯੧੩, ਨੂੰ ਸੈਕਰੇਮੈਂਟੋ ਵਿਚ ਹੋਈ ਪਬਲਕ ਮੀਟਿੰਗ ਵਿਚ ਖੁਲੇ ਤੌਰ ਉਤੇ ਤਕਰੀਰ ਕੀਤੀ ਕਿ, "ਜਰਮਨੀ ਇੰਗਲਸਤਾਨ ਨਾਲ ਜੰਗ ਦੀ ਤਿਆਰੀ ਕਰ ਰਿਹਾ ਹੈ ਅਤੇ ਆਉਣ ਵਾਲੇ ਇਨਕਲਾਬ ਲਈ ਹਿੰਦ ਜਾਣ ਦਾ ਸਮਾਂ ਹੈ*।" ਇਸੇ ਤਰ੍ਹਾਂ 'ਕੌਮਾ ਗਾਟਾ ਮਾਰੂ' ਜਹਾਜ਼ ਦੇ ਹਾਂਗ ਕਾਂਗ ਤੋਂ ਕੈਨੇਡਾ ਨੂੰ ਤੁਰਨ ਤੋਂ ਵੀ ਪਹਿਲੋਂ ਮਾਰਚ ੧੯੧੪ ਵਿਚ ਅਸਟੋਰੀਆ ਵਿਚ ਹਿੰਦੀਆਂ ਨੇ 'ਕਸਮਾਂ ਖਾਧੀਆਂ ਕਿ ਓਹ ਇਨਕਲਾਬ ਸ਼ੁਰੂ ਕਰਨ ਦੀ ਖਾਤਰ ਵਾਪਸ ਹਿੰਦ ਜਾਣਗੇ†'। ਅਪ੍ਰੈਲ ੧੯੧੪ ਨੂੰ ਕੈਨੇਡਾ ਤੋਂ ਇਕ ਅੰਗਰੇਜ਼ ਨੇ ਆਪਣੇ ਭਰਾ ਨੂੰ ਬੰਗਾਲ ਵਿਚ ਲਿਖਿਆ ਕਿ ਇਨਕਲਾਬੀ ਪਾਰਟੀ ਨੂੰ ਹਿੰਦ ਵਿਚ ਗਦਰ ਕਰਾਉਣ ਦਾ ਪੂਰਾ ਭਰੋਸਾ ਹੈ, ਅਤੇ ਉਹ ਸਿਰਫ ਅੰਗਰੇਜ਼ਾਂ ਦੇ ਕਿਸੇ ਯੁਧ ਵਿਚ ਫਸਣ ਦੇ ਮੌਕਿਆ ਨੂੰ ਉਡੀਕ ਰਹੀ ਹੈ*। ਇਸ ਤੋਂ ਇਲਾਵਾ ਜੇਕਰ ਗਦਰ ਪਾਰਟੀ ਲਹਿਰ ਕੇਵਲ ਓਪਰਾ ਓਪਰਾ ਜਜ਼ਬਾਤੀ ਉਭਾਰ ਹੁੰਦਾ, ਤਾਂ ਹਿੰਦ ਵਿਚ ਗਦਰ ਪਾਰਟੀ ਦੀ ਮਹਿਮ ਮੁਕੰਮਲ ਤੌਰ ਉਤੇ ਫੇਲ ਹੋ ਜਾਣ ਪਿਛੋਂ, ਗੱਦਰ ਪਾਰਟੀ ਦੀਆਂ ਇਨਕਲਾਬੀ ਕੋਸ਼ਸ਼ਾਂ ਬੰਦ ਜਾਂ ਢਿੱਲੀਆਂ ਹੋ ਜਾਣੀਆਂ ਚਾਹੀਦੀਆਂ ਸਨ। ਪਰ ਅਗੇ ਵੇਖਿਆ ਜਾਵੇਗਾ ਕਿ ਗਦਰ ਪਾਰਟੀ ਦੇ ਇਨਕਲਾਬੀ ਯਤਨ ਕਾਫੀ ਪੈਮਾਨੇ ਉਤੇ ਅਤੇ ਕਾਫੀ ਅਰਸੇ ਤਕ ਪਿਛੋਂ ਜਾਰੀ ਰਹੇ।

ਸਤਵੇਂ ਕਾਂਡ ਵਿਚ ਵੀਚਾਰ ਕੀਤੀ ਜਾ ਚੁਕੀ ਹੈ ਕਿ ਹਿੰਦ ਵਿਚ ਅੰਗਰੇਜ਼ਾਂ ਉਤੇ ਓਦੋਂ ਵਾਰ ਕਰਨਾ, ਜਦੋਂ ਓਹ ਕਿਸੇ ਕੌਮਾਂਤਰੀ ਯੁਧ ਵਿਚ ਫਸੇ ਹੋਣ, ਗਦਰ ਪਾਰਟੀ ਦੀ ਇਨਕਲਾਬੀ ਪਲੈਨ ਦਾ ਕਿਉਂ ਮੁਖ ਅੰਗ ਸੀ। ਇਹ ਵੀ ਵੇਖਿਆ ਜਾ ਚੁਕਾ ਹੈ ਕਿ ਗਦਰ ਪਾਰਟੀ ਦੇ ਮੁਖੀਆਂ ਨੂੰ ਆਸ ਸੀ ਕਿ ਸੰਸਾਰ ਮਹਾਂ ਯੁਧ ਛਿੜਨ ਵਿਚ ਕੁਝ ਵਕਤ ਲਗੇਗਾ, ਅਤੇ ਉਨ੍ਹਾਂ ਨੂੰ ਆਪਣੀ ਪਲੈਨ ਦੇ ਅਮਲੀ ਅੰਗ ਮੁਕੰਮਲ ਕਰਨ ਵਾਸਤੇ ਵਕਤ ਮਿਲ ਜਾਵੇਗਾ। ਗਦਰ ਪਾਰਟੀ ਕਾਇਮ ਹੋਣ ਤੋਂ ਅਗਲੇਰੇ ਦਿਨ, ੪ ਜੂਨ ੧੯੧੩, ਨੂੰ ਲਾ: ਹਰਦਿਆਲ ਨੇ ਫਿਨਿਸ਼ ਸੋਸ਼ਲਿਸਟ ਹਾਲ ਵਿਚ ਤਕਰੀਰ ਕਰਦਿਆਂ ਕਿਹਾ ਕਿ "ਦਸਾਂ ਸਾਲਾਂ ਵਿਚ ਲੜਾਈ ਲੜਕੇ ਇਨਕਲਾਬ ਕਰ ਦਿਤਾ ਜਾਵੇਗਾ†"। ਸੈਨਫ੍ਰਾਂਸਿਸਕੋ ਵਿਚ ਗਦਰ ਪਾਰਟੀ ਲਹਿਰ ਸੰਬੰਧੀ ਚਲੇ ਮੁਕਦਮੇਂ ਵਿਚ ਵੀ ਇਸ਼ਾਰੇ ਮੁਆਫਕ ਫਿਲੇਪੀਨ ਦੇ ਇਕ ਜਾਸੂਸ ਦੀ ਨਿਰਪੱਖ ਸ਼ਹਾਦਤ ਹੈ ਕਿ ਗਦਰ ਪਾਰਟੀ ਦੇ ਕਈ ਇਕ ਲੀਡਰ ਸੰਨ ੧੯੧੭ ਵਿਚ ਇਨਕਲਾਬ ਕਰਨ ਦੀ ਆਸ ਰਖਦੇ ਸਨ, ਪਰ ਸੰਸਾਰ ਮਹਾਂਨਯੁਧ ਪਹਿਲਾਂ ਛਿੜਨ ਕਰਕੇ ਉਨ੍ਹਾਂ ਨੂੰ ਜਲਦੀ ਕਦਮ ਚੁਕਣਾ ਪਿਆ*। ਜਦ ੧੯੧੪ ਵਿਚ ਸੰਸਾਰ ਯੁਧ ਛਿੜ ਪਿਆ ਤਾਂ ਗਦਰ ਪਾਰਟੀ ਨੂੰ ਅਮਲੀ ਕੰਮ ਸ਼ੁਰੂ ਕੀਤਿਆਂ ਕੇਵਲ ਨੌ ਮਹੀਨੇ ਹੋਏ ਸਨ, ਅਤੇ ਇਹ ਵਕਤ ਵੀ ਬਹੁਤਾ ਪ੍ਰਚਾਰ ਅਤੇ ਜਥੇਬੰਦੀ ਕਰਨ ਵਿਚ ਬੀਤਿਆ। ਹਿੰਦ ਵਿਚ ਇਨਕਲਾਬ ਕਰਨ ਦੀ ਪਲੈਨ ਦੇ ਅਮਲੀ ਪਹਿਲੂਆਂ ਵਲ ਕਦਮ ਅਜੇ ਤਾਂ ਚੁਕਿਆ ਹੀ ਨਹੀਂ ਸੀ ਗਿਆ, ਜਾਂ ਬਹੁਤ ਹੀ ਮੁਢਲੀ ਅਤੇ ਅਧੂਰੀ ਸ਼ਕਲ ਵਿਚ। ਗਦਰ ਪਾਰਟੀ ਦੇ ਮੁਖੀ ਇਸ ਤਰੁਟੀ ਤੋਂ ਅਨਜਾਣ ਨਹੀਂ ਸਨ, ਪਰ ਉਨ੍ਹਾਂ ਵਾਸਤੇ ਹੋਰ ਰਾਹ ਨਹੀਂ ਸੀ।

੧੯੧੪ ਵਾਲੇ ਸੰਸਾਰ ਯੁਧ ਛਿੜਨ ਨੇ ਗਦਰ ਪਾਰਟੀ ਨੂੰ ਉਹ ਸੁਨੈਹਰੀ ਮੌਕਿਆ ਦਿਤਾ ਜਿਸ ਦੀ ਓਹ ਭਾਲ ਵਿਚ ਸੀ। ਤਿਆਰੀ ਅਧੂਰੀ ਹੋਣ ਦੇ ਸਬੱਬ ਕੀ ਉਹ ਇਹ ਮੌਕਿਆ ਹਥੋਂ ਗਵਾ ਦਿੰਦੀ, ਅਤੇ ਭਵਿਖਤ ਵਿਚ ਫਿਰ ਕਿਸੇ ਅਜਿਹੇ ਸਮੇਂ ਮਿਲਣ ਦੀ ਆਸ ਵਿਚ ਮਸਤ ਰਹਿੰਦੀ? ਅਜਿਹੇ ਸਮੇਂ ਇਤਹਾਸ ਵਿਚ ਰੋਜ਼ ਰੋਜ਼ ਹੱਥ ਨਹੀਂ ਆਉਂਦੇ, ਅਤੇ ਉਸ ਸਮੇਂ ਕੋਈ ਵੀ ਯਕੀਨੀ ਤੌਰ ਉਤੇ ਅੰਦਾਜ਼ਾ ਨਹੀਂ ਸੀ ਲਾ ਸਕਦਾ ਕਿ ਅੰਤਰਰਾਸ਼ਟਰੀ ਹਾਲਾਤ (ਖਾਸ ਕਰ ਕਮੀਊਨਿਸਟ ਰੂਸ ਦਾ ਤਾਕਤ ਫੜਨਾ) ਸੰਸਾਰ ਯੁਧ ਪਿਛੋਂ ਓਹ ਪਲਟਾ ਖਾਣਗੇ ਜੋ ਉਨ੍ਹਾਂ ਨੇ ਖਾਧਾ। ਇਸਤੋਂ ਇਲਾਵਾ ਦੁਨੀਆਂ ਦੀਆਂ ਜੁਗਗਰਦੀਆਂ ਦੇ ਇਤਹਾਸ ਵਿਚ ਐਸੀਆਂ ਮਿਸਾਲਾਂ ਘਟ ਹੀ ਹਨ ਜਿਥੇ ਕਾਮਯਾਬੀ ਦੇ ਅੰਗਾਂ ਨੂੰ ਸੋਲਾਂ ਆਨੇ ਪੂਰੇ ਗਿਣ ਮਿਥਕੇ ਲੋਕਾਂ ਦੇ ਇਨਕਲਾਬੀ ਯਤਨ ਹੋਏ ਹੋਣ। ਕਈ ਵੇਰ ਇਨਕਲਾਬੀਆਂ ਨੂੰ ਪਹਾੜ ਨਾਲ ਮਥਾ ਮਾਰਨਾ ਪੈਂਦਾ ਹੈ, ਖਾਸ ਕਰ ਮੁਢਲੀਆਂ ਮੰਜ਼ਲਾਂ ਵਿਚ, ਸਿਰਫ ਇਸ ਖਾਤਰ ਕਿ ਆਮ ਜਨਤਾ ਦੀ ਇਨਕਲਾਬੀ ਸਪਿਰਟ ਨੂੰ ਜਗਾਇਆ ਅਤੇ ਉਭਾਰਿਆ ਜਾਵੇ, ਅਤੇ ਇਸਤਰ੍ਹਾਂ ਅਗੋਂ ਲਈ ਇਨਕਲਾਬ ਵਾਸਤੇ ਜ਼ਮੀਨ ਤਿਆਰ ਕੀਤੀ ਜਾਵੇ। ਜੈਕੋਪੋ ਰੁਫਿਨੀ (Jacopo Ruffini) ਨੇ ਆਪਣੇ ਸਾਥੀ ਇਨਕਲਾਬੀਆਂ ਨੂੰ ਕਿਹਾ, "ਅਸੀਂ ਛੋਟੀ ਉਮਰ ਵਾਲੇ ਪੰਜ ਨੌਜਵਾਨ ਹਾਂ, ਅਤੇ ਸਾਡੇ ਪਾਸ ਸਾਧਨ ਵੀ ਬਹੁਤ ਘਟ ਹਨ, ਪਰ ਸਾਡੇ ਕਰਨ ਯੋਗ ਇਕ ਮਜ਼ਬੂਤ ਸਰਕਾਰ ਦਾ ਤਖਤਾ ਉਲਟਾਉਣ ਤੋਂ ਘੱਟ ਕੰਮ ਨਹੀਂ*"। ਉਸ ਸਮੇਂ ਇਹ ਪੇਸ਼ੀਨ-ਗੋਈ ਕਰਨ ਦਾ ਕੌਣ ਹੌਂਸਲਾ ਕਰ ਸਕਦਾ ਸੀ ਕਿ ਇਹ ਪੁੰਗਰਦੇ ਇਨਕਲਾਬੀ ਯਤਨ ਕਿਸੇ ਦਿਨ ਪ੍ਰਫੁਲਤ ਹੋਕੇ ਇਕ ਮੁਲਕ ਦੀ ਰਾਜਨੀਤਕ ਕਾਇਆਂ ਪਲਟਣ ਦਾ ਸਬੱਬ ਬਣਨਗੇ। ਨਿਝੱਕ ਹੋਕੇ ਅੰਗਰੇਜ਼ੀ ਹਕੂਮਤ ਉਤੇ ਸਿੱਧਾ ਵਾਰ ਕਰਨ ਦੀ ਮਿਸਾਲ ਪੇਸ਼ ਕਰਨੀ ਹੀ ਆਪਣੇ ਆਪ ਵਿਚ ਇਨਕਲਾਬੀ ਦ੍ਰਿਸ਼ਟੀ-ਕੋਨ ਤੋਂ ਇਕ ਠੀਕ ਕਦਮ ਸੀ। ਪਰ ਗਦਰ ਪਾਰਟੀ ਦੇ ਮੁਖੀਆਂ ਦੇ ਸਾਹਮਣੇ ਤਿਨ ਹੋਰ ਵਜ਼ਨੀ ਵੀਚਾਰਾਂ ਸਨ, ਜਿਨ੍ਹਾਂ ਨੇ ਗਦਰ ਪਾਰਟੀ ਨੂੰ ਮੈਦਾਨ ਵਿਚ ਛਾਲ ਮਾਰਨ ਵਾਸਤੇ ਪ੍ਰੇਰਿਆ।

"ਜੰਗ ਸ਼ੁਰੂ ਹੋਣ ਉਤੇ ਗਦਰੀ ਲੀਡਰਾਂ ਨੇ ਸਮਝਿਆ, ਕਿ ਕਿਉਂਕਿ ਯੂਰਪ ਵਿਚ ਇੰਗਲੈਂਡ ਵਾਸਤੇ ਜਾਨ ਦੀ ਬਣੀ

*First Case, The beginning of the conspiracy and war, p. 5.
†Ibid, p. 6.

*Isemonger and slattery, p. 35.
†Isemoger and Slattery, p. 14.

*San Francisco Trial, Testimony of Various witnesses, p. 179.

*Quoted in Rowlatt Ropart, p. 135.



Digitized by Panjab Digital Library | www.panjabdigilib.org

ਹੋਈ ਹੈ, ਇਸ ਵਾਸਤੇ ਫੌਜਾਂ ਉਥੇ ਲੈ ਜਾਈਆਂ ਜਾਣਗੀਆਂ, ਅਤੇ ਉਨ੍ਹਾਂ ਲਈ ਆਪਣੇ ਨਿਸ਼ਾਨਿਆਂ ਨੂੰ ਹਿੰਦ ਵਿਚ ਅਮਲੀ ਸ਼ਕਲ ਦੇਣ ਦਾ ਸੁਨੈਹਰੀ ਮੌਕਿਆ ਸੀ*"। ਅਮਰੀਕਨ ਅਖਬਾਰਾਂ ਨੇ ਇਹ ਖਬਰ ਪ੍ਰਕਾਸ਼ਤ ਕਰ ਦਿਤੀ ਕਿ ਹਿੰਦ ਵਿਚੋਂ ਫੌਜਾਂ ਲੜਾਈ ਦੇ ਮੈਦਾਨ ਵਿਚ ਲੈ ਜਾਈਆਂ ਜਾ ਰਹੀਆਂ ਹਨ†, ਅਤੇ ਗਦਰ ਪਾਰਟੀ ਦੇ ਮੁਖੀ ਇਹ ਝੱਟ ਤਾੜ ਗਏ ਕਿ, "ਹਿੰਦ ਨੂੰ ਜਾਣ, ਫੌਜਾਂ ਨੂੰ ਵਰਗਲਾਉਣ ਅਤੇ ਗਦਰ ਸ਼ੁਰੂ ਕਰਨ ਦਾ ਇਹ ਸੁਨੈਹਰੀ ਮੌਕਿਆ ਹੈ‡"। ਹਿੰਦੀ ਫੌਜਾਂ ਨੂੰ ਵਰਗਲਾਉਣਾ ਗਦਰੀਆਂ ਦੇ ਹਿੰਦ ਵਿਚਲੇ ਇਨਕਲਾਬੀ ਅਮਲ ਦਾ ਮੁਖ ਧੁਰਾ ਸੀ§; ਅਤੇ ਅਗੇ ਵੇਖਿਆ ਜਾਵੇਗਾ ਕਿ ਉਨ੍ਹਾਂ ਨੂੰ ਇਸ ਬੰਨੇ ਬਹੁਤ ਹੱਦ ਤਕ ਕਾਮਯਾਬੀ ਹੋਈ, ਅਤੇ ਉਨ੍ਹਾਂ ਦਾ ਇਸ ਬਾਰੇ ਅੰਦਾਜ਼ਾ ਠੀਕ ਨਿਕਲਿਆ।

ਦੂਸਰੀ ਵਡੀ ਵੀਚਾਰ, ਜੋ ਗਲਤ ਸਾਬਤ ਹੋਈ, ਗਦਰ ਪਾਰਟੀ ਦਾ ਇਹ ਅੰਦਾਜ਼ਾ ਸੀ ਕਿ ਹਿੰਦ ਵਿਚਲੇ ਕਾਫੀ ਅਨਸਰ ਗਦਰੀ ਇਨਕਲਾਬੀਆਂ ਦਾ ਸਾਥ ਦੇਣਗੇ। ਪੰਜਾਬ ਸਰਕਾਰ ਨੇ ਸਰਕਾਰ ਹਿੰਦ ਨੂੰ ਇਕ ਰੀਪੋਟ ਵਿਚ ਲਿਖਿਆ ਕਿ ਬਦੇਸ਼ਾਂ ਵਿਚੋਂ ਵਾਪਸ ਪਰਤੇ ਸਿਖਾਂ ਦੀ ਬਹੁ ਗਿਣਤੀ ਇਹ ਆਸ ਕਰਦੀ ਹੋਈ ਦੇਸ ਪਰਤੀ ਸੀ ਕਿ ਹਿੰਦ ਵਿਚ ਬੇਹੱਦ ਬੇਚੈਨੀ ਹੋਵੇਗੀ, ਅਤੇ ਉਨ੍ਹਾਂ ਦਾ ਇਰਾਦਾ ਇਸ ਬੇਚੈਨੀ ਨੂੰ ਬਗਾਵਤ ਵਿਚ ਬਦਲਣ ਦਾ ਸੀ*"। ਹਿੰਦ ਦੇ ਹਾਲਾਤ ਬਾਰੇ ਇਹ ਗਲਤ ਅੰਦਾਜ਼ਾ ਲਾਉਣ ਦਾ ਇਕ ਸਬੱਬ ਇਹ ਵੀ ਹੋਵੇਗਾ ਕਿ ਗਦਰੀ ਇਨਕਲਾਬੀਆਂ ਨੇ ਹਿੰਦ ਦੀ ਰਾਜਨੀਤਕ ਅੱਵਸਥਾ ਨੂੰ, ਅਮਰੀਕਾ ਦੇ ਵਿਸ਼ੇਸ਼ ਹਾਲਾਤ ਕਾਰਨ, ਉਨ੍ਹਾਂ ਦੇ ਆਪਣੇ ਅੰਦਰ ਉਪਜੇ ਇਨਕਲਾਬੀ ਜੋਸ਼ ਦੀਆਂ ਰੰਗੀਨ ਐਨਕਾਂ ਥਾਣੀਂ ਭਾਂਪਿਆ; ਪਰ ਗਦਰ ਪਾਰਟੀ ਨੂੰ ਹਿੰਦ ਵਿਚਲੇ ਰਾਜਸੀ ਹਾਲਾਤ ਬਾਰੇ ਗਲਤ ਰੀਪੋਟਾਂ ਵੀ ਮਿਲੀਆਂ।

"੧੯੧੩ ਵਿਚ ਤਿੰਨ ਸਿਖ ਡੈਲੀਗੇਟ ਪੰਜਾਬ ਆਏ। ਓਹ ਅਮਰੀਕਾ ਤੋਂ ਆਏ ਅਤੇ ਗਦਰ ਪਾਰਟੀ ਦੇ ਮੈਂਬਰ ਸਨ, ਜਿਹੜੇ ਹਾਲਾਤ ਨੂੰ ਭਾਂਪਣ ਆਏ ਸਨ†।" ਤੀਸਰੇ ਸਾਜ਼ਸ਼ ਕੇਸ ਵਿਚ ਕਾਫੀ ਸ਼ਹਾਦਤ ਹੈ ਜੋ ਦਸਦੀ ਹੈ ਕਿ ਇਸ ਡੈਪੂਟੇਸ਼ਨ ਨੇ ਹਿੰਦ ਦੇ ਹਾਲਾਤ ਦਾ ਕੀ ਜਾਇਜ਼ਾ ਲਿਆ। ਡੈਪੂਟੇਸ਼ਨ ਦੇ ਕੈਨੇਡਾ ਵਾਪਸ ਪੁਜਣ ਉਤੇ ਵਿਕਟੋਰੀਆ ਗੁਰਦਵਾਰਾ ਵਿਚ ਇਕ ਵਡੀ ਮੀਟਿੰਗ ਕੀਤੀ ਗਈ, ਜਿਸ ਵਿਚ ਸ਼੍ਰੀ ਬਲਵੰਤ ਸਿੰਘ 'ਗਰੰਥੀ' ਨੇ ਦੱਸਿਆ ਕਿ, "ਉਨ੍ਹਾਂ ਸਾਰੇ ਹਿੰਦ ਦਾ ਚੱਕਰ ਲਾਇਆ, ਜਿਥੇ ਉਹ ਕਈ ਲੀਡਰਾਂ ਨੂੰ ਮਿਲੇ, ਜਿਨ੍ਹਾਂ ਨਾਲ ਇਹ ਪਰਬੰਧ ਕੀਤਾ ਗਿਆ ਕਿ ਕੈਨੇਡਾ ਦਾਖਲ ਹੋਣ ਬਾਰੇ ਪਾਬੰਦੀਆਂ ਨਾ ਹਟਾਈਆਂ ਗਈਆਂ ਤਾਂ ਹਿੰਦੂ ਮੁਸਲਮਾਨ ਸਾਰੇ ਹਿੰਦੁਸਤਾਨੀ ਅੰਗਰੇਜ਼ਾਂ ਨੂੰ ਹਿੰਦ ਵਿਚੋਂ ਕੱਢਣ ਲਈ ਮਿਲਕੇ ਜ਼ੋਰ ਲਾਉਣਗੇ‡"। ਸ਼੍ਰੀ ਬਲਵੰਤ ਸਿੰਘ ਨੇ ਇਹ ਵੀ ਦੱਸਿਆ ਕਿ, "ਹਿੰਦ ਵਿਚ ਹਰ ਕੋਈ ਸਰਕਾਰ ਦੇ ਵਿਰੁਧ ਹੈ, ਅਤੇ ਓਹ ਸਰਕਾਰ ਉਤੇ ਚੋਟ ਲਾਉਣ ਲਈ ਚੰਗੇ ਮੌਕਿਆ ਦੀ ਤਾੜ ਵਿਚ ਹਨ*"। ਸ਼੍ਰੀ ਬਲਵੰਤ ਸਿੰਘ ਨੇ ਸ੍ਰੋਤਾਗਨਾਂ ਨੂੰ ਇਹ ਭਰੋਸਾ ਵੀ ਦਿਵਾਇਆ ਕਿ, "ਹਿੰਦ ਦੇ ਦੌਰੇ ਪਿਛੋਂ ਉਨ੍ਹਾਂ ਨੂੰ ਇਹ ਤਸੱਲੀ ਹੈ ਕਿ ਜੇ ਕੈਨੇਡਾ ਦੇ ਹਿੰਦੀ ਆਪਣਾ ਹਿੱਸਾ ਪਾਉਣ ਤਾਂ ਓਥੇ (ਹਿੰਦ ਵਿਚ) ਵੀ ਹਰ ਇਕ ਆਦਮੀ ਕਾਰਰਵਾਈ ਕਰਨ ਨੂੰ ਤਿਆਰ ਹੈ†"। ਸ਼੍ਰੀ ਬਲਵੰਤ ਸਿੰਘ ਨੇ ਪਰਾਈਵੇਟ ਗੱਲ ਬਾਤ ਵਿਚ ਕਿਹਾ ਕਿ ਉਹ ਕਈ ਅਫਸਰਾਂ ਨੂੰ ਹਿੰਦ ਵਿਚ ਮਿਲੇ, ਜਿਨ੍ਹਾਂ ਇਹ ਭਰੋਸਾ ਦਿਵਾਇਆ ਕਿ ਜੇ ਕੈਨੇਡਾ ਦੇ ਹਿੰਦੀ ਇਨਕਲਾਬ ਦਾ ਝੰਡਾ ਖੜਾ ਕਰਨ ਤਾਂ ਹਿੰਦ ਵਾਸੀ ਅੰਗਰੇਜ਼ਾਂ ਨੂੰ ਕਢਣ ਵਾਸਤੇ ਉਨ੍ਹਾਂ ਨਾਲ ਮਿਲਣਗੇ‡।

ਇਸ ਵਿਚ ਸ਼ੱਕ ਨਹੀਂ ਕਿ ਸ਼੍ਰੀ ਬਲਵੰਤ ਸਿੰਘ ਨੇ ਹਿੰਦ ਦੇ ਹਾਲਾਤ ਬਾਰੇ ਉਪ੍ਰੋਕਤ ਰਾਏ ਨੇਕਨੀਯਤੀ ਨਾਲ ਬਣਾਈ, ਕਿਉਂਕਿ ਉਨ੍ਹਾਂ ਇਸੇ ਉਤੇ ਅਮਲ ਕਰਦਿਆਂ ਹੋਇਆਂ ਗਦਰ ਪਾਰਟੀ ਲਹਿਰ ਦੀ ਮੁਹਿੰਮ ਵਿਚ ਵੱਧ ਚੜ੍ਹਕੇ ਆਪ ਹਿੱਸਾ ਲਿਆ ਅਤੇ ਫਾਂਸੀ ਉਤੇ ਲੱਟਕ ਕੇ ਸ਼ਹੀਦੀ ਪਾਈ। ਇਸ ਤੋਂ ਇਲਾਵਾ ਹਿੰਦ ਵਿਚ ਗਦਰ ਪਾਰਟੀ ਲਹਿਰ ਦੀ ਮੁਹਿੰਮ ਫੇਲ ਹੋ ਜਾਣ ਪਿਛੋਂ ਵੀ ਗਦਰ ਪਾਰਟੀ ਦੇ ਕਾਰਕੁਨਾਂ ਨੂੰ ਇਹੋ ਕਨਸੋਆਂ ਪੁਜਦੀਆਂ ਰਹੀਆਂ ਕਿ ਨਾ ਕੇਵਲ ਹਿੰਦੁਸਤਾਨ ਵਿਚ, ਬਲਕਿ ਬਰਮਾਂ, ਈਰਾਨ, ਅਫਗਾਨਸਤਾਨ, ਨੀਪਾਲ ਅਤੇ ਸਿਆਮ ਵਿਚ, ਲੋਕ ਜੁਗਗਰਦੀ ਲਈ ਤਿਆਰ ਹਨ, ਅਤੇ ਅਕੱਲੇ ਬੰਗਾਲ ਵਿਚ ਦਸ ਹਜ਼ਾਰ ਵਾਲੰਟੀਅਰ ਹਨ§।" ਪਰ ਸ਼੍ਰੀ ਬਲਵੰਤ ਸਿੰਘ ਅਤੇ ਉਨ੍ਹਾਂ ਦੇ ਡੈਲੀਗੇਟ ਸਾਥੀ ਉਸ ਸਮੇਂ ਹਿੰਦ ਦੀ ਇਨਕਲਾਬੀ ਅਵੱਸਥਾ ਬਾਰੇ ਵਧਾਕੇ ਪੇਸ਼ ਕੀਤੇ ਉਪ੍ਰੋਕਤ ਅੰਦਾਜ਼ੇ ਪਰਵਾਨ ਕਰਨ ਦੀ ਜ਼ਿਮੇਂਵਾਰੀ ਤੋਂ ਸੁਰਖਰੂ ਨਹੀਂ ਕੀਤੇ ਜਾ ਸਕਦੇ। ਬਹੁਤਾ ਕਸੂਰ ਉਨ੍ਹਾਂ ਹਿੰਦੀ ਲੀਡਰਾਂ ਜਾਂ ਕਾਰਕੁਨਾਂ ਦਾ ਹੈ ਜਿਨ੍ਹਾਂ ਨੇ ਸ਼੍ਰੀ ਬਲਵੰਤ ਸਿੰਘ ਨੂੰ ਉਤਲੇ ਮਨੋਂ ਝੂਠੇ ਭਰੋਸੇ ਦਿਤੇ। ਪਰਸਿੱਧ ਗਦਰੀ ਸ਼੍ਰੀ ਸਾਨਯਾਲ ਦੀ ਰਾਏ ਹੈ ਕਿ, "ਭਾਰਤ ਦੀ ਕਿਸਮਤ ਆਪਣੇ ਹੱਥ ਰੱਖਣ ਵਾਲੇ ਸਭ ਪਰਸਿੱਧ ਆਗੂਆਂ ਵਿਚੋਂ ਇਕ ਦੋਹਾਂ ਨੂੰ ਛੱਡ ਕੇ ਸਭ ਦੇ ਬਾਰੇ ਵਿਚ ਕਿਹਾ ਜਾ ਸਕਦਾ ਹੈ ਕਿ ਉਹ ਜਿਸ ਚੀਜ਼ ਨੂੰ ਆਪਣੀ ਵੀਚਾਰ ਦਵਾਰਾ ਉਚਿਤ ਸਮਝਦੇ, ਉਸ ਨੂੰ ਕਹਿੰਦੇ ਨਹੀਂ ਹਨ, ਅਤੇ ਅਨੇਕ ਵਾਰ ਜੋ ਕਹਿੰਦੇ ਹਨ ਸੋ ਕਰਦੇ ਨਹੀਂ ਹਨ*"। ਇਹ ਵੀ ਹੋ ਸਕਦਾ ਹੈ ਕਿ ਨੇਕਨੀਯਤੀ ਨਾਲ ਹੀ ਅੰਦਾਜ਼ੇ ਗਲਤ ਲਗੇ ਹੋਣ, ਕਿਉਂਕਿ ਅਜਿਹੇ ਮਸਲੇ ਬਾਰੇ ਸਹੀ ਰਾਏ ਬਨਾਉਣੀ ਸੌਖੀ ਨਹੀਂ ਹੁੰਦੀ। ਕਸੂਰ ਕਿਸੇ ਦਾ ਵੀ ਹੋਵੇ, ਜਾਂ ਕਾਰਨ ਕੁਝ ਵੀ ਹੋਣ, ਇਹ ਹਕੀਕਤ ਹੈ ਕਿ ਗਦਰ ਪਾਰਟੀ ਦੇ ਕਾਰਕੁਨ ਇਹ ਸਮਝ ਬੈਠੇ ਸਨ ਕਿ ਹਿੰਦ ਵਾਸੀ ਉਨ੍ਹਾਂ ਦੀਆਂ ਅੰਗਰੇਜ਼ੀ ਹਕੂਮਤ ਨੂੰ ਉਲਟਾਉਣ ਵਾਲੀਆਂ ਇਨਕਲਾਬੀ ਸਰਗਰਮੀਆਂ ਦਾ ਸਾਥ ਦੇਣਗੇ, ਅਤੇ ਅਮਰੀਕਾ ਕੈਨੇਡਾ ਦੇ ਹਿੰਦੀਆਂ ਨੂੰ ਕੇਵਲ ਹਿੰਦੀਆਂ ਨੂੰ ਜਾਕੇ ਟੁੰਬਣ ਅਤੇ ਪਹਿਲ ਕਰਨ ਦੀ ਲੋੜ ਹੈ। ਗਦਰੀ ਇਨਕਲਾਬੀਆਂ ਨੂੰ ਬੱਜ ਬੱਜ ਘਾਟ ਉਤੇ 'ਕੋਮਾ ਗਾਟਾ ਮਾਰੂ' ਦੇ ਮੁਸਾਫਰਾਂ ਨਾਲ ਹੋਏ ਹਾਦਸੇ ਪਿਛੋਂ ਹਿੰਦ ਵਿਚ ਜੁਗਗਰਦੀ ਜ਼ਰੂਰ ਸ਼ੁਰੂ ਹੋ ਜਾਣ ਦੀ ਇਥੋਂ ਤਕ ਆਸ ਸੀ, ਕਿ 'ਕੋਰੀਆ' ਜਹਾਜ਼ ਉਤੇ ਆਏ ਇਨਕਲਾਬੀਆਂ ਨੇ ਪੀਨਾਂਗ (ਮਲਾਯਾ) ਤੋਂ 'ਅੰਮ੍ਰਿਤ ਬਾਜ਼ਾਰ ਪਤ੍ਰਿਕਾ' ਅਖਬਾਰ ਨੂੰ ਕਲਕੱਤੇ

*Mandlay Case, Judgement, p. 32.

†Bh. Parmanand, p. 69.

‡First Case, The Beginning of The Conspiracy and war, p. 7.

§ਸਤਵਾਂ ਕਾਂਡ।

*Rowlatt Report, p. 150.

†Rowlatt Report, p. 146.

‡Third Case, Judgement, p. 35.

*Third Case, Judgement, p. 35.

†Ibid, p. 36.

‡Ibid.

§San Francisco Trial, Evidence of Kumad Nath Mookerjee.

*ਬੰਦੀ ਜੀਵਨ, ਦੂਸਰਾ ਭਾਗ, ਪੰਨਾ ੪।



Digitized by Panjab Digital Library | www.panjabdigilib.org

ਤੋਂ ਤਾਰ ਰਾਹੀਂ ਪੁਛਿਆ ਕਿ ਕੀ ਹਿੰਦ ਵਿਚ ਗਦਰ ਆਰੰਭ ਹੋ ਗਿਆ ਹੈ* ?

ਗਦਰ ਪਾਰਟੀ ਦਾ ਤੀਸਰਾ ਅੰਦਾਜ਼ਾ (ਜੋ ਜਰਮਨੀ ਅਤੇ ਉਸ ਦੇ ਪਹਿਲੇ ਸੰਸਾਰ ਯੁਧ ਦੇ ਸਾਥੀਆਂ ਦਾ ਵੀ ਸੀ) ਵੀ ਗਲਤ ਸਾਬਤ ਹੋਇਆ। ਸਤਵੇਂ ਕਾਂਡ ਵਿਚ ਮੁਖਤਸਰ ਤੌਰ ਉਤੇ ਜ਼ਿਕਰ ਕੀਤਾ ਜਾ ਚੁਕਾ ਹੈ ਕਿ ਤੁਰਕੀ ਨੇ ਕਿਉਂ ਆਪਣਾ ਅੰਤਰਰਾਸ਼ਟਰੀ ਰਾਜਸੀ ਜੋੜ ਜਰਮਨੀ ਨਾਲ ਜੋੜਕੇ ਜਰਮਨੀ ਨੂੰ ਬਰਲਨ ਬਗਦਾਦ ਰੇਲਵੇ ਬਨਾਉਣ ਦੀਆਂ ਰਿਆਇਤਾਂ ਦਿਤੀਆਂ। ਬਰਲਨ-ਬਗਦਾਦ ਰੇਲਵੇ ਲਾਈਨ ਦਾ ਜਰਮਨੀ ਦੀ ਸਰਪਰਸੱਤੀ ਵਿਚ ਬਣਨਾ ਅੰਗਰੇਜ਼ੀ ਸਾਮਰਾਜ ਦੇ ਬੁਨਿਆਦੀ ਹਿੱਤਾਂ ਉਤੇ ਵਡੀ ਸੱਟ ਸੀ, ਕਿਉਂਕਿ ਇਸਤਰ੍ਹਾਂ ਜਰਮਨੀ ਦੀ ਤਾਕਤ ਦਾ ਏਸ਼ੀਆ ਵੱਲ ਵਾਧੇ ਲਈ ਦਰਵਾਜ਼ਾ ਖੁਲ੍ਹਦਾ ਸੀ। ਬਲਕਿ ਬਰਲਨ-ਬਗਦਾਦ ਰੇਲਵੇ ਦਾ ਜਰਮਨ ਸਰਪੱਰਸਤੀ ਹੇਠ ਬਣਨਾ ਪਹਿਲੇ ਸੰਸਾਰ ਯੁਧ ਦੇ ਛਿੜਨ ਦੇ ਵੱਡੇ ਕਾਰਨਾਂ ਵਿਚੋਂ ਇਕ ਸਮਝਿਆ ਜਾਂਦਾ ਹੈ। ਇਸ ਕਰਕੇ ਸੰਨ ੧੯੧੪ ਤੋਂ ਪਹਿਲੋਂ ਇਹ ਮੰਨੀ ਪਰਮੰਨੀ ਗਲ ਸੀ ਕਿ ਕਿਸੇ ਵਡੇ ਅੰਤਰਰਾਸ਼ਟਰੀ ਘੋਲ ਵਿਚ ਤੁਰਕੀ ਜਰਮਨੀ ਦਾ ਸਾਥ ਦੇਵੇਗਾ, ਅਤੇ ਹੋਇਆ ਵੀ ਇਵੇਂ। ਤੁਰਕੀ ਦਾ ਸੁਲਤਾਨ ਨਾ ਕੇਵਲ ਤੁਰਕੀ ਸਲਤਨਤ ਦਾ ਸੁਲਤਾਨ ਸੀ, ਉਹ ਸਾਰੇ ਮੁਸਲਮਾਨਾਂ ਦਾ ਖਲੀਫਾ ਵੀ ਸੀ। ਇਸ ਵਾਸਤੇ ਗਦਰ ਪਾਰਟੀ (ਅਤੇ ਜਰਮਨੀ ਅਤੇ ਉਸ ਦੇ ਸਾਥੀਆਂ) ਨੂੰ ਇਹ ਆਸ ਕਰਨ ਲਈ ਕਾਫੀ ਠੋਸ ਦਲੀਲ ਜਾਪਦੀ ਸੀ ਕਿ ਹਿੰਦ ਦੇ ਮੁਸਲਮਾਨ ਅਤੇ ਗਵਾਂਢੀ ਮੁਸਲਮਾਨ ਦੇਸ ਆਪਣੇ ਖਲੀਫੇ ਦਾ ਹੁਕਮ ਮੰਨ ਕੇ ਅੰਗਰੇਜ਼ ਵਿਰੋਧੀ ਤਾਕਤਾਂ ਦਾ ਸਾਥ ਦੇਣਗੇ। ਹਿੰਦੁਸਤਾਨ ਉਤੇ ਕਬਜ਼ਾ ਕਾਇਮ ਰੱਖਣ ਖਾਤਰ ਗਵਾਂਢੀ ਮੁਸਲਮਾਨ ਦੇਸਾਂ ਨੂੰ ਆਪਣੇ ਕਾਬੂ ਰੱਖੀ ਰੱਖਣਾ ਅੰਗਰੇਜ਼ੀ ਸਾਮਰਾਜੀ ਹਿੱਤਾਂ ਲਈ ਕਿਤਨਾ ਜ਼ਰੂਰੀ ਸੀ, ਇਸ ਬਾਰੇ ਬਰਿਟੱਸ਼ ਪਾਰਲੀਮੈਂਟਾਂ ਵਿਚ ਇਸ ਸੰਬੰਧੀ, ਅਤੇ ਉਸ ਸਮੇਂ ਸੰਬੰਧੀ ਹਿੰਦ ਬਾਰੇ, ਹੋਈਆਂ ਤਕਰੀਰਾਂ ਦੀਆਂ ਰੀਪੋਟਾਂ ਨੂੰ ਪੜ੍ਹਣ ਤੋਂ ਕੁਝ ਚਾਨਣਾ ਪੈਂਦਾ ਹੈ। ਡਾਰਡਨਲਜ਼ ਦੀ ਮੁਹਿੰਮ ਇਸੇ ਖਾਤਰ ਕੀਤੀ ਗਈ*, ਅਤੇ ਸਰਕਾਰ ਹਿੰਦ ਨੇ ਵਜ਼ੀਰ ਹਿੰਦ ਉਤੇ ੬ ਅਕਤੂਬਰ ਨੂੰ ਤਾਰ ਰਾਹੀਂ ਜ਼ੋਰ ਦਿੱਤਾ ਕਿ ਬਗਦਾਦ ਨੂੰ ਸਰ ਕਰਨਾ ਕਿਉਂ ਜ਼ਰੂਰੀ ਹੈ†। ਉਸ ਸਮੇਂ ਦੇ ਵਾਇਸਰਾਏ ਲਾਰਡ ਹਾਰਡਿੰਗ ਵੀ ਇਸ ਗਲ ਨੂੰ ਮੰਨਦੇ ਹਨ ਕਿ ਵਿਰੋਧੀ ਅਫ਼ਗਾਨਸਤਾਨ ਠੀਕ ਹੀ ਖ਼ਤਰੇ ਦਾ ਕਾਰਨ ਹੋ ਸਕਦਾ ਸੀ‡। ੧੮੫੭ ਦੇ ਗਦਰ ਪਿਛੋਂ ਇਹ ਪਹਿਲੀ ਵੇਰ ਸਪੱਸ਼ਟ ਸੰਭਾਵਨਾ ਦਿਸ ਰਹੀ ਸੀ ਕਿ ਦੇਸ ਦੇ ਮੁਸਲਮਾਨ ਵੀ ਅੰਗਰੇਜ਼ ਵਿਰੋਧੀ ਅੰਦੋਲਨ ਦਾ ਸਾਥ ਦੇਣਗੇ। ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ, ਕੇਵਲ ਅੰਗਰੇਜ਼ਾਂ ਨੂੰ ਹਿੰਦ ਵਿਚੋਂ ਕਢਣ ਦੇ ਨਜ਼ਰੀਏ ਤੋਂ, ਹਿੰਦ ਦੇ ਮੁਸਲਮਾਨਾਂ ਅਤੇ ਗਵਾਂਢੀ ਮੁਸਲਮਾਨ ਤਾਕਤਾਂ (ਖਾਸ ਕਰ ਸਰਹੱਦੀ ਕਬਾਇਲੀਆਂ ਅਤੇ ਅਫਗਾਨਿਸਤਾਨ) ਦੀ ਹਮਾਇਤ ਅਤੇ ਮੱਦਦ, ਅੰਗਰੇਜ਼ੀ ਹਕੂਮਤ ਵਿਰੁਧ ਇਨਕਲਾਬੀ ਮੁਹਿੰਮ ਦਾ ਇਕ ਬਹੁਤ ਜ਼ਰੂਰੀ ਅੰਗ ਬਣ ਸਕਦੀ ਸੀ। ਇਹ ਵੱਖਰੀ ਗਲ ਹੈ ਕਿ ਅੰਗਰੇਜ਼ਾਂ ਦੇ ਦੱਬਦਬੇ ਜਾਂ ਚਤਰ ਨੀਤੀ ਦੇ ਕਾਰਨ ਇੰਵ ਨਾ ਹੋ ਸਕਿਆ, ਪਰ ਗਦਰ ਪਾਰਟੀ ਦਾ ਆਪਣੇ ਨਜ਼ਰੀਏ ਤੋਂ ਅਜਿਹੇ ਦੁਰਲੱਭ ਮੌਕਿਆ ਨੂੰ ਹਥੋਂ ਨਾ ਗਵਾਉਣ ਦਾ ਵੀਚਾਰ ਨਿਰਸੰਦੇਹ ਨਿੱਗਰ ਸੀ।

ਕਿਸੇ ਲਹਿਰ ਜਾਂ ਪਲੈਨ ਦੇ ਫੇਲ ਹੋ ਜਾਣ ਪਿਛੋਂ ਨੁਕਤੇ ਕਢਣੇ ਸੌਖੇ ਹੁੰਦੇ ਹਨ ਕਿ ਇੰਵ ਹੋਣਾ ਚਾਹੀਦਾ ਸੀ ਅਤੇ ਇੰਵ ਨਹੀਂ। ਪਰ ਗਦਰ ਪਾਰਟੀ ਦੇ ਸਾਹਮਣੇ ਜੋ ਵੀਚਾਰ ਸਨ ਅਤੇ ਓਦੋਂ ਦੇ ਹਾਲਾਤ ਨੂੰ ਮੁਖ ਰਖਦਿਆਂ ਹੋਇਆਂ, ਇਹ ਰਾਏ ਕਾਇਮ ਕਰਨੀ ਕਠਨ ਹੋਵੇਗੀ ਕਿ ਗਦਰ ਪਾਰਟੀ ਦਾ ਪਹਿਲੇ ਸੰਸਾਰ ਯੁਧ ਦੇ ਹਾਲਾਤ ਤੋਂ ਫਾਇਦਾ ਉਠਾਕੇ ਹਿੰਦ ਵਿਚ ਇਨਕਲਾਬ ਕਰਨ ਲਈ ਹੱਲਾ ਮਾਰਨ ਦਾ ਫੈਸਲਾ ਮੁਖ ਰੂਪ ਵਿਚ ਗਲਤ ਸੀ। ਇਸ ਬਾਰੇ ਰਾਏ ਕਾਇਮ ਕਰਨ ਲਗਿਆਂ ਗਦਰ ਪਾਰਟੀ ਲਹਿਰ ਦੀ ਅੱਸਫਲਤਾ ਨੂੰ ਸਾਹਮਣੇ ਨਹੀਂ ਲਿਆਉਣਾ ਚਾਹੀਦਾ, ਅਤੇ ਨਾ ਹੀ ਉਨ੍ਹਾਂ ਹਿਮਾਲੀਆ ਪਹਾੜ ਜਿਡੀਆਂ ਗਲਤੀਆਂ ਨੂੰ ਜੋ ਗਦਰ ਪਾਰਟੀ ਦੇ ਇਨਕਲਾਬੀਆਂ ਨੇ ਉਪ੍ਰੋਕਤ ਮੁਖ ਫੈਸਲੇ ਨੂੰ ਅਮਲੀ ਜਾਮਾਂ ਪਹਿਨਾਉਣ ਵਿਚ ਕੀਤੀਆਂ। ਬਲਕਿ ਇਨ੍ਹਾਂ ਗਲਤੀਆਂ ਦੇ ਬਾਵਜੂਦ ਗਦਰ ਪਾਰਟੀ ਲਹਿਰ ਕਾਮਯਾਬੀ ਦੇ ਜਿਤਨੀ ਨੇੜੇ ਪੁਜ ਗਈ, ਉਹ ਗਦਰ ਪਾਰਟੀ ਦੇ ਉਪ੍ਰੋਕਤ ਮੁਖ ਫੈਸਲੇ ਦੇ ਠੀਕ ਹੋਣ ਦੇ ਹੱਕ ਵਿਚ ਇਕ ਵੱਡਾ ਸਬੂਤ ਹੈ।

---

## ਤੇਰਵਾਂ ਕਾਂਡ*

# ਗਦਰੀ ਇਨਕਲਾਬੀਆਂ ਦੀਆਂ ਦੇਸ ਵੱਲ ਵਹੀਰਾਂ

ਪਿਛਲੇ ਕਾਂਡ ਵਿਚ ਵੇਖਿਆ ਜਾ ਚੁਕਾ ਹੈ ਕਿ ਗਦਰ ਪਾਰਟੀ ਸੰਸਾਰ ਯੁਧ, ਜਿਸ ਵਿਚ ਅੰਗਰੇਜ਼ ਫਸੇ ਹੋਣ, ਨੂੰ ਹਿੰਦ ਵਿਚ ਗਦਰ ਕਰਨ ਲਈ ਕਿਉਂ ਸੁਨੈਹਰੀ ਮੌਕਿਆ ਸਮਝਦੀ ਸੀ। ਗਦਰ ਪਾਰਟੀ ਪਲੈਨ ਦਾ ਇਕ ਅੰਗ ਇਹ ਵੀ ਸੀ ਕਿ ਦੇਸ ਵਾਸੀਆਂ ਵਿਚ ਇਨਕਲਾਬ ਵਾਸਤੇ ਕੁਰਬਾਨੀ ਲਈ ਲੋੜੀਂਦਾ ਜੋਸ਼ ਅਤੇ ਉਤਸ਼ਾਹ ਪੈਦਾ ਕਰਨ ਖਾਤਰ ਗਦਰੀ ਇਨਕਲਾਬੀ ਮੂਹਰਲੀ ਕਤਾਰ ਵਿਚ ਅਗੇ ਲਗਕੇ ਮਿਸਾਲ ਪੇਸ਼ ਕਰਨ। ਸੋ ਪਹਿਲਾ ਸੰਸਾਰ ਯੁਧ ਛਿੜਦੇ ਸਾਰ ਹੀ ਗਦਰ ਪਾਰਟੀ ਦਾ ਸਾਰਾ ਤਾਣ ਇਸ ਬੰਨੇ ਲਗ ਗਿਆ। ਗਦਰ ਪਾਰਟੀ ਨੇ ਨਿਯਮਕ ਤੌਰ ਉਤੇ ਕਿਸ ਮੀਟਿੰਗ ਵਿਚ ਅਤੇ ਕਦ ਹਿੰਦ ਨੂੰ ਇਨਕਲਾਬੀਆਂ ਦੇ ਜੱਥੇ ਭੇਜਣ ਦਾ ਫੈਸਲਾ ਕੀਤਾ, ਇਸ ਬਾਰੇ ਪਤਾ ਨਹੀਂ ਲਗ ਸਕਿਆ। ਪਹਿਲੇ ਸਾਜ਼ਸ਼ ਕੇਸ ਦੇ

---

*First Case, the Return to India, p. 5.

*India in Parliament and Abroad, (1917-1919), H. N. Mitra, pp. 29-35.

†Official Reports, Parliamentary Debates (Lords), 1917, Vol. XXV, pp. 734-735.

‡Hardinge, p. 131.

*ਇਸ ਕਾਂਡ ਵਿਚ ਦਿਤੇ ਗਏ ਬਹੁਤੇ ਵਾਕਿਆਤ, ਪਹਿਲੇ ਅਤੇ ਦੂਸਰੇ ਮੁਕੱਦਮਿਆਂ ਦੇ ਫੈਸਲਿਆਂ ਵਿਚ Preparing for the Migration ਅਤੇ The Return to India ਦੀਆਂ ਸੁਰਖੀਆਂ ਹੇਠ ਦਿਤੀ ਵਾਕਫੀਅਤ, ਵਿਚੋਂ ਲਏ ਗਏ ਹਨ।



Digitized by Panjab Digital Library | www.panjabdigilib.org

ਕਈ ਇਨਕਲਾਬੀਆਂ ਬਾਰੇ ਇਹ ਲਿਖਿਆ ਗਿਆ ਹੈ ਕਿ ਇਹ ਉਨ੍ਹਾਂ ਵਿਚੋਂ ਸਨ, ਜਿਨ੍ਹਾਂ ਨੇ ਸੰਸਾਰ ਯੁਧ ਦੇ ਹਾਲਾਤ ਤੋਂ ਫਾਇਦਾ ਉਠਾਕੇ ਹਿੰਦ ਵਿਚ ਇਨਕਲਾਬ ਕਰਾਉਣ ਲਈ ਜਾਣ ਦਾ ਫੈਸਲਾ ਕੀਤਾ*, ਅਤੇ ਪਹਿਲੇ ਸਾਜ਼ਸ਼ ਕੇਸ ਵਿਚ ਹੀ ਇਕ ਕੀਤੀ ਗਈ 'ਜੰਗੀ ਸਭਾ' ਦਾ ਜ਼ਿਕਰ ਆਉਂਦਾ ਹੈ। ਪਰ ਇਹ ਸਪੱਸ਼ਟ ਨਹੀਂ ਹੁੰਦਾ ਕਿ ਇਹ ਇਨਕਲਾਬੀਆਂ ਦੇ ਜੱਥੇ ਭੇਜਣ ਬਾਰੇ ਫੈਸਲਾ ਕਰਨ ਲਈ ਬੁਲਾਈ ਗਈ ਸੀ, ਜਾਂ ਫੈਸਲੇ ਨੂੰ ਨੇਪਰੇ ਚਾੜ੍ਹਨ ਲਈ ਅਮਲੀ ਕਦਮ ਚੁਕਣ ਵਾਸਤੇ।

## ਤਿਆਰੀ

ਪਹਿਲਾ ਸੰਸਾਰ ਯੁਧ ਛਿੜਦੇ ਸਾਰ ਹੀ 'ਗਦਰ' ਅਖਬਾਰ ਦੇ ੨੮ ਜੁਲਾਈ ਅਤੇ ੪ ਅਗੱਸਤ ਦੇ ਪਰਚਿਆਂ ਵਿਚ ਲੜਾਈ ਬਾਰੇ ਸਪੈਸ਼ਲ ਲੇਖ ਕਢੇ ਗਏ, ਅਤੇ 'ਗਦਰ' ਅਖਬਾਰ ਅਤੇ ਮੀਟਿੰਗਾਂ ਰਾਹੀਂ ਅਮਰੀਕਾ, ਕੈਨੇਡਾ ਅਤੇ ਦੂਰ ਪੂਰਬ ਦੇ ਹਿੰਦੀਆਂ ਨੂੰ ਇਨਕਲਾਬ ਕਰਨ ਖਾਤਰ ਆਪਣੇ ਦੇਸ ਵਲ ਵਹੀਰਾਂ ਘੱਤਣ ਦੀ ਪ੍ਰੇਰਨਾ ਕੀਤੀ ਜਾਣ ਲਗੀ। ਅਮਰੀਕਾ ਵਿਚ ਮੀਟਿੰਗਾਂ ਰਾਹੀਂ ਪ੍ਰੇਰਨਾ ਕਰਨ ਵਿਚ ਬਹੁਤ ਵਧ ਚੜ੍ਹਕੇ ਹਿੱਸਾ ਸ਼੍ਰੀ ਬਰਕਤੁਲਾ, ਸ਼੍ਰੀ ਭਗਵਾਨ ਸਿੰਘ ਅਤੇ ਸ਼੍ਰੀ ਰਾਮ ਚੰਦਰ 'ਪਸ਼ਾਵਰੀਆ' ਨੇ ਲਿਆ। ਸ਼੍ਰੀ ਬਰਕਤੁਲਾ ਸੰਸਾਰ ਯੁਧ ਛਿੜਦੇ ਸਾਰ ਜਾਂ ਇਸ ਤੋਂ ਪਹਿਲੋਂ ਟੋਕੀਓ ਤੋਂ ਸੈਨਫ੍ਰਾਂਸਿਸਕੋ ਆ ਗਏ ਸਨ, ਜਿਥੇ ਉਹ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ†। ਕੈਨੇਡਾ ਤੋਂ ਦੇਸ ਨਿਕਾਲਾ ਹੋਣ ਪਿਛੋਂ ਸ਼੍ਰੀ ਭਗਵਾਨ ਸਿੰਘ ਜਾਪਾਨ ਚਲੇ ਗਏ ਸਨ, ਜਿਥੋਂ ਉਹ ਵੀ ਸ਼੍ਰੀ ਬਰਕਤੁਲਾ ਦੇ ਨਾਲ ਅਮਰੀਕਾ ਆ ਗਏ।

*First Case, Individual Cases of Kesar Singh, Rulia Singh, and some others.

†O'Dwyer, p. 186.

੨੬ ਜੁਲਾਈ ੧੯੧੪ ਨੂੰ ਔਕਸਨਰਡ (Oxnard) ਵਿਚ ਇਕ ਜਲਸੇ ਵਿਚ ਸ਼੍ਰੀ ਬਰਕਤੁਲਾ ਅਤੇ ਸ਼੍ਰੀ ਭਗਵਾਨ ਸਿੰਘ ਨੇ ਲੈਕਚਰ ਦਿੰਦਿਆਂ ਹੋਇਆਂ ਇਹ ਐਲਾਨ ਕੀਤਾ ਕਿ ਕਿਉਂਕਿ ਯੂਰਪ ਵਿਚ ਲੜਾਈ ਸ਼ੁਰੂ ਹੋ ਗਈ ਹੈ, ਇਸ ਵਾਸਤੇ ਬਗਾਵਤ ਕਰਕੇ ਅੰਗਰੇਜ਼ਾਂ ਨੂੰ ਹਿੰਦ ਵਿਚੋਂ ਕਢਣ ਦਾ ਵਕਤ ਆ ਗਿਆ ਹੈ। ਸ਼੍ਰੀ ਬਰਕਤੁਲਾ ਨੇ ਨਵਾਬ ਖਾਨ ਨੂੰ ਗਲ ਬਾਤ ਵਿਚ ਇਹ ਵੀ ਦੱਸਿਆ ਕਿ ਅੰਗਰੇਜ਼ਾਂ ਨੂੰ ਮਹਾਂ ਯੁਧ ਵਿਚ ਸ਼ਾਮਲ ਹੋਣ ਵਾਸਤੇ ਮਜਬੂਰ ਹੋਣਾ ਪਵੇਗਾ; ਮਿਸਰ, ਆਇਰਲੈਂਡ, ਦਖਣੀ ਅਫਰੀਕਾ ਅਤੇ ਹੋਰ ਥਾਈਂ ਬਗਾਵਤਾਂ ਹੋਣਗੀਆਂ; ਅਤੇ ਹਿੰਦ ਵਿਚ ਜਾਣ, ਫੌਜਾਂ ਨੂੰ ਵਰਗਲਾਉਣ ਅਤੇ ਬਗਾਵਤ ਕਰਨ ਦਾ ਇਹ ਸੁਨੈਹਰੀ ਮੌਕਿਆ ਹੈ*।

ਬਰਤਾਨੀਆ ਸੰਸਾਰ ਮਹਾਂ ਯੁਧ ਵਿਚ ੪ ਅਗੱਸਤ ੧੯੧੪ ਨੂੰ ਸ਼ਾਮਲ ਹੋਇਆ। ਉਸੇ ਵੇਲੇ ਇਕਦੱਮ ਹਿੰਦੀਆਂ ਨੂੰ ਬਗਾਵਤ ਕਰਨ ਵਾਸਤੇ ਹਿੰਦ ਰਵਾਨਾ ਹੋਣ ਦਾ ਬਿਗਲ ਵੱਜ ਗਿਆ।

ਫਰੈਸਨੋ (Fresno) ਵਿਚ ੯ ਅਗੱਸਤ ਨੂੰ ਇਕ ਵਡੀ ਮੀਟਿੰਗ ਹੋਈ, ਜਿਸ ਵਿਚ ਪੰਜ ਛੇ ਸੌ ਦੀ ਹਾਜ਼ਰੀ ਸੀ। ਸ਼੍ਰੀ ਬਰਕਤੁਲਾ, ਸ਼੍ਰੀ ਭਗਵਾਨ ਸਿੰਘ ਅਤੇ ਸ਼੍ਰੀ ਰਾਮ ਚੰਦ ਨੇ ਲੈਕਚਰ ਦਿਤੇ। "ਸ੍ਰੋਤਾਗਨਾਂ ਨੂੰ ਇਕਦਮ ਹਿੰਦ ਜਾਣ ਦੀ ਪ੍ਰੇਰਨਾ ਕੀਤੀ ਗਈ; ਹਿੰਦ ਪੁਜਣ ਉਤੇ ਹਥਿਆਰ ਦਿਤੇ ਜਾਣਗੇ; ਜਿਤਨਾ ਚਿਰ ਇੰਗਲੈਂਡ ਲੜਾਈ ਵਿਚ ਰੁਝਾ ਹੋਇਆ ਹੈ, ਅੰਗਰੇਜ਼ਾਂ ਨੂੰ ਹਿੰਦ ਵਿਚੋਂ ਕਢਣ ਦਾ ਵਕਤ ਆ ਗਿਆ ਹੈ। ਚੰਦੇ ਅਕੱਠੇ ਕੀਤੇ ਗਏ, ਵਾਲੰਟੀਅਰਾਂ ਦੀ ਇਕ ਲਿਸਟ ਤਿਆਰ ਕੀਤੀ ਗਈ, ਜਿਸ ਵਿਚ ਦੋ ਜਾਂ ਤਿੰਨ ਸੌ ਸਿਖਾਂ ਨੇ ਇਕਦੱਮ ਹਿੰਦ ਜਾਣ ਦਾ ਇਕਰਾਰ ਕੀਤਾ*।"

*First Case, The Beginning of the conspiracy and war, p. 7.

੧੧ ਅਗੱਸਤ ੧੯੧੪ ਨੂੰ ਸੈਕਰੇਮੈਂਟੋ ਵਿਚ ਇਕ ਬਹੁਤ ਵਡੀ ਮੀਟਿੰਗ ਕੀਤੀ ਗਈ, ਜਿਸ ਵਿਚ ਅਮਰ ਸਿੰਘ (ਵਾਅਦਾ ਮੁਆਫ) ਮੁਤਾਬਕ ਪੰਜ ਜਾਂ ਛੇ ਹਜ਼ਾਰ ਆਦਮੀ ਸ਼ਾਮਲ ਹੋਏ†। ਸ਼੍ਰੀ ਬਰਕਤੁਲਾ, ਸ਼੍ਰੀ ਭਗਵਾਨ ਸਿੰਘ, ਸ਼੍ਰੀ ਰਾਮ ਚੰਦ, ਅਤੇ ਇਕ ਸਜਣ ਸ਼੍ਰੀ ਮੈਹਮੂਦ ਨਾਮੀਂ ਨੇ ਲੈਕਚਰ ਦਿਤੇ। ਸ੍ਰੋਤਾਗਨਾਂ ਨੂੰ ਲੜਾਈ ਦੇ ਮੌਕਿਆ ਦਾ ਫਾਇਦਾ ਉਠਾਉਣ ਵਾਸਤੇ ਤੁਰਤ ਹਿੰਦ ਜਾਣ ਵਾਸਤੇ ਆਖਿਆ ਗਿਆ। ਜਹਾਜ਼ ਦੇ ਟਿਕਟ ਲੈਣ ਅਤੇ ਹਥਿਆਰ ਖਰੀਦਣ ਵਾਸਤੇ ਪੰਜ ਛੇ ਹਜ਼ਾਰ ਡਾਲਰ ਅਕੱਠੇ ਕੀਤੇ ਗਏ; ਅਤੇ ਤਾਕਿ ਓਹ ਜਹਾਜ਼ ਉਤੇ ਜਲਦੀ ਰਵਾਨਾ ਹੋ ਸਕਣ, ਉਨ੍ਹਾਂ ਨੂੰ ਦੱਸਿਆ ਗਿਆ ਕਿ ਸੈਨਫ੍ਰਾਂਸਿਸਕੋ ਤੋਂ ਇਕ ਜਹਾਜ਼ ਜਲਦੀ ਰਵਾਨਾ ਹੋਣ ਵਾਲਾ ਹੈ‡।

ਸਟਾਕਟਨ ਵਿਚ ਦੋ ਹੋਰ ਮੀਟਿੰਗਾਂ ਕੀਤੀਆਂ ਗਈਆਂ, ਜਿਨ੍ਹਾਂ ਵਿਚ ਸ਼੍ਰੀ ਬਰਕਤੁਲਾ ਅਤੇ ਸ਼੍ਰੀ ਰਾਮ ਚੰਦ ਨੇ ਭਾਸ਼ਨ ਦਿਤੇ, ਅਤੇ ਇਹ ਪ੍ਰਚਾਰ ਕੀਤਾ ਗਿਆ ਕਿ ਹਿੰਦੀਆਂ ਨੂੰ ਇਕ ਦੱਮ ਜਾਣਾ ਚਾਹੀਦਾ ਹੈ ਅਤੇ ਸਾਰੇ ਯੂਰਪੀਨਾਂ ਦਾ ਕਤਲਾਮ ਕਰ ਦੇਣਾ ਚਾਹੀਦਾ ਹੈ§।

*First Case, the Beginning of the conspiracy and war. p. 8.

†ਮੂਲਾ ਸਿੰਘ ਦੇ ਬਿਆਨ ਮੁਤਾਬਕ ਪੰਜ ਛੇ ਸੌ।

‡First Case, The Beginning of the conspiracv and war, pp. 8-9.

§First Case, the Beginning of the Conspiracy and war, p. 9.

ਪੋਰਟ ਲੈਂਡ ਵਿਚ ੭ ਅਗੱਸਤ ਨੂੰ ਇਕ ਮੀਟਿੰਗ ਹੋਈ ਜਿਸ ਵਿਚ 'ਸਾਰੇ ਹਾਜ਼ਰ ਸਜਣਾਂ ਨੇ ਇਕ ਦੱਮ ਜਾਣ ਅਤੇ ਗਦਰ ਕਰਨ ਦੀ ਸੁਗੰਧ ਖਾਧੀ*'।

ਇਸੇ ਤਰ੍ਹਾਂ "ਅਮਰੀਕਾ ਦੇ ਸਾਰੇ ਪਿੰਡਾਂ ਅਤੇ ਸ਼ਹਿਰਾਂ, ਜਿਥੇ ਜਿਥੇ ਹਿੰਦੀ ਰਹਿੰਦੇ ਸਨ, ਉਪ੍ਰੋਕਤ ਭਾਵ ਦੇ ਲੈਕਚਰ ਕੀਤੇ ਗਏ†"। ਮੀਟਿੰਗਾਂ ਤੋਂ ਇਲਾਵਾ ਕਈ ਇਨਕਲਾਬੀਆਂ, ਖਾਸ ਕਰ ਅਮਰ ਸਿੰਘ 'ਰਾਜਪੂਤ', ਨੇ ਹਿੰਦ ਜਾਣ ਵਾਸਤੇ ਵਾਲੰਟੀਅਰ ਭਰਤੀ ਕਰਨ ਲਈ ਅਮਰੀਕਾ ਦੇ ਕੁਝ ਹਿੱਸੇ ਵਿਚ ਦੌਰਾ ਵੀ ਕੀਤਾ‡। ਇਸ ਦਾ ਨਤੀਜਾ ਇਹ ਹੋਇਆ ਕਿ ਹਿੰਦ ਜਾਣ ਵਾਸਤੇ ਇਨਕਲਾਬੀ ਭਾਰੀ ਗਿਣਤੀ ਵਿਚ ਸੈਨਫ੍ਰਾਂ-ਸਿਸਕੋ ਅਕੱਠੇ ਹੋ ਗਏ¶।

ਉਸ ਸਮੇਂ ਅਮਰੀਕਾ ਕੈਨੇਡਾ ਦੇ ਹਿੰਦੀਆਂ ਦੇ ਹਿੰਦ ਨੂੰ ਇਨਕਲਾਬ ਕਰਨ ਵਾਸਤੇ ਜਾਣ ਦੇ ਜੋਸ਼ ਅਤੇ ਸਪਿਰਟ ਬਾਰੇ ਕਈ ਗਵਾਹੀਆਂ ਹਨ।

ਇਕ ਪਤੀ ਨੇ ਆਪਣੀ ਪਤਨੀ ਨੂੰ ਚਿਠੀ (ਜੋ ਸੀ. ਆਈ. ਡੀ. ਦੇ ਹੱਥ ਲਗੀ) ਲਿਖੀ ਕਿ "..........ਥੋੜੀ ਦੇਰ ਨੂੰ ਇਕ ਵਡਾ ਗਦਰ ਹੋਵੇਗਾ..........ਸਾਡੇ ਹੱਥ ਵਿਚ ਤਲਵਾਰ ਅਤੇ ਬੰਦੂਕ ਹੋਵੇਗੀ, ਅਤੇ ਅਗੇ ਵਧਦੇ ਹੋਏ ਅਸੀਂ ਮਰਾਂਗੇ ਅਤੇ ਮਾਰਾਂਗੇ। ਅਸੀਂ (ਗੁਰੂ) ਗੋਬਿੰਦ ਸਿੰਘ ਦੇ ਸਪੁਤ੍ਰ ਹਾਂ। ਜੇ

*First Case, The Beginning of the conspiracy and war, p. 9.

†Ibid.

‡First Case, Preparing for the migration, p. 1.

¶Isemonger and Slattery, p. 40.



Digitized by Panjab Digital Library | www.panjabdigilib.org

ਜੀਊਂਦੇ ਰਹੇ ਤਾਂ ਮਿਲਾਂਗੇ.........*"।

ਕੈਲੇਫੋਰਨੀਆਂ ਤੋਂ ਇਕ ਸਿਖ ਨੇ ੮੨ ਨੰਬਰ ਪੰਜਾਬੀ ਪਲਟਣ ਦੇ ਇਕ ਸਿਪਾਹੀ ਨੂੰ ਨੁਸ਼ੈਹਰੇ (ਸਰਹੱਦੀ ਸੂਬੇ ਵਿਚ) ਲਿਖਿਆ, "............ਅਮਰੀਕਾ ਅਤੇ ਕੈਨੇਡਾ ਵਿਚ ਰਹਿਣ ਵਾਲੇ ਸਾਰੇ ਹਿੰਦੀ ਮਰਨ ਮਾਰਨ ਲਈ ਤਿਆਰ ਹਨ†"।

ਹਿੰਦੀਆਂ ਤੋਂ ਬਿਨਾਂ ਕਈ ਯੂਰਪੀਨਾਂ ਦੀਆਂ ਇਸ ਸਮੇਂ ਦੀਆਂ ਲਿਖਤਾਂ ਵੀ ਅਮਰੀਕਾ ਤੇ ਕੈਨੇਡਾ ਦੇ ਹਿੰਦੀਆਂ ਦੇ ਉਸ ਸਮੇਂ ਦੇ ਹਿੰਦ ਨੂੰ ਵਹੀਰਾਂ ਘੱਤਣ ਬਾਰੇ ਇੰਤਹਾਈ ਜੋਸ਼ ਨੂੰ ਪ੍ਰਗੱਟ ਕਰਦੀਆਂ ਹਨ।

'ਦੀ ਪੋਰਟਲੈਂਡ ਟੈਲੀਗਰਾਮ' ਅਖਬਾਰ ਨੇ ੭ ਅਗੱਸਤ ੧੯੧੪ ਦੇ ਪਰਚੇ ਵਿਚ 'ਹਿੰਦੂਆਂ ਦੀ ਇਨਕਲਾਬ ਵਿਚ ਲੜਨ ਲਈ ਦੇਸ ਨੂੰ ਰਵਾਨਗੀ' ਦੀ ਸੁਰਖੀ ਹੇਠ ਇਹ ਖਬਰ ਛਾਪੀ:- "ਅਸਟੋਰੀਆ (ਔਰੇਗਨ), ੭ ਅਗੱਸਤ:-ਹਰ ਇਕ ਗੱਡੀ ਤੇ ਬੋਟ, ਜੋ ਦਖਣ ਨੂੰ ਜਾਂਦਾ ਹੈ, ਇਸ ਸ਼ਹਿਰ ਤੋਂ ਬਹੁਤ ਸਾਰੇ ਹਿੰਦੀਆਂ ਨੂੰ ਲੈ ਜਾਂਦਾ ਹੈ, ਅਤੇ ਜੇ ਇਹ ਨਿਕਾਸ ਹੋਰ ਸਮੇਂ ਲੱਈ ਜਾਰੀ ਰਿਹਾ ਤਾਂ ਅਸਟੋਰੀਆ ਹਿੰਦੀਆਂ ਤੋਂ ਬਿਲਕੁਲ ਖਾਲੀ ਹੋ ਜਾਵੇਗਾ। ਹੈਂਮਡ ਮਿਲ ਵਿਚ ਕੰਮ ਕਰਨ ਵਾਲੇ ਹਿੰਦੂਆਂ ਦੀ ਬਹੁਗਿਣਤੀ ਜਾ ਚੁਕੀ ਹੈ, ਅਤੇ ਬਾਕੀ ਦੇ ਜਲਦੀ ਜਾਣ ਦੀ ਤਿਆਰੀ ਕਰ ਰਹੇ ਹਨ। ਕਿਹਾ ਜਾਂਦਾ ਹੈ ਕਿ ਇਹ ਆਦਮੀ ਸੈਨਫ੍ਰਾਂਸਿਸਕੋ ਰਾਹੀਂ ਹਿੰਦ ਜਾ ਰਹੇ ਹਨ, ਜਿੱਥੇ ਇਕ ਜਹਾਜ਼ ਕਰਾਏ ਉਤੇ ਲਿਆ ਗਿਆ ਹੈ, ਇਕ ਇਨਕਲਾਬ ਵਿਚ ਹਿੱਸਾ ਲੈਣ ਲਈ, ਜਿਸ ਦੀ ਇੰਗਲੈਂਡ ਦੇ ਯੂਰਪ ਦੀ ਲੜਾਈ ਵਿਚ ਰੁਝੇ ਹੋਣ ਦੇ ਕਾਰਨ ਜਲਦੀ ਹੀ ਫੁਟ ਪੈਣ ਦੀ ਆਸ ਹੈ। ਕਿਹਾ ਜਾਂਦਾ ਹੈ ਕਿ ਇਕ ਜਾਪਾਨੀ ਜਹਾਜ਼ ਹਿੰਦੂਆਂ ਨੂੰ ਉਨ੍ਹਾਂ ਦੇ ਆਪਣੇ ਦੇਸ ਲੈ ਜਾਵੇਗਾ*"।

ਕਾਰਨਵਾਲਿਸ (ਔਰੇਗਨ) ਦੇ ਜ਼ਰਾਇਤੀ ਕਾਲਜ ਦੇ ਇਕ ਪ੍ਰੋਫੈਸਰ ਨੇ ੧੪ ਸਤੰਬਰ, ੧੯੧੪, ਨੂੰ ਆਪਣੀ ਮਾਂ ਨੂੰ ਚਿਠੀ ਲਿਖੀ ਕਿ, ".........ਮੇਰਾ ਔਰੇਗਨ ਦੇ ਜ਼ਰਾਇਤੀ ਕਾਲਜ ਨਾਲ ਸੰਬੰਧ ਹੈ, ਜਿਥੇ ਕਈ ਹਿੰਦੂ ਵਿਦਿਆਰਥੀ ਰਹਿੰਦੇ ਰਹੇ ਹਨ। ਇਸ ਸਮੇਂ ਅਮਰੀਕਾ ਵਿਚਲੇ ਤਕਰੀਬਨ ਸਾਰੇ ਹਿੰਦੂ ਵਿਦਿਆਰਥੀ ਵਾਪਸ ਹਿੰਦ ਜਾ ਰਹੇ ਹਨ। ਮੈਨੂੰ ਦੱਸਿਆ ਗਿਆ ਹੈ ਕਿ ਹਜ਼ਾਰ ਤੋਂ ਉਪਰ ਏਸ਼ੀਆ ਨੂੰ ਜਾ ਵੀ ਚੁਕੇ ਹਨ। ਉਨ੍ਹਾਂ ਦਾ ਜਾਣ ਦਾ ਮਕਸਦ ਅੰਗਰੇਜ਼ੀ ਹਕੂਮਤ ਵਿਰੁਧ ਬਗਾਵਤ ਵਿਚ ਹਿੱਸਾ ਲੈਣਾ ਹੈ। ਇਸ ਆਸ਼ਰਮ ਦੇ ਵਿਦਿਆਰਥੀ ਵਾਪਸ ਜਾ ਰਹੇ ਹਨ, ਅਤੇ ਮੇਰਾ ਵੀਚਾਰ ਹੈ ਕਿ ਅਗਵਾਈ ਕਰਨ ਵਾਲਿਆਂ ਦੀ ਪੋਜ਼ੀਸ਼ਨ ਵਿਚ.........ਇਹ ਸਪੱਸ਼ਟ ਹੀ ਹੈ ਕਿ ਮੌਕਿਆ ਗੈਰ-ਮਾਮੂਲੀ ਤੌਰ ਉਤੇ ਮੁਆਫਕ ਹੈ............ਬਗਾਵਤ ਦੇ ਆਗੂਆਂ ਵਿਚ ਅਖੀਰਲੇ ਦਰਜੇ ਤਕ ਦਾ ਜ਼ਜ਼ਬਾ ਹੈ। ਉਹ ਲੋਕਾਂ ਵਿਚ ਦੇਸ਼ ਭਗਤੀ ਅਤੇ ਮਜ਼ਹਬੀ ਉਤਸ਼ਾਹ ਦੀ ਚੰਗਿਆੜੀ ਫੂਕਣ ਦੇ ਯੋਗ ਹਨ। .........ਹਿੰਦੀਆਂ ਲਈ ਚੋਟ ਲਾਉਣ ਵਾਸਤੇ ਹੁਣ ਵਾਲੇ ਮੌਕਿਆ ਨਾਲੋਂ ਚੰਗਾ ਮੌਕਿਆ ਨਹੀਂ ਲੱਭੇਗਾ, ਅਤੇ ਲੀਡਰ ਇਸ ਗਲ ਨੂੰ ਸਮਝਦੇ ਹਨ†"।

ਗਦਰ ਪਾਰਟੀ ਲਹਿਰ ਦੀ ਮੁਹਿੰਮ ਦੇ ਸੰਬੰਧ ਵਿਚ ਇਕ ਹੋਈ ਮੀਟਿੰਗ ਦਾ ਇਕ ਅਮਰੀਕਨ ਅਖਬਾਰ 'ਫਰੈਸਨੋ

*Isemonger anu slattery, p. 20.
†Ibid, p. 21.

*Isemonger and Slattery, p. 49.
†Ibid, pp. 49-50.

ਰੀਪੱਬਲੀਕਨ' ਨੇ ਆਪਣੇ ੨੩ ਸਤੰਬਰ ੧੯੧੪ ਦੇ ਪਰਚੇ ਵਿਚ ਇਹ ਸਮਾਚਾਰ ਛਾਪਿਆ:-"ਕਲ ਦੁਪੈਹਰੇ ਇਵਾਟਾ ਥੀਏਟਰ, ਐਫ ਅਤੇ ਕੀਅਰਨ ਬਾਜ਼ਾਰਾਂ (ਫਰੈਸਨੋ, ਕੈਲੇਫੋਰਨੀਆ) ਵਿਚ, ਸਾਢੇ ਤਿੰਨ ਸੌ ਹਿੰਦੂ ਇਕ ਆਮ ਪਬਲਕ ਜਲਸੇ ਵਿਚ ਅਕੱਠੇ ਹੋਏ, ਅਤੇ ਛੇ ਘੰਟੇ ਲੈਕਚਰ ਸੁਣਦੇ ਰਹੇ, ਜਿਸ ਵਿਚ ਲੈਕਚਰਾਰਾਂ ਨੇ ਇੰਗਲੈਂਡ ਵਿਰੁਧ ਹਿੰਦ ਵਿਚ ਬਗਾਵਤ ਕਰਨ ਦੇ ਹੱਕ ਵਿਚ ਜ਼ੋਰ ਦਿੱਤਾ। ਦੋ ਹਜ਼ਾਰ ਡਾਲਰ ਤੋਂ ਵੱਧ ਚੰਦਾ ਅਕੱਠਾ ਕੀਤਾ ਗਿਆ............ਕਲ ਹੋਏ ਇਸ ਪਬਲਕ ਜਲਸੇ ਦੇ ਨਤੀਜੇ ਦੇ ਤੌਰ ਉਤੇ ਬਹੁਤ ਸਾਰੇ ਹਿੰਦੂ ਅਗਲੇ ਸ਼ਨਿਸ਼ਰਵਾਰ 'ਮਨਚੇਰੀਆ' ਜਹਾਜ਼ ਉਤੇ ਹਿੰਦ ਜਾਣਗੇ।.........ਲੈਕਚਰਾਰਾਂ (ਰਾਮ ਚੰਦ, ਭਗਵਾਨ ਸਿੰਘ ਅਤੇ ਬਰਕਤੁਲਾ) ਨੇ ਐਲਾਨ ਕੀਤਾ ਕਿ ਜਰਮਨੀ ਨੇ ਹਿੰਦ ਨੂੰ ਬਚਨ ਦਿੱਤਾ ਹੈ ਕਿ ਜੇ ਉਹ ਇੰਗਲੈਂਡ ਵਿਰੁਧ ਬਗਾਵਤ ਕਰਨ ਤਾਂ ਜਰਮਨੀ ਮਦਦ ਦੇਵੇਗਾ............*"।

ਵਿਕਟੋਰੀਆ (ਕੈਨੇਡਾ) ਤੋਂ ਅਗੱਸਤ ਦੇ ਅਖੀਰ ਵਿਚ ਇਕ ਗੋਰੇ ਨੇ ਅੰਗਰੇਜ਼ਾਂ ਦੇ ਲੜਾਈ ਦੇ ਵਜ਼ੀਰ ਨੂੰ ਲਿਖਿਆ ਕਿ ਉਸ ਦੇ ਇਕ ਮਿੱਤ੍ਰ, ਜੋ ਜਾਇਦਾਦ ਬਾਰੇ ਦਲਾਲੀ ਦਾ ਕੰਮ ਕਰਦਾ ਹੈ, ਨੂੰ ਇਕ ਸਿਖ ਨੇ ਹਦਾਇਤ ਕੀਤੀ ਹੈ ਕਿ ਉਸ ਦੀ ਜਾਇਦਾਦ ਦੇ ਦੋ ਟੁਕੜੇ ਅੱਧੀ ਕੀਮਤ ਉਤੇ ਵੇਚ ਦੇਵੇ। ਸਿਖ ਨੇ ਕਿਹਾ ਕਿ ਇਹ ਮਾਇਆ ਹਿੰਦੀਆਂ ਨੂੰ ਦੇਸ ਭੇਜਣ ਲਈ ਚਾਹੀਦੀ ਹੈ, ਅਤੇ ਦੋ ਮਹੀਨਿਆਂ ਤੱਕ ਅਮਰੀਕਾ ਵਿਚ ਮੁਸ਼ਕਲ ਨਾਲ ਹੀ ਕੋਈ ਹਿੰਦੀ ਰਹਿ ਜਾਵੇਗਾ। ਉਹ ਹਿੰਦੀਆਂ ਦੇ ਨਿਕਾਸ ਦਾ ਕਾਰਨ ਨਹੀਂ ਸੀ ਦੱਸਦਾ, ਪਰ ਉਸ ਨੇ ਇਸ਼ਾਰਾ ਕੀਤਾ ਕਿ ਇਹ ਬਰਤਾਨਵੀ ਸਰਕਾਰ ਦੇ ਉਲਟ ਹੈ*।

ਕੇਂਦਰੀ ਸੀ. ਆਈ. ਡੀ. ਦੇ ਡਾਇਰੈਕਟਰ ਦੀ ਇਕ ਰੀਪੋਟ ਵਿਚ ਇਕ ਥਾਂ ਇਹ ਲਿਖਿਆ ਹੈ:-"੧੫ ਅਕਤੂਬਰ ਦੇ 'ਸ਼ਮਸ਼ੇਰ ਖਾਲਸਾ', ਜਿਸ ਦੀਆਂ ਬੰਬੱਈ ਦੀ ਡਾਕ ਵਿਚੋਂ ੯੮ ਕਾਪੀਆਂ ਫੜੀਆਂ ਗਈਆਂ ਹਨ, ਵਿਚ ਇਕ ਨੋਟਸ ਛਪਿਆ ਹੈ ਕਿ, ਕਿਉਂਕਿ ਬਹੁਤ ਸਾਰੇ ਅਬਾਦਕਾਰਾਂ ਵਲੋਂ ਉਨ੍ਹਾਂ ਦੀਆਂ ਜ਼ਮੀਨਾਂ ਵਿਕਾਉਣ ਦੀਆਂ ਅਰਜ਼ੀਆਂ ਮਿਲੀਆਂ ਹਨ, ਇਸ ਵਾਸਤੇ ਸਟਾਕਟਨ ਦੇ ਖਾਲਸਾ ਦੀਵਾਨ ਨੇ ਇਸ ਬਾਰੇ ਇਕ ਕੰਪਨੀ ਨਾਲ ਪ੍ਰਬੰਧ ਕੀਤਾ ਹੈ। ਜਿਹੜੇ ਅਬਾਦਕਾਰ ਜ਼ਮੀਨਾਂ ਵੇਚਣਾ ਚਾਹੁੰਦੇ ਹਨ, ਉਹ ਖਾਲਸਾ ਦੀਵਾਨ ਨਾਲ ਲਿਖਾ ਪੜੀ ਕਰਨ। ਬਿਨਾਂ ਸ਼ੱਕ ਇਸ ਦਾ ਮਕਸਦ ਹਿੰਦੀਆਂ ਨੂੰ ਹਿੰਦ ਵਿਚ ਹੋਣ ਵਾਲੇ ਇਨਕਲਾਬ ਵਿਚ ਹਿੱਸਾ ਲੈਣ ਲਈ ਜਾਣ ਵਿਚ ਸਹਾਇਤਾ ਕਰਨ ਦਾ ਹੈ†"।

ਕੈਨੇਡਾ ਅਮਰੀਕਾ ਦੇ ਹਿੰਦੀਆਂ ਦੇ ਹਿੰਦ ਨੂੰ ਵਹੀਰਾਂ ਘਤਣ ਸੰਬੰਧੀ ਜੋਸ਼ ਅਤੇ ਸਪਿਰਟ ਦੀਆਂ ਉਪ੍ਰੋਕਤ ਗਵਾਹੀਆਂ ਇਤਨੀਆਂ ਨਿਰਪੱਖ ਅਤੇ ਨਿਖਰਵੀਆਂ ਹਨ, ਕਿ ਇਸ ਬਾਰੇ ਹੋਰ ਟੀਕਾ ਟਿਪਣੀ ਦੀ ਲੋੜ ਨਹੀਂ।

## ਰਵਾਨਗੀ ਅਤੇ ਰਸਤੇ ਵਿਚ

"ਅਮਰੀਕਾ ਤੋਂ ਵੱਡੇ ਜਥੇ ਦੇ ਤੁਰਨ ਤੋਂ ਪਹਿਲੋਂ ਇਹ ਜਾਪਦਾ ਹੈ ਕਿ ਕਈ ਆਦਮੀ ਅਗਾਊ ਭੇਜੇ ਗਏ"‡। ਯਾਰਵੇਂ ਕਾਂਡ ਵਿਚ ਵੇਖਿਆ ਜਾ ਚੁਕਾ ਹੈ ਕਿ ਗਦਰ ਪਾਰਟੀ

*Isemonger and Slattery, p. 51.

*Isemonger and Slattery, p. 52.
†Ibid.
‡First Case, the Return to India, p-1.



Digitized by Panjab Digital Library | www.panjabdigilib.org

ਦੇ ਪ੍ਰਧਾਨ, ਸ੍ਰੀ ਸੋਹਨ ਸਿੰਘ 'ਭਕਨਾ', ਸੰਸਾਰ ਯੁਧ ਸ਼ੁਰੂ ਹੋਣ ਤੋਂ ਪਹਿਲੋਂ ਅਮਰੀਕਾ ਤੋਂ ਦੇਸ ਵਲ ਇਸ ਵਾਸਤੇ ਚਲ ਪਏ ਸਨ ਕਿ ਕੈਨੇਡਾ ਤੋਂ ਵਾਪਸ ਜਾ ਰਹੇ 'ਕੌਮਾ ਗਾਟਾ ਮਾਰੂ' ਦੇ ਮੁਸਾਫਰਾਂ ਨੂੰ ਗਦਰ ਪਾਰਟੀ ਦਾ ਪ੍ਰੋਗਰਾਮ ਸਮਝਾਕੇ, ਉਨ੍ਹਾਂ ਨੂੰ ਦੇਸ ਵਿਚ ਜਾਕੇ ਕੰਮ ਕਰਨ ਲਈ ਤਿਆਰ ਕਰਨ। ਸ੍ਰੀ ਸੋਹਨ ਸਿੰਘ 'ਭਕਨਾ' ਦੇ ਜ਼ਿਮੇ ਇਹ ਵੀ ਕੰਮ ਸੀ ਕਿ ਉਹ ਦੇਸ ਜਾਕੇ ਦੇਸ ਦੇ ਲੀਡਰਾਂ, ਰਾਜਸੀ ਜਥੇਬੰਦੀਆਂ ਅਤੇ ਇਨਕਲਾਬੀਆਂ ਨਾਲ ਗਦਰ ਪਾਰਟੀ ਦੇ ਮਨੋਰਥਾਂ ਵਾਸਤੇ ਤਾਲ ਮੇਲ ਪੈਦਾ ਕਰਨ। ਇਸੇ ਤਰ੍ਹਾਂ ਚੰਦ ਇਕ ਹੋਰ ਇਨਕਲਾਬੀ ਗਦਰ ਦਾ ਪ੍ਰਚਾਰ ਕਰਨ ਵਾਸਤੇ ਅਮਰੀਕਾ ਤੋਂ ਜਾਅਲੀ ਨਾਵਾਂ ਹੇਠ ਅਗਾਊਂ ਦੇਸ ਭੇਜੇ ਗਏ*, ਅਤੇ ਸ੍ਰੀ ਕਰਤਾਰ ਸਿੰਘ 'ਸਰਾਭਾ' 'ਨਿਮਨ ਮਾਰੂ' ਜਹਾਜ਼ ਰਾਹੀਂ ੧੫ ਜਾਂ ੧੬ ਸਤੰਬਰ ਨੂੰ, ਗਦਰੀਆਂ ਦੇ ਮੁਖ ਜੱਥੇ ਤੋਂ ਇਕ ਮਹੀਨਾ ਪਹਿਲੋਂ, ਕੋਲੰਬੂ ਪੁਜ ਗਏ†। 'ਕੌਮਾ ਗਾਟਾ ਮਾਰੂ' ਜਹਾਜ਼ ਦੇ ਸ਼ੰਘਾਈ ਪੁਜਣ ਉਤੇ, ਸ੍ਰੀ ਗੁਜਰ ਸਿੰਘ 'ਭਕਨਾ' ਦੀ ਜਥੇਦਾਰੀ ਹੇਠ, ਸ਼ੰਘਾਈ ਤੋਂ ਇਨਕਲਾਬੀਆਂ ਦਾ ਇਕ ਜੱਥਾ ਵੀ ਅਮਰੀਕਾ ਦੇ ਇਨਕਲਾਬੀਆਂ ਦੇ ਮੁਖ ਜਥੇ ਦੇ ਤੁਰਨ ਤੋਂ ਪਹਿਲੋਂ ਦੇਸ ਨੂੰ ਠਿੱਲ ਪਿਆ।

ਅਮਰੀਕਾ ਤੋਂ ਇਨਕਲਾਬੀਆਂ ਦਾ ਪਹਿਲਾ ਅਤੇ ਮੁਖ ਜ਼ਥਾ 'ਕੋਰੀਆ' ਜਹਾਜ਼ ਵਿਚ ੨੯ ਅਗੱਸਤ ੧੯੧੪ ਨੂੰ ਸੈਨਫ੍ਰਾਂਸਿਸਕੋ ਤੋਂ ਤੁਰਿਆ। ਤੁਰਨ ਤੋਂ ਪਹਿਲੋਂ ਇਨਕਲਾਬੀਆਂ ਨੂੰ ਟੋਲੀਆਂ ਵਿਚ ਵੰਡਿਆ ਗਿਆ, ਅਤੇ ਸ੍ਰੀ ਕੇਸਰ ਸਿੰਘ 'ਠਠਗੜ੍ਹ', ਸ੍ਰੀ ਜਵਾਲਾ ਸਿੰਘ 'ਠਟੀਆਂ', 'ਪੰਡਤ' ਜਗਤ ਰਾਮ, ਅਤੇ ਸ੍ਰੀ ਨਿਧਾਨ ਸਿੰਘ 'ਚੁਘਾ' (ਜੋ ਸ਼ੰਘਾਈ ਤੋਂ ਅਮਰੀਕਾ ਥੋੜਾ ਸਮਾਂ ਪਹਿਲਾਂ ਆਏ ਸਨ) ਨੂੰ ਇਨ੍ਹਾਂ ਦੇ ਲੀਡਰ ਨੀਯਤ ਕੀਤਾ ਗਿਆ*। 'ਕੋਰੀਆ ਜਹਾਜ਼ ਦੇ ਚਲਣ ਤੋਂ ਪਹਿਲੋਂ ਸ੍ਰੀ ਬਰਕੁਤੁਲਾ, ਸ੍ਰੀ ਰਾਮ ਚੰਦ ਅਤੇ ਸ੍ਰੀ ਭਗਵਾਨ ਸਿੰਘ ਜਹਾਜ਼ ਉਤੇ ਆਏ ਅਤੇ ਇਹ ਉਪਦੇਸ਼ ਦਿਤਾ:-"ਤੁਹਾਡੀ ਡੀਊਟੀ ਸਾਫ ਸਪੱਸ਼ਟ ਹੈ। ਦੇਸ ਜਾਓ ਅਤੇ ਮੁਲਕ ਦੀ ਹਰ ਇਕ ਨੁਕਰ ਵਿਚ ਗਦਰ ਭੜਕਾਓ। ਅਮੀਰਾਂ ਨੂੰ ਲੁਟੋ ਅਤੇ ਗਰੀਬਾਂ ਨੂੰ ਹਮਦਰਦੀ ਵਖਾਓ। ਇਸ ਤਰ੍ਹਾਂ ਤੁਹਾਨੂੰ ਆਮ ਜਨਤਾ ਦੀ ਹਮਦਰਦੀ ਪ੍ਰਾਪਤ ਹੋਵੇਗੀ। ਹਿੰਦ ਪੁਜਣ ਉਤੇ ਤੁਹਾਨੂੰ ਹਥਿਆਰ ਦਿਤੇ ਜਾਣਗੇ। ਜੇਕਰ ਇਸ ਵਿਚ ਕਾਮਯਾਬੀ ਨਾ ਹੋ ਸਕੇ, ਤੁਸੀਂ ਠਾਣਿਆਂ ਤੋਂ ਰਾਈਫਲਾਂ ਲੁਟ ਲਵੋ। ਆਪਣੇ ਲੀਡਰਾਂ ਦੇ ਹੁਕਮਾਂ ਦੀ ਬਿਨਾਂ ਹੀਲ ਹੁਜਤ ਕੀਤੇ ਪਾਲਣਾ ਕਰੋ†"।

'ਕੋਰੀਆ' ਜਹਾਜ਼, ਜਾਪਾਨ ਦੀਆਂ ਬੰਦਰਗਾਹਾਂ ਯੋਕੋਹਾਮਾ, ਕੋਬੇ, ਨਾਗਾ ਸਾਕੀ, ਅਤੇ ਫਿਲੇਪਾਇਨ ਦੀ ਬੰਦਰਗਾਹ ਮਨੀਲਾ, ਉਤੇ ਠਹਿਰਦਾ ਹੋਇਆ ਅੰਤ ਨੂੰ ਹਾਂਗ ਕਾਂਗ ਆ ਖੜੋਤਾ, ਜਿਥੇ ਇਸ ਜਹਾਜ਼ ਦਾ ਸਫਰ ਸਮਾਪਤ ਹੋ ਗਿਆ। ਯੋਕੋਹਾਮਾ ਸ੍ਰੀ ਪਰਮਾਨੰਦ (ਯੂ. ਪੀ. ਵਾਲੇ) ਇਨਕਲਾਬੀਆਂ ਵਿਚ ਆ ਸ਼ਾਮਲ ਹੋਏ, ਅਤੇ ਸ੍ਰੀ ਅਮਰ ਸਿੰਘ ਅਤੇ ਸ੍ਰੀ ਰਾਮ ਰਖਾ ਹਥਿਆਰ ਪ੍ਰਾਪਤ ਕਰਨ ਵਾਸਤੇ ਜਹਾਜ਼ ਤੋਂ ਉੱਤਰ ਗਏ। ਸ੍ਰੀ ਨਿਧਾਮ ਸਿੰਘ 'ਚੁਘਾ', ਸ੍ਰੀ ਇੰਦਰ ਸਿੰਘ 'ਸੁਰਸੰਗ' ਅਤੇ ਸ੍ਰੀ ਪਿਆਰਾ ਸਿੰਘ 'ਲੰਗੇਰੀ' ਜਹਾਜ਼ ਤੋਂ ਨਾਗਾਸਾਕੀ

*First Case, The Return to India, p. 1.
†Ibid.

*First Case, The Return to India, p. 2.
†Isemonger and Slattery, p. 44.

ਉੱਤਰ ਕੇ ਸ਼ੰਘਾਈ ਨੂੰ ਚਲੇ ਗਏ। ਜਹਾਜ਼ ਦੇ ਮਨੀਲਾ ਪੁਜਣ ਉਤੇ ਸ਼ਹਿਰ ਵਿਚ ਸ੍ਰੀ ਹਾਫ਼ਿਜ਼ ਅਬਦੁਲਾ ਦੀ ਪ੍ਰਧਾਨਗੀ ਹੇਠ ਇਕ ਮੀਟਿੰਗ ਕੀਤੀ ਗਈ, ਜਿਸ ਵਿਚ 'ਪੰਡਤ' ਜਗਤ ਰਾਮ ਅਤੇ ਨਵਾਬ ਖਾਨ ਨੇ ਲੈਕਚਰ ਦਿਤੇ। ਕਈਆਂ ਤੋਂ ਦੇਸ ਗਦਰ ਲਈ ਜਾਣ ਵਾਸਤੇ ਭਰੋਸੇ ਲਏ ਗਏ, ਜਿਨ੍ਹਾਂ ਨੇ ਪਿਛੋਂ ਹਿੰਦ ਆਕੇ ਗਦਰ ਪਾਰਟੀ ਲਹਿਰ ਵਿਚ ਵਧ ਚੜ੍ਹ ਕੇ ਹਿੱਸਾ ਲਿਆ, ਅਤੇ ਸ੍ਰੀ ਜੀਵਨ ਸਿੰਘ ਅਤੇ ਇਕ ਸ੍ਰੀ ਹਾਫਜ਼ ਉਸੇ ਵੇਲੇ ਇਨਕਲਾਬੀਆਂ ਨਾਲ ਆ ਸ਼ਾਮਲ ਹੋਏ। ਜਹਾਜ਼ ਵਿਚ ਮਜ਼੍ਹਬ ਅਤੇ ਜ਼ਾਤ ਪਾਤ ਦੇ ਵਖੇਵੇਂ ਬਿਨਾਂ ਸਾਂਝਾ ਲੰਗਰ ਸੀ; ਅਤੇ ਰਸਤੇ ਵਿਚ ਰੋਜ਼ਾਨਾ ਮੀਟਿੰਗਾਂ ਹੁੰਦੀਆਂ, ਜਿਨ੍ਹਾਂ ਵਿਚ ਖੁਲ੍ਹੇ ਇਨਕਲਾਬੀ ਲੈਕਚਰ ਹੁੰਦੇ ਅਤੇ 'ਗਦਰ ਦੀ ਗੂੰਜ' ਵਿਚੋਂ ਕਵਿਤਾਵਾਂ ਪੜ੍ਹੀਆਂ ਜਾਂਦੀਆਂ। ਜਹਾਜ਼ ਦੇ ਹਾਂਗ ਕਾਂਗ ਪੁਜਣ ਤੋਂ ਪਹਿਲੋਂ ਸ੍ਰੀ ਨਿਧਾਨ ਸਿੰਘ 'ਚੁਘਾ' ਨੇ ਸ਼ੰਘਾਈ ਤੋਂ ਜਹਾਜ਼ੀਆਂ ਨੂੰ ਤਾਰ ਰਾਹੀਂ ਇਤਲਾਹ ਦੇ ਦਿਤੀ ਸੀ ਕਿ ਹਾਂਗ ਕਾਂਗ ਤਲਾਸ਼ੀਆਂ ਹੁੰਦੀਆਂ ਹਨ। ਇਸ ਵਾਸਤੇ ਮਨੀਲਾ ਪੁਜਣ ਤੋਂ ਪਹਿਲੋਂ ਹਥਿਆਰਾਂ ਨੂੰ ਬਿਲੇ ਲਾਉਣ ਲਈ 'ਪੰਡਤ' ਜਗਤ ਰਾਮ ਦੇ ਹਵਾਲੇ ਕਰ ਦਿੱਤਾ ਗਿਆ, ਅਤੇ ਇਨਕਲਾਬੀ ਸਾਹਿਤ ਨੂੰ ਸਮੁੰਦਰ ਵਿਚ ਸੁਟ ਦਿਤਾ ਗਿਆ*।

ਸ੍ਰੀ ਨਿਧਾਨ ਸਿੰਘ 'ਚੁਘਾ' ਨਾਗਾਸਾਕੀ ਬੰਦਰਗਾਹ ਉਤੇ, 'ਕੋਰੀਆ' ਜਹਾਜ਼ ਨੂੰ ਛੱਡ ਕੇ ਸ਼ੰਘਾਈ ਚਲੇ ਗਏ ਸਨ। ਉਨ੍ਹਾਂ ਨੇ ਸ਼ੰਘਾਈ ਇਕ ਜਰਮਨ ਤੋਂ ਪਸਤੌਲ ਖਰੀਦੇ, ਅਤੇ ਸ਼ੰਘਾਈ ਤੋਂ ੩੦ ਦੇ ਕਰੀਬ ਇਨਕਲਾਬੀਆਂ ਦਾ ਇਕ ਹੋਰ ਜੱਥਾ, ਜਿਨ੍ਹਾਂ ਵਿਚੋਂ ਕਈਆਂ ਦਾ ਕਰਾਇਆ ਸ੍ਰੀ ਨਿਧਾਨ ਸਿੰਘ ਨੇ ਆਪਣੇ ਪਾਸੋਂ ਦਿੱਤਾ, ਲੈਕੇ 'ਮਸ਼ੀਮਾ ਮਾਰੂ' ਜਹਾਜ਼ ਉਤੇ ੧੫ ਅਕਤੂਬਰ ਨੂੰ ਚਲ ਪਏ। ਇਸੇ ਤਰ੍ਹਾਂ 'ਕੋਰੀਆ' ਜਹਾਜ਼ ਦੇ ਜਲਦੀ ਪਿਛੋਂ, ਕੈਨੇਡਾ ਤੇ ਅਮਰੀਕਾ ਤੋਂ 'ਸਾਇਬੇਰੀਆ' ਅਤੇ 'ਮੈਖਸੀਕੋ ਮਾਰੂ' ਅਤੇ ਕਈ ਹੋਰ ਜਹਾਜ਼ਾਂ ਵਿਚ ਇਨਕਲਾਬੀਆਂ ਦੀਆਂ ਟੋਲੀਆਂ ਤੁਰੀਆਂ; ਜਿਨ੍ਹਾਂ ਵਿਚੋਂ ਖਾਸ ਜ਼ਿਕਰ ਕਰਨ ਯੋਗ ਉਹ ਤੀਹ ਪੈਂਤ੍ਰੀ ਇਨਕਲਾਬੀਆਂ ਦਾ ਜੱਥਾ ਹੈ, ਜੋ ਸ੍ਰੀ ਸ਼ੇਰ ਸਿੰਘ 'ਵੇਈਂ ਪੁਈਂ' ਦੀ ਜਥੇਦਾਰੀ ਹੇਠ 'ਕੈਨੇਡਾ ਮਾਰੂ' ਜਹਾਜ਼ ਉਤੇ ਕੈਨੇਡਾ ਤੋਂ ਚੱਲਿਆ। ਵਖੋ ਵਖ ਸਮਿਆਂ ਉਤੇ ਚਲੇ ਹੋਏ ਅਤੇ ਵਖੋ ਵਖ ਜਹਾਜ਼ਾਂ ਉਤੇ ਆਏ ਹੋਏ ਇਹ ਸਭ ਇਨਕਲਾਬੀ ਹਾਂਗ ਕਾਂਗ ਆ ਅਕੱਠੇ ਹੋਏ, ਕਿਉਂਕਿ ਹਾਂਗ ਕਾਂਗ ਤੋਂ ਅਗੇ ਸਫਰ ਕਰਨ ਦੇ ਰਾਹ ਵਿਚ ਕਈ ਰੁਕਾਵਟਾਂ ਸਨ*।

ਹਾਂਗ ਕਾਂਗ ਗਦਰੀ ਇਨਕਲਾਬੀਆਂ ਨੂੰ ਕਈ ਦਿਨ ਠਹਿਰਨਾ ਪਿਆ, ਕਿਉਂਕਿ ਮਹਾਂ ਯੁਧ ਸ਼ੁਰੂ ਹੋ ਜਾਣ ਦੇ ਕਾਰਨ ਜਹਾਜ਼ ਮਿਲਣੇ ਮੁਸ਼ਕਲ ਸਨ, ਅਤੇ ਪੁਲਸ ਨੇ ਇਹ ਰੋਕ ਲਾਈ ਹੋਈ ਸੀ ਕਿ ੨੦ ਤੋਂ ਵੱਧ ਹਿੰਦੁਸਤਾਨੀ ਇਕ ਜਹਾਜ਼ ਉਤੇ ਸਫਰ ਨਹੀਂ ਕਰ ਸਕਦੇ। ਹਾਂਗ ਕਾਂਗ ਠਹਿਰਨ ਦੇ ਸਮੇਂ ਵਿਚ ਗਦਰੀ ਇਨਕਲਾਬੀਆਂ ਨੇ ਹਾਂਗ ਕਾਂਗ ਗੁਰਦਵਾਰੇ ਵਿਚ ਕਈ ਪਬਲਕ ਮੀਟਿੰਗਾਂ ਕੀਤੀਆਂ, ਜਿਨ੍ਹਾਂ ਵਿਚ ਖੁਲਮ ਖੁਲ੍ਹਾ ਗਦਰ ਦਾ ਪ੍ਰਚਾਰ ਕੀਤਾ ਗਿਆ। ਹਾਂਗ ਕਾਂਗ ਵਿਚ ਠਹਿਰੀਆਂ ਪੰਜਾਬੀ ਪਲਟਣਾਂ ਨੂੰ ਵੀ ਵਰਗਲਾਉਣ ਦੀ ਕੋਸ਼ਸ਼ ਕੀਤੀ ਗਈ, ਅਤੇ ਨਵਾਬ ਖਾਨ ਦੇ ਬਿਆਨ ਮੁਤਾਬਕ ੨੬ ਨੰਬਰ ਪੰਜਾਬ ਪਲਟਣ ਦੇ ਸਿਪਾਹੀਆਂ ਨੇ ਕਿਹਾ ਕਿ "ਉਹ ਗਦਰ ਕਰਨ ਲਈ ਤਿਆਰ ਹਨ। ਅਸਾਂ ਓਥੇ ਹੀ ਗਦਰ ਕਰਨ ਦੀ ਪਲੈਨ ਬਣਾਈ, ਪਰ ਜਰਮਨ ਕੌਂਸਲ

*First Case, The Return to India; Mandlay Case, Evidence, p. 44.

*First Case, the Return to India.



Digitized by Panjab Digital Library | www.panjabdigilib.org

ਨੇ ਵਰਜ ਦਿਤਾ*"।

ਕਿਉਂਕਿ ਇਨਕਲਾਬੀਆਂ ਨੂੰ ਡਰ ਸੀ ਕਿ ਛੋਟੀਆਂ ਛੋਟੀਆਂ ਟੋਲੀਆਂ ਵਿਚ ਜਾਣ ਨਾਲ ਉਨ੍ਹਾਂ ਦੇ ਮਕਸਦ ਨੂੰ ਠੇਸ ਲਗੇਗੀ, ਇਸ ਵਾਸਤੇ ਇਨਕਲਾਬੀ ਸੁਪ੍ਰਿੰਟੈਂਡੈਂਟ ਪੋਲੀਸ (ਹਾਂਗ ਕਾਂਗ) ਨੂੰ ਮਿਲੇ ਅਤੇ ਆਖਿਆ ਕਿ ਓਹ ਸਾਰੇ ਅਕੱਠੇ ਸਫਰ ਕਰਨਾ ਚਾਹੁੰਦੇ ਹਨ†। ਪੋਲੀਸ ਅਫਸਰ ਨੇ ਜਵਾਬ ਦਿਤਾ ਕਿ ਉਹ ਕਿਸੇ ਜਹਾਜ਼ ਨੂੰ ਉਨ੍ਹਾਂ ਨੂੰ ਅਕੱਠਿਆਂ ਲੈ ਜਾਣ ਵਾਸਤੇ ਆਖੇਗਾ, ਅਤੇ ਜੇ ਜਹਾਜ਼ ਦੇ ਅਫਸਰ ਮੰਨ ਗਏ ਤਾਂ ਉਹ ਵੀ ਇਤਰਾਜ਼ ਨਹੀਂ ਕਰੇਗਾ। ਫਿਰ ਗਦਰੀ ਇਨਕਲਾਬੀਆਂ ਨੇ ਸਲਾਹ ਕਰਕੇ ਫੈਸਲਾ ਕੀਤਾ ਕਿ ਓਹ ਕਿਸੇ ਨਿਰਪੱਖ ਦੇਸ ਦੇ ਜਹਾਜ਼ ਉਤੇ ਜਾਣ, ਜਾਂ ਖੁਸ਼ਕੀ ਰਸਤੇ, ਤਾਕਿ ਕਿਧਰੇ ਗਦਰੀਆਂ ਦੇ ਜਹਾਜ਼ ਨੂੰ ਸਮੁੰਦਰ ਵਿਚ ਹੀ ਨਾ ਡੋਬ ਦਿਤਾ ਜਾਏ। ਇਸ ਵਾਸਤੇ ਸ੍ਰੀ ਰੂੜ ਸਿੰਘ 'ਚੂੜ ਚਕ' ਅਤੇ ਨਵਾਬ ਖਾਨ ਕੈਂਟਨ (ਚੀਨ) ਦੇ ਜਰਮਨ ਕੌਂਸਲ ਨੂੰ ਮਿਲੇ, ਅਤੇ ਨਿਰਪੱਖ ਦੇਸ ਦਾ ਜਹਾਜ਼ ਲੈ ਦੇਣ ਲਈ ਆਖਿਆ। ਪਰ ਨਿਰਪੱਖ ਦੇਸ ਦਾ ਜਹਾਜ਼ ਨਾ ਮਿਲ ਸਕਿਆ। ਕੈਂਟਨ ਦੇ ਜਰਮਨ ਕੌਂਸਲ ਨੂੰ ਪਾਸਪੋਰਟ ਲੈ ਦੇਣ ਵਾਸਤੇ ਵੀ ਕਿਹਾ, ਤਾਕਿ ਇਨਕਲਾਬੀ ਚੀਨ ਰਾਹੀਂ ਖੁਸ਼ਕੀ ਰਸਤੇ ਹਿੰਦ ਜਾ ਸਕਣ। ਪਰ ਉਸਨੇ ਜਵਾਬ ਦਿਤਾ ਕਿ ਚੀਨ ਨਿਰਪੱਖ ਦੇਸ ਹੋਣ ਦੇ ਕਾਰਨ ਹਥਿਆਰ ਬੰਦ ਗਦਰੀਆਂ ਨੂੰ ਆਪਣੇ ਇਲਾਕੇ ਵਿਚੋਂ ਨਹੀਂ ਜਾਣ ਦੇਵੇਗਾ। ਜਰਮਨ ਕੌਂਸਲ ਨੇ ਇਹ ਸਲਾਹ ਦਿਤੀ ਕਿ ਜਾਪਾਨੀ ਜਹਾਜ਼ ਵਿਚ ਬੇਸ਼ਕ ਜਾਇਆ ਜਾਏ*।

ਅਮਰੀਕਾ ਤੋਂ ਇਲਾਵਾ ਕੇਨੇਡਾ, ਸ਼ੰਘਾਈ ਅਤੇ ਮਨੀਲਾ ਦੇ ਗਦਰੀ ਇਨਕਲਾਬੀਆਂ ਦੀਆਂ ਕੁਝ ਟੋਲੀਆਂ ਵੀ ਹਾਂਗ ਕਾਂਗ ਆ ਅਕੱਠੀਆਂ ਹੋਈਆਂ ਸਨ। ਇਸ ਵਾਸਤੇ ਇਨਕਲਾਬੀਆਂ ਦੀ ਨਵਿਓਂ ਸਿਰਿਓਂ ਇਕ ਕੇਂਦ੍ਰੀ ਕਮੇਟੀ ਬਣਾਈ ਗਈ, ਜਿਸ ਦੇ ਮੈਂਬਰ ਸ੍ਰੀ ਕੇਸਰ ਸਿੰਘ 'ਠਠਗੜ੍ਹ', ਸ੍ਰੀ ਜਵਾਲਾ ਸਿੰਘ 'ਠਟੀਆਂ', 'ਪੰਡਤ' ਜਗਤ ਰਾਮ, ਸ੍ਰੀ ਰੂੜ ਸਿੰਘ 'ਚੂਹੜ ਚੱਕ', ਸ੍ਰੀ ਸ਼ੇਰ ਸਿੰਘ 'ਵੇਈਂ ਪੁਈਂ', ਸ੍ਰੀ ਰਾਮ ਸਿੰਘ, ਸ੍ਰੀ ਨਿਧਾਨ ਸਿੰਘ 'ਚੁਘਾ', ਸ੍ਰੀ ਪਿਰਥੀ ਸਿੰਘ, ਸ੍ਰੀ ਸਜਣ ਸਿੰਘ ਅਤੇ ਨਵਾਬ ਖਾਨ ਸਨ। ਸਾਰੇ ਇਨਕਲਾਬੀਆਂ ਨੂੰ ਹਿੰਦ ਵਿਚ ਜਾਕੇ ਕੰਮ ਕਰਨ ਖਾਤਰ ਅੱਡ ਅੱਡ ਟੋਲੀਆਂ ਵਿਚ ਵੰਡਿਆ ਗਿਆ, ਅਤੇ ਉਪ੍ਰੋਕਤ ਕੇਂਦ੍ਰੀ ਕਮੇਟੀ ਦੇ ਮੈਂਬਰਾਂ ਵਿਚੋਂ ਇਕ ਟੋਲੀ ਦਾ ਇਕ ਲੀਡਰ ਨੀਯਤ ਕੀਤਾ ਗਿਆ। ਹਰ ਇਕ ਟੋਲੀ ਨੇ ਪੰਜਾਬ ਦੇ ਕਿਸੇ ਅਲੈਹਦਾ ਹਿੱਸੇ ਵਿਚ ਆਪਣੇ ਆਗੂ ਦੇ ਹੁਕਮ ਹੇਠ ਕੰਮ ਕਰਨਾ ਸੀ, ਅਤੇ ਇਨ੍ਹਾਂ ਵਿਚਕਾਰ ਤਾਲ ਮੇਲ ਵੀ ਆਗੂਆਂ ਰਾਹੀਂ ਹੋਣਾ ਸੀ। ਜਾਪਦਾ ਹੈ ਕਿ ਹਿੰਦ ਵਿਚ ਕੰਮ ਕਰਨ ਦੀ ਪਲੈਨ ਬਾਰੇ ਇਨ-ਕਲਾਬੀਆਂ ਸਾਹਮਣੇ ਨਾ ਸਮੁਚੀ ਤਸਵੀਰ ਸਪੱਸ਼ਟ ਸੀ, ਅਤੇ ਨਾ ਇਸ ਦੀ ਤਫਸੀਲ ਤਹਿ ਕੀਤੀ ਗਈ ਸੀ। ਉਨ੍ਹਾਂ ਦੇ ਸਾਹਮਣੇ ਕੇਵਲ ਧੁੰਧਲੀ ਹਾਲਤ ਵਿਚ ਇਹ ਨਿਸ਼ਾਨੇ ਜ਼ਰੂਰ ਸਨ :—ਦੇਸੀ ਪਲਟਣਾਂ ਨੂੰ ਗਦਰ ਲਈ ਤਿਆਰ ਕੀਤਾ ਜਾਏ; ਆਮ ਜਨਤਾ, ਖਾਸ ਕਰ ਪੇਂਡੂ, ਵਿਚ ਗਦਰ ਦਾ ਪ੍ਰਚਾਰ ਕੀਤਾ ਜਾਏ; ਜੇਕਰ ਹਥਿਆਰ, ਜੋ ਯੁਗੰਤਰ ਆਸ਼ਰਮ ਦੇ ਲੀਡਰਾਂ ਹਿੰਦ ਵਿਚ ਪੁਜਦੇ ਕਰਨ ਦਾ ਭਰੋਸਾ ਦਿਤਾ ਸੀ, ਨਾ ਮਿਲਣ ਤਾਂ ਠਾਣੇ ਲੁਟ ਕੇ

*Third Case, Evidence, p. 87.
†Isemonger and Slattery, p. 58.

*Mandlay Case, Evidence, p. 46.

ਹਥਿਆਰ ਪ੍ਰਾਪਤ ਕੀਤੇ ਜਾਣ; ਹਥਿਆਰ ਪ੍ਰਾਪਤ ਕਰਨ ਪਿਛੋਂ, ਡਾਕ ਖਾਨੇ ਅਤੇ ਤਸੀਲਾਂ ਦੇ ਖਜ਼ਾਨੇ ਲੁਟ ਕੇ, ਰੇਲ ਦੀਆਂ ਲਾਈਨਾਂ ਤੇ ਪੁਲ ਉਡਾ ਕੇ, ਜੇਹਲਾਂ ਤੋੜ ਕੇ, ਝੋਲੀ ਚੁਕਾਂ ਅਤੇ ਅਫਸਰਾਂ ਨੂੰ ਸੋਧ ਕੇ, ਅਰਥਾਤ ਜਿਸ ਤਰ੍ਹਾਂ ਵੀ ਸੰਭਵ ਹੁੰਦਾ ਦਿਸੇ, ਅੰਗਰੇਜ਼ੀ ਸਰਕਾਰ ਦੀ ਮਸ਼ੀਨਰੀ ਚਲਣੋਂ ਬੰਦ ਕਰਨ ਦੀ ਕੋਸ਼ਸ਼ ਕੀਤੀ ਜਾਏ। ਆਖਰੀ ਫੈਸਲਾ ਇਹ ਕੀਤਾ ਗਿਆ ਕਿ ਗਦਰ ਪਾਰਟੀ ਦਾ ਜੋ ਮੈਂਬਰ ਆਪਣੀ ਡੀਊਟੀ ਪੂਰੀ ਨਾ ਕਰੇ, ਉਸ ਨੂੰ ਮੌਤ ਦੀ ਸਜ਼ਾ ਦਿੱਤੀ ਜਾਏ। ਇਹ ਫੈਸਲਾ ਵੀ ਕੀਤਾ ਗਿਆ ਕਿ ਇਨਕਲਾਬੀ ਦੇਸ ਪੁਜ ਕੇ ਲੁਧਿਹਾਨੇ ਦੇ ਲਾਗੇ ਲਾਡੋਵਾਲ ਪਿੰਡ ਵਿਚ ੧੭ ਨਵੰਬਰ ਨੂੰ ਅਕੱਠੇ ਹੋਣ*।

ਆਖਰ ਹਾਂਗ ਕਾਂਗ ਦੇ ਪੋਲੀਸ ਅਫਸਰਾਂ ਨਾਲ ਗਲ ਬਾਤ ਸਿਰੇ ਚੜ੍ਹ ਗਈ। 'ਮਸ਼ੀਮਾ ਮਾਰੂ' ਸ਼ੰਘਾਈ ਤੋਂ ਸਿੱਧਾ ਕੋਲੰਬੂ ਜਾਣ ਵਾਸਤੇ ਪਹਿਲਾਂ ਹੀ ਬੁਕ ਹੋ ਚੁਕਾ ਸੀ। 'ਮਸ਼ੀਮਾ ਮਾਰੂ' ਦੇ ਮੁਸਾਫਰਾਂ ਤੋਂ ਇਲਾਵਾ ਹਾਂਗ ਕਾਂਗ ਅਕੱਠੇ ਹੋਏ ਬਾਕੀ ਦੇ ਇਨਕਲਾਬੀ, ਅਤੇ ਏਥੋਂ ਨਾਲ ਰਲੇ, ਜਾਪਾਨੀ ਜਹਾਜ਼ 'ਤੋਸ਼ਾ ਮਾਰੂ' ਵਿਚ ਸਵਾਰ ਹੋ ਗਏ। 'ਤੋਸ਼ਾ ਮਾਰੂ' ਅਤੇ 'ਮਸ਼ੀਮਾ ਮਾਰੂ' ਹਾਂਗ ਕਾਂਗ ਤੋਂ ਤਕਰੀਬਨ ਇਕੋ ਵਕਤ ਤੁਰੇ ਅਤੇ ਦੋਵੇਂ ਸਿੰਘਾ ਪੁਰ ਅਤੇ ਪੀਨਾਂਗ ਇਕੋ ਵੇਲੇ ਅਪੜੇ। ਪੀਨਾਂਗ ਤੋਂ 'ਮਸ਼ੀਮਾ ਮਾਰੂ' ਕੋਲੰਬੂ ਚਲਾ ਗਿਆ, ਜਿਥੇ ਉਹ ੨੫ ਅਕਤੂਬਰ ਨੂੰ ਪੁਜਾ; ਅਤੇ 'ਤੋਸ਼ਾ ਮਾਰੂ' ਰੰਗੂਨ ਹੁੰਦਾ ਹੋਇਆ ੨੯ ਅਕਤੂਬਰ ਨੂੰ ਕਲੱਕਤੇ ਪੁਜਾ†।

ਰਸਤੇ ਵਿਚ 'ਤੋਸ਼ਾ ਮਾਰੂ' ਅਤੇ 'ਮਸ਼ੀਮਾ ਮਾਰੂ' ਜਹਾਜ਼ਾਂ ਉਤੇ ਰੋਜ਼ਾਨਾ ਉਸੇ ਤਰ੍ਹਾਂ ਇਨਕਲਾਬੀ ਲੈਕਚਰ ਹੁੰਦੇ ਅਤੇ 'ਗਦਰ ਦੀ ਗੂੰਜ' ਵਿਚੋਂ ਕਵਿਤਾਵਾਂ ਪੜ੍ਹੀਆਂ ਜਾਂਦੀਆਂ, ਜਿਵੇਂ ਅਮਰੀਕਾ ਤੋਂ ਹਾਂਗਕਾਂਗ ਨੂੰ ਚਲੇ 'ਕੋਰੀਆ' ਜਹਾਜ਼ ਵਿਚ ਹੁੰਦਾ ਸੀ। ਸਿੰਘਾਪੁਰ ਦੋਵੇਂ ਜਹਾਜ਼ ਥੋੜਾ ਹੀ ਸਮਾਂ ਠਹਿਰੇ, ਪਰ ਇਸ ਥੋੜੇ ਸਮੇਂ ਵਿਚ ਵੀ ਓਥੇ ਠਹਿਰੀਆਂ ਦੇਸੀ ਪਲਟਣਾਂ ਦੇ ਸਿਪਾਹੀਆਂ ਨੂੰ ਸ੍ਰੀ ਪਰਮਾਨੰਦ (ਯੂ.ਪੀ.), ਸ੍ਰੀ ਜਵਾਲਾ ਸਿੰਘ 'ਠਟੀਆਂ', 'ਪੰਡਤ' ਜਗਤ ਰਾਮ, ਸ੍ਰੀ ਸ਼ੇਰ ਸਿੰਘ 'ਵੇਈ ਪੁਈਂ', ਸ੍ਰੀ ਰੂੜ ਸਿੰਘ 'ਚੂਹੜ ਚਕ' ਅਤੇ ਨਵਾਬ ਖਾਨ ਨੇ ਬਗਾਵਤ ਕਰਨ ਲਈ ਪ੍ਰੇਰਨਾ ਕਰਨ ਦੀ ਕੋਸ਼ਸ਼ ਕੀਤੀ। ਪਿਛੋਂ ਇਨ੍ਹਾਂ ਵਿਚੋਂ ਇਕ ਮੁਸਲਮਾਨਾਂ ਦੀ ਪਲਟਣ ਨੇ ਸਿੰਘਾਪੁਰ ਦਾ ਮਸ਼ਹੂਰ ਗਦਰ ਕੀਤਾ। ਸਿੰਘਾਪੁਰ ਤੋਂ ਵੀ ਚੰਦ ਇਕ ਆਦਮੀ ਇਨਕਲਾਬੀਆਂ ਦੇ ਨਾਲ ਰਲ ਗਏ, ਜਿਨ੍ਹਾਂ ਵਿਚੋਂ ਕੁਝ ਨੇ ਪਿਛੋਂ ਸਿਆਮ ਬਰਮਾ ਦੀ ਮਹਿਮ ਵਿਚ ਹਿੱਸਾ ਲਿਆ*।

ਪੀਨਾਂਗ ਬੰਦਰਗਾਹ ਵਿਚ ਵੀ ਦੋਵੇਂ ਜਹਾਜ਼ ਅਕੱਠੇ ਹੋ ਗਏ, ਅਤੇ ਇਨ੍ਹਾਂ ਨੂੰ ਕਈ ਦਿਨ ਇਸ ਵਾਸਤੇ ਏਥੇ ਠਹਿਰਨਾ ਪਿਆ ਕਿ ਜਰਮਨ ਗਸ਼ਤੀ ਜੰਗੀ ਜਹਾਜ਼ 'ਐਮਡਨ' ਓਨੀ ਦਿਨੀ ਬੰਗਾਲ ਖਾੜੀ ਵਿਚ ਜਹਾਜ਼ ਡੋਬ ਰਿਹਾ ਸੀ। ਹਾਂਗ ਕਾਂਗ ਦੀ ਤਰ੍ਹਾਂ ਪੀਨਾਂਗ ਗੁਰਦ੍ਵਾਰੇ ਵਿਚ ਵੀ ਖੁਲ੍ਹੇ ਇਨਕਲਾਬੀ ਲੈਕਚਰ ਹੁੰਦੇ ਰਹੇ, ਜਿਨ੍ਹਾਂ ਵਿਚ ਸ੍ਰੀ ਜੀਵਨ ਸਿੰਘ, ਜੋ ਮਨੀਲਾ ਤੋਂ ਨਾਲ ਰਲੇ ਸਨ, ਦੀ ਸੁਪੱਤਨੀ ਨੇ ਵੀ ਹਿੱਸਾ ਲਿਆ। ਪੀਨਾਂਗ ਪੁਜਕੇ ਹੀ 'ਤੋਸ਼ਾ ਮਾਰੂ' ਅਤੇ 'ਮਸ਼ੀਮਾ ਮਾਰੂ'

*First Case, The Return to India and The Objects of going to India; Isemonger and Slattery, pp. 58-59; Rowlatt Report, p. 149.
†First Case, The Return to India p. 4.

*First Case, The Return to India, p. 5.

ਦੇ ਇਨਕਲਾਬੀਆਂ ਨੂੰ 'ਕੋਮਾ ਗਾਟਾ ਮਾਰੂ' ਜਹਾਜ਼ ਦੇ ਮੁਸਾਫਰਾਂ ਨਾਲ ਬਜਬਜ (ਕਲਕੱਤਾ) ਘਾਟ ਉਤੇ ਹੋਈ ਘਟਨਾ* ਦਾ ਪਤਾ ਲਗਾ। ਗਦਰੀਆਂ ਨੇ ਸਮਝਿਆ ਕਿ ਇਸ ਘਟਨਾ ਦੇ ਕਾਰਨ ਹਿੰਦ ਵਿਚ ਗਦਰ ਸ਼ੁਰੂ ਹੋ ਚੁਕਾ ਹੈ, ਅਤੇ ਇਸ ਕਰਕੇ ਉਨ੍ਹਾਂ ਨੂੰ 'ਐਮਡਨ' ਦਾ ਕੇਵਲ ਬਹਾਨਾ ਬਣਾਕੇ ਅਟਕਾਇਆ ਜਾ ਰਿਹਾ ਹੈ। ਗਦਰੀਆਂ ਨੇ ਪੀਨਾਂਗ ਤੋਂ 'ਅੰਮ੍ਰਿਤ ਬਾਜ਼ਾਰ ਪਤ੍ਰਕਾ' ਅਖਬਾਰ (ਕਲਕੱਤਾ) ਤੋਂ ਤਾਰ ਰਾਹੀਂ ਪੁਛ ਕੀਤੀ ਕਿ ਕੀ ਗਦਰ ਸ਼ੁਰੂ ਹੋਇਆ ਹੈ ਜਾਂ ਨਹੀਂ ? ਪਰ ਇਸ ਤਾਰ ਦਾ ਜਵਾਬ ਕੀ ਆਉਣਾ ਸੀ। ਦੋਹਾਂ ਜਹਾਜ਼ਾਂ ਦੇ ਲੀਡਰਾਂ ਮਿਲ ਕੇ ਸਲਾਹ ਕੀਤੀ ਕਿ ਜੇ ਪੀਨਾਂਗ ਹੀ ਅਟਕਾਏ ਜਾਣਾ ਹੈ, ਅਤੇ ਉਨ੍ਹਾਂ ਦੇ ਕਿਆਸ ਮੁਤਾਬਕ ਹਿੰਦ ਵਿਚ ਹੋ ਰਹੇ ਗਦਰ ਵਿਚ ਹਿੱਸਾ ਲੈਣਾ ਨਹੀਂ ਮਿਲਣਾ, ਤਾਂ ਪੀਨਾਂਗ ਹੀ ਕਿਉਂ ਨਾ ਗਦਰ ਕਰ ਦਿੱਤਾ ਜਾਏ। ਇਹ ਸਲਾਹ ਬਣੀ ਕਿ ਪੀਨਾਂਗ ਵਿਚ ਤਈਨਾਤ 'ਮਲਾਯਾ ਸਟੇਟਸ ਗਾਈਡਜ਼' ਦੇ ਅਤੇ ਹੋਰ ਪਲਟਣਾਂ ਦੇ ਸਿਪਾਹੀਆਂ ਨੂੰ ਪ੍ਰੇਰ ਕੇ ਗਦਰ ਕਰਾਇਆ ਜਾਵੇ; ਪਰ ਜੇ ਫੌਜੀ ਸਿਪਾਹੀ ਗਦਰ ਨਾ ਕਰਨ ਤਾਂ ਆਪ ਹੀ ਕਰ ਦਿਤਾ ਜਾਏ। ਇਸ ਮਤਲਬ ਵਾਸਤੇ ਇਨਕਲਾਬੀਆਂ ਦੀਆਂ ਅਲੈਹਦਾ ਅਲੈਹਦਾ ਚਾਰ ਪਾਰਟੀਆਂ ਪੀਨਾਂਗ ਸ਼ਹਿਰ ਵਿਚ ਗਈਆਂ—ਫੌਜੀਆਂ ਨੂੰ ਪ੍ਰੇਰਨ ਵਾਸਤੇ, ਇਹ ਪਤਾ ਕਰਨ ਲਈ ਕਿ ਹਥਿਆਰ ਕਿਥੋਂ ਖਰੀਦੇ ਜਾ ਸਕਦੇ ਹਨ, ਅਤੇ ਠਾਣਿਆਂ ਵਿਚ ਕਿਤਨੇ ਹਥਿਆਰ ਹਨ। ਚੌਥੀ ਪਾਰਟੀ 'ਅੰਮ੍ਰਿਤ ਬਾਜ਼ਾਰ ਪਤ੍ਰਕਾ' ਨੂੰ ਉਹ ਤਾਰ ਦੇਣ ਗਈ ਜਿਸ ਦਾ ਜ਼ਿਕਰ ਪਹਿਲਾਂ ਕੀਤਾ ਗਿਆ ਹੈ। ਫੌਜੀਆਂ ਨੂੰ ਮਿਲਨ ਜੋ ਪਾਰਟੀ ਗਈ ਸੀ, ਉਸ ਦਾ ਦਾਅਵਾ ਸੀ ਕਿ ਉਨ੍ਹਾਂ (ਫੌਜੀਆਂ) ਵਿਚ ਬੜੀ ਬੇਚੈਨੀ ਸੀ ਅਤੇ ਉਹ ਗਦਰ ਵਿਚ ਸ਼ਾਮਲ ਹੋਣ ਵਾਸਤੇ ਤਿਆਰ ਸਨ*। ਦੂਸਰੀਆਂ ਦੋਹਾਂ ਪਾਰਟੀਆਂ ਦੀ ਰੀਪੋਟ ਵੀ ਮੁਆਫਕ ਸੀ, ਅਤੇ ਗਦਰੀਆਂ ਨੇ ਫੈਸਲਾ ਕੀਤਾ ਕਿ ਇਕ ਵਾਰ ਸਿੱਧਾ ਪੀਨਾਂਗ ਦੇ ਰੈਜ਼ੀਡੈਂਟ (ਜਿਸ ਨੂੰ ਓਹ ਗਲਤੀ ਨਾਲ ਗਵਰਨਰ ਕਹਿੰਦੇ ਰਹੇ) ਨੂੰ ਜਾ ਕੇ ਮਿਲਿਆ ਜਾਏ; ਅਤੇ ਜੇ ਫਿਰ ਵੀ ਜਹਾਜ਼ਾਂ ਨੂੰ ਤੁਰਨ ਨਾ ਦਿੱਤਾ ਜਾਏ ਤਾਂ ਅਗਲੇ ਦਿਨ ਪੀਨਾਂਗ ਵਿਚ ਗਦਰ ਕੀਤਾ ਜਾਏ। ਸ਼੍ਰੀ ਕੇਸਰ ਸਿੰਘ 'ਠਠਗੜ੍ਹ', ਸ਼੍ਰੀ ਜਵਾਲਾ ਸਿੰਘ 'ਠਟੀਆਂ' 'ਪੰਡਤ' ਜਗਤ ਰਾਮ, ਸ਼੍ਰੀ ਰੂੜ ਸਿੰਘ 'ਚੂਹੜ ਚਕ' ਸ਼੍ਰੀ ਸ਼ੇਰ ਸਿੰਘ 'ਵੇਈਂ ਪੁਈਂ', ਅਤੇ ਸ਼੍ਰੀ ਨਿਧਾਨ ਸਿੰਘ 'ਢੁਘਾ' ਨੇ ਰੈਜ਼ੀਡੈਂਟ ਨਾਲ ਮੁਲਾਕਾਤ ਕੀਤੀ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਦੋਹਾਂ ਜਹਾਜ਼ਾਂ ਨੂੰ ਆਪਣੇ ਆਪਣੇ ਟਿਕਾਣੇ ਵਲ ਜਾਣ ਦਾ ਪ੍ਰਬੰਧ ਹੋ ਗਿਆ—'ਮਸ਼ੀਮਾ ਮਾਰੂ' ਦਾ ਕੋਲੰਬੂ ਜਾਣ ਦਾ ਅਤੇ 'ਤੋਸ਼ਾ ਮਾਰੂ' ਦਾ ਰੰਗੂਨ ਰਸਤੇ ਕਲਕੱਤੇ ਜਾਣ ਦਾ। 'ਤੋਸ਼ਾ ਮਾਰੂ' ਜਹਾਜ਼ ਤਿੰਨ ਦਿਨ ਰੰਗੂਨ ਅਟਕਿਆ। "ਇਥੇ ਪਤਾ ਲਗਾ ਇਕ ਪਲਟਣ ਲੜਾਈ ਨੂੰ ਜਾ ਰਹੀ ਹੈ। ਅਸਾਂ ਸਾਰਿਆਂ ਬਾਜ਼ਾਰ ਵਿਚ ਉਨ੍ਹਾਂ ਨੂੰ ਪ੍ਰੇਰਨ ਦੀ ਕੋਸ਼ਸ਼ ਕੀਤੀ ਕਿ ਉਹ (ਫੌਜੀ) ਨਾ ਜਾਣ...........ਇਹ ਸਿਖ ਅਤੇ ਪੰਜਾਬੀ ਪਲਟਣ ਸੀ। ਕਈਆਂ (ਫੌਜੀਆਂ) ਨੇ ਆਖਿਆ ਕਿ ਓਹ ਨਹੀਂ ਜਾਣਗੇ, ਅਤੇ ਕਈਆਂ ਆਖਿਆ ਕਿ ਓਹ ਸਾਡਾ ਮਸ਼ਵਰਾ ਨਹੀਂ ਮਨ ਸਕਦੇ†"। ਰੰਗੂਨ ਤੋਂ 'ਤੋਸ਼ਾ ਮਾਰੂ' ਜਹਾਜ਼ ਆਖਰ ੨੯ ਅਕਤੂਬਰ ਨੂੰ ਕਲਕੱਤੇ ਪੁਜਾ*।

*'ਕੋਮਾ ਗਾਟਾ ਮਾਰੂ' ਜਹਾਜ਼ ਦੇ ਵਾਕਿਆਤ ਵਿਚੋਂ ਇਹ ਇਕ ਵਡਾ ਸਾਕਾ ਸੀ, ਜਿਸ ਵਿਚ ਉਸ ਦੇ ੧੮ ਮੁਸਾਫਰ ਬਜ ਬਜ ਘਾਟ ਕਲਕੱਤਾ ਪੁਜਣ ਉਤੇ ਫੌਜ ਅਤੇ ਪੁਲਸ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ।

*Isemonger and Slattery, p. 59.

†Mandlay Case, Evidence, p. 44.

## ਕਲਕੱਤੇ ਘਾਟ ਉਤੇ

ਵੀਹਵੀਂ ਸਦੀ ਦੀਆਂ ਸਰਕਾਰਾਂ ਦੇ ਦੂਰ ਦਰਾਜ਼ ਖਿਲਰੇ ਅਤੇ ਪੇਚੀਦਾ ਸੀ. ਆਈ. ਡੀ. ਦੇ ਜਾਲਾਂ ਨੂੰ ਮੁਖ ਕਰਕੇ ਇਹ ਮੁਮਕਨ ਨਹੀਂ ਸੀ ਕਿ ਅੰਗਰੇਜ਼ੀ ਹਕੂਮਤ ਕੈਨੇਡਾ ਅਤੇ ਅਮਰੀਕਾ ਵਿਚ ਗਦਰ ਪਾਰਟੀ ਦੀਆਂ ਕਾਰਰਵਾਈਆਂ ਤੋਂ ਬੇਖਬਰ ਹੋਵੇ। ਇਸ ਤੋਂ ਇਲਾਵਾ ਗਦਰ ਪਾਰਟੀ ਦੇ ਇਨਕਲਾਬੀ ਜੱਥੇ ਅਮਰੀਕਾ ਤੋਂ ਖੁਲਮ ਖੁਲਾ 'ਐਲਾਨੇ ਜੰਗ' ਕਰਕੇ ਹਿੰਦ ਨੂੰ ਤੁਰੇ, ਅਤੇ ਰਸਤੇ ਵਿਚ ਵੀ ਹਾਂਗ ਕਾਂਗ ਅਤੇ ਪੀਨਾਂਗ ਪਬਲਕ ਮੀਟਿੰਗਾਂ ਵਿਚ ਪਰਚਾਰ ਕਰਦੇ ਆਏ। ਹਿੰਦ ਸਰਕਾਰ ਨੂੰ "ਜਹਾਜ਼† ਪੁਜਣ ਤੋਂ ਪਹਿਲੋਂ ਹਾਂਗ ਕਾਂਗ ਅਤੇ ਰੰਗੂਨ ਤੋਂ ਭਰੋਸੇ ਯੋਗ ਅਗਾਊਂ ਖਬਰ ਮਿਲ ਚੁਕੀ ਸੀ ਕਿ ਉਸ ਦੇ ਮੁਸਾਫਰ ਖੁਲੀਆਂ ਗੱਲਾਂ ਕਰਦੇ ਸਨ ਕਿ ਉਹ ਹਿੰਦ ਪੁਜ ਕੇ ਗਦਰ ਸ਼ੁਰੂ ਕਰਨਗੇ‡" ਇਸ ਵਾਸਤੇ ਹਿੰਦ ਸਰਕਾਰ ਚੌਕਸ ਸੀ ਅਤੇ ਗਦਰੀ ਇਨਕਲਾਬੀਆਂ ਨਾਲ ਨਜਿਠਣ ਲਈ ਤਿਆਰ ਸੀ।

ਪੰਜ ਸਤੰਬਰ ੧੯੧੪ ਨੂੰ ਹਿੰਦ ਸਰਕਾਰ ਨੇ ਇਕ ਆਰਡੀਨੈਂਸ§ ਰਾਹੀਂ ਬਦੇਸ਼ਾਂ ਵਿਚੋਂ ਹਿੰਦ ਵਿਚ ਆਉਣ ਵਾਲਿਆਂ ਨਾਲ ਨਜਿਠਣ ਵਾਸਤੇ ਖਾਸ ਅਧਿਕਾਰ ਹੱਥ ਵਿਚ ਲੈ ਲਏ ਸਨ। ਘਾਟ ਉਤੇ ਪੁਲਸ ਦਾ ਪ੍ਰਬੰਧ ਕੀਤਾ ਗਿਆ, ਅਤੇ ਇਸਦੀ ਮਦਦ ਨਾਲ 'ਤੋਸ਼ਾ ਮਾਰੂ' ਦੇ ਮੁਸਾਫਰਾਂ ਨੂੰ ਸਪੈਸ਼ਲ ਗਡੀਆਂ ਵਿਚ ਪੰਜਾਬ ਪੁਚਾਣ ਦਾ ਪ੍ਰਬੰਧ ਕੀਤਾ ਗਿਆ। ਘਾਟ ਤੋਂ ਕੋਈ ਛੇ ਮੀਲ ਹੇਠਾਂ ਸਮੁੰਦਰ ਵਲ, ਇਕ ਕਸਟਮ ਮਹਿਕਮੇਂ ਦਾ ਅਫਸਰ ਅਤੇ ਡਾਕਟਰ ਦੇ ਭੇਸ ਵਿਚ ਪੰਜਾਬ ਪੁਲਸ ਦਾ ਇਕ ਸਬ ਇੰਸਪੈਕਟਰ ਜਹਾਜ਼ ਵਿਚ ਚਲੇ ਗਏ ਸਨ। ਜਹਾਜ਼ ਉਤੇ ਮੁਸਾਫਰਾਂ ਦੀ ਤਲਾਸ਼ੀ ਲਈ ਗਈ। ਫਿਰ ਵੀਹ ਵੀਹ ਜਾਂ ਪੰਝੀ ਪੰਝੀ ਮੁਸਾਫਰਾਂ ਦੀਆਂ ਟੋਲੀਆਂ ਵਿਚ ਮੁਸਾਫਰਾਂ ਨੂੰ ਜਹਾਜ਼ ਉਤੋਂ ਉਤਾਰਿਆ ਜਾਂਦਾ, ਅਤੇ ਉਨ੍ਹਾਂ ਤੋਂ ਉਨ੍ਹਾਂ ਬਾਰੇ ਪੁਛ ਗਿੱਛ ਕੀਤੀ ਜਾਂਦੀ। ਪੁਛ ਗਿਛ ਕਰਕੇ ਮੁਸਾਫਰਾਂ ਨੂੰ ਤਿੰਨਾਂ ਸ਼੍ਰੇਣੀਆਂ ਵਿਚ ਵੰਡਿਆ ਗਿਆ। ਇਕ ਜਿਨ੍ਹਾਂ ਨਾਲ ਆਰਡੀਨੈਂਸ ਅਨੁਸਾਰ ਨਜਿੱਠਣਾ ਸੀ; ਦੂਸਰੇ ਜਿਨ੍ਹਾਂ ਬਾਰੇ ਸ਼ੱਕ ਅਧੂਰਾ ਸੀ, ਪਰ ਜਿਨ੍ਹਾਂ ਨੂੰ ਕਲਕਤੇ ਰਹਿਣ ਦੇਣਾ ਮੁਨਾਸਬ ਨਹੀਂ ਸੀ; ਅਤੇ ਤੀਸਰੇ ਉਹ ਜੋ ਖਤਰਨਾਕ ਨਹੀਂ ਸਨ। ਦੋ ਆਦਮੀਆਂ ਨੂੰ ਇਨਕਲਾਬੀ ਸਾਹਿਤ ਰੱਖਣ ਕਰਕੇ ਗ੍ਰਿਫਤਾਰ ਕੀਤਾ ਗਿਆ, ਅਤੇ ਦੋ ਨੂੰ ਕੈਨੇਡਾ ਤੋਂ ਮਿਲੀ ਰੀਪੋਟ ਦੇ ਅਧਾਰ ਉਤੇ। ੭੯ ਨੂੰ ਖਤਰਨਾਕ ਸਮਝ ਕੇ ਪਹਿਲੀ ਸ਼੍ਰੇਣੀ ਵਿਚ ਗਾਰਦ ਦੀ ਨਿਗਰਾਨੀ ਹੇਠ ਪੰਜਾਬ ਭੇਜਿਆ ਗਿਆ, ਅਤੇ ੧੦੦ ਆਦਮੀਆਂ ਨੂੰ ਦੂਸਰੀ ਸ਼੍ਰੇਣੀ ਵਿਚ ਸਪੈਸ਼ਲ ਗਡੀਆਂ ਵਿਚ*।

ਗੱਡੀ ਵਿਚ ਗਦਰੀ ਇਨਕਲਾਬੀ ਅੰਗਰੇਜ਼ ਅਫਸਰਾਂ ਨੂੰ ਵੱਧ ਘੱਟ ਕਹਿੰਦੇ ਰਹੇ ਅਤੇ ਖੁਲਮ ਖੁਲ੍ਹਾ ਆਖਦੇ ਕਿ ਅੰਗਰੇਜ਼ੀ ਰਾਜ ਖਤਮ ਹੋਣ ਵਾਲਾ ਹੈ। ਰਾਏਵਿੰਡ ਜੰਕਸ਼ਨ ਉਤੇ ਇਕ ਪੰਜਾਬ ਸੀ. ਆਈ. ਡੀ. ਦਾ ਅਫਸਰ ਨਜ਼ਰਬੰਦੀ ਦੇ ਵਾਰੰਟਾਂ ਦੇ ਫਾਰਮ ਲੈ ਕੇ ਆ ਮਿਲਿਆ। ੧੦੦ ਮੁਸਾਫਰਾਂ, ਜਿਨ੍ਹਾਂ ਦਾ ਵਤੀਰਾ ਬਹੁਤ ਜੋਸ਼ੀਲਾ ਸੀ, ਦੇ ਇਨ੍ਹਾਂ ਵਾਰੰਟਾਂ ਉਤੇ ਨਾਮ ਦਰਜ ਕਰਕੇ

'First Case, The Return to India.
†'ਤੋਸ਼ਾਮਾਰੂ'।
‡Rowlatt Report, p. 149.
§Ingress into India Ordinance.

*Isemonger and Slattery, pp. 61-62.

ਮਿੰਟਗੁਮਰੀ ਅਤੇ ਮੁਲਤਾਨ ਜੇਹਲਾਂ ਵਿਚ ਨਜ਼ਰਬੰਦ ਕਰਨ ਖਾਤਰ ਗਾਰਦ ਦੀ ਨਿਗਰਾਨੀ ਹੇਠ ਭੇਜ ਦਿਤਾ ਗਿਆ, ਅਤੇ ਬਾਕੀ ਦਿਆਂ ਨੂੰ ਘਰ ਜਾਣ ਦਿੱਤਾ ਗਿਆ* ।

'ਤੋਸ਼ਾ ਮਾਰੂ' ਅਤੇ 'ਮਸ਼ੀਮਾ ਮਾਰੂ' ਜਹਾਜ਼ਾਂ ਦਾ ਵਿਸ਼ੇਸ਼ ਤੌਰ ਉਤੇ ਜ਼ਿਕਰ ਇਸ ਵਾਸਤੇ ਕੀਤਾ ਗਿਆ ਹੈ ਕਿ ਗਦਰੀ ਇਨਕਲਾਬੀਆਂ ਦੀ ਹਿੰਦ ਵਲ ਆਉਣ ਵਾਲੀ ਮੁਹਿੰਮ ਦਾ ਇਹ ਸਭ ਤੋਂ ਵਡਾ ਮੂਹਰਲਾ ਜੱਥਾ ਸੀ, ਅਤੇ ਗਦਰ ਪਾਰਟੀ ਲਹਿਰ ਸੰਬੰਧੀ ਚੱਲੇ ਹਿੰਦ ਵਿਚ ਮੁਕੱਦਮਿਆਂ ਵਿਚ ਇਨ੍ਹਾਂ ਦਾ ਖਾਸ ਜ਼ਿਕਰ ਆਉਂਦਾ ਹੈ । ਪਹਿਲੇ ਅਤੇ ਦੂਸਰੇ ਮੁਕੱਦਮਿਆਂ ਵਿਚ ਹੀ ਲਿਖਿਆ ਹੈ ਕਿ ਉਨ੍ਹਾਂ ਨਾਲ ਸੰਬੰਧਤ ਕਈ ਦੋਸ਼ੀ, 'ਫੂ ਸੰਗ', 'ਨਾਮ ਸੰਗ' 'ਸਲਾਮਸ', 'ਲੇ ਸੰਗ' 'ਲਾਮਾ', 'ਫਾਨ ਸੰਗ', 'ਕਟਨਾ ਮਾਰੂ', 'ਕੂਨਾ ਸੰਗ', 'ਯੇਟ ਸੰਗ', 'ਓਨ ਸੰਗ', 'ਗੋਲਕੰਡਾ', 'ਕਵਾਂਗ ਸੰਗ', ਅਤੇ 'ਆਸਟਰੇਲੀਆ' ਅਤੇ ਕਈ ਹੋਰ ਜਹਾਜ਼ਾਂ, 'ਜਿਨ੍ਹਾਂ ਦੇ ਨਾਵਾਂ ਦਾ ਸਾਨੂੰ ਪਤਾ ਨਹੀਂ ਲਗਾ', ਰਾਹੀਂ ਆਏ† । ਬਲਕਿ, "ਮਹਾਂ ਯੁਧ ਛਿੜਨ ਪਿਛੋਂ ਪਛਮੀ ਕੰਢੇ (ਅਮਰੀਕਾ ਦੇ) ਤੋਂ ਹਿੰਦੀਆਂ ਦੇ ਜਹਾਜ਼ਾਂ ਦੇ ਜਹਾਜ਼ ਭਰ ਕੇ ਹਿੰਦ ਨੂੰ ਆਏ"‡; ਅਤੇ, "ਇਹ ਗਲ ਹੁਣ ਜ਼ਾਹਰ ਹੈ ਕਿ 'ਕੌਮਾ ਗਾਟਾ ਮਾਰੂ' ਦੇ ਮੁਆਮਲੇ ਤੋਂ ਲੈਕੇ ਜੋ ਹੁਣ ਤਕ ਥੋੜਾ ਸਮਾ ਬੀਤਿਆ ਹੈ, ਉਸ ਵਿਚ ਘਟੋ ਘਟ ੬੦੦੦ ਹਿੰਦੀ ਹਿੰਦ ਨੂੰ ਵਾਪਸ ਆਏ । ਇਸ ਵਿਚ ਸ਼ੱਕ ਨਹੀਂ ਕਿ ਇਨ੍ਹਾਂ ਵਿਚੋਂ ਕਈ ਆਪਣੇ ਕਾਰਾਂ ਵਿਹਾਰਾਂ ਦੇ ਸਿਲਸਲੇ ਵਿਚ ਮੁੜੇ.........ਪਰ ਇਹ ਅਸਲੀਅਤ ਸਾਫ ਹੈ ਕਿ ਹਥਿਆਰ ਬੰਦ ਹੋਕੇ ਹਿੰਦ ਨੂੰ ਆਉਣ ਦੀ ਜਥੇਬੰਦ ਲਹਿਰ ਮੌਜੂਦ ਸੀ*" । ਸਰ ਮਾਈਕਲ ਓਡਵਾਇਰ ਲੜਾਈ ਦੇ ਪਹਿਲੇ ਦੋ ਸਾਲਾਂ ਵਿਚ ਹਿੰਦ ਨੂੰ ਪਰਤਣ ਵਾਲੇ ਉਪ੍ਰੋਕਤ ਹਿੰਦੀਆਂ ਦੀ ਗਿਣਤੀ ੮੦੦੦ ਦਸਦੇ ਹਨ†, ਅਤੇ ਲਾਰਡ ਹਾਰਡਿੰਗ ਮੁਤਾਬਕ ਕੈਨੇਡਾ ਅਤੇ ਅਮਰੀਕਾ ਵਿਚੋਂ ੭੦੦੦ ਇਨਕਲਾਬੀ ਦੇਸ ਆਏ‡ ।

ਕੈਨੇਡਾ, ਅਮਰੀਕਾ ਅਤੇ ਧੁਰ ਪੂਰਬ ਤੋਂ ਕਿਤਨੇ ਇਨਕਲਾਬੀ ਹਿੰਦ ਨੂੰ ਆਏ, ਇਸ ਬਾਰੇ ਅੰਦਾਜ਼ਿਆਂ ਵਿਚ ਕਾਫੀ ਵਖੇਵਾਂ ਹੈ§ । ਪਰ ਉਨ੍ਹਾਂ ਵਿਚ ਜੋ ਜੋਸ਼ ਅਤੇ ਉਤਸ਼ਾਹ ਸੀ, ਉਸ ਬਾਰੇ ਦੋ ਰਾਵਾਂ ਨਹੀਂ । ਇਸ ਕਾਂਡ ਦੇ ਸ਼ੁਰੂ ਵਿਚ ਅਮਰੀਕਾ ਅਤੇ ਕੈਨੇਡਾ ਵਾਸੀਆਂ ਦੀਆਂ ਚੰਦ ਇਕ ਚਿੱਠੀਆਂ, ਅਤੇ ਓਥੋਂ ਦੇ ਅਖਬਾਰਾਂ ਦੀਆਂ ਖਬਰਾਂ ਦੇ ਦਿਤੇ ਹਵਾਲੇ, ਇਸ ਦੇ ਹੱਕ ਵਿਚ ਕਾਫੀ ਨਿਰਪੱਖ ਗਵਾਹੀ ਹੈ । ਭਾਈ ਪਰਮਾਨੰਦ ਲਿਖਦੇ ਹਨ ਕਿ, "ਸੈਂਕੜੇ ਅਜੇਹੇ ਆਦਮੀ ਦੇਸ ਨੂੰ ਆਉਂਦੇ ਹਰ ਜਹਾਜ਼ ਵਿਚ ਹਿੰਦ ਆਏ । ਉਨ੍ਹਾਂ ਦੀ ਸਫ ਵਿਚ ਓਹ ਬਿਰਧ ਸਨ, ਜਿਨ੍ਹਾਂ ਨੇ ਅਮਰੀਕਾ ਵਿਚ ਬਹੁਤ ਪੈਸਾ ਕਮਾਇਆ ਸੀ, ਜਿਸ ਨੂੰ ਓਹ ਹੋਰਨਾਂ ਦੇ ਹਵਾਲੇ ਕਰਕੇ ਹੁਣ ਵਾਪਸ ਆ ਗਏ ਸਨ । ਉਨ੍ਹਾਂ ਵਿਚ ਓਹ 'ਜੈਕ' ਵੀ ਸਨ, ਜਿਨ੍ਹਾਂ ਦਾ ਵਿਹਾਰ ਕੇਵਲ ਕਮਾਉਣਾ ਅਤੇ ਸ਼ਰਾਬ ਪੀਣੀ ਸੀ, ਅਤੇ ਜਿਨ੍ਹਾਂ ਨੇ ਇਕ ਧੇਲਾ ਵੀ ਨਹੀਂ ਸੀ ਬਚਾਇਆ । ਉਨ੍ਹਾਂ ਨੇ ਹੁਣ ਮੌਜ ਦੀ ਜ਼ਿੰਦਗੀ ਦਾ ਤਿਆਗ ਕਰ ਦਿੱਤਾ, ਅਤੇ ਦੇਸ਼ ਭਗਤੀ ਦੇ ਉਛਾਲ ਵਿਚ ਜਹਾਜ਼ ਉਤੇ ਸਵਾਰ ਹੋ ਗਏ*" ।

ਪਰ ਜਿਥੇ ਗਦਰੀ ਮੁਹਿਮ ਦੀ ਇਨਕਲਾਬੀ ਸਪਿਰਟ ਅਤੇ ਉਤਸ਼ਾਹ ਦਾ ਉਪ੍ਰੋਕਤ ਪਹਿਲੂ ਅਤਿ ਸੁਹਾਵਨਾ ਹੈ, ਓਥੇ ਇਸ ਹਕੀਕਤ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਇਸ ਦੇਸ਼ ਭਗਤੀ ਦੇ 'ਉਛਾਲ' ਦੀ, ਗਦਰ ਪਾਰਟੀ ਲਹਿਰ ਦੇ ਆਪਣੇ ਮਕਸਦ ਦੇ ਨਜ਼ਰੀਏ ਤੋਂ ਹੀ, ਯੋਗ ਵਰਤੋਂ ਨਾ ਕੀਤੀ ਜਾ ਸਕੀ । ਅਮਰੀਕਾ ਵਿਚੋਂ ਢੋਲ ਵਜਾਕੇ ਹਿੰਦ ਵਿਚ ਗਦਰ ਕਰਨ ਹਿਤ ਐਲਾਨੀਆ ਤੁਰਨ, ਅਤੇ ਰਸਤੇ ਵਿਚ ਜਹਾਜ਼ਾਂ ਅਤੇ ਬੰਦਰਗਾਹਾਂ ਉਤੇ ਆਪਣੇ ਮਕਸਦ ਨੂੰ ਜ਼ਾਹਰ ਕਰਨ ਵਾਲੀਆਂ ਖੁਲ੍ਹੀਆਂ ਪਬਲਕ ਤਕਰੀਰਾਂ ਕਰਨ, ਦਾ ਨਤੀਜਾ ਇਹ ਹੋਇਆ ਕਿ ਬਹੁਤੇ ਗਦਰੀਏ ਹਿੰਦ ਦੀਆਂ ਬੰਦਰਗਾਹਾਂ ਉਤੇ ਪੁਜਣ ਉਤੇ ਜਹਾਜ਼ਾਂ ਉਤੋਂ ਹੀ ਫੜਕੇ ਜੇਹਲਾਂ ਵਿਚ ਡੱਕ ਦਿਤੇ ਗਏ, ਜਾਂ ਨਜ਼ਰਬੰਦ ਕਰ ਦਿਤੇ ਗਏ । ਇਹ ਠੀਕ ਹੈ ਕਿ ਅੰਗਰੇਜ਼ੀ ਸਰਕਾਰ ਦੀ ਸੀ. ਆਈ. ਡੀ. ਬਿਲਕੁਲ ਅਵੇਸਲੀ ਨਹੀਂ ਸੀ; ਅਤੇ ਸ਼੍ਰੀ ਸੋਹਨ ਸਿੰਘ 'ਭਕਨਾ', ਸੀ. ਆਈ. ਡੀ. ਦੀ ਇਤਲਾਹ ਦੇ ਆਧਾਰ ਉਤੇ, 'ਤੋਸ਼ਾ ਮਾਰੂ' ਜਹਾਜ਼ ਦੇ ਪੁਜਣ ਤੋਂ ਵੀ ਪਹਿਲੋਂ ੧੩ ਅਕਤੂਬਰ ਨੂੰ 'ਨਾਮ ਸਾਂਗ' ਜਹਾਜ਼ ਤੋਂ ਫੜਕੇ ਨਜ਼ਰਬੰਦ ਕੀਤੇ ਜਾ ਚੁਕੇ ਸਨ । ਪਰ ਫਿਰ ਵੀ 'ਤੋਸ਼ਾ ਮਾਰੂ' ਜਹਾਜ਼ ਦੇ ਗਦਰੀਆਂ ਦਾ ਐਲਾਨੀਆ ਤੁਰਨਾ, ਅਤੇ ਰਸਤੇ ਵਿਚ ਆਪਣੇ ਮਕਸਦ ਦਾ ਮੁਜ਼ਾਹਰਾ ਕਰਨਾ, ਨਿਰਸੰਦੇਹ ਇਨਕਲਾਬੀ ਨਜ਼ਰੀਏ ਤੋਂ ਵੀ ਵਡੀ ਭੁਲ ਸੀ, ਜੋ ਹਿੰਦ ਵਿਚ ਗਦਰ ਪਾਰਟੀ ਲਹਿਰ ਫੇਲ ਹੋਣ ਦਾ ਇਕ ਕਾਰਨ ਬਣੀ । ਕਿਉਂਕਿ ਜਿਹੜੇ ਇਨਕਲਾਬੀ 'ਤੋਸ਼ਾ ਮਾਰੂ' ਜਹਾਜ਼ ਤੋਂ ਫੜਕੇ ਨਜ਼ਰਬੰਦ ਕੀਤੇ ਗਏ, ਉਨ੍ਹਾਂ ਵਿਚ ਹਿੰਦ ਨੂੰ ਆਉਣ ਵਾਲੀ ਗਦਰੀ ਮੁਹਿੰਮ ਦੇ ਸਭ ਤੋਂ ਬਹੁਤੇ ਜ਼ਿਮੇਵਾਰ ਲੀਡਰ ਅਤੇ ਮੁਖੀ ਸਨ, ਜਿਨ੍ਹਾਂ ਨੇ ਹਿੰਦ ਵਿਚ ਗਦਰ ਕਰਾਉਣ ਵਿਚ ਨੁਮਾਇਆਂ ਹਿੱਸਾ ਲੈਣਾ ਸੀ* । ਇਨ੍ਹਾਂ ਦੇ ਅਤੇ ਸ਼੍ਰੀ ਸੋਹਨ ਸਿੰਘ 'ਭਕਨਾ' ਦੇ ਫੜੇ ਜਾਣ ਨਾਲ ਹਿੰਦ ਵਿਚ ਗਦਰ ਪਾਰਟੀ ਮੁਹਿੰਮ ਦਾ ਸ਼ੁਰੂ ਵਿਚ ਹੀ ਸਿਰ ਧੜ ਨਾਲੋਂ ਅੱਡ ਹੋ ਗਿਆ । ਸਰ ਮਾਈਕਲ ਓਡਵਾਇਰ ਦੇ ਲਫਜ਼ਾਂ ਵਿਚ, "ਜ਼ਿਮੇਵਾਰ ਲੀਡਰਾਂ ਦੀ ਨਜ਼ਰਬੰਦੀ ਦੇ ਕਾਰਨ ਮੁਹਿੰਮ ਦੀ ਮੁਢਲੀ ਪਲੈਨ, ਜਿਸ ਦੀ ਕਾਮਯਾਬੀ ਜ਼ਿਆਦਾ ਤਰ ਦਰ ਪਰਦਾ ਰਹਿਣ ਅਤੇ ਅਚਾਨਕ ਹਮਲੇ ਉਤੇ ਨਿਰਭਰ ਸੀ, ਬੁਰੀ ਤਰ੍ਹਾਂ ਬਿਖਰ ਗਈ । ਇਸ ਤੋਂ ਪਹਿਲੋਂ ਕਿ ਓਹ ਹੋਰ ਪਲੈਨ ਬਣਾ ਸਕੇ ਅਤੇ ਨਜ਼ਰਬੰਦ ਹੋਏ ਲੀਡਰਾਂ ਦੀ ਥਾਂ ਨਵਿਆਂ ਨਾਲ ਪੂਰੀ ਕਰ ਸਕੇ, ਸਾਨੂੰ ਉਨ੍ਹਾਂ ਦੇ ਭੈੜੇ ਇਰਾਦਿਆਂ ਦਾ ਪਤਾ ਲਗ ਗਿਆ, ਅਤੇ ਅਸੀਂ ਉਨ੍ਹਾਂ ਦਾ ਮੁਕਾਬਲਾ ਕਰਨ ਦੇ ਵਧੇਰੇ ਯੋਗ ਹੋ ਗਏ†" ।

ਗਦਰ ਪਾਰਟੀ ਦੇ ਲੀਡਰਾਂ, ਖਾਸ ਕਰ 'ਤੋਸ਼ਾ ਮਾਰੂ' ਦੇ ਇਨਕਲਾਬੀਆਂ, ਨੇ ਇਤਨੀ ਵਡੀ ਗਲਤੀ ਕਿਉਂ ਕੀਤੀ ?

ਇਸ ਦਾ ਇਕ ਕਾਰਨ ਤਾਂ ਇਹ ਜਾਪਦਾ ਹੈ ਕੈਨੇਡਾ ਅਮਰੀਕਾ ਵਿਚ ਗਏ ਹਿੰਦੀਆਂ ਵਿਚ ਓਥੋਂ ਦੇ ਹਾਲਾਤ ਦੇ ਕਾਰਨ ਅੰਗਰੇਜ਼ੀ ਸਾਮਰਾਜ ਵਿਰੁਧ ਪੈਦਾ ਹੋਏ ਇੰਤਹਾਈ ਜੋਸ਼, ਜੋ 'ਕੌਮਾ ਗਾਟਾ ਮਾਰੂ' ਘਟਨਾ ਦੇ ਕਾਰਨ ਹੋਰ ਵੀ ਠਾਠਾਂ ਮਾਰਨ ਲਗ ਪਿਆ ਸੀ, ਨੂੰ ਪਜਿਲੀ ਵੇਰ ਨਿਕਾਸ ਦਾ ਮੌਕਿਆ

*Isemonger and Slattery, p. 62; O'Dwyer, p. 195.

†First, The Return to India; Second Case, Judgement, p. 27.

‡Opening address of the Govt. Advocate in the Mandlay Case.

*Second Case, Judgement, p. 27.

†O'Dwyer, p. 196.

‡Official Reports, Parliamentary Debates (Lords), 1917, Vol. XXV, p. 733.

§Isemonger and Slattery, p. 52.

*Bh. Parmanand, p. 69.

*O' Dwyer, p. 194.

†O'Dwyer, p. 196.

ਮਿਲਿਆ, ਅਤੇ ਇਸ ਬੇਕਾਬੂ ਨਿਕਾਸ ਨੇ ਵੱਟਾਂ ਬੰਨੇ ਤੋੜ ਕੇ ਇਕਦੱਮ 'ਦੇਸ਼ ਭਗਤੀ ਦੇ ਉਛਾਲ' ਦੀ ਸ਼ਕਲ ਧਾਰਨ ਕਰ ਲਈ; ਕਿਉਂਕਿ ਜਿਸ ਪੰਜਾਬੀ ਕਿਸਾਨ ਨੇ ਇਸ ਵਿਚ ਬਹੁਤਾ ਹਿੱਸਾ ਲਿਆ, ਉਸ ਦੇ ਅਣਸਾਧੇ ਸੁਭਾਉ ਦਾ ਇਹ ਖਾਸਾ ਸੀ। ਅਰਥਾਤ ਗਿਣਤੀਆਂ ਮਿਣਤੀਆਂ ਕਰਨ ਨਾਲੋਂ ਕੁਝ ਤੱਟ ਫੱਟ ਕਰ ਗੁਜ਼ਰਨ ਦੀ ਰੁਚੀ ਉਸ ਵਿਚ ਪ੍ਰਧਾਨ ਸੀ । ਗਦਰ ਪਾਰਟੀ ਦੇ ਲੀਡਰ ਜਾਂ ਤਾਂ ਇਸ ਜੋਸ਼ ਉਤੇ ਕਾਬੂ ਨਾ ਪਾ ਸਕੇ, ਜਾਂ ਆਪ ਵੀ ਇਸੇ ਸੁਭਾਉ ਦੇ ਅਧੀਨ ਰੋ ਦੇ ਨਾਲ ਰੁੜ੍ਹ ਗਏ।

ਦੂਸਰਾ ਵਡਾ ਕਾਰਨ ਇਹ ਜਾਪਦਾ ਹੈ ਕਿ ਗਦਰ ਪਾਰਟੀ ਦੇ ਲੀਡਰਾਂ ਅਤੇ ਇਨਕਲਾਬੀਆਂ ਨੂੰ ਉਨ੍ਹਾਂ ਦਰਪਰਦਾ ਰਹਿਕੇ ਕੰਮ ਕਰਨ ਵਾਲੇ ਇਨਕਲਾਬੀ ਢੰਗਾਂ ਅਤੇ ਤਰੀਕਾਕਾਰਾਂ ਦਾ ਉੱਕਾ ਅਮਲੀ ਤਜਰੱਬਾ ਨਹੀਂ ਸੀ, ਜਿਨ੍ਹਾਂ ਦੀ ਹਿੰਦ ਦੇ ਹਾਲਾਤ ਵਿਚ ਕਾਮਯਾਬੀ ਲਈ ਵਰਤੋਂ ਲਾਜ਼ਮੀ ਸੀ। ਜਿਸ ਸਮੇਂ ਪੰਜਾਬੀ ਕਿਸਾਨ ਕੈਨੇਡਾ ਅਮਰੀਕਾ ਆਦਿ ਬਦੇਸ਼ਾਂ ਨੂੰ ਗਿਆ ਸੀ, ਉਸ ਸਮੇਂ ਪੰਜਾਬ ਵਿਚ ਅੰਗਰੇਜ਼ੀ ਰਾਜ ਵਿਰੁਧ ਇਨਕਲਾਬੀ ਜਦੋਜਹਿਦ ਦੀ ਅਜੇ ਜਾਗ ਵੀ ਨਹੀਂ ਸੀ ਲਗੀ, ਅਤੇ ਪੰਜਾਬੀ ਕਿਸਾਨ ਵਿਚ ਤਾਂ ਰਾਜਸੀ ਜਾਗਰਤੀ ਵੀ ਜੇ ਸੀ ਤਾਂ ਬਹੁਤ ਘੱਟ । ਅਮਰੀਕਾ ਜਾਕੇ ਓਥੋਂ ਦੇ ਆਜ਼ਾਦ ਵਾਯੂਮੰਡਲ ਨੇ ਪੰਜਾਬੀ ਕਿਸਾਨ ਦੇ ਖੁਲ੍ਹੇ ਸੁਭਾਉ ਨੂੰ ਸਗੋਂ ਹੋਰ ਖੁਲ੍ਹਿਆ ਕਰਨ ਵਿਚ ਮਦਦ ਦਿਤੀ, ਜਿਸ ਨੂੰ ਇਨਕਲਾਬੀ ਢੰਗਾਂ ਅਤੇ ਤਰੀਕਾਕਾਰਾਂ ਦੀ ਕਰੜੀ ਟਰੇਨਿੰਗ ਵਿਚੋਂ ਦੀ ਲੰਘਾਕੇ ਆਪਣੇ ਮਕਸਦ ਲਈ ਤਿਆਰ ਕਰਨ ਦਾ, ਸੰਸਾਰ ਯੁਧ ਆਸ ਤੋਂ ਪਹਿਲੋਂ ਛਿੜ ਜਾਣ ਕਰਕੇ, ਗਦਰ ਪਾਰਟੀ ਨੂੰ ਲੋੜੀਂਦਾ ਵਕਤ ਨਾ ਮਿਲਿਆ। ਇਹ ਠੀਕ ਹੈ ਕਿ ਲਾ: ਹਰਦਿਆਲ ਗਦਰੀ ਮੁਹਿੰਮ ਦੇ ਹਿੰਦ ਨੂੰ ਆਉਣ ਸਮੇਂ ਅਮਰੀਕਾ ਨਹੀਂ ਸਨ । ਪਰ ਜੇ ਉਹ ਉਥੇ ਹੁੰਦੇ, ਤਾਂ ਵੀ ਇਹ ਸ਼ੱਕੀ ਗੱਲ ਹੈ ਕਿ ਉਹ ਹਿੰਦ ਨੂੰ ਆਉਣ ਵਾਲੀ ਗਦਰੀ ਮੁਹਿੰਮ ਨੂੰ ਬੁਨਿਆਦੀ ਤੌਰ ਉਤੇ ਕੋਈ ਹੋਰ ਸ਼ਕਲ ਦੇਣ ਵਿਚ ਸਫਲ ਹੁੰਦੇ। ਕਿਉਂਕਿ ਉਹ ਫਿਲਾਸਫਰ ਅਤੇ ਵਿਦਵਾਨ ਜ਼ਰੂਰ ਸਨ, ਅਤੇ ਉਸ ਸਮੇਂ ਉਨ੍ਹਾਂ ਵਿਚ ਇਨਕਲਾਬੀ ਲਗਨ ਵੀ ਸੀ; ਪਰ ਉਨ੍ਹਾਂ ਨੂੰ ਵੀ ਹਿੰਦ ਵਿਚ ਵਰਤੋਂ ਵਿਚ ਆ ਸਕਣ ਵਾਲੇ ਇਨਕਲਾਬੀ ਢੰਗਾਂ ਅਤੇ ਤਰੀਕਾਕਾਰਾਂ ਦਾ ਬਿਲਕੁਲ ਤਜਰੱਬਾ ਨਹੀਂ ਸੀ। ਗਦਰ ਪਾਰਟੀ ਦੀ ਇਸ ਤਰੁਟੀ ਨੂੰ ਪੂਰਾ ਕਰਨ ਜਾਂ ਘਟਾਉਣ ਵਿਚ ਉਸ ਸਮੇਂ ਜੇ ਕੋਈ ਸਹਾਇਕ ਹੋ ਸਕਦਾ ਸੀ ਤਾਂ ਬੰਗਾਲੀ ਦੇਸ਼ ਭਗਤਾਂ ਵਿਚੋਂ ਕੋਈ ਚੋਟੀ ਦਾ ਸਿਆਣਾ ਅਤੇ ਤਜੱਰਬੇਕਾਰ ਇਨਕਲਾਬੀ।

ਭਾਈ ਪਰਮਾਨੰਦ ਨੇ ਲਿਖਿਆ ਹੈ ਕਿ ਗਦਰੀ ਇਨਕਲਾਬੀ ਦਰ ਅਸਲ ਅੰਨ੍ਹੇ ਜਜ਼ਬੇ ਦੇ ਅਸਰ ਹੇਠ ਕੰਮ ਕਰ ਰਹੇ ਸਨ। ਹਿੰਦ ਨੂੰ ਆਉਣ ਵਾਲੀ ਗਦਰੀ ਮੁਹਿੰਮ ਵਿਚ ਹਿੱਸਾ ਲੈਣ ਵਾਲੇ ਜਿਸ ਤਰ੍ਹਾਂ ਮੁਜ਼ਾਹਰਾ ਕਰਦੇ ਹੋਏ ਦੇਸ ਨੂੰ ਆਏ, ਅਤੇ ਹਿੰਦ ਵਿਚ ਵੀ ਕੁਝ ਸਮਾਂ ਜਿਸਤਰ੍ਹਾਂ (ਜਿਵੇਂ ਅਗਲੇ ਕਾਂਡ ਵਿਚ ਵੇਖਿਆ ਜਾਵੇਗਾ) ਓਹ ਅਕੀਂ ਪਲਾਹੀਂ ਹੱਥ ਮਾਰਦੇ ਰਹੇ, ਜੇਕਰ ਭਾਈ ਪਰਮਾਨੰਦ ਦੀ ਰਾਏ ਗਦਰ ਪਾਰਟੀ ਲਹਿਰ ਦੇ ਕੇਵਲ ਇਨ੍ਹਾਂ ਪਹਿਲੂਆਂ ਉਤੇ ਲਾਗੂ ਹੋਵੇ ਤਾਂ ਇਸ ਵਿਚ ਕਾਫੀ ਵਜ਼ਨ ਹੈ। ਪਰ ਭਾਈ ਪਰਮਾਨੰਦ ਦੀ ਲਿਖਤ ਦੀ ਸਪਿਰਟ ਸਮੁਚੀ ਗਦਰ ਪਾਰਟੀ ਲਹਿਰ ਨੂੰ ਛੁਟਿਆਉਣ ਦੀ ਹੈ, ਜਿਵੇਂ ਗਦਰ ਪਾਰਟੀ ਦੀ ਕੋਈ ਪਲੈਨ ਹੀ ਨਹੀਂ ਸੀ, ਜਾਂ ਇਹ ਪਲੈਨ ਅਮਲੀ ਵਰਤੋਂ ਵਿਚ ਆ ਸਕਣ ਵਾਲੀ ਨਹੀਂ ਸੀ । ਭਾਈ ਪਰਮਾਨੰਦ ਦੀ ਰਾਏ ਬਾਰੇ ਹੈਰਾਨੀ ਨਹੀਂ, ਕਿਉਂਕਿ ਉਨ੍ਹਾਂ ਦਾ ਆਪਣਾ ਨਜ਼ਰੀਆ ਇਨਕਲਾਬੀ ਨਾ ਹੋਣ ਕਰਕੇ ਉਹ ਗਦਰ ਪਾਰਟੀ ਲਹਿਰ ਨੂੰ ਸਮਝਣ ਦੇ ਅਸਮੱਰਥ ਸਨ । ਪਰ ਗਦਰ ਪਾਰਟੀ ਲਹਿਰ ਦੀ ਸਹੀ ਪੜਚੋਲ ਲਈ ਇਹ ਜ਼ਰੂਰੀ ਹੈ ਕਿ ਇਸ ਦੀ ਮੁਖ ਪਲੈਨ ਅਤੇ ਇਸ ਨੂੰ ਅਮਲੀ ਜਾਮਾ ਪਹਿਨਾਉਣ ਵਿਚ ਰਹਿ ਗਈਆਂ ਕਮੀਆਂ ਨੂੰ ਨਿਖੇੜ ਕੇ ਜਾਚਿਆ ਜਾਏ। ਸਤਵੇਂ ਕਾਂਡ ਵਿਚ ਵੇਖਿਆ ਜਾ ਚੁਕਾ ਹੈ ਕਿ ਗਦਰ ਪਾਰਟੀ ਦੀ ਕੀ ਪਲੈਨ ਸੀ ਅਤੇ ਇਹ ਕਿਉਂ ਠੀਕ ਸੀ, ਅਤੇ ਬਾਰ੍ਹਵੇਂ ਕਾਂਡ ਵਿਚ ਦੱਸਿਆ ਜਾ ਚੁਕਾ ਹੈ ਕਿ ਕਿਨ੍ਹਾਂ ਵਜ਼ਨੀ ਵੀਚਾਰਾਂ ਨੂੰ ਮੁਖ ਰਖਕੇ ਸੰਸਾਰ ਯੁਧ ਸ਼ੁਰੂ ਹੋ ਜਾਣ ਉਤੇ ਗਦਰੀ ਮੁਹਿੰਮ ਦਾ ਹਿੰਦ ਭੇਜਣਾ ਜ਼ਰੂਰੀ ਸੀ। ਗਦਰ ਪਾਰਟੀ ਪਲੈਨ ਬਣੌਣ ਵਿਚ ਅਮਰੀਕਾ ਦੇ ਵਾਯੂਮੰਡਲ ਦਾ ਹੱਥ ਸੀ, ਅਤੇ ਉਨ੍ਹਾਂ ਅੰਗਰੇਜ਼ ਵਿਰੋਧੀ ਜਰਮਨ ਆਇਰਿਸ਼ ਅਨਸਰਾਂ ਦਾ ਜਿਨ੍ਹਾਂ ਨਾਲ ਗਦਰ ਪਾਰਟੀ ਦੇ ਲੀਡਰ ਮਿਲਦੇ ਰਹੇ। ਗਦਰ ਪਾਰਟੀ ਦਾ ਹੈਡਕਵਾਰਟਰ ਸੈਨਫ੍ਰਾਂਸਿਸਕੋਂ, ਉਨ੍ਹਾਂ ਆਇਰਿਸ਼, ਚੀਨੇ ਅਤੇ ਹੋਰ ਦੇਸ਼ ਭਗਤਾਂ ਦਾ ਵੀ ਸੈਂਟਰ ਸੀ, ਜੋ ਆਪਣੇ ਦੇਸ਼ਾਂ ਲਈ ਅਮਰੀਕਾ ਵਿਚ ਕੰਮ ਕਰ ਰਹੇ ਸਨ, ਅਤੇ ਜੋ ਕੁਦਰਤੀ ਤੌਰ ਉਤੇ ਗਦਰ ਪਾਰਟੀ ਦੇ ਮੁਖੀਆਂ ਨੂੰ ਵੀ ਮਿਲਦੇ ਅਤੇ ਆਪਣੇ ਨਜ਼ਰੀਏ ਨਾਲ ਪ੍ਰਭਾਵਤ ਕਰਦੇ ਹੋਣਗੇ। ਹੋਰ ਤਾਂ ਹੋਰ, ਕਈ ਕੈਨੇਡੀਅਨ ਅਤੇ ਅੰਗਰੇਜ਼ੀ ਅਨਸਰ ਵੀ ਕੈਨੇਡਾ ਅਮਰੀਕਾ ਦੇ ਹਿੰਦੀਆਂ ਨੂੰ ਇਸੇ ਬੰਨੇ ਪ੍ਰੇਰ ਰਹੇ ਸਨ। ਵੈਨਕੋਵਰ ਵਿਚ ਹਿੰਦੀਆਂ ਵਲੋਂ ਕੀਤੀ ਗਈ ਇਕ ਮੀਟਿੰਗ ਵਿਚ ੧੫੦ ਕੈਨੇਡੀਅਨਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿਚੋਂ ਬਹੁਤੇ ਸੋਸ਼ਲਿਸਟ ਸਨ, ਅਤੇ ਉਨ੍ਹਾਂ ਵਿਚੋਂ ਇਕ ਨੇ ਹਿੰਦੀਆਂ ਨੂੰ ਹਿੰਦ ਜਾ ਕੇ ਗਦਰ ਕਰਨ ਵਾਸਤੇ ਲੈਕਚਰ ਦਿਤਾ*। ਇਸੇ ਤਰ੍ਹਾਂ ਕਿਹਾ ਜਾਂਦਾ ਹੈ ਕਿ ਕੈਨੇਡਾ ਦੇ ਹਿੰਦੀਆਂ ਵਲੋਂ ਇੰਗਲੈਂਡ ਆਏ ਡੈਪੂਟੇਸ਼ਨ ਨੂੰ ਬਰਿਟਸ਼ ਪਾਰਲੀਮੈਂਟ ਦੇ ਇਕ ਮੈਂਬਰ ਮਿਸਟਰ ਕਿਆਰ ਹਾਰਡੀ ਨੇ ਸਲਾਹ ਦਿਤੀ ਕਿ ਉਹ ਹਿੰਦ ਜਾਕੇ ਆਪਣਾ ਪ੍ਰਾਪੇਗੰਡਾ ਹਿੰਦੀ ਫੌਜਾਂ ਦੇ ਧਿਆਨ ਗੋਚਰਾ ਕਰੇ*। ਇਸ ਵਾਸਤੇ ਗਦਰ ਪਾਰਟੀ ਦੀ ਪਲੈਨ ਮੁਖ ਰੂਪ ਵਿਚ ਸਹੀ ਇਨਕਲਾਬੀ ਲੀਹਾਂ ਉਤੇ ਬਣ ਜਾਣੀ ਅਨੋਖੀ ਗਲ ਨਹੀਂ ਸੀ। ਪਰ ਇਸ ਪਲੈਨ ਦੀਆਂ ਲੜੀਆਂ ਅਤੇ ਤਫਸੀਲ ਨੂੰ ਓਹੋ ਤਹਿ ਕਰ ਸਕਦਾ ਸੀ, ਜਿਸ ਨੂੰ ਹਿੰਦ ਦੇ ਹਾਲਾਤ ਵਿਚ ਇਨਕਲਾਬੀ ਵਰਤੋਂ ਦਾ ਅਮਲੀ ਤਜੱਰਬਾ ਹੋਵੇ, ਅਤੇ ਇਹ ਵੇਖਿਆ ਜਾ ਚੁਕਾ ਹੈ ਕਿ ਇਹ ਕਿਉਂ ਨਾ ਹੋ ਸਕਿਆ। ਪਰੰਤੂ ਮੁਖ ਪਲੈਨ ਕਿਤਨੀ ਠੀਕ ਸੀ, ਇਸ ਦੇ ਹੱਕ ਵਿਚ (ਜਿਵੇਂ ਅਗਲੇ ਕਿਸੇ ਕਾਂਡ ਵਿਚ ਵੇਖਿਆ ਜਾਵੇਗਾ) ਇਕ ਹੀ ਸਬੂਤ ਕਾਫੀ ਹੈ ਕਿ, ਅਮਲੀ ਵਰਤੋਂ ਵਿਚ ਇਸ ਨੂੰ ਲਿਆਉਣ ਵਿਚ ਕੀਤੀਆਂ ਬਹੁਤ ਵਡੀਆਂ ਗਲਤੀਆਂ ਦੇ ਬਾਵਜੂਦ, ਇਹ ਸਫਲਤਾ ਦੇ ਐਨ ਨੇੜੇ ਪੁਜ ਕੇ ਰਹਿ ਗਈ।

ਇਹ ਨਖੇੜਾ ਕਰ ਦੇਣਾ ਵੀ ਜ਼ਰੂਰੀ ਹੈ ਕਿ ਭਾਵੇਂ ਕੈਨੇਡਾ ਅਮਰੀਕਾ ਤੋਂ ਆਈ ਗਦਰ ਮੁਹਿੰਮ ਨੇ ਇਕ ਬੇ-ਕਾਬੂ ਉਛਾਲ ਜਾਂ ਹੜ ਦੀ ਸ਼ਕਲ ਫੜੀ, ਪਰ ਗਦਰੀ ਇਨਕਲਾਬੀਆਂ ਦਾ ਜੋਸ਼ ਓਪਰਾ ਜਾਂ ਆਰਜ਼ੀ ਨਹੀਂ ਸੀ। ਅਗਲੇ ਕਾਂਡਾਂ ਵਿਚ ਵੇਖਿਆ ਜਾਵੇਗਾ ਕਿ ਲੀਡਰਾਂ, ਮੁਖੀਆਂ ਅਤੇ ਗਦਰੀ ਮੁਹਿੰਮ ਦੇ ਵਡੇ ਜੱਥੇ ਦੇ ਫੜੇ ਜਾਣ, ਅਤੇ ਹਿੰਦ ਵਿਚਲੇ ਦਿਲ-ਢਾਹੂ ਅਤੇ ਨਾ-ਮੁਆਫਕ ਹਾਲਾਤ, ਦੇ ਬਾਵਜੂਦ ਗਦਰੀ ਇਨਕਲਾਬੀ ਕਿਵੇਂ ਆਪਣੇ ਯਤਨਾਂ ਵਿਚ ਅਖੀਰ ਦਮ ਤਕ ਜੁਟੇ ਰਹੇ। ਹਿੰਦ ਵਿਚ ਲਹਿਰ ਮੁਕੰਮਲ ਤੌਰ ਉਤੇ ਫੇਲ ਹੋ ਜਾਣ ਪਿਛੋਂ ਵੀ

---

*Isemonger and Slattery, p. 38.

*Isemonger and Slattery, p. 5.

Digitized by Panjab Digital Library | www.panjabdigilib.org

ਗਦਰੀ ਇਨਕਲਾਬੀਆਂ ਨੇ ਹਿੰਦ ਦੇ ਗਵਾਂਢੀ ਮੁਲਕਾਂ ਬਰਮਾਂ ਅਤੇ ਸਿਆਮ (ਅਤੇ ਕੁਝ ਹੱਦ ਤਕ ਅਫਗਾਨਿਸਤਾਨ ਤੇ ਈਰਾਨ) ਰਾਹੀਂ ਹਿੰਦ ਵਿਚ ਅੰਗਰੇਜ਼ੀ ਹਕੂਮਤ ਉਤੇ ਚੋਟ ਮਾਰਨ ਦੇ ਯਤਨ ਕੀਤੇ। ਬਲਕਿ ਪਹਿਲਾ ਸੰਸਾਰ ਯੁਧ ਖਤਮ ਹੋ ਜਾਣ ਪਿਛੋਂ, ਗਦਰ ਪਾਰਟੀ ਨੇ, ਅੰਤਰ ਰਾਸ਼ਟਰੀ ਕਮਿਊਨਿਸਟ ਲਹਿਰ ਨਾਲ ਮਿਲਕੇ, ਹਿੰਦ ਨੂੰ ਆਜ਼ਾਦੀ ਮਿਲਣ ਵੇਲੇ ਤਕ ਆਪਣੇ ਇਨਕਲਾਬੀ ਯਤਨ ਜਾਰੀ ਰਖੇ। ਦ੍ਰਿੜ੍ਹ ਇਨਕਲਾਬੀ ਲਗਨ ਦਾ ਇਹ ਐਸਾ ਰੀਕਾਰਡ ਹੈ ਜਿਸ ਬਾਰੇ ਗਦਰ ਪਾਰਟੀ ਨੂੰ ਜਾਇਜ਼ ਮਾਣ ਹੋ ਸਕਦਾ ਹੈ।

---

## ਚੌਧਵਾਂ ਕਾਂਡ

# ਹਿੰਦ ਵਿਚ ਗਦਰੀ ਕਾਰਰਵਾਈਆਂ ਦਾ ਪੈਹਲਾ ਦੌਰ

ਪਿਛਲੇ ਕਾਂਡ ਵਿਚ ਵੇਖਿਆ ਜਾ ਚੁਕਾ ਹੈ ਕਿ ਹਿੰਦ ਨੂੰ ਆਉਣ ਵਾਲੀ ਗਦਰੀ ਮੁਹਿੰਮ ਦੇ ਲਗ ਭਗ ਸਾਰੇ ਲੀਡਰ ਅਤੇ ਮੁਖੀਏ 'ਤੋਸ਼ਾ ਮਾਰੂ' ਅਤੇ ਹੋਰਨਾਂ ਜਹਾਜ਼ਾਂ ਉਤੋਂ ਫੜਕੇ ਨਜ਼ਰਬੰਦ ਕੀਤੇ ਜਾਣ ਦੇ ਕਾਰਨ, ਕਿਸ ਤਰ੍ਹਾਂ ਹਿੰਦ ਵਿਚ ਗਦਰ ਪਾਰਟੀ ਲਹਿਰ ਦਾ ਸ਼ੁਰੂ ਵਿਚ ਹੀ ਸਿਰ ਧੜ ਨਾਲੋਂ ਅੱਡ ਹੋ ਗਿਆ, ਜਿਸ ਨਾਲ ਗਦਰੀਆਂ ਦੀਆਂ ਬਣਾਈਆਂ ਪਲੈਨਾਂ ਇਕ ਵੇਰ ਧਰੀਆਂ ਧਰਾਈਆਂ ਰਹਿ ਗਈਆਂ। ਗਦਰੀ ਇਨਕਲਾਬੀਆਂ ਦੇ ਸੁਫਨਿਆਂ ਨੂੰ ਦੂਸਰੀ ਵੱਡੀ ਕਾਰੀ ਸੱਟ ਇਹ ਸੀ ਕਿ ਹਿੰਦ ਵਿਚਲੀਆਂ ਰਾਜਸੀ ਜਥੇਬੰਦੀਆਂ, ਲੀਡਰ ਅਤੇ ਆਮ ਜਨਤਾ ਇਨਕਲਾਬ ਵਾਸਤੇ ਤਿਆਰ ਨਹੀਂ ਸਨ। ਬਦੇਸ਼ਾਂ ਵਿਚੋਂ ਆਏ ਗਦਰੀਆਂ ਦੀ "ਬਹੁ ਗਿਣਤੀ ਇਹ ਆਸ ਕਰਦੀ ਹੋਈ ਮੁੜੀ ਸੀ ਕਿ ਹਿੰਦ ਵਿਚ ਬੇਹੱਦ ਬਦਅਮਨੀ ਹੋਵੇਗੀ, ਜਿਸ ਨੂੰ ਓਹ ਇਨਕਲਾਬ ਵਿਚ ਤਬਦੀਲ ਕਰਨ ਦੀ ਕੋਸ਼ਸ਼ ਕਰੇਗੀ*"। ਬਦੇਸ਼ੀ ਰਾਜ ਵਿਰੁਧ ਦਬਿਆ ਹੋਇਆ ਜਜ਼ਬਾ ਜ਼ਰੂਰ ਸੀ, ਪਰ ੧੮੫੭ ਵਾਲੇ ਗਦਰ ਪਿਛੋਂ ਹੋਏ

*Rowlatt Report, p. 150.

ਪ੍ਰਤਿਕਰਮ ਤੋਂ ਦੇਸ ਅਜੇ ਪੂਰੀ ਤਰ੍ਹਾਂ ਸੰਭਲਿਆ ਨਹੀਂ ਸੀ। ਬੰਗਾਲ ਦੇ ਦੇਸ਼ਭਗਤਾਂ ਜੋ ਇਨਕਲਾਬੀ ਧੂਣੀ ਧੁਖਾ ਰਖੀ ਸੀ, ਉਸ ਦੀ ਸਹਾਇਤਾ ਕਰਨ ਦੀ ਬਜਾਏ, ਚੰਗੇ ਉਘੇ ਲੀਡਰ (ਜਿਨ੍ਹਾਂ ਦੀ ਦੇਸ਼ ਭਗਤੀ ਬਾਰੇ ਸ਼ੱਕ ਨਹੀਂ ਕੀਤਾ ਜਾ ਸਕਦਾ) ਵੀ ਉਸ ਦੀ ਨਿਖੇਧੀ ਕਰਨ ਲਈ ਆਪਣੇ ਆਪ ਨੂੰ ਮਜਬੂਰ ਸਮਝਦੇ, ਅਤੇ ਅੰਗਰੇਜ਼ਾਂ ਨੂੰ ਮਹਾਂ ਯੁਧ ਵਿਚ ਹੋਈ ਜਿੱਤ ਉਤੇ ਪਿਛੋਂ ਫਖਰ ਪ੍ਰਗਟ ਕੀਤਾ ਗਿਆ*। ਸ੍ਰੀ ਤਿਲਕ, ਜੋ ਚੋਟੀ ਦੇ ਲੀਡਰਾਂ ਵਿਚੋਂ ਉਸ ਸਮੇਂ ਸਭ ਤੋਂ ਵਧ ਗਰਮ ਖਿਆਲੀਏ ਮਿਥੇ ਜਾਂਦੇ ਸਨ, ਨੇ ਵੀ ਹਿੰਦ ਵਿਚ ਹੋਈਆਂ ਤਸ਼ੱਦਦ ਦੀਆਂ ਕਾਰਰਵਾਈਆਂ ਦੀ ਅਗੱਸਤ ੧੯੧੪ ਵਿਚ ਨਿਖੇਧੀ ਕੀਤੀ†। ਇਸ ਵਾਸਤੇ ਇਹ ਹੈਰਾਨੀ ਦੀ ਗਲ ਨਹੀਂ ਕਿ ਪੰਜਾਬ, ਜਿਥੇ ਬਾਕੀ ਹਿੰਦ ਦੇ ਮੁਕਾਬਲੇ ਰਾਜਸੀ ਜਾਗਰਤੀ ਹੋਰ ਵੀ ਘਟ ਸੀ, ਵਿਚ ਸਿਖ ਗਦਰੀ ਇਨਕਲਾਬੀਆਂ ਨੂੰ 'ਅਸਿਖ' ਹੋਣ ਦਾ ਫਤਵਾ ਦਿਤਾ ਗਿਆ; ਅਤੇ ਆਮ ਜਨਤਾ ਦੇ ਕਾਫੀ ਅਨਸਰ, ਅਤੇ ਪੁਲਸ ਤਕਰੀਬਨ ਸਮੂਹੇ ਤੌਰ ਉਤੇ, ਉਨ੍ਹਾਂ ਨੂੰ ਸਾਧਾਰਨ ਡਾਕੂਆਂ ਵਾਂਗ ਸਮਝਕੇ ਫੜਾਉਣ ਅਤੇ ਕੁਚਲਣ ਵਿਚ ਅੰਗਰੇਜ਼ੀ ਸਰਕਾਰ ਦਾ ਉਤਸ਼ਾਹ ਨਾਲ ਸਾਥ ਦੇਣ ਨੂੰ ਤਿਆਰ ਹੋ ਗਈ।

ਇਹ ਹਾਲਾਤ ਇਨਕਲਾਬ ਵਾਸਤੇ ਸਰੀਹਣ ਨਾ-ਮੁਆਫਕ ਅਤੇ ਦਿਲ ਢਾਹੂ ਸਨ, ਅਤੇ ਇਨ੍ਹਾਂ ਨੇ ਪ੍ਰਦੇਸਾਂ ਤੋਂ ਆਏ ਬਹੁਤ ਸਾਰੇ ਇਨਕਲਾਬੀਆਂ ਦਾ ਜੋਸ਼ ਜ਼ਰੂਰ ਮੱਠਾ ਕੀਤਾ ਹੋਵੇਗਾ। ਲੜਾਈ ਦੇ ਪਹਿਲੇ ਦੋ ਸਾਲਾਂ ਵਿਚ ਅੱਠ ਹਜ਼ਾਰ ਪੰਜਾਬੀ ਬਦੇਸ਼ਾਂ ਤੋਂ ਦੇਸ ਪਰਤੇ, ਜਿਨ੍ਹਾਂ ਵਿਚੋਂ ੪੦੦ ਜੇਹਲਾਂ ਵਿਚ ਅਤੇ ੨੫੦੦ ਪਿੰਡਾਂ ਵਿਚ ਨਜ਼ਰਬੰਦ ਕੀਤੇ ਗਏ, ਅਤੇ ੫੦੦੦ ਨੂੰ ਤਾੜਨਾ ਕਰਕੇ ਨੰਬਰਦਾਰ ਆਦਿ ਮੁਕਾਮੀਂ ਸਰਕਾਰੀ ਕਰਮਚਾਰੀਆਂ ਦੀ ਨਿਗਰਾਨੀ ਹੇਠਾਂ ਖੁਲ੍ਹਿਆਂ ਰਹਿਣ ਦਿਤਾ ਗਿਆ*। ਜ਼ਾਹਰ ਹੈ ਕਿ ਪ੍ਰਦੇਸਾਂ ਵਿਚੋਂ ਮੁੜੇ ਇਹ ਪੰਜਾਬੀ ਸਾਰੇ ਗਦਰੀ ਨਹੀਂ ਸਨ, ਪਰ ਇਨ੍ਹਾਂ ਵਿਚੋਂ ਬਹੁਤਿਆਂ ਦੀ ਹਮਦਰਦੀ ਗਦਰ ਪਾਰਟੀ ਲਹਿਰ ਨਾਲ ਜ਼ਰੂਰ ਸੀ। ਹੋ ਸਕਦਾ ਹੈ ਕਿ ਗਦਰ ਦੇ ਮੁਖੀ ਲੀਡਰਾਂ (ਜੋ 'ਤੋਸ਼ਾ ਮਾਰੂ' ਤੋਂ ਫੜ ਕੇ ਨਜ਼ਰਬੰਦ ਕੀਤੇ ਗਏ) ਦੀ ਅਗਵਾਈ ਅਤੇ ਜ਼ਾਤੀ ਅਸਰ ਹੇਠ, ਜਾਂ ਲਹਿਰ ਦੇ ਜ਼ੋਰ ਫੜਨ ਉਤੇ, ਇਨ੍ਹਾਂ ਵਿਚੋਂ ਬਹੁਤੇ ਇਨਕਲਾਬੀ ਯਤਨਾਂ ਵਿਚ ਸ਼ਾਮਲ ਹੋ ਜਾਂਦੇ, ਪਰ ਹਿੰਦ ਦੇ ਦਿਲ ਢਾਹੂ ਹਾਲਾਤ ਨੇ ਇਨ੍ਹਾਂ ਵਿਚੋਂ ਬਹੁਤਿਆਂ ਨੂੰ ਕੋਈ ਅਮਲੀ ਕਦਮ ਉਠਾਉਣੋਂ ਵਰਜੀ ਰਖਿਆ।

ਕਾਮਯਾਬੀ ਦੀ ਕਤੱਈ ਆਸ ਨਾ ਰਖਦਿਆਂ ਹੋਇਆਂ ਐਸੇ ਇਨਕਲਾਬੀ ਯਤਨ, ਜਿਨ੍ਹਾਂ ਦਾ ਸਿੱਟਾ ਸਰੀਹਣ ਮੌਤ ਹੋਵੇ, ਜਾਰੀ ਰਖਣ ਵਾਲੇ ਅਕਸਰ ਇਨਕਲਾਬੀ ਲਹਿਰਾਂ ਵਿਚ ਵੀ ਨਿਸਬਤਨ ਬਹੁਤੇ ਨਹੀਂ ਹੁੰਦੇ। ਪਰ ਹਿੰਦ ਵਿਚ ਆਉਣ ਵਿਚ ਕਾਮਯਾਬ ਹੋ ਜਾਣ ਵਾਲੇ ਗਦਰੀਆਂ, ਜੋ ਜੇਲਾਂ ਜਾਂ ਨਜ਼ਰਬੰਦੀਆਂ ਤੋਂ ਬਚ ਗਏ, ਦੀ ਨਿਸਬਤਨ ਕਾਫੀ ਗਿਣਤੀ ਨੇ ਨਾ-ਕਾਮਯਾਬੀ ਦੀ ਪਰਵਾਹ ਨਾ ਕਰਦਿਆਂ ਹੋਇਆਂ ਓਹ ਇਨਕਲਾਬੀ ਯਤਨ ਕੀਤਾ, ਜੋ ਉਸ ਵੇਲੇ ਦੇ ਹਿੰਦ, ਖਾਸ ਕਰ ਪੰਜਾਬ, ਦੇ ਹਲਾਤ ਮੁਤਾਬਕ ਸਰੀਹਣ ਪਹਾੜ ਨਾਲ ਮੱਥਾ

*Presidential Address at the thirty third Indian National Congress at Delhi on Dec. 26, 1919.

†Rowlatt Report, p. 14.

*O'Dwyer, p. 196.



Digitized by Panjab Digital Library | www.panjabdigilib.org

ਮਾਰਨ ਦੇ ਤੁੱਲ ਸੀ, ਅਤੇ ਇਸ ਦੀ ਸਜ਼ਾ ਮੌਤ ਉਨ੍ਹਾਂ ਨੂੰ ਪਤਾ ਹੀ ਸੀ। ਇਨ੍ਹਾਂ ਗਦਰੀਆਂ ਵਿਚ ਸ਼ਾਮਲ ਸਨ ਸ਼ੰਘਾਈ ਦੇ ਓਹ ਜੱਥੇ, ਜਿਨ੍ਹਾਂ ਦੇ ਆਗੂ ਸ੍ਰੀ ਗੁਜਰ ਸਿੰਘ 'ਭਕਨਾ' ਅਤੇ ਡਾਕਟਰ ਮਥਰਾ ਸਿੰਘ ਸਨ; ਅਤੇ ਅਮਰੀਕਾ ਤੋਂ ਆਏ ਸ੍ਰੀ ਕਰਤਾਰ ਸਿੰਘ 'ਸਰਾਭਾ' ਵਰਗੇ ਓਹ ਗਦਰੀ, ਜੋ 'ਤੋਸ਼ਾ ਮਾਰੂ' ਦੇ ਹਿੰਦ ਪੁਜਣ ਤੋਂ ਪਹਿਲੋਂ ਦੇਸ ਆ ਚੁਕੇ ਸਨ, ਜਦ ਕਿ ਹਿੰਦ ਸਰਕਾਰ ਇਤਨੀ ਚੌਕਸ ਨਹੀਂ ਸੀ। ਸਰਕਾਰ ਹਿੰਦ ਨੂੰ ਉਸ ਸਮੇਂ ਕੇਵਲ ਇਹ ਪਤਾ ਸੀ ਕਿ ਅਮਰੀਕਾ ਵਿਚ ਇਕ ਜ਼ਬਰਦੱਸਤ ਜਥੇਬੰਦੀ ਬਣੀ ਹੈ, ਅਤੇ ਉਥੋਂ ਬਹੁਤ ਸਾਰੇ ਹਿੰਦੀ ਵਾਪਸ ਦੇਸ ਆ ਰਹੇ ਹਨ। ਸਰਕਾਰ ਹਿੰਦ ਨੂੰ ਅੱਡ ਅੱਡ ਵਿਯੱਕਤੀਆਂ ਅਤੇ ਉਨ੍ਹਾਂ ਦੀ ਹਿੰਦ ਵਿਚ ਗੜਬੜ ਮਚਾ ਸਕਣ ਦੀ ਸ਼ਕਤੀ ਬਾਰੇ ਅਜੇ ਪਤਾ ਨਹੀਂ ਸੀ*। ਨਾਂ ਹੀ ਹਿੰਦ ਸਰਕਾਰ ਨੇ ਸ਼ੁਰੂ ਵਿਚ ਗਦਰੀਆਂ ਦੇ ਮਦਰਾਸ ਅਤੇ ਕੋਲੰਬੂ ਰਾਹੀਂ ਆ ਸਕਣ ਦੀ ਸੰਭਾਵਨਾ ਵਲ ਧਿਆਨ ਦਿਤਾ, ਜਿਸ ਕਰਕੇ ਸ੍ਰੀ ਨਿਧਾਨ ਸਿੰਘ 'ਚੁਘਾ' ਅਤੇ 'ਮਸ਼ੀਮਾ ਮਾਰੂ' ਜਹਾਜ਼ ਦੇ ਉਨ੍ਹਾਂ ਦੇ ਹੋਰ ਸਾਥੀ ਪੰਜਾਬ ਆਉਣ ਵਿਚ ਕਾਮਯਾਬ ਹੋ ਗਏ† । ਕੋਲੰਬੂ ਰਸਤੇ ਹੀ ਇਕ ਹੋਰ ਗਦਰੀਆਂ ਦੀ ਟੋਲੀ ਜਨਵਰੀ ੧੯੧੫ ਵਿਚ 'ਸੰਤ' ਵਸਾਖਾ ਸਿੰਘ ਨਾਲ ਆਉਣ ਵਿਚ ਕਾਮਯਾਬ ਹੋ ਗਈ। ਕਈ ਇਕੜ ਦੁਕੜ ਗਦਰੀ ਇਨਕਲਾਬੀ ਬੰਬੱਈ ਅਤੇ ਆਮ ਵਰਤੋਂ ਵਿਚ ਨਾ ਆਉਣ ਵਾਲੇ ਵਿੰਗੇ ਰਸਤਿਆਂ ਰਾਹੀਂ ਆ ਗਏ‡। 'ਤੋਸ਼ਾ ਮਾਰੂ' ਦੇ ਜਹਾਜ਼ੀਆਂ ਵਿਚੋਂ ਵੀ 'ਪੰਡਤ' ਜਗਤ ਰਾਮ, ਸ੍ਰੀ ਪਿਰਥੀ ਸਿੰਘ ਅਤੇ ਸ੍ਰੀ ਰੁਲੀਆ ਸਿੰਘ ਵਾਂਗੂ ਗਿਣਤੀ ਦੇ ਗਦਰੀ ਕਲਕੱਤੇ ਜਾਂ ਰਾਇਵਿੰਡ ਪੁਲਸ ਤੋਂ ਅੱਖ ਬਚਾਕੇ ਨਿਕਲਣ ਵਿਚ ਕਾਮਯਾਬ ਹੋ ਗਏ ਸਨ । ਸ੍ਰੀ ਰੂੜ ਸਿੰਘ 'ਚੂਹੜ ਚਕ' ਅਤੇ ਸ੍ਰੀ ਗੁਰਮੁਖ ਸਿੰਘ 'ਲਲਤੋਂ' ਉਨ੍ਹਾਂ ਵਿਚੋਂ ਸਨ, ਜਿਨ੍ਹਾਂ ਨੂੰ ਘੱਟ ਖਤਰਨਾਕ ਸਮਝਕੇ ਜੇਹਲ ਵਿਚੋਂ ਪਿਛੋਂ ਰਿਹਾ ਕਰ ਦਿਤਾ ਗਿਆ ਸੀ।

ਹਿੰਦ ਵਿਚ ਗਦਰੀ ਕਾਰਰਵਾਈਆਂ ਦੀ ਪਹਿਲ ਸ਼ੰਘਾਈ ਤੋਂ ਆਏ ਜੱਥੇ ਨੇ ਸ੍ਰੀ ਗੁਜਰ ਸਿੰਘ 'ਭਕਨਾ' ਦੀ ਅਗਵਾਈ ਹੇਠ ਕੀਤੀ, ਜਿਨ੍ਹਾਂ ਦੀ ਹਦਾਇਤਾਂ ਅਨੁਸਾਰ ਪਿੰਡਾਂ ਵਿਚ ਅਤੇ ਦੇਸੀ ਫੌਜ ਵਿਚ ਗਦਰ ਦਾ ਪ੍ਰਚਾਰ ਕੀਤਾ ਗਿਆ, ਅਤੇ ਗਦਰੀਆਂ ਨੂੰ ਹੁਕਮ ਮਿਲਣ ਉਤੇ ਗਦਰ ਕਰਨ ਲਈ ਤਿਆਰ ਰਹਿਣ ਵਾਸਤੇ ਆਖਿਆ ਗਿਆ* । ਉਪ੍ਰੋਕਤ ਮਕਸਦ ਲਈ ਗਦਰੀ ਕਾਰਰਵਾਈਆਂ ਨੂੰ ਤਰਤੀਬ ਦੇਣ ਵਾਸਤੇ ੧੩ ਅਕਤੂਬਰ ੧੯੧੪ ਨੂੰ ਗਦਰੀਆਂ ਦੀ ਇਕ ਪਾਰਟੀ ਅਕੱਠੀ ਹੋਈ । ਪਰ ਇਸ ਵਿਚ ਹਾਜ਼ਰੀ ਕਾਫੀ ਨਹੀਂ ਸੀ, ਇਸ ਵਾਸਤੇ ਦੀਵਾਲੀ ਦੇ ਮੌਕਿਆ ਅੰਮ੍ਰਿਤਸਰ ਮਿਲਣ ਦਾ ਫੈਸਲਾ ਕੀਤਾ ਗਿਆ। ਦੀਵਾਲੀ ਤੋਂ ਪਹਿਲੋਂ ਕੁਝ ਇਨਕਲਾਬੀ ਅੰਮ੍ਰਿਤਸਰ ਨਾਨਕ ਸਿੰਘ ਦੇ ਚੁਬਾਰੇ ਫੇਰ ਅਕੱਠੇ ਹੋਏ ਅਤੇ ਫੈਸਲਾ ਕੀਤਾ ਕਿ ਗਦਰ ਦਾ ਪ੍ਰਚਾਰ ਕੀਤਾ ਜਾਏ, ਗਦਰ ਵਾਸਤੇ ਹੋਰ ਨਵੇਂ ਸਾਥੀ ਬਣਾਏ ਜਾਣ, ਅਤੇ, ਜਿਸ ਸਮੇਂ ਅਮਰੀਕਾ ਤੋਂ ਗਦਰੀ ਇਨਕਲਾਬੀਆਂ ਦੀ ਮੁਹਿੰਮ ਦੇਸ ਪੁਜੇ, ਉਸ ਸਮੇਂ ਗਦਰ ਕਰਨ ਵਾਸਤੇ ਤਿਆਰ ਰਿਹਾ ਜਾਏ† ।

ਦੀਵਾਲੀ ਵਾਲੇ ਦਿਨ ਡਾਕਟਰ ਮਥਰਾ ਸਿੰਘ ਦੀ ਅਗਵਾਈ ਹੇਠ ੧੯ ਜਾਂ ਵੀਹ ਆਦਮੀਆਂ ਦੀ ਇਕ ਹੋਰ ਟੋਲੀ ਅੰਮ੍ਰਿਤਸਰ ਪੁਜ ਗਈ। ਡਾਕਟਰ ਮਥਰਾ ਸਿੰਘ ਸ਼ੰਘਾਈ ਤੋਂ ਕੇਲੇਫੋਰਨੀਆ ਗਏ ਸਨ, ਜਿਥੇ ਉਨ੍ਹਾਂ ਦਾ ਯੁਗੰਤਰ ਆਸ਼ਰਮ ਦੇ ਲੀਡਰਾਂ ਨਾਲ ਸੰਬੰਧ ਹੋ ਗਿਆ। ਸਤੰਬਰ ੧੯੧੩ ਵਿਚ ਉਹ ਸੈਨਫ੍ਰਾਂਸਿਸਕੋ ਤੋਂ ਵਾਪਸ ਸ਼ੰਘਾਈ ਆਏ ਅਤੇ ਉਥੇ ਗਦਰ ਦਾ ਪ੍ਰਚਾਰ ਸ਼ੁਰੂ ਕਰ ਦਿਤਾ। ਪਰ ਸ਼ੰਘਾਈ ਦੇ ਕਰਮਚਾਰੀਆਂ ਨੂੰ ਉਨ੍ਹਾਂ ਦੀਆਂ ਕਾਰਰਵਾਈਆਂ ਦਾ ਪਤਾ ਲਗ ਗਿਆ ਅਤੇ ਉਹ ਮਈ ੧੯੧੪ ਵਿਚ ਦੇਸ ਆ ਗਏ। ਉਨ੍ਹਾਂ ਦੇ ਆਪਣੇ ਬਿਆਨ ਮੁਤਾਬਕ ਉਨ੍ਹਾਂ ਨੂੰ ਸੈਨਫ੍ਰਾਂਸਿਸਕੋ ਤੋਂ ਦੇਸ ਇਸ ਵਾਸਤੇ ਭੇਜਿਆ ਗਿਆ ਸੀ ਕਿ ਉਹ ਕਾਬਲ ਜਾਕੇ ਗਦਰ ਪਾਰਟੀ ਦੇ ਉਨ੍ਹਾਂ ਦੇਸ਼ ਭਗਤਾਂ ਦੇ ਠਹਿਰਨ ਦਾ ਪ੍ਰਬੰਧ ਕਰਨ ਜਿਨ੍ਹਾਂ ਨੂੰ ਹਿੰਦ ਛਡਣ ਲਈ ਮਜਬੂਰ ਹੋਣਾ ਪਵੇ*। ਪਰ ਹਿੰਦ ਵਿਚ ਵੀ ਡਾਕਟਰ ਮਥਰਾ ਸਿੰਘ ਬਦੇਸ਼ੀ ਸਰਕਾਰ ਦੀਆਂ ਨਜ਼ਰਾਂ ਵਿਚ ਚੜ੍ਹ ਗਏ, ਅਤੇ ਉਹ ਇਸ ਤਜਵੀਜ਼ ਨੂੰ ਸਿਰੇ ਨਾ ਚੜ੍ਹਾ ਸਕੇ। ਦੋ ਮਹੀਨੇ ਦੇਸ ਰਹਿ ਕੇ ਉਹ ਫੇਰ ਸ਼ੰਘਾਈ ਚਲੇ ਗਏ, ਜਿਥੇ ਉਨ੍ਹਾਂ ਰੀਪੋਟ ਕੀਤੀ ਕਿ ਹਿੰਦ ਦੇ ਹਾਲਾਤ ਗਦਰ ਵਾਸਤੇ ਮੁਆਫਕ ਹਨ† ।

ਦੀਵਾਲੀ ਵਾਲੇ ਦਿਨ ਨਾਨਕ ਸਿੰਘ ਦੇ ਚੁਬਾਰੇ ਨੀਯਤ ਕੀਤੀ ਹੋਈ ਮੀਟਿੰਗ ਕੀਤੀ ਗਈ, ਜਿਸ ਵਿਚ ਸ੍ਰੀ ਗੁਜਰ ਸਿੰਘ ਅਤੇ ਉਨ੍ਹਾਂ ਦੇ ਕਈ ਸਾਥੀਆਂ ਤੋਂ ਇਲਾਵਾ, ਡਾਕਟਰ ਮਥਰਾ ਸਿੰਘ, ਸ੍ਰੀ ਪਿਆਰਾ ਸਿੰਘ 'ਲੰਗੇਰੀ' ਅਤੇ ਸ੍ਰੀ ਹਰਨਾਮ ਸਿੰਘ 'ਸਿਆਲਕੋਟੀ' ਵੀ ਸ਼ਾਮਲ ਹੋਵੇ। ਇਸ ਮੀਟਿੰਗ ਵਿਚ ਕੋਈ ਖਾਸ ਫੈਸਲਾ ਨਾ ਹੋ ਸਕਿਆ, ਅਤੇ ਗਦਰ ਦੀ ਤਾਰੀਖ ਦਾ ਇੰਤਜ਼ਾਰ ਕਰਨ ਵਾਸਤੇ ਆਖਿਆ ਗਿਆ। ਇਸੇਤਰ੍ਹਾਂ ਨਨਕਾਣੇ ਸਹਿਬ ਦੇ ਮੇਲੇ ਉਤੇ ਅਤੇ ਹੋਰ ਥਾਈ ਮੀਟਿੰਗਾਂ ਹੁੰਦੀਆਂ ਰਹੀਆਂ, ਪਰ ਇਨ੍ਹਾਂ ਦਾ ਵੀ ਕੋਈ ਸਿੱਟਾ ਨਾ ਨਿਕਲਿਆ, ਸਵਾਏ ਇਸ ਦੇ ਕਿ ਪਿੰਡਾਂ ਵਿਚ ਪੇਂਡੂਆਂ ਨੂੰ ਨਾਲ ਰਲਾਉਣ ਵਾਸਤੇ ਆਦਮੀਂ ਭੇਜੇ ਗਏ ਅਤੇ ਗਦਰ ਵਾਸਤੇ ਮਿਲ ਸਕਣ ਵਾਲੇ ਆਦਮੀਆਂ ਅਤੇ ਹਥਿਆਰਾਂ ਦੀ ਜਾਂਚ ਪੜਤਾਲ ਕਰਨ ਦੀ ਠਾਣੀ ਗਈ। ਆਖਰ ਖਾਸਾ (ਜ਼ਿਲਾ, ਅੰਮ੍ਰਿਤਸਰ) ਇਕ ਜ਼ਰੂਰੀ ਮੀਟਿੰਗ ਕਰਕੇ ਇਹ ਫੈਸਲਾ ਕੀਤਾ ਗਿਆ ਕਿ ੧੫ ਨਵੰਬਰ ਨੂੰ ਗਦਰ ਕੀਤਾ ਜਾਏ, ਅਤੇ ਇਸ ਮਤਲਬ ਲਈ ਡਾਕਟਰ ਮਥਰਾ ਸਿੰਘ, ਸ੍ਰੀ ਕਰਤਾਰ ਸਿੰਘ 'ਸਰਾਭਾ', 'ਪੰਡਤ' ਜਗਤ ਰਾਮ, ਸ੍ਰੀ ਨਿਧਾਨ ਸਿੰਘ 'ਚੁਘਾ' ਅਤੇ ਸ੍ਰੀ ਗੁਜਰ ਸਿੰਘ 'ਭਕਨਾ' ਲੀਡਰ ਨੀਯਤ ਕੀਤੇ ਗਏ। ਪਰ ੧੫ ਨਵੰਬਰ ਨੂੰ ਗਦਰ ਇਸ ਵਾਸਤੇ ਨਾ ਸ਼ੁਰੂ ਕੀਤਾ ਜਾ ਸਕਿਆ ਕਿ ਹਥਿਆਰ, ਜਿਨ੍ਹਾਂ ਦੇ ਆਉਣ ਦੀ ਆਸ ਸੀ, ਨਾ ਆਏ।

ਖਾਸੇ ਬਣੀ ਕਮੇਟੀ, ਜਿਸ ਨੇ ਸ੍ਰੀ ਨਿਧਾਨ ਸਿੰਘ 'ਚੁਘਾ' ਨਾਲ ਤਾਲ ਮੇਲ ਪੈਦਾ ਕਰ ਲਿਆ ਸੀ, ਨੇ ਇਹ ਵੀ ਫੈਸਲਾ ਕੀਤਾ ਸੀ ਕਿ ਗਦਰ ਸ਼ੁਰੂ ਕਰਨ ਵਾਸਤੇ ੨੩ ਨਵੰਬਰ ਨੂੰ ਝਾੜ ਸਾਹਿਬ (ਸਰਹਾਲੀ ਠਾਣਾ) ਇਨਕਲਾਬੀਆਂ ਦਾ ਇਕ ਵੱਡਾ ਅਕੱਠ ਕੀਤਾ ਜਾਏ, ਅਤੇ ਇਸ ਤੋਂ ਪਹਿਲੋਂ ਗਦਰੀਆਂ ਨੂੰ ਹੋਰ ਹਦਾਇਤਾਂ ਲੈਣ ਵਾਸਤੇ ਤਰਨ ਤਾਰਨ ਅਮਾਵਸ ਦੇ ਮੇਲੇ ਉਤੇ ਮਿਲਣ ਵਾਸਤੇ ਆਖਿਆ ਗਿਆ। ਪਰ ਇਨ੍ਹਾਂ ਮਾਝੇ ਦੇ ਗਦਰੀਆਂ ਦੇ ਮੁਖੀ ਸ੍ਰੀ ਗੁਜਰ ਸਿੰਘ ਨੂੰ ਪੁਲਸ ਨੇ ਤਰਨ ਤਾਰਨ

---

*Isemonger and Slattery, p. 46.
†Isemonger and Slattery, p. 63.
‡Ibid, p. 48.

*Second Case, Judgement, p. 28
†Second Case, Judgement, p. 30.

*ਇਹ ਜ਼ਾਹਰ ਕਰਦਾ ਹੈ ਕਿ ਪਹਿਲਾ ਸੰਸਾਰ ਯੁਧ ਸ਼ੁਰੂ ਹੋਣ ਤੋਂ ਵੀ ਤਕਰੀਬਨ ਇਕ ਸਾਲ ਪਹਿਲਾਂ, ਜਦ ਗਦਰ ਪਾਰਟੀ ਬਣੀ ਨੂੰ ਮਸਾਂ ਤਿਨ ਕੁ ਮਹੀਨੇ ਹੋਏ ਸਨ, ਗਦਰ ਪਾਰਟੀ ਦੇ ਮੁਖੀ ਕਿਸੇ ਇਨਕਲਾਬੀ ਪਲੈਨ ਨੂੰ ਮੁਖ ਰਖਕੇ ਸੋਚ ਰਹੇ ਸਨ।
†Isemonger and Slattery, p. 82.

ਫੜ ਲ਼ਿਆ। ਇਸ ਦੇ ਬਾਵਜੂਦ ੧੯ ਜਾਂ ੨੦ ਨਵੰਬਰ ਨੂੰ ਸ਼੍ਰੀ ਲਾਲ ਸਿੰਘ 'ਭੂਰੇ', ਸ਼੍ਰੀ ਹਰਨਾਮ ਸਿੰਘ ਅਤੇ ਕੁਝ ਹੋਰ ਇਨਕਲਾਬੀ ਅਤੇ ਪੇਂਡੂ ਝਾੜ ਸਾਹਿਬ ਅਕੱਠੇ ਹੋਏ। ਇਹ ਫੈਸਲਾ ਕੀਤਾ ਗਿਆ ਕਿ ਗਦਰ ਵਾਸਤੇ ਪਹਿਲਾਂ ਨੀਯਤ ਹੋਈ ੨੩ ਨਵੰਬਰ ਦੀ ਬਜਾਏ ਮਾਲਵੇ ਅਤੇ ਦੁਆਬੇ ਦੇ ਗਦਰੀਆਂ ਨਾਲ ਮਿਲ ਕੇ ਹੋਰ ਤਾਰੀਖ ਮੁਕੱਰਰ ਕੀਤੀ ਜਾਏ। ਸ਼੍ਰੀ ਹਰਨਾਮ ਸਿੰਘ ਅਤੇ ਸ਼੍ਰੀ ਇੰਦਰ ਸਿੰਘ ਨੂੰ ਮਾਲਵੇ ਦੇ ਗਦਰੀਆਂ ਦੇ ਲੀਡਰ ਸ਼੍ਰੀ ਨਿਧਾਨ ਸਿੰਘ 'ਚੁਘਾ' ਨੂੰ ਮਿਲਣ ਵਾਸਤੇ ਭੇਜਿਆ ਗਿਆ, ਅਤੇ ਹੋਰਨਾਂ ਨੂੰ ਝਾੜ ਸਾਹਿਬ ਫਿਰ ਮੀਟਿੰਗ ਕਰਨ ਵਾਸਤੇ ਹੋਰ ਆਦਮੀ ਅਕੱਠੇ ਕਰਨ ਲਈ ਭੇਜਿਆ ਗਿਆ।

'ਤੋਸ਼ਾ ਮਾਰੂ' ਆਉਣ ਤੋਂ ਪਹਿਲੋਂ ਆਏ ਗਦਰੀ ਇਨਕਲਾਬੀਆਂ ਨੇ ਦੇਸ ਆਉਂਦਿਆਂ ਹੀ ਤੇਈਵੇਂ ਰਸਾਲੇ, ਜੋ ਉਸ ਸਮੇਂ ਮੀਆਂਮੀਰ (ਲਾਹੌਰ) ਛਾਉਣੀ ਵਿਚ ਤਈਨਾਤ ਸੀ, ਦੇ ਕਈ ਘੋੜ ਸਵਾਰਾਂ ਨਾਲ ਮੇਲ ਜੋਲ ਪੈਦਾ ਕਰ ਲਿਆ ਜਾਪਦਾ ਸੀ, ਕਿਉਂਕਿ ਉਨ੍ਹਾਂ ਵਿਚੋਂ ਕਈਆਂ ਨੂੰ ਗਦਰ ਵਾਸਤੇ ਨੀਯਤ ਕੀਤੀ ਗਈ ਪਹਿਲੀ ਤਾਰੀਖ ੧੫ ਨਵੰਬਰ ਬਾਰੇ ਪਤਾ ਸੀ*। 'ਕੌਮਾ ਗਾਟਾ ਮਾਰੂ' ਦੇ ਮੁਸਾਫਰਾਂ ਦੇ ਪਿੰਡਾਂ, ਜਿਨ੍ਹਾਂ ਵਿਚੋਂ ਰਸਾਲੇ ਦੀ ਅਕਸਰ ਭਰਤੀ ਹੁੰਦੀ ਸੀ, ਵਿਚ ਕੀਤੇ ਪ੍ਰਚਾਰ, ਅਮਰੀਕਾ ਤੋਂ ਆਉਂਦੀਆਂ ਚਿੱਠੀਆਂ, ਅਤੇ ਜਰਮਨੀ ਦੀਆਂ ਜਿੱਤਾਂ ਬਾਰੇ ਫੈਲੀਆਂ ਅਫਵਾਹਾਂ ਦੇ ਕਾਰਨ ਰਸਾਲੇ ਵਿਚ ਅਤੀ ਹੀ ਕਾਫੀ ਬੇਚੈਨੀ ਸੀ। ਤੇਈਵੇਂ ਰਸਾਲਿ ਦੇ ਕੁਝ ਘੋੜ ਸਵਾਰਾਂ ਨੇ ਮੀਆਂਮੀਰ ਛਾਉਣੀ ਦੇ ਕਰੀਬ ਇਕ ਕਬਰਸਤਾਨ ਵਿਚ ਕਈ ਗਦਰ ਸੰਬੰਧੀ ਮੀਟਿੰਗਾਂ ਕੀਤੀਆਂ। ਇਨ੍ਹਾਂ ਵਿਚੋਂ ਇਕ ਮੀਟਿੰਗ ਵਿਚ ਸ਼੍ਰੀ ਸੁਚਾ ਸਿੰਘ (ਪਿੰਡ ਚੋਲ਼ਾ ਕਲਾਂ, ਅੰਮ੍ਰਿਤਸਰ) ਨੇ ਦੱਸਿਆ ਕਿ ਜਦ ਉਹ ਛੁਟੀ ਗਏ ਸਨ, ਉਨ੍ਹਾਂ ਸੁਣਿਆ ਕਿ ੧੪੦੦ ਜਾਂ ੧੫੦੦ ਦੇਸਾਂ ਤੋਂ ਵਾਪਸ ਆਏ ਗਦਰੀ ਛਾਉਣੀ ਦੇ ਨਜ਼ਦੀਕ ਰੱਖ ਵਿਚ ਅਕੱਠਿਆਂ ਹੋਕੇ ਲਾਹੌਰ ਉਤੇ ਹਮਲਾ ਕਰਕੇ ਕਿਲ੍ਹੇ ਉਤੇ ਕਬਜ਼ਾ ਕਰਨਾ ਚਾਹੁੰਦੇ ਹਨ, ਅਤੇ ਉਨ੍ਹਾਂ ਵਿਚੋਂ ਇਕ ਕੋਲੋਂ ਕਿਲ੍ਹੇ ਦਾ ਨਕਸ਼ਾ ਦੇਣ ਦੀ ਮੰਗ ਕੀਤੀ ਗਈ। ਇਸ ਤੋਂ ਜਲਦੀ ਪਿਛੋਂ ਸ਼੍ਰੀ ਪਰੇਮ ਸਿੰਘ 'ਸੁਰਸੰਗ' ਨੇ ਇਸ ਰਸਾਲੇ ਦੇ ਘੋੜਸਵਾਰਾਂ ਨਾਲ ਬਾਕਾਇਦਾ ਤਾਲ ਮੇਲ ਪੈਦਾ ਕਰ ਲਿਆ।

ਸ਼੍ਰੀ ਪਰੇਮ ਸਿੰਘ ਦੀਆਂ ਫੇਰੀਆਂ ਦਾ ਨਤੀਜਾ ਇਹ ਹੋਇਆ ਕਿ ਰਸਾਲੇ ਦੇ ਘੋੜ ਸਵਾਰਾਂ ਦਾ ਚਾਨਮਾਰੀ ਪਾਸ ਇਕ ਵੱਡਾ* ਅਕੱਠ ਹੋਇਆ, ਜਿਸ ਵਿਚ ਲਾਨਸ ਦਫੇਦਾਰ ਲਛਮਣ ਸਿੰਘ ਨੇ ਐਲਾਨ ਕੀਤਾ ਕਿ ੨੩ ਦਸੰਬਰ ਨੂੰ ਗਦਰ ਹੋਵੇਗਾ। ਚਾਨਮਾਰੀ ਉਤੇ ਅਕੱਠੇ ਹੋਏ ਸਾਰੇ ਘੋੜ ਸਵਾਰਾਂ ਨੇ ਸਰਬ ਸੰਮਤੀ ਨਾਲ ਪਾਸ ਕੀਤਾ ਕਿ ਓਹ ਗਦਰ ਵਿਚ ਸ਼ਾਮਲ ਹੋਣਗੇ, ਅਤੇ ਇਸ ਮਤਲਬ ਵਾਸਤੇ ਹੋਰ ਸਾਥੀ ਨਾਲ ਮਿਲਾਉਣਗੇ। ਚਾਰ ਦਿਨ ਪਿਛੋਂ ਇਕ ਹੋਰ ਮੀਟਿੰਗ ਹੋਈ, ਜਿਸ ਵਿਚ ਸ਼੍ਰੀ ਸੁਚਾ ਸਿੰਘ ਨੇ ਦੱਸਿਆ ਕਿ ਗਦਰ ਦੀ ਤਾਰੀਖ ੨੭ ਨਵੰਬਰ ਕਰ ਦਿੱਤੀ ਗਈ ਹੈ। ੨੬ ਨਵੰਬਰ ਨੂੰ ਘੋੜ ਸਵਾਰਾਂ ਦੀ ਇਕ ਫਿਰ ਮੀਟਿੰਗ ਹੋਈ, ਜਿਸ ਵਿਚ ਇਹ ਪੁਖਤਾ ਫੈਸਲਾ ਕੀਤਾ ਗਿਆ ਕਿ ਸ਼ਾਮ ਨੂੰ ਘੋੜਿਆਂ ਸਮੇਤ ਝਾੜ ਸਾਹਿਬ ਜਾਇਆ ਜਾਏ। ੨੩ ਨਵੰਬਰ ਦੀ ਬਜਾਏ ਗਦਰ ਦੀ ੨੭ ਨਵੰਬਰ ਤਾਰੀਖ ਇਸ ਵਾਸਤੇ ਪਾਉਣੀ ਪਈ ਸੀ ਕਿ ਪਤਾ ਲ਼ਗਾ ਕਿ ਸ਼੍ਰੀ ਨਿਧਾਨ ਸਿੰਘ 'ਚੁਘਾ' ਦੀ ਪਾਰਟੀ ਇਸ ਤੋਂ ਪਹਿਲੋਂ ਨਹੀਂ ਸ਼ਾਮਲ ਹੋ ਸਕਦੀ। ਸ਼੍ਰੀ ਨਿਧਾਨ ਸਿੰਘ ਮੁਲਾਂ ਪੁਰ ਵਿਚ ੨੩ ਨਵੰਬਰ ਨੂੰ ਗਦਰੀਆਂ ਦੀ ਹੋਣ ਵਾਲੀ ਮੀਟਿੰਗ ਦਾ ਫੈਸਲਾ ਉਡੀਕਦ ਸਨ।

*Second Case, Judgement, pp. 52-50.

*Second Case, Judgement, p. 53.

੨੬ ਨਵੰਬਰ ਨੂੰ ਸ਼੍ਰੀ ਨਿਧਾਨ ਸਿੰਘ, ਸ਼੍ਰੀ ਲਾਲ ਸਿੰਘ ਸ਼੍ਰੀ ਹਰਨਾਮ ਸਿੰਘ, ਸ਼੍ਰੀ ਇੰਦਰ ਸਿੰਘ, ਸ਼੍ਰੀ ਜਗਤ ਸਿੰਘ, ਅਤੇ ਹੋਰ ਬਹੁਤ ਸਾਰੇ ਗਦਰੀਆਂ, ਅਤੇ ਅਕੱਠੇ ਕੀਤੇ ਹੋਏ ਪੇਂਡੂਆਂ ਦਾ, ਝਾੜ ਸਾਹਿਬ ਇਕ ਤਕੜਾ ਅਕੱਠ ਹੋਇਆ। ਇਨ੍ਹਾਂ ਗਦਰੀਆਂ ਪਾਸ ਕੇਵਲ ਛਵੀਆਂ ਅਤੇ ਗੰਡਾਸੇ ਸਨ, ਅਤੇ ਓਹ ਤੇਈਵੇਂ ਰਸਾਲੇ ਦੇ ਘੋੜ ਸਵਾਰਾਂ ਨੂੰ ਉਡੀਕਦੇ ਸਨ ਕਿ ਓਹ ਉਨ੍ਹਾਂ ਨੂੰ ਹਥਿਆਰ ਲਿਆਕੇ ਦੇਣਗੇ। ਤੇਈਵੇਂ ਰਿਸਾਲੇ ਦੇ ਘੋੜ ਸਵਾਰਾਂ ਨੇ ਗਦਰੀਆਂ ਨਾਲ ਇਕਰਾਰ ਕੀਤਾ ਹੋਇਆ ਸੀ ਕਿ ਓਹ ੨੬ ਨਵੰਬਰ ਨੂੰ ਗਦਰ ਕਰਕੇ ਆਪਣੇ ਅਫਸਰਾਂ ਅਤੇ ਲਾਹੌਰ ਦੀਆਂ ਗੋਰਾ ਫੌਜਾਂ ਨੂੰ ਕਤਲ ਕਰ ਦੇਣਗੇ, ਅਤੇ ਮੇਗਜ਼ੀਨ ਨੂੰ ਲੁਟਕੇ ਗਦਰੀਆਂ ਨਾਲ ਝਾੜ ਸਾਹਿਬ ਆ ਮਿਲਣਗੇ। ਅਗੋਂ ਦਾ ਪ੍ਰੋਗਰਾਮ ਇਹ ਸੀ ਕਿ ਗਦਰੀ ਅਤੇ ਰਸਾਲੇ ਦੇ ਸਵਾਰ ਮਿਲਕੇ ਕੁਝ ਲਾਹੌਰ ਜਾਕੇ ਗਦਰ ਫੈਲਾਉਣਗੇ, ਅਤੇ ਕੁਝ ਤਰਨਤਾਰਨ ਦੇ ਇਲਾਕੇ ਵਿਚ। ਪਰ ਤੇਈਵੇਂ ਰਸਾਲੇ ਦੇ ਸਵਾਰ ਝਾੜ ਸਾਹਿਬ ਨਾ ਪੁਜੇ, ਅਤੇ ਗਦਰੀਆਂ ਦੇ ਅਕੱਠ ਨੇ ਉਡੀਕ ਉਡੀਕ ਕੇ ਇਹ ਫੈਸਲਾ ਕੀਤਾ ਕਿ ੨੭ ਨਵੰਬਰ ਨੂੰ ਸਰਹਾਲੀ ਲਾਗੇ ਖੇਰੋਂ ਦੇ ਥੇਹ ਉਤੇ ਅਕੱਠੇ ਹੋਕੇ ਸਰਹਾਲੀ ਅਤੇ ਪਟੀ ਦੇ ਠਾਣਿਆਂ ਉਤੇ ਹਲਾ ਕੀਤਾ ਜਾਏ, ਅਤੇ ਓਥੋਂ ਹਥਿਆਰ ਖੋਹ ਕੇ ਤਰਨ ਤਾਰਨ ਦਾ ਖਜ਼ਾਨਾ ਲੁਟਿਆ ਜਾਏ। ੨੭ ਨਵੰਬਰ ਨੂੰ ਗਦਰੀ ਖੇਰੋਂ ਦੇ ਥੇਹ ਉਤੇ ਅਕੱਠੇ ਹੋਏ; ਅਤੇ ਦਦੇਹਰ ਪਿੰਡ ਦੇ ਦਾਰੀ ਦਸ ਨੰਬਰੀਏ ਰਾਹੀਂ ਬਹਾਨਾ ਬਣਾ ਕੇ ਸਰਹਾਲੀ ਠਾਣੇ ਦਾ ਦਰਵਾਜ਼ਾ ਖੁਲ੍ਹਾਉਣ ਦੀ ਤਜਵੀਜ਼ ਸੋਚੀ। ਪਰ ਦਾਰੀ ~ ਆਇਆ ਅਤੇ ਸਰਹਾਲੀ ਠਾਣੇ ਉਤੇ ਪੁਲਸੀ ਸਿਪਾਹੀਆਂ ਦਾ ਸਨੱਧ ਬੱਧ ਪਹਿਰਾ ਹੋਣ ਕਰਕੇ, ਅਤੇ ਗਦਰੀ ਬੇ-ਹਥਿਆਰੇ ਹੋਣ ਕਰਕੇ, ਠਾਣੇ ਉਤੇ ਹੱਲਾ ਕਰਨ ਦੀ ਤਜਵੀਜ਼ ਛੱਡ ਦਿੱਤੀ ਗਈ। ਅਕੱਠ ਦੇ ਕੁਝ ਆਦਮੀ ਘਰਾਂ ਨੂੰ ਚਲੇ ਗਏ; ਸ਼੍ਰੀ ਪਰੇਮ ਸਿੰਘ ਲਾਹੌਰ ਇਹ ਪਤਾ ਕਰਨ ਚਲੇ ਗਏ ਕਿ ਤੇਈਵੇਂ ਰਸਾਲੇ ਦੇ ਸਵਾਰ ਕਿਉਂ ਨਹੀਂ ਆਏ; ਅਤੇ ਬਾਕੀ ਦੇ ਗਦਰੀ ਸ਼੍ਰੀ ਲਾਲ ਸਿੰਘ 'ਭੂਰੇ' ਦੀ ਜਥੇਦਾਰੀ ਹੇਠ ਬਿਆਸ ਦਰਿਆ ਦੇ ਝਲਾਂ ਵਿਚ ਲੁਕ ਕੇ ਤੇਈਵੇਂ ਰਸਾਲੇ ਦੇ ਸਵਾਰਾਂ ਦੀ ਹੋਰ ਉਡੀਕ ਕਰਨ ਲਗ ਪਏ। ਜਦ ਰਸਾਲੇ ਦੇ ਸਵਾਰਾਂ ਦੇ ਆਉਣ ਦੀ ਆਸ ਉੱਕਾ ਟੁਟ ਗਈ, ਗਦਰੀਆਂ ਦੀ ਬਿਆਸ ਦਰਿਆ ਉਤੇ ਅਕੱਠੀ ਹੋਈ ਪਾਰਟੀ ਖਿੰਡ ਪੁੰਡ ਗਈ, ਅਤੇ ਸ਼੍ਰੀ ਲਾਲ ਸਿੰਘ 'ਭੂਰੇ' ਵੀ ਮੀਆਂ ਮੀਰ ਸਵਾਰਾਂ ਬਾਰੇ ਪਤਾ ਕਰਨ ਚਲੇ ਗਏ।

ਇਹ ਗਲ ਨੋਟ ਕਰਨ ਵਾਲੀ ਹੈ ਕਿ ਗਦਰ ਜਲਦੀ ਸ਼ੁਰੂ ਕਰਨ ਲਈ ਜ਼ਿਆਦਾ ਜ਼ੋਰ ਤੇਈਵੇਂ ਰਸਾਲੇ ਦੇ ਕਈ ਘੋੜ ਸਵਾਰਾਂ ਵਲੋਂ ਦਿਤਾ ਗਿਆ ਸੀ*; ਕਿਉਂਕਿ ਉਨ੍ਹਾਂ ਨੂੰ ਖਿਆਲ ਸੀ ਕਿ ਜੇਕਰ ਗਦਰ ਪਿਛੇ ਪੈ ਗਿਆ, ਤਾਂ ਓਦੋਂ ਤੱਕ ਰਸਾਲਾ ਲੜਾਈ ਦੇ ਮੈਦਾਨ ਵਿਚ ਭੇਜਿਆ ਜਾ ਚੁਕਾ ਹੋਵੇਗਾ। ਪਰ ਐਨ ਮੌਕਿਆ ਸਿਰ ਆਕੇ ਇਸ ਰਸਾਲੇ ਦੇ ਸਵਾਰ ਕੀਤੇ ਇਕਰਾਰ ਉਤੇ ਪੂਰਾ ਨਾ ਉਤਰ ਸਕੇ। ਇਸਦਾ ਵਡਾ ਕਾਰਨ ਰਸਾਲੇ ਦੇ ਸਵਾਰਾਂ ਵਿਚ ਇਹ ਆਮ ਪ੍ਰਚੱਲਤ ਵੀਚਾਰ ਸੀ ਕਿ ਝਾੜ ਸਾਹਿਬ ਜਾਣ ਦੀ ਬਜਾਏ ਮੀਆਂ ਮੀਰ ਗਦਰ ਕੀਤਾ ਜਾਏ। ਪਰ ਗਦਰ ਦੀ ਪਹਿਲ ਗਦਰੀ ਇਨਕਲਾਬੀ ਕਰਨ; ਅਤੇ ਰਸਾਲੇ ਵਾਲੇ ਓਦੋਂ ਸ਼ਾਮਲ ਹੋਣ ਜਦੋਂ ਇਨਕਲਾਬੀ ਗਦਰ ਕਰਕੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਬੈਰਕਾਂ

*Second Case, Judgement, p. 33.

ਵਿਚ ਆ ਮਿਲਣ*। ਇਨਕਲਾਬੀ ਇਸ ਕਰਕੇ ਪਹਿਲ ਨਹੀਂ ਸਨ ਕਰ ਸਕਦੇ ਕਿਉਂਕਿ ਉਨ੍ਹਾਂ ਪਾਸ ਹਥਿਆਰ ਨਹੀਂ ਸਨ। ਸਗੋਂ ਓਹ ਆਸ ਕਰਦੇ ਸਨ ਕਿ ਫੌਜ ਵਾਲੇ ਉਨ੍ਹਾਂ ਨੂੰ ਹਥਿਆਰ ਦੇਣਗੇ। ਇਹ ਅੜਾਉਣੀ ਨਾ ਕੇਵਲ ਇਸ ਮੌਕਿਆ ਦੇ ਹਥੋਂ ਜਾਣ ਦਾ ਕਾਰਨ ਬਣੀ, ਬਲਕਿ ਗਦਰੀ ਇਨਕਲਾਬੀਆਂ ਦੀਆਂ ਅਗੋਂ ਦੀਆਂ ਕਾਰਰਵਾਈਆਂ ਦੇ ਰਾਹ ਵਿਚ ਵੀ ਵੱਡਾ ਰੋੜਾ ਸਾਬਤ ਹੋਈ।

ਰਸਾਲੇ ਦੇ ਆਮ ਸਵਾਰਾਂ ਦੀ ਜਕੋ ਤਕੋ ਦੇ ਬਾਵਜੂਦ, ੨੭ ਨਵੰਬਰ ਦੀ ਰਾਤ ਨੂੰ ਵੀਹ ਪੰਝੀ ਦੇ ਕਰੀਬ ਸਵਾਰ ਝਾੜ ਸਾਹਿਬ ਜਾਣ ਵਾਸਤੇ ਅਕੱਠੇ ਹੋ ਗਏ, ਅਤੇ ਚਾਰ ਸਵਾਰ ਚਲੇ ਵੀ ਜਾ ਚੁਕੇ ਸਨ। ਰਸਾਲੇ ਦੇ ਗ੍ਰੰਥੀ ਮੂਲਾ ਸਿੰਘ ਨੂੰ ਸਵਾਰਾਂ ਦੇ ਇਸ ਇਕੱਠ ਦੇ ਮੰਤਵ ਦਾ ਪਤਾ ਲਗ ਗਿਆ, ਅਤੇ ਉਸ ਨੇ ਉਨ੍ਹਾਂ ਨੂੰ ਇਹ ਪ੍ਰੇਰਨਾ ਕਰਕੇ ਜਾਣੋਂ ਰੋਕ ਦਿਤਾ ਕਿ ਗਦਰ ਦੀ ਕਾਮਯਾਬੀ ਦੀ ਕੋਈ ਆਸ ਨਹੀਂ। ਅਗਲੇ ਦਿਨ ਸਾਰੇ ਰਸਾਲੇ ਵਿਚ ਇਹ ਆਮ ਚਰਚਾ ਹੋਣ ਲਗ ਪਈ ਕਿ ਜੇ ਗਰੰਥੀ ਨਾ ਰੋਕਦਾ ਤਾਂ ਇਕ ਸਾਰਾ ਤੁਰਪ ਗਦਰ ਕਰ ਦਿੰਦਾ। ਜਿਹੜੇ ਚਾਰ ਸਵਾਰ ਜਾ ਚੁਕੇ ਸਨ, ਉਨ੍ਹਾਂ ਵਿਚੋਂ ਇਕ ਅਗਲੇ ਦਿਨ ਵਾਪਸ ਪਰਤ ਆਇਆ; ਅਤੇ ਬਾਕੀ ਦੇ ਭੂਰੇ, ਤਰਨ ਤਾਰਨ, ਸਰਹਾਲੀ ਅਤੇ ਦਦੇਹਰ ਆਦਿ ਥਾਈਂ ਗਦਰੀ ਇਨਕਲਾਬੀਆਂ ਨੂੰ ਲਭਦੇ ਲਭਾਉਂਦੇ ਝਾੜ ਸਾਹਿਬ ਪੁਜੇ। ਕਪੂਰ ਸਿੰਘ ਨੂੰ ਸ਼੍ਰੀ ਲਾਲ ਸਿੰਘ 'ਭੂਰੇ' ਦੇ ਭਰਾ ਤੋਂ ਝਾੜ ਸਾਹਿਬ ਹੋਏ ਅਕੱਠ ਦਾ ਪਤਾ ਲਗ ਗਿਆ ਸੀ, ਅਤੇ ਉਸ ਨੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੂੰ ੩੦ ਨਵੰਬਰ ਨੂੰ ਜਾ ਇਤਲਾਹ ਦਿਤੀ। ਇਸ ਕਰਕੇ ਪੁਲਸ ਅਤੇ ਇਕ ਰਸਾਲੇ ਦਾ ਦਸਤਾ ਝਾੜ ਸਾਹਿਬ ਆ ਗਿਆ ਸੀ, ਜਿਸ ਨੇ ਤੇਈਵੇਂ ਰਸਾਲੇ ਦੇ ਉਪ੍ਰੋਕਤ ਤਿੰਨ ਸਵਾਰਾਂ ਨੂੰ ਗ੍ਰਿਫਤਾਰ ਕਰਕੇ ਫੌਜੀ ਕਰਮਚਾਰੀਆਂ ਦੇ ਹਵਾਲੇ ਕਰ ਦਿੱਤਾ।

ਇਸੇ ਸਮੇਂ ਦੇ ਦੌਰਾਨ ਵਿਚ ਮਾਲਵੇ ਅਤੇ ਦੁਆਬੇ ਦੇ ਗਦਰੀਆਂ ਦਾ ਜਥਾ ਆਜ਼ਾਦਾਨਾ ਤੌਰ ਉਤੇ ਕੰਮ ਕਰ ਰਿਹਾ ਸੀ, ਭਾਵੇਂ ਉਸ ਦਾ ਮਾਝੇ ਵਿਚ ਗਦਰੀਆਂ ਦੀਆਂ ਉਪ੍ਰੋਕਤ ਕਾਰਰਵਾਈਆਂ ਨਾਲ ਥੋੜਾ ਤਾਲ ਮੇਲ ਵੀ ਸੀ। ਸ਼੍ਰੀ ਨਿਧਾਨ ਸਿੰਘ ਦੀ ਜਥੇਦਾਰੀ ਹੇਠ 'ਮਸ਼ੀਮਾ ਮਾਰੂ' ਜਹਾਜ਼ ਉਤੇ ਆਈ ਗਦਰੀਆਂ ਦੀ ਟੋਲੀ ਦੋ ਹਿੱਸਿਆਂ ਵਿਚ ਪੰਜਾਬ ਆਈ, ਇਕ ਸਿੱਧੀ ਅਤੇ ਇਕ ਹਜ਼ੂਰ ਸਾਹਿਬ ਰਾਹੀਂ। ਪਰ ਉਨ੍ਹਾਂ ਨੇ ਨਿਖੜਨ ਤੋਂ ਪਹਿਲੋਂ ਮੋਗੇ ਅਕੱਠੇ ਹੋਣ ਦਾ ਫੈਸਲਾ ਕਰ ਲਿਆ ਸੀ। ਗਦਰੀਆਂ ਦੀ ਇਹ ਟੋਲੀ ਮੋਗੇ ਅਕੱਠੀ ਹੋਈ, ਪਰ ੨੩ ਨਵੰਬਰ ਤਕ ਬਿਨਾਂ ਕੋਈ ਖਾਸ ਕਾਰਰਵਾਈ ਕਰਨ ਦੇ ਇਧਰ ਉਧਰ ਫਿਰਦੀ ਰਹੀ। ਇਸ ਅਰਸੇ ਵਿਚ ਲਾਡੋਵਾਲ (ਲੁਧਿਹਾਣੇ ਪਾਸ) ੧੭ ਨਵੰਬਰ ਨੂੰ ਗਦਰੀ ਲੀਡਰਾਂ ਦੀ ਇਕ ਮੀਟਿੰਗ ਹੋਈ, ਜਿਸ ਦਾ 'ਤੋਸ਼ਾ ਮਾਰੂ' ਜਹਾਜ਼ ਉਤੇ ਹਾਂਗ ਕਾਂਗ ਫੈਸਲਾ ਕੀਤਾ ਗਿਆ ਸੀ। ਇਸ ਮੀਟਿੰਗ ਵਿਚ ਸ਼ਾਮਲ ਹੋਣ ਵਾਲਿਆਂ ਵਿਚੋਂ ਵਿਸ਼ੇਸ਼ ਇਹ ਸਨ : ਸ਼੍ਰੀ ਪ੍ਰਿਥੀ ਸਿੰਘ, 'ਪੰਡਤ' ਜਗਤ ਰਾਮ, ਸ਼੍ਰੀ ਕਰਤਾਰ ਸਿੰਘ 'ਸਰਾਭਾ', ਸ਼੍ਰੀ ਨਿਧਾਨ ਸਿੰਘ 'ਚੁਘਾ', ਸ਼੍ਰੀ ਰਾਮ ਰਖਾ, ਸ਼੍ਰੀ ਜੀਵਨ ਸਿੰਘ, 'ਪੰਡਤ' ਕਾਂਸ਼ੀ ਰਾਮ ਅਤੇ ਸ਼੍ਰੀ ਜਗਤ ਸਿੰਘ। ਬੰਬ ਬਨਾਉਣ ਅਤੇ ਗਦਰੀ ਸਾਹਿਤ ਛਾਪਣ ਬਾਰੇ ਵੀਚਾਰ ਹੋਈ। ਪਰ ਵਡਾ ਫੈਸਲਾ ਇਹ ਹੋਇਆ ਕਿ ਅੱਡ ਅੱਡ ਸਰਕਾਰੀ ਖਜ਼ਾਨਿਆਂ ਨੂੰ ਲੁਟਿਆ ਜਾਏ। ਲੀਡਰਾਂ ਨੂੰ ਆਪਣੇ ਆਪਣੇ ਆਦਮੀ ਅਕੱਠੇ ਕਰਨ ਵਾਸਤੇ ਆਖਿਆ ਗਿਆ, ਅਤੇ ਆਪਣੀਆਂ ਤਜਵੀਜ਼ਾਂ ਨੂੰ ਮੁਕੰਮਲ ਕਰਨ ਵਾਸਤੇ ੧੯ ਨਵੰਬਰ ਨੂੰ ਮੋਗੇ ਅਕੱਠੇ ਹੋਣ ਵਾਸਤੇ ਫੈਸਲਾ ਹੋਇਆ।

੧੯ ਨਵੰਬਰ ਨੂੰ ਮੋਗੇ ਮੀਟਿੰਗ ਹੋਈ, ਜਿਸ ਵਿਚ 'ਪੰਡਤ' ਕਾਂਸ਼ੀ ਰਾਮ, ਸ਼੍ਰੀ ਨਿਧਾਨ ਸਿੰਘ 'ਚੁਘਾ', ਸ਼੍ਰੀ ਕਰਤਾਰ ਸਿੰਘ 'ਸਰਾਭਾ', ਸ਼੍ਰੀ ਜਗਤ ਸਿੰਘ, ਸ਼੍ਰੀ ਪਿਰਥੀ ਸਿੰਘ ਅਤੇ ਨਵਾਬ ਖਾਨ ਸ਼ਾਮਲ ਹੋਏ। ਪੈਸੇ ਅਕੱਠੇ ਕਰਨ, ਗਦਰ ਸ਼ੁਰੂ ਕਰਨ, ਫੌਜਾਂ ਨੂੰ ਵਰਗਲਾਉਣ ਅਤੇ ਸਰਕਾਰੀ ਖਜ਼ਾਨੇ ਲੁਟਣ ਬਾਰੇ ਚਰਚਾ ਹੋਈ; ਪਰ ਸਰਕਾਰੀ ਖਜ਼ਾਨੇ ਲੁਟਣ ਦੇ ਪ੍ਰੋਗਰਾਮ ਨੂੰ ਤਰਕ ਕਰ ਦਿੱਤਾ ਗਿਆ, ਕਿਉਂਕਿ ਇਸ ਦੀ ਸਫਲਤਾ ਦੇ ਘਟ ਚਾਨਸ ਦਿੱਸੇ। ਵਡਾ ਫੈਸਲਾ ਇਹ ਹੋਇਆ ਕਿ ੨੫ ਨਵੰਬਰ ਨੂੰ ਮੀਆਂਮੀਰ ਦਾ ਮੈਗਜ਼ੀਨ ਲੁਟਿਆ ਜਾਏ। ਲੀਡਰਾਂ ਨੂੰ ਆਪਣੇ ਆਦਮੀ ਅਕੱਠੇ ਕਰਨ ਵਾਸਤੇ ਆਖਿਆ ਗਿਆ, ਅਤੇ ਇਸ ਪਲੈਨ ਬਾਰੇ ਵਧੇਰੇ ਵੀਚਾਰ ਕਰਨ ਵਾਸਤੇ ੨੩ ਨਵੰਬਰ ਨੂੰ ਬਦੋਵਾਲ ਮੁਲਾਂਪੁਰ ਸਟੇਸ਼ਨਾਂ ਦੇ ਵਿਚਕਾਰ ਮੀਟਿੰਗ ਨੀਯਤ ਕੀਤੀ ਗਈ। ਸ਼੍ਰੀ ਨਿਧਾਨ ਸਿੰਘ 'ਚੁਘਾ' ਅਤੇ 'ਪੰਡਤ' ਕਾਂਸ਼ੀ ਰਾਮ ਦੀ ਡੀਊਟੀ ਲਾਈ ਗਈ ਕਿ ੨੩ ਤਾਰੀਖ ਦੀ ਮੀਟਿੰਗ ਵਿਚ ਰੀਪੋਟ ਕਰਨ ਕਿ ਕੀ ਮੀਆਂਮੀਰ ਮੈਗਜ਼ੀਨ ਲੁਟਣ ਦੀ ਤਜਵੀਜ਼ ਵਰਤੋਂ ਵਿਚ ਆ ਸਕੇਗੀ ਜਾਂ ਨਹੀਂ।

੨੩ ਨਵੰਬਰ ਨੂੰ ਬਦੋਵਾਲ ਮੁਲਾਂਪੁਰ ਸਟੇਸ਼ਨਾਂ ਵਿਚਕਾਰ ਗਦਰੀਆਂ ਦੀ ਜ਼ਰੂਰੀ ਮੀਟਿੰਗ ਹੋਈ, ਜਿਸ ਵਿਚ ਸ਼੍ਰੀ ਨਿਧਾਨ ਸਿੰਘ 'ਚੁਘਾ', ਸ਼੍ਰੀ ਕਰਤਾਰ ਸਿੰਘ 'ਸਰਾਭਾ', ਸ਼੍ਰੀ ਗਾਂਧਾ ਸਿੰਘ, ਸ਼੍ਰੀ ਜਗਤ ਸਿੰਘ, ਸ਼੍ਰੀ ਧਿਆਨ ਸਿੰਘ, 'ਪੰਡਤ' ਕਾਂਸ਼ੀ ਰਾਮ, ਸ਼੍ਰੀ ਰਹਿਮਤ ਅਲੀ ਖਾਨ, ਸ਼੍ਰੀ ਜੀਵਨ ਸਿੰਘ, ਅਮਰ ਸਿੰਘ ਰਾਜਪੂਤ (ਵਾਅਦਾ ਮੁਆਫ) ਅਤੇ ਨਵਾਬ ਖਾਨ (ਵਾਅਦਾ ਮੁਆਫ) ਨੇ ਭਾਗ ਲਿਆ। ਸ਼੍ਰੀ ਨਿਧਾਨ ਸਿੰਘ ਅਤੇ 'ਪੰਡਤ' ਕਾਂਸ਼ੀ ਰਾਮ ਦੀ ਰੀਪੋਟ ਮੀਆਂ ਮੀਰ ਮੈਗਜ਼ੀਨ ਉਤੇ ਹੱਲਾ ਕਰਨ ਦੇ ਹੱਕ ਵਿਚ ਸੀ, ਅਤੇ ਮੀਟਿੰਗ ਨੇ ਆਪਣੇ ਆਦਮੀ ਅਕੱਠੇ ਕਰਕੇ ੨੫ ਨਵੰਬਰ ਨੂੰ ਮੀਆਂਮੀਰ ਮੈਗਜ਼ੀਨ ਉਤੇ ਹੱਲਾ ਕਰਨ ਦਾ ਫੈਸਲਾ ਕੀਤਾ।

ਸ਼੍ਰੀ ਕਰਤਾਰ ਸਿੰਘ 'ਸਰਾਭਾ' ਰੇਲ ਦੇ ਸਫਰ ਵਿਚ ਇਕ ਵਾਰ ਇਤਫਾਕੀਆ ਇਕ ਹਵਾਲਦਾਰ ਨੂੰ ਮਿਲ ਪਏ, ਅਤੇ ਉਸ ਨੂੰ ਸਿੱਧਾ ਨਿਝੱਕ ਹੋਕੇ ਕਹਿਣ ਲਗੇ ਕਿ 'ਤੂੰ ਨੌਕਰੀ ਕਿਉਂ ਨਹੀਂ ਛਡਦਾ' ? ਹਵਾਲਦਾਰ ਉਤੇ ਸ਼੍ਰੀ ਕਰਤਾਰ ਸਿੰਘ ਦੀ ਨਿਡਰੱਤਾ ਦਾ ਬੜਾ ਅਸਰ ਹੋਇਆ, ਅਤੇ ਉਸ ਨੇ ਜਵਾਬ ਦਿਤਾ, "ਆਪਣੇ ਆਦਮੀ ਮੀਆਂਮੀਰ ਲਿਆਓ। ਮੀਆਂਮੀਰ ਦੇ ਮੈਗਜ਼ੀਨ ਦੀਆਂ ਚਾਬੀਆਂ ਮੇਰੇ ਪਾਸ ਹਨ, ਅਤੇ ਮੈਂ ਤੁਹਾਡੇ ਹਵਾਲੇ ਕਰ ਦੇਵਾਂਗਾ"*। ਗਦਰੀ ਇਨਕਲਾਬੀਆਂ ਨੇ ਇਸ ਵਾਸਤੇ ਸਕੀਮ ਬਣਾਈ ਕਿ ੨੫ ਨਵੰਬਰ ਦੀ ਰਾਤ ਨੂੰ ਮੀਆਂਮੀਰ ਮੈਗ-ਜ਼ੀਨ ਉਤੇ ਛਾਪਾ ਮਾਰਿਆ ਜਾਏ। ਨਵਾਬ ਖਾਨ ਅਤੇ ਉਸ ਦੇ ਸਾਥੀਆਂ ਦੀ ਰੇਲ ਦੀ ਲਾਈਨ ਪੁਟਣ ਦੀ ਡੀਊਟੀ ਲਾਈ ਗਈ, ਅਤੇ ਸ਼੍ਰੀ ਕਰਤਾਰ ਸਿੰਘ 'ਸਰਾਭਾ' ਦੀ ਤਾਰ (Telegraph) ਦੀਆਂ ਤਾਰਾਂ ਕਟਣ ਦੀ। ਮੀਆਂਮੀਰ ਮੈਗਜ਼ੀਨ ਦੀ ਚਾਬੀ ਲੈਕੇ ਮੈਗਜ਼ੀਨ ਤੋਂ ਹਥਿਆਰ ਲੈਣੇ ਸਨ, ਜਿਨ੍ਹਾਂ ਨਾਲ ਮੀਆਂਮੀਰ ਛਾਉਣੀ ਦੀਆਂ ਗੋਰਾ ਫੌਜਾਂ ਉਤੇ ਹੱਲਾ ਕਰਨਾ ਸੀ। ਪਰ ਜਿਸ ਸਿਪਾਹੀ ਨੇ ਮੈਗਜ਼ੀਨ ਦੀਆਂ ਚਾਬੀਆਂ ਗਦਰੀਆਂ ਦੇ ਹਵਾਲੇ ਕਰਨੀਆਂ ਸਨ, ਉਸ ਦੀ ਸਬੱਬੀਂ ਅਚਾਨਕ ਲਾਹੌਰੋਂ ਬਦਲੀ

*Second Case, Judgement, pp. 53-55.

*Bh. Parmanand p. 82. ਪਹਿਲੇ ਮੁਕੱਦਮੇ ਦੇ ਫੈਸਲੇ ਵਿਚ ਇਹ ਦਸਿਆ ਗਿਆ ਹੈ ਕਿ ਫੌਜੀ ਸਿਪਾਹੀ ਤੋਂ ਭਾਈ ਪਰਮਾਨੰਦ ਨੇ ਚਾਬੀਆਂ ਲੈ ਕੇ ਦੇਣ ਦਾ ਪਰਬੰਧ ਕੀਤਾ ਸੀ। ਪਰ ਇਹ ਸਿਰਫ ਭਾਈ ਪਰਮਾਨੰਦ ਨੂੰ ਮੁਕੱਦਮੇਂ ਵਿਚ ਲਪੇਟਣ ਵਾਸਤੇ ਪੁਲਸ ਵਲੋਂ ਘਾੜਤ ਘੜੀ ਗਈ ਜਾਪਦੀ ਹੈ।



Digitized by Panjab Digital Library | www.panjabdigilib.org

ਹੋ ਗਈ, ਅਤੇ ਗਦਰੀਆਂ ਦੀ ਸਕੀਮ ਧਰੀ ਧਰਾਈ ਰਹਿ ਗਈ। ਕਈ ਗਦਰੀ ਮੀਆਂਮੀਰ ਪੁਜ ਵੀ ਗਏ ਸਨ ਅਤੇ ਰਾਤ ਦੇ ਦਸ ਵਜੇ ਤਕ ਮੀਆਂਮੀਰ ਸਟੇਸ਼ਨ ਪਾਸ ਸਰਕੜਿਆਂ ਵਿਚ ਇੰਤਜ਼ਾਰ ਕਰਦੇ ਰਹੇ। ਬਾਕੀਆਂ ਨੂੰ ਫੀਰੋਜ਼ਪੁਰ ਅਤੇ ਲੁਧਿਹਾਣੇ ਉਚੇਚੇ ਆਦਮੀ ਭੇਜ ਕੇ ਮੀਆਂਮੀਰ ਆਉਣੋਂ ਰੋਕਿਆ ਗਿਆ।

ਮੀਆਂਮੀਰ ਮੈਗਜ਼ੀਨ ਦੀ ਸਕੀਮ ਫੇਲ ਹੋ ਜਾਣ ਉਤੇ ਗਦਰੀਆਂ ਨੂੰ ਫੀਰੋਜ਼ ਪੁਰ ਅਕੱਠੇ ਹੋਣ ਵਾਸਤੇ ਆਖਿਆ ਗਿਆ। ਇਸ ਹੁਕਮ ਅਨੁਸਾਰ ਫੀਰੋਜ਼ਪੁਰ ਸ਼ਹਿਰ ਤੋਂ ਬਾਹਰ ਜਲਾਲਾ ਬਾਦ ਸੜਕ ਉਤੇ ਗਦਰੀ ਅਕੱਠੇ ਹੋਏ, ਜਿਥੇ ਸ਼੍ਰੀ ਨਿਧਾਨ ਸਿੰਘ 'ਚੁਘਾ' ਨੇ ਦਸਿਆ ਕਿ ਉਨ੍ਹਾਂ ੩੦ ਨਵੰਬਰ ਨੂੰ ਫੀਰੋਜ਼ਪੁਰ ਤਈਨਾਤ ਇਕ ਪਠਾਣ ਪਲਟਣ ਤੋਂ ਹਥਿਆਰ ਲੈਣ ਦਾ ਪ੍ਰਬੰਧ ਕੀਤਾ ਹੈ, ਅਤੇ ਸਾਰਿਆਂ ਨੂੰ ਆਖਿਆ ਗਿਆ ਕਿ ਓਹ ੩੦ ਨਵੰਬਰ ਨੂੰ ਫੀਰੋਜ਼ਪੁਰ ਦੇ ਹਥਿਆਰਾਂ ਦੇ ਜ਼ਖੀਰੇ (Arsenal) ਉਤੇ ਹੱਲਾ ਕਰਨ ਵਾਸਤੇ ਅਕੱਠੇ ਹੋਣ। ਪਰ ੩੦ ਨਵੰਬਰ ਤਕ ਵਿਹਲੇ ਨਾ ਰਹਿਣ ਖਾਤਰ ਸ਼੍ਰੀ ਨਿਧਾਨ ਸਿੰਘ ਦੀ ਟੋਲੀ ਨੇ ਇਹ ਸਲਾਹ ਬਣਾਈ ਕਿ ਇਸ ਤੋਂ ਪਹਿਲੋਂ ਮੋਗੇ ਦਾ ਸਰਕਾਰੀ ਖਜ਼ਾਨਾ ਲੁਟਿਆ ਜਾਏ। ਕੁਝ ਗਦਰੀ ਮੋਗੇ ਜਾਣ ਲਈ ਗੱਡੀ ਉਤੇ ਸਵਾਰ ਹੋ ਗਏ, ਅਤੇ ਜੋ ਗੱਡੀ ਤੋਂ ਪੱਛੜ ਗਏ ਉਹ ਟਾਂਗਿਆਂ ਉਤੇ ਸਵਾਰ ਹੋ ਕੇ ਮੋਗੇ ਨੂੰ ਚਲ ਪਏ। ਜਿਹੜੀ ਟੋਲੀ ਟਾਂਗਿਆਂ ਉਤੇ ਜਾ ਰਹੀ ਸੀ, ਜਦ ਇਹ ਫੀਰੋਜ਼ ਸ਼ਹਿਰ ਠਾਣੇ ਪਾਸ ਪੁਜੀ, ਤਾਂ ਉਸ ਨੂੰ ਇਤਫਾਕਆ ਸੜਕ ਉਤੇ ਬਿਸ਼ਾਰਤ ਅਲੀ (ਸਬ ਇੰਸਪੈਕਟਰ ਪੁਲੀਸ) ਅਤੇ ਜ਼ੈਲਦਾਰ ਜਵਾਲਾ ਸਿੰਘ ਸੜਕ ਉਤੇ ਮਿਲ ਪਏ, ਜੋ ਓਥੇ ਖੜੇ ਸੁਪ੍ਰਿੰਟੈਂਡੈਂਟ ਪੁਲੀਸ ਨੂੰ ਉਡੀਕ ਰਹੇ ਸਨ। ਜ਼ੈਲਦਾਰ ਨੇ ਆਖਿਆ ਕਿ ਟੋਲੀ ਸ਼ੱਕੀ ਜਾਪਦੀ ਹੈ। ਬਿਸ਼ਾਰਤ ਅਲੀ ਦੇ ਇਹ ਗਲ ਮੰਨ ਲਗੀ ਅਤੇ ਉਸ ਨੇ ਟਾਂਗੇ ਖਲਿਆਰਨ ਲਈ ਆਖਿਆ। ਪਰ ਟਮ ਟਮਾਂ ਅਗੇ ਨਾਲੋਂ ਵੀ ਤੇਜ਼ ਦੌੜਨ ਲਗ ਪਈਆਂ, ਅਤੇ ਪੁਲਸ ਸਬ ਇੰਸਪੈਕਟਰ ਨੇ ਘੋੜਾ ਦੁੜਾ ਕੇ ਉਨ੍ਹਾਂ ਨੂੰ ਖੜੇ ਕੀਤਾ। ਜਦ ਸਬ ਇੰਸਪੈਕਟਰ ਗਦਰੀਆਂ ਨੂੰ ਟਮ ਟਮਾਂ ਤੋਂ ਉਤਾਰਕੇ ਤਲਾਸ਼ੀ ਲੈਣ ਲਗਾ, ਸ਼੍ਰੀ ਚੰਦਾ ਸਿੰਘ ਅਤੇ ਸ਼੍ਰੀ ਗਾਂਧਾ ਸਿੰਘ ਨੇ ਪਸਤੌਲ ਦਾਗ ਕੇ ਬਿਸ਼ਾਰਤ ਅਲੀ ਅਤੇ ਜ਼ੈਲਦਾਰ ਨੂੰ ਥਾਂ ਹੀ ਮਾਰ ਦਿਤਾ। ਰੌਲਾ ਪੈ ਜਾਣ ਕਰਕੇ ਪੁਲਸ ਠਾਣੇ, ਜੋ ਲਾਗੇ ਸੀ, ਵਿਚੋਂ ਬੰਦੂਕਾਂ ਲੈ ਕੇ ਆ ਗਈ। ਲਾਗਲੇ ਪਿੰਡਾਂ ਦੇ ਲੋਕੀਂ ਵੀ ਪੁਲਸ ਨਾਲ ਸ਼ਾਮਲ ਹੋ ਕੇ ਗਦਰੀਆਂ ਦਾ ਪਿੱਛਾ ਕਰਨ ਲਗ ਪਏ। ਗਦਰੀਆਂ ਨੂੰ ਇਕ ਨਹਿਰ ਦੇ ਬੰਨੇ ਦੇ ਸਰਕੜਿਆਂ ਵਿਚ ਜਾਣ ਲਈ ਮਜਬੂਰ ਹੋਣਾ ਪਿਆ। ਸਰਕੜਿਆਂ ਨੂੰ ਅਗ ਲਾ ਦਿੱਤੀ ਗਈ। ਸਤ ਗਦਰੀ ਫੜ ਲਏ ਗਏ, ਛੇ ਬਚ ਨਿਕਲੇ, ਪਰ ਦੋ ਸਰਕੜਿਆਂ ਵਿਚੋਂ ਫਾਇਰ ਕਰਦੇ ਰਹੇ। ਇਸ ਕਰਕੇ ਸਾਰੀਆਂ ਬੰਦੂਕਾਂ ਦੇ ਫਾਇਰ ਉਨ੍ਹਾਂ ਉਤੇ ਹੋਣ ਲਗ ਪਏ। ਜਦ ਗੋਲੀ ਚਲਣੀ ਬੰਦ ਹੋਈ ਤਾਂ ਵੇਖਿਆ ਗਿਆ ਕਿ ਦੋਹਾਂ ਗਦਰੀਆਂ ਵਿਚੋਂ ਇਕ ਮਰ ਚੁਕਾ ਸੀ ਅਤੇ ਦੂਸਰਾ ਮਰਨ ਦੇ ਕਰੀਬ ਸੀ*। ਮੌਕਿਆ ਉਤੇ ਸ਼ਹੀਦ ਹੋਣ ਵਾਲੇ ਗਦਰੀਆਂ ਦੇ ਨਾਮ ਸਨ ਸ਼੍ਰੀ ਚੰਦਾ ਸਿੰਘ (ਵੜੈਚ) ਅਤੇ ਸ਼੍ਰੀ ਧਿਆਨ ਸਿੰਘ (ਬੰਗੁਈ, ਲੁਧਿਆਣਾ)†। ਜਿਹੜੇ ਸਤ ਗਦਰੀ ਮੌਕਿਆ ਉਤੇ ਫੜੇ ਗਏ ਸਨ, ਉਨ੍ਹਾਂ ਨੂੰ ਸੇਸ਼ਨ ਜੱਜ ਫੀਰੋਜ਼ ਪੁਰ

*Isemonger and Slattery, pp. 70-71.

†ਗਦਰ ਪਾਰਟੀ ਦੇ ਕਈ ਮੁਖੀਆਂ ਦਾ ਬਿਆਨ ਹੈ ਕਿ ਜਦ ਸ਼੍ਰੀ ਚੰਦਾ ਸਿੰਘ ਅਤੇ ਸ਼੍ਰੀ ਧਿਆਨ ਸਿੰਘ ਨੂੰ ਅੱਗ ਨੇ ਚੁਫੇਰਿਉਂ ਘੇਰ ਲਿਆ, ਤਾਂ ਉਨ੍ਹਾਂ ਆਹਮੋਂ ਸਾਹਮਣੇ ਬੈਠਕੇ ਇਕ ਦੂਜੇ ਨੂੰ ਗੋਲੀ ਮਾਰ ਦਿਤੀ।

ਦੀ ਅਦਾਲਤ ਵਿਚ ਮੁਕੱਦਮਾ ਚਲਾ ਕੇ ਫਾਂਸੀ ਦੇ ਦਿੱਤਾ ਗਿਆ।

ਫੀਰੋਜ਼ ਸ਼ਹਿਰ ਵਿਚ ਹੋਈ ਇਸ ਘਟਨਾ ਕਾਰਨ ਲਹਿਰ ਨੂੰ ਖਾਸਾ ਧੱਕਾ ਲੱਗਾ। ਫੀਰੋਜ਼ਪੁਰ ਹਥਿਆਰਾਂ ਦੇ ਜ਼ਖੀਰੇ ਨੂੰ ਜੋ ਲੁਟਣ ਦੀ ਸਕੀਮ ਬਣਾਈ ਸੀ ਉਹ ਧਰੀ ਧਰਾਈ ਰਹਿ ਗਈ; ਜਹਾਜ਼ਾਂ ਉਤੋਂ ਫੜ ਕੇ ਨਜ਼ਰਬੰਦ ਕੀਤੇ ਜਾਣ ਕਰਕੇ ਗਦਰੀ ਇਨਕਲਾਬੀ ਜੋ ਪੰਜਾਬ ਆਉਣ ਵਿਚ ਕਾਮਯਾਬ ਹੋਏ ਸਨ, ਉਨ੍ਹਾਂ ਦੀ ਗਿਣਤੀ ਅਗੇ ਹੀ ਘੱਟ ਸੀ, ਇਸ ਘਟਨਾ ਦੇ ਕਾਰਨ ਕਈ ਸਰਗਰਮ ਸਾਥੀਆਂ (ਖਾਸ ਕਰ 'ਪੰਡਤ' ਕਾਂਸ਼ੀ ਰਾਮ ਅਤੇ ਸ਼੍ਰੀ ਰਹਿਮਤ ਅਲੀ) ਦੇ ਮਾਰੇ ਜਾਣ ਜਾਂ ਫੜਕੇ ਫਾਂਸੀ ਦਿੱਤੇ ਜਾਣ ਦੇ ਕਾਰਨ ਇਹ ਗਿਣਤੀ ਹੋਰ ਵੀ ਘਟ ਗਈ; ਫੀਰੋਜ਼ ਸ਼ਹਿਰ ਦੀ ਘਟਨਾਂ ਦੀ ਪੁਛ ਪੜਤਾਲ ਦੇ ਦੌਰਾਨ ਵਿਚ ਪੁਲਸ ਨੂੰ ਗਦਰ ਪਾਰਟੀ ਲਹਿਰ ਸੰਬੰਧੀ ਹੋਰ ਵਾਕਫੀਅਤ ਮਿਲ ਗਈ, ਜਿਸ ਦਾ ਇਕ ਸਿੱਧਾ ਸਿੱਟਾ ਇਹ ਨਿਕਲਿਆ ਕਿ ਕੁਝ ਦੇਰ ਪਿਛੋਂ 'ਪੰਡਤ' ਜਗਤ ਰਾਮ ਪਸ਼ੌਰ ਫੜੇ ਗਏ, ਅਤੇ ਸ਼੍ਰੀ ਪਿਰਥੀ ਸਿੰਘ ਅੰਬਾਲੇ ਛਾਉਣੀ ਵਿਚ, ਜਦ ਉਹ ਸਿਪਾਹੀਆਂ ਨੂੰ ਵਰਗਲਾਉਣ ਜਾ ਰਹੇ ਸਨ*।

ਫੀਰੋਜ਼ ਸ਼ਹਿਰ ਦੀ ਟੱਕਰ ਵਿਚੋਂ ਜੋ ਗਦਰੀ ਬਚ ਨਿਕਲੇ ਸਨ, ਉਨ੍ਹਾਂ ਵਿਚੋਂ ਕਈ ਨਵਾਬ ਖਾਨ ਨੂੰ ਆ ਮਿਲੇ। ਇਹ ਗਦਰੀਆਂ ਦੀ ਟੋਲੀ, ਜਿਸ ਦੀ ਗਿਣਤੀ ਵਧਦੀ ਘੱਟਦੀ ਰਹਿੰਦੀ ਸੀ, ਜਲੰਧਰ ਤੇ ਹੁਸ਼ਿਆਰਪੁਰ ਦੇ ਜ਼ਿਲਿਆਂ ਅਤੇ ਕਪੂਰਥਲਾ ਰਿਆਸਤ ਵਿਚ ਕੁਝ ਦੇਰ ਘੁਮਦੀ ਰਹੀ; ਇਸ ਮਨਸ਼ਾ ਨਾਲ ਕਿ ਡਾਕੇ ਮਾਰੇ ਜਾਣ, ਤਹਿਸੀਲਾਂ ਲੁਟੀਆਂ ਜਾਣ, ਅਤੇ ਰੇਲਾਂ ਦੇ ਪੁਲਾਂ ਅਤੇ ਪੁਲਸ ਦੀਆਂ ਚੌਂਕੀਆਂ ਉਤੇ ਹੱਲੇ ਕੀਤੇ ਜਾਣ। ਪਰ ਕੁਝ ਕਾਰਗਰ ਨਾ ਕਰ ਸੱਕਣ ਦੇ ਕਾਰਨ ਇਹ ਟੋਲੀ ਵੀ ਹੌਲੀ ਹੌਲੀ ਬਿਖਰ ਗਈ, ਅਤੇ ਨਵਾਬ ਖਾਨ ੧੯ ਦਸੰਬਰ ਨੂੰ ਗ੍ਰਿਫਤਾਰ ਹੋ ਗਿਆ।

ਝਾੜ ਸਾਹਿਬ ਅਤੇ ਮੀਆਂਮੀਰ ਦੀਆਂ ਸਕੀਮਾਂ ਫੇਲ ਹੋਣ, ਫੀਰੋਜ਼ ਸ਼ਹਿਰ ਦੀ ਘਟਨਾ ਦੇ ਕਾਰਨ ਸ਼੍ਰੀ ਨਿਧਾਨ ਸਿੰਘ ਦੇ ਜੱਥੇ ਦੇ ਟੁਟ ਜਾਣ, ਨਵਾਬ ਖਾਨ ਦੀ ਟੋਲੀ ਬਿਖਰ ਜਾਣ, ਅਤੇ 'ਪੰਡਤ' ਜਗਤ ਰਾਮ (੨੩ ਨਵੰਬਰ ਨੂੰ) ਤੇ ਸ਼੍ਰੀ ਪਿਰਥੀ ਸਿੰਘ (੮ ਦਸੰਬਰ ਨੂੰ) ਦੇ ਫੜੇ ਜਾਣ ਦੇ ਕਾਰਨ ਗਦਰੀ ਕਾਰਰਵਾਈਆਂ ਕੁਝ ਦੇਰ ਵਾਸਤੇ ਮੱਧਮ ਪੈ ਗਈਆਂ। "ਗਦਰੀ ਇਨਕਲਾਬੀ ਚੁਪ ਕਰਕੇ ਨਹੀਂ ਸਨ ਬੈਠ ਗਏ ਅਤੇ ਉਹ ਇਸ ਦੌਰਾਨ ਵਿਚ ਆਪਸ ਵਿਚ ਲਗਾਤਾਰ ਮਿਲਦੇ ਮਿਲਾਉਂਦੇ ਰਹੇ। ਪਰ ਜਾਪਦਾ ਹੈ ਕਿ ਕੁਝ ਸਮੇਂ ਲਈ ਉਨ੍ਹਾਂ ਨੂੰ ਮੇਲ ਕੇ ਚਲਾਉਣ ਵਾਲਾ ਕੋਈ ਮੁਖੀ ਨਾ ਰਿਹਾ*"। ਗਦਰੀ ਇਨਕਲਾਬੀਆਂ ਨੂੰ ਵੀ ਆਪਣੀ ਇਸ ਕਮੀ ਦਾ ਗਿਆਨ ਸੀ। ਜਦ ਸ਼੍ਰੀ ਕਰਤਾਰ ਸਿੰਘ 'ਸਰਾਭਾ' ਅਤੇ ਨਵਾਬ ਖਾਨ ਸ਼੍ਰੀ ਹਰੀ ਸਿੰਘ 'ਹੇਰਾਂ' ਨੂੰ ਆਪਣੇ ਨਾਲ ਸ਼ਾਮਲ ਕਰਨ ਲਈ ਪ੍ਰੇਰਨਾ ਕਰਨ ਵਾਸਤੇ ਮਿਲੇ, ਤਾਂ ਉਸ ਨੇ ਉਨ੍ਹਾਂ ਨੂੰ ਜਵਾਬ ਦਿਤਾ, "ਤੁਹਾਡੀ ਜਥੇਬੰਦੀ ਅਤੇ ਵਿਉਂਤ ਦੇ ਘਾਟੇ ਦੇ ਕਾਰਨ ਆਮ ਗਦਰੀ ਇਨਕਲਾਬੀ ਬਦਜ਼ਨ ਹੋ ਗਏ ਹਨ। ਵਿਹਲੇ ਰਹਿਣ ਤੋਂ ਤੰਗ ਪੈ ਕੇ ਓਹ ਘਰਾਂ ਨੂੰ ਚਲੇ ਗਏ ਹਨ†"। ਪਹਿਲੇ ਮੁਕੱਦਮੇ ਵਿਚ ਅਤੇ ਪੰਜਾਬ ਪੁਲਸ ਅਫਸਰਾਂ ਦੀ ਲਿਖਤ ਵਿਚ

*Isemonger and Slattery, p. 76.

*First Case, The Revolutionists in India, Outline of Proceedings in India, p. 4.

†Isemonger and Slattery, p. 75.



ਸ਼੍ਰੀ ਕੇਹਰ ਸਿੰਘ



ਸ਼੍ਰੀ ਮੇਵਾ ਸਿੰਘ 'ਸ਼ਹੀਦ'



ਸ਼੍ਰੀ ਰਹਿਮਤ ਅਲੀ 'ਸ਼ਹੀਦ'

Digitized by Panjab Digital Library | www.panjabdigilib.org

ਸ੍ਰੀ ਸਚਿੰਦ੍ਰਨਾਥ ਸਾਨਿਯਾਲ





ਸ੍ਰੀ ਵੈਸ਼ਨੋ ਗਨੇਸ਼ ਪਿੰਗਲੇ



'ਪੰਡਤ' ਜਗਤ ਰਾਮ


Digitized by Panjab Digital Library | www.panjabdigilib.org

ਸ੍ਰੀ ਅਰੂੜ ਸਿੰਘ 'ਸੰਗਵਾਲ'





ਸ੍ਰੀ ਰਾਸ ਬਿਹਾਰੀ ਬੋਸ



ਸ੍ਰੀ ਬੰਤਾ ਸਿੰਘ 'ਸੰਗਵਾਲ'

Digitized by Panjab Digital Library | www.panjabdigilib.org

ਸ੍ਰੀ ਜਵੰਦ ਸਿੰਘ 'ਨੰਗਲ ਕਲਾਂ'





'ਡਾਕਟਰ' ਮਥਰਾ ਸਿੰਘ



ਸ੍ਰੀ ਇੰਦਰ ਸਿੰਘ 'ਪੱਧਰੀ'

Digitized by Panjab Digital Library | www.panjabdigilib.org



ਸ੍ਰੀ ਜਗਤ ਸਿੰਘ 'ਸੁਰਸਿੰਗ'



ਸ੍ਰੀ ਹਰਨਾਮ ਸਿੰਘ 'ਕਾਹਰੀ ਸਾਹਰੀ'

Digitized by Panjab Digital Library | www.panjabdigilib.org



ਸ੍ਰੀ ਸੋਹਨ ਲਾਲ 'ਪਾਥਕ'



'ਪੰਡਤ' ਕਾਂਸ਼ੀ ਰਾਮ
(ਗ਼ਦਰ ਪਾਰਟੀ ਦੇ ਖ਼ਜ਼ਾਨਚੀ)

Digitized by Panjab Digital Library | www.panjabdigilib.org




ਦਫੇਦਾਰ ਲਛਮਨ ਸਿੰਘ 'ਸ਼ਹੀਦ'




ਸ੍ਰੀ ਕਰਤਾਰ ਸਿੰਘ 'ਸਰਾਭਾ'

Digitized by Panjab Digital Library | www.panjabdigilib.org

ਸ੍ਰੀ ਊਧਮ ਸਿੰਘ 'ਕਸੇਲ'




ਸ੍ਰੀ ਪਰਮਾ ਨੰਦ (ਯੂ. ਪੀ.)






ਬਾਬਾ ਗੁਰਮੁਖ ਸਿੰਘ 'ਲਲਤੋਂ'



'ਸੰਤ' ਰਣਧੀਰ ਸਿੰਘ

Digitized by Panjab Digital Library | www.panjabdigilib.org

ਇਸ ਦੀ ਜ਼ਿਮੇਵਾਰੀ ਭਾਈ ਪਰਮਾਨੰਦ ਉਤੇ ਸੁਟੀ ਗਈ ਹੈ* ਪਰ ਇਹ ਗਲ ਸ਼ੱਕੀ ਹੈ ਕਿ ਭਾ: ਪਰਮਾ ਨੰਦ ਦਾ ਗਦਰ ਪਾਰਟੀ ਲਹਿਰ ਨਾਲ ਬਹੁਤਾ ਸਿੱਧਾ ਸੰਬੰਧ ਸੀ।

ਇਸ ਤਰ੍ਹਾਂ ਹਿੰਦ ਵਿਚ ਗਦਰੀ ਇਨਕਲਾਬੀਆਂ ਦੀਆਂ ਕਾਰਰਵਾਈਆਂ ਦਾ ਪਹਿਲਾ ਦੌਰ (Phase) ਦਸੰਬਰ ੧੯੧੪ ਦੇ ਅਖੀਰ ਤਕ ਰਿਹਾ। ਇਹ ਠੀਕ ਹੈ ਕਿ ਫੀਰੋਜ਼ ਸ਼ਹਿਰ ਦੀ ਘਟਨਾ ਤੋਂ ਲੈਕੇ ਦਸੰਬਰ ਦੇ ਅਖੀਰ ਤਕ, ਗਦਰੀ ਕਾਰਰਵਾਈਆਂ ਖਾਸ ਤੌਰ ਉਤੇ ਮੱਧਮ ਪੈ ਗਈਆਂ ਸਨ ਅਤੇ ਕਿਸੇ ਮੁਖੀ ਦੀ ਬੁੜ ਵਧੇਰੇ ਸਪੱਸ਼ਟ ਤੌਰ ਉਤੇ ਮਹਿਸੂਸ ਹੋਣ ਲਗ ਪਈ ਸੀ; ਪਰ ਇਸ ਤੋਂ ਪਹਿਲੋਂ ਵੀ ਉਨ੍ਹਾਂ ਦਾ ਇਕ ਲੀਡਰ ਜਾਂ ਸੈਂਟਰ ਨਹੀਂ ਸੀ। ਉਨ੍ਹਾਂ ਦੀਆਂ ਸ਼ੁਰੂ ਦੀਆਂ ਸਕੀਮਾਂ ਵਿਚੋਂ ਇਕ ਇਹ ਸੀ ਕਿ ੨੫ ਨਵੰਬਰ ਨੂੰ ਲਾਹੌਰ ਆਦਮੀ ਅਕੱਠੇ ਕੀਤੇ ਜਾਣ, ਇਕ ਹੌਲਦਾਰ ਤੋਂ ਲਾਹੌਰ ਮੈਗਜ਼ੀਨ ਦੀਆਂ ਚਾਬੀਆਂ ਲੈ ਕੇ ਇਸ ਨੂੰ ਲੁਟਿਆ ਜਾਏ, ਇਹ ਹਥਿਆਰ ਪ੍ਰਾਪਤ ਕਰਕੇ ਤੇਈਵੇਂ ਰਸਾਲੇ ਦੇ ਬਾਗੀ ਸਵਾਰਾਂ ਦੀ ਮਦਦ ਨਾਲ ਲਾਹੌਰ ਦੀਆਂ ਗੋਰਾ ਫੌਜਾਂ ਦਾ ਕਤਲਾਮ ਕਰਕੇ ਗਦਰ ਕੀਤਾ ਜਾਏ, ਅਤੇ ਫਿਰ ਝਾੜ ਸਾਹਿਬ ਅਕੱਠੇ ਹੋ ਕੇ ਮਾਝੇ ਨੂੰ ਗਦਰ ਲਈ ਖੜਾ ਕੀਤਾ ਜਾਏ†। ਇਸ ਸਕੀਮ ਉਤੇ ਕਿਉਂਕਿ ਮੋਗੇ ਅਤੇ ਬਦੋਵਾਲ-ਮੁਲਾਂਪੁਰ ਦੀਆਂ ਮੀਟਿੰਗਾਂ ਵਿਚ ਵੀ ਵੀਚਾਰ ਹੋਈ, ਅਤੇ ਇਸ ਵਿਚ ਮਾਝੇ, ਮਾਲਵੇ ਤੇ ਦੁਆਬੇ ਦੇ ਗਦਰੀ ਇਨਕਲਾਬੀਆਂ ਅਤੇ ਤੇਈਵੇਂ ਰਸਾਲੇ ਦੇ ਬਾਗੀ ਸਵਾਰਾਂ ਸਾਰਿਆਂ ਨੇ ਮਿਲਵਾਂ ਹਿੱਸਾ ਲੈਣਾ ਸੀ, ਇਸ ਵਾਸਤੇ ਇਸ ਤੋਂ ਜਾਪਦਾ ਹੈ* ਕਿ ਵਖੋ ਵਖ ਇਲਾਕਿਆਂ ਦੇ ਗਦਰੀਆਂ ਵਿਚ ਤਾਲ ਮੇਲ ਜ਼ਰੂਰ ਸੀ। ਪਰ ਇਸ ਦੇ ਬਾਵਜੂਦ ਇਹ ਗੱਲ ਸਪੱਸ਼ਟ ਹੈ ਕਿ ਗਦਰੀ ਕਾਰਰਵਾਈਆਂ ਦੇ ਇਸ ਪਹਿਲੇ ਦੌਰ ਵਿਚ, ਗਦਰੀ ਇਨਕਲਾਬੀ ਇਨਫਰਾਦੀ ਤੌਰ ਉਤੇ ਜਾਂ ਟੋਲੀਆਂ ਦੀ ਸ਼ਕਲ ਵਿਚ ਵਖੋ ਵਖ ਜ਼ਿਲਿਆਂ ਵਿਚ ਬਿਖਰੇ ਹੋਏ ਸਨ, ਅਤੇ ਇਕ ਲੜੀ ਵਿਚ ਪ੍ਰੋਤੇ ਹੋਏ ਨਹੀਂ ਸਨ। ਉਨ੍ਹਾਂ ਨੇ ਇਕੜ ਦੁਕੜ ਟੋਲੀਆਂ ਦੀ ਸ਼ਕਲ ਵਿਚ ਬਹੁਤਾ ਅੱਡ ਅੱਡ, ਪਰ ਇਕ ਅਧ ਵੇਰ ਥੋੜਾ ਮਿਲਕੇ ਵੀ, ਗਦਰ ਕਰਾਉਣ ਦੀਆਂ ਅਜੋੜ ਕੋਸ਼ਸ਼ਾਂ ਕੀਤੀਆਂ। ਪਰ ਇਹ ਕੋਸ਼ਸ਼ਾਂ ਇਕ ਸੈਂਟਰ ਜਾਂ ਆਗੂ ਦੇ ਅਧੀਨ ਨਹੀਂ ਸਨ। ਨਾ ਹੀ ਕੋਈ ਸਪੱਸ਼ਟ ਪਲੈਨ ਸਾਹਮਣੇ ਸੀ†, ਅਤੇ ਜੋ ਸੀ ਉਹ ਬਹੁਤ ਮੁਢਲੀ ਅਧੂਰੀ ਸ਼ਕਲ ਵਿਚ ਸੀ। ਇਸ ਕਰਕੇ ਗਦਰੀ ਕਾਰਰਵਾਈਆਂ ਦੇ ਪਹਿਲੇ ਦੌਰ ਵਿਚ ਕੋਈ ਕਾਰਗਰ ਕਦਮ ਨਾ ਚੁਕਿਆ ਜਾ ਸਕਿਆ, ਜਾਂ ਕੋਈ ਅਮਲੀ ਸਿੱਟਾ ਨਾ ਨਿਕਲ ਸਕਿਆ; ਸਵਾਏ ਇਹ ਜ਼ਾਹਰ ਕਰਨ ਦੇ ਕਿ ਹਿੰਦੀ ਫੌਜਾਂ ਨੂੰ ਨਾਲ ਰਲਾਉਣ ਲਈ ਹਾਲਾਤ ਬਹੁਤ ਮੁਆਫਕ ਸਨ। ਕਿਉਂਕਿ ਇਸ ਬਾਰੇ ਕੋਸ਼ਸ਼ਾਂ ਅਜੋੜ ਅਤੇ ਬਝਵੀਂ ਪਲੈਨ ਦੇ ਅਧੀਨ ਨਾ ਹੋਣ ਦੇ ਬਾਵਜੂਦ ਕਿਥੋਂ ਤਕ ਕਾਮਯਾਬ ਹੋਈਆਂ, ਇਸ ਬਾਰੇ ਪਹਿਲੇ ਮੁਕੱਦਮੇਂ ਵਿਚ ਸ਼ਹਾਦਤ ਜ਼ਾਹਰ ਕਰਦੀ ਹੈ ਕਿ "ਜ਼ਿਆਦਾ ਤਰ ਹਥਿਆਰਾਂ ਦੀ ਥੁੜ ਨੇ ਦਸੰਬਰ ੧੯੧੪ ਵਿਚ ਇਕ ਵਡੀ ਬਗਾਵਤ ਨੂੰ ਹੋਣੋਂ ਰੋਕਿਆ*"।

*Isemonger and Slattery, p. 75.

†Third Case, Judgement, pp. 46-47.

*ਇਸ ਕਾਂਡ ਵਿਚ ਦਿਤੇ ਵਾਕਿਆਤ ਨੂੰ ਪਹਿਲੇ ਅਤੇ ਦੂਸਰੇ ਮੁਕੱਦਮਿਆਂ ਵਿਚ ਅੱਡ ਅੱਡ ਥਾਈਂ (First and Second Cases: The Outline of Proceedings in India, The Gatherings of the Revolutionaries and The Seductionof Troops, etc.) ਅਜੋੜਵੀਂ ਹਾਲਤ ਵਿਚ ਦਿੱਤਾ ਗਿਆ ਹੈ, ਜਿਨ੍ਹਾਂ ਦੀ ਇਕ ਸਮੁਚੀ ਤਸਵੀਰ ਪੇਸ਼ ਕਰਨ ਲਈ ਜੱਜਾਂ ਪਾਸ ਜਾਂ ਕਾਫੀ ਸਬੂਤ ਨਹੀਂ ਸੀ, ਜਾਂ ਇਸ ਦਾ ਯਤਨ ਨਹੀਂ ਕੀਤਾ ਗਿਆ।

†Isemonger and Slattery, p. 76; Third Case, Judgement, p. 38.

*Rowlatt Report, p. 159.

---

## ਪੰਦਰਵਾਂ ਕਾਂਡ

# ਦੂਸਰੇ ਦੌਰ ਦਾ ਆਰੰਭ

ਹਿੰਦ ਵਿਚ ਗਦਰੀ ਇਨਕਲਾਬੀਆਂ ਦੀਆਂ ਕਾਰਰਵਾਈਆਂ ਦੇ ਦੂਸਰੇ ਦੌਰ ਨੂੰ ਪਹਿਲੇ ਨਾਲੋਂ ਨਿਖੇੜਨ ਵਾਲੀ ਵਿਸ਼ੇਸ਼ਤਾ ਇਹ ਸੀ ਕਿ, ਇਸ ਵਿਚ ਇਕ ਪਲੈਨ ਮੁਤਾਬਕ ਅਤੇ ਇਕ ਸੈਂਟਰ ਦੀ ਅਗਵਾਈ ਹੇਠ ਕਾਰਰਵਾਈਆਂ ਹੋਣ ਲਗ ਪਈਆਂ। ਬਦੇਸ਼ਾਂ ਤੋਂ ਆਇਆ ਪੰਜਾਬੀ ਕਿਸਾਨ ਅਨਸਰ, ਖਾਸ ਕਰ ਸ੍ਰੀ ਕਰਤਾਰ ਸਿੰਘ 'ਸਰਾਭਾ' ਅਤੇ ਸ੍ਰੀ ਨਿਧਾਨ ਸਿੰਘ 'ਚੁਘਾ', ਪਹਿਲੇ ਦੌਰ ਵਾਂਗੂ ਦੂਸਰੇ ਦੌਰ ਵਿਚ ਵੀ ਗਦਰੀ ਸਰਗਰਮੀਆਂ ਦਾ ਧੁਰਾ ਅਤੇ ਜਿੰਦ ਜਾਨ ਸੀ। ਉਸ ਨੂੰ ਇਨਕਲਾਬੀ ਢੰਗਾਂ ਬਾਰੇ ਕੁਝ ਤਜੱਰਬਾ ਵੀ ਹੋ ਗਿਆ ਸੀ। ਪਰ ਉਹ ਅਜੇ ਵੀ, ਆਪਣੇ ਮੁਖੀ ਲੀਡਰਾਂ ਅਤੇ ਕਾਰਕੁਨਾਂ ਦੇ ਜੇਲਾਂ ਅੰਦਰ ਡੱਕੇ ਹੋਣ ਕਰਕੇ, ਆਪਣੇ ਸਿਰ ਬਸਿਰ ਗਦਰੀ ਮੁਹਿਮ ਨੂੰ ਠੋਸ ਸ਼ਕਲ ਦੇਣ ਦੇ ਯੋਗ ਨਹੀਂ ਸੀ। ਮੂਲਾ ਸਿੰਘ (ਜੋ ਪਿਛੋਂ ਵਾਅਦਾ ਮੁਆਫ ਗਵਾਹ ਬਣ ਗਿਆ) ਦੇ ਆਉਣ ਨਾਲ ਅਗੇ ਨਾਲੋਂ ਕਾਰਰਵਾਈਆਂ ਦੀ ਵਿਉਂਤ ਕੁਝ ਕਦਰ ਬੇਹਤਰ ਹੋ ਗਈ*। ਪਰ ਇਹ ਕਾਫੀ ਨਹੀਂ ਸੀ। ਗਦਰੀ ਸਰਗਰਮੀਆਂ ਨੂੰ ਇਕ ਪਲੈਨ ਮੁਤਾਬਕ ਅਤੇ ਇਕ ਸੈਂਟਰ ਦੀ ਅਗਵਾਈ ਹੇਠ ਚਲਾਉਣ ਦਾ ਅਸਲੀ ਸਿਹਾਰਾ

*Isemonger and Slattery, p. 81.

ਬੰਗਾਲੀ ਦੇਸ਼ ਭਗਤ ਸ੍ਰੀ ਰਾਸ ਬਿਹਾਰੀ ਬੋਸ ਦੇ ਸਿਰ ਹੈ, ਜਾਂ ਕੁਝ ਹੱਦ ਤਕ ਮਰਹੱਟਾ ਦੇਸ਼ ਭਗਤ ਸ੍ਰੀ ਵਿਸ਼ਨੋ ਗਨੇਸ਼ ਪਿੰਗਲੇ ਦੇ ਸਿਰ। ਇਸ ਕਰਕੇ ਦੂਸਰੇ ਦੌਰ ਦਾ ਆਰੰਭ ਦਰਅਸਲ ਉਸ ਵੇਲੇ ਤੋਂ ਸਮਝਿਆ ਜਾਣਾ ਚਾਹੀਦਾ ਹੈ, ਜਦ ਸ੍ਰੀ ਰਾਸ ਬਿਹਾਰੀ ਬੋਸ ਨੇ ਗਦਰੀ ਮੁਹਿੰਮ ਦੀ ਕਮਾਨ ਆਕੇ ਸੰਭਾਲ ਲਈ।

ਪਹਿਲਾ ਸੰਸਾਰ ਯੁਧ ਲਗਣ ਸਮੇਂ, ਅਮਰੀਕਾ ਦੀ ਗਦਰ ਪਾਰਟੀ ਅਤੇ ਬੰਗਾਲੀ ਅਥਵਾ ਦੇਸ਼ ਦੇ ਹੋਰ ਇਨਕਲਾਬੀ ਅਨਸਰਾਂ ਦੀ ਆਪਸ ਵਿਚ ਜਾਣ ਪਛਾਣ ਵੀ ਨਹੀਂ ਸੀ। ਗਦਰ ਪਾਰਟੀ ਦੇ ਪ੍ਰਧਾਨ ਸ੍ਰੀ ਸੋਹਨ ਸਿੰਘ 'ਭਕਨਾ' ਦੇ ਸੰਸਾਰ ਯੁਧ ਸ਼ੁਰੂ ਹੋਣ ਤੋਂ ਪਹਿਲੇਂ ਹਿੰਦ ਨੂੰ ਰਵਾਨਾ ਹੋਣ ਦੇ ਮਕਸਦਾਂ ਵਿਚੋਂ ਇਕ ਇਹ ਸੀ ਕਿ ਦੇਸ ਦੇ ਇਨਕਲਾਬੀਆਂ ਨਾਲ ਸੰਬੰਧ ਪੈਦਾ ਕਰਨ, ਪਰ ਉਹ ਰਸਤੇ ਵਿਚ ਹੀ ਸਨ ਜਦ ਜੰਗ ਸ਼ੁਰੂ ਹੋ ਗਈ। ਬੰਗਾਲੀ ਦੇਸ਼ ਭਗਤਾਂ ਦੀ ਵੀ ਇਸ ਵਿਚ ਗਲਤੀ ਸੀ ਕਿ ਉਨ੍ਹਾਂ ਬੰਗਾਲ ਤੋਂ ਬਾਹਰਲੇ ਇਨਕਲਾਬੀਆਂ ਨਾਲ ਸੰਬੰਧ ਪੈਦਾ ਕਰਨ ਵਲ ਵਿਸ਼ੇਸ਼ ਧਿਆਨ ਨਾ ਦਿੱਤਾ*। "ਇਸ ਦਾ ਨਤੀਜਾ ਇਹ ਹੋਇਆ ਕਿ ਅਮਰੀਕਾ ਤੋਂ ਰਾਜ ਪਲਟਾਊਆਂ ਦੇ ਜਦੋਂ ਜਥੇ ਦੇ ਜਥੇ ਆਪਣੇ ਦੇਸ ਵਿਚ ਆਉਣ ਲੱਗ ਪਏ, ਤਦ ਭਾਰਤ ਵਿਚ ਰਹਿੰਦੇ ਰਾਜ ਪਲਟਾਊ ਉਨ੍ਹਾਂ ਨਾਲ ਦਿਲ ਖੋਲ੍ਹ ਕੇ ਠੀਕ ਸਮੇਂ ਤੇ ਮਿਲ ਜੁਲ ਨਹੀਂ ਸਕੇ†"। ਅਮਰੀਕਾ ਤੋਂ ਆਏ ਗਦਰੀ ਦਲਾਂ ਨੇ ਭਾਰਤ ਵਿਚ ਪੁਜਦਿਆਂ ਹੀ ਬੰਗਾਲ ਦੇ ਰਾਜ ਪਲਟਾਊ

ਦਲ ਦਾ ਪਤਾ ਕਰਨਾ ਸ਼ੁਰੂ ਕਰ ਦਿੱਤਾ*। ਇਨ੍ਹੀਂ ਦਿਨੀਂ ਸ੍ਰੀ ਕਰਤਾਰ ਸਿੰਘ 'ਸਰਾਭਾ', ਭਾਈ ਪਰਮਾਨੰਦ ਦੀ ਚਿੱਠੀ ਅਤੇ ਦੋ ਹਜ਼ਾਰ ਰੁਪੱਯਾ ਲੈ ਕੇ ਕਲਕੱਤੇ ਇਕ ਇਨਕਲਾਬੀ ਕੋਲੋਂ ਹਥਿਆਰ ਲੈਣ ਵਾਸਤੇ ਆਏ; ਪਰ ਉਹ ਹਥਿਆਰ ਲੈਣ ਵਿਚ ਕਾਮਯਾਬ ਨਾ ਹੋ ਸਕੇ, ਕਿਉਂਕਿ ਪਹਿਲੋਂ ਜਾਣ ਪਛਾਣ ਨਾ ਹੋਣ ਕਰਕੇ ਉਨ੍ਹਾਂ ਨੂੰ ਸ਼ਾਇਦ ਸੀ. ਆਈ. ਡੀ. ਦਾ ਆਦਮੀ ਸਮਝਿਆ ਗਿਆ। ਪਰੰਤੂ ਸ੍ਰੀ ਕਰਤਾਰ ਸਿੰਘ 'ਸਰਾਭਾ' ਇਹ ਪਤਾ ਕੱਢ ਲਿਆਏ ਕਿ ਬੰਗਾਲ ਪਾਰਟੀ ਦਾ ਪੰਜਾਬ ਵਿਚ ਇਨਕਲਾਬੀਆਂ ਦੀ ਕਪੂਰਥਲਾ ਪਾਰਟੀ ਨਾਲ ਸੰਬੰਧ ਹੈ†।

ਗਦਰੀ ਇਨਕਲਾਬੀਆਂ ਅਤੇ ਬੰਗਾਲੀ ਰਾਜਪਲਟਾਊਆਂ ਵਿਚ ਤਾਲ ਮੇਲ ਪੈਦਾ ਕਰਨ ਵਿਚ ਸਭ ਤੋਂ ਅਹਿਮ ਪਾਰਟ ਸ੍ਰੀ ਸਾਨਯਾਲ ਨੇ ਅਦਾ ਕੀਤਾ। ਇਸ ਵਾਸਤੇ ਗਦਰ ਪਾਰਟੀ ਲਹਿਰ ਦੀ ਵਾਰਤਾ ਦੇ ਇਸ ਹਿੱਸੇ ਨੂੰ ਜ਼ਿਆਦਾ ਤਰ ਸ੍ਰੀ ਸਾਨਯਾਲ ਦੇ ਆਪਣੇ ਲਫਜ਼ਾਂ ਵਿਚ ਦਿੱਤਾ ਗਿਆ ਹੈ; ਕਿਉਂਕਿ ਉਨ੍ਹਾਂ ਦੀ ਲਿਖਤ ਤੋਂ ਉਸ ਸਮੇਂ ਦੀਆਂ ਗਦਰੀ ਇਨਕਲਾਬੀਆਂ ਦੀਆਂ ਸਰਗਰਮੀਆਂ ਦੇ ਕਈ ਪਹਿਲੂਆਂ ਅਤੇ ਕਈ ਵਿਯਕਤੀਆਂ ਬਾਰੇ ਸੋਹਣੀ ਨਿਰਪੱਖ ਰੋਸ਼ਨੀ ਪੈਂਦੀ ਹੈ।

ਸ੍ਰੀ ਸਾਨਯਾਲ ਦੇ ਆਪਣੇ ਲਫਜ਼ਾਂ ਵਿਚ, "ਪੰਜਾਬ ਦਲ‡ ਦਾ ਇਕ ਮਨੁਖ ਉਥੋਂ ਦੇ ਬਲਵੇ ਦੀ ਤਿਆਰੀ ਦੀ ਖਬਰ ਲੈਕੇ ਅਸਾਡੇ ਪਾਸ ਆਇਆ। ਜਦ ਉਸ ਦੇ ਮੂੰਹੋਂ ਸੁਣਿਆ ਕਿ ਬਲਵੇ ਵਾਸਤੇ ਦੋ ਤਿਨ ਹਜ਼ਾਰ ਸਿਖ ਕਮਰ-ਕਸੇ ਕਰੀ ਤਿਆਰ ਬੈਠੇ ਹਨ ਤਾਂ ਸਾਡਾ ਆਤਮਾ ਅਨੰਦ ਵਿਚ ਆਕੇ ਥਿਰਕਣ ਲਗ ਪਿਆ। ਪੰਜਾਬ ਦਲ ਦੇ ਮੋਢੀਆਂ ਨੇ ਇਸ ਆਦਮੀਂ ਕੋਲ ਅਖਵਾ ਭੇਜਿਆ ਸੀ ਕਿ ਰਾਸ ਬਿਹਾਰੀ ਦੀ ਅਸਾਨੂੰ ਬਹੁਤ ਲੋੜ ਹੈ। ਦਿਲੀ ਸਾਜ਼ਸ ਦੇ ਭਗੌੜੇ ਪ੍ਰਸਿਧ ਬਹਾਦਰ ਰਾਸ ਬਿਹਾਰੀ ਦਾ ਨਾਮ ਇਸ ਵੇਲੇ ਅਮਰੀਕਾ ਤਕ ਮਸ਼ਹੂਰ ਹੋ ਚੁਕਿਆ ਸੀ। ਇਨ੍ਹਾਂ ਲੋਕਾਂ ਨੇ ਅਮਰੀਕਾ ਵਿਚ ਹੀ ਆਪਦਾ ਨਾਮ ਸੁਣਿਆ ਸੀ।

ਕਈ ਕਾਰਨਾਂ ਕਰਕੇ ਰਾਸ ਬਿਹਾਰੀ ਉਸ ਸਮੇਂ ਪੰਜਾਬ ਨਾ ਜਾ ਸਕੇ, ਇਸ ਲਈ ਪਹਿਲਾਂ ਉਥੇ ਮੇਰਾ ਭੇਜਿਆ ਜਾਣਾ ਹੀ ਨਿਸਚੇ ਹੋਇਆ; ਕਿ ਜਦੋਂ ਮੈਂ ਪੰਜਾਬ ਦੀ ਹਾਲਤ ਆਪਣੀ ਅਖੀਂ ਵੇਖ ਆਵਾਂ, ਅਰ ਸਭ ਨੂੰ ਉਥੇ ਦਾ ਹਾਲ ਦਸਾਂ ਤਦ ਅਗੇ ਦਾ ਪ੍ਰੋਗਰਾਮ ਬਣਾਇਆ ਜਾਵੇ।

ਪਹਿਲਾਂ ਹੀ ਪੱਕੀ ਹੋ ਗਈ ਸੀ ਕਿ ਜਾਲੰਧਰ ਸ਼ੈਹਰ ਵਿਚ ਜਾਕੇ ਸਿਖ ਮੁਖੀਆਂ ਨਾਲ ਮੁਲਾਕਾਤ ਕਰਾਂਗਾ। ਉਸ ਸਮੇਂ ਨਵੰਬਰ ਦਾ ਮਹੀਨਾ ਮੁਕਣ ਵਾਲਾ ਸੀ।.........ਲੁਧਿਹਾਣੇ ਪਹੁੰਚਦਿਆਂ ਹੀ ਵੇਖਿਆ ਕਿ ਮੇਰੇ ਮਿੱਤ੍ਰ ਦਾ ਸਿਆਣੂ ਇਕ ਸਿੱਖ ਮੁੰਡਾ ਅਸਾਂ ਦੀ ਉਡੀਕ ਕਰ ਰਿਹਾ ਹੈ। ਮਿੱਤ੍ਰ ਨੇ ਇਸ ਨਾਲ ਮੇਰੀ ਜਾਣ ਪਛਾਣ ਕਰਾਈ। ਇਹੋ ਕਰਤਾਰ ਸਿੰਘ ਸੀ। ਇਹ ਵੀ ਗੱਡੀ ਤੇ ਸਵਾਰ ਹੋਕੇ ਸਾਡੇ ਨਾਲ ਜਾਲੰਧਰ ਨੂੰ ਵਿਦਿਆ ਹੋ ਪਏ। ਰਾਹ ਵਿਚ ਥੋੜੀਆਂ ਬਹੁਤੀਆਂ ਗੱਲਾਂ ਹੋਈਆਂ, ਜਿਨ੍ਹਾਂ ਤੋਂ ਪਤਾ ਲਗਾ ਕਿ ਇਸ ਵੇਲੇ ਲੁਧਿਹਾਣੇ ਵਿਚ ਦੋ ਤਿੰਨ ਸੌ ਮਨੁਖ ਇਕੱਤਰ ਹੋਏ ਹੋਏ ਹਨ। ਅੱਡ ਅੱਡ ਕੰਮ ਕਰਨ ਲਈ ਇਹ ਲੋਕ ਅਗੇ ਪਿਛੇ ਭੇਜੇ ਜਾਣਗੇ। ਇਹ ਲੋਕ ਗੁਰਦਵਾਰੇ ਵਿਚ ਦੀਵਾਨ ਲਾਉਣ ਦੇ ਬਹਾਨੇ ਇਕੱਠੇ ਹੋਏ ਸਨ।..............

ਇਸ ਤਰ੍ਹਾਂ ਅਸੀਂ ਲੋਕ ਜਾਲੰਧਰ ਸਟੇਸ਼ਨ ਪੁਰ ਪਹੁੰਚ ਗਏ। ਇਥੇ ਕਰਤਾਰ ਸਿੰਘ ਦੇ ਕਈ ਸਜਣ ਮਿਤ੍ਰ ਉਡੀਕ ਰਹੇ ਸਨ। ਇਨ੍ਹਾਂ ਵਿਚੋਂ ਜਿਸ ਜਿਸ ਨੂੰ ਜੋ ਜੋ ਕੁਝ ਕਹਿਣਾ ਸੀ ਕਹਿਕੇ, ਅਸੀਂ ਰੇਲ ਦੀ ਪਟੜੀ ਪਾਰ ਕਰਕੇ ਨਾਲ ਵਾਲੇ ਬਗੀਚੇ ਵਿਚ ਗਏ*। ਸਾਡੇ ਜਾਣ ਤੋਂ ਪਹਿਲਾਂ ਹੀ ਇਸ ਦਲ ਦੇ ਕਈ ਮੁਖੀ ਪਹੁੰਚੇ ਹੋਏ ਸਨ।.........ਉਸ ਦਿਨ ਓਥੇ ਕਰਤਾਰ ਸਿੰਘ, ਪ੍ਰਿਥਵੀ ਸਿੰਘ, ਅਮਰ ਸਿੰਘ ਅਰ ਰਾਮ ਰਖਾ ਦੇ ਸਿਵਾਇ ਸ਼ਾਇਦ ਇਕ ਦੋ ਆਦਮੀ ਹੋਰ ਸਨ.........ਪ੍ਰਿਥਵੀ ਸਿੰਘ ਅਤੇ ਅਮਰ ਸਿੰਘ ਦੋਵੇਂ ਹੀ ਰਾਜਪੂਤ ਸਨ, ਕਿੰਤੂ ਮੁਦਤ ਤੋਂ ਹੀ ਪੰਜਾਬ ਵਿਚ ਹੀ ਰਹਿੰਦੇ ਸਨ।......... ਇਹ ਲੋਕ ਰਾਸ ਬਿਹਾਰੀ ਨੂੰ ਮਿਲਣ ਲਈ ਠਹਿਰੇ ਹੋਏ ਸਨ।... ਮਿਤ੍ਰ ਨੇ ਮੇਰੀ ਜਾਣ ਪਛਾਣ ਇਹ ਕਹਿਕੇ ਕਰਾਈ ਕਿ ਰਾਸ ਬਿਹਾਰੀ ਤਾਂ ਇਕ ਖਾਸ ਕੰਮ ਪੈ ਜਾਣ ਕਰਕੇ ਨਹੀਂ ਆ ਸਕੇ, ਉਨ੍ਹਾਂ ਨੇ ਆਪਣੀ ਸਜੀ ਬਾਂਹ ਇਨ੍ਹਾਂ (ਮੈਨੂੰ) ਨੂੰ ਭੇਜਿਆ ਹੈ। ਕਰਤਾਰ ਸਿੰਘ ਨੇ ਕਿਹਾ ਕਿ ਅਸਾਨੂੰ ਰਾਸ ਬਿਹਾਰੀ ਨਾਲ ਹੀ ਕੰਮ ਹੈ। ਤਦੋਂ ਮੈਂ ਉਨ੍ਹਾਂ ਨੂੰ ਸਮਝਾਇਆ ਕਿ ਇਥੇ ਆਉਣ ਤੋਂ ਪਹਿਲਾਂ ਉਹ ਇਥੋਂ ਦੀ ਹਾਲਤ ਤੋਂ ਚੰਗੀ ਤਰਾਂ ਜਾਣੂ ਹੋਣਾ ਚਾਹੁੰਦੇ ਹਨ।.........ਮੈਂ ਕਿਹਾ—ਜੋ ਆਪਦੇ ਅਸਲੀ ਆਗੂ ਹਨ ਉਨ੍ਹਾਂ ਨਾਲ ਹੀ ਮੈਂ ਗਲ ਬਾਤ ਅਰ ਜਾਣ ਪਛਾਣ ਕਰਨੀ ਚਾਹੁੰਦਾ ਹਾਂ। ਅਮਰ ਸਿੰਘ ਨੇ ਕਿਹਾ—'ਸਚ ਪੁਛੋ ਤਾਂ ਅਸਾਡੇ ਵਿਚ ਅਸਲੀ ਆਗੂਆਂ ਦਾ ਖਾਸ ਘਾਟਾ ਹੈ ਅਰ ਇਸੇ ਵਾਸਤੇ ਸਾਨੂੰ ਰਾਸ ਬਿਹਾਰੀ ਦੀ ਲੋੜ ਪਈ ਹੈ। ਇਸ ਜਗ੍ਹਾਂ

---

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੧੦੧.

†ਬੰਦੀ ਜੀਵਨ, ਭਾਗ ਪਹਿਲਾ, ਪੰਨੇ ੧੯-੨੦.

---

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੨੬।

†First Case, Individual Case of Kartar Singh, pp. 2-4.

‡ਗਾਲਬਨ ਕਪੂਰਥਲਾ ਪਾਰਟੀ।

---

*ਜਲੰਧਰ ਹੋਈ ਇਸ ਮੀਟਿੰਗ ਦੀ ਪਹਿਲੇ ਮੁਕਦੱਮੇ ਵਿਚ ਹੋਈਆਂ ਸ਼ਹਾਦਤਾਂ ਤੋਂ ਪੁਸ਼ਟੀ ਹੁੰਦੀ ਹੈ। First Case, Individual Cases of Katar Singh and Pirthi Singh.



Digitized by Panjab Digital Library | www.panjabdigilib.org

ਅਸੀਂ ਜਿਤਨੇ ਆਦਮੀ ਬੈਠੇ ਹਾਂ, ਇਨ੍ਹਾਂ ਵਿਚੋਂ ਕਿਸੇ ਨੂੰ ਵਧੇਰੀ ਸੋਝੀ ਨਹੀਂ ਹੈ। ਇਸੇ ਲਈ ਸਾਡੇ ਕੰਮ ਦਾ ਕੋਈ ਸਿਲਸਲਾ ਨਹੀਂ ਬੈਂਹਦਾ। ਸਾਨੂੰ ਬੰਗਾਲ ਦੀ ਸਹਾਇਤਾ ਪਰਾਪਤ ਕਰਨ ਦੀ ਲੋੜ ਹੈ। ਬੰਗਾਲ ਵਿਚ ਆਪ ਲੋਕ ਬਹੁਤ ਦਿਨਾਂ ਤੋਂ ਕੰਮ ਕਰ ਰਹੇ ਹੋ, ਇਨ੍ਹਾਂ ਕੰਮਾਂ ਦਾ ਆਪ ਲੋਕਾਂ ਨੂੰ ਬਹੁਤ ਤਜੱਰਬਾ ਹੋ ਚੁਕਾ ਹੈ'। ਕਰਤਾਰ ਸਿੰਘ ਨੇ ਵੀ ਇਸ ਗਲ ਨੂੰ ਮੰਨਿਆਂ ਤਾਂ ਸਹੀ, ਕਿੰਤੂ ਅਮਰ ਸਿੰਘ ਵਲ ਸੰਬੋਧਨ ਕਰਕੇ ਕਹਿਣ ਲੱਗਾ–'ਵੇਖੋ ਜੀ, ਇਸ ਤਰ੍ਹਾਂ ਹਿੰਮਤ ਕਿਉਂ ਹਾਰਦੇ ਹੋ ? ਕੰਮ ਵੇਲੇ ਵੇਖ ਲੈਣਾ ਕਿ ਤੁਹਾਡੇ ਵਿਚੋਂ ਕਿਤਨੇ ਹੀ ਛਿਪੇ ਹੋਏ ਰੁਸਤਮ ਨਿਕਲ ਆਉਣਗੇ'। ਉਸ ਦਿਨ ਦੀਆਂ ਗਲਾਂ ਤੋਂ ਮੈਨੂੰ ਸਾਫ ਮਲੂਮ ਹੋ ਗਿਆ ਕਿ ਜਿਸ ਮਹਾਨ ਕੰਮ ਵਿਚ ਇਹ ਲੋਕ ਕੁਦ ਪਏ ਹਨ, ਉਸ ਕਠਨ ਕੰਮ ਦੇ ਰਾਹ ਦਾ ਅਨੁਭਵ ਇਨ੍ਹਾਂ ਦੀ ਨਾੜ ਨਾੜ ਵਿਚ ਉਕਰਿਆ ਗਿਆ ਹੈ, ਅਤੇ ਆਪਣੇ ਵਿਚ ਸ਼ਕਤੀ ਦੀ ਕੁਝ ਕਮੀ ਸਮਝਕੇ ਬਾਹਰ ਇਕ ਸਹਾਰਾ ਢੂੰਡ ਰਹੇ ਹਨ। ਕਿੰਤੂ ਉਸ ਦੇ ਨਾਲ ਹੀ ਮੈਂ ਇਹ ਸਮਝ ਗਿਆ ਕਿ ਇਨ੍ਹਾਂ ਵਿਚ ਜੇ ਸੱਚ ਮੁਚ ਕੋਈ ਕੰਮ ਕਰਨ ਵਾਲਾ ਹੈ ਤਾਂ ਉਹ ਕਰਤਾਰ ਸਿੰਘ ਹੈ।......

ਇਨ੍ਹਾਂ ਲੋਕਾਂ ਤੋਂ ਮੈਨੂੰ ਪੰਜਾਬ ਦੀ ਬਹੁਤ ਕੁਝ ਹਾਲਤ ਮਲੂਮ ਹੋ ਗਈ। ਇਨ੍ਹਾਂ ਦੀ ਬਾਤ ਚੀਤ ਤੋਂ ਪਤਾ ਲਗਾ ਕਿ ਇਨ੍ਹਾਂ ਦੇ ਬਲਵੇ ਦੀ ਤਿਆਰੀ ਦਾ ਆਸਰਾ ਪੰਜਾਬ ਦੀਆਂ ਸਿਖ ਫੌਜਾਂ ਹਨ।.........

ਹੁਣ ਕਰਤਾਰ ਸਿੰਘ ਨੇ ਮੈਨੂੰ ਪੁਛਿਆ–ਸ਼ਸਤ੍ਰ ਆਦਿ ਦੇ ਕੇ ਬੰਗਾਲ ਸਾਡੀ ਕਿਥੋਂ ਤਕ ਸਹਾਇਤਾ ਕਰ ਸਕਦਾ ਹੈ ? ਬੰਗਾਲ ਵਿਚ ਕਿਤਨੇ ਹਜ਼ਾਰ ਬੰਦੂਕਾਂ ਹਨ ? ਆਦਿ।

ਮੈਂ ਕਿਹਾ–ਆਪ ਕੀ ਖਿਆਲ ਕਰਦੇ ਹੋ ? ਬੰਗਾਲ ਵਿਚ ਕਿਤਨੇ ਕੁ ਸ਼ਸਤ੍ਰ ਹੋਣਗੇ ?

ਕਰਤਾਰ ਸਿੰਘ–ਮੈਂ ਤਾਂ ਸਮਝਦਾ ਹਾਂ ਕਿ ਬੰਗਾਲ ਵਿਚ ਕਾਫੀ ਹਥਿਆਰ ਇਕੱਤ੍ਰ ਕਰ ਲਏ ਗਏ ਹਨ। ਕਿਉਂਕਿ ਬੰਗਾਲ ਬਹੁਤ ਚਿਰ ਤੋਂ ਬਲਵੇ ਦੀ ਤਿਆਰੀ ਕਰ ਰਿਹਾ ਹੈ ਅਤੇ ਅਸਾਡੇ ਦਲ ਦੇ ਪਰਮਾਨੰਦ (ਯੂ.ਪੀ.) ਦੇ ਇਕ ਬੰਗਾਲੀ ਮਿੱਤ੍ਰ ਨੇ ਉਹਨਾਂ ਨੂੰ ੫੦੦ ਪਸਤੌਲ ਦੇਣ ਦਾ ਬਚਨ ਕੀਤਾ ਹੈ। ਇਸੇ ਲਈ ਪਰਮਾਨੰਦ ਹੋਰੀਂ ਬੰਗਾਲ ਨੂੰ ਗਏ ਹਨ।

ਮੈਂ––ਜਿਨ੍ਹਾਂ ਨੇ ਪਰਮਾਨੰਦ ਨੂੰ ਇਹ ਗਲ ਕਹੀ ਹੈ ਉਹ ਕੋਈ ਫਾਲਤੂ ਆਦਮੀ ਮਲੂਮ ਹੁੰਦਾ ਹੈ, ਕਿਉਂਕਿ ਬੰਗਾਲ ਵਿਚ ਕਿਧਰੇ ਕੋਈ ੫੦੦ ਪਸਤੌਲ ਨਹੀਂ ਦੇ ਸਕੇਗਾ। ਜਿਨ੍ਹਾਂ ਨੇ ਇਹ ਗਲ ਕਹੀ ਹੈ ਉਨ੍ਹਾਂ ਨੇ ਗਪ ਹੀ ਮਾਰੀ ਹੈ।

ਕਰਤਾਰ ਸਿੰਘ––ਤਾਂ ਫਿਰ ਬੰਗਾਲ ਸਾਨੂੰ ਕਿਸ ਪ੍ਰਕਾਰ ਸਹਾਇਤਾ ਦੇ ਸਕੇਗਾ ? ਤੇ ਕੀ ਉਥੇ ਵੀ ਪੰਜਾਬ ਦੇ ਨਾਲ ਹੀ ਗਦਰ ਹੋਵੇਗਾ ? ਬੰਗਾਲ ਵਿਚ ਆਪ ਦੇ ਅਧੀਨ ਕੰਮ ਕਰਨ ਵਾਲੇ ਕਿਤਨੇ ਹਨ ?

ਮੈਂ ਕਿਹਾ––'ਵੇਖੋ, ਜਿਸ ਤਰ੍ਹਾਂ ਇਥੇ ਆਪ ਨੂੰ ਫੌਜੀਆਂ ਵਿਚ ਜਾ ਵੜਨ ਦਾ ਅਵਸਰ ਪ੍ਰਾਪਤ ਹੁੰਦਾ ਹੈ, ਜੇ ਅਸਾਨੂੰ ਫੌਜੀਆਂ ਵਿਚ ਵੜਨ ਦੀ ਸੌਖਿਆਈ ਹੁੰਦੀ ਤਾਂ ਹੁਣ ਨੂੰ ਕਦੋ ਦਾ ਮਹਾਂ-ਗਦਰ ਮਚ ਗਿਆ ਹੁੰਦਾ। ਬੰਗਾਲ ਦੇ ਦਲ ਦੇ ਮੈਂਬਰਾਂ ਦੀ ਅਧਿਕਤਾ ਬਚਿਆਂ ਅਰ ਨੌਜਵਾਨਾਂ ਦੀ ਹੈ। ਤੇ ਅਸੀਂ ਲੋਕ ਬੜੀ ਸਾਵਧਾਨੀ ਨਾਲ ਬਹੁਤ ਛਾਨ ਬੀਨ ਦੇ ਉਪ੍ਰੰਤ ਅਜੇਹੇ ਲੋਕਾਂ ਨੂੰ ਭਰਤੀ ਕਰਦੇ ਹਾਂ ਜੋ ਕਿ ਹਰ ਘੜੀ ਮਰਨ ਲਈ ਤਿਆਰ ਰਹਿੰਦੇ ਹਨ। ਇਸ ਲਈ ਸਾਡੇ ਦਲ ਵਿਚ ਬਹੁਤੇ ਆਦਮੀ ਨਹੀਂ ਹਨ। ਸ਼ਾਇਦ ਹਜ਼ਾਰ ਦੋ ਹਜ਼ਾਰ ਤੋਂ ਵੱਧ ਨਾ ਹੋਣ। ਕਿੰਤੂ ਇਹ ਪੱਕਾ ਵਿਸ਼ਵਾਸ਼ ਹੈ ਕਿ ਜਿਸ ਦਿਨ ਖੁਲ੍ਹਾ ਬਲਵਾ ਹੋ ਜਾਵੇਗਾ ਉਸ ਦਿਨ ਹਜ਼ਾਰਾਂ ਆਦਮੀ ਅਸਾਡੇ ਨਾਲ ਆ ਮਿਲਣਗੇ। ਜਦੋਂ ਪੰਜਾਬ ਵਿਚ ਗਦਰ ਹੋ ਜਾਵੇਗਾ ਤਾਂ ਇਹ ਵੀ ਨਿਸਚੇ ਜਾਣੋ ਕਿ ਉਸ ਦਿਨ ਬੰਗਾਲ ਬੈਠਾ ਬੈਠਾ ਤਮਾਸ਼ਾ ਨਹੀਂ ਵੇਖੇਗਾ, ਅਰ ਅੰਗਰੇਜ਼ਾਂ ਨੂੰ ਬੰਗਾਲ ਵਾਸਤੇ ਇਤਨੀ ਉਲਝਣ ਵਿਚ ਫਸਣਾ ਪਵੇਗਾ ਕਿ ਸਰਕਾਰ ਆਪਣੀ ਕੁਲ ਸ਼ਕਤੀ ਇਕ ਪੰਜਾਬ ਉਤੇ ਹੀ ਨਹੀਂ ਖਰਚ ਕਰ ਸਕੇਗੀ। ਮੈਂ ਇਹ ਵੀ ਕਿਹਾ–'ਬੰਗਾਲ ਇਸ ਵੇਲੇ ਵੀ ਸਰਕਾਰੀ ਖਜ਼ਾਨੇ ਲੁਟ ਸਕਦਾ ਹੈ, ਪੁਲਸ ਦੀਆਂ ਬਾਰਕਾਂ ਪੁਰ ਛਾਪਾ ਮਾਰਨਾ ਇਤਿਆਦਿ ਕੰਮ ਕਰ ਸਕਦਾ ਹੈ, ਕਿੰਤੂ ਅਗੋਂ ਕੀ ਹੋਵੇਗਾ ? ਇਸ 'ਅਗੋਂ ਕੀ ਹੋਵੇਗਾ' ਨੂੰ ਸੋਚਕੇ ਹੀ ਬੰਗਾਲ ਨੇ ਅਜੇ ਤਕ ਅਜਿਹਾ ਕੁਝ ਨਹੀਂ ਕੀਤਾ। ਮੈਂ ਇਨ੍ਹਾਂ ਲੋਕਾਂ ਨੂੰ ਭਲੀ ਭਾਂਤ ਸਮਝਾ ਦਿਤਾ ਕਿ ਅਸਾਡੀ ਸਲਾਹ ਲਏ ਬਗੈਰ ਅਚਾਨਕ ਹੀ ਨਾ ਕੁਝ ਕਰ ਬੈਠਣਾ। ਇਹ ਵੀ ਕਹਿ ਦਿਤਾ ਕਿ ਚੰਗੀ ਤਰ੍ਹਾਂ ਸਾਵਧਾਨੀ ਨਾਲ ਕੰਮ ਕਰਨਾ ਪਵੇਗਾ, ਜਿਸ ਤੋਂ ਕਿ ਇਹ ਮੇਹਨਤ ਵਿਅਰਥ ਹੀ ਨਾ ਚਲੀ ਜਾਵੇ। ਸਿਰਫ ਹੂ ਹਾ ਕਰਕੇ ਫਜ਼ੂਲ ਕੰਮਾਂ ਵਿਚ ਆਪਣੀ ਤਾਕਤ ਨਾ ਖਰਚ ਕਰ ਬੈਠਣਾ। ਮੈਂ ਇਨ੍ਹਾਂ ਨੂੰ ਕਿਹਾ ਕਿ ਬਹੁਤਿਆਂ ਆਦਮੀਆਂ ਨੂੰ ਕਹੋ ਕਿ ਆਪਣੇ ਆਪਣੇ ਪਿੰਡਾਂ ਵਿਚ ਜਾਕੇ ਰਹਿਣ। ਕੇਵਲ ਮੁਖੀਆਂ ਦਾ ਯਾ ਕੰਮ ਕਰਨ ਵਾਲੇ ਹੋਰ ਥੋੜੇ ਜੇਹੇ ਆਦਮੀਆਂ ਦਾ ਲਾਗੇ ਰਹਿਣਾ ਹੀ ਠੀਕ ਹੋਵੇਗਾ। ਅਤੇ ਸਭ ਆਦਮੀਆਂ ਦੇ ਛੋਟੇ ਛੋਟੇ ਜਥੇ ਬਣਾ ਕੇ ਉਨ੍ਹਾਂ ਪੁਰ ਜਥੇਦਾਰ ਮੁਕੱਰਰ ਕਰ ਦਿਉ। ਇਸ ਤਰ੍ਹਾਂ ਸੰਗਠਨ ਹੋ ਜਾਣ ਪੁਰ ਜਿਸ ਵੇਲੇ ਲੋੜ ਪਵੇਗੀ ਸਭ ਆਦਮੀਆਂ ਤੋਂ ਕੰਮ ਲਿਆ ਜਾ ਸਕਦਾ ਹੈ। ਜੇ ਇਸ ਤਰ੍ਹਾਂ ਛੋਟੇ ਛੋਟੇ ਜਥੇ ਨਹੀਂ ਬਣਾਏ ਜਾਣਗੇ ਤਾਂ ਗ੍ਰਿਫਤਾਰ ਹੋਣ ਦਾ ਹਰ ਘੜੀ ਸੰਸਾ ਬਣਿਆ ਰਹੇਗਾ' ਫਿਰ ਕਰਤਾਰ ਸਿੰਘ ਨੂੰ ਕਿਹਾ–"ਆਪ ਵਿਚੋਂ ਕੋਈ ਇਕ ਆਦਮੀ ਮੇਰੇ ਨਾਲ ਚਲੋ, ਮੈਂ ਉਸ ਨੂੰ ਉਸ ਜਗ੍ਹਾ ਲੈ ਜਾਵਾਂਗਾ ਜਿਥੇ ਰਾਸ ਬਿਹਾਰੀ ਹੈ। ਰਾਸ ਬਿਹਾਰੀ ਨਾਲ ਹਛੀ ਤਰ੍ਹਾਂ ਸਲਾਹ ਕਰਨੀ ਹੈ'। ਇਹ ਗਲ ਉਨ੍ਹਾਂ ਨੂੰ ਪਸੰਦ ਆਈ; ਹੁਣ ਨਿਸਚੇ ਹੋਇਆ ਕਿ ਲਾਹੌਰ ਵਿਚ ਪ੍ਰਿਥਵੀ ਸਿੰਘ ਨਾਲ ਦੋਬਾਰਾ ਮੁਲਾਕਾਤ ਕਰਕੇ ਉਸ ਨੂੰ ਨਾਲ ਲੈ ਰਾਸ ਬਿਹਾਰੀ ਦੇ ਪਾਸ ਮੁਲਾਕਾਤ ਕਰਨ ਵਾਸਤੇ ਜਾਣਾ ਠੀਕ ਹੋਵੇਗਾ।

ਮੈਂ ਪੁਛਿਆ ਹੁਣ ਆਪ ਨਾਲ ਕਿਥੇ ਮੁਲਾਕਾਤ ਹੋਵੇਗੀ ? ਉਨ੍ਹਾਂ ਨੇ ਉਤ੍ਰ ਦਿਤਾ ਕਿ "ਅਸਾਡੇ ਠਹਿਰਨੇ ਦਾ ਕੋਈ ਪੱਕਾ ਥਾਂ ਟਿਕਾਣਾ ਨਹੀਂ"। ਇਸ ਤੇ ਮੈਂ ਪੁਛਿਆ–'ਕੀ ਆਪਦਾ ਕੋਈ ਕੇਂਦਰ ਨਹੀਂ ਹੈ, ਜਿਥੇ ਪਹੁੰਚਣ ਤੇ ਸਭ ਗਲਾਂ ਦਾ ਪਤਾ ਲਗ ਜਾਵੇ ?' ਉਤਰ ਨਹੀਂ ਵਿਚ ਮਿਲਿਆ। ਮਲੂਮ ਹੋਇਆ ਕਿ ਇਹ ਲੋਕ ਅੱਡ ਅੱਡ ਕੰਮਾਂ ਪੁਰ ਚਲੇ ਜਾਣ ਗੇ ਅਤੇ ਕੰਮ ਹੋ ਜਾਣ ਪੁਰ ਫਿਰ ਇਕ ਗੁਪਤ ਜਿਹੇ ਥਾਂ ਇਕੱਠੇ ਹੋਣਗੇ। ਜੇ ਕਿਸੇ ਕਾਰਨ ਇਸਤਰ੍ਹਾਂ ਇਕੱਤ੍ਰ ਨਾ ਹੋ ਸਕਣ, ਤਾਂ ਗੁਰਦ੍ਵਾਰੇ ਵਿਚ ਢੂੰਢਣ ਤੋਂ ਸਿਵਾਇ ਪਤਾ ਲਾਉਣ ਦਾ ਹੋਰ ਕੋਈ ਉਪਾ ਨਹੀਂ। ਇਹ ਸੁਣਨ ਤੋਂ ਬੜਾ ਅਚੰਭਾ ਹੋਇਆ।.........ਪਿਛੋਂ ਗੂਹੜਾ ਸੰਬੰਧ ਹੋ ਜਾਣ ਪੁਰ ਮਲੂਮ ਹੋਇਆ ਕਿ ਸੱਚ ਮੁਚ ਇਨ੍ਹਾਂ ਦੀ ਇਹੋ ਹਾਲਤ ਸੀ। ਤਦੋਂ ਉਸ ਦਾ ਉਪਾ ਭੀ ਕਰ ਦਿਤਾ ਸੀ*"।

ਜਲੰਧਰ ਤੋਂ ਸ੍ਰੀ ਸਾਨਿਯਾਲ ਲਾਹੌਰ ਗਏ ਅਤੇ ਓਥੇ ਸ੍ਰੀ ਪਿਰਥੀ ਸਿੰਘ ਨੂੰ ਮਿਲੇ, ਜਿਨ੍ਹਾਂ ਨੇ ਪੰਜ ਦਸੰਬਰ ਨੂੰ ਬਨਾਰਸ ਪੁਜਣ ਦਾ ਇਕਰਾਰ ਕੀਤਾ†। ਸ੍ਰੀ ਸਾਨਿਯਾਲ ੫ ਦਸੰਬਰ ਨੂੰ

*ਬੰਦੀ ਜੀਵਨ, ਪਹਿਲਾ ਭਾਗ, ਪੰਨੇ ੨੭ ਤੋਂ ੪੧.

†First Case, Individual Case of Pirthi Singh, p. 1.



Digitized by Panjab Digital Library | www.panjabdigilib.org

ਅਤੇ ਅਗਲੇ ਅਗਲੇਰੇ ਦਿਨ ਬਨਾਰਸ ਸਟੇਸ਼ਨ ਉਤੇ ਸ੍ਰੀ ਪਿਰਥੀ ਸਿੰਘ ਨੂੰ ਲੈਣ ਜਾਂਦੇ ਰਹੇ, ਪਰ ਉਹ ਨਾ ਅਪੜੇ। ਸ੍ਰੀ ਪਿਰਥੀ ਸਿੰਘ ਦੇ ਨਾ ਪੁਜਣ ਦਾ ਕਾਰਨ ਇਹ ਸੀ ਕਿ ਜਦ ਉਹ ਅੰਬਾਲਾ ਛਾਉਣੀ ਵਿਚ ਰਾਜਪੂਤ ਪਲਟਨ ਵਿਚ ਗਦਰ ਦਾ ਪ੍ਰਚਾਰ ਕਰਨ ਜਾ ਰਹੇ ਸਨ, ਤਾਂ ਫੀਰੋਜ਼ ਸ਼ਹਿਰ ਦੀ ਘਟਨਾ ਦੀ ਤਫਤੀਸ਼ ਵਿਚ ਮਿਲੀ ਇਤਲਾਹ ਦੇ ਆਧਾਰ ਉਤੇ ਪੁਲਸ ਦੇ ਇਕ ਅਫਸਰ ਨੇ ਅਚਾਨਕ ਉਨ੍ਹਾਂ ਨੂੰ ਛਾਉਣੀ ਵਿਚ ਆ ਫੜਿਆ। ਪੁਲਸ ਅਫਸਰ ਅਤੇ ਸ੍ਰੀ ਪਿਰਥੀ ਸਿੰਘ ਉਤਨਾ ਚਿਰ ਗੁਥਮ ਗੁਥਾ ਹੁੰਦੇ ਰਹੇ ਜਿਤਨਾ ਚਿਰ ਦੋਵੇਂ ਬੇਹੋਸ਼ ਨਾ ਹੋ ਗਏ। ਪਿਛੋਂ ਜਦ ਇਕ ਐਨਜੀਨੀਅਰ ਨੇ ਉਨ੍ਹਾਂ ਦੋਵਾਂ ਨੂੰ ਬੇਹੋਸ਼ੀ ਦੀ ਹਾਲਤ ਵਿਚ ਵੇਖਿਆ, ਤਾਂ ਸ੍ਰੀ ਪਿਰਥੀ ਸਿੰਘ ਦਾ ਹੱਥ ਪੁਲਸ ਅਫਸਰ ਦੇ ਪਸਤੌਲ ਉਤੇ ਪਿਆ ਹੋਇਆ ਸੀ*। ਸ੍ਰੀ ਪਿਰਥੀ ਸਿੰਘ ਦੇ ਇਸ ਤਰ੍ਹਾਂ ਫੜੇ ਜਾਣ ਦੇ ਕਾਰਨ ਗਦਰੀ ਇਨਕਲਾਬੀਆਂ ਦਾ ਜੋ ਸੰਬੰਧ ਬੰਗਾਲ ਦੇ ਰਾਜਪਲਟਾਊਆਂ ਨਾਲ ਕਾਇਮ ਹੋਣ ਲਗਾ ਸੀ, ਕੁਝ ਸਮੇਂ ਲਈ ਉਸ ਵਿਚ ਅਟਕਾ ਪੈ ਗਿਆ†।

ਸ੍ਰੀ ਵੈਸ਼ਨੋ ਗਨੇਸ਼ ਪਿੰਗਲੇ, ਤਾਲੇਗੁਆਨ ਧਮਧੇਰਾ, ਜ਼ਿਲਾ ਪੂਨਾ (ਮਹਾਰਾਸ਼ਟਰ), ਦੇ ਨੌਜਵਾਨ ਸਨ, ਜੋ ਵਿਦਿਆ ਪ੍ਰਾਪਤ ਕਰਨ ਅਮਰੀਕਾ ਗਏ। ਪਹਿਲੇ ਉਨ੍ਹਾਂ ਨੂੰ ਓਥੇ ਉਤਰਨ ਨਾ ਦਿਤਾ ਗਿਆ, ਅਤੇ ਕੈਨੇਡਾ ਤੋਂ ਆਏ ਡੈਪੂਟੇਸ਼ਨ ਦੀ ਪ੍ਰੇਰਨਾ ਉਤੇ ਜੋ ਮੈਜਰਨਾਮਾ ਬ੍ਰੈਡਲਾਹਾਲ ਵਿਚ ਹੋਈ ਮੀਟਿੰਗ ਨੇ ਸਰਕਾਰ ਪਾਸ ਪੇਸ਼ ਕੀਤਾ ਸੀ, ਉਸ ਵਿਚ ਇਸ ਗਲ ਦਾ ਜ਼ਿਕਰ ਕੀਤਾ ਗਿਆ। ਪਿਛੋਂ ਉਨ੍ਹਾਂ ਨੂੰ ਅਮਰੀਕਾ ਦਾਖਲ ਹੋਣ ਦੀ ਇਜਾਜ਼ਤ ਮਿਲ ਗਈ ਅਤੇ ਉਹ ਸੀਆਟਲ ਪੜ੍ਹਨ ਲਗ ਪਏ*। ਜਦ ਗਦਰੀ ਇਨਕਲਾਬੀਆਂ ਦੀ ਮੁਹਿੰਮ ਦੇਸ ਨੂੰ ਆਈ, ਤਾਂ ਉਹ ਵੀ 'ਸਲਾਮਸ' ਜਹਾਜ਼ ਰਾਹੀ ੨੦ ਨਵੰਬਰ ਨੂੰ ਕਲਕੱਤੇ ਪੁਜੇ। "ਆਪਣੇ ਦੇਸ ਨੂੰ ਵਾਪਸ ਆਉਂਦਿਆਂ ਇਨ੍ਹਾਂ ਨੇ ਜਹਾਜ਼ ਪੁਰ ਹੀ ਨਿਸਚੇ ਕਰ ਲਿਆ ਸੀ ਕਿ ਪਹਿਲਾਂ ਬੰਗਾਲ ਦੀ ਗਦਰ ਪਾਰਟੀ ਦੇ ਲੀਡਰਾਂ ਦਾ ਬੰਗਾਲ ਵਿਚ ਪਤਾ ਲਵਾਂਗਾ। ਤਦ ਫਿਰ ਪੰਜਾਬ ਜਾਵਾਂਗਾ। ਕਲਕੱਤੇ ਵਿਚ ਆਕੇ ਆਪਣੇ ਪੁਰਾਣੇ ਸਜਣਾਂ ਮਿਤ੍ਰਾਂ ਦੀ ਸਹਾਇਤਾ ਨਾਲ ਇਨ੍ਹਾਂ ਨੇ ਕਲਕਤੇ ਦੇ ਗਦਰ ਪਾਰਟੀ ਦੇ ਕਈ ਮੁਖੀਆਂ ਨਾਲ ਮੁਲਾਕਾਤ ਕੀਤੀ। ਇਸ ਤੋਂ ਪੰਜਾਬ ਵਿਚ ਬਲਵੇ ਦੀ ਤਿਆਰੀ ਹੋਣ ਦੀ ਖਬਰ ਸਾਰੇ ਕਲਕੱਤੇ ਸ਼ਹਿਰ ਵਿਚ ਫੈਲ ਗਈ। ਇਧਰ ਇਨ੍ਹਾਂ ਦੇ ਮਿੱਤ੍ਰਾਂ ਨਾਲ ਅਸਾਡੇ ਦਲ ਦਾ ਵੀ ਕੁਝ ਸੰਬੰਧ ਸੀ, ਅਰ ਉਸੇ ਸੰਬੰਧ ਦਵਾਰਾ ਪਿੰਗਲੇ ਅਸਾਡੇ ਦਲ ਵਿਚ ਆ ਗਏ। ਅਸਾਡੇ ਦਲ ਵਿਚ ਆਉਂਦਿਆਂ ਹੀ ਇਹ ਸਿਧੇ ਕਾਂਸ਼ੀ ਭੇਜ ਦਿਤੇ ਗਏ। ਪਿੰਗਲੇ ਨੇ ਕਲਕੱਤੇ ਵਿਚ ਬਹੁਤ ਲੋਕਾਂ ਤੋਂ ਬੰਬ ਗੋਲੇ ਮੰਗੇ ਸਨ। ਉਸ ਸਮੇਂ ਸਾਰੇ ਬੰਗਾਲ ਨੂੰ ਬਹੁਤ ਕਰਕੇ ਅਸਾਡੇ ਕੇਂਦ੍ਰ ਤੋਂ ਹੀ ਬੰਬ ਗੋਲੇ ਮਿਲਦੇ ਸਨ। ਇਸ ਲਈ ਬੰਬਾਂ ਗੋਲਿਆਂ ਵਾਸਤੇ ਪਿੰਗਲੇ ਦਾ ਡੂੰਘਾ ਸੰਬੰਧ ਅਸਾਡੇ ਨਾਲ ਹੋ ਗਿਆ।

ਕਾਂਸ਼ੀ ਵਿਚ ਇਨੀਂ ਦਿਨੀਂ ਅਸਾਡੇ ਮਨ ਵਿਚ ਇਹ ਖਿਆਲ ਉਤਪਨ ਹੋ ਰਿਹਾ ਸੀ ਕਿ ਸ਼ਾਇਦ ਹੁਣ ਅਸਾਡਾ ਸੰਬੰਧ ਪੰਜਾਬ ਨਾਲ ਜੁੜਨਾ ਕਠਨ ਹੋ ਜਾਵੇ, ਕਿਉਂਕਿ ੫ ਦਸੰਬਰ ਨੂੰ ਪ੍ਰਿਥਵੀ ਸਿੰਘ ਕਾਂਸ਼ੀ ਆਉਣ ਵਾਲੇ ਸਨ, ਕਿੰਤੂ ਨਾ ਤਾਂ ਉਨ੍ਹਾਂ ਦੇ ਦਰਸ਼ਨ ਹੋਏ ਅਰ ਨਾ ਪੰਜਾਬ ਦਾ ਕੋਈ ਸਮਾਚਾਰ ਹੀ ਮਿਲਿਆ। ਅਜਿਹੇ ਵੇਲੇ ਪਿੰਗਲੇ ਦੇ ਮਿਲ ਪੈਣ ਤੇ ਇਤਨੀ ਪ੍ਰਸੰਨਤਾ ਹੋਈ ਮਾਨੋ ਕੁਬੇਰ ਦਾ ਧਨ ਹਥ ਲਗ ਗਿਆ ਹੋਵੇ। ਪਿੰਗਲੇ ਦੇ ਆ ਜਾਣ ਨਾਲ ਸਾਨੂੰ ਸੱਚ ਮੁਚ ਬੜਾ ਆਸਰਾ ਹੋ ਗਿਆ। ਇਨ੍ਹਾਂ ਦਾ ਸਰੀਰ ਭਰਿਆ ਹੋਇਆ ਅਰ ਬਲਵਾਨ ਸੀ। ਖੂਬ ਗੋਰਾ ਰੰਗ ਸੀ ਅਰ ਇਨ੍ਹਾਂ ਦੀਆਂ ਅੱਖਾਂ ਤਥਾ ਚੇਹਰੇ ਤੋਂ ਚਤ੍ਰਤਾ ਅਤੇ ਸਿਆਣਪ ਝਲਕਾਰੇ ਮਾਰਦੀ ਸੀ। ਇਸ ਸਿਆਣਪ ਨੇ ਉਸ ਦਿਨ ਅਸਾਡੇ ਮਨਾਂ ਵਿਚ ਖਾਸ ਜਗ੍ਹਾ ਪ੍ਰਾਪਤ ਕਰ ਲਈ ਸੀ। ਇਨ੍ਹਾਂ ਨੂੰ ਵੇਖਣ ਅਰ ਇਨ੍ਹਾਂ ਨਾਲ ਬਾਤ ਚੀਤ ਕਰਨ ਤੋਂ ਸਾਨੂੰ ਪੱਕਾ ਯਕੀਨ ਹੋ ਗਿਆ ਸੀ ਕਿ ਇਨ੍ਹਾਂ ਦੀ ਹੱਥੀਂ ਅਸਾਡੇ ਕਈ ਕਾਰਜ ਸਿੱਧ ਹੋਣਗੇ*"।

ਸ੍ਰੀ ਪਿੰਗਲੇ ਨੇ ਆਪਣੇ ਬਾਰੇ ਦੱਸਿਆ ਕਿ ਉਨ੍ਹਾਂ ਨੇ ਸਾਧ ਬਣਕੇ ਹਿੰਦੁਸਤਾਨ ਦੇ ਅੱਡ ਅੱਡ ਥਾਵਾਂ ਦੀ ਯਾਤ੍ਰਾ ਕੀਤੀ, ਫਿਰ ਮਕੈਨੀਕਲ ਇੰਜੀਨਿਰਿੰਗ ਪੜ੍ਹਣ ਵਾਸਤੇ ਅਮਰੀਕਾ ਚਲੇ ਗਏ, ਅਰ ਉਥੇ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ†।

"ਸ੍ਰੀ ਪਿੰਗਲੇ ਨੂੰ ਇਕ ਦੋ ਦਿਨ ਕਾਂਸ਼ੀ ਅਟਕਾ ਕੇ ਪੰਜਾਬ ਭੇਜ ਦਿੱਤਾ। ਉਨ੍ਹਾਂ ਦੀ ਮੰਗ ਸੀ ਕਿ ਪੰਜਾਬ ਵਿਚ ਉਨ੍ਹਾਂ ਦੇ ਪਾਸ ਬੇ-ਹਿਸਾਬ ਗੋਲੇ ਭੇਜ ਦਿਤੇ ਜਾਣ। ਇਸ ਪੁਰ ਇਨ੍ਹਾਂ ਨੂੰ ਕਿਹਾ ਗਿਆ ਕਿ ਗੋਲੇ ਤਾਂ ਭੇਜੇ ਜਾ ਸਕਦੇ ਹਨ, ਕਿੰਤੂ ਇਕ ਇਕ ਬੰਬ ਗੋਲਾ ਬਨਾਉਣ ਪੁਰ ਸੋਲ੍ਹਾਂ ਸੋਲ੍ਹਾਂ ਰੁਪੱਏ ਖਰਚ ਆ ਜਾਂਦਾ ਹੈ ਇਸ ਲਈ ਰੁਪੱਏ ਦੀ ਮਦਦ ਮਿਲੇ ਬਿਨਾਂ ਬੇ-ਹਿਸਾਬੇ ਬੰਬ ਗੋਲਿਆਂ ਦਾ ਭੇਜਿਆ ਜਾਣਾ ਕਠਿਨ ਹੈ।........ਹੁਣ ਰੁਪੱਏ ਲਿਆਉਣ ਅਰ ਪੰਜਾਬੀਆਂ ਦਾ ਹਾਲ ਚਾਲ ਮਲੂਮ ਕਰਨ ਲਈ ਪਿੰਗਲੇ ਪੰਜਾਬ ਨੂੰ ਗਏ*"।

ਪਹਿਲੇ ਮੁਕੱਦਮੇਂ ਦੇ ਫੈਸਲੇ ਵਿਚ ਜੱਜਾਂ ਨੇ ਇਹ ਕਿਆਫਾ ਲਾਇਆ ਹੈ ਕਿ ਦਸੰਬਰ ਦੇ ਅਖੀਰ ਵਿਚ ਗਦਰੀ ਕਾਰਰਵਾਈਆਂ ਦੇ ਫਿਰ ਮੁੜ ਕੇ ਸਰਗਰਮ ਹੋ ਜਾਣ ਦਾ ਕਾਰਨ ਸ਼ਾਇਦ ਇਹ ਸੀ, ਕਿ 'ਕੌਮਾ ਗਾਟਾ ਮਾਰੂ' ਦੇ ਜਿਨ੍ਹਾਂ ਮੁਸਾਫਰਾਂ ਨੂੰ ਬਜ ਬਜ ਘਾਟ ਦੀ ਘਟਨਾਂ ਪਿਛੋਂ ਨਜ਼ਰਬੰਦ ਕੀਤਾ ਗਿਆ ਸੀ, ਉਨ੍ਹਾਂ ਨੂੰ ਤਕਰੀਬਨ ਏਸੇ ਸਮੇਂ ਰਿਹਾ ਕੀਤਾ ਗਿਆ†। ਜੱਜ ਇਹ ਗੱਲ ਸਪੱਸ਼ਟ ਕਰਕੇ ਲਿਖਦੇ ਹਨ ਕਿ ਇਹ ਉਨ੍ਹਾਂ ਦਾ ਕੇਵਲ ਇਕ ਕਿਆਸ ਹੈ। ਪਰ ਉਨ੍ਹਾਂ ਦਾ ਇਹ ਕਿਆਸ ਠੀਕ ਨਹੀਂ, ਕਿਉਂਕਿ ਦਸੰਬਰ ਦੇ ਅਖੀਰ ਜਾਂ ਜਨਵਰੀ ਦੇ ਸ਼ੁਰੂ ਵਿਚ ਗਦਰੀ ਇਨਕਲਾਬੀਆਂ ਦੀਆਂ ਮੀਟਿੰਗਾਂ ਜਾਂ ਸਰਗਰਮੀਆਂ ਵਿਚ ਜਿਨ੍ਹਾਂ ਹੱਸਾ ਲਿਆ, ਉਨ੍ਹਾਂ ਵਿਚ 'ਕੌਮਾ ਗਾਟਾ ਮਾਰੂ' ਦੇ ਮੁਸਾਫਰਾਂ ਵਿਚੋਂ ਇਕ ਵੀ ਨਹੀਂ ਸੀ। ਇਸ ਤੋਂ ਇਲਾਵਾ 'ਕੌਮਾ ਗਾਟਾ ਮਾਰੂ' ਦੇ ਮੁਸਾਫਰਾਂ ਵਿਚੋਂ ਕੇਵਲ ਗਿਣਤੀ ਦੇ ਤਿੰਨ ਚਾਰ ਨੇ ਰਿਹਾਈ ਪਿਛੋਂ ਹਿੰਦੁਸਤਾਨ ਵਿਚ ਗਦਰ ਪਾਰਟੀ ਦੀ ਮੁਹਿੰਮ ਵਿਚ ਅੱਧ ਜਨਵਰੀ ਦੇ ਕਰੀਬ ਜਾਂ ਇਸ ਤੋਂ ਪਿਛੋਂ ਹਿੱਸਾ ਲਿਆ; ਅਤੇ ਉਨ੍ਹਾਂ ਦਾ ਅਦਾ ਕੀਤਾ ਪਾਰਟ ਇਤਨਾ ਨੁਮਾਇਆਂ ਨਹੀਂ, ਜਿਸ ਤੋਂ ਇਹ ਸਮਝਿਆ ਜਾ ਸਕੇ ਕਿ ਉਨ੍ਹਾਂ ਦੀਆਂ ਸਰਗਰਮੀਆਂ ਦੇ ਕਾਰਨ ਗਦਰੀ ਇਨਕਲਾਬੀਆਂ ਦੀਆਂ ਕਾਰਰਵਾਈਆਂ ਗਰਮ ਹੋਈਆਂ।

ਦਸੰਬਰ ਵਿਚ ਗਦਰੀਆਂ ਦੀਆਂ ਕਾਰਰਵਾਈਆਂ

*First Case, Individual Case of Pirthi Singh. p. 2.

†ਬੰਦੀ ਜੀਵਨ, ਭਾਗ ਪਹਿਲਾ, ਪੰਨਾ ੬੨.

*Isemonger and Slattery, p. 91.

*ਬੰਦੀ ਜੀਵਨ, ਭਾਗ ਪਹਿਲਾ, ਪੰਨੇ ੭੪, ੭੫।

†ਬੰਦੀ ਜੀਵਨ, ਭਾਗ ਪਹਿਲਾ, ਪੰਨਾ ੭੬।

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੭੮।

†First Case, The Outline of Proceedings in India, p. 4.



Digitized by Panjab Digital Library | www.panjabdigilib.org

ਢਿੱਲੀਆਂ ਹੋਣ ਦਾ ਇਹ ਕਾਰਨ ਨਹੀਂ ਸੀ ਕਿ ਉਨ੍ਹਾਂ ਦਾ ਉਤਸ਼ਾਹ ਮੱਠਾ ਪੈ ਗਿਆ ਸੀ; ਬਲਕਿ ਉਸ ਦਾ ਕਾਰਨ ਇਹ ਸੀ ਕਿ ਉਨ੍ਹਾਂ ਨੂੰ ਚਲਾਉਣ ਵਾਲਾ ਕੋਈ ਲੀਡਰ ਨਹੀਂ ਸੀ*, ਜਾਂ ਪਿਛਲੇ ਕਾਂਡ ਵਿਚ ਦਿੱਤੇ ਗਏ ਕਾਰਨਾਂ ਕਰਕੇ ਲਗੇ ਧੱਕੇ ਪਿਛੋਂ ਉਨ੍ਹਾਂ ਨੂੰ ਆਪਣੇ ਕੰਮ ਦੇ ਤਰੀਕਾਕਾਰ ਨੂੰ ਨਵਿਉਂ ਸਿਰਿਉਂ ਵਿਉਂਤ ਕੇ ਚੱਲਣ ਵਿਚ ਵਕਤ ਲੱਗਾ। ਸ੍ਰੀ ਸਾਨਿਯਾਲ ਨੇ ਵੀ ਜਲੰਧਰ ਸਟੇਸ਼ਨ ਪਾਸ ਹੋਈ ਮੀਟਿੰਗ ਵਿਚ ਉਨ੍ਹਾਂ ਨੂੰ ਸੰਭਲ ਕੇ ਚੱਲਣ ਦੀ ਸਲਾਹ ਦਿੱਤੀ। ਮੂਲਾ ਸਿੰਘ ਦੇ ਆਉਣ ਨਾਲ ਵੀ ਸ਼ਾਇਦ ਕੁਝ ਫਰਕ ਪਿਆ ਹੋਵੇਗਾ, ਪਰ ਦਸੰਬਰ ਦੇ ਅਖੀਰ ਵਿਚ ਜ਼ਿਆਦਾ ਸਰਗਰਮੀ ਸ੍ਰੀ ਪਿੰਗਲੇ ਦੇ ਆਉਣ ਅਤੇ ਬੰਗਾਲੀ ਰਾਜਪਲਟਾਊਆਂ ਨਾਲ ਤਾਲ ਮੇਲ ਪੈਦਾ ਹੋ ਜਾਣ ਵਾਸਤੇ ਰਾਹ ਖੁਲ੍ਹਣ ਨਾਲ ਵੱਧੀ।

ਮੂਲਾ ਸਿੰਘ ਦੇ ਦੇਰ ਨਾਲ ਦੇਸ ਆਉਣ ਦਾ ਕਾਰਨ ਇਹ ਸੀ ਕਿ ਉਸ ਨੇ ਸ਼ੰਘਾਈ ਤੋਂ ਸ੍ਰੀ ਭਗਵਾਨ ਸਿੰਘ ਨੂੰ ਅਮਰੀਕਾ ਹਥਿਆਰ ਪੁਚਾਣ ਲਈ ਤਾਰ ਦਿੱਤੀ ਸੀ। ਸ੍ਰੀ ਭਗਵਾਨ ਸਿੰਘ ਨੇ ਜਵਾਬ ਵਿੱਚ ਮੂਲਾ ਸਿੰਘ ਨੂੰ ਸ਼ੰਘਾਈ ਹੋਰ ਸਮਾਂ ਉਡੀਕਣ ਲਈ ਕਿਹਾ। ਉਹ ਓਥੇ ਪੰਦਰਾਂ ਦਿਨ ਉਡੀਕਦਾ ਰਿਹਾ, ਪਰ ਹਥਿਆਰ ਨਾ ਅਪੜੇ†। ਆਖਰ ਮੂਲਾ ਸਿੰਘ ਪਹਿਲੀ ਦਸੰਬਰ ਨੂੰ ਅੰਮ੍ਰਿਤਸਰ ਪੁਜਾ। ਪਰ ਹੋਰਨਾਂ ਇਨਕਲਾਬੀਆਂ ਨਾਲ ਮੇਲ ਮਿਲਾਪ ਪੈਦਾ ਕਰਨ ਤੋਂ ਇਲਾਵਾ ਦਸੰਬਰ ਦੇ ਅਖੀਰ ਤਕ ਉਸ ਨੇ ਕੋਈ ਖਾਸ ਕੰਮ ਨਾ ਕੀਤਾ‡।

ਸ੍ਰੀ ਪਿੰਗਲੇ ਦਸੰਬਰ ਦੇ ਅਖੀਰ ਵਿਚ ਪੰਜਾਬ ਆਏ ਅਤੇ ਅਮਰ ਸਿੰਘ ਨੂੰ ਨਾਲ ਲੈ ਕੇ ਕਪੂਰਥਲੇ ਗਏ, ਜਿਥੇ ਉਨ੍ਹਾਂ ਸ੍ਰੀ ਨਿਧਾਨ ਸਿੰਘ 'ਚੁਘਾ', ਸ੍ਰੀ ਕਰਤਾਰ ਸਿੰਘ 'ਸਰਾਭਾ', ਸ੍ਰੀ ਪਰਮਾਨੰਦ (ਯੂ. ਪੀ.) ਅਤੇ ਰਾਮ ਸਰਨ ਦਾਸ ਨਾਲ ਮਿਲਕੇ ਮੀਟਿੰਗ ਕੀਤੀ। ਬੰਬਾਂ ਬਾਰੇ ਗਲ ਬਾਤ ਹੋਈ, ਅਤੇ ਸ੍ਰੀ ਪਿੰਗਲੇ ਨੇ ਜ਼ਿਕਰ ਕੀਤਾ ਕਿ ਬੰਗਾਲ ਪਾਰਟੀ ਮਿਲਵਰਤਣ ਦੇਣ ਨੂੰ ਤਿਆਰ ਹੈ*।

੩੧ ਦਸੰਬਰ ਨੂੰ ਅੰਮ੍ਰਿਤਸਰ ਵਿਰਪਾਲੀ ਧਰਮਸਾਲਾ ਵਿਚ ਇਕ ਜ਼ਰੂਰੀ ਮੀਟਿੰਗ ਹੋਈ, ਜਿਸ ਵਿਚ ਮੂਲਾ ਸਿੰਘ ਅਤੇ ਅਮਰ ਸਿੰਘ (ਵਾਅਦਾ ਮੁਆਫਾਂ) ਤੋਂ ਇਲਾਵਾ ਸ੍ਰੀ ਕਰਤਾਰ ਸਿੰਘ 'ਸਰਾਭਾ', ਸ੍ਰੀ ਪਰਮਾਨੰਦ (ਯੂ. ਪੀ.), ਸ੍ਰੀ ਹਰਨਾਮ ਸਿੰਘ (ਜਿਹਲਮ), ਸ੍ਰੀ ਪਿੰਗਲੇ, ਸ੍ਰੀ ਨਿਧਾਨ ਸਿੰਘ, ਡਾਕਟਰ ਮਥਰਾ ਸਿੰਘ, ਸ੍ਰੀ ਹਰਨਾਮ ਸਿੰਘ 'ਸਿਆਲਕੋਟੀ', ਸ੍ਰੀ ਹਿਰਦੇ ਰਾਮ (ਮੰਡੀ ਰਿਆਸਤ), ਸ੍ਰੀ ਜਗਤ ਸਿੰਘ 'ਸੁਰਸੰਗ', ਅਤੇ ਸ੍ਰੀ ਬਲਵੰਤ ਸਿੰਘ (ਸਠਿਆਲਾ) ਸ਼ਾਮਲ ਹੋਏ। ਇਥੇ ਗਦਰੀ ਪ੍ਰੋਗਰਾਮ ਦੇ ਅੱਡ ਅੱਡ ਪਹਿਲੂਆਂ—ਖਜ਼ਾਨੇ ਲੁਟਣੇ, ਚੰਦਾ ਅਕੱਠਾ ਕਰਨ, ਫੌਜਾਂ ਨੂੰ ਪ੍ਰੇਰਨ, ਹਥਿਆਰ ਅਕੱਠੇ ਕਰਨ, ਬੰਬ ਤਿਆਰ ਕਰਨ, ਅਤੇ ਡਾਕੇ ਮਾਰਨ—ਸੰਬੰਧੀ ਵੀਚਾਰ ਹੋਈ।

ਇਸ ਮੀਟਿੰਗ ਦਾ ਕੁਝ ਹਿੱਸਾ ਪਿਛੋਂ ਸੰਤ ਗੁਲਾਬ ਸਿੰਘ ਦੀ ਧਰਮਸਾਲਾ (ਅੰਮ੍ਰਿਤਸਰ) ਅਕੱਠਾ ਹੋਇਆ, ਜਿਥੇ ਤਜਰਬੇ ਵਜੋਂ ਬੰਬ ਬਣਾ ਕੇ ਕਾਮਯਾਬੀ ਨਾਲ ਪਰਖਿਆ ਗਿਆ; ਅਤੇ

*First Case, The Outline of Proceedings in India, p. 4; ਬੰਦੀ ਜੀਵਨ, ਭਾਗ ਪਹਿਲਾ, ਪੰਨਾ ੮੧।

†Isemonger and Slattery, p. 81.

‡First Case, The Outline of Proceedings in India, p. 4.

*First Case, The Outline of Proceedings in India, p. 4.

ਸ੍ਰੀ ਪਿੰਗਲੇ ਨੇ ਜੋ ਪਹਿਲੋਂ ਬੰਗਾਲੀ ਮਾਹਿਰ ਨੂੰ ਮੰਗਵਾਉਣ ਦੀ ਤਜਵੀਜ਼ ਰੱਖੀ ਸੀ, ਉਸ ਨੂੰ ਪਰਵਾਨ ਕੀਤਾ ਗਿਆ*। ਮੂਲਾ ਸਿੰਘ ਦੇ ਜ਼ਿਮੇਂ ਹੈਡਕਵਾਰਟਰ ਵਿਚ ਰਹਿਕੇ ਕੰਮ ਚਲਾਉਣ ਦੀ ਡੀਊਟੀ ਲਾਈ ਗਈ; ਅਤੇ ਡਾਕਟਰ ਮਥਰਾ ਸਿੰਘ ਦੀ ਬੰਬਾਂ ਦਾ ਮਸਾਲਾ ਅਕੱਠਾ ਕਰਨ ਦੀ, ਸ੍ਰੀ ਨਿਧਾਨ ਸਿੰਘ ਦੀ ਫੰਡ ਜਮਾਂ ਕਰਨ ਦੀ, ਅਤੇ ਸ੍ਰੀ ਕਰਤਾਰ ਸਿੰਘ 'ਸਰਾਭਾ' ਦੀ ਸ੍ਰੀ ਸਾਨਯਾਲ ਰਾਹੀਂ ਬੰਗਾਲੀ ਰਾਜਪਲਟਾਊਆਂ ਨਾਲ ਤਾਲ ਮੇਲ ਪੈਦਾ ਕਰਨ ਦੀ ਡੀਊਟੀ ਲਾਈ ਗਈ†।

ਇਸ ਦੌਰਾਨ ਵਿਚ ਬੰਬ ਬਨਾਉਣ ਦੀਆਂ ਅਤੇ ਜੋ ਹੋਰ ਕਾਰਰਵਾਈਆਂ ਹੋਈਆਂ, ਉਨ੍ਹਾਂ ਦਾ ਜ਼ਿਕਰ ਅਗਲੇ ਕਾਂਡ ਵਿਚ ਕੀਤਾ ਜਾਵੇਗਾ। ਇਥੇ ਵਧੇਰੀ ਮਨਸ਼ਾ ਇਸ ਲੜੀ ਨੂੰ ਜੋੜਨ ਦੀ ਹੈ ਕਿ ਬੰਗਾਲੀ ਰਾਜਪਲਟਾਊਆਂ ਨਾਲ ਕਿਵੇਂ ਤਾਲ ਮੇਲ ਪੈਦਾ ਕੀਤਾ ਗਿਆ, ਅਤੇ ਸ੍ਰੀ ਰਾਸ਼ ਬਿਹਾਰੀ ਬੋਸ ਨੇ ਹਿੰਦ ਵਿਚ ਗਦਰੀ ਮੁਹਿੰਮ ਦੀ ਕਿਵੇਂ ਕਮਾਨ ਆ ਕੇ ਸੰਭਾਲ ਲਈ।

ਪੰਜਾਬ ਪੁਲਸ ਅਫਸਰਾਂ ਦੀ ਲਿਖਤ ਮੁਤਾਬਕ ਸ੍ਰੀ ਸਾਨਿਯਾਲ ਨਾਲ ਮੇਲ ਜੋਲ ਪੈਦਾ ਕਰਨ ਦੀ ਡੀਊਟੀ ਸ੍ਰੀ ਕਰਤਾਰ ਸਿੰਘ 'ਸਰਾਭਾ' ਦੇ ਜ਼ਿਮੇਂ ਲਾਈ ਗਈ ਸੀ। ਪਰ ਇਹ ਕੰਮ ਦਰਅਸਲ ਸ੍ਰੀ ਪਿੰਗਲੇ ਨੇ ਨਵਿਉਂ ਸਿਰੋਂ ਸ਼ੁਰੂ ਕੀਤਾ ਅਤੇ ਨੇਪਰੇ ਚੜ੍ਹਾਇਆ।

ਸ੍ਰੀ ਪਿੰਗਲੇ ਹਫਤੇ ਵਿਚ ਹੀ ਕਾਂਸ਼ੀ ਵਾਪਸ ਆ ਗਏ। ਹੁਣ ਸ੍ਰੀ ਰਾਸ਼ ਬਿਹਾਰੀ ਦੀ ਪੰਜਾਬ-ਯਾਤਰਾ ਵਿਚ ਕੋਈ ਰੋਕ ਨਹੀਂ ਸੀ*। ਸ੍ਰੀ ਸਾਨਿਯਾਲ ਨੇ ਆਪਣੀ ਪਹਿਲੀ ਪੰਜਾਬ ਯਾਤਰਾ ਵਿਚ ਹੀ ਇਹ ਨਿਸਚੇ ਕਰ ਲਿਆ ਸੀ ਕਿ, ਪੰਜਾਬ ਵਿਚ ਗਦਰ ਪਾਰਟੀ ਦੇ ਗੈਰ-ਜਥੇਬੰਦ ਹਾਲਾਤ ਹੋਣ ਕਰਕੇ ਖਤਰਿਆਂ ਦੇ ਬਾਵਜੂਦ, ਸ੍ਰੀ ਰਾਸ਼ ਬਿਹਾਰੀ ਨੂੰ ਜਿਤਨੀ ਜਲਦੀ ਹੋ ਸਕੇ ਪੰਜਾਬ ਭੇਜਣਾ ਹੈ; ਕਿਉਂਕਿ ਜੇ ਇਸ ਨਵੀਂ ਲਹਿਰ ਨੂੰ ਕਾਬੂ ਵਿਚ ਨਾ ਰਖਿਆ ਗਿਆ, ਤਾਂ ਸਿਖ ਲੋਕ ਬੇਮੌਕੇ ਕੁਝ ਅਜੇਹਾ ਕਰ ਬਹਿਣਗੇ ਕਿ ਜਿਸ ਨਾਲ ਸਾਰੀ ਤਾਕਤ ਅਰ ਕੀਤੀ ਕਤਾਈ ਪਲਾਂ ਵਿਚ ਗਵਾ ਬਹਿਣ ਦਾ ਡਰ ਸੀ†। ਕਿੰਤੂ ਸ੍ਰੀ ਰਾਸ਼ ਬਿਹਾਰੀ ਦੇ ਜਾਣ ਤੋਂ ਪਹਿਲੋਂ ਸ੍ਰੀ ਸਾਨਿਯਾਲ ਅਤੇ ਸ੍ਰੀ ਪਿੰਗਲੇ ਇਕ ਵਾਰ ਫੇਰ ਪੰਜਾਬ ਆਏ‡। ਸ੍ਰੀ ਪਿੰਗਲੇ ਅਤੇ ਸ੍ਰੀ ਸਾਨਿਯਾਲ ਅੰਮ੍ਰਿਤਸਰ ਇਕ ਗੁਰਦ੍ਵਾਰੇ ਵਿਚ ਠਹਿਰੇ। ਸ੍ਰੀ ਸਾਨਿਯਾਲ ਦੀ ਆਪਣੀਂ ਜ਼ਬਾਨੀਂ, "ਇਸ ਜਗ੍ਹਾ ਪਿੰਗਲੇ ਨੇ ਇਕ ਪੰਜਾਬੀ ਮੁਖੀਏ ਨਾਲ ਮੇਰੀ ਵਾਕਫੀ ਕਰਾ ਦਿਤੀ। ਇਨ੍ਹਾਂ ਦਾ ਨਾਉਂ ਮੂਲਾ ਸਿੰਘ ਸੀ।........ ਮੂਲਾ ਸਿੰਘ ਸ਼ੰਘਾਈ ਪੁਲਸੀ ਮਹਿਕਮੇਂ ਵਿਚ ਨੌਕਰ ਰਹਿ ਚੁਕਾ ਸੀ ਅਤੇ ਉਥੇ ਵੀ ਪੁਲਸੀ ਹੜਤਾਲੀਆਂ ਦੇ ਮੁਖੀ ਬਣੇ ਸਨ। ........ਇਸ ਸਮੇਂ ਮੈਂ ਬਹੁਤ ਸਾਰੇ ਪੇਂਡੂ ਸਿਖਾਂ ਨੂੰ ਵੀ ਇਥੇ ਆਉਂਦੇ ਜਾਂਦੇ ਵੇਖਿਆ। ਇਹ ਜ਼ਿਆਦਾਤਰ ਜ਼ਿਮੀਦਾਰ ਯਾ ਹੋਰ ਮੇਹਨਤੀ ਸਨ, ਕਿੰਤੂ ਇਹ ਵੀ ਦੇਸ਼ ਦਾ ਕੰਮ ਕਰਨ ਲਈ ਮਤਵਾਲੇ ਹੋ ਰਹੇ ਸਨ। ਸਿਖ ਧਰਮ ਦੀ ਅਜੇਹੀ ਹੀ ਰਹੁ ਰੀਤੀ ਅਰ ਸਿਖਿਆ ਹੈ। ਇਨ੍ਹਾਂ ਵਿਚੋਂ ਬਹੁਤਿਆਂ ਦੇ ਸਰੀਰ ਰਿਸ਼ਟ ਪੁਸ਼ਟ ਅਰ ਕਸੇ ਹੋਏ ਸਨ। ਇਸ ਵਾਰ ਮੈਂ ਮੂਲਾ ਸਿੰਘ ਨੂੰ ਇਕ

*First Case, The Outline of Proceedings in India, p. 4.

†Isemonger and Slattery, p. 83.

*ਬੰਦੀ ਜੀਵਨ, ਭਾਗ ਪਹਿਲਾ ਪੰਨਾ ੭੯.

†ਬੰਦੀ ਜੀਵਨ, ਭਾਗ ਪਹਿਲਾ, ਪੰਨਾ ੪੭.

‡ਬੰਦੀ ਜੀਵਨ, ਭਾਗ ਪਹਿਲਾ, ਪੰਨਾ ੭੯.



Digitized by Panjab Digital Library | www.panjabdigilib.org

ਕੇਂਦ੍ਰ ਬਨਾਉਣ ਦੀ ਲੋੜ ਭਲੀ ਪਰਕਾਰ ਸਮਝਾਈ ਅਰ ਇਸ ਤੋਂ ਉਪਰੰਤ ਉਨ੍ਹਾਂ ਨੇ ਹੀ ਕੇਂਦ੍ਰ ਬਨਾਣ ਦਾ ਭਾਰ ਆਪਣੇ ਸਿਰ ਲਿਆ। ਕਿੰਤੂ ਜੇ ਇਹ ਕੇਂਦ੍ਰ-ਆਗੂ ਨਾ ਬਣਦੇ ਤਦ ਹੀ ਚੰਗਾ ਹੁੰਦਾ।...........

ਇਸ ਸਮੇਂ ਪੰਜਾਬ ਵਿਚ ਕੋਈ ਯੋਗ ਆਗੂ ਨਾ ਹੋਣ ਕਰਕੇ ਉਥੇ ਬਹੁਤ ਸਾਰੇ ਕੰਮ ਕਰਨ ਵਾਲੇ ਹੱਥ ਪੁਰ ਹੱਥ ਧਰੀ ਸੁਸਤ ਬੈਠੇ ਸਨ।...........

ਮੂਲਾ ਸਿੰਘ ਤੋਂ ਮੈਨੂੰ ਪਤਾ ਲਗਾ ਕਿ ਬਲਵਾ ਸ਼ੁਰੂ ਹੋਣ ਪੁਰ ਬਹੁਤ ਸਾਰੀਆਂ ਪਲਟਨਾਂ ਨੇ ਦੇਸ਼ ਵਾਸੀਆਂ ਦੇ ਨਾਲ ਰਲ ਜਾਣ ਦਾ ਬਚਨ ਦਿੱਤਾ ਹੈ। ਜਿਨ੍ਹਾਂ ਪਲਟਨਾਂ ਵਿਚ ਇਸ ਵੇਲੇ ਤਕ ਮਨੁਖ ਨਹੀਂ ਭੇਜੇ ਗਏ ਸਨ, ਉਨ੍ਹਾਂ ਦੀ ਮੈਂ ਇਕ ਫਹਿਰਿਸਤ ਬਣਾਈ ਅਰ ਬਾਹਰੋਂ ਆਏ ਹੋਏ ਪੰਜਾਬੀ ਕੰਮ ਕਰਨ ਵਾਲਿਆਂ ਨੂੰ ਉਪ੍ਰੋਕਤ ਪਲਟਨਾਂ ਵਿਚ ਭੇਜਣ ਦੀ ਸਲਾਹ ਦਿੱਤੀ।

ਮੂਲਾ ਸਿੰਘ ਨਾਲ ਮੇਰੀ ਜਾਣ ਪਛਾਣ ਕਰਾਕੇ ਪਿੰਗਲੇ ਆਪ ਹੋਰ ਸਿਖ ਮੁਖੀਆਂ ਦੀ ਭਾਲ ਵਿਚ ਮੁਕਤਸਰ ਦੇ ਮੇਲੇ ਗਏ।...........ਪਿੰਗਲੇ ਜਿਸ ਸਮੇਂ ਮੁਕਤਸਰ ਦੇ ਮੇਲੇ ਤੋਂ ਵਾਪਸ ਆਏ ਉਸ ਸਮੇਂ ਕਰਤਾਰ ਸਿੰਘ, ਅਮਰ ਸਿੰਘ ਆਦਿ ਸਾਰੇ ਗੁਰਦਵਾਰੇ ਵਿਚ ਮੌਜੂਦ ਸਨ। ਮੈਨੂੰ ਵੇਖ ਕੇ ਕਰਤਾਰ ਸਿੰਘ ਬਹੁਤ ਖੁਸ਼ ਹੋਇਆ ਅਰ ਪੁਛਿਆ ਕਿ—"ਸੁਣਾਉ, ਰਾਸ਼ ਬਿਹਾਰੀ ਕਦੋਂ ਆਉਣਗੇ ?" ਮੈਂ ਕਿਹਾ—"ਬਸ ਹੁਣ ਉਨ੍ਹਾਂ ਦਾ ਹੀ ਨੰਬਰ ਹੈ। ਇਥੇ ਠਹਿਰਣ ਲਈ ਕੁਝ ਇੰਤਜ਼ਾਮ ਹੋ ਜਾਵੇ ਅਰ ਆਪ ਦਾ ਕੰਮ ਵੀ ਜ਼ਰਾ ਹੋਰ ਸਿਲਸਿਲੇ ਨਾਲ ਹੋਣ ਲਗ ਪਵੇ, ਬਸ ਫਿਰ ਉਨ੍ਹਾਂ ਦੇ ਆਉਣ ਵਿਚ ਦੇਰ ਨਹੀਂ"। ਇਸ ਸਮੇਂ ਮੈਂ ਕਰਤਾਰ ਸਿੰਘ ਨੂੰ ਕੇਂਦ੍ਰ ਦੀ ਲੋੜ ਭਲੀ ਪਰਕਾਰ ਸਮਝਾਈ ਅਰ ਇਹ ਭੀ ਕਿਹਾ ਕਿ ਕੇਂਦ੍ਰ ਦਾ ਭਾਰ ਮੂਲਾ ਸਿੰਘ ਨੇ ਆਪਣੇ ਉਪਰ ਲੈ ਲਿਆ ਹੈ। ਰਾਸ਼ ਬਿਹਾਰੀ ਵਾਸਤੇ ਅੰਮ੍ਰਿਤਸਰ ਅਰ ਲਾਹੌਰ ਵਿਚ ਦੋ ਦੋ ਕਰਾਏ ਦੇ ਮਕਾਨ ਲੈਣ ਲਈ ਕਹਿ ਦਿੱਤਾ। ਇਨ੍ਹਾਂ ਸਾਰੀਆਂ ਗੱਲਾਂ ਦੇ ਸੰਬੰਧ ਵਿਚ ਦਾਦਾ* ਨੇ ਮੈਨੂੰ ਪਹਿਲਾਂ ਹੀ ਕਿਹਾ ਹੋਇਆ ਸੀ। ਤੇ ਇਹ ਖਾਸ ਕਰ ਕਿਹਾ ਸੀ ਕਿ ਇਕ ਹੀ ਸਮੇਂ ਕਈ ਥਾਵਾਂ ਤੇ ਕਈ ਮਕਾਨ ਆਪਣੇ ਅਧਿਕਾਰ ਹੇਠ ਹੋਣੇ ਚਾਹੀਦੇ ਹਨ, ਸੁ ਅਜੇਹਾ ਹੀ ਕੀਤਾ ਗਿਆ। ਅੰਮ੍ਰਿਤਸਰ ਦੇ ਮਕਾਨ ਤਾਂ ਮੈਂ ਆਪ ਹੀ ਵੇਖ ਕੇ ਪਸੰਦ ਕੀਤੇ, ਲਾਹੌਰ ਦੇ ਮਕਾਨ ਲੈਣ ਲਈ ਹੋਰ ਆਦਮੀ ਭੇਜਿਆ ਗਿਆ। ਪੰਜਾਬ ਦੀ ਉਸ ਸਮੇਂ ਦੀ ਦਸ਼ਾ ਦਾ ਹਾਲ ਕਰਤਾਰ ਸਿੰਘ ਤੋਂ ਸੁਣਕੇ ਮੈਨੂੰ ਬਹੁਤ ਕੁਝ ਆਸ਼ਾ ਹੋਈ। ਮੈਂ ਸੋਚਿਆ ਇਸ ਵਾਰ ਸੱਚ ਮੁਚ ਕੁਝ ਕਹਿਣ ਯੋਗ ਕੰਮ ਹੋ ਰਿਹਾ ਹੈ। ਇਸ ਸਮੇਂ ਸਿਖਾਂ ਦਾ ਇਕ ਹੋਰ ਦਲ ਅੰਮ੍ਰਿਤਸਰ ਵਿਚ ਆਇਆ। ਇਹ ਦਲ ਵੀ ਅਮਰੀਕਾ ਤੋਂ ਵਾਪਸ ਆਇਆ ਸੀ। ਇਸ ਦਲ ਦੇ ਕੁਝਕੁ ਮੋਢੀਆਂ ਨੂੰ ਮੈਂ ਵੇਖਿਆ, ਇਨ੍ਹਾਂ ਵਿਚ ਇਕ ਤਾਂ ਇਤਨੇ ਬੁਢੇ ਸਨ ਕਿ ਉਨ੍ਹਾਂ ਦੀਆਂ ਗੱਲਾਂ ਪੁਰ ਝੁਰੜੀਆਂ ਪੈ ਗਈਆਂ ਸਨ। ਮੇਰਾ ਖਿਆਲ ਹੈ ਕਿ ਇਹ ਉਹੋ ਬ੍ਰਿਧ ਪੁਰਸ਼ ਸਨ ਜਿਨ੍ਹਾਂ ਨੇ ਕਾਲੇ ਪਾਣੀ ਵਿਚ ਵੀ ਬੜੇ ਤੇਜ਼ ਨਾਲ ਥੋੜਾ ਜਿਹਾ ਸਮਾਂ ਬਿਤਾ ਕੇ ੬੦–੭੦ ਸਾਲ ਦੀ ਅਵਸਥਾ ਵਿਚ ਉਸੇ ਟਾਪੂ ਵਿਚ ਆਪਣੇ ਜੀਵਨ ਦਾ ਅੰਤ ਕਰ ਦਿੱਤਾ। ਇਸ ਬੁਢਾਪੇ ਵਿਚ ਭੀ ਉਨ੍ਹਾਂ ਨੇ ਹੜਤਾਲੀਆਂ ਦੇ ਨਾਲ ਹੜਤਾਲ ਕਰਨ ਵਿਚ ਕਦੀ ਪੈਰ ਪਿਛੇ ਨਹੀਂ ਰਖਿਆ ਸੀ। ਇਸ ਦਲ ਦਾ ਕੋਈ ਮੈਂਬਰ ਭੀ ਅਜੇ ਆਪਣੇ ਘਰ ਨਹੀਂ ਪਹੁੰਚਿਆ ਸੀ। ਅਮਰੀਕਾ ਤੋਂ ਆਕੇ ਅੰਮ੍ਰਿਤਸਰ ਵਿਚ ਹੀ ਲੋਕ ਠਹਿਰੇ ਸਨ। ਇਨ੍ਹਾਂ ਨੇ ਆਪਣੀ ਗਾੜ੍ਹੀ ਕਮਾਈ ਵਿਚੋਂ ਸਾਨੂੰ ੫੦੦) ਰੁਪਏ ਦਿਤੇ।

*ਸ਼੍ਰੀ ਰਾਸ਼ ਬਿਹਾਰੀ ਬੋਸ।

ਇਨੀਂ ਦਿਨੀਂ ਕਰਤਾਰ ਸਿੰਘ ਬੜੀ ਮੇਹਨਤ ਕਰਦੇ ਸਨ ਉਹ ਹਰ ਰੋਜ਼ ਬਾਈਸਿਕਲ ਤੇ ਚੜ੍ਹਕੇ ਪਿੰਡਾਂ ਵਿਚ ਚਾਲੀ ਚਾਲੀ ਪੰਜਾਹ ਪੰਜਾਹ ਮੀਲ ਦਾ ਚੱਕਰ ਲਗਾਂਦੇ ਸਨ। ਪਿੰਡ ਪਿੰਡ ਕੰਮ ਕਰਨ ਵਾਸਤੇ ਫਿਰਦੇ ਸਨ। ਇਤਨਾ ਕੁਝ ਕਰਨ ਤੇ ਵੀ ਉਹ ਸੁਖ ਦਾ ਸਾਹ ਨਾ ਲੈਂਦੇ। ਇਉਂ ਮਲੂਮ ਹੁੰਦਾ ਸੀ ਕਿ ਮਾਨੋਂ ਥਕੇਵਾਂ ਇਨ੍ਹਾਂ ਨੂੰ ਪੋਂਹਦਾ ਹੀ ਨਹੀਂ। ਜਿਤਨਾ ਬਹੁਤ ਕੰਮ ਕਰਦੇ ਉਤਨੀ ਹੀ ਹੋਰ ਫੁਰਤੀ ਆਪ ਵਿਚ ਵਧਦੀ ਜਾਂਦੀ। ਪਿੰਡਾਂ ਦਾ ਚੱਕਰ ਲਾ ਕੇ ਫਿਰ ਉਹ ਉਹਨਾਂ ਪਲਟਨਾਂ ਵਿਚ ਗਏ ਜਿਨ੍ਹਾਂ ਵਿਚ ਅਜੇ ਕੰਮ ਨਹੀਂ ਕੀਤਾ ਗਿਆ ਸੀ। ਇਨ੍ਹਾਂ ਲੋਕਾਂ ਦਾ ਕੰਮ ਕਰਨ ਦਾ ਢੰਗ ਇਤਨਾ ਕੱਚਾ ਸੀ ਕਿ ਜਿਸ ਤੋਂ ਇਸ ਸਮੇਂ ਇਨ੍ਹਾਂ ਵਿਚੋਂ ਬਹੁਤਿਆਂ ਦੀ ਗ੍ਰਿਫਤਾਰੀ ਦੇ ਵਾਰੰਟ ਨਿਕਲੇ। ਕਰਤਾਰ ਸਿੰਘ ਨੂੰ ਗ੍ਰਿਰਤਾਰ ਕਰਨ ਲਈ ਪੁਲਸ ਨੇ ਪਿੰਡ ਨੂੰ ਘੇਰ ਲਿਆ। ਉਸ ਸਮੇਂ ਕਰਤਾਰ ਸਿੰਘ ਪਿੰਡ ਦੇ ਪਾਸ ਹੀ ਕਿਧਰੇ ਮੌਜੂਦ ਸਨ। ਪੁਲਸ ਦੀ ਖਬਰ ਪੈਂਦਿਆਂ ਹੀ ਉਹ ਸਾਈਕਲ ਤੇ ਸਵਾਰ ਹੋਕੇ ਪਿੰਡ ਵਿਚ ਆ ਵੜੇ। ਪੁਲਸ ਉਨ੍ਹਾਂ ਨੂੰ ਪਛਾਣਦੀ ਨਹੀਂ ਸੀ। ਉਸ ਵਾਰੀ ਕਰਤਾਰ ਸਿੰਘ ਦਲੇਰੀ ਦੇ ਸਦਕੇ ਸਾਫ ਬਚ ਗਏ। ਜੇ ਇਹ ਅਜੇਹਾ ਨਾ ਕਰਦੇ ਤਾਂ ਰਾਹ ਵਿਚ ਹੀ ਫੜ ਲਏ ਜਾਂਦੇ*"।

ਪੰਜਾਬ ਦੇ ਇਨਕਲਾਬੀ ਹਾਲਾਤ ਬਾਰੇ ਤਸੱਲੀ ਕਰਕੇ ੧੨ ਜਨਵਰੀ ਦੇ ਕਰੀਬ ਸ਼੍ਰੀ ਸਾਨਿਯਾਲ ਬਨਾਰਸ ਚਲੇ ਗਏ, ਅਤੇ ਉਸ ਤੋਂ ਦੋ ਚਾਰ ਦਿਨ ਪਿਛੋਂ ਸ਼੍ਰੀ ਪਿੰਗਲੇ ਵੀ ਬਨਾਰਸ ਆ ਗਏ। ਉਨ੍ਹਾਂ ਦੇ ਆਉਣ ਉਤੇ ਸ਼੍ਰੀ ਬੋਸ ਨੇ ਬਨਾਰਸ ਦੇ ਇਨਕਲਾਬੀਆਂ ਦੀ ਇਕ ਜ਼ਰੂਰੀ ਮੀਟਿੰਗ ਕੀਤੀ। ਇਕ ਸਕੂਲ ਮਾਸਟਰ ਸ਼੍ਰੀ ਦਮੋਦਰ ਸਰੂਪ ਨੂੰ ਅਲਾਹਬਾਦ ਦਾ ਲੀਡਰ ਮੁਕੱਰਰ ਕੀਤਾ ਗਿਆ। ਦੋ ਆਦਮੀਆਂ ਦੀ ਬੰਗਾਲ ਤੋਂ ਹਥਿਆਰ ਅਤੇ ਬੰਬ ਲਿਆਉਣ ਦੀ ਡੀਊਟੀ ਲਾਈ ਗਈ, ਅਤੇ ਦੋ ਹੋਰ ਦੀ, ਜਿਨ੍ਹਾਂ ਵਿਚੋਂ ਇਕ ਮਰਹੱਟਾ ਵਿਨਯਾਇਕ ਰਾਓ ਕਾਪਿਲੇ ਨਾਮੀਂ ਸੀ, ਦੀ ਡੀਊਟੀ ਇਨ੍ਹਾਂ ਨੂੰ ਪੰਜਾਬ ਲੈ ਜਾਣ ਦੀ ਲਾਈ ਗਈ। ਇਕ ਹੋਰ ਜੋੜੇ, ਬਿਭੂਤੀ (ਜੋ ਵਾਅਦਾ ਮੁਆਫ ਗਵਾਹ ਬਣ ਗਿਆ) ਅਤੇ ਸ਼੍ਰੀ ਪ੍ਰਿਆ ਨਾਥ, ਦੇ ਜ਼ਿਮੇਂ ਇਹ ਕੰਮ ਲਾਇਆ ਗਿਆ ਕਿ ਓਹ ਬਨਾਰਸ ਦੀਆਂ ਫੌਜਾਂ ਨੂੰ ਪ੍ਰੇਰਨ। ਇਹੋ ਕੰਮ ਜਬਲਪੁਰ (ਸੀ. ਪੀ.) ਵਿਚ ਸ਼੍ਰੀ ਨਲਿਨੀ ਦੇ ਸਪੁਰਦ ਕੀਤਾ ਗਿਆ*। ਸ਼੍ਰੀ ਸਾਨਿਯਾਲ ਆਪ ਖੁਦ ਬੰਗਾਲ ਜਾਣਾ ਚਾਹੁੰਦੇ ਸਨ, ਕਿਉਂਕਿ "ਪੰਜਾਬ ਜਿਸ ਫੁਰਤੀ ਨਾਲ ਬਲਵੇ ਦੀ ਤਿਆਰੀ ਕਰ ਰਿਹਾ ਸੀ, ਉਸ ਨੂੰ ਵੇਖਦਿਆਂ ਹੋਇਆਂ ਅਸੀਂ ਲੋਕ ਸੋਚਦੇ ਸਾਂ ਕਿ ਬੰਗਾਲ ਪਤਾ ਨਹੀਂ ਕਿਸ ਹੱਦ ਤਕ ਬਲਵੇ ਵਿਚ ਸ਼ਾਮਲ ਹੋਵੇਗਾ।..........ਇਹੋ ਕਾਰਨ ਸੀ ਕਿ ਮੈਨੂੰ ਬੰਗਾਲ ਜਾਕੇ ਕੰਮ ਕਰਨ ਦੀ ਇੱਛਿਆ ਹੁੰਦੀ ਸੀ।...........ਕਿੰਤੂ ਦਾਦਾ (ਸ਼੍ਰੀ ਬੋਸ) ਇਸ ਗਲ ਵਿਚ ਰਾਜ਼ੀ ਨਹੀਂ ਸੀ। ਉਨ੍ਹਾਂ ਨੇ ਕਿਹਾ ਮੈਂ ਤਾਂ ਆਪ ਪੰਜਾਬ ਜਾਵਾਂਗਾ ਅਰ ਤੁਹਾਨੂੰ ਬੰਗਾਲ ਅਰ ਪੰਜਾਬ ਦੇ ਵਿਚਕਾਰ ਰਹਿਕੇ ਉਕਤ ਦੋਹਾਂ ਪ੍ਰਾਂਤਾਂ ਦੀ ਕਾਰਰਵਾਈ ਦਾ ਸਿਲਸਿਲਾ ਜੋੜੀ ਰੱਖਣਾ ਹੋਵੇਗਾ'। ਇਸ ਲਈ ਮਨ ਮਾਰਕੇ ਮੈਨੂੰ ਕਾਂਸ਼ੀ ਵਿਚ ਹੀ ਰਹਿਣਾ ਪਿਆ†"।

ਸ਼੍ਰੀ ਰਾਸ਼ ਬਿਹਾਰੀ ਬੋਸ ਬੰਗਾਲ ਵਿਚ ਫਰਾਂਸੀਸੀ ਬਸਤੀ ਚੰਦਰ ਨਗਰ ਦੇ ਵਸਨੀਕ ਸਨ, ਅਤੇ ਡੇਹਰਾ ਦੂਨ ਵਾਲੇ ਫਾਰੇਸਟ ਰੀਸੱਰਚ ਇੰਸਟੀਚੀਊਟ ਵਿਚ ਹੈਡ ਕਲਰਕ ਦੇ ਤੌਰ ਉਤੇ ਨੌਕਰੀ ਕਰਦੇ ਸਨ। ਸ਼੍ਰੀ ਆਬਦ ਬਿਹਾਰੀ ਅਤੇ ਭਾਈ ਬਾਲਮੁਕੰਦ ਨੇ

*ਬੰਦੀ ਜੀਵਨ, ਭਾਗ ਪਹਿਲਾ, ਪੰਨੇ ੭੯ ਤੋਂ ੮੫।

*Rowlatt Report, p. 133.
†ਬੰਦੀ ਜੀਵਨ, ਭਾਗ ਪਹਿਲਾ, ਪੰਨਾ ੧੦੨.

ਉਨ੍ਹਾਂ ਤੋਂ ਸਿਖਿਆ ਪ੍ਰਾਪਤ ਕੀਤੀ ਸੀ, ਅਤੇ ਸ੍ਰੀ ਬਸੰਤ ਕੁਮਾਰ ਉਨ੍ਹਾਂ ਦੇ ਨੌਕਰ ਸਨ*। ਇਨ੍ਹਾਂ ਤਿੰਨਾਂ ਨੂੰ ਅਤੇ ਸ੍ਰੀ ਅਮੀਰ ਚੰਦ ਨੂੰ ਵਾਇਸਰਾਏ ਲਾਰਡ ਹਾਰਡਿੰਗ ਉਤੇ ਦਿੱਲੀ ਵਿਚ ਬੰਬ ਸੁਟਣ ਦੇ ਦੋਸ਼ ਵਿਚ ਫਾਂਸੀ ਦਿੱਤਾ ਗਿਆ ਸੀ। ਸ੍ਰੀ ਰਾਸ਼ ਬਿਹਾਰੀ ਬੋਸ ਉਸ ਵੇਲੇ ਤੋਂ ਗੁਪਤ ਰਹਿ ਕੇ ਕੰਮ ਕਰਦੇ ਸਨ, ਕਿਉਂਕਿ ਉਨ੍ਹਾਂ ਨੂੰ ਗ੍ਰਿਫਤਾਰ ਕਰਾਉਣ ਵਾਲੇ ਨੂੰ ਸਾਢੇ ਸੱਤ ਹਜ਼ਾਰ ਰੁਪੱਯ ਦਾ ਇਨਾਮ ਦੇਣ ਦਾ ਪੁਲਸ ਨੇ ਐਲਾਨ ਕੀਤਾ ਹੋਇਆ ਸੀ, ਅਤੇ ਉਨ੍ਹਾਂ ਦੀ ਫੋਟੋ ਛਾਪ ਕੇ ਚਾਰ ਚੁਫੇਰੇ ਵੰਡੀ ਗਈ ਸੀ†। ਸ੍ਰੀ ਸਾਨਿਯਾਲ ਮੁਤਾਬਕ ਸ੍ਰੀ ਬੋਸ ਉਸ ਸਮੇਂ ਉਤ੍ਰੀ ਭਾਰਤ ਦੇ ਰਾਜਪਲਟਾਊਆਂ ਦੇ ਆਗੂ ਸਨ‡।

ਸਰ ਮਾਈਕਲ ਓਡਵਾਇਰ ਨੇ ਸ੍ਰੀ ਰਾਸ਼ ਬਿਹਾਰੀ ਬੋਸ ਉਤੇ ਇਹ ਚਿੱਕੜ ਸੁਟਣ ਦੀ ਕੋਸ਼ਸ਼ ਕੀਤੀ ਹੈ ਕਿ ਉਹ ਭਾਈ ਪਰਮਾਨੰਦ ਵਾਂਗੂੰ, ਆਪ ਪਿਛੇ ਰਹਿਕੇ ਅਤੇ ਆਪਣੇ ਆਪ ਨੂੰ ਬਚਾ ਕੇ, ਆਪਣੇ ਹੱਥਠੋਕਿਆਂ ਨੂੰ ਮੌਤ ਦੇ ਮੂੰਹ ਵਿਚ ਦਿੰਦੇ ਰਹੇ§। ਪਰ ਇਹ ਇਲਜ਼ਾਮ ਕਿਤਨਾ ਗਲਤ ਹੈ, ਇਹ ਇਸ ਤੋਂ ਸਪੱਸ਼ਟ ਹੈ ਕਿ ਉਨ੍ਹਾਂ ਦਾ ਉਸ ਸਮੇਂ ਪੰਜਾਬ ਵਿਚ ਆਉਣਾ ਹੀ ਮੌਤ ਨਾਲ ਖੇਡਣ ਦੇ ਤੁੱਲ ਸੀ। ਜੇਕਰ ਉਹ ਫੜੇ ਜਾਂਦੇ ਤਾਂ ਉਨ੍ਹਾਂ ਨੇ ਸਰੀਹਣ ਫਾਂਸੀ ਲਗਣਾ ਸੀ, ਅਤੇ ਸਰਕਾਰ ਹਿੰਦ ਦੀ ਸੀ. ਆਈ. ਡੀ. ਉਨ੍ਹਾਂ ਨੂੰ ਫੜਨ ਵਾਸਤੇ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਸੀ। ਫਿਰ ਸ੍ਰੀ ਬੋਸ ਵਿਹਲੇ ਨਹੀਂ ਸਨ ਬਹਿੰਦੇ। ਉਹ ਉਤ੍ਰੀ ਭਾਰਤ ਵਿਚ ਇਨਕਲਾਬੀਆਂ ਦੀ ਜਥੇਬੰਦੀ ਕਰਨ ਵਿਚ ਜੁਟੇ ਰਹੇ, ਅਤੇ ਕਈ ਵੇਰ ਫੜੇ ਜਾਣੋਂ ਵਾਲ ਵਾਲ ਬਚੇ। ੧੮ ਨਵੰਬਰ ੧੯੧੪ ਨੂੰ ਜਦ ਉਹ ਦੋ ਬੰਬਾਂ ਦੀਆਂ ਟੋਪੀਆਂ ਨੂੰ ਵੇਖ ਰਹੇ ਸਨ ਤਾਂ ਉਨ੍ਹਾਂ ਨੂੰ ਅਤੇ ਸ੍ਰੀ ਸਾਨਿਯਾਲ ਨੂੰ ਚੋਟਾਂ ਆਈਆਂ। ਜਿਸ ਰੇਲ ਦੇ ਡੱਬੇ ਵਿਚ ਸਵਾਰ ਹੋਕੇ ਸ੍ਰੀ ਬੋਸ ਬਨਾਰਸ ਤੋਂ ਪੰਜਾਬ ਆਏ, ਉਸੇ ਵਿਚ ਇਕ ਸੀ. ਆਈ. ਡੀ. ਦਾ ਦਰੋਗਾ ਉਨ੍ਹਾਂ ਨੂੰ ਪਛਾਨਣ ਵਾਸਤੇ ਬੈਠਾ ਹੋਇਆ ਸੀ; ਪਰ ਉਨ੍ਹਾਂ ਨੇ ਭੇਸ ਬਦਲਿਆ ਹੋਇਆ ਸੀ, ਜਿਸ ਕਰਕੇ ਉਹ ਬਚ ਗਏ। "ਅਗਲਾ ਸਟੇਸ਼ਨ ਆਉਣ ਤੇ ਉਹ ਉਸ ਡੱਬੇ ਵਿਚੋਂ ਉਤਰਕੇ ਦੂਜੇ ਡੱਬੇ ਵਿਚ ਜਾ ਬੈਠੇ, ਕਿੰਤੂ ਗਏ ਉਹ ਓਸੇ ਗੱਡੀ ਵਿਚ। ਇਸੇ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਵਿਚ ਕਿਤਨਾ ਹੌਂਸਲਾ ਸੀ। ਇਸ ਤਰ੍ਹਾਂ ਬੜੀ ਸ਼ਾਂਤੀ ਨਾਲ ਕਿੰਤੂ ਦ੍ਰਿੜ੍ਹਤਾ ਨਾਲ ਰਾਸ਼ ਬਿਹਾਰੀ ਸਾਰੀਆਂ ਗੱਲਾਂ ਜਾਣਦਿਆਂ ਹੋਇਆਂ ਭੀ ਭੜਕਦੀ ਅੱਗ ਵਿਚ ਕੁਦ ਪਏ*"। ਸ੍ਰੀ ਬੋਸ ਵਿਚ ਇਹ ਸਪਿਰਟ ਹੋਣੀ ਅਨੋਖੀ ਗਲ ਨਹੀਂ ਸੀ; ਕਿਉਂਕਿ ਉਹ ਬੰਗਾਲ ਦੇ ਪੜ੍ਹੇ ਲਿਖੇ ਤੱਬਕੇ (ਭਦਰ ਲੋਕਾਂ) ਵਿਚ ਅੰਗਰੇਜ਼ੀ ਸਾਮਰਾਜ ਵਿਰੁਧ ਪੈਦਾ ਹੋਈ ਉਸ ਦ੍ਰਿੜ੍ਹ ਇਨਕਲਾਬੀ ਲਗਨ ਅਤੇ ਸਪਿਰਟ ਦੀ ਪੈਦਾਇਸ਼ ਅਤੇ ਇਕ ਵਧੀਆ ਪ੍ਰਤਿਨਿਧ ਸਨ, ਜੋ ਅੰਗਰੇਜ਼ੀ ਰਾਜ ਦੇ ਸਮੇਂ ਦੇ ਹਿੰਦ ਦੇ ਇਨਕਲਾਬੀ ਇਤਿਹਾਸ ਦਾ ਇਕ ਸੁਨੈਹਰੀ ਕਾਂਡ ਹੈ। ਬੰਗਾਲੀ ਸਦੀਆਂ ਤੋਂ ਸਰੀਰਕ ਤੌਰ ਉਤੇ ਇਤਨੇ ਨਿਰਬਲ ਸਨ, ਅਤੇ ਫੌਜੀ ਰਵਾਇਤਾਂ ਤੋਂ ਉਨ੍ਹਾਂ ਨੂੰ ਇਤਨੇ ਕੋਰੇ ਸਮਝਿਆ ਜਾਂਦਾ ਸੀ, ਕਿ ਉਨ੍ਹਾਂ ਨੂੰ ਫੌਜ ਵਿਚ ਅੰਗਰੇਜ਼ ਭਰਤੀ ਕਰਨ ਵਲ ਧਿਆਨ ਨਹੀਂ ਸੀ ਦਿੰਦੇ। ਅਜਿਹੇ ਅਨਸਰ ਵਿਚ ਅਜਿਹੀ ਦ੍ਰਿੜ੍ਹ ਇਨਕਲਾਬੀ ਸਪਿਰਟ ਪੈਦਾ ਹੋਣ ਦੀ ਤਹਿ ਵਿਚ ਕਾਰਨਾਂ ਦੀ ਪੜਚੋਲ ਕਰਨੀ, ਇਨਕਲਾਬੀ ਅਤੇ ਇਤਹਾਸਕ ਨਜ਼ਰੀਏ ਤੋਂ ਇਕ ਬੜਾ ਦਿਲਚੱਸਪ ਸਵਾਲ ਹੈ; ਜਿਸ ਬਾਰੇ ਨਿਰਣਾ ਕਰਨ ਦੀ ਰੌਲਟ ਰੀਪੋਟ ਵਿਚ ਕੁਝ ਕੋਸ਼ਸ਼ ਕੀਤੀ ਗਈ ਹੈ*, ਪਰ ਜਿਸਦੀ ਡੂੰਘਾਈ ਤਕ ਪੁਜਣ ਲਈ ਅਜੇ ਹੋਰ ਯਤਨ ਦੀ ਲੋੜ ਹੈ।

ਸ੍ਰੀ ਰਾਸ਼ ਬਿਹਾਰੀ ਬੋਸ ਅਤੇ ਸ੍ਰੀ ਪਿੰਗਲੇ ਅੱਧ ਜਨਵਰੀ ਦੇ ਕਰੀਬ ਅੰਮ੍ਰਿਤਸਰ ਪੁਜੇ†। ਸਰ ਮਾਈਕਲ ਓਡਵਾਇਰ ਦੇ ਲਫਜ਼ਾਂ ਵਿਚ, "ਰਾਸ਼ ਬਿਹਾਰੀ ਬੋਸ ਪੰਜਾਬ ਵਿਚ ਇਨਕਲਾਬੀ ਕਾਰਰਵਾਈਆਂ ਦੀ ਕਮਾਨ ਸੰਭਾਲਣ ਆਏ। ਓਹ ਤਿਖੀ ਸਮਝ ਵਾਲੇ, ਪਰ ਬਹਾਦਰ, ਪੂਨੇ ਦੇ ਮਰਹੱਟੇ ਬ੍ਰਾਹਮਣ ਵੀ. ਜੀ. ਪਿੰਗਲੇ ਨੂੰ ਬਤੌਰ ਲੈਫਟੀਨੈਂਟ ਆਪਣੇ ਨਾਲ ਲੈ ਆਏ। 'ਤੋਸ਼ਾ ਮਾਰੂ' ਦੇ ਬਹੁਤ ਸਾਰੇ ਆਦਮੀਆਂ ਦੇ ਸਾਡੇ ਕਾਬੂ ਆ ਜਾਣ ਪਿਛੋਂ ਇਹ ਦੋ ਆਦਮੀਂ ਸਾਜ਼ਸ਼ ਦੇ ਦਿਮਾਗ ਬਣੇ"‡। ਰੌਲਟ ਰੀਪੋਟ ਅਤੇ ਪੰਜਾਬ ਪੁਲਸ ਦੇ ਅਫਸਰਾਂ ਦੀ ਲਿਖਤ ਅਨੁਸਾਰ ਵੀ ਪੰਜਾਬ ਵਿਚ ਗਦਰੀ ਇਨਕਲਾਬੀ ਕਾਰਰਵਾਈਆਂ ਦਾ ਕੰਟਰੋਲ ਸ੍ਰੀ ਬੋਸ ਦੇ ਹੱਥ ਵਿਚ ਹੋ ਗਿਆ§।

ਸ੍ਰੀ ਰਾਸ਼ ਬਿਹਾਰੀ ਬੋਸ ਦੇ ਪੰਜਾਬ ਆਉਣ ਉਤੇ ਗਦਰੀ ਇਨਕਲਾਬੀਆਂ ਦੀਆਂ ਕਾਰਰਵਾਈਆਂ ਇੱਕ ਪਲੈਨ ਮੁਤਾਬਕ ਅਤੇ ਇਕ ਸੈਂਟਰ ਤੋਂ ਚਲਾਈਆਂ ਜਾਣ ਲਗੀਆਂ। ਪਲੈਨ ਕੀ ਸੀ ਅਤੇ ਕਿਵੇਂ ਬਣੀ, ਇਸ ਦਾ ਜ਼ਿਕਰ ਅਗਲੇਰੇ ਕਾਂਡ ਵਿਚ ਆਵੇਗਾ। ਸੈਂਟਰ ਪਹਿਲਾਂ ਅੰਮ੍ਰਿਤਸਰ ਬਣਿਆ। ਸ੍ਰੀ ਬੋਸ ਵਾਸਤੇ ਇਕ ਅਲੈਹਦਾ ਮਕਾਨ ਚੌਂਕ ਬਾਬਾ ਅਟੱਲ ਵਿਚ ਕਰਾਏ ਉਤੇ ਲਿਆ ਗਿਆ, ਜਿਥੇ ਉਹ ਪੰਦਰਾਂ ਸੋਲਾਂ ਦਿਨ ਬਗੈਰ ਇਕ ਵੇਰ ਵੀ ਬਾਹਰ ਨਿਕਲਣ ਦੇ ਰਾਤ ਦਿਨ ਲਗਾਤਾਰ ਟਿਕੇ ਰਹੇ*। ਗਦਰੀ ਇਨਕਲਾਬੀਆਂ ਦੇ ਆਪਸ ਵਿਚ ਦੇ ਮੇਲ ਮਿਲਾਪ ਦਾ ਸੈਂਟਰ ਸੰਤ ਗੁਲਾਬ ਸਿੰਘ ਦੀ ਧਰਮਸਾਲਾ ਸੀ, ਜਿਥੋਂ ਉਹ ਵਖੋ ਵਖ ਡੀਊਟੀਆਂ ਉਤੇ ਜਾਂਦੇ ਅਤੇ ਕੰਮ ਕਰਕੇ ਫੇਰ ਪਰਤ ਆਉਂਦੇ। ਉਨ੍ਹਾਂ ਵਿਚੋਂ ਕੇਵਲ ਚੋਣਵੇਂ ਗਦਰੀ ਸ੍ਰੀ ਬੋਸ ਨੂੰ ਉਨ੍ਹਾਂ ਦੇ ਮਕਾਨ ਉਤੇ ਮਿਲਣ ਜਾਂਦੇ। ਇਥੇ ਸ੍ਰੀ ਬੋਸ ਨੇ ਲਹਿਰ ਦੀ ਵਾਗ ਡੋਰ ਆਪਣੇ ਹੱਥ ਵਿਚ ਸੰਭਾਲ ਲਈ ਅਤੇ ਮੂਲਾ ਸਿੰਘ ਉਨ੍ਹਾਂ ਦੀ ਸਜੀ ਬਾਂਹ ਬਣ ਗਿਆ†।

ਜਾਪਦਾ ਹੈ ਕਿ ਮੂਲਾ ਸਿੰਘ ਕਾਫੀ ਹੁਸ਼ਿਆਰ ਅਤੇ ਚੁਸਤ ਆਦਮੀ ਸੀ, ਕਿਉਂਕਿ ਸ੍ਰੀ ਬੋਸ ਦੇ ਆਉਣ ਤੋਂ ਪਹਿਲੋਂ ਜੋ ਗਦਰੀਆਂ ਵਿਚ ਥੋੜੀ ਬਹੁਤੀ ਤਨਜ਼ੀਮ ਆਈ, ਉਹ ਉਸ ਨੇ ਲਿਆਂਦੀ, ਅਤੇ ਅੰਮ੍ਰਿਤਸਰ ਨੂੰ ਗਦਰੀ ਕਾਰਰਵਾਈਆਂ ਦਾ ਸੈਂਟਰ ਬਨਾਉਣ ਦਾ ਕੰਮ ਵੀ ਉਸ ਨੇ ਕੀਤਾ। ਸ੍ਰੀ ਬੋਸ ਦੇ ਆਉਣ ਉਤੇ ਪਛਮੀਂ ਪੰਜਾਬ ਅਤੇ ਸਰਹੱਦ ਦੀਆਂ ਛਾਉਣੀਆਂ ਦੀਆਂ ਫੌਜਾਂ ਵਿਚ ਕੰਮ ਉਸ ਦੇ ਜ਼ਿਮੇ ਸੋਪਿਆ ਗਿਆ। ਇਹ ਕੰਮ ਉਸ ਨੇ ਕਰਵਾਇਆ ਵੀ ਹੁਸ਼ਿਆਰੀ ਨਾਲ, ਪਰ ਉਹ ਬਹੁਤ ਹੌਲੇ ਚਲਨ ਦਾ ਆਦਮੀ ਸਾਬਤ ਹੋਇਆ ਅਤੇ

*Rowlatt Report, p. 144.
†Ibid, p. 132.
‡ਬੰਦੀ ਜੀਵਨ, ਭਾਗ ਪਹਿਲਾ, ਪੰਨਾ ੬੩.
§O'Dwyer, p. 203.

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੧੦੬ ।

*Rowlatt Report, pp. 15-16.
†First Case, Individual Case of Pingley, p. 1.
‡O' Dwyer, p. 198.
§Rowlatt Report, p. 158,; Isemonger and Slattery, p. 96.

*First Case, The Amritsar Houses.
†First Case, The Outline of Proceedings in India, p. 5.



Digitized by Panjab Digital Library | www.panjabdigilib.org

ਫੜੇ ਜਾਣ ਉਤੇ ਵਾਅਦਾ ਮੁਆਫ ਗਵਾਹ ਬਣ ਗਿਆ।

ਅੰਮ੍ਰਿਤਸਰ ਪੰਦਰਾਂ ਜਾਂ ਸੋਲਾਂ ਦਿਨ ਰਹਿ ਕੇ ਸ੍ਰੀ ਰਾਸ਼ ਬਿਹਾਰੀ ਬੋਸ ਨੇ ਆਪਣਾ ਸੈਂਟਰ ਲਾਹੌਰ ਬਦਲ ਲਿਆ, ਜਿਥੇ ਚਾਰ ਘਰ ਕਰਾਏ ਉਤੇ ਲਏ ਗਏ—ਇਕ ਘਰ ਮੋਚੀ ਦਰਵਾਜ਼ੇ ਤੋਂ ਬਾਹਰ, ਇਕ ਗਵਾਲ ਮੰਡੀ ਵਿਚ, ਇਕ ਵਛੋਵਾਲੀ, ਅਤੇ ਇਕ ਗੁਮਟੀ ਬਾਜ਼ਾਰ ਵਿਚ। ਵਛੋਵਾਲੀ ਅਤੇ ਗੁਮਟੀ ਬਾਜ਼ਾਰ ਵਾਲੇ ਘਰ ਗਦਰ ਸਾਹਿਤ ਛਾਪਣ ਦੇ ਕੰਮ ਲਈ ਲਏ ਗਏ, ਅਤੇ ਮੋਚੀ ਦਰਵਾਜ਼ੇ ਵਾਲਾ ਘਰ ਗਦਰੀਆਂ ਦੀਆਂ ਮੀਟਿੰਗਾਂ ਅਤੇ ਉਨ੍ਹਾਂ ਦੇ ਆਪਸ ਵਿਚ ਦੇ ਮੇਲ ਮਿਲਾਪ ਦਾ ਸੈਂਟਰ ਸੀ। ਸ੍ਰੀ ਬੋਸ ਨੇ ਅੰਮ੍ਰਿਤਸਰ ਤੋਂ ਲਾਹੌਰ ਆਕੇ ਆਪ ਗਵਾਲ ਮੰਡੀ ਵਾਲੇ ਘਰ ਵਿਚ ਡੇਰੇ ਲਾਏ, ਜਿਸ ਦਾ ਚੋਣਵੇਂ ਚੰਦ ਇਕ ਇਨਕਲਾਬੀਆਂ ਤੋਂ ਬਿਨਾਂ ਹੋਰਨਾਂ ਨੂੰ ਪਤਾ ਨਹੀਂ ਸੀ। ਇਕ ਹੋਰ ਪੰਜਵਾਂ ਘਰ ਪਿਛੋਂ ਗਵਾਲ ਮੰਡੀ ਵਿਚ ਹੀ ਲਿਆ ਗਿਆ, ਕਿਉਂ-ਕਿ ਪਹਿਲੇ ਘਰ ਵਿਚ ਵਿਦਿਆਰਥੀਆਂ ਦੀ ਆਵਾ ਜਾਈ ਵੱਧ ਜਾਣ ਕਰਕੇ ਸ੍ਰੀ ਬੋਸ ਇਸ ਘਰ ਵਿਚ ਤਬਦੀਲ ਹੋਣਾ ਚਾਹੁੰਦੇ ਸਨ।

ਸ੍ਰੀ ਬੋਸ ਦੇ ਅੰਮ੍ਰਿਤਸਰ ਤੋਂ ਲਾਹੌਰ ਚਲੇ ਜਾਣ ਦੇ ਕਾਰਨ ਇਹ ਸਨ ਕਿ ਲਾਹੌਰ ਸਾਹਿਤ ਛਾਪਣ ਦਾ ਕੰਮ ਵਧੇਰੇ ਚੰਗੀ ਤਰ੍ਹਾਂ ਹੋ ਸਕਦਾ ਸੀ; ਅਤੇ ਤੇਈਵਾਂ ਰਸਾਲਾ, ਜਿਸ ਨੇ ਗਦਰ ਕਰਨ ਵਿਚ ਪਹਿਲ ਕਰਨੀ ਸੀ, ਲਾਹੌਰ ਛਾਉਣੀ ਵਿਚ ਸੀ, ਅਤੇ ਲਾਹੌਰ ਰਹਿ ਕੇ ਉਸ ਵਿਚ ਕੰਮ ਜ਼ਿਆਦਾ ਹੋ ਸਕਦਾ ਸੀ। ਸ੍ਰੀ ਬੋਸ ਦੇ ਲਾਹੌਰ ਚਲੇ ਜਾਣ ਨਾਲ ਅੰਮ੍ਰਿਤਸਰ ਦੀ ਬਤੌਰ ਸੈਂਟਰ ਅਹਿਮੀਅਤ ਘਟਣ ਲਗ ਪਈ, ਅਤੇ ੧੩ ਫਰਵਰੀ ਨੂੰ ਮੂਲਾ ਸਿੰਘ ਦੇ ਫੜੇ ਜਾਣ ਪਿਛੋਂ ਅੰਮ੍ਰਿਤਸਰ ਦਾ ਸੈਂਟਰ ਬਿਲਕੁਲ ਬੰਦ ਹੋ ਗਿਆ*।

## ਸੋਲਵਾਂ ਕਾਂਡ*

# ਗਦਰੀ ਕਾਰਰਵਾਈਆਂ† ਦੇ ਮੋਟੇ ਮੋਟੇ ਅੰਗ

ਗਦਰੀ ਇਨਕਲਾਬੀਆਂ ਦੀਆਂ ਹਿੰਦ ਵਿਚ ਕਾਰ-ਰਵਾਈਆਂ ਨੂੰ ਛੇ ਵਡੇ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ:–

(ੳ) ਜਨਤਾ ਵਿਚ ਕੰਮ।
(ਅ) ਪੰਜਾਬ ਤੋਂ ਬਾਹਰ ਕੰਮ।
(ੲ) ਇਨਕਲਾਬੀ ਸਾਹਿਤ ਦੀ ਵਰਤੋਂ।
(ਸ) ਹਥਿਆਰ ਅਕੱਠੇ ਕਰਨੇ ਅਤੇ ਬੰਬ ਬਨਾਉਣੇ।
(ਹ) ਡਾਕੇ।
(ਕ) ਫੌਜਾਂ ਵਿਚ ਕੰਮ।

### (ੳ) ਜਨਤਾ ਵਿਚ ਕੰਮ

ਪਹਿਲੇ ਅਤੇ ਦੂਸਰੇ ਮੁਕੱਦਮੇਂ ਵਿਚ ਕਾਫੀ ਸ਼ਹਾਦਤ ਹੈ ਜੋ ਦਸਦੀ ਹੈ ਕਿ ਗਦਰ ਪਾਰਟੀ ਦੇ ਇਨਕਲਾਬੀਆਂ ਨੇ ਜਨਤਾ–ਖਾਸ ਕਰ ਪੇਂਡੂਆਂ ਅਤੇ ਵਿਦਿਆਰਥੀਆਂ–ਨੂੰ ਆਪਣੇ ਨਾਲ ਰਲਾਉਣ ਦਾ ਪੂਰਾ ਯਤਨ ਕੀਤਾ।

ਵਿਦਿਆਰਥੀਆਂ ਤੋਂ ਹੋਣ ਵਾਲੇ ਇਨਕਲਾਬ ਵਿਚ ਮਦਦ ਲੈਣੀ ਗਦਰ ਪਾਰਟੀ ਦੇ ਪ੍ਰੋਗਰਾਮ ਦਾ ਸ਼ੁਰੂ ਤੋਂ ਹਿੱਸਾ ਸੀ। ਸ੍ਰੀ ਜਵਾਲਾ ਸਿੰਘ 'ਠਟੀਆਂ' ਨੇ ਇਸੇ ਮਕਸਦ ਨੂੰ ਸਾਹਮਣੇ ਰੱਖਕੇ ਵਜ਼ੀਫੇ ਕਾਇਮ ਕੀਤੇ ਸਨ*। ਉਪ੍ਰੋਕਤ ਮਕਸਦ ਇਸ ਤੋਂ ਵੀ ਜ਼ਾਹਰ ਹੁੰਦਾ ਹੈ ਕਿ ਵਜ਼ੀਫਾ ਦਿਤੇ ਜਾਣ ਵਾਲੇ ਵਿਦਿਆਰਥੀਆਂ ਦੀ ਚੋਣ ਲਾ: ਹਰਦਿਆਲ ਨੇ ਕੀਤੀ†। ਕੈਨੇਡਾ ਦੇ ਹਿੰਦੀਆਂ ਦਾ ਜੋ ਡੈਪੂਟੇਸ਼ਨ ਇੰਗਲੈਂਡ ਅਤੇ ਵਲੈਤ ਗਿਆ, ਸ੍ਰੀ ਨੰਦ ਸਿੰਘ 'ਸਿਹਰਾ' ਉਸ ਦੇ ਮੈਂਬਰ ਸਨ। ਇਸੇ ਤਰ੍ਹਾਂ ਸ੍ਰੀ ਗੋਬਿੰਦ ਬਿਹਾਰੀ ਲਾਲ ਅਤੇ ਵਜ਼ੀਫਾ ਲੈਣ ਵਾਲੇ ਇਕ ਹੋਰ ਸਜਣ ਸ੍ਰੀ ਮੋਹਨ ਲਾਲ ਪਿਛੋਂ ਗਦਰ ਅਖਬਾਰ ਵਿਚ ਕੰਮ ਕਰਦੇ ਰਹੇ।

ਗਦਰ ਅਖਬਾਰ ਨੇ ਆਪਣੇ ਪਹਿਲੇ ਪਰਚੇ ਵਿਚ ਹੀ ਐਲਾਨ ਕੀਤਾ ਕਿ, "ਨੌਜਵਾਨਾਂ ਨੂੰ ਪ੍ਰਚਾਰਕਾਂ ਦੇ ਤੌਰ ਉਤੇ ਅਤੇ ਗਦਰ ਵਾਸਤੇ ਤਿਆਰ ਕੀਤਾ ਜਾਵੇਗਾ"। ਸ੍ਰੀ ਸੋਹਨ ਸਿੰਘ 'ਭਕਨਾ' ਨੇ ਮਿੰਟਗੁਮਰੀ ਜੇਲ੍ਹ ਦੇ ਇਕ ਕਰਮਚਾਰੀ ਨੂੰ ਇਹੋ ਪ੍ਰੇਰਨਾ ਕਰਨ ਦੀ ਕੋਸ਼ਸ਼ ਕੀਤੀ ਕਿ ਉਹ ਨੌਜਵਾਨਾਂ ਨੂੰ ਅਮਰੀਕਾ ਅਤੇ ਜਰਮਨੀ ਜਾ ਕੇ ਹਥਿਆਰ ਅਤੇ ਡਿਨੇਮਾਈਟ (ਇਮਾਰਤਾਂ ਆਦਿ ਉਡਾ ਦੇਣ ਵਾਲਾ ਬਰੂਦ) ਬਨਾਉਣਾ ਸਿੱਖਣ ਦੀ ਪ੍ਰੇਰਨਾ ਕਰੇ। ਸ੍ਰੀ ਬੰਤਾ ਸਿੰਘ ਨੇ ਇਛਰਾ ਸਿੰਘ ਨੂੰ ਪ੍ਰੇਰਨਾ ਕੀਤੀ ਕਿ ਨੌਜਵਾਨਾਂ ਨੂੰ ਲੱਭਕੇ ਅਮਰੀਕਾ ਬੰਬ ਅਤੇ ਬੰਦੂਕਾਂ ਬਨਾਉਣੀਆਂ ਸਿੱਖਣ ਵਾਸਤੇ ਭੇਜਿਆ ਜਾਏ, ਅਤੇ ਇਛਰਾ ਸਿੰਘ ਨੇ 'ਸੰਤ' ਰਣਧੀਰ ਸਿੰਘ ਦਾ ਨਾਮ ਤਜਵੀਜ਼ ਕੀਤਾ ਕਿ ਉਹ ਯੋਗ ਨੌਜਵਾਨਾਂ ਦੀ ਦੱਸ ਪਾ ਸਕਣਗੇ।

ਪਰ ਹਿੰਦ ਵਿਚ ਵਿਦਿਆਰਥੀਆਂ ਨੂੰ ਗਦਰੀ ਇਨ-ਕਲਾਬੀ ਕਾਰਰਵਾਈਆਂ ਵਿਚ ਸ਼ਾਮਲ ਕਰਨ ਦੀ ਥੋੜੀ ਜਿਹੀ ਸਫਲਤਾ ਕੇਵਲ ਲੁਧਿਹਾਣੇ ਹੋਈ। ਸ੍ਰੀ ਦੇਵਾ ਸਿੰਘ (ਜੋ ਲੁਧਿਆਣੇ ਖੇਡਾਂ ਦੇ ਸਾਮਾਨ ਦੀ ਦੁਕਾਨ ਕਰਦੇ ਸਨ) ਨੇ ਸੁਚਾ ਸਿੰਘ ਅਤੇ ਲੁਧਿਹਾਣੇ ਦੇ ਹੋਰ ਵਿਦਿਆਰਥੀਆਂ ਨੂੰ ਇਨਕਲਾਬੀ ਖਿਆਲਾਂ ਦਾ ਬਣਾ ਲਿਆ। ਇਹ ਵਿਦਿਆਰਥੀ ਬੰਬ ਬਨਾਉਣ ਵਾਸਤੇ ਮਸਾਲਾ ਅਕੱਠਾ ਕਰਨ, ਇਨਕਲਾਬੀ ਸਾਹਿਤ ਨੂੰ ਛਾਪਣ, ਸੁਨੇਹੇਂ ਪੁਚਾਣ, ਗਦਰ ਦੀ ਨੀਯਤ ਤਾਰੀਖ ਦਾ ਪਤਾ ਪੰਜਾਬੋਂ ਬਾਹਰ ਦੇਣ, ਅਤੇ ਫੌਜਾਂ ਨੂੰ ਪ੍ਰੇਰਨ ਵਿਚ ਗਦਰੀਆਂ ਦੀ ਕਾਫੀ ਮਦਦ ਕਰਦੇ ਰਹੇ। ਸੁਚਾ ਸਿੰਘ ਦਾ ਇਸਲਾਮੀਆਂ ਬੋਰਡਿੰਗ ਹਾਊਸ ਵਿਚ ਕਮਰਾ ਲੁਧਿਹਾਣੇ ਵਿਚ ਇਨਕਲਾਬੀਆਂ ਦਾ ਹੈਡਕਵਾਰਟਰ ਬਣ ਗਿਆ। ਕਈ ਵਿਦਿਆਰਥੀਆਂ ਨੂੰ ਗਦਰੀ ਇਨਕਲਾਬੀ ਕਾਰਰਵਾਈਆਂ ਵਿਚ ਹਿੱਸਾ ਲੈਣ ਕਰਕੇ ਸਜ਼ਾ ਵੀ ਹੋਈ। ਵਿਦਿਆਰਥੀਆਂ ਵਿਚੋਂ ਸ੍ਰੀ ਸਜਨ ਸਿੰਘ, ਪਿੰਡ ਨਾਰੰਗਵਾਲ (ਲੁਧਿਹਾਣਾ) ਦਾ ਨਾਮ ਖਾਸ ਜ਼ਿਕਰ ਯੋਗ ਹੈ। ਦੂਸਰੇ ਮੁਕੱਦਮੇਂ ਦੇ ਫੈਸਲੇ ਵਿਚ ਇਨ੍ਹਾਂ ਬਾਰੇ ਲਿਖਿਆ ਹੈ, "ਸਾਡੀ ਰਾਏ ਵਿਚ ਇਹ ਪੱਕਾ ਨੌਜਵਾਨ ਬਦਮਾਸ਼ ਹੈ, ਜਿਸ ਨੂੰ ਆਪਣੇ ਕੀਤੇ ਉਤੇ ਜ਼ਰਾ ਪਸਚਾਤਾਪ ਨਹੀਂ; ਅਤੇ ਜਿਸ ਵਿਚ ਮੌਕਿਆ ਮਿਲਣ ਉਤੇ ਇਕ ਹੋਰ ਕਰਤਾਰ ਸਿੰਘ 'ਸਰਾਭਾ' ਬਣ

---

*First Case, The Outline of Proceedings in India and The Lahore Houses.

*ਇਸ ਕਾਂਡ ਵਿਚ ਦਿਤੇ ਵਾਕਿਆਤ, ਗਦਰ ਪਾਰਟੀ ਲਹਿਰ ਸੰਬੰਧੀ ਚੱਲੇ ਮੁਕੱਦਮਿਆਂ ਦੇ ਫੈਸਲਿਆਂ ਵਿਚ 'The Activities of the Revolutionists in India,' ਦੀ ਸੁਰਖੀ ਹੇਠ ਦਿਤੇ ਗਏ ਵਾਕਿਆਤ ਵਿਚੋਂ ਲਏ ਗਏ ਹਨ, ਸਵਾਏ ਉਨ੍ਹਾਂ ਦੇ ਜਿਨ੍ਹਾਂ ਦਾ ਵਖਰਾ ਹਵਾਲਾ ਦਿੱਤਾ ਗਿਆ ਹੈ।

†ਸ੍ਰੀ ਰਾਸ਼ ਬਿਹਾਰੀ ਬੋਸ ਦੇ ਪੰਜਾਬ ਆਉਣ ਤੋਂ ਪਹਿਲੋਂ ਦੀਆਂ ਕਈ ਗਦਰੀ ਕਾਰਰਵਾਈਆਂ ਵੀ ਇਸੇ ਕਾਂਡ ਵਿਚ ਸ਼ਾਮਲ ਕੀਤੀਆਂ ਗਈਆਂ ਹਨ।

*ਵਜ਼ੀਫੇ ਮਜ਼ਹਬ ਜਾਂ ਸੂਬੇ ਦਾ ਲਿਹਾਜ਼ ਕੀਤੇ ਬਿਨਾਂ ਦਿਤੇ ਗਏ, ਜੋ ਲੈਣ ਵਾਲਿਆਂ ਦੀ ਇਸ ਲਿਸਟ ਤੋਂ ਜ਼ਾਹਰ ਹੁੰਦਾ ਹੈ:–ਸ੍ਰੀ ਨੰਦ ਸਿੰਘ 'ਸਿਹਰਾ', ਪੰਜਾਬ; ਸ੍ਰੀ ਵੀ. ਆਰ. ਕੋਕਟਨੂਰ, ਪੂਨਾਂ; ਸ੍ਰੀ ਐਮ ਸ਼ਰਮਾ, ਮਦਰਾਸ; ਸ੍ਰੀ ਮਹਿਮੂਦ ਅਲੀ ਗੜ੍ਹ; ਸ੍ਰੀ ਪਾਂਡੇ, ਮਦਰਾਸ ਦੇ ਇਕ ਈਸਾਈ; ਸ੍ਰੀ ਗੋਬਿੰਦ ਬਿਹਾਰੀ ਲਾਲ, ਦਿੱਲੀ।

†First Case, The Individual Case of Jawala Singh, V. Thatian.



Digitized by Panjab Digital Library | www.panjabdigilib.org

ਜਾਣ ਦੀਆਂ ਖੂਬੀਆਂ ਹਨ।.........ਉਹ ਰਾਸ਼ ਬਿਹਾਰੀ ਬੋਸ ਦੇ ਲਾਹੌਰ ਵਿਚ ਨੌਜਵਾਨ ਲੈਫਟੀਨੈਂਟਾਂ ਵਿਚੋਂ ਇਕ ਕਾਰਆਮਦ ਲੈਫਟੀਨੈਂਟ ਬਣ ਗਿਆ; ਜਿਸ ਨੇ ਉਸ ਨੂੰ ਫੌਜਾਂ, ਖਾਸ ਕਰ ਤੇਈਵੇਂ ਰਸਾਲੇ, ਨੂੰ ਵਰਗਲਾਉਣ ਵਾਸਤੇ ਵਰਤਿਆ। ਉਹ ਤੇਈਵੇਂ ਰਸਾਲੇ ਵਿਚ ਇਨਕਲਾਬੀ ਸਾਹਿਤ ਵੰਡਦਾ ਰਿਹਾ, ਅਤੇ ੧੯ ਫਰਵਰੀ ਨੂੰ ਗਦਰ ਕਰਨ ਖਾਤਰ ਉਨ੍ਹਾਂ ਨਾਲ ਸੰਬੰਧ ਰਖਦਾ ਰਿਹਾ"*।

ਵਿਦਿਆਰਥੀਆਂ ਤੋਂ ਇਲਾਵਾ ਗਦਰੀ ਇਨਕਲਾਬੀਆਂ ਨੇ ਪੇਂਡੂ ਜਨਤਾ ਨੂੰ ਆਪਣੇ ਨਾਲ ਮਿਲਾਉਣ ਦੀ ਕੋਸ਼ਸ਼ ਕੀਤੀ। ਚੌਧਵੇਂ ਕਾਂਡ ਵਿਚ ਵੇਖਿਆ ਜਾ ਚੁਕਾ ਹੈ ਕਿ ਕਿਵੇਂ ਗਦਰ ਪਾਰਟੀ ਦੇ ਇਨਕਲਾਬੀ, ਜਦ ਉਨ੍ਹਾਂ ਦੀ ਲਹਿਰ ਅਜੇ ਗੈਰ-ਜਥੇਬੰਦ ਹਾਲਤ ਵਿਚ ਸੀ, ਕਾਫੀ ਪੇਂਡੂਆਂ ਨੂੰ ਇਨਕਲਾਬ ਵਿਚ ਹਿੱਸਾ ਲੈਣ ਵਾਸਤੇ ਬਾਬਾ ਸਾਹਿਬ ਅਕੱਠਿਆਂ ਕਰਨ ਵਿਚ ਕਾਮਯਾਬ ਹੋਏ। ਸ਼੍ਰੀ ਬੰਤਾ ਸਿੰਘ ਅਤੇ ਸ਼੍ਰੀ ਹਰਨਾਮ ਸਿੰਘ 'ਟੁੰਡੀ ਲਾਟ' ਨੇ ਸੰਗਵਾਲ ਦੇ ਪੇਂਡੂਆਂ ਨੂੰ ਸਰਕਾਰ ਦੇ ਬਰਖਲਾਫ ਖੁਲ੍ਹੇ ਮੈਦਾਨ ਲੈਕਚਰ ਕੀਤਾ। ਸ਼੍ਰੀ ਹਰਨਾਮ ਸਿੰਘ (ਪਿੰਡ ਰਸੂਲ ਪੁਰ, ਜ਼ਿਲਾ ਅੰਮ੍ਰਿਤਸਰ) ਅਤੇ ਸ਼੍ਰੀ ਠਾਕਰ ਸਿੰਘ (ਠਠੀਆਂ, ਜ਼ਿਲਾ ਅੰਮ੍ਰਿਤਸਰ) ਲਾਇਲਪੁਰ ਬਾਰ ਵਿਚ ਪ੍ਰਚਾਰ ਕਰਨ ਭੇਜੇ ਗਏ, ਅਤੇ ਸ਼੍ਰੀ ਹਰਨਾਮ ਸਿੰਘ ਨੇ ਵਾਪਸ ਆਕੇ ਰੀਪੋਟ ਕੀਤੀ ਕਿ ਉਨ੍ਹਾਂ ਬਾਰ ਵਿਚ ਕਈ ਪੇਂਡੂਆਂ ਨੂੰ ਆਪਣੇ ਨਾਲ ਮਿਲਾ ਲਿਆ ਸੀ। "ਨਵੰਬਰ ਵਿਚ ਸੂਬਕ (ਪੰਜਾਬ) ਸਰਕਾਰ ਨੇ ਸਰਕਾਰ ਹਿੰਦ ਨੂੰ ਰੀਪੋਟ ਕੀਤੀ ਕਿ ਬਦੇਸ਼ਾਂ ਤੋਂ ਹੁਣੇ ਜਿਹੇ ਪਰਤੇ ਬੰਦਿਆਂ ਵਿਚੋਂ ਕੁਝ ਪਿੰਡਾਂ ਵਿਚ ਫਿਰ ਰਹੇ ਹਨ, ਪਰ ਅਮੂਮਨ ਲੋਕ ਉਨ੍ਹਾਂ ਦੀ ਗਲ ਵਲ ਧਿਆਨ ਨਹੀਂ ਦਿੰਦੇ। ਨੰਬਰਦਾਰਾਂ ਨੇ ਮੁਕਾਮੀਂ ਅਫਸਰਾਂ ਨੂੰ ਐਸੀਆਂ ਮਿਸਾਲਾਂ ਦੀ ਰੀਪੋਟ ਕੀਤੀ ਹੈ, ਜਿਥੇ ਇਹ ਖਤਰਨਾਕ ਜਾਂ ਭੜਕਾਊ ਗੱਲਾਂ ਕਰਦੇ ਹਨ*"।

ਪਹਿਲੇ ਅਤੇ ਦੂਸਰੇ ਮੁਕੱਦਮੇਂ ਦੇ ਮੁਲਜ਼ਮਾਂ ਵਿਚ ਵੀ ਕਈ ਪੇਂਡੂ (ਖਾਸ ਕਰ ਪਿੰਡ ਦਦੇਹਰ, ਢੁਡੀਕੇ, ਸੁਰਸੰਗ ਦੇ) ਸ਼ਾਮਲ ਸਨ। ਸ਼੍ਰੀ ਸਾਨਿਯਾਲ ਨੇ ਵੀ, ਜਿਵੇਂ ਪਿਛੇ ਜ਼ਿਕਰ ਆ ਚੁਕਾ ਹੈ, ਲਿਖਿਆ ਹੈ ਕਿ, "ਇਸ ਸਮੇਂ ਮੈਂ ਬਹੁਤ ਸਾਰੇ ਪੇਂਡੂ ਸਿਖਾਂ ਨੂੰ ਭੀ ਇਥੇ (ਅੰਮ੍ਰਿਤਸਰ) ਆਉਂਦੇ ਜਾਂਦੇ ਵੇਖਿਆ। ਇਹ ਜ਼ਿਆਦਾ ਤਰ ਜ਼ਿਮੀਂਦਾਰ ਯਾ ਹੋਰ ਮੇਹਨਤੀ ਸਨ, ਕਿੰਤੂ ਇਹ ਭੀ ਦੇਸ਼ ਦਾ ਕੰਮ ਕਰਨ ਲਈ ਮਤਵਾਲੇ ਹੋ ਰਹੇ ਸਨ†"।

ਪੇਂਡੂਆਂ ਨੂੰ ਨਾਲ ਰਲਾਉਣ ਦੀਆਂ ਇਨ੍ਹਾਂ ਇਕੜ ਦੁਕੜ ਕੋਸ਼ਸ਼ਾਂ ਤੋਂ ਇਲਾਵਾ ਸਭ ਤੋਂ ਵੱਡੀ ਓਹ ਸੀ ਜਿਸ ਦੇ ਕੇਂਦ੍ਰ 'ਸੰਤ' ਰੰਧੀਰ ਸਿੰਘ, ਪਿੰਡ ਨਾਰੰਗਵਾਲ(ਜ਼ਿਲਾ ਲੁਧਿਹਾਣਾ), ਸਨ। 'ਸੰਤ' ਰੰਧੀਰ ਸਿੰਘ ਅਤੇ ਉਨ੍ਹਾਂ ਦੇ ਸ਼ਰਧਾਲੂ ਧਾਰਮਕ ਖਿਆਲਾਂ ਦੇ ਸਨ, ਅਤੇ ਇਹ ਸਜਣ ਗਦਰ ਪਾਰਟੀ ਲਹਿਰ ਵਿਚ ਰਾਜਸੀ ਦੀ ਬਜਾਏ ਬਹੁਤੀ ਧਾਰਮਕ ਪ੍ਰੇਰਨਾ ਲੈਕੇ ਸ਼ਾਮਲ ਹੋਏ। ਗਦਰੀ ਇਨਕਲਾਬੀ-ਆਂ ਅਤੇ ਇਨ੍ਹਾਂ ਸਜਣਾਂ ਦੀ ਦ੍ਰਿਸ਼ਟੀ-ਕੋਨ (Approach) ਵਿਚ ਕਾਫੀ ਫਰਕ ਸੀ, ਪਰ ਗਦਰੀ ਇਨਕਲਾਬੀ ਹਰ ਇਕ ਅਨਸਰ, ਜਿਸ ਤਕ ਉਨ੍ਹਾਂ ਦੀ ਪਹੁੰਚ ਹੋ ਸਕੀ, ਨੂੰ ਇਨਕਲਾਬ ਵਾਸਤੇ ਵਰਤਣਾ ਚਾਹੁੰਦੇ ਸਨ।

ਰਿਕਾਬ ਗੰਜ (ਨਵੀਂ ਦਿਲੀ) ਗੁਰਦੁਆਰੇ ਦੀ ਬਾਹਰਲੀ ਕੰਧ ਅੰਗਰੇਜ਼ਾਂ ਵਲੋਂ ਢਾਹੇ ਜਾਣ ਦੇ ਮੁਆਮਲੇ ਨੇ ਧਾਰਮਕ ਖਿਆਲਾਂ ਦੇ ਸਿਖਾਂ ਵਿਚ ਕਾਫੀ ਬੇਚੈਨੀ ਅਤੇ ਐਜੀਟੇਸ਼ਨ ਪੈਦਾ ਕੀਤੀ ਹੋਈ ਸੀ, ਜਿਸ ਵਿਚ ਸ਼੍ਰੀ ਹਰਚੰਦ ਸਿੰਘ 'ਰਈਸ' (ਲਾਇਲਪੁਰ) ਨੇ ਵੱਧ ਚੜ੍ਹਕੇ ਹਿੱਸਾ ਲਿਆ ਸੀ। ਜਾਪਦਾ ਹੈ ਕਿ ਗਦਰੀ ਇਨਕਲਾਬੀਆਂ ਦੇ ਦੇਸ ਆਉਣ ਤੋਂ ਪਹਿਲੋਂ ਹੀ 'ਸੰਤ' ਰੰਧੀਰ ਸਿੰਘ ਅੰਗਰੇਜ਼ਾਂ ਨੂੰ ਕਢਣ ਦੇ ਵੀਚਾਰ ਰਖਦੇ ਸਨ। ਕਿਉਂਕਿ ਉਨ੍ਹਾਂ ਨੇ ਭਗਤ ਸਿੰਘ ਨੂੰ ਦੱਸਿਆ ਕਿ ਰਕਾਬ ਗੰਜ ਦੇ ਮੁਆਮਲੇ ਵਿਚ ਸਿਖਾਂ ਉਤੇ ਬੜਾ ਜ਼ੁਲਮ ਹੋਇਆ ਹੈ, ਅਤੇ ਸ਼੍ਰੀ ਭਗਤ ਸਿੰਘ ਨੂੰ ਆਖਿਆ ਕਿ ਉਹ ਅੰਗਰੇਜ਼ਾਂ ਨੂੰ ਹਿੰਦ ਵਿਚੋਂ ਬਾਹਰ ਕਢਣ ਦੀ ਖਾਤਰ ਲੋਕਾਂ ਨੂੰ ਪ੍ਰੇਰੇ। 'ਸੰਤ' ਰੰਧੀਰ ਸਿੰਘ ਨੇ ਭਗਤ ਸਿੰਘ ਨੂੰ ਇਹ ਵੀ ਆਖਿਆ ਕਿ ਬਦੇਸ਼ਾਂ ਤੋਂ ਆਉਣ ਵਾਲੇ ਹਿੰਦੀਆਂ, ਜੋ ਦੇਸ ਨੂੰ ਆ ਰਹੇ ਸਨ, ਦੀ ਇੰਤਜ਼ਾਰ ਕੀਤੀ ਜਾਏ ਅਤੇ ਫਿਰ ਬਗਾਵਤ ਕੀਤੀ ਜਾਏ।

'ਸੰਤ' ਰੰਧੀਰ ਸਿੰਘ ਅਤੇ ਉਨ੍ਹਾਂ ਦੇ ਸਾਥੀ ਕਈ ਥਾਈਂ ਮੀਟਿੰਗਾਂ ਕਰਦੇ ਰਹੇ, ਜਿਥੇ ਰਿਕਾਬ ਗੰਜ ਦੇ ਮੁਆਮਲੇ ਬਾਰੇ ਅੰਗਰੇਜ਼ਾਂ ਦੇ ਬਰਖਲਾਫ ਲੈਕਚਰ ਹੁੰਦੇ ਰਹੇ। ਗਦਰ ਪਾਰਟੀ ਦੇ ਇਨਕਲਾਬੀਆਂ ਨਾਲ ਸੰਬੰਧ ਪੈਦਾ ਹੋਣ ਦਾ ਸਭ ਤੋਂ ਪਹਿਲਾ ਜ਼ਿਕਰ ਸਤ ਪੋਹ ਨੂੰ ਚਮਕੌਰ ਸਾਹਿਬ ਵਿਚ ਹੋਈ ਮੀਟਿੰਗ ਵਿਚ ਆਇਆ। 'ਸੰਤ' ਰੰਧੀਰ ਸਿੰਘ ਨੇ ਮੀਟਿੰਗ ਨੂੰ ਦੱਸਿਆ ਕਿ ਇਕ ਕਮੇਟੀ ਕਾਇਮ ਕੀਤੀ ਗਈ ਹੈ, ਜਿਸ ਨੇ ਗੁਰੂ ਗਰੰਥ ਸਾਹਿਬ ਤੋਂ ਵਾਕ ਲੈਕੇ ਇਹ ਫੈਸਲਾ ਕੀਤਾ ਹੈ ਕਿ ਜੇ ਰਿਕਾਬ ਗੰਜ ਨੂੰ ਢਾਹਿਆ ਜਾਏ ਤਾਂ ਸ਼ਹੀਦੀਆਂ ਪਾਈਆਂ ਜਾਣ। 'ਸੰਤ' ਰੰਧੀਰ ਸਿੰਘ ਨੇ ਇਹ ਵੀ ਦੱਸਿਆ ਕਿ ਗਦਰ ਪਾਰਟੀ ਦੇ ਦੋ ਆਦਮੀ ਹੋਣ ਵਾਲੇ ਇਨਕਲਾਬ ਵਾਸਤੇ ਆਦਮੀ ਲੈਣ ਲਈ ਉਨ੍ਹਾਂ ('ਸੰਤ' ਰੰਧੀਰ ਸਿੰਘ) ਪਾਸ ਆਏ ਸਨ, ਹਥਿਆਰ ਬੰਗਾਲ ਵਿਚੋਂ ਆ ਰਹੇ ਹਨ, ਅਤੇ ਗਦਰ ਪਾਰਟੀ ਦੇ ਆਦਮੀਆਂ ਨਾਲ ਸਰਹੰਦ ਮਿਲਣ ਦਾ ਪ੍ਰਬੰਧ ਕੀਤਾ ਗਿਆ ਹੈ।

ਫਰਵਰੀ ਦੇ ਸ਼ੁਰੂ ਵਿਚ 'ਸੰਤ' ਰੰਧੀਰ ਸਿੰਘ ਨੇ ਪਿੰਡ ਗੁਜਰ ਵਾਲ (ਜ਼ਿਲਾ ਲੁਧਿਹਾਣਾ) ਵਿਚ ੧੦੦ ਦੇ ਕਰੀਬ ਵੇਸ਼ ਭਗਤਾਂ ਦੀ ਮੀਟਿੰਗ ਕੀਤੀ। ੧੪ ਫਰਵਰੀ ਨੂੰ ਅਖੰਡ ਪਾਠ ਸੀ। ਅਖੰਡ ਪਾਠ ਦੇ ਪਿਛੋਂ 'ਸੰਤ' ਰੰਧੀਰ ਸਿੰਘ ਨੇ ਮਕਾਨ ਦੀ ਛੱਤ ਉਤੇ ਇਕ ਖੁਫੀਆ ਮੀਟਿੰਗ ਕੀਤੀ, ਜਿਸ ਵਿਚ ਉਨ੍ਹਾਂ ਦੱਸਿਆ ਕਿ ਹੁਣ ਮੈਦਾਨ ਵਿਚ ਕੁਦ ਪੈਣ ਦਾ ਵਕਤ ਆ ਗਿਆ ਹੈ, ਅਤੇ ਫੌਜਾਂ ਬਗਾਵਤ ਕਰਨ ਲਈ ਤਿਆਰ ਹਨ। ਕੁਝ ਚੰਦਾ ਇਕੱਠਾ ਕੀਤਾ ਗਿਆ, ਅਤੇ ਇਹ ਦੱਸਿਆ ਗਿਆ ਕਿ ਹੋਣ ਵਾਲੇ ਗਦਰ ਦੀ ਤਾਰੀਖ ਦੀ ਇਤਲਾਹ ਪਿਛੋਂ ਭੇਜੀ ਜਾਵੇਗੀ।

ਜਦ ਗਦਰ ਦੀ ਨੀਯਤ ਤਾਰੀਖ ਉਤੇ ਫੀਰੋਜ਼ਪੁਰ ਦੀਆਂ ਪਲਟਨਾਂ ਨੂੰ ਨਾਲ ਲੈਕੇ ਗਦਰ ਕਰਨ ਖਾਤਰ ਇਨਕਲਾਬੀਆਂ ਦੀਆਂ ਟੋਲੀਆਂ ਫੀਰੋਜ਼ਪੁਰ ਅਕੱਠੀਆਂ ਹੋਈਆਂ, ਤਾਂ 'ਸੰਤ' ਰੰਧੀਰ ਸਿੰਘ ਵੀ ਆਪਣੇ ਪ੍ਰੇਮੀਆਂ ਦਾ ਇਕ ਜੱਥਾ ਲੈਕੇ ਓਥੇ ਆਏ, ਜਿਸ ਬਦਲੇ 'ਸੰਤ' ਰੰਧੀਰ ਸਿੰਘ ਅਤੇ ਉਨ੍ਹਾਂ ਦੇ ਕਈ ਸਾਥੀਆਂ ਨੂੰ ਉਮਰ ਕੈਦ ਦੀਆਂ ਸਜ਼ਾਵਾਂ ਹੋਈਆਂ।

ਦੂਸਰੇ ਮੁਕੱਦਮੇ ਦੇ ਫੈਸਲੇ ਵਿਚ ਜੱਜ 'ਪੇਂਡੂਆਂ ਨੂੰ ਵਰਗਲਾਉਣ' ਦੀ ਸੁਰਖੀ ਹੇਠ ਲਿਖਦੇ ਹਨ ਕਿ, "ਜੋ ਅਸਾਂ ਇਸ ਸੰਬੰਧ ਵਿਚ ਕਹਿਣਾ ਹੈ, ਉਹ ਪੇਂਡੂਆਂ ਨੂੰ ਵਰਗਲਾਉਣ ਬਾਰੇ ਹੋਏ ਸਾਰੇ ਯਤਨਾਂ ਦਾ ਜ਼ਿਕਰ ਨਹੀਂ ਕਰਦਾ"। ਇਸ ਦਾ ਭਾਵ ਹੈ ਕਿ ਗਦਰੀ ਇਨਕਲਾਬੀਆਂ ਨੇ ਪੇਂਡੂਆਂ ਨੂੰ ਗਦਰ ਲਹਿਰ ਵਿਚ ਮਿਲਾਉਣ ਦੇ ਸ਼ਾਇਦ ਹੋਰ ਵੀ ਯਤਨ ਕੀਤੇ। ਪਰ ਇਹ ਸਪੱਸ਼ਟ ਹੀ ਹੈ ਕਿ ਗਦਰੀ ਇਨਕਲਾਬੀਆਂ ਨੂੰ

*Second Case, Judgement, p. 309.

*Rowlatt Report, p. 149.
†ਬੰਦੀ ਜੀਵਨ, ਭਾਗ ਪਹਿਲਾ, ਪੰਨੇ ੭੯-੮੦।



Digitized by Panjab Digital Library | www.panjabdigilib.org

ਵਿਦਿਆਰਥੀਆਂ ਅਥਵਾ ਪੇਂਡੂ ਆਦਿ ਆਮ ਜਨਤਾ ਨੂੰ ਆਪਣੇ ਨਾਲ ਰਲਾਉਣ ਵਿਚ ਬਹੁਤੀ ਸਫਲਤਾ ਨਹੀਂ ਹੋਈ ਸੀ। ਇਸ ਦਾ ਕਾਰਨ ਵੀ ਸਪੱਸ਼ਟ ਹੀ ਹੈ ਕਿ ਪੰਜਾਬ ਦੀ ਆਮ ਜਨਤਾ ਰਾਜਸੀ ਜਾਗਰਤੀ ਦੇ ਲਿਹਾਜ਼ ਨਾਲ ਬਹੁਤ ਪਿਛੇ ਸੀ। ਇਸ ਵਿਚ ਸ਼ੱਕ ਨਹੀਂ ਕਿ ਬਦੇਸ਼ੀ ਰਾਜ ਦੇ ਬਰਖ਼ਲਾਫ਼ ਜੋ ਕੁਦਰਤੀ ਦਬਿਆ ਜਜ਼ਬਾ ਹੁੰਦਾ ਹੈ, ਪੰਜਾਬੀ ਜਨਤਾ ਵਿਚ ਵੀ ਉਹ ਸੀ, ਅਤੇ ਜਰਮਨੀ ਦੀਆਂ ਜਿੱਤਾਂ ਬਾਰੇ ਸੁਣ ਕੇ ਲੋਕੀਂ ਇਕ ਕਿਸਮ ਦੀ ਤਸੱਲੀ ਲੈਂਦੇ ਸਨ। ਪਰ ਇਸ ਮੁਖ਼ਾਲਫ਼ਤ ਨੂੰ ਅਮਲੀ ਰਾਜਸੀ ਕਾਰਰਵਾਈ, ਖ਼ਾਸ ਕਰ ਇਨਕਲਾਬੀ ਕਾਰਰਵਾਈ, ਦੇ ਪੱਧਰ ਉੱਤੇ ਲਿਆਉਣ ਵਾਸਤੇ ਜਿਸ ਰਾਜਸੀ ਹਲੂਣੇ ਅਤੇ ਤਿਆਰੀ ਦੀ ਲੋੜ ਸੀ, ਉਸ ਦਾ ਪੰਜਾਬ ਵਿਚ ਕਰੀਬ ਕਰੀਬ ਅਭਾਵ ਸੀ। ਬਲਕਿ ਪੰਜਾਬੀ ਆਮ ਜਨਤਾ ਵਿਚ ਉਸ ਸਮੇਂ ਉਸ ਅਨਸਰ ਦਾ ਗਲਬਾ ਸੀ, ਜੋ ਆਪਣੇ ਹਿੱਤਾਂ ਖ਼ਾਤਰ ਜਾਂ ਬੇਸਮਝੀ ਦੇ ਕਾਰਨ ਅੰਗਰੇਜ਼ੀ ਸਰਕਾਰ ਦੀ ਮਦਦ ਕਰਦਾ ਸੀ। ਪਰ ਇਸ ਅਸਫਲਤਾ ਦੇ ਬਾਵਜੂਦ ਗਦਰੀ ਇਨਕਲਾਬੀਆਂ ਦੇ ਵਿਦਿਆਰਥੀਆਂ ਅਤੇ ਆਮ ਜਨਤਾ ਨੂੰ ਆਪਣੇ ਨਾਲ ਮਿਲਾਉਣ ਦੇ ਯਤਨ, ਗਦਰ ਪਾਰਟੀ ਲਹਿਰ ਦੀ ਬਣਤਰ ਨੂੰ ਜ਼ਰੂਰ ਸਪੱਸ਼ਟ ਕਰਦੇ ਹਨ, ਕਿ ਇਹ ਇਕੜ ਦੁਕੜ ਦਹਿਸ਼ਤ-ਪਸੰਦ ਕਿਸਮ ਦੀ ਲਹਿਰ ਨਹੀਂ ਸੀ; ਬਲਕਿ ਗਦਰੀ ਇਨਕਲਾਬੀਆਂ ਨੇ ਇਸ ਨੂੰ ਜਨਤਕ ਇਨਕਲਾਬੀ ਲਹਿਰ ਦੀ ਸ਼ਕਲ ਦੇਣ ਦੇ ਪੂਰੇ ਯਤਨ ਕੀਤੇ। ਤੀਸਰੇ ਮੁਕੱਦਮੇ ਦੇ ਫੈਸਲੇ ਵਿਚ ਇਹ ਮੰਨਿਆ ਗਿਆ ਹੈ ਕਿ "ਪੇਂਡੂਆਂ ਨੂੰ ਵਰਗਲਾਉਣਾ ਇਨਕਲਾਬੀ ਮੁਹਿੰਮ ਦਾ ਇਕ ਜ਼ਰੂਰੀ ਹਿੱਸਾ ਸੀ*"।

## (ਅ) ਪੰਜਾਬ ਤੋਂ ਬਾਹਰ ਕੰਮ

ਫੌਜਾਂ ਵਿਚ ਜੋ ਕੰਮ ਹੋਇਆ (ਜਿਸ ਵਿਚ ਪੰਜਾਬ ਦੇ ਗਦਰੀ ਇਨਕਲਾਬੀਆਂ ਨੇ ਵਧੇਰੇ ਹਿੱਸਾ ਲਿਆ), ਉਸ ਤੋਂ ਬਿਨਾਂ ਗਦਰ ਪਾਰਟੀ ਲਹਿਰ ਨਾਲ ਸੰਬੰਧਤ ਪੰਜਾਬ ਤੋਂ ਬਾਹਰ ਹੋਰ ਕੰਮ ਬਹੁਤਾ ਬੰਗਾਲੀ ਦੇਸ਼ ਭਗਤਾਂ ਨੇ ਕੀਤਾ, ਅਤੇ ਬਨਾਰਸ ਇਸ ਦਾ ਕੇਂਦ੍ਰ ਸੀ। ਪਰ ਬਨਾਰਸ ਸਾਜ਼ਸ ਕੇਸ ਵਿਚ ਹੋਈ ਸ਼ਹਾਦਤ ਅਤੇ ਇਸ ਦਾ ਫੈਸਲਾ ਵੇਖਣ ਦਾ ਅਵਸਰ ਨਹੀਂ ਬਣ ਸਕਿਆ। ਇਸ ਵਾਸਤੇ ਰੌਲਟ ਰੀਪੋਟ ਵਿਚ ਦਿਤੀ ਵਾਕਫੀਅਤ ਤੋਂ ਇਲਾਵਾ, ਸ਼੍ਰੀ ਸਾਨਿਯਾਲ, ਜਿਨ੍ਹਾਂ ਬੰਗਾਲੀ ਇਨਕਲਾਬੀਆਂ ਦਾ ਗਦਰੀ ਇਨਕਲਾਬੀਆਂ ਨਾਲ ਸੰਬੰਧ ਕਾਇਮ ਕਰਨ ਅਤੇ ਪੰਜਾਬ ਤੋਂ ਬਾਹਰ ਇਸ ਲਹਿਰ ਨਾਲ ਸੰਬੰਧਤ ਕੰਮ ਕਰਨ ਵਿਚ ਉਘਾ ਹਿੱਸਾ ਲਿਆ, ਦੀ 'ਬੰਦੀ ਜੀਵਨ' ਵਿਚ ਦਿਤੀ ਵਾਰਤਾ ਉਤੇ ਬਹੁਤਾ ਨਿਰਭਰ ਹੋਣਾ ਪਿਆ ਹੈ।

ਪੰਜਾਬ ਵਿਚ ਪਹਿਲੀ ਫੇਰੀ ਤੋਂ ਮੁੜਦਿਆਂ ਰਸਤੇ ਵਿਚ ਹੀ ਸ਼੍ਰੀ ਸਾਨਿਯਾਲ ਨੇ ਮਨ ਵਿਚ ਫੈਸਲਾ ਕਰ ਲਿਆ ਸੀ ਕਿ, "ਆਪਣੇ ਸੂਬੇ ਵਿਚ ਭੀ ਹੁਣ ਛਾਵਣੀਆਂ ਵਿਚ ਅਤੇ ਫੌਜਾਂ ਵਿਚ ਕੰਮ ਆਰੰਭ ਕਰ ਦੇਣਾ ਚਾਹੀਦਾ ਹੈ*"। ਸ਼੍ਰੀ ਰਾਸ਼ ਬਿਹਾਰੀ ਬੋਸ ਨਾਲ ਸਲਾਹ ਕਰਨ ਪੁਰ ਵੀ ਇਹੋ ਨਿਸਚੇ ਹੋਇਆ ਕਿ, "ਇਸ ਸੂਬੇ ਵਿਚ ਵੀ ਫੌਜੀਆਂ ਵਿਚ ਬਲਵੇ ਦੇ ਖਿਆਲ ਫੈਲਾ ਦੇਣੇ ਚਾਹੀਦੇ ਹਨ ਅਰ ਬੰਗਾਲ ਨੂੰ ਪੰਜਾਬ ਦੇ ਗਦਰ ਦੀ ਖ਼ਬਰ ਬਹੁਤ ਛੇਤੀ ਦੇਣੀ ਚਾਹੀਦੀ ਹੈ†"। "ਇਸ ਸਮੇਂ ਤੋਂ ਅਸਾਂ ਹੋਰ ਸਭ ਪਾਸਿਆਂ ਤੋਂ ਆਪਣਾ ਸਾਰਾ ਬਲ ਹਟਾ ਕੇ ਫੌਜੀਆਂ ਦੇ ਮਨਾਂ ਵਿਚ ਆਪਣੇ ਖਿਆਲ ਭਰਨ ਦੇ ਯਤਨ ਵਿਚ ਲਗਾ ਦਿੱਤਾ*"।

ਸ਼੍ਰੀ ਸਾਨਿਯਾਲ ਮੰਨਦੇ ਹਨ ਕਿ ਬੰਗਾਲੀ ਇਨਕਲਾਬੀਆਂ ਨੇ ਅਜੇ ਤਕ ਫੌਜਾਂ ਨੂੰ ਬਗਾਵਤ ਲਈ ਪ੍ਰੇਰਨ ਵਲ ਧਿਆਨ ਨਹੀਂ ਸੀ ਦਿੱਤਾ†। ਕਿਉਂ?

ਸ਼੍ਰੀ ਸਾਨਿਯਾਲ ਲਿਖਦੇ ਹਨ, "ਅਸੀਂ ਬਹੁਤ ਦਿਨਾਂ ਤੋਂ ਇਹ ਸਮਝਦੇ ਸਾਂ ਕਿ ਅਨਪੜ੍ਹ ਜਨਤਾ ਨੂੰ ਉਭਾਰਨਾ ਕੁਝ ਕਠਨ ਕੰਮ ਨਹੀਂ ਹੈ। ਇਸ ਦੇ ਨਾਲ ਨਾਲ ਅਸੀਂ ਇਹ ਭੀ ਜਾਣਦੇ ਸਾਂ ਕਿ ਜਨਤਾ ਨੂੰ ਸਿਰਫ ਭੜਕਾ ਦੇਣ ਨਾਲ ਹੀ ਸਾਡਾ ਕਾਰਜ ਸਿੱਧ ਨਹੀਂ ਹੋ ਸਕਦਾ। ਇਸੇ ਲਈ ਅਸਾਂ ਇਸ ਕੰਮ ਵਲ ਬਹੁਤਾ ਧਿਆਨ ਨਹੀਂ ਦਿੱਤਾ ਸੀ। ਅਸਾਂ ਲੋਕਾਂ ਦਾ ਵਿਚਾਰ ਸੀ ਕਿ ਜੇਕਰ ਪਹਿਲਾਂ ਦੇਸ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਜਥੇਬੰਦ ਕਰ ਲਿਆ ਜਾਵੇ, ਅਰ ਫਿਰ ਜੇ ਦੇਸੀ ਫੌਜਾਂ ਨੂੰ ਆਪਣੇ ਆਸ਼ੇ ਦੀ ਸਾਰੀ ਗੱਲ ਦੱਸ ਦਿੱਤੀ ਜਾਵੇ ਅਰ ਉਨ੍ਹਾਂ ਨੂੰ ਪੱਕੀ ਤਰ੍ਹਾਂ ਮਜ਼ਬੂਤ ਕਰ ਲਿਆ ਜਾਵੇ, ਤਾਂ ਹੀ ਬਲਵੇ ਦੀ ਨੀਂਹ ਪੱਕੀ ਹੋਵੇਗੀ‡"।

ਪਰ ਜੇਕਰ ਸ਼੍ਰੀ ਸਾਨਿਯਾਲ ਅਤੇ ਹੋਰ ਬੰਗਾਲੀ ਰਾਜਪਲਟਾਊਆਂ ਦੀ ਇਹ ਪੱਕੀ ਸੋਚੀ ਵੀਚਾਰੀ ਅਤੇ ਤਹਿ ਕੀਤੀ ਹੋਈ ਨੀਤੀ ਸੀ ਕਿ ਸਾਧਾਰਨ ਜਨਤਾ ਨੂੰ ਇਨਕਲਾਬੀ ਨਜ਼ਰੀਏ ਤੋਂ ਜਥੇਬੰਦ ਕਰਨ ਤੋਂ ਪਹਿਲੋਂ ਪੜ੍ਹੇ ਲਿਖੇ ਨੌਜਵਾਨਾਂ ਨੂੰ ਤਨਜ਼ੀਮ ਕਰਨਾ ਜ਼ਰੂਰੀ ਹੈ, ਅਤੇ ਇਸ ਦੇ ਪਿਛੋਂ ਫੌਜਾਂ ਨੂੰ ਨਾਲ ਰਲਾਉਣ ਦੀ ਕੋਸ਼ਸ਼ ਕਰਨੀ ਹੈ, ਤਾਂ ਸ਼੍ਰੀ ਸਾਨਿਯਾਲ ਦੀ ਪੰਜਾਬ ਦੀ ਚੰਦ ਦਿਨਾਂ ਦੀ ਫੇਰੀ ਪਿਛੋਂ, ਸ਼੍ਰੀ ਸਾਨਿਆਲ, ਸ਼੍ਰੀ ਬੋਸ ਅਤੇ ਉਨ੍ਹਾਂ ਦੇ ਹੋਰ ਬੰਗਾਲੀ ਰਾਜਪਲਟਾਊ ਸਾਥੀਆਂ ਨੇ 'ਹੋਰ ਸਭ ਪਾਸਿਆਂ ਤੋਂ ਆਪਣਾ ਸਾਰਾ ਬਲ ਹਟਾ ਕੇ ਫੌਜੀਆਂ ਦੇ ਮਨਾਂ ਵਿਚ ਆਪਣੇ ਖਿਆਲ ਭਰਨ' ਵਲ ਯਤਨ ਕਿਉਂ ਲਗਾ ਦਿਤਾ?

ਜਾਪਦਾ ਹੈ ਕਿ ਹਿੰਦ ਵਿਚ ਉਸ ਸਮੇਂ ਇਨਕਲਾਬੀ ਰੁਖ ਨੀਯਤ ਕਰਨ ਵਿਚ ਵੀਚਾਰ ਧਾਰਾਂ ਦਾ ਇਤਨਾ ਹੱਥ ਨਹੀਂ ਸੀ, ਜਿਤਨਾ ਉਦਾਲੇ ਪੁਦਾਲੇ ਦੇ ਹਾਲਾਤ ਤੋਂ ਕਿਸੇ ਇਨਕਲਾਬੀ ਦੱਲ ਲਈ ਪੈਦਾ ਹੋਏ ਮੌਕਿਆ ਅਤੇ ਕੁਦਰਤੀ ਰੁਚੀਆਂ ਦਾ। ਜਨਤਾ ਦੀ ਜਥੇਬੰਦ ਤਾਕਤ ਦੀ ਸੰਭਾਵਨਾ ਭਰਪੂਰ ਇਨਕਲਾਬੀ ਸ਼ਕਤੀ ਦੀ ਅਹਿਮੀਅਤ ਨੂੰ ਮੌਜੂਦਾ ਜਮਾਨੇ ਵਿਚ ਬਹੁਤਾ ਰੂਸ ਵਿਚ ਹੋਏ ਬਾਲਸ਼ਵਿਕ ਇਨਕਲਾਬ ਅਤੇ ਕਮੀਊਨਿਸਟ ਵੀਚਾਰ-ਧਾਰਾ ਤੇ ਤਰੀਕਾਕਾਰ ਨੇ ਸਾਹਮਣੇ ਨਿਖਾਰ ਕੇ ਲਿਆਂਦਾ ਹੈ। ਬੰਗਾਲੀ ਰਾਜਪਲਟਾਊਆਂ, ਗਦਰੀ ਇਨਕਲਾਬੀਆਂ, ਜਾਂ ਹਿੰਦ ਦੇ ਕਿਸੇ ਵੀ ਹੋਰ ਇਨਕਲਾਬੀ ਦੱਲ ਦੇ ਸਾਹਮਣੇ ਉਸ ਜ਼ਮਾਨੇ ਵਿਚ ਕਮੀਊਨਿਸਟ ਵੀਚਾਰ-ਧਾਰਾ ਨਹੀਂ ਸੀ। ਇਸ ਕਰਕੇ ਜੇਕਰ ਗਦਰੀ ਇਨਕਲਾਬੀਆਂ ਨੇ, ਬਹੁਤਾ ਇਨਕਲਾਬੀ ਤਜਰੱਬਾ ਨਾ ਹੋਣ ਦੇ ਬਾਵਜੂਦ, ਪਿੰਡਾਂ ਦੀ ਸਾਧਾਰਨ ਜਨਤਾ ਨੂੰ ਆਪਣੇ ਨਾਲ ਮਿਲਾਉਣ ਦਾ ਯਤਨ ਕੀਤਾ, ਤਾਂ ਸਿਰਫ ਇਸ ਕਰਕੇ ਕਿ ਉਹ ਆਪ ਇਸ ਵਿਚੋਂ ਸਨ। ਇਸ ਦੇ ਉਲਟ ਬੰਗਾਲੀ ਇਨਕਲਾਬੀਆਂ ਵਲੋਂ ਸਾਧਾਰਨ ਜਨਤਾ ਨੂੰ ਇਨਕਲਾਬੀ ਯਤਨਾਂ ਵਿਚ ਸ਼ਾਮਲ ਕਰਨ ਹਿਤ ਬਹੁਤਾ ਧਿਆਨ ਨਾ ਦੇਣ ਦਾ ਕਾਰਨ ਇਹ ਜਾਪਦਾ ਹੈ ਕਿ ਬੰਗਾਲੀ ਰਾਜਪਲਟਾਊਆਂ ਦੀ ਲਹਿਰ ਦਰਮਿਆਨੇ ਤਬਕੇ ਦੇ ਭਦਰ ਲੋਕਾਂ ਦੀ ਲਹਿਰ ਸੀ, ਜਿਨ੍ਹਾਂ ਦੇ ਜਨ ਸਾਧਾਰਨ ਨਾਲ ਗੂੜ੍ਹੇ ਸੰਬੰਧ ਨਹੀਂ ਸਨ।

*Third Case, Judgement, p. 49.

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੪੭.
†ਬੰਦੀ ਜੀਵਨ, ਪਹਿਲਾ ਭਾਗ, ਪੰਨਾ ੫੭।

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੫੯।
†ਬੰਦੀ ਜੀਵਨ, ਭਾਗ ਪਹਿਲਾ, ਪੰਨਾ ੪੭।
‡ਬੰਦੀ ਜੀਵਨ, ਭਾਗ ਪਹਿਲਾ, ਪੰਨਾ ੧੦੧।



Digitized by Panjab Digital Library | www.panjabdigilib.org

ਇਸੇ ਤਰ੍ਹਾਂ ਬੰਗਾਲੀ ਰਾਜਪਲਟਾਊਆਂ ਦੇ ਫੌਜਾਂ ਨੂੰ ਬਗਾਵਤ ਲਈ ਪ੍ਰੇਰਨ ਵਲ ਪਹਿਲਾਂ ਨਾ ਧਿਆਨ ਦੇਣ ਦਾ ਅਸਲੀ ਕਾਰਨ ਇਹ ਨਹੀਂ ਸੀ ਕਿ ਓਹ ਇਸ ਤੋਂ ਪਹਿਲੋਂ ਪੜ੍ਹੇ ਲਿਖੇ ਤਬਕੇ ਦੀ ਜਥੇਬੰਦੀ ਕਰਨਾ ਜ਼ਰੂਰੀ ਸਮਝਦੇ ਸਨ; ਬਲਕਿ ਇਸ ਕਰਕੇ ਕਿ ਬੰਗਾਲੀ ਫੌਜ ਵਿਚ ਭਰਤੀ ਨਹੀਂ ਸੀ ਕੀਤੇ ਜਾਂਦੇ, ਜਿਸ ਕਰਕੇ ਬੰਗਾਲੀ ਇਨਕਲਾਬੀਆਂ ਨੂੰ ਵੀ ਫੌਜਾਂ ਦੇ ਨੇੜੇ ਆਉਣ ਦਾ ਮੌਕਿਆ ਨਹੀਂ ਸੀ ਮਿਲਿਆ। ਸ੍ਰੀ ਸਾਨਿਯਾਲ ਆਪ ਇਕ ਥਾਂ ਮੰਨਦੇ ਹਨ ਕਿ, "ਹੋਰ ਸੂਬਿਆਂ ਵਿਚ ਰਹਿਣ ਵਾਲਿਆਂ ਦੇਸ ਵਾਸੀਆਂ ਨੂੰ ਜਿਸ ਪ੍ਰਕਾਰ ਫੌਜਾਂ ਵਿਚ ਭਰਤੀ ਹੋਣ ਦੀ ਸੌਖਿਆਈ ਸੀ, ਉਜੇਹੀ ਜੇ ਕਦੇ ਬੰਗਾਲ ਵਿਚ ਬੰਗਾਲੀਆਂ ਨੂੰ ਹੁੰਦੀ ਤਾਂ ਉਥੇ ਪਤਾ ਨਹੀਂ ਕਦੋਂ ਦਾ ਗਦਰ ਮਚ ਗਿਆ ਹੁੰਦਾ*"।

ਇਸ ਕਰਕੇ ਇਹ ਹਕੀਕਤ ਕਾਫੀ ਸਪੱਸ਼ਟ ਹੈ ਕਿ ਗਦਰੀ ਇਨਕਲਾਬੀਆਂ ਦੇ ਫੌਜਾਂ ਵਿਚ ਕੀਤੇ ਕੰਮ ਨੂੰ ਵੇਖਕੇ ਸ੍ਰੀ ਸਾਨਿਆਲ ਨੂੰ ਇਕ ਨਵਾਂ ਉਤਸ਼ਾਹ ਮਿਲਿਆ† । ਫੌਜਾਂ ਨੂੰ ਨਾਲ ਲੈ ਕੇ ਬਗਾਵਤ ਕਰਾਉਣ ਦੀ ਅਮਲੀ ਸੰਭਾਵਨਾ ਨਿਖਰਵੇਂ ਰੂਪ ਵਿਚ ਪਹਿਲੀ ਵੇਰ ਉਨ੍ਹਾਂ ਦੇ ਸਾਹਮਣੇ ਆਈ, ਜਿਸ ਤੋਂ ਉਨ੍ਹਾਂ, ਅਤੇ ਉਨ੍ਹਾਂ ਦੀ ਰੀਪੋਟ ਸੁਣਕੇ ਉਨ੍ਹਾਂ ਦੇ ਹੋਰ ਬੰਗਾਲੀ ਰਾਜਪਲਟਾਊ ਸਾਥੀਆਂ ਨੇ, ਸਾਰਾ ਤਾਣ ਇਸੇ ਬੰਨੇ ਲਾ ਦੇਣ ਦਾ ਫੈਸਲਾ ਕੀਤਾ। ਸੋ ਜਿਹੜੇ ਬੰਗਾਲੀ ਇਨਕਲਾਬੀ ਗਦਰ ਪਾਰਟੀ ਲਹਿਰ ਵਿਚ ਸ਼ਾਮਲ ਹੋਏ, ਭਾਵੇਂ ਉਨ੍ਹਾਂ ਨੇ (ਜਿਵੇਂ ਅਗੇ ਵੇਖਿਆ ਜਾਵੇਗਾ) ਇਸ ਨੂੰ ਡਾਕੇ ਮਾਰਨ ਵਰਗੇ ਤਰਾਸਵਾਦੀ ਤਰੀਕਾਕਾਰ ਦੀ ਥੋੜੀ ਰੰਗਤ ਦਿੱਤੀ, ਪਰ ਉਹ ਬਹੁਤਾ ਫੌਜਾਂ ਦੀ ਮਦਦ ਨਾਲ ਇਨਕਲਾਬ ਕਰਨ ਦਾ ਇਕ ਨਵਾਂ ਨਜ਼ਰੀਆ ਅਤੇ ਇਕ ਨਵੇਂ ਕੰਮ ਦੀ ਪ੍ਰੇਰਨਾ ਲੈਕੇ ਇਸ ਵਿਚ ਸ਼ਾਮਲ ਹੋਏ।

ਪਿਛਲੇ ਕਾਂਡ ਵਿਚ ਦੱਸਿਆ ਜਾ ਚੁਕਾ ਹੈ ਕਿ ਜਨਵਰੀ ੧੯੧੫ ਵਿਚ, ਸ੍ਰੀ ਸਾਨਿਯਾਲ ਦੇ ਪੰਜਾਬੋਂ ਮੁੜਨ ਉਤੇ, ਸ੍ਰੀ ਬੋਸ ਨੇ ਇਨਕਲਾਬੀਆਂ ਦੀ ਬਨਾਰਸ ਇਕ ਜ਼ਰੂਰੀ ਮੀਟਿੰਗ ਕੀਤੀ, ਜਿਸ ਵਿਚ ਸ੍ਰੀ ਪ੍ਰਿਯਾ ਨਾਥ ਅਤੇ ਬਿਭੂਤੀ (ਜੋ ਪਿਛੋਂ ਵਾਅਦਾ ਮੁਆਫ ਬਣ ਗਿਆ) ਦੀ ਬਨਾਰਸ, ਅਤੇ ਸ੍ਰੀ ਨਲਨੀ ਦੀ ਜਬਲਪੁਰ (ਸੀ. ਪੀ.) ਫੌਜੀ ਸਪਾਹੀਆਂ ਵਿਚ ਕੰਮ ਕਰਨ ਦੀ ਡੀਊਟੀ ਲਾਈ ਗਈ* । ਇਨ੍ਹਾਂ ਨੂੰ ਇਸ ਕੰਮ ਵਿਚ ਕਿਤਨੀ ਕੁ ਸਫਲਤਾ ਹੋਈ, ਇਸ ਦਾ ਪਤਾ ਨਹੀਂ ਲਗ ਸਕਿਆ। ਪਰ ਸ੍ਰੀ ਸਾਨਿਯਾਲ ਨੇ ਬਨਾਰਸ ਵਿਚ ਫੌਜੀ ਸਿਪਾਹੀਆਂ ਨੂੰ ਜੋ ਮਿਲਕੇ ਪ੍ਰੇਰਨ ਦੀ ਕੋਸ਼ਸ਼ ਕੀਤੀ, ਉਸ ਦਾ ਉਨ੍ਹਾਂ ਆਪਣੀ ਕਤਾਬ ਵਿਚ ਵਿਸਥਾਰ ਨਾਲ ਜ਼ਿਕਰ ਕੀਤਾ ਹੈ† । ਇਸ ਲਿਖਤ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਬੰਗਾਲੀ ਇਨਕਲਾਬੀਆਂ ਵਾਸਤੇ ਛਾਉਣੀਆਂ ਵਿਚ ਪ੍ਰਵੇਸ਼ ਕਰਨਾ ਕਿਵੇਂ ਇਕ ਬਿਲਕੁਲ ਨਵਾਂ ਤਜਰਬਾ ਸੀ, ਅਤੇ ਉਨ੍ਹਾਂ ਕਿਵੇਂ ਝੱਕ-ਝੱਕ ਕੇ ਫੌਜੀਆਂ ਨਾਲ ਮੇਲ ਮਿਲਾਪ ਸ਼ੁਰੂ ਕੀਤਾ।

ਗਦਰੀ ਇਨਕਲਾਬੀਆਂ ਦੀ ਫੌਜਾਂ ਤਕ ਪਹੁੰਚ ਦੀ ਹੱਦ ਨੂੰ ਵੇਖ ਕੇ, ਅਤੇ ਇਸ ਦੀ ਰੋਸ਼ਨੀ ਵਿਚ ਫੌਜਾਂ ਦੀ ਮਦਦ ਨਾਲ ਇਨਕਲਾਬੀ ਯਤਨਾਂ ਦੀ ਸਫਲਤਾ ਦੀ ਸੰਭਾਵਨਾ ਨੇ, ਨਾ ਕੇਵਲ ਬੰਗਾਲੀ ਇਨਕਲਾਬੀਆਂ ਨੂੰ ਫੌਜਾਂ ਵਿਚ ਕੋਸ਼ਸ਼ ਕਰਨ ਦੇ ਇਕ ਨਵੇਂ ਕੰਮ ਦੀ ਪ੍ਰੇਰਨਾ ਦਿਤੀ, ਬਲਕਿ ਬੰਗਾਲ ਦੇ ਤਰਾਸਵਾਦੀ ਛੋਟੇ ਛੋਟੇ ਦੱਲਾਂ ਨੂੰ ਇਕ ਲੜੀ ਵਿਚ ਪ੍ਰੋਨ ਦੀ ਪ੍ਰੇਰਨਾ ਵੀ ਇਸੇ

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੧੦੨.
†ਬੰਦੀ ਜੀਵਨ. ਭਾਗ ਪਹਿਲਾ, ਪੰਨਾ ੯੦।

*Rowlatt Report, p. 133.
†ਬੰਦੀ ਜੀਵਨ, ਭਾਗ ਪਹਿਲਾ, ਪੰਨੇ ਪ੯-੭੪।

ਤੋਂ ਮਿਲੀ। ਸ੍ਰੀ ਸਾਨਿਯਾਲ ਲਿਖਦੇ ਹਨ ਕਿ, "ਬਲਵੇ ਦਾ ਕੰਮ ਕਾਜ ਬਹੁਤ ਹੀ ਲੁਕ ਛੁਪ ਕੇ ਕਰਨਾ ਪੈਂਦਾ ਸੀ, ਅਰ ਅਜੇਹੇ ਸਿਆਣੇ ਮਹਾਂ ਪੁਰਸ਼ਾਂ ਦਾ ਸਿਰ ਉਪਰ ਹੱਥ ਨਾ ਰਖੇ ਜਾਣ ਕਰਕੇ ਭਾਰਤ ਦੇ ਅੱਡ ਅੱਡ ਥਾਵਾਂ ਵਿਚ ਬਲਵੇ ਲਈ ਕਈ ਇਕ ਇਕ ਕਰਕੇ ਕਿਤਨੇ ਹੀ ਦੱਲ ਬਣ ਗਏ ਸਨ, ਜਿਨ੍ਹਾਂ ਵਿਚੋਂ ਕਈਆਂ ਦਾ ਅਜੇ ਭੀ ਪਤਾ ਨਹੀਂ ਲਗ ਸਕਿਆ। ਛੋਟੇ ਛੋਟੇ ਸੁਤੰਤ੍ਰ ਦਲ ਹੋ ਜਾਣ ਨਾਲ ਭਲਾ ਹੋਇਆ ਜਾਂ ਬੁਰਾ, ਇਹ ਕਹਿਣਾ ਕਠਿਨ ਹੈ। ਇਨ੍ਹਾਂ ਅਡੋ ਅਡ ਬਣੇ ਸਾਰੇ ਦਲਾਂ ਨੂੰ ਇਕੱਤ੍ਰ ਕਰਕੇ ਇਕ ਭਾਰੀ ਦੱਲ ਦੇ ਰੂਪ ਵਿਚ ਲਿਆਉਣ ਦਾ ਉਪਾਉ ਬਹੁਤ ਦਿਨਾਂ ਤੋਂ ਕੀਤਾ ਜਾ ਰਿਹਾ ਸੀ। ਕਿੰਤੂ ਕੋਈ ਸਿਆਣਾ ਆਗੂ ਨਾ ਰਹਿਣ ਕਰਕੇ ਕਿਸੇ ਭੀ ਦੱਲ ਨੇ ਇਕ ਦੂਜੇ ਵਿਚ ਮਿਲਕੇ ਆਪਣੀ ਸੁਤੰਤਰਤਾ ਨੂੰ ਖੋਹਣਾ ਸ੍ਵੀਕਾਰ ਨਾ ਕੀਤਾ। ਅਰ ਇਨ੍ਹਾਂ ਦੱਲਾਂ ਦੇ ਮੁਖੀ ਲੋਕ ਹੀ ਅਕਸਰ ਆਪਣੇ ਸਾਧਾਰਨ ਰੋਅਬ ਦਾਅਬ ਨੂੰ ਬਨਾਈ ਰਖਣ ਲਈ ਇਸ ਮਿਲਾਪ ਦੇ ਵਿਰੋਧੀ ਸਨ। ਮਨੁਖ ਸਹਿਜੇ ਹੀ ਪ੍ਰਾਈ ਅਧੀਨਤਾ ਨੂੰ ਸ੍ਵੀਕਾਰ ਕਰਨ ਨੂੰ ਤਿਆਰ ਨਹੀਂ ਹੋ ਜਾਂਦਾ, ਫਿਰ ਭੀ ਤੇਜਵਾਨ ਪੁਰਸ਼ ਦੇ ਅਗੇ ਉਸ ਨੂੰ ਸਿਰ ਝੁਕਾਣਾ ਹੀ ਪੈਂਦਾ ਹੈ*"। ਸ੍ਰੀ ਸਾਨਿਯਾਲ ਮੁਤਾਬਕ ਸ੍ਰੀ ਯੁਤ ਯਤੀਂਦ੍ਰ ਨਾਥ ਮੁਕਰ ਜੀ ਅਜੇਹੇ ਤੇਜਵਾਨ ਪੁਰਸ਼ ਸਨ, ਜਿਨ੍ਹਾਂ ਬੰਗਾਲੀ ਇਨਕਲਾਬੀਆਂ ਦੇ ਅੱਡ ਅੱਡ ਦੱਲਾਂ ਦਾ ਮੇਲ ਮਿਲਾਪ ਕਰਾਉਣ ਵਿਚ ਸ਼ਲਾਘਾ ਯੋਗ ਉੱਦਮ ਕੀਤਾ। ਕਿੰਤੂ ਸ੍ਰੀ ਯੁਤ ਯਤੀਂਦ੍ਰ ਨਾਥ ਮੁਕਰ ਜੀ ਦੇ ਉੱਦਮ ਤੋਂ ਵੀ ਵਧਕੇ "ਇਨ੍ਹਾਂ ਅੱਡ ਅੱਡ ਦੱਲਾਂ ਦਾ ਇਕ ਲੜੀ ਵਿਚ ਪ੍ਰੋਤੇ ਜਾਣਾ ਉਸੇ ਦਿਨ ਸੰਭਵ ਹੋ ਸਕਿਆ, ਜਿਸ ਦਿਨ ਪੰਜਾਬ ਵਿਚ ਗਦਰ ਹੋਣ ਦੀ ਤਿਆਰੀ ਦੇ ਸਮਾਚਾਰ ਤੋਂ ਇਕ ਨਵੇਂ ਕੰਮ ਦੀ ਪ੍ਰੇਰਨਾ ਨੇ ਉਨ੍ਹਾਂ ਸਾਰਿਆਂ ਨੂੰ ਉਤਾਵਲਾ ਕਰ ਦਿੱਤਾ ਸੀ*"। ਕਿਉਂਕਿ, "ਜਿਸ ਕਿਸੇ ਸਮੇਂ ਉੱਚੇ ਆਦੱਸ਼ ਅਥਵਾ ਚੰਗੇ ਕੰਮ ਦੀ ਪ੍ਰੇਰਨਾ ਨਾਲ ਮਨੁਖ ਜਾਗ ਪੈਂਦਾ ਹੈ ਤਾਂ ਉਸ ਸਮੇਂ ਇਹ ਸਾਰੇ ਤੁਛ ਆਦਮੀ ਦੇ ਖਿਆਲ ਅਰ ਸ੍ਵਾਰਥੀ ਅਹੰਕਾਰ ਫਿਰ ਸਿਰ ਨਹੀਂ ਉਠਾ ਸਕਦੇ†"। ਇਸ ਤਰ੍ਹਾਂ ਜਿਥੇ ਬੰਗਾਲੀ ਇਨਕਲਾਬੀਆਂ ਨੇ ਪੰਜਾਬੀ ਗਦਰੀਆਂ ਨੂੰ ਇਨਕਲਾਬੀ ਢੰਗਾਂ ਦੀ ਜਾਚ ਸਿਖਾਉਣ ਅਤੇ ਉਨ੍ਹਾਂ ਦੀਆਂ ਕਾਰਰਵਾਈਆਂ ਨੂੰ ਜਥੇਬੰਦ ਕਰਨ ਦਾ ਕੰਮ ਕੀਤਾ, ਉਥੇ ਪੰਜਾਬੀ ਗਦਰੀਆਂ ਦੀ ਮਿਸਾਲ ਨੇ ਬੰਗਾਲੀ ਇਨਕਲਾਬੀਆਂ ਨੂੰ ਫੌਜਾਂ ਦੀ ਮਦਦ ਨਾਲ ਕਰਨ ਯੋਗ ਇਕ ਨਵਾਂ ਇਨਕਲਾਬੀ ਰਾਹ ਵਿਖਾਇਆ, ਅਤੇ ਉਨ੍ਹਾਂ ਦੇ ਅੱਡ ਅੱਡ ਦਲਾਂ ਨੂੰ ਇਕ ਲੜੀ ਵਿਚ ਪ੍ਰੋਏ ਜਾਣ ਦੀ ਪ੍ਰੇਰਨਾ ਦਿੱਤੀ।

ਬੰਗਾਲ ਦੇ ਤਰਾਸਵਾਦੀ ਦੱਲ ਕਿਸ ਹੱਦ ਤਕ ਇਕ ਲੜੀ ਵਿਚ ਪ੍ਰੋਏ ਜਾ ਸਕੇ, ਜਾਂ ਉਨ੍ਹਾਂ ਵਿਚ ਨਵਾਂ ਪੈਦਾ ਹੋਇਆ ਇਹ ਸੰਘੱਠਨ ਕਿਤਨੀ ਦੇਰ ਕਾਇਮ ਰਿਹਾ, ਇਸ ਬਾਰੇ ਕਿਸੇ ਪੱਕੀ ਸ਼ਹਾਦਤ ਦੇ ਬਗੈਰ ਕਹਿਣਾ ਕਠਨ ਹੈ। ਪਰ ਇਹ ਗੱਲ ਸਰ ਮਾਈਕਲ ਓਡਵਾਇਰ ਵੀ ਦੱਸਦੇ ਹਨ ਕਿ ਗਦਰ ਪਾਰਟੀ ਲਹਿਰ ਨਾਲ ਸੰਬੰਧਤ ਗਦਰੀ ਤਿਆਰੀਆਂ ਦਾ ਪੰਜਾਬ ਤੋਂ ਹਿੰਦ ਦੇ ਐਨ ਦੂਸਰੇ ਸਿਰੇ ਢਾਕੇ ਵਿਚ ਕੁਝ ਬੰਗਾਲੀ ਇਨਕਲਾਬੀਆਂ ਨੂੰ ਪਤਾ ਸੀ‡।

ਬੰਗਾਲ ਤੋਂ ਇਲਾਵਾ ਪੰਜਾਬ ਤੋਂ ਬਾਹਰ ਯੂ. ਪੀ.

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੯੨।

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੯੩।
†ਬੰਦੀ ਜੀਵਨ, ਭਾਗ ਪਹਿਲਾ, ਪੰਨਾ ੯੨।
‡O'Dwyer, p. 202.



Digitized by Panjab Digital Library | www.panjabdigilib.org

ਦੇ ਕਈ ਠਾਕਰਾਂ ਦੇ ਪਿੰਡਾਂ ਵਿਚ* ਅਤੇ ਰਾਜਪੂਤਾਨੇ ਦੇ ਇਕ ਠਾਕਰ ਨਾਲ ਵੀ ਕੁਝ ਸੰਬੰਧ ਬਣਾਏ ਗਏ। ਮਨੀ ਲਾਲ ਤ੍ਰਿਵੇਦੀ ਦੀ ਡੀਊਟੀ ਮੁਲਤਾਨ ਛਾਉਣੀ ਵਿਚ ਕੰਮ ਕਰਨ ਦੀ ਲਾਈ ਗਈ ਸੀ, ਪਰ ਉਹ ਡਰ ਗਿਆ ਅਤੇ ਮੁਲਤਾਨ ਦੀ ਬਜਾਏ ਦਿੱਲੀ ਚਲਾ ਗਿਆ। ਦਿੱਲੀ ਤੋਂ ਸ੍ਰੀ ਬਾਲਕ੍ਰਿਸ਼ਨਾ ਨੇ ਤ੍ਰਿਵੇਦੀ ਨੂੰ ਰਾਜਪੂਤਾਨੇ ਵਿਚ ਕਰਵਾ ਨਾਮੀ ਕਸਬੇ ਦੇ ਰਾਏ ਸਾਹਿਬ ਠਾਕਰ ਗੋਪਾਲ ਸਿੰਘ ਪਾਸ ਭੇਜ ਦਿੱਤਾ। ਰਾਏ ਸਾਹਿਬ ਨੇ ਦੱਸਿਆ ਕਿ ਉਹ ਤਿੰਨ ਹਜ਼ਾਰ ਬੰਦੇ ਲਿਆ ਸਕਦੇ ਸਨ, ਪਰ ਉਨ੍ਹਾਂ ਨੂੰ ਹਥਿਆਰਬੰਦ ਕਰਨ ਲਈ ਹਥਿਆਰਾਂ ਅਤੇ ਮਾਇਆ ਦਾ ਪ੍ਰਬੰਧ ਕਰਨ ਵਾਸਤੇ ਵਧੇਰੇ ਵਕਤ ਚਾਹੀਦਾ ਸੀ†।

## ੲ. ਇਨਕਲਾਬੀ ਸਾਹਿਤ ਦੀ ਵਰਤੋਂ।

ਇਨਕਲਾਬੀ ਸਹਿਤ ਵਿਚ ਸਭ ਤੋਂ ਅਵਲ ਨੰਬਰ 'ਗਦਰ' ਅਖਬਾਰ ਦਾ ਸੀ, ਜਿਸ ਦੀ ਲਿਖਤ ਦੀ ਵਨਗੀ, ਅਤੇ ਅਮਰੀਕਾ ਕੈਨੇਡਾ ਅਤੇ ਧੁਰ ਪੂਰਬ ਦੇ ਹਿੰਦੀਆਂ ਵਿਚ ਇਨਕਲਾਬੀ ਖਿਆਲ ਪ੍ਰਚਾਰਨ ਵਿਚ ਜੋ ਇਸ ਨੇ ਕੰਮ ਕੀਤਾ, ਬਾਰੇ ਪਹਿਲਾਂ ਜ਼ਿਕਰ ਆ ਚੁਕਾ ਹੈ। 'ਗਦਰ ਦੀ ਗੂੰਜ' ਅਤੇ 'ਗਦਰ ਸੰਦੇਸਾ' (ਜਿਸ ਨੂੰ ਕਈ ਵੇਰ 'ਪੈਗਾਮ' ਵੀ ਸਦਿਆ ਗਿਆ) ਕਵਿਤਾਵਾਂ ਦੇ ਸੰਗ੍ਰਹਿ ਸਨ, ਜਿਨ੍ਹਾਂ ਵਿਚੋਂ ਬਹੁਤੀਆਂ ਕਵਿਤਾਵਾਂ 'ਗਦਰ' ਅਖਬਾਰ ਵਿਚ ਛਪ ਚੁਕੀਆਂ ਸਨ। ਇਹ ਕਵਿਤਾਵਾਂ ਇਕ ਤਰ੍ਹਾਂ 'ਗਦਰ' ਅਖਬਾਰ ਨਾਲੋਂ ਵੀ ਹਰ ਮਨ ਪਿਆਰੀਆਂ ਹੋ ਗਈਆਂ, ਕਿਉਂਕਿ ਕਵਿਤਾਵਾਂ ਹੋਣ ਕਰਕੇ ਇਨ੍ਹਾਂ ਵਿਚੋਂ ਚੋਣਵੇਂ ਟੋਟਕੇ ਜ਼ਬਾਨੀ ਯਾਦ ਕਰ ਲਏ ਗਏ ਅਤੇ ਫੈਲ ਗਏ। ਇਨ੍ਹਾਂ ਲਿਖਤਾਂ ਤੋਂ ਇਲਾਵਾ 'ਤਿਲਕ" 'ਨਾਦਿਰ ਮਸਜਦ', 'ਰਿਕਾਬ ਗੰਜ, ਕੈਨੇਡਾ ਦਾ ਦੁਖੜਾ' ਆਦਿ, ਪੈਂਫਲਿਟ ਤੇ ਵਰਕੀਆਂ (Leaflets) ਵੀ ਛਾਪੀਆਂ ਗਈਆਂ। ਗਦਰ ਸ਼ੁਰੂ ਹੋਣ ਸਮੇਂ ਵੰਡਣ ਵਾਸਤੇ 'ਐਲਾਨੇ ਜੰਗ' ਤਿਆਰ ਕੀਤਾ ਗਿਆ। ਪਹਿਲੇ ਮੁਕੱਦਮੇਂ ਦੇ ਫੈਸਲੇ ਵਿਚ ਭਾਈ ਪਰਮਾਨੰਦ ਦੀ ਲਿਖੀ 'ਤਾਰੀਖ਼ ਹਿੰਦ' ਨੂੰ ਵੀ ਗਦਰੀ ਇਨਕਲਾਬੀਆਂ ਦੀਆਂ ਸਾਹਿਤਕ ਕਾਰਰਵਾਈਆਂ ਨਾਲ ਜੋੜਨ ਦੀ ਕੋਸ਼ਸ਼ ਕੀਤੀ ਹੈ, ਪਰ ਇਹ ਸੰਬੰਧ ਖਿਚ ਖਿਚਾਕੇ ਕਾਇਮ ਕੀਤਾ ਗਿਆ ਜਾਪਦਾ ਹੈ।

ਇਨਕਲਾਬੀ ਸਾਹਿਤ ਨੂੰ ਹਿੰਦ ਵਿਚ ਵੰਡਣਾ ਗਦਰ ਪਾਰਟੀ ਦੇ ਪ੍ਰੋਗਰਾਮ ਦਾ ਇਕ ਵਡਾ ਹਿੱਸਾ ਸੀ। ਖ਼ੁਦ ਗਦਰ ਅਖਬਾਰ ਲਿਖਦਾ ਹੈ ਕਿ, "ਸਾਨੂੰ ਲਖਾਂ ਦੀ ਗਿਣਤੀ ਵਿਚ 'ਗਦਰ' ਆਪਣੇ ਦੇਸ ਭੇਜਣਾ ਚਾਹੀਦਾ ਹੈ। ਅਸੀਂ ਅਖਬਾਰ ਅਤੇ ਕਤਾਬਾਂ ਛਾਪ ਕੇ ਹਿੰਦ ਭੇਜਾਂਗੇ"। ਪਰ ਹਿੰਦ ਸਰਕਾਰ ਦੇ ਜਲਦੀ ਚੌਕਸ ਹੋ ਜਾਣ ਕਰਕੇ, ਗਦਰ ਅਖਬਾਰ ਅਤੇ ਹੋਰ ਗਦਰੀ ਸਾਹਿਤ ਹਿੰਦ ਭੇਜਣ ਜਾਂ ਲਿਆਉਣ ਵਿਚ ਉਹ ਕਾਮਯਾਬੀ ਨਾ ਹੋਈ ਜੋ ਹਿੰਦ ਤੋਂ ਬਾਹਰਲੇ ਦੇਸਾਂ, ਖਾਸ ਕਰ ਧੁਰ ਪੂਰਬ, ਵਿਚ ਹੋਈ।

"ਇਸ ਵਿਚ ਸ਼ੱਕ ਨਹੀਂ ਕਿ ਗਦਰੀ ਇਨਕਲਾਬੀਆਂ ਦੀ ਹਿੰਦ ਵਿਚ ਆਪਣਾ ਪ੍ਰੈਸ ਲਾਉਣ ਦੀ ਮਨਸ਼ਾ ਸੀ। ਰਸਤੇ ਵਿਚ ਆਉਂਦਿਆਂ ਰੰਗੂਨ ਪ੍ਰੈਸ ਲਾਉਣ ਦੀ ਤਜਵੀਜ਼ ਕੀਤੀ ਗਈ, ਤਾਕਿ 'ਗਦਰ' ਨੂੰ ਅੰਗਰੇਜ਼ੀ, ਉਰਦੂ, ਗੁਰਮੁਖੀ ਅਤੇ ਹਿੰਦੀ ਵਿਚ ਛਾਪਕੇ ਦੇਸੀ ਫੌਜਾਂ, ਸ਼ਹਿਰਾਂ ਅਤੇ ਪਿੰਡਾਂ ਵਿਚ ਵੰਡਿਆ ਜਾਏ। ਅਤੇ ਜਿਉਂ ਹੀ ਇਸ ਦੀ ਇਸ਼ਾਇਤ ਵਧ ਜਾਏ, ਅਤੇ ਲੋਕਾਂ ਦੇ ਮਨ ਸਰਕਾਰ ਦੇ ਬਰਖਲਾਫ ਹੋ ਜਾਣ, ਫਸਾਦ ਅਤੇ ਬਗਾਵਤ ਸਾਰੇ ਹਿੰਦ ਵਿਚ ਸ਼ੁਰੂ ਕੀਤੀ ਜਾਏ"। "ਜੋ 'ਗਦਰ' ਨੇ ਅਮਰੀਕਾ ਵਿਚ ਲੋਕਾਂ ਨੂੰ ਉਕਸਾਉਣ ਵਿਚ ਕਾਮਯਾਬੀ ਹਾਸਲ ਕੀਤੀ ਸੀ, ਉਸ ਦੀ ਮਿਸਾਲ ਦੀ ਪ੍ਰੇਰਨਾ ਇਹ ਤਰੀਕਾਕਾਰ ਅਖਤਿਆਰ ਕਰਨ ਵਾਸਤੇ ਕਾਫੀ ਸੀ"।

ਗਦਰੀਆਂ ਦਾ ਖਿਆਲ ਸੀ ਕਿ ਜਿਉਂ ਹੀ ਡਾਕਿਆਂ ਰਾਹੀਂ ਮਾਇਆ ਅਕੱਠੀ ਹੋ ਜਾਏ, ਇਕ ਪ੍ਰੈਸ ਲਾਇਆ ਜਾਏ; ਅਤੇ ਸ੍ਰੀ ਰਾਸ਼ ਬਿਹਾਰੀ ਬੋਸ ਦੇ ਅੰਮ੍ਰਿਤਸਰ ਤੋਂ ਲਾਹੌਰ ਹੈਡਕਵਾਟਰ ਬਦਲਣ ਦਾ ਇਕ ਮਕਸਦ ਇਹ ਸੀ ਕਿ ਲਾਹੌਰ ਸ਼ਾਇਦ ਪ੍ਰੈਸ ਲਗਾ ਸਕਣ। ਪਰ ਪ੍ਰੈਸ ਦੀ ਤਜਵੀਜ਼ ਨੂੰ ਅਮਲੀ ਜਾਮਾ ਨਾ ਪਹਿਨਾਇਆ ਜਾ ਸਕਿਆ, ਜਿਸ ਦਾ ਵੱਡਾ ਕਾਰਨ ਮਾਇਆ ਦੀ ਥੁੜ ਸੀ। ਪ੍ਰੈਸ ਦੀ ਬਜਾਏ ਕੇਵਲ ਛੇ ਦੇ ਕਰੀਬ ਹੱਥ ਨਾਲ ਛਾਪਣ ਵਾਲੇ ਡੁਪਲੀਕੇਟਰ ਖ੍ਰੀਦੇ ਗਏ, ਜਿਸ ਨਾਲ 'ਗਦਰ ਸੰਦੇਸਾ" ਅਤੇ 'ਐਲਾਨੇ ਜੰਗ' ਆਦਿ ਗਦਰੀ ਸਾਹਿਤ ਛਾਪਿਆ ਗਿਆ।

ਡੁਪਲੀਕੇਟਰ ਲੈਣ ਤੋਂ ਪਹਿਲੋਂ ਲੁਧਿਹਾਣੇ ਦੇ ਵਿਦਿਆਰਥੀ ਸੁਚਾ ਸਿੰਘ ਅਤੇ ਕਿਰਪਾਲ ਸਿੰਘ ਹੱਥ ਨਾਲ 'ਗਦਰ ਸੰਦੇਸਾ' ਅਤੇ 'ਗਦਰ ਦੀ ਗੂੰਜ' ਲਿਖਦੇ ਰਹੇ। ਡੁਪਲੀਕੇਟਰਾਂ ਨਾਲ ਗਦਰੀ ਸਾਹਿਤ ਛਾਪਣ ਦਾ ਕੰਮ ਵੀ ਬਹੁਤਾ ਲੁਧਿਹਾਣੇ ਦੇ ਵਿਦਿਆਰਥੀ ਸੁਚਾ ਸਿੰਘ, ਪੂਰਨ ਸਿੰਘ, ਸਜਣ ਸਿੰਘ, ਜੈਮਲ ਸਿੰਘ ਅਤੇ ਸੁਰਤੀ ਸਿੰਘ ਆਦਿ ਕਰਦੇ ਰਹੇ।

ਹੱਥ ਰਾਹੀਂ ਲਿਖਿਆ ਅਤੇ ਡੁਪਲੀਕੇਟਰਾਂ ਦੁਆਰਾ ਛਾਪਿਆ ਗਦਰੀ ਸਾਹਿਤ ਦੂਰ ਦੂਰ ਵੰਡਿਆ ਗਿਆ। ਅੰਬਾਲਾ, ਮੇਰਠ, ਫੈਜ਼ਾਬਾਦ, ਫੀਰੋਜ਼ਪੁਰ, ਮੀਆਂਮੀਰ, ਜੇਹਲਮ ਅਤੇ ਫਰੰਟੀਅਰ ਦੀਆਂ ਛਾਵਣੀਆਂ, ਅਤੇ ਲੁਧਿਹਾਣਾ, ਠੀਕਰੀ ਵਾਲਾ, ਲੋਹਟ ਬਡੀ, ਢੁਡੀ ਕੇ, ਅਤੇ ਦਦੇਹਰ ਆਦਿ ਸ਼ਹਿਰਾਂ ਤੇ ਪਿੰਡਾਂ ਵਿਚ ਗਦਰੀ ਸਾਹਿਤ ਵੰਡੇ ਜਾਣ ਦੀ ਸ਼ਹਾਦਤ ਪਹਿਲੇ ਅਤੇ ਦੂਸਰੇ ਮੁਕੱਦਮਿਆਂ ਵਿਚ ਮਿਲਦੀ ਹੈ। ਦੂਸਰੇ ਮੁਕੱਦਮੇਂ ਦੇ ਫੈਸਲੇ ਵਿਚ ਜੱਜ ਲਿਖਦੇ ਹਨ ਕਿ "ਸਾਨੂੰ ਪੂਰਨ ਤਸੱਲੀ ਹੈ ਕਿ ਗਦਰ ਅਖਬਾਰ ਅਤੇ ਇਸ ਦੀ ਪੈਦਾਇਸ਼ ਹਰ ਇਕ ਐਸੀ ਥਾਂ, ਖਾਸ ਕਰ ਫੌਜਾਂ ਵਿਚ, ਵੰਡੀ ਗਈ, ਜਿਥੇ ਇਨਕਲਾਬੀਆਂ ਨੂੰ ਸਾਥੀ ਹਾਸਲ ਕਰਨ ਦੀ ਆਸ ਸੀ; ਅਤੇ ਇਸ ਦੀਆਂ ਗਿਣ ਮਿਥਕੇ ਬਿਆਨ ਕੀਤੀਆਂ ਗਲਤ ਫੈਹਮੀਆਂ ਅਤੇ ਉਕਸਾਹਟਾਂ ਬਹੁਤ ਆਦਮੀਆਂ ਨੂੰ ਗੈਰ-ਵਫ਼ਾਦਾਰ ਬਨਾਉਣ ਦਾ ਕਾਰਨ ਬਣੀਆਂ"।

## (ਸ.) ਹਥਿਆਰ ਅਕੱਠੇ ਕਰਨੇ ਅਤੇ ਬੰਬ ਬਨਾਉਣੇ।

"ਭਾਵੇਂ ਇਸ ਬਲਵੇ ਦਾ ਬਾਹਲਾ ਸੰਬੰਧ ਪੰਜਾਬੀ ਫੌਜੀਆਂ ਦੇ ਦਲ ਨਾਲ ਸੀ ਪਰ ਫਿਰ ਵੀ ਹਰ ਕੰਮ ਕਰਨ ਵਾਲੇ ਨੂੰ ਆਪਣੇ ਆਪ ਦੀ ਰਖਯਾ ਲਈ ਸ਼ਸਤ੍ਰ ਰਖਣ ਦੀ ਇਛਿਆ ਅਨੁਸਾਰ ਪਸਤੌਲਾਂ ਆਦਿ ਦੀ ਲੋੜ ਪੈਂਦੀ ਹੈ*"। ਇਸ ਤੋਂ ਇਲਾਵਾ ਗਦਰੀ ਇਨਕਲਾਬੀਆਂ ਪਾਸ ਆਪਣੇ ਮਾਮੂਲੀ ਜ਼ਾਤੀ ਖਰਚਾਂ, ਸਫਰ ਵਾਸਤੇ, ਅਤੇ ਪ੍ਰੈਸ ਆਦਿ ਜ਼ਰੂਰੀ ਕਾਰਜਾਂ ਵਾਸਤੇ ਮਾਇਆ ਵੀ ਨਹੀਂ ਸੀ। ਦੇਸ ਵਿਚ ਚੰਦਾ ਉਨ੍ਹਾਂ ਨੂੰ ਕੋਈ ਦਿੰਦਾ ਨਹੀਂ ਸੀ। ਇਸ ਵਾਸਤੇ ਇਸ ਮਾਇਆ ਦੀ ਥੁੜ ਨੂੰ ਪੂਰਾ ਕਰਨ ਵਾਸਤੇ ਉਨ੍ਹਾਂ ਨੂੰ ਸਰਕਾਰੀ ਖਜ਼ਾਨੇ ਲੁਟਣ ਅਤੇ ਡਾਕੇ ਮਾਰਨ ਦਾ ਰਾਹ ਹੀ ਦਿਸਿਆ, ਜਿਸ ਵਾਸਤੇ ਥੋੜੇ ਬਹੁਤੇ ਹਥਿਆਰਾਂ ਅਤੇ ਬੰਬਾਂ ਦੀ ਲੋੜ ਪਈ।

ਹਥਿਆਰ ਲੈਣ ਵਾਸਤੇ ਗਦਰੀ ਇਨਕਲਾਬੀਆਂ ਨੇ

---

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੧੧੦।

†Isemonger and Slattery, p. 112.

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੨੭.



Digitized by Panjab Digital Library | www.panjabdigilib.org

ਮੁਖ ਯਤਨ ਅਮਰੀਕਾ ਤੇ ਕੈਨੇਡਾ ਵਿਚ,ਅਮਰੀਕਾ ਤੋਂ ਦੇਸ ਆਉਂਦਿਆਂ ਰਾਹ ਵਿਚ, ਅਤੇ ਦੇਸ ਆਕੇ ਬੰਗਾਲੀ ਇਨਕਲਾਬੀਆਂ ਰਾਹੀਂ ਕੀਤੇ। ਇਹ ਸਾਰੇ ਯਤਨ ਫੇਲ ਹੋਣ ਉਤੇ ਠਾਣਿਆਂ ਅਤੇ ਸਰਕਾਰੀ ਚੌਕੀਆਂ ਉਤੇ ਛਾਪਾ ਮਾਰਨ ਦੀਆਂ ਕੋਸ਼ਸ਼ਾਂ ਕੀਤੀਆਂ।

ਸ਼੍ਰੀ ਸੋਹਣ ਸਿੰਘ 'ਭਕਨਾ' ਨੇ ੧੦੦ ਪਸਤੌਲ 'ਕੋਮਾ ਗਾਟਾ ਮਾਰੂ' ਜਹਾਜ਼ ਦੇ ਲੀਡਰ ਸ਼੍ਰੀ ਗੁਰਦਿਤ ਸਿੰਘ ਨੂੰ ਯੋਕੋਹਾਮਾ ਪੁਚਾਏ। ਸ਼੍ਰੀ ਨੰਦ ਸਿੰਘ ਵਿਕਟੋਰੀਆ ਤੋਂ ੪ ਪਸਤੌਲ, ਅਤੇ ਸ਼੍ਰੀ ਗੋਪਾਲ ਸਿੰਘ ੧ ਪਸਤੌਲ ਕੋਬੇ ਤੋਂ ਲਿਆਏ। ਸ਼੍ਰੀ ਅਮਰ ਸਿੰਘ 'ਜੱਟ' ਅਤੇ ਸ਼੍ਰੀ ਰਾਮ ਰੱਖਾ ਹਥਿਆਰ ਲੈਣ ਵਾਸਤੇ ਪਿਛੇ ਯੋਕੋਹਾਮਾ (ਜਾਪਾਨ) ਉਤਾਰ ਦਿਤੇ ਗਏ। ਇਸੇ ਮਤਲਬ ਵਾਸਤੇ ਸ਼੍ਰੀ ਇੰਦਰ ਸਿੰਘ (ਸੁਰਸਿੰਗ), ਸ਼੍ਰੀ ਨਿਧਾਨ ਸਿੰਘ 'ਚੁਘਾ', ਅਤੇ ਸ਼੍ਰੀ ਪਿਆਰਾ ਸਿੰਘ 'ਲੰਗੇਰੀ', ਸ਼ੰਘਾਈ ਜਾਣ ਵਾਸਤੇ ਨਾਗਾਸਾਕੀ ਬੰਦਰਗਾਹ (ਜਾਪਾਨ) ਉਤੇ ਉਤਾਰ ਦਿਤੇ ਗਏ। ਮੂਲਾ ਸਿੰਘ ਨੇ ਸ਼੍ਰੀ ਕਰਮ ਚੰਦ ਰਾਹੀਂ ਉਸ ਦੇ ਇਕ ਜਰਮਨ ਦੋਸਤ ਤੋਂ ਸ਼ੰਘਾਈ ੬ ਪਸਤੌਲ ਅਤੇ ੬੦੦ ਕਾਰਤੂਸ ਪ੍ਰਾਪਤ ਕੀਤੇ, ਜੋ ਸ਼੍ਰੀ ਨਿਧਾਨ ਸਿੰਘ 'ਚੁਘਾ' ਨੂੰ ਦਿੱਤੇ ਗਏ। 'ਪੰਡਤ' ਕਾਂਸ਼ੀ ਰਾਮ (ਜਿਨ੍ਹਾਂ ਨੂੰ ਫੀਰੋਜ਼ ਸ਼ਹਿਰ ਹਾਦਸੇ ਦੇ ਸਿਲਸਿਲੇ ਵਿਚ ਫਾਂਸੀ ਦੀ ਸਜ਼ਾ ਹੋਈ) ਨਾਲ ਫਾਂਸੀ ਲੱਗਣ ਤੋਂ ਪਹਿਲੋਂ ਉਨ੍ਹਾਂ ਦੇ ਪਿਤਾ ਨੇ ਮੁਲਾਕਾਤ ਕੀਤੀ, ਜਿਸ ਵਿਚ ਉਨ੍ਹਾਂ ਨੇ ਆਪਣੇ ਪਿਤਾ ਨੂੰ ਦੱਸਿਆ ਕਿ ਅਮਰੀਕਾ ਤੋਂ ਉਨ੍ਹਾਂ ਵਾਸਤੇ ਕੁਝ ਚੀਜ਼ਾਂ ਆਉਣੀਆਂ ਹਨ, ਜਿਨ੍ਹਾਂ ਦਾ ਧਿਆਨ ਰੱਖਿਆ ਜਾਵੇ। ੨੭ ਮਾਰਚ ਨੂੰ 'ਕਵਾਸ਼ੂ ਮਾਰੂ' ਜਹਾਜ਼ ਉੱਤੇ ਕਲਕੱਤੇ ਇਕ ਬਕਸ ਆਇਆ, ਜਿਸ ਉਤੇ K. R. M. ਅਤੇ K. Ram ਦੇ ਨਿਸ਼ਾਨ ਸਨ। ਪੁਲਸ ਨੇ ਇਨ੍ਹਾਂ ਬਕਸਾਂ ਨੂੰ ਖੋਲ੍ਹਿਆ, ਜਿਨ੍ਹਾਂ ਵਿਚੋਂ ਦੋ ਰਾਈਫਲਾਂ, ਇਕ ਰੀਵਾਲਵਰ, ੯੦੦ ਬੰਦੂਕ ਦੀਆਂ ਗੋਲੀਆਂ, ਅਤੇ ੩੫੦ ਰੀਵਾਲਵਰ ਦੀਆਂ ਗੋਲੀਆਂ ਨਿਕਲੀਆਂ।

ਕਿਉਂਕਿ ਹਾਂਗ ਕਾਂਗ ਤਲਾਸ਼ੀ ਹੁੰਦੀ ਸੀ, ਇਸ ਵਾਸਤੇ 'ਪੰਡਤ' ਜਗਤ ਰਾਮ, ਸ਼੍ਰੀ ਜਵਾਲਾ ਸਿੰਘ ਅਤੇ ਸ਼੍ਰੀ ਕੇਸਰ ਸਿੰਘ ਦੇ ਹੁਕਮ ਅਨੁਸਾਰ 'ਤੋਸ਼ਾ ਮਾਰੂ' ਦੇ ਸਭ ਗਦਰੀ ਇਨਕਲਾਬੀਆਂ ਨੇ ਆਪਣੇ ਹਥਿਆਰ ਉਨ੍ਹਾਂ ਦੇ ਹਵਾਲੇ ਕਰ ਦਿੱਤੇ ਸਨ। 'ਪੰਡਤ' ਜਗਤ ਰਾਮ ਨੇ ਕਲਕੱਤੇ ਇਹ ਰੀਵਾਲਵਰ ਦੱਸ ਬਚਾਕੇ ਲਿਆਉਣ ਦੀ ਕੋਸ਼ਸ਼ ਕੀਤੀ, ਪਰ ਇਕੋ ਲਿਆ ਸਕੇ; ਅਤੇ 'ਤੋਸ਼ਾ ਮਾਰੂ' ਦੇ ਇਕ ਜਹਾਜ਼ੀ ਸ਼੍ਰੀ ਭਗਵਾਨ ਸਿੰਘ ਵੀ ਇਕ ਪਸਤੌਲ ਨਾਲ ਲਿਆਉਣ ਵਿਚ ਕਾਮਯਾਬ ਹੋ ਗਏ। ਇਸ ਤਰ੍ਹਾਂ "ਅਮਰੀਕਾ ਤੋਂ ਜਦੋਂ ਇਹ ਲੋਕ ਦੇਸ਼ ਵਿਚ ਵਾਪਸ ਆਏ, ਤਾਂ ਕਈ ਥਾਵਾਂ ਤੋਂ ਕੁਝ ਪਸਤੌਲ ਆਦਿ ਲੈ ਆਏ ਸਨ। ਅੰਗਰੇਜ਼ਾਂ ਦੀ ਕਰੜੀ ਨਿਗਰਾਨੀ ਰਹਿਣ ਪੁਰ ਭੀ ਇਹ ਪਸਤੌਲ ਦੇਸ਼ ਵਿਚ ਪਹੁੰਚ ਗਏ ਸਨ। ਬਾਲਟੀ ਦੇ ਥੱਲੇ ਪੁਰ ਲਕੜੀ ਯਾ ਟੀਨ ਦੀ ਪਟੜੀ ਲਾਕੇ ਉਸ ਦੇ ਵਿਚ ਛੁਪਾਕੇ ਪਸਤੌਲ ਆਦਿ ਲਿਆਂਦੇ ਗਏ ਸਨ, ਕਿੰਤੂ ਕੁਝ ਦਿਨਾਂ ਪਿਛੋਂ ਇਹ ਤਰਕੀਬ ਜ਼ਾਹਰ ਹੋ ਗਈ। ਕਦੇ ਕਦੇ ਇਹ ਭੀ ਹੁੰਦਾ ਸੀ ਕਿ ਭਾਰਤ ਦੇ ਬੰਦਰਗਾਹ ਤੇ ਪਹੁੰਚਣ ਤੋਂ ਥੋੜਾ ਜਿਹਾ ਪਹਿਲਾਂ ਇਹ ਹਥਿਆਰ ਖਲਾਸੀਆਂ ਦੇ ਸਪੁਰਦ ਕਰਕੇ ਮੁਸਾਫਰ ਚਲੇ ਆਉਂਦੇ ਸਨ ਅਰ ਫਿਰ ਵੇਹਲੇ ਵਕਤ ਉਨ੍ਹਾਂ ਪਾਸੋਂ ਲੈ ਲਏ ਜਾਂਦੇ ਸਨ। ਇਸ ਤ੍ਰੀਕੇ ਨਾਲ ਇਨ੍ਹਾਂ ਲੋਕਾਂ ਦੇ ਹੱਥ ਕੁਝ ਕੁ ਪਸਤੌਲ ਆ ਗਏ ਸਨ। ਕਿੰਤੂ ਅੱਜੇ ਹਥਿਆਰਾਂ ਦੀ ਬਹੁਤ ਲੋੜ ਸੀ*"।

ਹਥਿਆਰਾਂ ਦੀ ਥੁੜ ਨੂੰ ਪੂਰਾ ਕਰਨ ਵਾਸਤੇ ਗਦਰੀਆਂ ਨੇ ਪਹਿਲਾਂ ਬੰਗਾਲ ਅਤੇ ਸਰਹੱਦੀ ਸੂਬੇ ਵੱਲ ਧਿਆਨ ਦਿੱਤਾ। ਸ਼੍ਰੀ ਕਰਤਾਰ ਸਿੰਘ 'ਸਰਾਭਾ' ਅਤੇ ਸ਼੍ਰੀ ਪਰਮਾ ਨੰਦ (ਯੂ. ਪੀ. ਵਾਲੇ) ਕਲਕੱਤੇ ਅਤੇ ਬਨਾਰਸ ਹਥਿਆਰ ਲੈਣ ਗਏ, ਪਰ ਕਾਮਯਾਬ ਨਾ ਹੋਏ। 'ਪੰਡਤ' ਜਗਤ ਰਾਮ ਹਥਿਆਰ ਲੈਣ ਪਸ਼ਾਵਰ ਗਏ, ਜਿਥੇ ਉਹ ਫੜੇ ਗਏ। ਸ਼੍ਰੀ ਸਾਨਿਯਾਲ ਨੇ ਸ਼੍ਰੀ ਕਰਤਾਰ ਸਿੰਘ 'ਸਰਾਭਾ' ਨੂੰ ਜਲੰਧਰ ਮੀਟਿੰਗ ਵਿਚ ਸਾਫ ਦੱਸ ਦਿਤਾ ਸੀ ਕਿ ਬੰਗਾਲ ਵਿਚੋਂ ਬਹੁਤੇ ਹਥਿਆਰ ਮਿਲਣ ਦੀ ਆਸ ਨਹੀਂ ਰਖਣੀ ਚਾਹੀਦੀ। ਸ਼੍ਰੀ ਸਾਨਿਯਾਲ ਦੀ ਰਾਏ ਬਿਲਕੁਲ ਠੀਕ ਸੀ, ਕਿਉਂਕਿ ਬੰਗਾਲ ਵਿਚ ਹਥਿਆਰਾਂ ਦੀ ਇਤਨੀ ਕਿਲੱਤ ਸੀ ਕਿ ਉਥੋਂ ਦੇ ਇਨਕਲਾਬੀ ਦੱਲ ਇਕ ਦੂਜੇ ਦੇ ਹਥਿਆਰ ਚੁਰਾਉਣ ਦੀ ਕੋਸ਼ਸ਼ ਕਰਨੋਂ ਵੀ ਸੰਕੋਚ ਨਾ ਕਰਦੇ*। ਸ਼੍ਰੀ ਨਿਧਾਨ ਸਿੰਘ ਨੇ ਨਵੰਬਰ ਵਿਚ ਸ਼੍ਰੀ ਰੋਡਾ ਸਿੰਘ ਨੂੰ ਮਹਿਨੇ ਸਟੇਸ਼ਨ ਉਤੇ ਬੰਗਾਲ ਤੋਂ ਹਥਿਆਰਾਂ ਦੀ ਇਕ ਆਉਣ ਵਾਲੀ ਬਿਲਟੀ ਲੈਣ ਵਾਸਤੇ ਭੇਜਿਆ, ਪਰ ਇਹ ਨਾ ਪੁਜੀ। ਸ਼੍ਰੀ ਸਾਨਿਯਾਲ ਨੇ ਸ਼੍ਰੀ ਕਰਤਾਰ ਸਿੰਘ 'ਸਰਾਭਾ' ਨੂੰ ਜਲੰਧਰ ਕੁਝ ਪਸਤੌਲ ਦਿਤੇ,† ਅਤੇ ਸ਼੍ਰੀ ਰਾਸ਼ ਬਿਹਾਰੀ ਬੋਸ ਅਤੇ ਉਨ੍ਹਾਂ ਦੇ ਸਾਥੀ ਅੰਮ੍ਰਿਤਸਰ ਆਉਣ ਸਮੇਂ ੪ ਰੀਵਾਲਵਰ ਅਤੇ ਕੁਝ ਗੋਲੀਆਂ ਨਾਲ ਲਈ ਆਏ। ਇਸ ਤੋਂ ਬਿਨਾਂ ਬੰਗਾਲ ਵਿਚੋਂ ਬਹੁਤੇ ਹਥਿਆਰ ਆਉਣ ਦੀ ਸ਼ਹਾਦਤ ਨਹੀਂ ਮਿਲਦੀ।

ਬੰਗਾਲ ਤੋਂ ਹਥਿਆਰ ਮਿਲਣ ਦੀ ਆਸ ਟੁਟ ਜਾਣ ਉਤੇ ਗਦਰੀ ਇਨਕਲਾਬੀਆਂ ਨੇ ਪੰਜਾਬ ਵਿਚੋਂ ਆਪਣੇ ਯਤਨਾਂ ਨਾਲ ਹਥਿਆਰ ਅਕੱਠੇ ਕਰਨ ਦੀ ਕੋਸ਼ਸ਼ ਕੀਤੀ। ੧੭ ਨਵੰਬਰ ਨੂੰ ਲਾਡੋਵਾਲ ਮੀਟਿੰਗ ਵਿਚ 'ਪੰਡਤ' ਜਗਤ ਰਾਮ ਨੇ ਤਜਵੀਜ਼ ਕੀਤੀ ਕਿ ਕਿਉਂਕਿ ਅਮਰੀਕਾ ਤੋਂ ਹਥਿਆਰ ਨਹੀਂ ਆਏ, ਇਸ ਵਾਸਤੇ ਇਹ ਠਾਣਿਆਂ ਉਤੇ ਹੱਲੇ ਕਰਕੇ ਪ੍ਰਾਪਤ ਕੀਤੇ ਜਾਣ। ੪ ਦਸੰਬਰ ਨੂੰ ਸ਼੍ਰੀ ਕਰਤਾਰ ਸਿੰਘ 'ਸਰਾਭਾ' ਨੇ ਇਹੋ ਤਜਵੀਜ਼ ਕੀਤੀ। ਪਰ ਕਿਸੇ ਠਾਣੇ ਉਤੇ ਹੱਲਾ ਨਾ ਕੀਤਾ ਗਿਆ, ਜਿਸ ਦੀ ਵਡੀ ਵਜਹ ਓਹੋ ਬੇਹਥਿਆਰੇ ਹੋਣਾ ਸੀ, ਜਿਸ ਕਾਰਨ ਝਾੜ ਸਾਹਿਬ ਦਾ ਅਕੱਠ ਸਰਹਾਲੀ ਠਾਣੇ ਉਤੇ ਹੱਲਾ ਨਾ ਕਰ ਸਕਿਆ। ਇਸੇ ਕਾਰਨ ਝਹੇੜੂ ਅਤੇ ਦੋਰਾਹਾ ਰੇਲਵੇ ਦੇ ਪੁਲਾਂ ਦੀਆਂ ਚੌਂਕੀਆਂ ਉਤੇ ਹੱਲੇ ਦੀਆਂ ਤਜਵੀਜ਼ਾਂ ਰਹਿ ਗਈਆਂ। ਠਾਣਿਆਂ ਅਤੇ ਰੇਲਵੇ ਦੇ ਪੁਲਾਂ ਦੀਆਂ ਚੌਕੀਆਂ ਤੋਂ ਇਲਾਵਾ, ਗਦਰੀ ਇਨਕਲਾਬੀਆਂ ਦੀਆਂ ਰਿਆਸਤਾਂ ਅਤੇ ਹੋਰ ਵਸੀਲਿਆਂ ਤੋਂ ਹਥਿਆਰ ਲੈਣ ਦੀਆਂ ਇਕੜ ਦੁਕੜ ਕੋਸ਼ਸ਼ਾਂ ਵੀ ਬਹੁਤ ਕਾਰਗਰ ਸਾਬਤ ਨਾ ਹੋਈਆਂ।

ਬੰਬ ਬਨਾਉਣ ਵੱਲ ਇਨਕਲਾਬੀਆਂ ਦਾ ਕੁਝ ਧਿਆਨ ਅਮਰੀਕਾ ਅਥਵਾ ਧੁਰ ਪੂਰਬ ਵਿਚ ਹੀ ਹੋ ਗਿਆ ਜਾਪਦਾ ਹੈ। ਪਹਿਲੇ ਮੁਕੱਦਮੇ ਦੇ ਫੈਸਲੇ ਵਿਚ ਜ਼ਿਕਰ ਆਉਂਦਾ ਹੈ ਕਿ ਅਮਰ ਸਿੰਘ (ਰਾਜਪੂਤ), ਸ਼੍ਰੀ ਪਿਰਥੀ ਸਿੰਘ, 'ਪੰਡਤ' ਜਗਤ ਰਾਮ ਅਤੇ ਸ਼੍ਰੀ ਹਰਨਾਮ ਸਿੰਘ 'ਟੁੰਡੀ ਲਾਟ', ਸ਼੍ਰੀ ਜਵਾਲਾ ਸਿੰਘ ਦੀ ਫਾਰਮ ਉਤੇ ਬੰਬ ਬਨਾਉਣ ਦੇ ਤਜੱਰਬੇ ਕਰਦੇ ਰਹੇ, ਜਿਸ ਕਾਰਨ ਸ਼੍ਰੀ ਹਰਨਾਮ ਸਿੰਘ ਦੀ ਬਾਂਹ ਉਡ ਗਈ (ਇਸੇ ਵਜ੍ਹਾ ਉਨ੍ਹਾਂ ਦੀ ਅੱਲ 'ਟੁੰਡੀ ਲਾਟ' ਹੈ)। ਸ਼੍ਰੀ ਊਧਮ ਸਿੰਘ (ਕਸੇਲ) ਕੈਨੇਡਾ ਤੋਂ ਯੁਗੰਤਰ ਆਸ਼ਰਮ ਬੰਬ ਬਨਾਉਣੇ ਸਿੱਖਣ ਆਏ। ਹਿੰਦ ਵਿਚ ਬੰਬ ਬਨਾਉਣ ਬਾਰੇ ਪਹਿਲੀ ਵੀਚਾਰ ਲਾਡੋਵਾਲ ੧੭ ਨਵੰਬਰ ਨੂੰ ਹੋਈ ਮੀਟਿੰਗ ਵਿਚ ਕੀਤੀ ਗਈ, ਪਰ ਇਸ ਬੰਨੇ ਅਮਲੀ ਕਦਮ ਦਸੰਬਰ ਦੇ ਅੰਤ ਵਿਚ ਚੁਕਿਆ ਗਿਆ।

---

*ਬੰਦੀ ਜੀਵਨ, ਭਾਗ ਪਹਿਲਾ, ਪੰਨੇ ੩੮–੩੯.

*Rowlatt Report, p. 92.
†ਬੰਦੀ ਜੀਵਨ, ਭਾਗ ਪਹਿਲਾ, ਪੰਨਾ ੩੯.



Digitized by Panjab Digital Library | www.panjabdigilib.org

ਬੰਬ ਬਨਾਉਣ ਵਲ ਵਧੇਰੇ ਧਿਆਨ ਉਸ ਵੇਲੇ ਦਿੱਤਾ ਗਿਆ ਜਾਪਦਾ ਹੈ, ਜਦ ਹਥਿਆਰ ਪ੍ਰਾਪਤ ਕਰਨ ਵਲੋਂ ਮਾਯੂਸੀ ਬਹੁਤ ਵੱਧ ਗਈ।

੩੧ ਦਸੰਬਰ, ੧੯੧੪, ਨੂੰ ਸ਼੍ਰੀ ਪਿੰਗਲੇ, ਸ਼੍ਰੀ ਨਿਧਾਨ ਸਿੰਘ 'ਚੁਘਾ', ਸ਼੍ਰੀ ਕਰਤਾਰ ਸਿੰਘ 'ਸਰਾਭਾ', ਸ਼੍ਰੀ ਹਰਨਾਮ ਸਿੰਘ (ਰਾਵਲਪਿੰਡੀ), ਸ਼੍ਰੀ ਹਰਨਾਮ ਸਿੰਘ 'ਸਿਆਲਕੋਟੀ', ਸ਼੍ਰੀ ਬਲਵੰਤ ਸਿੰਘ (ਸਠਿਆਲਾ), ਸ਼੍ਰੀ ਪਰਮਾਨੰਦ (ਯੂ. ਪੀ.), ਡਾਕਟਰ ਮਥਰਾ ਸਿੰਘ, ਮੂਲਾ ਸਿੰਘ ਅਤੇ ਅਮਰ ਸਿੰਘ'ਰਾਜਪੂਤ', ਅੰਮ੍ਰਿਤਸਰ ਵਿਰਪਾਲੀ ਧਰਮਸਾਲਾ ਵਿਚ ਅਕੱਠੇ ਹੋਏ, ਅਤੇ ਹੋਰਨਾਂ ਮੁਆਮਲਿਆਂ ਤੋਂ ਇਲਾਵਾ ਬੰਬ ਬਨਾਉਣ ਬਾਰੇ ਵੀਚਾਰ ਕੀਤੀ ਗਈ। ਡਾਕਟਰ ਮਥਰਾ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਇਕ ਤਰੀਕੇ ਦਾ ਪਤਾ ਹੈ। ਸ਼੍ਰੀ ਹਿਰਦੇ ਰਾਮ ਇਕ ਪਿੱਤਲ ਦੀ ਦਵਾਤ ਲਿਆਏ, ਅਤੇ ਡਾਕਟਰ ਮਥਰਾ ਸਿੰਘ ਨੇ ਇਸ ਵਿਚ ਮਸਾਲਾ ਭਰ ਦਿੱਤਾ। ਸ਼੍ਰੀ ਪਰਮਾ ਨੰਦ (ਯੂ. ਪੀ.), ਮੂਲਾ ਸਿੰਘ ਅਤੇ ਸ਼੍ਰੀ ਹਿਰਦੇ ਰਾਮ ਨੇ ਅੰਮ੍ਰਿਤਸਰ ਨਹਿਰ ਦੇ ਕੰਢੇ ਇਸ ਨੂੰ ਚਲਾ ਕੇ ਵੇਖਿਆ, ਅਤੇ ਰੀਪੋਟ ਕੀਤੀ ਕਿ ਬੰਬ ਕਾਮਯਾਬ ਹੋਇਆ ਹੈ।

ਇਸ ਕਾਮਆਬੀ ਨੇ ਬੰਬ ਬਨਾਉਣ ਬਾਰੇ ਇਨਕਲਾਬੀਆਂ ਦੀ ਇੱਛਿਆ ਨੂੰ ਹੋਰ ਤੀਬਰ ਕਰ ਦਿੱਤਾ। ਅਮਰ ਸਿੰਘ 'ਰਾਜਪੂਤ' ਲਾਹੌਰ ਬੰਬਾਂ ਵਾਸਤੇ ਖ਼ੋਲ ਪ੍ਰਾਪਤ ਕਰਨ ਚਲਾ ਗਿਆ। ਉਸ ਨੇ ਖੋਲ ਪ੍ਰਾਪਤ ਕਰਨ ਵਾਸਤੇ ਲਾਹੌਰ ਦੀ ਰਾਘੂ ਫੈਕਟਰੀ ਪਾਸ ਆਰਡਰ ਕਰ ਦਿੱਤਾ, ਜਿਸਨੇ ਪਿਛੋਂ ਸ਼ੱਕ ਪੈ ਜਾਣ ਕਰਕੇ ਆਰਡਰ ਪੂਰਾ ਕਰਨੋਂ ਨਾਂਹ ਕਰ ਦਿੱਤੀ।

ਅਮਰ ਸਿੰਘ ਅਤੇ ਡਾਕਟਰ ਮਥਰਾ ਸਿੰਘ ਨੇ ਇਕ ਰੱਖਾ ਰਾਮ ਕੇਮਿਸਟ ਦੀ ਦੁਕਾਨ ਤੋਂ ਹੋਰ ਦਵਾਈਆਂ ਦੇ ਨਾਲ ਬੰਬਾਂ ਦਾ ਮਸਾਲਾ ਵੀ ਪ੍ਰਾਪਤ ਕੀਤਾ। ਅੰਮ੍ਰਿਤਸਰ ਬੰਬ ਬਨਾਉਣ ਵਿਚ ਬਹੁਤਾ ਹਿੱਸਾ ਸ਼੍ਰੀ ਹਿਰਦੇ ਰਾਮ, ਡਾਕਟਰ ਮਥਰਾ ਸਿੰਘ ਅਤੇ ਸ਼੍ਰੀ ਪਰਮਾਨੰਦ (ਯੂ. ਪੀ.) ਨੇ ਲਿਆ।

ਸ਼੍ਰੀ ਨਿਧਾਨ ਸਿੰਘ 'ਚੁਘਾ' ਨੇ ਲੁਧਿਹਾਣੇ ਬੰਬਾਂ ਦੀ ਫੈਕਟਰੀ ਕਾਇਮ ਕਰਨ ਦੀ ਤਜਵੀਜ਼ ਕੀਤੀ, ਅਤੇ ਆਖਰ ਲੁਧਿਹਾਣੇ ਦੇ ਲਾਗੇ ਝਾਬੇਵਾਲ ਪਿੰਡ ਵਿਚ ਫੈਕਟਰੀ ਕਾਇਮ ਕੀਤੀ ਗਈ। ਝਾਬੇਵਾਲ ਬੰਬ ਬਨਾਉਣ ਦੀ ਫੈਕਟਰੀ ਬਣ ਜਾਣ ਪਿਛੋਂ, ਅੰਮ੍ਰਿਤਸਰ ਬਤੌਰ ਬੰਬ ਬਨਾਉਣ ਦੇ ਸੈਂਟਰ ਦੇ ਮੱਧਮ ਪੈ ਗਿਆ। ਲਾਹੌਰ ਤੋਂ ਜੋ ਮਸਾਲਾ ਪ੍ਰਾਪਤ ਕੀਤਾ ਗਿਆ ਸੀ, ਉਸ ਦਾ ਕੁਝ ਹਿੱਸਾ, ਅਤੇ ਜੋ ਪਿੱਛੋਂ ਡਾਕਟਰ ਮਥਰਾ ਸਿੰਘ ਅਤੇ ਸ਼੍ਰੀ ਹਿਰਦੇ ਰਾਮ ਨੇ ਪ੍ਰਾਪਤ ਕੀਤਾ, ਸਭ ਝਾਬੇਵਾਲ ਭੇਜ ਦਿੱਤਾ ਗਿਆ। ਕੁਝ ਮਸਾਲਾ ਲੁਧਿਹਾਣੇ ਤੋਂ ਵੀ ਮਿਲਿਆ।

ਡਾਕਟਰ ਮਥਰਾ ਸਿੰਘ ਅਤੇ ਸ਼੍ਰੀ ਪਰਮਾਨੰਦ (ਯੂ.ਪੀ.) ਝਾਬੇਵਾਲ ਵਿਚ ਬੰਬ ਬਨਾਉਣ ਦਾ ਬਹੁਤਾ ਕੰਮ ਕਰਦੇ ਸਨ, ਪਰ ਇਸ ਗਲ ਦੀ ਚਰਚਾ ਹੋ ਜਾਣ ਕਰਕੇ ੧੨ ਫਰਵਰੀ ਨੂੰ ਉਹ ਓਥੋਂ ਚਲੇ ਗਏ। ਇਨ੍ਹਾਂ ਤੋਂ ਇਲਾਵਾ ਝਾਬੇਵਾਲ ਦੀ ਫੈਕਟਰੀ ਦੇ ਕੰਮ ਬਾਰੇ ਲੁਧਿਹਾਣੇ ਦੇ ਵਿਦਿਆਰਥੀ ਸੁਚਾ ਸਿੰਘ ਆਦਿ ਬਹੁਤ ਮਦਦ ਕਰਦੇ ਰਹੇ।

੨੭ ਜਨਵਰੀ ਨੂੰ ਮਨਸੂਰਾਂ ਪਏ ਡਾਕੇ ਪਿਛੋਂ ਪੁਲੀਸ ਨੇ ਝਾਬੇਵਾਲ ਪਿੰਡ ਵਿਚ ਪੁਛ ਗਿੱਛ ਸ਼ੁਰੂ ਕਰ ਦਿੱਤੀ। ਇਸ ਕਰਕੇ ਝਾਬੇਵਾਲ ਤੋਂ ਬੰਬ ਫੈਕਟਰੀ ਉਠਾਕੇ ਨਾਭੇ ਰਿਆਸਤ ਵਿਚ ਲੋਹਟ ਬਧੀ ਲਿਜਾਈ ਗਈ। ਲੋਹਟ ਬਧੀ ਦੇ ਕੰਮ ਨਾਲ ਸੰਬੰਧਤ ਇਨਕਲਾਬੀਆਂ ਵਿਚੋਂ ਸ਼੍ਰੀ ਗਾਂਧਾ ਸਿੰਘ ਦਾ ਨਾਮ ਖਾਸ ਜ਼ਿਕਰ ਯੋਗ ਹੈ।

ਪਰ ਜੋ ਬੰਬ ਗਦਰੀ ਇਨਕਲਾਬੀ ਬਨਾਉਂਦੇ ਸਨ ਉਹ ਜਿਤਨਾ ਚਿਰ ਬੰਗਾਲੀ ਇਨਕਲਾਬੀ ਉਨ੍ਹਾਂ ਨਾਲ ਆਣ ਨਹੀਂ ਮਿਲੇ, ਬਹੁਤ ਵਧੀਆ ਕਿਸਮ ਦੇ ਨਹੀਂ ਸਨ। ਉਹ ਬਹੁਤੇ ਪਿੱਤਲ ਜਾਂ ਸ਼ੀਸ਼ੇ ਦੀਆਂ ਦਵਾਤਾਂ ਵਿਚ ਮੈਨਸ਼ਲ ਪੁਟਾਸ਼ ਆਦਿ ਮਸਾਲਾ ਭਰਕੇ ਬਣਾਏ ਜਾਂਦੇ ਸਨ, ਜੋ ਬਹੁਤੀ ਮਾਰ ਨਹੀਂ ਸਨ ਕਰ ਸਕਦੇ*। ਇਹ ਹੈਰਾਨੀ ਦੀ ਗਲ ਹੈ, ਕਿਉਂਕਿ ਅਸੀਂ ਵੇਖ ਚੁਕੇ ਹਾਂ ਕਿ ਕਈ ਇਕਗਦਰੀ ਇਨਕਲਾਬੀਆਂ ਨੇ ਦੇਸ ਆਉਣ ਤੋਂ ਪਹਿਲੋਂ ਬੰਬ ਬਨਾਉਣ ਵੱਲੇ ਕੁਝ ਧਿਆਨ ਦਿੱਤਾ ਹੋਇਆ ਸੀ। ਸ਼ਾਇਦ ਉਨ੍ਹਾਂ ਨੂੰ ਅਮਰੀਕਾ ਵਿਚ ਸਿੱਖੇ ਤਰੀਕੇ ਅਨੁਸਾਰ ਬੰਬ ਬਨਾਉਣ ਵਾਸਤੇ ਆਸਾਨੀ ਨਾਲ ਹਿੰਦ ਵਿਚ ਮਸਾਲਾ ਨਾ ਮਿਲ ਸਕਿਆ। ਕੁਝ ਵੀ ਕਾਰਨ ਹੋਵੇ, ਇਸ ਵਿਚ ਸ਼ੱਕ ਨਹੀਂ ਕਿ ਬੰਗਾਲੀ ਇਨਕਲਾਬੀਆਂ ਨੇ ਬੰਬ ਬਨਾਉਣ ਦੇ ਕੰਮ ਵਿਚ ਵੱਡਾ ਹਿੱਸਾ ਪਾਇਆ। ਉਨ੍ਹਾਂ ਨੇ ਵਧੀਆ ਬੰਬ ਬਨਾਉਣ ਦੀ ਪੰਜਾਬੀ ਗਦਰੀਆਂ ਨੂੰ ਕਿਤਨੀ ਕੁ ਜਾਚ ਦੱਸੀ, ਇਹ ਸਾਫ ਨਹੀਂ ਹੁੰਦਾ। ਪਰ ਪਹਿਲੇ ਮੁਕੱਦਮੇਂ ਵਿਚ ਸ਼ਹਾਦਤ ਦਸਦੀ ਹੈ ਕਿ ਗਦਰੀ ਇਨਕਲਾਬ ਦੀ ਵਰਤੋਂ ਵਾਸਤੇ ਪੰਜਾਬ ਤੋਂ ਬਾਹਰ ਕਾਫੀ ਬੰਬ ਬਣਾਏ ਗਏ, ਜਿਨ੍ਹਾਂ ਵਿਚੋਂ ਕੁਝ ਪੰਜਾਬ ਵੀ ਲਿਆਂਦੇ ਗਏ। ਇਹ ਬੰਬ ਬਹੁਤ ਵਧੀਆ ਸਨ, ਜਿਨ੍ਹਾਂ ਵਿਚੋਂ ਸ਼੍ਰੀ ਪਿੰਗਲੇ ਪਾਸੋਂ ਮੇਰਠ ਛਾਉਣੀ ਵਿਚ ਫੜੇ ਗਏ ਦਸ ਬੰਬ "ਮਾਹਰਾਂ ਦੀ ਰਾਏ ਵਿਚ ਇਕ ਰੈਜਮੈਂਟ ਨੂੰ ਉਡਾ ਦੇਣ ਵਾਸਤੇ ਕਾਫੀ ਸਨ†"। ਗਦਰ ਲਹਿਰ ਦੇ ਸੰਬੰਧ ਵਿਚ ਬੰਗਾਲੀ ਇਨਕਲਾਬੀਆਂ ਵਲੋਂ ਬੰਬ ਬਨਾਉਣ ਦੇ ਯਤਨਾਂ ਵਿਚ ਬਹੁਤਾ ਹੱਥ ਸ਼੍ਰੀ ਰਾਸ਼ ਬਿਹਾਰੀ ਬੋਸ, ਸ਼੍ਰੀ ਸਾਨਿਯਾਲ ਅਤੇ ਸ਼੍ਰੀ ਰਾਓ ਦਾ ਸੀ। ਇਨ੍ਹਾਂ ਕਾਰਰਵਾਈਆਂ ਨੂੰ ਚਲਾਉਣ ਦਾ ਕੇਂਦ੍ਰ ਬਨਾਰਸ ਸੀ, ਜੋ ਸ਼੍ਰੀ ਸਾਨਿਯਾਲ ਮੁਤਾਬਕ ਬਾਕੀ ਬੰਗਾਲ ਨੂੰ ਵੀ ਬੰਬ ਮੁਹੱਈਆ ਕਰਦਾ ਸੀ*।

ਬਦੇਸ਼ਾਂ ਵਿਚੋਂ ਛੋਟੇ ਮੋਟੇ ਹਥਿਆਰ ਛੁਪਾਕੇ ਲਿਆਉਣ ਦੇ ਸਾਰੇ ਉਪ੍ਰੋਕਤ ਯਤਨ ਜੇ ਕਾਮਯਾਬ ਵੀ ਹੋ ਜਾਂਦੇ, ਤਾਂ ਇਨ੍ਹਾਂ ਨਾਲ ਵੱਧ ਤੋਂ ਵੱਧ ਦੋ ਤਿੰਨ ਸੌ ਆਦਮੀਆਂ ਨੂੰ ਪਸਤੌਲਾਂ ਨਾਲ ਸਨੱਧ ਬੱਧ ਕੀਤਾ ਜਾ ਸਕਦਾ ਸੀ†। ਕੁਝ ਇਨਕਲਾਬੀਆਂ ਦੀ ਆਪਣੀ ਸ੍ਵੈ-ਰੱਖਿਆ ਅਤੇ ਡਾਕੇ ਮਾਰਨ ਲਈ ਤਾਂ ਸ਼ਾਇਦ ਇਹ ਕਾਫੀ ਹੁੰਦੇ, ਪਰ ਗਦਰ ਵਿਚ ਹਿੱਸਾ ਲੈਣ ਲਈ ਜਨਤਾ ਅਤੇ ਇਨਕਲਾਬੀਆਂ ਨੂੰ ਵਡੇ ਪੈਮਾਨੇ ਉਤੇ ਸਨੱਧ ਬੱਧ ਕਰਨ ਦੀ ਲੋੜ ਮੁਤਾਬਕ ਇਨ੍ਹਾਂ ਦੀ ਗਿਣਤੀ ਨਾ ਹੋਇਆਂ ਦੇ ਬਰਾਬਰ ਸੀ। ਨਾ ਇਹ ਥੁੜ ਬੰਬਾਂ ਨਾਲ ਪੂਰੀ ਹੋ ਸਕਦੀ ਸੀ। ਇਹ ਠੀਕ ਹੈ ਕਿ ਦੇਸੀ ਫੌਜਾਂ ਦੀ ਬਗਾਵਤ ਇਕ ਵੇਰ ਸ਼ੁਰੂ ਹੋ ਜਾਣ ਦੀ ਸੂਰਤ ਵਿਚ ਛਾਉਣੀਆਂ ਦੇ ਮੈਗਜ਼ੀਨ ਲੁਟਕੇ ਬਹੁਤ ਹਥਿਆਰ ਮਿਲ ਸਕਦੇ ਸਨ; ਪਰ ਚੌਧਵੇਂ ਕਾਂਡ ਵਿਚ ਇਹ ਵੇਖਿਆ ਜਾ ਚੁਕਾ ਹੈ ਕਿ ਫੌਜੀ ਵੀ ਇਹ ਚਾਹੁੰਦੇ ਸਨ ਕਿ ਗਦਰ ਦੀ ਪਹਿਲ ਇਨਕਲਾਬੀ ਆਪ ਅਗੇ ਲੱਗ ਕੇ ਕਰਨ, ਜੋ ਹਥਿਆਰਾਂ ਤੋਂ ਬਿਨਾਂ ਨਹੀਂ ਸੀ ਹੋ ਸਕਦੀ। ਇਸੇ ਕਾਂਡ ਵਿਚ ਵੇਖਿਆ ਜਾ ਚੁਕਾ ਹੈ ਕਿ ਦੇਸ ਵਿਚੋਂ ਜਾਂ ਬਾਹਰੋਂ ਜਦ ਹਥਿਆਰ ਮਿਲਣ ਦੀ ਆਸ ਟੁੱਟ ਗਈ, ਤਾਂ ਗਦਰ ਦੇ ਵਡੇ ਹੱਲੇ ਲਈ ਵਡੇ ਪੈਮਾਨੇ ਉਤੇ ਹਥਿਆਰ ਪ੍ਰਾਪਤ ਕਰਨ ਲਈ, ਗਦਰੀਆਂ ਨੇ ਮੀਆਂਮੀਰ ਮੈਗਜ਼ੀਨ ਅਤੇ ਫੀਰੋਜ਼ਪੁਰ ਹਥਿਆਰਾਂ ਦੇ ਜ਼ਖੀਰੇ ਨੂੰ ਲੁਟਣ ਦੀਆਂ ਕਿਵੇਂ ਪਲੈਨਾਂ ਬਣਾਈਆਂ ਅਤੇ ਕਿਵੇਂ ਫੇਹ ਰਹਿ ਗਈਆਂ।

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੩੯।
†O'Dwyer, p. 202.

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੭੫।
†Isemonger and Slattery, p. 77.

ਇਸ ਵਿਚ ਸ਼ੱਕ ਨਹੀਂ ਕਿ ਗਦਰ ਪਾਰਟੀ ਦੇ ਅਮਰੀਕਾ ਵਿਚ ਮੁਖੀਆਂ ਨੇ ਹਿੰਦ ਨੂੰ ਆਉਣ ਵਾਲੇ ਗਦਰੀਆਂ ਨੂੰ ਬਹੁਤ ਗਿਣਤੀ ਵਿਚ ਹਥਿਆਰ ਪੁਚਾਣ ਦਾ ਭਰੋਸਾ ਦਿੱਤਾ ਹੋਇਆ ਸੀ*; ਕਿਉਂਕਿ ਇਸ ਦਾ ਗਦਰ ਪਾਰਟੀ ਲਹਿਰ ਸੰਬੰਧੀ ਚਲੇ ਮੁਕੱਦਮਿਆਂ ਵਿਚ ਕਈ ਥਾਈਂ ਜ਼ਿਕਰ ਆਉਂਦਾ ਹੈ ਕਿ ਉਹ ਇਨ੍ਹਾਂ ਹਥਿਆਰਾਂ ਨੂੰ ਉਡੀਕਦੇ ਰਹੇ†। ਜ਼ਿਆਦਾ ਸੰਭਾਵਨਾ ਇਹ ਜਾਪਦੀ ਹੈ ਕਿ ਭਾਰੀ ਗਿਣਤੀ ਵਿਚ ਹਥਿਆਰ ਪੁਚਾਣ ਦਾ ਪ੍ਰਬੰਧ ਦੇਸ ਤੋਂ ਕਿਧਰਿਓਂ ਬਾਹਰੋਂ ਕੀਤਾ ਗਿਆ। ਕਿਥੋਂ ਅਤੇ ਕਿਸ ਤਰ੍ਹਾਂ ਪੁਚਾਣ ਦਾ ਪ੍ਰਬੰਧ ਕੀਤਾ ਗਿਆ, ਇਸ ਦਾ ਕੋਈ ਪੱਕਾ ਸਬੂਤ ਨਹੀਂ, ਅਤੇ ਕੇਵਲ ਇਸ਼ਾਰੇ ਮਾਤਰ ਗਵਾਹੀਆਂ ਮਿਲਦੀਆਂ ਹਨ।

੧੩ ਜਨਵਰੀ ੧੯੧੪ ਦੇ 'ਗਦਰ' ਵਿਚ ਇਨਕਲਾਬੀਆਂ ਨੂੰ ਮਸ਼ਵਰਾ ਦਿੱਤਾ ਗਿਆ ਕਿ ਉਹ ਕਾਬਲ ਤੋਂ ਬੰਦੂਕਾਂ ਲੈਣ ਅਥਵਾ ਬਨਾਉਣੀਆਂ ਸਿੱਖਣ। ੧੯੦੭ ਵਾਲੀ ਐਜੀਟੇਸ਼ਨ ਵਾਲੇ ਦੇਸ਼ ਭਗਤ ਸ੍ਰੀ ਅਜੀਤ ਸਿੰਘ ਨੇ ਵੀ ਗਦਰ ਪਾਰਟੀ ਦੇ ਮੁਖੀਆਂ ਨੂੰ ਸੈਨਫ੍ਰਾਂਸਿਸਕੋ ਇਸੇ ਭਾਵ ਦੀ ਚਿੱਠੀ ਲਿਖੀ। ਪਰ ਕਾਬਲ ਵਿਚੋਂ ਹਥਿਆਰ ਲੈਣ ਬਾਰੇ ਕਿਸੇ ਅਮਲੀ ਚੁਕੇ ਕਦਮ ਦਾ, ਨਾ ਗਦਰ ਪਾਰਟੀ ਲਹਿਰ ਸੰਬੰਧੀ ਚਲੇ ਮੁਕੱਦਮਿਆਂ ਵਿਚ ਜ਼ਿਕਰ ਆਉਂਦਾ ਹੈ ਅਤੇ ਨਾ ਹੋਰ ਕਿਧਰੇ।

ਪਿਛਲੇ ਕਾਂਡ ਵਿਚ ਜ਼ਿਕਰ ਕੀਤਾ ਜਾ ਚੁਕਾ ਹੈ ਕਿ ੬ ਮਾਰਚ ੧੯੧੪ ਦੇ ਆਪਣੇ ਪਰਚੇ ਵਿਚ ਇਕ ਜਰਮਨ ਅਖਬਾਰ ਨੇ ਲਿਖਿਆ ਕਿ ਅਮਰੀਕਾ ਵਿਚ ਹਿੰਦ ਨੂੰ ਹਥਿਆਰ ਅਤੇ ਦਾਰੂ ਸਿੱਕਾ ਪੁਚਾਣ ਵਾਸਤੇ ਜਥੇਬੰਦ ਪ੍ਰਬੰਧ ਹੋ ਰਿਹਾ ਹੈ*। ਇਸੇ ਕਾਂਡ ਵਿਚ ਇਹ ਵੀ ਦੱਸਿਆ ਜਾ ਚੁਕਾ ਹੈ ਕਿ ਲੜਾਈ ਛਿੜਦੇ ਸਾਰ ਜਰਮਨੀ ਦਾ ਇਕ ਜਹਾਜ਼ ਇਟਲੀ ਵਿਚ ਨਜ਼ਰਬੰਦ ਕੀਤਾ ਗਿਆ; ਜਿਸ ਵਿਚ ਪੰਜ ਲਖ ਰੀਵਾਲਵਰ, ਇਕ ਲਖ ਰਾਈਫਲਾਂ, ਦਾਰੂ ਸਿੱਕੇ ਦੇ ਦੋ ਲਖ ਬਕਸ, ਚਾਰ ਹਵਾਈ ਜਹਾਜ਼, ਹਵਾਈ ਜਹਾਜ਼ਾਂ ਦੇ ਇਕ ਹਜ਼ਾਰ ਬੰਬ, ਅਤੇ ਚੌਦਾਂ ਤੋਪਾਂ ਨਿਕਲੀਆਂ। ਜਿਹੜੇ ਪੁਲਸ ਦੇ ਵਡੇ ਅਫਸਰ ਗਦਰ ਪਾਰਟੀ ਲਹਿਰ ਦੀ ਤਫਤੀਸ਼ ਵਿਚ ਲਗੇ ਰਹੇ, ਉਨ੍ਹਾਂ ਦਾ ਅਨੁਮਾਨ ਹੈ ਕਿ ਇਹ ਸਾਮਾਨ ਅਗਲਬੰ ਕਿਸੇ ਇਨਕਲਾਬੀ ਲਹਿਰ ਨੂੰ ਸਨੱਧ ਬੱਧ ਕਰਨ ਵਾਸਤੇ ਸੀ†। ਤੀਸਰੇ ਮੁਕੱਦਮੇਂ ਵਿਚ ਇਕ ਗਵਾਹੀ ਹੈ ਕਿ ਸ੍ਰੀ ਰਾਮ ਚੰਦ 'ਪਸ਼ਾਵਰੀਆ' ਨੇ ਦੱਸਿਆ ਕਿ ਹਿੰਦ ਨੂੰ ਆਸਾਮ, ਤਿੱਬਤ ਅਤੇ ਸਿੱਧੇ ਜਹਾਜ਼ਾਂ ਰਾਹੀਂ ਹਥਿਆਰ ਪੁਚਾਣ ਦੀਆਂ ਕਈ ਸਕੀਮਾਂ ਸਨ‡। ਤੀਸਰੇ ਮੁਕੱਦਮੇਂ ਦੇ ਫੈਸਲੇ ਵਿਚ ਹੀ ਜਾਪਾਨ ਤੋਂ ਹਥਿਆਰ ਪ੍ਰਾਪਤ ਕਰਨ ਦੀ ਕੋਸ਼ਸ਼ ਬਾਰੇ ਇਕ ਇਸ਼ਾਰੇ ਮਾਤਰ ਗਵਾਹੀ ਹੈ§।

ਅਗਲੇ ਕਿਸੇ ਕਾਂਡ ਵਿਚ ਵੇਖਿਆ ਜਾਵੇਗਾ ਕਿ ਹਿੰਦ ਵਿਚ ਗਦਰ ਪਾਰਟੀ ਲਹਿਰ ਫੇਲ ਹੋ ਜਾਣ ਪਿਛੋਂ, ਗਦਰ ਪਾਰਟੀ ਵਲੋਂ ਜਰਮਨ ਕਰਮਚਾਰੀਆਂ ਨਾਲ ਮਿਲ ਕੇ ਹਥਿਆਰਾਂ ਦੇ ਇਕ ਤੋਂ ਵੱਧ ਜਹਾਜ਼ ਭੇਜਣ ਦੀ ਕੋਸ਼ਸ਼ ਕੀਤੀ ਗਈ; ਜਿਨ੍ਹਾਂ ਵਿਚੋਂ ਇਕ ਅੰਗਰੇਜ਼ੀ ਸਰਕਾਰ ਦੇ ਜਹਾਜ਼ਾਂ ਦੀ ਨਿਗਰਾਨੀ ਤੋਂ ਅੱਖ ਬਚਾਕੇ ਨਿਕਲਣ ਵਿਚ ਕਾਮਯਾਬ ਵੀ ਹੋ ਗਿਆ, ਪਰ ਜੋ ਕੰਢੇ ਤੇ ਪੁਜਣ ਤੋਂ ਪਹਿਲੋਂ ਗਾਲਬਨ ਡੁਬ ਗਿਆ*। ਇਨ੍ਹਾਂ ਵਾਕਿਆਤ ਨੂੰ ਸਾਹਮਣੇ ਰਖਦਿਆਂ ਉਪਰਲੇ ਪੈਰੇ ਵਿਚ ਦਿੱਤੀਆਂ ਕੋਸ਼ਸ਼ਾਂ ਜਾਂ ਸਕੀਮਾਂ ਨਿਰਮੂਲ ਨਹੀਂ ਜਾਪਦੀਆਂ, ਪਰ ਕਿਸੇ ਪੱਕੀ ਸ਼ਹਾਦਤ ਬਿਨਾਂ ਇਨ੍ਹਾਂ ਬਾਰੇ ਕੋਈ ਠੋਸ ਰਾਇ ਕਾਇਮ ਨਹੀਂ ਕੀਤੀ ਜਾ ਸਕਦੀ। ਜਿਸ ਗਲ ਬਾਰੇ ਸ਼ੱਕ ਨਹੀਂ, ਉਹ ਇਹ ਹੈ ਕਿ, "ਅਮਰੀਕਾ ਅਤੇ ਧੁਰ ਪੂਰਬ ਤੋਂ ਜੋ ਇਨਕਲਾਬੀ ਆਏ, ਉਨ੍ਹਾਂ ਨੂੰ ਹਿੰਦ ਵਿਚ ਆਕੇ ਆਸ ਨਾਲੋਂ ਘਟ ਹਥਿਆਰ ਮਿਲਣ ਕਰਕੇ ਮਾਯੂਸੀ ਹੋਈ। ਇਹ ਕਿਉਂ ਹੋਇਆ, ਸਾਨੂੰ ਪਤਾ ਨਹੀਂ। ਹੋ ਸਕਦਾ ਹੈ ਕਿ ਉਨ੍ਹਾਂ ਨੂੰ ਹਥਿਆਰ ਮਿਲਣ ਦੀ ਹੱਦ ਬਾਰੇ ਭੁਲੇਖਾ ਲਗਾ ਹੋਵੇ; ਹੋ ਸਕਦਾ ਹੈ ਕਿ ਬਾਹਰੋਂ ਆਉਣ ਵਾਲੇ ਇਨਕਲਾਬੀਆਂ ਦੇ ਲੀਡਰਾਂ ਅਤੇ ਜਥੇਬੰਦੀ ਕਰਨ ਵਾਲਿਆਂ ਦੇ ਸ਼ੁਰੂ ਵਿਚ ਫੜੇ ਜਾਣ ਕਰਕੇ, ਇਸ ਭੇਦ ਦਾ ਪਤਾ ਨਾ ਰਿਹਾ ਹੋਵੇ ਕਿ ਹਥਿਆਰ ਕਿਥੇ ਹਨ†"। ਦੂਸਰੀ ਗਲ ਜਿਸ ਬਾਰੇ ਸ਼ੱਕ ਨਹੀਂ, ਉਹ ਇਹ ਹੈ ਕਿ ਹਥਿਆਰਾਂ ਦੀ ਥੁੜ ਕਾਰਨ ਹਿੰਦ ਵਿਚਲੀ ਗਦਰੀ ਮੁਹਿੰਮ ਦੀਆਂ ਕਈ ਸਕੀਮਾਂ ਫੇਲ ਹੋਈਆਂ, ਅਤੇ ਪਿਛਲੇਰੇ ਕਾਂਡ ਵਿਚ ਵੇਖਿਆ ਜਾ ਚੁਕਾ ਹੈ ਕਿ ੧੫ ਨਵੰਬਰ ਨੂੰ ਗਦਰ ਕਰਨ ਦਾ ਫੈਸਲਾ ਇਸੇ ਕਰਕੇ ਰਹਿ ਗਿਆ।

## (ਹ) ਡਾਕੇ।

ਇਹ ਗੱਲ ਸਪੱਸ਼ਟ ਹੀ ਹੈ ਕਿ ਗਦਰੀ ਇਨਕਲਾਬੀਆਂ ਪਾਸ ਮਾਇਆ ਦੀ ਬਹੁਤ ਥੁੜ ਸੀ। ਅਮਰੀਕਾ ਵਿਚ ਉਹ ਆਪਣੀ ਜ਼ਾਤੀ ਕਮਾਈ ਵਿਚੋਂ ਪਹਿਲੋਂ ਹੀ ਗਦਰ ਪਾਰਟੀ ਨੂੰ ਕਾਫੀ ਦੇ ਚੁਕੇ ਸਨ, ਅਤੇ ਦੇਸ ਆਉਣ ਦਾ ਕਰਾਇਆ ਅਤੇ ਸਫਰ ਖਰਚ ਦੇ ਕੇ ਉਨ੍ਹਾਂ ਪਾਸ ਬਹੁਤਾ ਨਹੀਂ ਸੀ ਬਚਿਆ। ਦੇਸ ਵਿਚ ਆਕੇ ਕੀਤੀਆਂ ਅਕੱਠੀਆਂ ਵਡੀਆਂ ਵਡੀਆਂ ਰਕਮਾਂ, ਜਿਨ੍ਹਾਂ ਦਾ ਪਹਿਲੇ ਮੁਕਦਮੇਂ ਵਿਚ ਜ਼ਿਕਰ ਆਉਂਦਾ ਹੈ, ਵੀ ਗਿਣਤੀ ਦੀਆਂ ਸਨ*। ਸ੍ਰੀ ਨਿਧਾਨ ਸਿੰਘ 'ਚੁਘਾ' ਨੇ ਆਪਣਾ ਸਾਰਾ ਲਹਿਣਾ ਦੇਣਾ ਅਕੱਠਾ ਕਰਕੇ ਇਨਕਲਾਬੀਆਂ ਨੂੰ ਦੇਣ ਦੀ ਪੇਸ਼ਕਸ਼ ਕੀਤੀ†। ਪਰ ਜ਼ਾਹਰ ਹੈ ਕਿ ਇਹ ਵਸੀਲੇ ਹਥਿਆਰ ਖ੍ਰੀਦਣ, ਬੰਬ ਬਨਾਉਣ, ਅਤੇ ਇਨਕਲਾਬੀਆਂ ਦੇ ਹੋਰ ਖਰਚ ਪੂਰੇ ਕਰਨ ਵਾਸਤੇ ਕਾਫੀ ਨਹੀਂ ਸਨ। ਇਸ ਵਾਸਤੇ ਗਦਰੀ ਇਨਕਲਾਬੀ ਡਾਕੇ ਮਾਰਨ ਵਾਸਤੇ ਮਜਬੂਰ ਹੋਏ।

ਪਹਿਲੇ ਮੁਕਦਮੇਂ ਦੇ ਜੱਜਾਂ ਨੇ 'ਡਾਕਿਆਂ' ਦੀ ਸੁਰਖੀ ਹੇਠ ਇਹ ਸਾਬਤ ਕਰਨ ਦੀ ਕੋਸ਼ਸ਼ ਕੀਤੀ ਹੈ ਕਿ ਗਦਰੀ ਇਨਕਲਾਬੀਆਂ ਦਾ ਅਮਰੀਕਾ ਵਿਚ ਹੀ ਡਾਕੇ ਮਾਰਨ ਦਾ ਪ੍ਰੋਗਰਾਮ ਬਣ ਗਿਆ ਸੀ। ਉਹ ਇਸ ਖਿਆਲ ਦੀ ਪੁਸ਼ਟੀ ਲਈ 'ਗਦਰ ਦੀ ਗੂੰਜ' ਵਿਚੋਂ ਸਿਰਫ ਇਹ ਹਵਾਲੇ ਦੇ ਸਕੇ ਹਨ:—

*Isemonger and Slattery, p. 77; Mandlay Case, Judgement, p. 44.

†Mandlay Case, Judgement, p. 46; Second Case, Judgement, pp. 72-73.

*Rowlatt Report, p. 119.
†Isemonger and Slattery, p. 79.
‡Third Case, Judgement, pp. 52-54.
§Ibid, p. 48.

*Hardinge, p. 128.
†Second Case, Judgement, p. 73.

*First Case, Collection of Funds. ਇਕ ਹਜ਼ਾਰ ਰੁਪੱਯਾ ਦੇਸ਼ ਭਗਤ ਸਿੰਘ ਅਜੀਤ ਸਿੰਘ ਦੇ ਭਰਾ ਸ੍ਰੀ ਕਿਸ਼ਨ ਸਿੰਘ ਨੇ ਦਿਤਾ, ੩ ਸੋਨੇ ਦੇ ਡਾਲਰ ਅਮਰ ਸਿੰਘ 'ਰਾਜਪੂਤ' ਅਤੇ ੪ ਸੋਨੇ ਦੇ ਡਾਲਰ 'ਪੰਡਤ' ਜਗਤ ਰਾਮ ਦਿਤੇ, ਇਕ ਹਜ਼ਾਰ ਰੁਪੱਯਾ ਇਛਰ ਸਿੰਘ ਨੇ ਆਪਣੇ ਪਾਸੋਂ ਖਰਚ ਕੀਤਾ, ੪੦੦ ਜਾਂ ੫੦੦ ਰੁਪੱਯਾ ਡਾ: ਪਰਮਾਨੰਦ ਨੇ ਦਿਤਾ, ਅਤੇ ੧੦੦੦ ਰੁਪੱਯਾ ਅਤੇ ੨੦ ਜਾਂ ੨੨ ਸੋਨੇ ਦੇ ਡਾਲਰ 'ਸੰਤ' ਵਸਾਖਾ ਸਿੰਘ ਅਤੇ ਸ੍ਰੀ ਕੇਹਰ ਸਿੰਘ ਨੇ ਦਿਤੇ।

†First Case, Individual Case of Nidhan Singh p. 1.

"ਕਈ ਥਾਈਂ ਡਾਕੇ ਮਾਰੋ" ।

"ਸਾਨੂੰ ਸਰਕਾਰ ਉਤੇ ਡਾਕਾ ਮਾਰਨਾ ਚਾਹੀਦਾ ਹੈ ਅਤੇ ਸਾਰੇ ਪੰਜਾਬ ਨੂੰ ਜਗਾਉਣਾ ਚਾਹੀਦਾ ਹੈ' ।

"ਯੂਰਪੀਨਾਂ ਤੋਂ ਪੈਸੇ ਲੁੱਟਕੇ ਆਪਣੀ ਵਰਤੋਂ ਵਿਚ ਲਿਆਓ'।

ਉਪ੍ਰੋਕਤ ਹਵਾਲੇ ਦੇਕੇ ਜੱਜ ਲਿਖਦੇ ਹਨ, "ਇਸ ਦੀ ਹੋਂਦ ਵਿਚ ਇਹ ਦਾਅਵਾ ਕਰਨਾ ਨਾ ਮੁਮਕਨ ਹੈ ਕਿ ਡਾਕੇ ਮਾਰਨ ਦਾ ਪ੍ਰੋਗਰਾਮ ਪਿਛੋਂ ਬਣਿਆ" ।

ਇਨ੍ਹਾਂ ਹਵਾਲਿਆਂ ਤੋਂ ਇਲਾਵਾ ਜੱਜ ਵਾਅਦਾ ਮੁਆਫ ਗਵਾਹਾਂ ਨਵਾਬ ਖਾਨ ਅਤੇ ਮੂਲਾ ਸਿੰਘ ਦੀਆਂ ਗਵਾਹੀਆਂ, ਅਤੇ ਨੰਦ ਸਿੰਘ ਦੇ ਇਕਬਾਲ ਦਾ ਹਵਾਲਾ ਦਿੰਦੇ ਹਨ, ਕਿ ਅਮਰੀਕਾ ਜਾਂ ਦੇਸ ਆਉਂਦਿਆਂ ਰਸਤੇ ਵਿਚ ਡਾਕੇ ਮਾਰਨ ਦਾ ਪ੍ਰੋਗਰਾਮ ਬਣ ਗਿਆ ਸੀ। ਪਰ ਇਕ ਹੋਰ ਵਾਅਦਾ ਮੁਆਫ ਗਵਾਹ ਜਵਾਲਾ ਸਿੰਘ ਦਾ ਬਿਆਨ ਹੈ ਕਿ ਓਹ ਅੰਗਰੇਜ਼ਾਂ ਨੂੰ ਕਢਣ ਆਏ ਸਨ, ਡਾਕੇ ਮਾਰਨ ਨਹੀਂ ਸੀ ਆਏ* ।

ਇਸ ਨਜ਼ਰੀਏ ਦੇ ਉਲਟ ਗਦਰੀ ਇਨਕਲਾਬੀਆਂ, ਖਾਸ ਕਰ ਅਮਰੀਕਾ ਤੋਂ ਮੁੜੇ ਇਨਕਲਾਬੀਆਂ, ਨੇ ਪਹਿਲੇ ਮੁਕੱਦਮੇਂ ਵਿਚ ਜ਼ੋਰ ਦਾਰ ਦਾਅਵਾ ਕੀਤਾ ਕਿ ਅਮਰੀਕਾ ਛਡਣ ਵੇਲੇ ਉਨ੍ਹਾਂ ਦਾ ਡਾਕੇ ਮਾਰਨਾ ਮੰਤਵ ਨਹੀਂ ਸੀ† । ਇਸ ਸਿਲਸਲੇ ਵਿਚ ਇਹ ਖਾਸ ਗੱਲ ਨੋਟ ਕਰਨ ਵਾਲੀ ਹੈ ਕਿ ਅਮਰੀਕਾ ਤੋਂ ਆਏ ਗਦਰੀ ਇਨਕਲਾਬੀਆਂ ਨੇ ਉਨ੍ਹਾਂ ਉਤੇ ਮੁਕੱਦਮੇਂ ਵਿਚ ਲਾਏ ਗਏ ਇਲਜ਼ਾਮਾਂ ਵਿਚੋਂ ਹੋਰ ਕਿਸੇ ਦੀ ਇਤਨੀ ਵਿਰੋਧਤਾ ਨਹੀਂ ਕੀਤੀ, ਜਿਤਨੀ ਇਸ ਗੱਲ ਦੀ ਕਿ ਡਾਕੇ ਮਾਰਨਾ ਉਨ੍ਹਾਂ ਦੇ ਪ੍ਰੋਗਰਾਮ ਦਾ ਸ਼ੁਰੂ ਤੋਂ ਹਿੱਸਾ ਸੀ। ਪਹਿਲੇ ਮੁਕੱਦਮੇਂ ਵਿਚ ਹੋਈਆਂ ਸ਼ਹਾਦਤਾਂ ਇਹ ਵੀ ਦਸਦੀਆਂ ਹਨ ਕਿ, ਜਦ ਹਿੰਦ ਵਿਚ ਗਦਰੀ ਇਨਕਲਾਬੀਆਂ ਨੇ ਡਾਕੇ ਮਾਰਨ ਬਾਰੇ ਵੀਚਾਰ ਕੀਤੀ, ਤਾਂ ਉਨ੍ਹਾਂ ਵਿਚ ਮਤ ਭੇਦ ਹੋ ਗਿਆ* । ਗਦਰੀ ਇਨਕਲਾਬੀਆਂ ਦੇ ਪ੍ਰੋਗਰਾਮ ਦਾ ਇਕੋ ਇਹੋ ਅੰਗ ਸੀ ਜਿਸ ਬਾਰੇ ਉਨ੍ਹਾਂ ਵਿਚ ਮਤ ਭੇਦ ਹੋਇਆ; ਅਤੇ ਡਾਕੇ ਮਾਰਨ ਦਾ ਫੈਸਲਾ ਹੋ ਜਾਣ ਦੇ ਬਾਵਜੂਦ ਸ਼੍ਰੀ ਨਿਧਾਨ ਸਿੰਘ 'ਚੁਘਾ' ਇਸ ਦੇ ਇਤਨੇ ਉਲਟ ਸਨ ਕਿ ਉਨ੍ਹਾਂ ਪ੍ਰੋਗਰਾਮ ਦੇ ਇਸ ਭਾਗ ਵਿਚ ਹਿੱਸਾ ਨਹੀਂ ਲਿਆ†, ਹਾਲਾਂਕਿ ਉਹ ਸ਼੍ਰੀ ਕਰਤਾਰ ਸਿੰਘ 'ਸਰਾਭਾ' ਤੋਂ ਉੱਤਰ ਕੇ ਦੂਜੇ ਦਰਜੇ ਉਤੇ ਗਦਰੀ ਕਾਰਰਵਾਈਆਂ ਦੀ ਜਿੰਦ ਜਾਨ ਸਨ । ਫਿਰ ਜੱਜ 'ਗਦਰ ਦੀ ਗੂੰਜ' ਅਤੇ ਗਦਰ ਅਖਬਾਰ ਆਦਿ ਗਦਰੀ ਇਨਕਲਾਬੀ ਸਾਹਿਤ ਵਿਚੋਂ ਕੇਵਲ ਤਿੰਨ ਮੁਖਤਸਰ ਹਵਾਲੇ ਦੇ ਸਕੇ ਹਨ ।

ਅਸਲ ਗਲ ਇਹ ਜਾਪਦੀ ਹੈ ਕਿ ਅਮਰੀਕਾ ਵਿਚ ਗਦਰ ਪਾਰਟੀ ਦਾ ਸਰਕਾਰੀ ਖਜ਼ਾਨਿਆਂ ਅਤੇ ਅੰਗਰੇਜ਼ੀ ਸਰਕਾਰ ਦੇ ਮਦਦਗਾਰ ਅਨਸਰਾਂ ਉਤੇ ਡਾਕੇ ਮਾਰਨ ਦਾ ਪ੍ਰੋਗਰਾਮ ਹੋਵੇਗਾ, ਪਰ ਸਾਧਾਰਨ ਸ਼ਹਿਰੀਆਂ ਉਤੇ ਡਾਕੇ ਮਾਰਨ ਦਾ ਨਹੀਂ । ਜੱਜਾਂ ਨੇ ਜੋ ਡਾਕੇ ਮਾਰਨ ਸੰਬੰਧੀ 'ਗਦਰ ਦੀ ਗੂੰਜ' ਦੇ ਹਵਾਲੇ ਦਿਤੇ ਹਨ, ਉਨ੍ਹਾਂ ਵਿਚ ਵੀ, ਸਵਾਏ ਇਕ ਦੇ (ਉਹ ਵੀ ਸਾਰੀ ਕਵਿਤਾ ਵਿਚੋਂ ਅੱਧੀ ਲਾਈਨ ਦੇ ਕੇ, ਜਿਸ ਦਾ ਅੱਗਾ ਪਿੱਛਾ ਦੱਸੇ ਬਿਨਾਂ ਪਤਾ ਨਹੀਂ ਲਗ ਸਕਦਾ ਕਿ ਕੱਵੀ ਦਾ ਅਸਲ ਭਾਵ ਕੀ ਸੀ), ਸਰਕਾਰ ਅਤੇ ਯੂਰਪੀਨਾਂ ਉਤੇ ਡਾਕੇ ਮਾਰਨ ਦਾ ਜ਼ਿਕਰ ਆਉਂਦਾ ਹੈ। ਨਵਾਬ ਖਾਨ ਵਾਅਦਾ ਮੁਆਫ ਵੀ ਆਪਣੀ ਗਵਾਹੀ ਵਿਚ ਇਹ ਨਖੇੜਾ ਕਰਦਾ ਹੈ ਕਿ 'ਤੋਸ਼ਾ ਮਾਰੂ' ਉਤੇ ਜੋ ਮਤੇ ਪਾਸ ਕੀਤੇ ਗਏ, ਉਨ੍ਹਾਂ ਵਿਚੋਂ ਇਕ ਇਹ ਸੀ ਕਿ ਰਈਸ ਜੋ ਸਰਕਾਰ ਦੇ ਵਫਾਦਾਰ ਹਨ, ਨੂੰ ਲੁਟਿਆ ਜਾਏ* । ਸਰਕਾਰ ਦੇ ਵਫਾਦਾਰ ਅਨਸਰਾਂ ਨੂੰ ਲੁਟਣ ਦਾ ਪ੍ਰੋਗਰਾਮ ਤਾਂ ਸਮਝਿਆ ਜਾ ਸਕਦਾ ਹੈ, ਕਿ ਇਹ ਗਦਰੀ ਇਨਕਲਾਬੀਆਂ ਦੇ ਸਮਝੇ ਸੋਚੇ ਪ੍ਰੋਗਰਾਮ ਦਾ ਹਿੱਸਾ ਹੋ ਸਕਦਾ ਸੀ, ਕਿਉਂਕਿ ਸਰਕਾਰੀ ਝੋਲੀ ਚੁਕਾਂ ਉਤੇ ਸੱਟ ਸਰਕਾਰ ਉਤੇ ਸੱਟ ਸੀ। ਪਰ ਜੱਜਾਂ ਨੇ ਇਹ ਨਖੇੜਾ ਕਰਨ ਦੀ ਬਜਾਏ, ਹੋਈਆਂ ਘਟਨਾਵਾਂ ਦਾ ਫਾਇਦਾ ਉਠਾ ਕੇ, ਗਦਰੀਆਂ ਨੂੰ ਬਦਨਾਮ ਕਰਨ ਦੀ ਕੋਸ਼ਸ਼ ਕੀਤੀ ਜਾਪਦੀ ਹੈ।

ਪਰ ਇਹ ਹਕੀਕਤ ਹੈ ਕਿ ਗਦਰੀ ਇਨਕਲਾਬੀਆਂ ਨੇ ਸਾਧਾਰਨ ਸ਼ਹਿਰੀਆਂ ਉਤੇ ਵੀ ਡਾਕੇ ਮਾਰੇ। ਇਹ ਤਾਂ ਠੀਕ ਹੈ ਕਿ ਮਾਇਆ ਦੀ ਥੁੜ ਨੂੰ ਪੂਰਾ ਕਰਨ ਵਾਸਤੇ ਗਦਰੀ ਇਨਕਲਾਬੀਆਂ ਪਾਸ ਕੋਈ ਹੋਰ ਰਾਹ ਨਹੀਂ ਸੀ ਰਿਹਾ, ਪਰ ਸਰਕਾਰੀ ਝੋਲੀ ਚੁਕਾਂ ਤੇ ਰਈਸਾਂ ਨੂੰ ਛੱਡਕੇ ਸਾਧਾਰਨ ਸ਼ਹਿਰੀਆਂ ਉਤੇ ਡਾਕੇ ਮਾਰਨ ਦਾ ਰੁਖ ਕਿਉਂ ਫੜਿਆ, ਇਹ ਸਪੱਸ਼ਟ ਨਹੀਂ। ਨਾ ਹੀ ਇਹ ਸਪੱਸ਼ਟ ਹੈ ਕਿ ਇਹ ਕਿਸ ਦੇ ਅਸਰ ਹੇਠ ਹੋਇਆ। ਬੰਗਾਲ ਦੇ ਤਰਾਸਵਾਦੀਆਂ ਦਾ ਇਕ ਤਰੀਕਾਕਾਰ ਇਨਕਲਾਬੀ ਫੰਡਾਂ ਵਾਸਤੇ ਮਾਇਆ ਅਕੱਠੀ ਕਰਨ ਲਈ ਡਾਕੇ ਮਾਰਨ ਦਾ ਸੀ, ਅਤੇ ਗਦਰੀ ਇਨਕਲਾਬੀਆਂ ਨੇ ਓਦੋਂ ਡਾਕੇ ਮਾਰੇ ਜਦੋਂ ਉਨਾਂ ਦਾ ਮੇਲ ਮਿਲਾਪ ਬੰਗਾਲੀ ਇਨਕਲਾਬੀਆਂ ਨਾਲ ਕਾਇਮ ਹੋ ਚੁਕਾ ਸੀ। ਇਹ ਵੀ ਸ਼ਹਾਦਤ ਹੈ ਕਿ ਸ੍ਰੀ ਕਰਤਾਰ ਸਿੰਘ 'ਸਰਾਭਾ', ਜਿਨ੍ਹਾਂ ਨੇ ਡਾਕਿਆਂ ਵਿਚ ਵਧ ਚੜ੍ਹਕੇ ਹਿੱਸਾ ਲਿਆ, ਸ਼੍ਰੀ ਰਾਸ਼ ਬਿਹਾਰੀ ਬੋਸ ਨਾਲ ਸਲਾਹ ਕਰਨ ਪਿਛੋਂ ੨੧ ਜਨਵਰੀ ਨੂੰ ਡਾਕੇ ਮਾਰਨ ਦੀ ਨੀਯਤ ਨਾਲ ਅੰਮ੍ਰਿਤਸਰੋਂ ਲੁਧਿਹਾਣੇ ਵਾਸਤੇ ਰਵਾਨਾ ਹੋਏ*। ਡਾਕਿਆਂ ਤੋਂ ਜੋ ਲੁਟ ਪ੍ਰਾਪਤ ਹੁੰਦੀ ਰਹੀ, ਉਸ ਦਾ ਬਹੁਤ ਵਡਾ ਹਿੱਸਾ ਬੰਗਾਲੀ ਇਨਕਲਾਬੀਆਂ ਦੇ ਹਵਾਲੇ ਕਰ ਦਿਤਾ ਜਾਂਦਾ ਰਿਹਾ। ਪਰ ਇਸ ਦੇ ਬਾਵਜੂਦ ਬੰਗਾਲੀ ਇਨਕਲਾਬੀਆਂ ਦੇ ਸਿਰ ਇਹ ਦੋਸ਼ ਮੜ੍ਹਨਾ ਹੱਕ ਬਜਾਨਬ ਨਹੀਂ ਕਿ ਉਨ੍ਹਾਂ ਨੇ ਗਦਰੀ ਇਨਕਲਾਬੀਆਂ ਨੂੰ ਸਾਧਾਰਨ ਸ਼ਹਿਰੀਆਂ ਉਤੇ ਡਾਕੇ ਮਾਰਨ ਵਾਸਤੇ ਪ੍ਰੇਰਿਆ। ਬੰਗਾਲੀ ਇਨਕਲਾਬੀ ਪੰਜਾਬ ਦੇ ਹਾਲਾਤ ਤੋਂ ਨਾਵਾਕਫ ਸਨ, ਅਤੇ ਡਾਕੇ ਮਾਰਨ ਸੰਬੰਧੀ ਆਮ ਪ੍ਰੇਰਨਾ ਤੋਂ ਸਵਾਏ, ਉਨ੍ਹਾਂ ਦਾ ਇਸ ਚੋਣ ਵਿਚ ਹੱਥ ਨਹੀਂ ਹੋ ਸਕਦਾ ਸੀ, ਕਿ ਡਾਕਾ ਮਾਰਨ ਵਾਸਤੇ ਕਿਸ ਆਸਾਮੀਂ ਨੂੰ ਚੁਣਿਆਂ ਜਾਏ। ਜਾਪਦਾ ਹੈ ਕਿ ਮਾਇਆ ਦੀ ਥੁੜ ਨੂੰ ਜਲਦੀ ਪੂਰਾ ਕਰਨ ਦੀ ਤੀਬਰ ਇੱਛਿਆ ਅਧੀਨ ਜਿਸ ਆਸਾਮੀ ਦੀ ਦੱਸ ਪਈ, ਜਲਦਬਾਜ਼ੀ ਵਿਚ ਉਸੇ ਬੰਨੇ ਰੁਖ ਕਰ ਲਿਆ ਗਿਆ।

ਸਭ ਤੋਂ ਪਹਿਲਾ ਡਾਕਾ ੨੩ ਜਨਵਰੀ ੧੯੧੫ ਨੂੰ ਸਾਨ੍ਹੇਵਾਲ (ਜ਼ਿਲਾ ਲੁਧਿਹਾਣਾ) ਵਿਚ ਮਾਰਿਆ ਗਿਆ। ੨੧ ਜਨਵਰੀ ਦੇ ਕਰੀਬ ਲਾਹੌਰ ਪੈਸਿਆਂ ਦੀ ਥੁੜ ਬਾਰੇ ਵੀਚਾਰ ਹੋਈ, ਅਤੇ ਡਾਕਿਆਂ ਰਾਹੀਂ ਫੰਡ ਅਕੱਠਾ ਕਰਨ ਦਾ ਫੈਸਲਾ

---

*First Case, The Objects of going to India, p. 4.

†First Case, The Dacoities, p. 1.

*First Case, Evidence, Kartar Singh, V. Sarabha, Recalled for Examination.

†First Case, Individual Case of Nidhan Singh, p. 1.

*First Case, The Dacoities, p. 1.

*First Case, The Dacoities, p. 2.



Digitized by Panjab Digital Library | www.panjabdigilib.org

ਕੀਤਾ ਗਿਆ। ਸ਼੍ਰੀ ਕਰਤਾਰ ਸਿੰਘ 'ਸਰਾਭਾ', ਸ਼੍ਰੀ ਹਰਨਾਮ ਸਿੰਘ 'ਸਿਆਲਕੋਟੀ', ਸ਼੍ਰੀ ਜਗਤ ਸਿੰਘ (ਸੁਰਸਿੰਗ) ਸ਼੍ਰੀ ਭੁਲੀਆ ਸਿੰਘ, ਸ਼੍ਰੀ ਬਲਵੰਤ ਸਿੰਘ 'ਸਠਿਆਲਾ', ਸ਼੍ਰੀ ਬਲਵੰਤ ਸਿੰਘ, ਅਤੇ ਸ਼੍ਰੀ ਰਾਮ ਰਖਾ, ਬੰਬਾਂ, ਰੀਵਾਲਵਰਾਂ ਅਤੇ ਪਸਤੌਲਾਂ ਨਾਲ ਸਨੱਧ ਬੱਧ ਹੋਕੇ, ਲੁਧਿਹਾਣੇ ਨੂੰ ਗਏ। ਡਾਕੇ ਤੋਂ ਪਹਿਲੋਂ ਇਸਲਾਮੀਆਂ ਬੋਰਡਿੰਗ ਹਾਊਸ ਲੁਧਿਹਾਣੇ ਵਿਚ ਦੋ ਮੀਟਿੰਗਾਂ ਹੋਈਆਂ, ਅਤੇ ਸ਼੍ਰੀ ਕਰਤਾਰ ਸਿੰਘ 'ਸਰਾਭਾ' ਨੇ ਸਾਥੀਆਂ ਨੂੰ ਛੇਵੇਂ ਮੀਲ ਉਤੇ ਇਕ ਟਾਹਲੀ ਦੇ ਦਰੱਖਤ ਹੇਠ ਅਕੱਠੇ ਹੋਣ ਵਾਸਤੇ ਆਖਿਆ।

ਇਨਕਲਾਬੀਆਂ ਦੀ ਇਕ ਟੋਲੀ ਘਰ ਵਿਚ ਵੜ ਗਈ, ਅਤੇ ਬੀਬੀ ਸੋਭੀ, ਉਸ ਦੇ ਪਤੀ ਅਤੇ ਧੀ ਨੂੰ ਕੁੱਟਕੇ ਜੋ ਕੁਝ ਵੀ ਗਹਿਣੇ ਲੱਭੇ ਲੈ ਕੇ ਚਲਦੀ ਹੋਈ। ਉਨ੍ਹਾਂ ਦੇ ਜਾਣ ਪਿਛੋਂ ਖੁਸ਼ੀ ਰਾਮ, ਬੀਬੀ ਸੋਭੀ ਦਾ ਪਤੀ, ਸੱਟਾਂ ਦੇ ਕਾਰਨ ਮਰ ਗਿਆ। ਸ਼੍ਰੀ ਕਰਤਾਰ ਸਿੰਘ 'ਸਰਾਭਾ' ਬੰਬਾਂ ਨਾਲ ਸਨੱਧ ਬੱਧ ਹੋਕੇ ਸੜਕ ਉਤੇ ਪਹਿਰਾ ਦੇਂਦੇ ਰਹੇ। ਬਹੁਤ ਘੱਟ ਮਾਲ ਹੱਥ ਲੱਗਾ, ਅਤੇ ਗਹਿਣੇ ਪਿਛੋਂ ਪੁਲਸ ਦੇ ਹੱਥ ਆ ਗਏ।

ਦੂਸਰਾ ਡਾਕਾ ੨੭ ਜਨਵਰੀ ਨੂੰ ਮਨਸੂਰਾਂ ਪਿੰਡ ਵਿਚ ਮਾਰਿਆ ਗਿਆ, ਜਿਸ ਥਾਂ ਇਕ ਆਸਾਮੀ ਦੀ ਸ਼੍ਰੀ ਗੁਰਮੁਖ ਸਿੰਘ 'ਲਲਤੋਂ' ਨੇ ਦੱਸ ਪਾਈ ਸੀ। ਅਕੱਠੇ ਹੋਣ ਵਾਲੀ ਥਾਂ ਤੋਂ ਇਨਕਲਾਬੀ ਇਕ ਸ਼ਾਹੂਕਾਰ ਦੇ ਘਰ ਨੂੰ ਗਏ,ਜਿਹੜਾ ਅੰਦਰੋਂ ਬੰਦ ਸੀ। ਸ਼੍ਰੀ ਗੁਰਮੁਖ ਸਿੰਘ 'ਲਲਤੋਂ', ਸ਼੍ਰੀ ਅਰਜਨ ਸਿੰਘ, ਅਤੇ ਸ਼੍ਰੀ ਰਾਮ ਰੱਖਾ, ਛੱਤ ਉਤੇ ਚੜ੍ਹਕੇ ਸੇਹਨ ਵਿਚ ਚਲੇ ਗਏ, ਅਤੇ ਅੰਦਰੋਂ ਦਰਵਾਜ਼ਾ ਖੋਲ ਦਿੱਤਾ। ਗਵਾਂਢੀ ਘਰਾਂ ਦੇ ਬਾਹਰੋਂ ਦਰਵਾਜ਼ੇ ਬੰਦ ਕਰ ਦਿੱਤੇ ਗਏ। ਸ਼੍ਰੀ ਕਰਤਾਰ ਸਿੰਘ 'ਸਰਾਭਾ', ਦਲੀਪ ਸਿੰਘ, ਅਤੇ ਸ਼੍ਰੀ ਰਾਮ ਰੱਖਾ ਗਲੀ ਵਿਚ ਪਹਿਰਾ ਦੇਂਦੇ ਰਹੇ। ਪਿੰਡ ਦੇ ਕੁਝ ਲੋਕ ਅਕੱਠੇ ਹੋ ਗਏ, ਜਿਨ੍ਹਾਂ ਨੂੰ ਸ਼੍ਰੀ ਕਰਤਾਰ ਸਿੰਘ 'ਸਰਾਭਾ' ਨੇ ਲੈਕਚਰ ਦਿੱਤਾ ਕਿ ਅੰਗਰੇਜ਼ਾਂ ਨੂੰ ਕੱਢਣ ਵਾਸਤੇ ਪੈਸੇ ਅਕੱਠੇ ਕੀਤੇ ਜਾ ਰਹੇ ਹਨ। ਇਕ ਪੇਂਡੂ ਲਾਠੀ ਲੈ ਕੇ ਆਇਆ, ਜਿਸ ਉਤੇ ਸ਼੍ਰੀ ਕਰਤਾਰ ਸਿੰਘ ਨੇ ਪਸਤੌਲ ਚਲਾਇਆ ਅਤੇ ਉਹ ਪੇਂਡੂ ਭਜ ਗਿਆ। ਘਰ ਤੋਂ ਇਨਕਲਾਬੀ ਸ਼ਾਹੂਕਾਰ ਦੀ ਦੁਕਾਨ ਉਤੇ ਗਏ, ਅਤੇ ਫਿਰ ਇਕ ਹੋਰ ਸ਼ਾਹੂਕਾਰ ਦੀ ਦੁਕਾਨ ਉਤੇ। ਓਥੇ ਸੋਨੇ ਚਾਂਦੀ ਦੇ ਬਕਸ ਤੋੜੇ ਗਏ, ਜਿਥੋਂ ਕੁਝ ਮੋਹਰਾਂ ਹੱਥ ਲਗੀਆਂ। ਇਤਨੇ ਚਿਰ ਨੂੰ ਬਹੁਤ ਸਾਰੇ ਪੇਂਡੂ ਜਮਾਂ ਹੋ ਗਏ, ਜਿਨ੍ਹਾਂ ਨੇ ਇਨਕਲਾਬੀਆਂ ਉਤੇ ਫਾਇਰ ਕਰਨੇ ਸ਼ੁਰੂ ਕਰ ਦਿਤੇ। ਦਲੀਪ ਸਿੰਘ ਨੇ ਬੰਬ ਚਲਾਇਆ ਅਤੇ ਇਨਕਲਾਬੀ ਪਿੰਡ ਵਿਚੋਂ ਨਿਕਲ ਕੇ ਨਾਲ ਦੇ ਸਰਕੜਿਆਂ ਵਿਚ ਜਾ ਵੜੇ।

ਸੋਨੇ ਦੇ ਗਹਿਣੇ ਚੱਬੇ ਦੇ ਡਾਕੇ ਦੇ ਮਾਲ ਨਾਲ ਵਰਤੇ ਗਏ, ਚਾਂਦੀ ਦੇ ਖੂਹ ਵਿਚ ਸੁਟ ਦਿਤੇ ਗਏ, ਅਤੇ ੧੧ ਮੋਹਰਾਂ ਇਨਕਲਾਬੀਆਂ ਦੇ ਜ਼ਾਤੀ ਖਰਚਾਂ ਵਾਸਤੇ ਵੰਡੀਆਂ ਗਈਆਂ।

੨੯ ਜਨਵਰੀ ਨੂੰ ਝਨੇਰ (ਮਲੇਰ ਕੋਟਲਾ ਰਿਆਸਤ) ਵਿਚ ਡਾਕਾ ਮਾਰਿਆ ਗਿਆ, ਜਿਥੋਂ ਦੀ ਦੱਸ ਸੁੰਦਰ ਸਿੰਘ ਪਟਿਆਲਾ ਨੇ ਪਾਈ। ਸੁੰਦਰ ਸਿੰਘ ਨੇ ਘਰ ਵਖਾਇਆ। ਸ਼੍ਰੀ ਗਾਂਧਾ ਸਿੰਘ ਛੱਤ ਉਤੇ ਚੜ੍ਹ ਗਏ, ਅਤੇ ਸ੍ਰੀ ਕਰਮ ਸਿੰਘ ਸੁੰਦਰ ਸਿੰਘ ਅਤੇ ਨੰਦ ਸਿੰਘ ਘਰ ਦੇ ਨਜ਼ਦੀਕ ਪਹਿਰਾ ਦਿੰਦੇ ਰਹੇ। ਬਾਣੀਏ ਦਾ ਘਰ ਲੁਟ ਕੇ ਇਕ ਦੂਸਰੇ ਘਰ ਵਿਚ ਗਏ। ਗਲੀਆਂ ਵਿਚ ਇਨਕਲਾਬੀਆਂ ਨੇ ਲੋਕਾਂ ਨੂੰ ਹੋਕਾ ਦਿਤਾ ਕਿ ਉਹ ਘਬਰਾਉਣ ਨਾ, ਕਿਉਂਕਿ ਉਹ ਸਿਰਫ ਸਰਕਾਰ ਨਾਲ ਲੜਨ ਵਾਸਤੇ ਪੈਸੇ ਅਕੱਠੇ ਕਰ ਰਹੇ ਸਨ। ਇਸ ਡਾਕੇ ਵਿਚ ੧੬ ਸੇਰ ਚਾਂਦੀ ਅਤੇ ੭ ਤੋਲੇ ਸੋਨਾ ਹੱਥ ਲੱਗਾ।

ਦੂਸਰੀ ਅਤੇ ਤੀਸਰੀ ਫਰਵਰੀ ਦੀ ਦਰਮਿਆਨੀ ਰਾਤ ਨੂੰ ਚੱਬੇ (ਜ਼ਿਲਾ ਅੰਮ੍ਰਿਤਸਰ) ਵਿਚ ਡਾਕਾ ਮਾਰਿਆ ਗਿਆ, ਜੋ ਕਿ ਇਨਕਲਾਬੀਆਂ ਦੀਆਂ ਪਲੈਨਾਂ ਫੇਲ ਹੋਣ ਦਾ ਫੌਰੀ ਕਾਰਨ ਬਣਿਆ। ਵਸਾਵਾ ਸਿੰਘ 'ਗਿਲਵਾਲੀ', ਜਿਸ ਨੇ ਬੇਲੀ ਰਾਮ ਦਾ ਕਰਜ਼ਾ ਦੇਣਾ ਸੀ, ਨੇ ਬੇਲੀ ਰਾਮ ਸ਼ਾਹੂਕਾਰ ਦੇ ਘਰ ਦੀ ਦੱਸ ਪਾਈ। ਇਨਕਲਾਬੀਆਂ ਤੋਂ ਇਲਾਵਾ ਡਾਕੇ ਵਿਚ ਕੁਝ ਮੁਕਾਮੀ ਆਦਮੀ, ਜਿਨ੍ਹਾਂ ਦੀ ਬੇਲੀ ਰਾਮ ਨਾਲ ਕਿਰੜ ਸੀ, ਵੀ ਸ਼ਾਮਲ ਹੋਏ।

ਸ਼੍ਰੀ ਹਰਨਾਮ ਸਿੰਘ 'ਸਿਆਲਕੋਟੀ', ਸ਼੍ਰੀ ਰਾਮ ਰੱਖਾ, ਸ਼੍ਰੀ ਜਵੰਦ ਸਿੰਘ, ਸ਼੍ਰੀ ਬੀਰ ਸਿੰਘ, ਅਮਲੀ, ਸ਼੍ਰੀ ਅਰਜਨ ਸਿੰਘ, ਅਤੇ ਸ਼੍ਰੀ ਜਗਤ ਸਿੰਘ ਦੀ ਟੋਲੀ ਬੰਬ ਪਸਤੌਲ ਲੈ ਕੇ ਅੰਮ੍ਰਿਤਸਰ ਤੋਂ ਚੱਲੀ। ਮੁਕਾਮੀ ਆਦਮੀ ਪਹਿਲੋਂ ਸੁਰੈਣ ਸਿੰਘ ਦੀ ਹਵੇਲੀ ਅਕੱਠੇ ਹੋਏ, ਜਿਥੋਂ ਉਹ ਇਕੱਠੇ ਹੋਣ ਵਾਲੀ ਉਸ ਨੀਯਤ ਥਾਂ ਤੇ ਗਏ ਜਿਥੇ ਅੰਮ੍ਰਿਤਸਰ ਦੀ ਪਾਰਟੀ ਵੀ ਆ ਮਿਲੀ। ਉਥੇ ਸਾਰੇ ਰਲਕੇ ਬੇਲੀ ਰਾਮ ਦੇ ਘਰ ਗਏ, ਜੋ ਅੰਦਰੋਂ ਬੰਦ ਸੀ। ਬੂਹਾ ਖੜਕਾਇਆ, ਜਿਸ ਪਰ ਇਕ ਲੜਕੇ ਨੇ ਜਾਗ ਕੇ ਰੌਲਾ ਪਾ ਦਿੱਤਾ। ਇਸ ਉਪਰ ਸ਼੍ਰੀ ਅਰਜਨ ਸਿੰਘ ਨੇ ਪਸਤੌਲ ਚਲਾ ਦਿੱਤਾ। ਨਾਲ ਦੇ ਗਵਾਂਢੀ, ਜਿਸ ਨੇ ਬਾਰੀ ਖੋਲੀ, ਉਪਰ ਵੀ ਪਸਤੌਲ ਚਲਾਇਆ ਗਿਆ। ਬੇਲੀ ਰਾਮ ਦੇ ਟਰੰਕ ਤੇ ਸੰਦੂਕ ਖੋਲੇ ਗਏ ਅਤੇ ਸਾਮਾਨ ਕੱਢਿਆ ਗਿਆ। ਸ਼੍ਰੀ ਪਰੇਮ ਸਿੰਘ, ਬਖਸ਼ੀਸ਼ ਸਿੰਘ ਅਤੇ ਸੁਰੈਣ ਸਿੰਘ ਨੇ ਬੇਲੀ ਰਾਮ ਨੂੰ ਚਾਬੀਆਂ ਦੇਣ ਵਾਸਤੇ ਮਾਰਿਆ, ਜਿਸ ਨਾਲ ਉਹ ਬੇਹੋਸ਼ ਹੋ ਗਿਆ ਅਤੇ ਪਿੱਛੋਂ ਮਰ ਗਿਆ। ਬੇਲੀ ਰਾਮ ਦਾ ਸੇਫ ਵੀ ਤੋੜਿਆ ਗਿਆ ਅਤੇ ਵਿਚੋਂ ਸੋਨੇ ਚਾਂਦੀ ਦੇ ਗਹਿਣੇ ਕਢੇ ਗਏ। ਬਖਸ਼ੀਸ਼ ਸਿੰਘ ਅਤੇ ਸੁਰੈਣ ਸਿੰਘ ਨੇ ਬੇਲੀ ਰਾਮ ਦੇ ਅਸ਼ਟਾਮ ਸਾੜ ਦਿੱਤੇ।

ਜਦੋਂ ਇਨਕਲਾਬੀ ਬੇਲੀ ਰਾਮ ਦੇ ਘਰ ਵਿਚੋਂ ਨਿਕਲਣ ਲੱਗੇ ਸਨ ਤਾਂ ਬਾਹਰ ਪੇਂਡੂ ਅਕੱਠੇ ਹੋ ਚੁਕੇ ਸਨ। ਸ਼੍ਰੀ ਅਰਜਨ ਸਿੰਘ ਨੇ ਪੇਂਡੂਆਂ ਉਤੇ ਬੰਬ ਸੁਟਿਆ, ਪਰ ਇਹ ਚਿਕੜ ਵਿਚ ਜਾ ਪੈਣ ਕਰਕੇ ਕਿਸੇ ਦਾ ਨੁਕਸਾਨ ਨਾ ਹੋਇਆ। ਸ਼੍ਰੀ ਰਾਮ ਰਖਾ ਨੇ ਉਸੇ ਬੰਨੇ ਇਕ ਹੋਰ ਬੰਬ ਸੁਟਿਆ; ਪਰ ਇਹ ਕੰਧ ਨਾਲ ਵਜ ਕੇ ਫਟ ਗਿਆ, ਜਿਸ ਨਾਲ ਅਮਲੀ ਤਾਂ ਉਥੇ ਹੀ ਮਰ ਗਿਆ ਅਤੇ ਸ਼੍ਰੀ ਰਾਮ ਰਖਾ ਦੇ ਦੋਵੇਂ ਹੱਥ ਉਡ ਗਏ। ਸ਼੍ਰੀ ਰਾਮ ਰਖਾ ਨੂੰ ਉਸ ਦੇ ਸਾਥੀ ਚੁਕ ਕੇ ਲੈ ਗਏ, ਅਤੇ ਉਨ੍ਹਾਂ ਦਾ ਅਜ ਤਕ ਪਤਾ ਨਹੀਂ ਲਗਾ ਕਿ ਉਨ੍ਹਾਂ ਦਾ ਕੀ ਬਣਿਆ। ਸ਼੍ਰੀ ਅਰਜਨ ਸਿੰਘ ਨੇ ਤੀਸਰਾ ਬੰਬ ਪੇਂਡੂਆਂ ਉਤੇ ਸੁਟਿਆ, ਅਤੇ ਉਸ ਦੇ ਧੂੰਏ ਦੀ ਆੜ ਵਿਚ ਇਨਕਲਾਬੀ ਪਿੰਡ ਵਿਚੋਂ ਨਿਕਲ ਗਏ। ਜਦ ਗਲੀ ਵਿਚੋਂ ਨਿਕਲ ਰਹੇ ਸਨ, ਤਾਂ ਪੇਂਡੂਆਂ ਸ਼੍ਰੀ ਅਰਜਨ ਸਿੰਘ ਨੂੰ ਫੜ ਲਿਆ, ਪਰ ਉਸ ਨੂੰ ਸ਼੍ਰੀ ਪ੍ਰੇਮ ਸਿੰਘ ਨੇ ਛੁਡਾ ਲਿਆ। ਫਿਰ ਸ਼੍ਰੀ ਪ੍ਰੇਮ ਸਿੰਘ ਫੜਿਆ ਗਿਆ, ਅਤੇ ਸ਼੍ਰੀ ਅਰਜਨ ਸਿੰਘ ਨੇ ਬੰਬ ਸੁਟਕੇ ਅਤੇ ਪਸਤੌਲ ਚਲਾ ਕੇ ਉਨ੍ਹਾਂ ਨੂੰ ਛੁਡਾ ਲਿਆ। ਪਰ ਕਾਲਾ ਸਿੰਘ ਲੁਹਾਰ, ਜਿਸ ਨੂੰ ਸੇਫ ਤੋੜਨ ਲਈ ਨਾਲ ਲਿਜਾਇਆ ਗਿਆ ਸੀ, ਨੂੰ ਪੇਂਡੂਆਂ ਫੜ ਲਿਆ।

ਚੱਬੇ ਦੇ ਡਾਕੇ ਬਾਰੇ ਸ਼ਹਾਦਤ ਹੈ ਕਿ ਅੰਮ੍ਰਿਤਸਰ ਪਾਰਟੀ ਨੂੰ ਇਹ ਤਾੜਨਾ ਕੀਤੀ ਗਈ ਸੀ ਕਿ ਕੋਈ ਕਤਲ ਨਾ ਕੀਤਾ ਜਾਏ, ਅਤੇ ਬੇਲੀ ਰਾਮ ਦੀ ਮੌਤ ਨੂੰ ਬਾਕਾਇਦਾ ਇਨਕਲਾਬੀਆਂ ਨੇ ਬੁਰਾ ਮਨਾਇਆ*।

---

*First Case, The Dacoities p. 19.



Digitized by Panjab Digital Library | www.panjabdigilib.org

ਰੱਬੋ ਡਾਕੇ ਦੀ ਲੁਟ ਮੂਲਾ ਸਿੰਘ ਦੇ ਹਵਾਲੇ ਕਰ ਦਿੱਤੀ ਗਈ, ਜਿਸ ਨੇ ਸੋਨਾ ਪਿਘਲਾਕੇ ਸ਼੍ਰੀ ਰਾਸ਼ ਬਿਹਾਰੀ ਬੋਸ ਦੇ ਹਵਾਲੇ ਕਰ ਦਿੱਤਾ; ਅਤੇ ਚਾਂਦੀ, ਸ਼੍ਰੀ ਰਾਸ਼ ਬਿਹਾਰੀ ਬੋਸ ਦੀ ਹਦਾਇਤ ਅਨੁਸਾਰ, ਸ਼੍ਰੀ ਰਾਓ ਦੇ ਬਨਾਰਸ ਲੈ ਜਾਣ ਵਾਸਤੇ ਹਵਾਲੇ ਕਰ ਦਿੱਤੀ ਗਈ।

੩ ਫਰਵਰੀ ਨੂੰ ਰਾਹੋਂ (ਜ਼ਿਲਾ ਲੁਧਿਹਾਣਾ) ਡਾਕਾ ਮਾਰਿਆ ਗਿਆ। ਇਸ ਘਰ ਪਹਿਲੋਂ ਕਈ ਵੇਰ ਹੋਰ ਸਾਧਾਰਨ ਡਾਕੂ ਪੈਂਦੇ ਰਹੇ, ਪਰ ਨਾਕਾਮਯਾਬ ਹੁੰਦੇ ਰਹੇ। ਆਖਰ ਡਾਕੂਆਂ ਦਾ ਮੇਲ ਸ਼੍ਰੀ ਗਾਂਧਾ ਸਿੰਘ ਨਾਲ ਹੋ ਗਿਆ, ਅਤੇ ਉਨ੍ਹਾਂ ਨੇ ਇਨਕਲਾਬੀਆਂ ਨੂੰ ਉਥੇ ਡਾਕਾ ਮਾਰਨ ਦੀ ਪ੍ਰੇਰਨਾ ਕੀਤੀ। ਡਾਕੇ ਦੀ ਨੀਯਤ ਨਾਲ ਜਿਸ ਖੂਹ ਉਤੇ ਇਨਕਲਾਬੀ ਅਕੱਠੇ ਹੋਏ ਸਨ, ਉਥੋਂ ਸ਼੍ਰੀ ਚੂਹੜ ਸਿੰਘ 'ਲੀਲ' ਪਿੰਡ ਗਏ, ਅਤੇ ਪਤਾ ਲਿਆਏ ਕਿ ਲੋਕ ਸੁਤੇ ਪਏ ਹਨ। ਇਸ ਪੁਰ ਇਨਕਲਾਬੀਆਂ ਦਾ ਜੱਥਾ ਪਿੰਡ ਚਲਾ ਗਿਆ। ਰਸਤੇ ਵਿਚ ਇਕ ਆਦਮੀ ਨੂੰ ਫੜ ਕੇ ਉਸ ਨੂੰ ਬੀਬੀ ਸਾਰਦੀ ਦਾ ਘਰ ਵਖਾਉਣ ਲਈ ਮਜਬੂਰ ਕੀਤਾ ਗਿਆ, ਅਤੇ ਫਿਰ ਉਸ ਆਦਮੀ ਨੂੰ ਉਸ ਦੇ ਘਰ ਵਿਚ ਡੱਕ ਦਿੱਤਾ ਗਿਆ। ਬੀਬੀ ਸਾਰਦੀ ਦਾ ਘਰ ਲੁਟਿਆ ਗਿਆ, ਅਤੇ ਜਦ ਉਸ ਨੇ ਤਰਲੇ ਕਢੇ ਕਿ ਉਸ ਦੇ ਖਾਣ ਵਾਸਤੇ ਤਾਂ ਕੁਝ ਛੱਡ ਦਿੱਤਾ ਜਾਏ, ਤਾਂ ਸ਼੍ਰੀ ਚੂਹੜ ਸਿੰਘ ਨੇ ਉਸ ਨੂੰ ਕੁਝ ਰੁਪੱਯ ਵਾਪਸ ਕਰ ਦਿੱਤੇ।

ਡਾਕੇ ਦੀ ਲੁਟ ਵਿਚੋਂ ਇਕ ਹਜ਼ਾਰ ਰੁਪੱਯ ਨਕਦ ਸ਼੍ਰੀ ਨਿਧਾਨ ਸਿੰਘ ਚੁਘਾ ਰਾਹੀਂ ਮੂਲਾ ਸਿੰਘ ਨੂੰ ਅੰਮ੍ਰਿਤਸਰ ਪੁਚਾ ਦਿਤੇ ਗਏ। ਬਾਕੀ ਦਾ ਮਾਲ ਡਾਕੂਆਂ, ਜੋ ਇਨਕਲਾਬੀਆਂ ਨਾਲ ਰਲੇ ਸਨ, ਨੇ ਵੰਡ ਲਿਆ, ਪਰ ਇਨਕਲਾਬੀਆਂ ਨੇ ਆਪਣੀ ਜ਼ਾਤ ਵਾਸਤੇ ਕੁਝ ਲੈਣੋਂ ਨਾਂਹ ਕਰ ਦਿੱਤੀ*।

ਇਨ੍ਹਾਂ ਡਾਕਿਆਂ ਤੋਂ ਇਲਾਵਾ ਕਈ ਹੋਰ ਛੋਟੇ ਮੋਟੇ ਡਾਕੇ ਮਾਰੇ ਗਏ, ਅਤੇ ਕਈ ਸਲਾਹਾਂ ਮਸ਼ਵਰਿਆਂ ਵਿਚ ਰਹਿ ਗਏ। ਡਾਕਿਆਂ ਬਾਰੇ ਪਹਿਲੇ ਕੇਸ ਦੇ ਜੱਜ ਆਪਣੇ ਫੈਸਲੇ ਵਿਚ ਲਿਖਦੇ ਹਨ ਕਿ, "ਇਹ ਸਰਕਾਰ ਵਿਰੁਧ ਬਗਾਵਤ ਕਰਨ ਵਾਸਤੇ ਹਥਿਆਰ ਅਤੇ ਬੰਬ ਲੈਣ ਵਾਸਤੇ ਫੰਡ ਅਕੱਠੇ ਕਰਨ ਲਈ ਮਾਰੇ ਗਏ, ਅਤੇ ਸਾਨੂੰ ਤਸੱਲੀ ਹੈ ਕਿ ਲੁਟ, ਜੋ ਪ੍ਰਾਪਤ ਕੀਤੀ ਗਈ, ਦਾ ਕਾਫੀ ਹਿੱਸਾ ਇਸ ਮਕਸਦ ਵਾਸਤੇ ਵਰਤਿਆ ਵੀ ਗਿਆ"†।

## (ਕ) ਫੌਜਾਂ ਵਿਚ ਕੰਮ

"ਸ਼ਾਇਦ ਸਭ ਤੋਂ ਜ਼ਰੂਰੀ, ਅਤੇ ਬਿਨਾਂ ਸ਼ਕ ਸਭ ਤੋਂ ਖਤਰਨਾਕ, ਕਦਮ ਜਿਹੜਾ ਸਾਜ਼ਸ਼ੀਆਂ ਨੇ ਆਪਣੇ ਮੰਤਵ ਦੀ ਪੂਰਤੀ ਲਈ ਚੁਕਿਆ, ਉਹ ਫੌਜਾਂ ਨੂੰ ਬਾਦਸ਼ਾਹ ਸਲਾਮਤ ਦੀ ਵਫਾਦਾਰੀ ਤੋਂ ਵਰਗਲਾਉਣ ਜਾਂ ਵਰਗਲਾਉਣ ਦੀ ਕੋਸ਼ਸ਼ ਕਰਨ ਦਾ ਸੀ‡"। ਹੇਠਾਂ ਦਿਤੇ ਹਵਾਲਿਆਂ ਤੋਂ ਜ਼ਾਹਰ ਹੁੰਦਾ ਹੈ ਕਿ ਫੌਜਾਂ ਵਿਚ ਕੰਮ ਗਦਰੀ ਇਨਕਲਾਬੀਆਂ ਦੀ ਹਿੰਦ ਵਿਚਲੀਆਂ ਕਾਰਰਵਾਈਆਂ ਦੀ ਪਲੈਨ ਦਾ ਸ਼ੁਰੂ ਤੋਂ ਧੁਰਾ ਸੀ।

"ਗਦਰ, ਸ਼ਾਜ਼ਸ਼ ਦਾ ਮੁਢ, ਇਸ ਕੰਮ ਨੂੰ ਆਪਣੇ ਪ੍ਰੋਗਰਾਮ ਦੇ ਮੋਹਰੇ ਰੱਖਦਾ ਹੈ, ਅਤੇ ਇਸ ਦੇ ਕਾਲਮਾਂ ਵਿਚ ਇਸ ਮਸਲੇ ਬਾਰੇ ਕਈ ਥਾਈਂ ਜ਼ਿਕਰ ਆਉਂਦਾ ਹੈ, ਜਿਨ੍ਹਾਂ ਵਿਚੋਂ ਕੁਝ, ਬਿਨਾਂ ਕਿਸੇ ਵਿਉਂਤ ਦੇ ਚੁਣੇ, ਅਸੀਂ ਹੇਠਾਂ ਦਿੰਦੇ ਹਾਂ :—

(ੳ) "ਜਾਓ ਅਤੇ ਫੌਜਾਂ ਨੂੰ ਜਗਾਓ, ਤਲਵਾਰ ਦੇ ਧਨੀਓਂ ਤੁਸੀਂ ਸੁੱਤੇ ਕਿਉਂ ਹੋ" ?

(ਅ) ਤੁਸੀਂ ਗੋਰਿਆਂ ਦੀ ਥਾਂ ਜਾਕੇ ਲੜਦੇ ਹੋ।........ ਤੁਸੀਂ ਹੋਰਨਾਂ ਮੁਲਕਾਂ ਉਤੇ ਹੱਲੇ ਕਰਦੇ ਹੋ। ਤੁਸੀਂ ਆਪਣੇ ਮੁਲਕ ਨੂੰ ਆਪਣੇ ਚਾਰਜ ਵਿਚ ਕਿਉਂ ਨਹੀਂ ਲੈਂਦੇ।

(ੲ) ਗਦਰ ਪਾਰਟੀ ਨੇ ਹਿੰਦੁਸਤਾਨ ਆਜ਼ਾਦ ਕਰਾਉਣ ਦਾ ਜ਼ਿਮਾ ਲਿਆ ਹੈ। ਤੁਹਾਡੇ ਪਾਸ ਸਿਪਾਹੀਆਂ ਦੀ ਕਾਫੀ ਗਿਣਤੀ ਹੈ, ਤੁਹਾਡੇ ਭਰਾ ਫੌਜ ਵਿਚ ਹਨ, ਅਤੇ ਬਹੁਤ ਸਾਰੇ ਰੀਜ਼ੱਰਵ ਅਤੇ ਪੈਨਸ਼ਨਰ ਸਿਪਾਹੀ ਪਿੰਡਾਂ ਵਿਚ ਰਹਿੰਦੇ ਹਨ।

(ਸ) ਜੇ ਤੁਹਾਨੂੰ ਪੁਲਸ ਜਾਂ ਫੌਜ ਦੇ ਆਦਮੀ ਮਿਲਣ ਤਾਂ ਆਪਣੇ ਮਕਸਦ ਦਾ ਪ੍ਰਚਾਰ ਉਨ੍ਹਾਂ ਨੂੰ ਕਰੋ।

(ਹ) ਐ ਫੌਜ ਦੇ ਸਿਪਾਹੀਓ, ਕੀ ਤੁਹਾਡਾ ਹਿੰਦੀਆਂ ਨਾਲ ਕੋਈ ਤਅੱਲਕ ਨਹੀਂ...........ਕੀ ਤੁਸਾਂ ਅੰਗਰੇਜ਼ਾਂ ਦੇ ਗੁਲਾਮ ਰਹਿਣ ਦੀ ਸਹੁੰ ਖਾਧੀ ਹੋਈ ਹੈ ?...........ਕੀ ਤੁਹਾਡੀ ਜਾਨ ਦਾ ਮੁਲ ਕੇਵਲ ਨੌ ਰੁਪੈ ਹੈ ?...........ਤੁਸੀਂ ਇਕ ਪਲ ਵਿਚ ਯੂਰਪੀਨਾਂ ਦਾ ਖੁਰਾ ਖੋਜ ਮਿਟਾ ਸਕਦੇ ਹੋ........ਐ ਬਹਾਦਰੋ ਤੁਸੀਂ ਕਿਤਨੀ ਦੇਰ ਗੁਲਾਮ ਰਹੋਗੇ ? ਉਠੋ ਤੇ ਆਪਣੇ ਆਪ ਨੂੰ ਕੁਰਬਾਨ ਕਰ ਦਿਓ"*।

"ਇਹ ਮੁਆਮਲਾ (ਫੌਜੀਆਂ ਨੂੰ ਵਰਗਲਾਉਣ ਦਾ) ਜ਼ਾਹਰਾ ਤੌਰ ਉਤੇ ਹਮੇਸ਼ਾਂ ਹੀ ਸਾਜ਼ਸ਼ੀਆਂ ਦੇ ਮਨਾਂ ਵਿਚ ਰਿਹਾ ਹੈ, ਕਿਉਂਕਿ ਮੂਲਾ ਸਿੰਘ (ਪੰਨਾ ੯੧) ਦੱਸਦਾ ਹੈ ਕਿ ਅਮਰੀਕਾ ਵਿਚ ਓਹ ਫੌਜ ਅਤੇ ਪੁਲਸ ਨੂੰ ਵਰਗਲਾਉਣ ਬਾਰੇ ਗਲਾਂ ਕੀਤਾ ਕਰਦੇ ਸਨ; ਅਤੇ ਨਵਾਬ ਖਾਨ ਦੱਸਦਾ ਹੈ ਕਿ (ਪੰਨਾ ੧੨੫, ੧੨੯) ਕਿ ਬਰਕ਼ਤੁਲਾ ਨੇ ਜੁਲਾਈ ਵਿਚ ਔਖਸਨਰਡ ਉਸ ਨੂੰ ਦੱਸਿਆ ਕਿ ਹਿੰਦ ਜਾਕੇ ਫੌਜਾਂ ਵਰਗਲਾਉਣ ਦਾ ਵਕਤ ਆ ਗਿਆ ਹੈ; ਅਤੇ ਫੌਜਾਂ ਨੂੰ ਵਰਗਲਾਉਣਾ ਉਨ੍ਹਾਂ ਮੁਆਮਲਿਆਂ ਵਿਚੋਂ ਸੀ ਜਿਨ੍ਹਾਂ ਬਾਰੇ 'ਤੋਸ਼ਾ ਮਾਰੂ' ਵਿਚ ਕਮੇਟੀ ਨੇ ਖਾਸ ਫੈਸਲਾ ਕੀਤਾ। ਜਵਾਲਾ ਸਿੰਘ (ਪੰਨਾ ੧੧੫) ਬਿਆਨ ਕਰਦਾ ਹੈ ਕਿ ਇਹੋ ਜੇਹਾ ਫੈਸਲਾ 'ਮਸ਼ੀਮਾ ਮਾਰੂ' ਉਤੇ ਕੀਤਾ ਗਿਆ, ਅਤੇ ਅਮਰ ਸਿੰਘ (ਪੰਨਾ ੬੩੬) ਦੱਸਦਾ ਹੈ ਕਿ, ਅਗਸਤ ੧੯੧੪ ਨੂੰ ਪੋਰਟ ਲੈਂਡ ਹੋਈ ਮੀਟਿੰਗ ਵਿਚ ਫੌਜਾਂ ਦੀ ਬਗਾਵਤ ਦਾ ਫੈਸਲਾ ਕੀਤਾ ਗਿਆ"*।

"ਅਮਰੀਕਾ ਤੋਂ ਤੁਰਨ ਵਾਲੇ ਦਿਨ ਤੋਂ ਲੈਕੇ ਹਿੰਦੁਸਤਾਨ ਅਪੜਨ ਤਕ ਸਾਜ਼ਸ਼ੀ ਰਸਤੇ ਵਿਚ ਵਖੋ ਵਖ ਬੰਦਰਗਾਹਾਂ, ਜਿਥੇ ਉਨ੍ਹਾਂ ਦੇ ਜਹਾਜ਼ ਲਗਦੇ ਰਹੇ, ਉਤੇ ਫੌਜਾਂ ਨੂੰ ਵਰਗਲਾਉਣ ਦੀ ਕੋਸ਼ਸ਼ ਕਰਦੇ ਰਹੇ"।

**ਸ਼ੰਘਾਈ:**— ਸ਼੍ਰੀ ਲਹਿਣਾ ਸਿੰਘ, 'ਸ਼੍ਰੀ ਸਰਦਾਰਾ ਸਿੰਘ ਅਤੇ ਇਕ ਗਰੰਥੀ ਦੀ ਡਿਊਟੀ ਲਾਈ ਗਈ।

**ਹਾਂਗਕਾਂਗ:**—ਜਦ 'ਕੋਰੀਆ' ਅਤੇ 'ਮਸ਼ੀਮਾ ਮਾਰੂ' ਜਹਾਜ਼ ਹਾਂਗ ਕਾਂਗ ਆਏ, ਤਾਂ ਗੁਰਦੁਆਰੇ ਵਿਚ ਅਠ ਦਿਨ ਬਗਾਵਤੀ ਮੀਟਿੰਗਾਂ ਹੁੰਦੀਆਂ ਰਹੀਆਂ, ਜਿਨ੍ਹਾਂ ਵਿਚ ਫੌਜੀ ਸਿਪਾਹੀ ਵੀ ਸ਼ਾਮਲ ਹੁੰਦੇ ਰਹੇ। "ਖਤਰਾ ਇਤਨਾ ਵਧ ਗਿਆ ਕਿ ਛਬਵੀਂ ਪਲਟਣ ਦੀਆਂ ਲਾਈਨਾਂ ਬਦਲਣ ਲਈ ਅਫਸਰ ਮਜਬੂਰ ਹੋ ਗਏ।

ਹਾਂਗ ਕਾਂਗ ਦੇ ਸਿਖ ਸਿਪਾਹੀਆਂ ਨੇ ਮਦਦ ਕਰਨ ਦਾ ਭਰੋਸਾ ਦਿਤਾ, ਪਰ ਓਹ ਗਦਰ ਸ਼ੁਰੂ ਕਰਨ ਦੇ ਹੱਕ ਵਿਚ ਨਹੀਂ

*First Case, The Dacoitis, p. 31.
†First Case, The Dacoities, p. 34.
‡First Case, The Seduction of Troops, p. 1.

*First Case, the Seduction of Troops, p. 1.

*First Case, The Seduction of Troops, p. 2.

ਸਨ, ਕਿਉਂਕਿ ਦੇਸੀ ਅਫਸਰ ਪੂਰੇ ਤੌਰ ਉਤੇ ਅੰਗਰੇਜ਼ਾਂ ਦੇ ਵਫਾਦਾਰ ਸਨ।

**ਸਿੰਘਾਪੁਰ:**—ਗਦਰੀ ਇਨਕਲਾਬੀਆਂ ਦੀਆਂ ਕੋਸ਼ਸ਼ਾਂ ਦਾ ਸਦੱਕਾ ਸਿੰਘਾਪੁਰ ਤਈਨਾਤ ਇਕ ਹਿੰਦੀ ਪਲਟਨ ਨੇ ਪਿਛੋਂ ਸਿੰਘਾਪੁਰ ਦਾ ਮਸ਼ਹੂਰ ਗਦਰ ਕੀਤਾ, ਜਿਸ ਦਾ ਵੀਹਵੇਂ ਕਾਂਡ ਵਿਚ ਵਿਸਥਾਰ ਨਾਲ ਜ਼ਿਕਰ ਕੀਤਾ ਗਿਆ ਹੈ।

**ਪੀਨਾਂਗ:**—ਜਦ 'ਤੋਸ਼ਾ ਮਾਰੂ' ਅਤੇ 'ਮਸ਼ੀਮਾ ਮਾਰੂ' ਜਹਾਜ਼ ਪੀਨਾਂਗ ਆਏ ਤਾਂ ਉਨ੍ਹਾਂ ਨੂੰ ਉਥੇ ਕੁਝ ਦਿਨ ਅੱਟਕਾ ਲਿਆ ਗਿਆ। ਇਨਕਲਾਬੀਆਂ ਨੇ ਸਮਝਿਆ ਕਿ ਉਨ੍ਹਾਂ ਦੇ ਜਹਾਜ਼ ਇਸ ਵਾਸਤੇ ਅੱਟਕਾਏ ਗਏ ਹਨ ਕਿ ਹਿੰਦੁਸਤਾਨ ਵਿਚ ਗਦਰ ਸ਼ੁਰੂ ਹੋ ਚੁਕਾ ਹੈ। ਇਸ ਵਾਸਤੇ ਉਨ੍ਹਾਂ ਪੀਨਾਂਗ ਹੀ ਗਦਰ ਕਰ ਦੇਣ ਦਾ ਫੈਸਲਾ ਕੀਤਾ। ਇਸ ਮਤਲਬ ਵਾਸਤੇ ਸ਼੍ਰੀ ਅਰਜਨ ਸਿੰਘ, ਸ਼੍ਰੀ ਕੇਸਰ ਸਿੰਘ (ਠਠਗੜ੍ਹ), ਸ਼੍ਰੀ ਮੰਗਲ ਸਿੰਘ, ਸ਼੍ਰੀ ਰਾਮ ਸਿੰਘ ਅਤੇ ਉਮਰਾਓ ਸਿੰਘ ਫੌਜੀ ਸਿਪਾਹੀਆਂ ਨੂੰ ਮਿਲੇ, ਅਤੇ ਉਨ੍ਹੀਂ ਆਕੇ ਰੀਪੋਟ ਕੀਤੀ, "ਕਿ ਸਿਪਾਹੀ ਇਸ ਕਰਕੇ ਬੜੇ ਗੁਸੇ ਵਿਚ ਹਨ ਕਿ ਉਨ੍ਹਾਂ ਨੂੰ ਕੁਝ ਜਰਮਨ ਕੈਦੀਆਂ ਉਤੇ ਪਹਿਰੇ ਦੀ ਡੀਊਟੀ ਉਤੇ ਨਹੀਂ ਲਾਇਆ ਗਿਆ, ਅਤੇ ਉਹ ਨਾਲ ਰਲਣ ਨੂੰ ਤਿਆਰ ਹਨ। ਇਹ ਫੈਸਲਾ ਕੀਤਾ ਗਿਆ ਕਿ ਜੇ ਅਗਲੇ ਦਿਨ ਜਹਾਜ਼ ਨਾ ਤੁਰਨ ਤਾਂ ਉਨ੍ਹਾਂ ਦੀ ਮਦਦ ਨਾਲ ਪੀਨਾਂਗ ਲੁਟ ਲਿਆ ਜਾਏ"। ਪਰ ਅਗਲੇ ਦਿਨ ਜਹਾਜ਼ ਤੁਰ ਪਏ।

**ਰੰਗੂਨ:**—ਫੌਜੀਆਂ ਨੂੰ ਵਰਗਲਾਉਣ ਦੀ ਕੋਸ਼ਸ਼ ਕੀਤੀ ਗਈ, ਪਰ ਏਥੇ ਇਕ ਸੂਬੇਦਾਰ ਦੇ ਸਖਤ ਰਵੱਈਏ ਕਰਕੇ ਕਾਮਯਾਬੀ ਨਾ ਹੋਈ।

**ਹਿੰਦ ਵਿਚ:**—"ਸਾਜ਼ਸ਼ੀਆਂ ਨੂੰ ਹਿੰਦ ਵਿਚ ਆਇਆਂ ਦੇਰ ਨਹੀਂ ਸੀ ਹੋਈ ਜਦੋਂ ਫੌਜਾਂ ਨੂੰ ਵਰਗਲਾਉਣ ਵਾਲਾ ਉਨ੍ਹਾਂ ਦੀ ਪਾਲਸੀ ਦਾ ਹਿੱਸਾ ਸਾਹਮਣੇ ਆ ਗਿਆ"।

ਚੌਧਵੇਂ ਕਾਂਡ ਵਿਚ ਦੱਸਿਆ ਜਾ ਚੁਕਾ ਹੈ ਕਿ ਗਦਰੀ ਇਨਕਲਾਬੀਆਂ ਨੇ ਕਿਵੇਂ ਦੇਸ ਆਉਂਦੇ ਸਾਰ ਤੇਈਵੇਂ ਰਸਾਲੇ ਦੇ ਸਵਾਰਾਂ ਨਾਲ ਤਾਲ ਮੇਲ ਪੈਦਾ ਕਰ ਲਿਆ ਸੀ; ਅਤੇ ਪਿਛਲੇ ਕਾਂਡ ਵਿਚ ਵੇਖਿਆ ਜਾ ਚੁਕਾ ਹੈ ਕਿ ਫੌਜਾਂ ਵਿਚ ਗਦਰੀਆਂ ਵਲੋਂ ਕੀਤੇ ਕੰਮ, ਅਤੇ ਇਨਕਲਾਬੀ ਨਜ਼ਰੀਏ ਤੋਂ ਇਸ ਤਰੀਕਾ-ਕਾਰ ਦੀ ਸੰਭਾਵਨਾ ਭਰਪੂਰ ਹੋ ਸੱਕਣ ਵਾਲੀ ਪਹੁੰਚ ਦੀ ਹੱਦ, ਨੂੰ ਵੇਖਕੇ ਹੀ ਬੰਗਾਲੀ ਇਨਕਲਾਬੀ ਕਿਵੇਂ ਇਸ ਬੰਨੇਂ ਖਿੱਚੇ ਗਏ। ੧੭ ਨਵੰਬਰ ਨੂੰ ਹੋਈ ਲਾਡੋਵਾਲ ਦੀ ਮੀਟਿੰਗ ਵਿਚ ਫੌਜਾਂ ਨੂੰ ਵਰਗਲਾਉਣ ਦਾ ਬਾਕਾਇਦਾ ਫੈਸਲਾ ਕੀਤਾ ਗਿਆ, ਅਤੇ ਇਸੇ ਤਰ੍ਹਾਂ ਦਸੰਬਰ ਦੇ ਅਖੀਰ ਵਿਚ ਵਿਰਪਾਲੀ ਧਰਮਸਾਲਾ ਹੋਈ ਮੀਟਿੰਗ ਵਿਚ। ਜਨਵਰੀ ਦੇ ਅਖੀਰ ਵਿਚ ਸ਼੍ਰੀ ਰਾਸ਼ ਬਿਹਾਰੀ ਬੋਸ ਦੇ ਅੰਮ੍ਰਿਤਸਰ ਦੀ ਬਜਾਏ ਲਾਹੌਰ ਸੈਂਟਰ ਬਦਲਣ ਦੇ ਕਾਰਨਾਂ ਵਿਚੋਂ ਇਕ ਇਹ ਸੀ ਕਿ ਲਾਹੌਰ ਨੂੰ ਫੌਜਾਂ ਵਰਗਲਾਉਣ ਦਾ ਕੇਂਦ੍ਰ ਬਣਾਇਆ ਜਾਏ। ਫਰਵਰੀ ਵਿਚ ਸ਼੍ਰੀ ਰਾਸ਼ ਬਿਹਾਰੀ ਬੋਸ ਨੇ ਪੂਰਬੀ ਪੰਜਾਬ ਦੀਆਂ ਫੌਜਾਂ ਨੂੰ ਵਰਗਲਾਉਣ ਦਾ ਜ਼ਿਮਾ ਲਿਆ, ਅਤੇ ਮੂਲਾ ਸਿੰਘ ਦੇ ਜ਼ਿਮੇਂ ਪੱਛਮੀ ਅਤੇ ਉੱਤ੍ਰੀ ਪੰਜਾਬ ਦਾ ਕੰਮ ਸੌਂਪਿਆ ਗਿਆ।

**ਜਲੰਧਰ:**—"ਜਨਵਰੀ ਦੇ ਅਖੀਰ ਵਿਚ ਹਿਰਦੇ ਰਾਮ ਨੂੰ ਓਥੋਂ ਦੀਆਂ ਪਲਟਨਾਂ ਦੇ ਰਵੱਈਏ ਬਾਰੇ ਪਤਾ ਲਾਉਣ ਲਈ ਜਲੰਧਰ ਭੇਜਿਆ ਗਿਆ, ਅਤੇ ਉਸ ਨੇ ਥੋੜੇ ਦਿਨਾਂ ਵਿਚ ਵਾਪਸ ਆ ਕੇ ਦੱਸਿਆ ਕਿ ਡੋਗਰੇ ਅਤੇ ਹੋਰ ਸਿਪਾਹੀ ਸ਼ਾਮਲ ਹੋਣ ਵਾਸਤੇ ਤਿਆਰ ਹਨ"।

**ਜੈਕਬਾਬਾਦ, ਬੰਨੂ, ਕੋਹਾਟ:**—ਸ਼੍ਰੀ ਹੀਰਾ ਸਿੰਘ 'ਚਰੜ' ਨੇ ਜੈਕਬਾਬਾਦ ਫੌਜਾਂ ਨੂੰ ਪ੍ਰੇਰਨ ਦੀ ਕੋਸ਼ਸ਼ ਕੀਤੀ*, ਅਤੇ ਦਸੰਬਰ ਦੇ ਸ਼ੁਰੂ ਵਿਚ ਸ਼੍ਰੀ ਪਿਆਰਾ ਸਿੰਘ ਫੌਜਾਂ ਵਿਚ ਬਗਾਵਤ ਫਲਾਉਣ ਲਈ ਕੋਹਾਟ ਗਏ।

ਇਸ ਤੋਂ ਇਲਾਵਾ "ਹਰਨਾਮ ਸਿੰਘ (੨੩) ਨੂੰ 'ਸੰਤ' ਗੁਲਾਬ ਸਿੰਘ ਨਾਲ ਬੰਨੂੰ ਭੇਜਿਆ ਗਿਆ, ਅਤੇ ਉਸ ਨੇ ਵਾਪਸ ਆਕੇ ਦੱਸਿਆ ਕਿ ਪੈਂਤਵੀਂ ਸਿਖ ਪਲਟਨ ਨੇ ਉਸ ਵਕਤ ਸ਼ਾਮਲ ਹੋਣ ਦਾ ਬਚਨ ਦਿੱਤਾ ਹੈ, ਜਦ ਉਸ ਦੀ ਬਦਲੀ ਰਾਵਲਪਿੰਡੀ ਹੋ ਜਾਵੇਗੀ"।

**ਰਾਵਲਪਿੰਡੀ, ਨੁਸ਼ੈਹਰਾ, ਪਸ਼ਾਵਰ, ਜੇਹਲਮ ਅਤੇ ਹੋਤੀ ਮਰਦਾਨ**

ਜਦੋਂ ਸ਼੍ਰੀ ਹਰਨਾਮ ਸਿੰਘ (ਰਾਵਲ-ਪਿੰਡੀ) ਬੰਨੂੰ ਤੋਂ ਵਾਪਸ ਆਏ ਤਾਂ ਉਨ੍ਹਾਂ ਨੂੰ ਉਸੇ ਮਕਸਦ ਲਈ ਰਾਵਲ ਪਿੰਡੀ, ਨੁਸ਼ੈਹਰਾ ਅਤੇ ਪਸ਼ਾਵਰ ਭੇਜਿਆ ਗਿਆ।

ਮੂਲਾ ਸਿੰਘ ਨੇ ਸ਼੍ਰੀ ਨਿਧਾਨ ਸਿੰਘ ਨੂੰ ਰਾਵਲ ਪਿੰਡੀ ਭੇਜਿਆ......"ਅਤੇ ਉਹ (ਮੂਲਾ ਸਿੰਘ) ਦਸਦਾ ਹੈ ਕਿ ਅਠ ਜਾਂ ਨੌ ਫਰਵਰੀ ਦੇ ਕਰੀਬ ਊਧਮ ਸਿੰਘ ਵੜਿੰਗ ਅਤੇ ਗੁਰਮੁਖ ਸਿੰਘ ਰਾਵਲ ਪਿੰਡੀ ਤੋਂ ਇਹ ਖਬਰ ਲਿਆਏ ਕਿ ਜੇਹਲਮ, ਰਾਵਲ ਪਿੰਡੀ, ਹੋਤੀ ਮਰਦਾਨ ਅਤੇ ਪਸ਼ਾਵਰ ਦੀਆਂ ਦੇਸੀ ਫੌਜਾਂ ਬਗਾਵਤ ਕਰਨ ਨੂੰ ਤਿਆਰ ਹਨ, ਅਤੇ ਸਿਰਫ ਬਗਾਵਤ ਦੀ ਤਾਰੀਖ ਨੀਯਤ ਕਰਨ ਨੂੰ ਉਡੀਕਦੀਆ ਹਨ"।

੧੫ ਫਰਵਰੀ ਨੂੰ ਸ਼੍ਰੀ ਨਿਧਾਨ ਸਿੰਘ 'ਚੁਘਾ' ਅਤੇ ਡਾਕਟਰ ਮਥਰਾ ਸਿੰਘ ਜੇਹਲਮ, ਰਾਵਲ ਪਿੰਡੀ ਅਤੇ ਸਰਹੱਦ ਵਲ ਭੇਜੇ ਗਏ, ਫੌਜਾਂ ਨੂੰ ਇਹ ਦਸਣ ਵਾਸਤੇ ਕਿ ੨੧ ਫਰਵਰੀ ਦੀ ਤਾਰੀਖ ਨੀਯਤ ਕੀਤੀ ਗਈ ਹੈ।

੧੮ ਫਰਵਰੀ ਨੂੰ ਡਾਕਟਰ ਮਥਰਾ ਸਿੰਘ ਅਤੇ ਸ਼੍ਰੀ ਹਰਨਾਮ ਸਿੰਘ (ਰਾਵਲ ਪਿੰਡੀ) ਜੇਹਲਮ ਬਦਲੀ ਹੋਈ ਤਾਰੀਖ ਦਸਣ ਬਾਰੇ ਗਏ, ਅਤੇ ਸ਼੍ਰੀ ਪਰਮਾ ਨੰਦ (ਯੂ. ਪੀ.) ਨੂੰ ਇਸੇ ਮਤਲਬ ਵਾਸਤੇ ਪਸ਼ਾਵਰ ਭੇਜਿਆ ਗਿਆ।

**ਕਪੂਰ ਥਲਾ:**—ਸ਼੍ਰੀ ਜਵੰਦ ਸਿੰਘ ਨੂੰ ਕਪੂਰਥਲੇ ਇਹ ਪਤਾ ਕਰਨ ਵਾਸਤੇ ਭੇਜਿਆ ਗਿਆ ਕਿ ਰਸਾਲੇ ਦੇ ਕਿਤਨੇ ਕੁ ਆਦਮੀ ਸ਼ਾਮਲ ਹੋਣਗੇ।

ਸ਼੍ਰੀ ਰਾਸ਼ ਬਿਹਾਰੀ ਬੋਸ, ਜਿਨ੍ਹਾਂ ਨੇ ਪੂਰਬੀ ਪੰਜਾਬ ਅਤੇ ਯੂ. ਪੀ. ਆਦਿ ਦਾ ਜ਼ਿਮਾ ਲਿਆ ਸੀ, ਨੇ ਸ਼੍ਰੀ ਪਿੰਗਲੇ ਨੂੰ ੧੫ ਫਰਵਰੀ ਨੂੰ ਮੇਰਠ ਅਤੇ ਅੰਬਾਲੇ ਵਲ ਭੇਜਿਆ। ਯੂ. ਪੀ. ਦਾ ਬਹੁਤਾ ਕੰਮ ਸੁਚਾ ਸਿੰਘ, ਲੁਧਿਹਾਣੇ ਦੇ ਵਿਦਿਆਰਥੀ, ਤੋਂ ਲਿਆ ਗਿਆ।

**ਮੇਰਠ:**—੨ ਫਰਵਰੀ ਦੇ ਕਰੀਬ ਸੁਚਾ ਸਿੰਘ ਤੇ ਸ਼੍ਰੀ ਕਰਤਾਰ ਸਿੰਘ 'ਸਰਾਭਾ' ਮੇਰਠ ਗਏ, ਜਿਥੇ ਉਨ੍ਹਾਂ ਨੂੰ ਸ਼੍ਰੀ ਪਿੰਗਲੇ ਵੀ ਆ ਮਿਲੇ। ਮੇਰਠ ਓਹ ਬਾਰਵੇਂ ਰਸਾਲੇ ਦੇ ਸ਼੍ਰੀ ਇੰਦਰ ਸਿੰਘ (ਜਿਨ੍ਹਾਂ ਨੂੰ ਪਿਛੋਂ ਫਾਂਸੀ ਦਿਤੀ ਗਈ) ਅਤੇ ਹੋਰਨਾਂ ਨੂੰ ਮਿਲੇ, ਅਤੇ ਉਨ੍ਹਾਂ ਨੂੰ ਕਾਮਯਾਬੀ ਹੋਈ।

*Isemonger and Slattery, p. 128.



Digitized by Panjab Digital Library | www.panjabdigilib.org

**ਆਗਰਾ:**—੪ ਫਰਵਰੀ ਨੂੰ ਤਿਨੇ ਜਣੇ ਮੇਰਠ ਤੋਂ ਆਗਰੇ ਗਏ। ਓਥੇ ਕੋਈ ਸਿਖ ਪਲਟਨ ਨਾ ਹੋਣ ਕਰਕੇ ਇਕ ਪਿਆਦਾ ਰਜਮੈਂਟ ਦੀਆਂ ਬਾਰਕਾਂ ਵਿਚ ਗਏ। ਫੌਜੀ ਸਿਪਾਹੀਆਂ ਨੇ ਪਹਿਲਾਂ ਤਾਂ ਉਤਸ਼ਾਹ ਵਿਖਾਇਆ, ਪਰ ਜਾਪਦਾ ਹੈ ਕਿ ਪਿਛੋਂ ਡਰ ਗਏ।

**ਅਲਾਹ ਬਾਦ:**—੬ ਫਰਵਰੀ ਨੂੰ ਅਲਾਹ ਬਾਦ ਗਏ ਜਿਥੇ ਰਸਾਲੇ ਅਤੇ ਪੈਦਲ ਫੌਜ ਦੋਹਾਂ ਨੂੰ ਮਿਲੇ। ਰਸਾਲੇ ਵਿਚ ਕਾਮਯਾਬੀ ਨਾ ਹੋਈ, ਪਰ ਪੈਦਲ ਫੌਜ ਦੇ ਇਕ ਹਵਾਲਦਾਰ ਦਾ ਮਿਲਵਰਤਨ ਪ੍ਰਾਪਤ ਕੀਤਾ।

**ਬਨਾਰਸ:**—ਓਸੇ ਦਿਨ ਬਨਾਰਸ ਗਏ ਜਿਥੇ ਸ੍ਰੀ ਰਾਓ ਅਤੇ ਇਕ ਹੋਰ ਬੰਗਾਲੀ ਨੂੰ ਮਿਲੇ। ਦਾਨਾ ਪੁਰ ਇਕ ਸਿਖ ਪਲਟਨ ਸੀ, ਅਤੇ ਉਸ ਨੂੰ ਮਿਲਣ ਦੀ ਤਜਵੀਜ਼ ਕੀਤੀ ਗਈ। ਸ੍ਰੀ ਕਰਤਾਰ ਸਿੰਘ ਅਤੇ ਬੰਗਾਲੀ ਛਾਉਣੀਆਂ ਵਿਚ ਗਏ ਅਤੇ ਓਥੋਂ ਆਪਣੇ ਨਾਲ ਇਕ ਰਾਜਪੂਤ ਨੂੰ ਲਿਆਏ, ਜਿਸ ਦੀ ਆਗਰੇ ਰਾਜਪੂਤਾਂ ਦੀ ਰਜਮੈਂਟ ਵਿਚ ਜਾਕੇ ਪ੍ਰਚਾਰ ਕਰਨ ਦੀ ਡਿਊਟੀ ਲਾਈ ਗਈ।

**ਫੈਜ਼ਾਬਾਦ ਤੇ ਲਖਨਊ:**—ਬਨਾਰਸ ਤੋਂ ਸੁਚਾ ਸਿੰਘ ਨੂੰ ਫੈਜ਼ਾਬਾਦ ਭੇਜਿਆ ਗਿਆ। ਫੈਜ਼ਾਬਾਦ ਇਕ ਹਵਾਲਦਾਰ ਨੇ ਸਾਥ ਦੇਣਾ ਮੰਨ ਲਿਆ। ਫੈਜ਼ਾਬਾਦ ਤੋਂ ਹੋਕੇ ਸੁਚਾ ਸਿੰਘ, ਸ੍ਰੀ ਕਰਤਾਰ ਸਿੰਘ 'ਸਰਾਭਾ' ਅਤੇ ਸ੍ਰੀ ਪਿੰਗਲੇ ਨੂੰ ਲਖਨਊ ਆ ਮਿਲਿਆ। ਸ੍ਰੀ ਕਰਤਾਰ ਸਿੰਘ 'ਸਰਾਭਾ' ਲਖਨਊ ਸੋਲਵੇਂ ਰਸਾਲੇ ਦੀਆਂ ਬਾਰਕਾਂ ਵਿਚ ਗਏ, ਪਰ ਪਤਾ ਲੱਗਾ ਕਿ ਰਸਾਲਾ ਲੜਾਈ ਨੂੰ ਜਾ ਚੁਕਾ ਸੀ। ੧੦ ਫਰਵਰੀ ਨੂੰ ਸੁਚਾ ਸਿੰਘ ਇਕ ਪੈਦਲ ਰੈਜਮੈਂਟ ਦੇ ਕੁਆਰਟਰ ਗਾਰਦ ਵਿਚ ਗਿਆ, ਪਰ ਓਥੋਂ ਕਢ ਦਿੱਤਾ ਗਿਆ।

੧੧ ਫਰਵਰੀ ਨੂੰ ਸੁਚਾ ਸਿੰਘ ਨੇ ਸ੍ਰੀ ਰਾਸ਼ ਬਿਹਾਰੀ ਬੋਸ ਨੂੰ ਆ ਕੇ ਰੀਪੋਟ ਕੀਤੀ, ਅਤੇ ਫਿਰ ੧੫ ਫਰਵਰੀ ਨੂੰ ਅੰਬਾਲੇ ਛਾਉਣੀ ਭੇਜਿਆ ਗਿਆ, ਜਿਥੇ ਉਸ ਨੇ ਇਕ ਫੌਜੀ ਕਲੱਰਕ ਦਾ ਮਿਲਵਰਤਨ ਪ੍ਰਾਪਤ ਕੀਤਾ। ੧੭ ਫਰਵਰੀ ਨੂੰ ਸੁਚਾ ਸਿੰਘ ਵਾਪਸ ਆਇਆ, ਅਤੇ ਸ੍ਰੀ ਕਰਤਾਰ ਸਿੰਘ ਨੇ ਬਗਾਵਤ ਦੀ ਨੀਯਤ ਤਾਰੀਖ ਦੱਸਣ ਵਾਸਤੇ ਮੇਰਠ ਅਤੇ ਫੈਜ਼ਾਬਾਦ ਭੇਜ ਦਿੱਤਾ।

ਪੰਜਾਬ ਵਿਚ ਮੀਆਂ ਮੀਰ ਅਤੇ ਫੀਰੋਜ਼ਪੁਰ ਛਾਵਣੀਆਂ ਵਿਚ ਫੌਜਾਂ ਨੂੰ ਪ੍ਰੇਰਨ ਦੇ ਹੋਏ ਯਤਨਾਂ ਦਾ ਖਾਸ ਜ਼ਿਕਰ ਕਰਨ ਦੀ ਲੋੜ ਹੈ, ਕਿਉਂਕਿ ਇਹ ਛਾਉਣੀਆਂ ਹੋਣ ਵਾਲੇ ਇਨਕਲਾਬ ਦੀ ਪਹਿਲ ਕਰਨ ਵਾਲੇ ਕੇਂਦ੍ਰ ਬਣਨੇ ਸਨ।

ਚੌਧਵੇਂ ਕਾਂਡ ਵਿਚ ਵੇਖਿਆ ਜਾ ਚੁਕਾ ਹੈ ਕਿ ਕਿਵੇਂ ਨਵੰਬਰ ੧੯੧੪ ਵਿਚ ਮੀਆਂ ਮੀਰ ਮੈਗਜ਼ੀਨ ਲੁਟਣ ਅਤੇ ਬਗਾ-ਵਤ ਕਰਨ ਦੀ ਸਕੀਮ ਫੇਲ ਹੋ ਗਈ। ਜਦ ਤੇਈਵੇਂ ਰਸਾਲੇ ਦੇ ਸਵਾਰ ਝਾੜ ਸਾਹਿਬ ਨਾ ਪੁਜੇ, ਤਾਂ ਸ੍ਰੀ ਲਾਲ ਸਿੰਘ ਭੂਰੇ ਅਤੇ ਨੱਥਾ ਸਿੰਘ ਮੀਆਂ ਮੀਰ ਪੁਜੇ। ਰਸਾਲੇ ਦੀ ਰੱਖ ਵਿਚ ਉਨ੍ਹਾਂ ਨੂੰ ਇਕ ਸਵਾਰ ਨੇ ਦੱਸਿਆ ਕਿ ਕਿਵੇਂ ਰਸਾਲੇ ਦੇ ਗਰੰਥੀ ਨੇ ਉਨ੍ਹਾਂ ਨੂੰ ਝਾੜ ਸਾਹਿਬ ਜਾਣੋਂ ਵਰਜਿਆ ਸੀ। ਸ੍ਰੀ ਲਾਲ ਸਿੰਘ ਅਤੇ ਨੱਥਾ ਸਿੰਘ ਰਸਾਲੇ ਦੀਆਂ ਬਾਰਕਾਂ ਵਿਚ ਪੁਜੇ, ਅਤੇ ਗਰੰਥੀ ਮੂਲਾ ਸਿੰਘ ਅਤੇ ਰਸਾਲੇ ਦੇ ਕਈ ਸਵਾਰਾਂ ਨੂੰ ਮਿਲੇ। ਅਗਲੇ ਦਿਨ ਮੰਗਤ ਗੁਰਦੁਆਰੇ ਵਿਚ ਕਈ ਸਵਾਰਾਂ, ਗਰੰਥੀ ਅਤੇ ਸ੍ਰੀ ਲਾਲ ਸਿੰਘ ਦੀ ਮੀਟਿੰਗ ਹੋਈ। ਇਕ ਦੂਜੇ ਉਤੇ ਦੋਸ਼ ਥੱਪਣ ਪਿਛੋਂ ਦਫੇਦਾਰ ਲਛਮਣ ਸਿੰਘ ਨੇ ਬਚਨ ਦਿੱਤਾ ਕਿ ਉਹ ਆਪਣੇ ਸਾਥੀਆਂ ਸਮੇਤ ਸ਼ਾਮਲ ਹੋਣ ਨੂੰ ਤਿਆਰ ਹੈ, ਬਸ਼ੱਰਤੇਕਿ ਇਨਕਲਾਬੀ ਲਾਹੌਰ ਆ ਕੇ ਉਨ੍ਹਾਂ ਨੂੰ ਮਿਲਣ।

ਸ੍ਰੀ ਰਾਸ਼ ਬਿਹਾਰੀ ਬੋਸ ਦੇ ਪੰਜਾਬ ਆਉਣ ਵੇਲੇ ਤੋਂ ਬਾਕਾਇਦਾ ਕੰਮ ਸ਼ੁਰੂ ਹੋਣ ਉਤੇ, ਮੀਆਂਮੀਰ ਤੇਈਵੇਂ ਰਸਾਲੇ ਨਾਲ ਬਾਕਾਇਦਾ ਮੇਲ ਮਿਲਾਪ ਜਾਰੀ ਰਖਿਆ ਗਿਆ। ਸ੍ਰੀ ਬਲਵੰਤ ਸਿੰਘ, ਜੋ ਸ਼ੰਘਾਈ ਤੋਂ ਆਕੇ ਇਸੇ ਮਤਲਬ ਲਈ ਤੇਈਵੇਂ ਰਸਾਲੇ ਵਿਚ ਭਰਤੀ ਹੋਏ ਸਨ, ਰਸਾਲੇ ਵਿਚ ਪ੍ਰਚਾਰ ਨੂੰ ਜਾਰੀ ਰਖਦੇ ਰਹੇ। ਸ੍ਰੀ ਮਦਨ ਸਿੰਘ 'ਗਾਗਾ', ਜੋ ਮੀਆਂਮੀਰ ਛਾਉਣੀ ਰਹਿੰਦੇ ਸਨ, ਅਤੇ ਖਾਸਕਰ ਸ੍ਰੀ ਸਜਨ ਸਿੰਘ (ਨਾਰੰਗ ਵਾਲ), ਇਨਕਲਾਬੀਆਂ ਦੇ ਲਾਹੌਰ ਕੇਂਦ੍ਰ ਅਤੇ ਰਸਾਲੇ ਦੇ ਦਰਮਿਆਨ ਮੇਲ ਮਿਲਾਪ ਦਾ ਵਸੀਲਾ ਸਨ। ਮੂਲਾ ਸਿੰਘ ਆਪ ਵੀ ਮੀਆਂਮੀਰ ਗਿਆ, ਅਤੇ ਓਹ ਜਗ੍ਹਾ ਚੁਣੀ ਜਿਥੇ ਗਦਰ ਦੇ ਨੀਯਤ ਦਿਨ ਉਤੇ ਅਕੱਠੇ ਹੋਕੇ ਮੈਗਜ਼ੀਨ ਉਤੇ ਹੱਲਾ ਕਰ ਸਕਣ। ਮੂਲਾ ਸਿੰਘ ਨੇ ਸ੍ਰੀ ਰਾਸ਼ ਬਿਹਾਰੀ ਬੋਸ ਨੂੰ ਤਜਵੀਜ਼ ਕੀਤੀ ਕਿ ਮੀਆਂਮੀਰ ਵਿਚ ਮੁਸਲਮਾਨ ਪਲਟਨਾਂ ਵਿਚ ਕੰਮ ਕਰਨ ਵਾਸਤੇ ਮੁਸਲਮਾਨ ਇਨਕਲਾਬੀ ਭੇਜੇ ਜਾਣ।

ਮੀਆਂਮੀਰ ਪਲਟਨਾਂ ਵਿਚ ਹੋਏ ਕੰਮ ਦੀ ਰੀਪੋਟ ਨੂੰ ਸੁਣਕੇ ਹੀ ਸ੍ਰੀ ਰਾਸ਼ ਬਿਹਾਰੀ ਬੋਸ ਨੇ ਸਾਰੇ ਹਿੰਦ ਵਿਚ ਗਦਰ ਕਰਨ ਵਾਸਤੇ ੨੧ ਫਰਵਰੀ ਦੀ ਤਾਰੀਖ ਨੀਯਤ ਕੀਤੀ।

ਮੀਆਂ ਮੀਰ ਤੋਂ ਉਤਰਕੇ ਗਦਰੀ ਇਨਕਲਾਬੀਆਂ ਦਾ ਪਹਿਲ ਕਰਨ ਵਾਲਾ ਦੂਸਰਾ ਸੈਂਟਰ ਫੀਰੋਜ਼ਪੁਰ ਨੇ ਬਣਨਾ ਸੀ। ਫੀਰੋਜ਼ਪੁਰ ਛਬਵੀਂ ਪਲਟਨ ਦਾ ਡੀਪੂ ਵੀ ਸੀ। ਇਹ ਪਲਟਨ ਉਸ ਵੇਲੇ ਹਾਂਗ ਕਾਂਗ ਸੀ ਜਦ ਇਨਕਲਾਬੀਆਂ ਦੇ ਜਹਾਜ਼ ਓਥੋਂ ਲੰਘੇ ਸਨ। ਇਨਕਲਾਬੀ ਹਾਂਗ ਕਾਂਗ ਗੁਰਦਵਾਰੇ ਵਿਚ ਖੁਲੇ ਲੈਕਚਰ ਦਿੰਦੇ ਰਹੇ; ਅਤੇ ਭਾਵੇਂ ਜਰਨੈਲ ਨੇ ਸਿਪਾਹੀਆਂ ਨੂੰ ਗੁਰਦਵਾਰੇ ਜਾਣੋਂ ਮਨ੍ਹਾਂ ਕਰ ਦਿਤਾ ਸੀ, ਪਰ ਫਿਰ ਵੀ ਕਈ ਸਿਪਾਹੀ ਓਥੇ ਜਾਣੋਂ ਨਾ ਹਟੇ। ਇਨ੍ਹਾਂ ਵਿਚੋਂ ਕਈ ਸਿਪਾਹੀਆਂ ਨੂੰ ਪਿਛੋਂ ਬਾਕੀ ਦੀ ਪਲਟਣ ਨਾਲੋਂ ਨਿਖੇੜ ਕੇ ਰਖਣ ਦੀ ਖਾਤਰ ਫੀਰੋਜ਼ਪੁਰ ਵਾਪਸ ਭੇਜ ਦਿਤਾ ਗਿਆ।

ਚੌਧਵੇਂ ਕਾਂਡ ਵਿਚ ਜ਼ਿਕਰ ਕੀਤਾ ਜਾ ਚੁਕਾ ਹੈ ਕਿ ਸ੍ਰੀ ਨਿਧਾਨ ਸਿੰਘ ਨੇ ਨਵੰਬਰ ੧੯੨੪ ਵਿਚ ਹੀ ਇਕ ਪਠਾਣ ਪਲਟਨ ਤੋਂ ਫੀਰੋਜ਼ਪੁਰ ਦੇ ਹਥਿਆਰਾਂ ਦੇ ਜ਼ਖੀਰੇ ਦੀਆਂ ਚਾਬੀਆਂ ਲੈਣ ਦਾ ਪ੍ਰਬੰਧ ਕਰ ਲਿਆ ਸੀ। ਇਸ ਤੋਂ ਪਿਛੋਂ ਸ੍ਰੀ ਕਰਤਾਰ ਸਿੰਘ'ਸਰਾਭਾ' ਫੀਰੋਜ਼ਪੁਰ ਛਾਉਣੀ ਵਿਚ ਫੇਰੇ ਮਾਰਦੇ ਰਹੇ। ਮੂਲਾ ਸਿੰਘ (ਵਾਅਦਾ ਮੁਆਫ) ਦੇ ਬਿਆਨ ਮੁਤਾਬਕ, ਸ੍ਰੀ ਕਰਤਾਰ ਸਿੰਘ ਨੇ ਉਸ ਨੂੰ ਜਨਵਰੀ ਵਿਚ ਫੀਰੋਜ਼ ਪੁਰ ਤੋਂ ਹੋ ਕੇ ਆ ਕੇ ਦੱਸਿਆ ਕਿ, ਜੇ ਗਦਰ ਲਈ ਤਰੀਕ ਮੁਕੱਰਰ ਕਰ ਦਿੱਤੀ ਜਾਏ ਤਾਂ, ਓਥੋਂ ਦੀਆਂ ਫੌਜਾਂ ਨਾਲ ਰਲਣ ਨੂੰ ਤਿਆਰ ਹਨ। ਮੂਲਾ ਸਿੰਘ ਦੇ ਬਿਆਨ ਮੁਤਾਬਕ ਹੀ ਸ੍ਰੀ ਕਰਤਾਰ ਸਿੰਘ ਇਕ ਵੇਰ ਫਿਰ ਜਨਵਰੀ ਵਿਚ ਫੀਰੋਜ਼ ਪੁਰ ਗਏ, ਅਤੇ ਜਿਹੜੇ ਫੌਜੀ ਨਾਲ ਰਲਣ ਲਈ ਤਿਆਰ ਸਨ, ਉਨ੍ਹਾਂ ਦੀ ਗਿਣਤੀ ਬਾਰੇ ਖੁਸ਼ੀ ਤਫਸੀਲ ਲੈ ਕੇ ਆਏ। ਜਮਾਂਦਾਰ ਬੂਟਾ ਸਿੰਘ ਨੇ ਵੀ ਇਹ ਬਿਆਨ ਦਿੱਤਾ ਕਿ ਉਸ ਨੂੰ ਪੜਤਾਲ ਕਰਨ ਤੋਂ ਪਤਾ ਲੱਗਾ ਕਿ ਕਈ ਸਿਪਾਹੀਆਂ ਵਿਚ ਗਦਰ ਕਰਨ ਦੇ ਵੀਚਾਰ ਸਨ, ਅਤੇ ਉਸ ਦੇ ਇਸ ਬਾਰੇ ਰੀਪੋਟ ਕਰਨ ਉਤੇ ੧੯ ਫਰਵਰੀ ਨੂੰ ਕੁਝ ਸਿਪਾਹੀ ਪਲਟਨ ਵਿਚੋਂ ਕੱਢ ਦਿੱਤੇ ਗਏ।

ਫੌਜਾਂ ਵਿਚ ਗਦਰੀ ਇਨਕਲਾਬੀਆਂ ਵੱਲੋਂ ਕੀਤੇ ਗਏ ਕੰਮ ਦਾ ਉਪ੍ਰੋਕਤ ਸਮਾਚਾਰ ਪਹਿਲੇ ਅਤੇ ਦੂਸਰੇ ਮੁਕੱਦਮਿਆਂ



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਦੇ ਫੈਸਲਿਆਂ ਵਿਚੋਂ ਲਿਆ ਗਿਆ ਹੈ*। ਇਹ ਸਮਾਚਾਰ ਗਦਰੀਆਂ ਦੇ ਫੌਜਾਂ ਵਿਚ ਕੀਤੇ ਕੰਮ ਦੇ ਦਾਇਰੇ ਨੂੰ ਜਾਚਣ ਵਾਸਤੇ ਮੁਕੰਮਲ ਨਹੀਂ ਸਮਝਿਆ ਜਾਣਾ ਚਾਹੀਦਾ; ਕਿਉਂਕਿ ਜੱਜਾਂ ਦਾ ਵਾਸਤਾ ਕੇਵਲ ਉਸ ਸ਼ਹਾਦਤ ਨਾਲ ਸੀ ਜੋ ਇਨ੍ਹਾਂ ਮੁਕੱਦਮਿਆਂ ਵਿਚ ਪੇਸ਼ ਹੋਏ ਮੁਲਜ਼ਮਾਂ ਨੂੰ ਦੋਸ਼ੀ ਸਾਬਤ ਕਰਨ ਵਾਸਤੇ ਪੇਸ਼ ਕੀਤੀ ਗਈ, ਅਤੇ ਸ਼ਹਾਦਤ ਵੀ ਕੇਵਲ ਉਹ ਜੋ ਵਾਅਦਾ ਮੁਆਫ ਗਵਾਹਾਂ ਅਤੇ ਸਰਕਾਰੀ ਗਵਾਹਾਂ ਨੇ ਪੇਸ਼ ਕੀਤੀ। ਪਹਿਲੇ ਮੁਕੱਦਮੇਂ ਦੇ ਜੱਜ ਆਪ ਲਿਖਦੇ ਹਨ ਕਿ, "ਇਹ ਕੋਸ਼ਸ਼ ਕਿਸ ਹੱਦ ਤਕ ਕਾਮਯਾਬ ਹੋਈ ਜਾਂ ਕਿਥੋਂ ਤਕ ਕੀਤੀ ਗਈ, ਸਾਨੂੰ ਬਤੌਰ ਜੱਜਾਂ ਦੇ ਪਤਾ ਨਹੀਂ; ਸਾਨੂੰ ਦੱਸਿਆ ਗਿਆ ਹੈ ਕਿ ਜੋ ਸਾਡੇ ਸਾਹਮਣੇ ਮਸਾਲਾ ਪੇਸ਼ ਕੀਤਾ ਗਿਆ ਹੈ, ਉਸ ਤੋਂ ਇਸ ਦਾ ਦਾਇਰਾ ਵੱਡਾ ਸੀ†"। ਇਸ ਹੱਦਬੰਦੀ ਦੇ ਬਾਵਜੂਦ ਉਪਰ ਦਿੱਤਾ ਗਿਆ ਮਹਿਦੂਦ ਸਮਾਚਾਰ ਜ਼ਾਹਰ ਕਰਦਾ ਹੈ ਕਿ ਗਦਰੀ ਇਨਕਲਾਬੀਆਂ ਨੇ ਦੂਰ ਦੂਰ ਛਾਉਣੀਆਂ ਵਿਚ ਜਾਕੇ ਦੇਸੀ ਫੌਜੀਆਂ ਨੂੰ ਗਦਰ ਕਰਨ ਵਾਸਤੇ ਆਪਣੇ ਨਾਲ ਮਿਲਾਉਣ ਦੇ ਯਤਨ ਕੀਤੇ। ਇਸ ਤੋਂ ਇਲਾਵਾ ਹੋਰ ਵੀ ਸ਼ਹਾਦਤ ਹੈ ਜੋ ਗਦਰੀਆਂ ਦੇ ਫੌਜਾਂ ਵਿਚ ਕੀਤੇ ਕੰਮ ਦੇ ਦਾਇਰੇ ਨੂੰ ਪ੍ਰਗੱਟ ਕਰਦੀ ਹੈ।

ਸ੍ਰੀ ਸਾਨਿਯਾਲ ਨੇ ਲਿਖਿਆ ਹੈ ਕਿ ਪੰਜਾਬ ਤੋਂ ਮੁੜਨ ਪਿਛੋਂ "ਅਸਾਂ ਹੋਰ ਸਭ ਪਾਸਿਆਂ ਤੋਂ ਆਪਣਾ ਸਾਰਾ ਬਲ ਹਟਾ ਕੇ ਫੌਜੀਆਂ ਦੇ ਮਨਾਂ ਵਿਚ ਆਪਣੇ ਖਿਆਲ ਭਰਨ ਦੇ ਯਤਨ ਵਿਚ ਲਾ ਦਿੱਤਾ*", ਅਤੇ "ਯੁਕਤ ਪ੍ਰਾਂਤ (ਯੂ.ਪੀ.), ਬਿਹਾਰ ਅਤੇ ਬੰਗਾਲ ਦੀਆਂ ਅੱਡ ਅੱਡ ਛਾਵਣੀਆਂ ਵਿਚ ਸਾਡੇ ਆਦਮੀਆਂ ਨੇ ਆਉਣਾ ਜਾਣਾ ਅਰੰਭ ਦਿੱਤਾ†"। ਰੌਲਟ ਰੀਪੋਟ ਵਿਚ ਵੀ ਇਹ ਜ਼ਿਕਰ ਆਉਂਦਾ ਹੈ ਕਿ ਬਿਭੂਤੀ ਅਤੇ ਸ਼੍ਰੀ ਪ੍ਰਿਯਾ ਨਾਥ ਦੀ ਬਨਾਰਸ ਵਿਚ ਫੌਜਾਂ ਨੂੰ ਵਰਗਲਾਉਣ ਦੀ ਡੀਊਟੀ ਲਾਈ ਗਈ, ਅਤੇ ਸ਼੍ਰੀ ਨਲਨੀ ਦੀ ਜਬਲਪੁਰ ਇਸੇ ਮਤਲਬ ਲਈ‡। ਸ਼੍ਰੀ ਸਾਨਿਯਾਲ ਦਾ ਦਾਅਵਾ ਹੈ ਕਿ, "ਉੱਤ੍ਰ ਪੱਛਮੀ ਕਿਨਾਰੇ ਦੇ ਬੰਨੂੰ ਤੋਂ ਲੈ ਕੇ ਦਾਨਾ ਪੁਰ ਤਕ ਕੋਈ ਭੀ ਛਾਉਣੀ ਖਾਲੀ ਨਾ ਰਹਿਣ ਦਿੱਤੀ ਗਈ§",। ਗਦਰ ਪਾਰਟੀ ਲਹਿਰ ਦੀ ਤਫਤੀਸ਼ ਨਾਲ ਸੰਬੰਧ ਰੱਖਣ ਵਾਲੇ ਪੁਲਸ ਅਫਸਰ ਵੀ ਮੰਨਦੇ ਹਨ ਕਿ "੧੯੧੫ ਦੇ ਪਹਿਲੇ ਦੋ ਮਹੀਨਿਆਂ ਵਿਚ ਉੱਤ੍ਰੀ ਹਿੰਦ ਦੀਆਂ ਤਕਰੀਬਨ ਸਾਰੀਆਂ ਛਾਉਣੀਆਂ ਵਿਚ (ਗਦਰੀਆਂ ਦੇ) ਏਜੰਟ ਭੇਜੇ ਗਏ‖"। ਸਰ ਮਾਈਕਲ ਓਡਵਾਇਰ ਲਿਖਦੇ ਹਨ ਕਿ, "ਪੰਜਾਬ ਅਤੇ ਯੂ. ਪੀ. ਵਿਚ ਘਟੋ ਘਟ ਬਾਰਾਂ ਛਾਉਣੀਆਂ ਵਿਚ ਹਿੰਦੁਸਤਾਨੀ ਫੌਜਾਂ ਨੂੰ ਵਰਗਲਾਉਣ ਦੀ ਲਗਾਤਾਰ ਕੋਸ਼ਸ਼ ਕੀਤੀ ਗਈ¶"। ਗਵਾਲ ਮੰਡੀ (ਲਾਹੌਰ) ਇਨਕਲਾਬੀਆਂ ਦੇ ਸੈਂਟਰ ਦੀ ਤਲਾਸ਼ੀ ਵਿਚੋਂ ਪੁਲਸ ਨੂੰ ਪੰਜਾਬ ਅਤੇ ਹਿੰਦੁਸਤਾਨ ਦੇ ਨਕਸ਼ੇ ਮਿਲੇ। ਪੰਜਾਬ ਦੇ ਨਕਸ਼ੇ ਉਤੇ ਰਾਵਲਪਿੰਡੀ, ਪਸ਼ਾਵਰ, ਫੀਰੋਜ਼ਪੁਰ, ਮੁਲਤਾਨ, ਲਾਹੌਰ ਅਤੇ ਅੰਮ੍ਰਿਤਸਰ ਦੀਆਂ ਛਾਉਣੀਆਂ ਉਤੇ ਨਿਸ਼ਾਨ ਲਗੇ ਹੋਏ ਸਨ, ਅਤੇ ਹਿੰਦੁਸਤਾਨ ਦੇ ਨਕਸ਼ੇ ਉਤੇ ਬਰਦਵਾਨ, ਦਿਲੀ, ਮੁਘੇਰ, ਅਜਮੇਰ ਅਤੇ ਬਲਾਸੋਰ ਉਤੇ। ਰੌਲਟ ਰੀਪੋਟ ਵਿਚ ਵੀ ਲਿਖਿਆ ਹੈ ਕਿ, "ਇਹ ਸਪੱਸ਼ਟ ਹੋ ਗਿਆ ਕਿ ਇਨਕਲਾਬੀਆਂ ਨੇ ਲਾਹੌਰ, ਫੀਰੋਜ਼ਪੁਰ ਅਤੇ ਰਾਵਲਪਿੰਡੀ ਇਕੋ ਵਕਤ ਬਗਾਵਤ ਕਰਨ ਦੀਆਂ ਤਜਵੀਜ਼ਾਂ ਬਣਾਈਆਂ ਹੋਈਆਂ ਸਨ; ਪਿਛੋਂ ਪਤਾ ਲਗਾ ਕਿ ਉਨ੍ਹਾਂ ਨੇ ਬਹੁਤ ਲੰਮੇ ਇਲਾਕੇ ਵਿਚ ਬਗਾਵਤ ਕਰਾਉਣ ਦੀ ਸਕੀਮ ਬਣਾਈ ਹੋਈ ਸੀ। ਇਹ ਸਿਰਫ ਬਨਾਰਸ ਅਤੇ ਜਬਲਪੁਰ ਤਕ ਹੀ ਨਹੀਂ ਸੀ ਫੈਲਣੀ। ਸਾਨੂੰ ਉਸ ਸ਼ਹਾਦਤ ਤੋਂ, ਜਿਸਨੂੰ ਅਸੀਂ ਅੰਤਮ ਸਮਝਦੇ ਹਾਂ, ਤਸੱਲੀ ਹੈ ਕਿ ਘਟੋ ਘਟ ਦੋ ਤਿਨ ਇਨਕਲਾਬੀਆਂ ਨੂੰ ੮ ਫਰਵਰੀ ਨੂੰ ਪੂਰਬੀ ਬੰਗਾਲ ਵਿਚ ਪਤਾ ਸੀ ਕਿ ਕੀ ਹੋਣ ਵਾਲਾ ਹੈ, ਅਤੇ (ਉਹ) ਢਾਕੇ ਵਿਚ ਬਗਾਵਤ ਕਰਾਉਣ ਦਾ ਪ੍ਰਬੰਧ ਕਰ ਰਹੇ ਸਨ ਜੇਕਰ ਸਿਖ ਬਗਾਵਤ ਸ਼ੁਰੂ ਹੋ ਜਾਵੇ*"।

ਉਪ੍ਰੋਕਤ ਹਵਾਲਿਆਂ ਪਿਛੋਂ ਇਸ ਵਿਚ ਤਾਂ ਸ਼ੱਕ ਨਹੀਂ ਰਹਿ ਜਾਂਦਾ ਕਿ ਗਦਰੀ ਇਨਕਲਾਬੀਆਂ ਦੀਆਂ ਛਾਉਣੀਆਂ ਵਿਚ ਫੌਜੀਆਂ ਨੂੰ ਪ੍ਰੇਰਨਾ ਕਰਨ ਦੀਆਂ ਕੋਸ਼ਸ਼ਾਂ ਦਾ ਦਾਇਰਾ ਬਹੁਤ ਲੰਮਾ ਚੌੜਾ ਸੀ। ਪਰ ਫੌਜੀ ਕਿਸ ਹੱਦ ਤੱਕ ਇਨਕਲਾਬੀਆਂ ਦਾ ਸਾਥ ਦੇਣ ਨੂੰ ਤਿਆਰ ਹੋਏ ?

ਸ਼੍ਰੀ ਸਾਨਿਯਾਲ ਦਾ ਦਾਅਵਾ ਹੈ ਕਿ, "ਉਤ੍ਰ ਪਛਮੀ ਕਿਨਾਰੇ ਦੇ ਬੰਨੂੰ ਤੋਂ ਲੈਕੇ ਦਾਨਾ-ਪੁਰ ਤਕ ਕੋਈ ਭੀ ਛਾਵਣੀ ਖਾਲੀ ਨਾ ਰਹਿਣ ਦਿੱਤੀ ਗਈ। ਲਗ ਭਗ ਸਾਰੀਆਂ ਪਲਟਨਾਂ ਨੇ ਬਚਨ ਦਿੱਤਾ ਸੀ ਕਿ ਪਹਿਲਾਂ ਤੁਸੀਂ ਕੰਮ ਛੇੜੋ, ਗਦਰ ਸ਼ੁਰੂ ਹੋ ਜਾਣ ਪੁਰ ਉਹ ਜ਼ਰੂਰ ਹੀ ਰਾਜਪਲਟਾਊਆਂ ਨਾਲ ਮਿਲ ਜਾਣਗੇ*"। ਗਦਰ ਪਾਰਟੀ ਲਹਿਰ ਸੰਬੰਧੀ ਚਲੇ ਮੁਕੱਦਮਿਆਂ ਵਿਚ ਵੀ ਕਿਧਰੇ ਕਿਧਰੇ ਇਹ ਜ਼ਿਕਰ ਆਉਂਦਾ ਹੈ ਕਿ ਅੱਡ ਅੱਡ ਗਦਰੀ ਇਨਕਲਾਬੀਆਂ ਦਾ ਇਹੋ ਅੰਦਾਜ਼ਾ ਸੀ ਕਿ ਫੌਜੀ ਉਨ੍ਹਾਂ ਦਾ ਸਾਥ ਦੇਣਗੇ। ਇਸੇ ਕਾਂਡ ਵਿਚ ਪਿਛੇ ਵੇਖਿਆ ਜਾ ਚੁਕਾ ਹੈ ਕਿ ਸ਼੍ਰੀ ਹਰਨਾਮ ਸਿੰਘ (ਰਾਵਲਪਿੰਡੀ) ਨੇ ਬੰਨੂੰ ਤੋਂ ਆਕੇ ਇਤਲਾਹ ਦਿੱਤੀ ਕਿ ਪੈਂਤਵੀਂ ਸਿਖ ਪਲਟਨ ਨੇ ਸਾਮਲ ਹੋਣ ਦਾ ਬਚਨ ਦਿੱਤਾ; ਸ਼੍ਰੀ ਊਧਮ ਸਿੰਘ 'ਵੜਿੰਗ' ਅਤੇ ਸ਼੍ਰੀ ਗੁਰਮੁਖ ਸਿੰਘ ਰਾਵਲਪਿੰਡੀ ਤੋਂ ਇਹ ਖਬਰ ਲਿਆਏ ਕਿ ਜੇਹਲਮ, ਰਾਵਲਪਿੰਡੀ, ਹੋਤੀ ਮਰਦਾਨ ਅਤੇ ਪਸ਼ਾਵਰ ਦੀਆਂ ਫੌਜਾਂ ਬਗਾਵਤ ਕਰਨ ਨੂੰ ਤਿਆਰ ਹਨ; ਸ਼੍ਰੀ ਹਿਰਦੇ ਰਾਮ ਜਲੰਧਰ ਤੋਂ ਪਤਾ ਲਿਆਏ ਕਿ ਓਥੋਂ ਦੇ ਡੋਗਰੇ ਅਤੇ ਸਿਖ ਸਿਪਾਹੀ ਨਾਲ ਰਲਣ ਨੂੰ ਤਿਆਰ ਹਨ। ਸ਼੍ਰੀ ਕਰਤਾਰ ਸਿੰਘ 'ਸਰਾਭਾ' ਦਾ ਅੰਦਾਜ਼ਾ ਸੀ ਕਿ ਫੀਰੋਜ਼ਪੁਰ ਦੀ ਸਾਰੀ ਰੈਜਮੈਂਟ ਨਾਲ ਰਲਣ ਨੂੰ ਤਿਆਰ ਸੀ†, ਅਤੇ ਮੂਲਾ ਸਿੰਘ ਨੇ ਵਾਅਦਾ ਮੁਆਫ ਗਵਾਹ ਬਣਨ ਉਤੇ ਬਿਆਨ ਦਿੱਤਾ ਕਿ ਉਨ੍ਹਾਂ ਨੂੰ ਆਸ ਸੀ ਕਿ ਲਾਹੌਰ ਛਾਉਣੀ ਦੀਆਂ ਦੇਸੀ ਫੌਜਾਂ ਗਦਰੀਆਂ ਦਾ ਸਾਥ ਦੇਣਗੀਆਂ‡। ਸ਼੍ਰੀ ਪਿੰਗਲੇ, ਜੋ ਫੀਰੋਜ਼ਪੁਰ ਦੀ ਛਾਉਣੀ ਵਿਚ ਆਪ ਜਾਂਦੇ ਰਹੇ, ਨੇ ਦੱਸਿਆ ਕਿ ਫੀਰੋਜ਼ ਪੁਰ ੩੦੦ ਫੌਜੀ ਨਾਲ ਰਲਣ ਨੂੰ ਤਿਆਰ ਹਨ¶, ਅਤੇ ਸ਼੍ਰੀ ਰਾਮ ਰੱਖਾ ਨੇ ਫਖਰ ਨਾਲ

*First and Secord Cases, The Seduction of Troops.

†First Case, The Sedution of Troops, p. 1.

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੫੯।

†ਬੰਦੀ ਜੀਵਨ, ਭਾਗ ਪਹਿਲਾ, ਪੰਨਾ ੧੦੭।

‡Rowlatt Report, p. 133.

§ਬੰਦੀ ਜੀਵਨ, ਭਾਗ ਪਹਿਲਾ, ਪੰਨਾ ੮.

‖Isemonger and Slattery, p. 94

¶O'Dwyer, p. 197.

*Rowlatt Report, p. 154.

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੮।

†Mandlay Case, Evidence, p. 54.

‡Mandlay Case, Evidence, p. 55.

¶First Case, Individual Case of Pingley, p. 2.



Digitized by Panjab Digital Library | www.panjabdigilib.org

ਕਿਹਾ ਕਿ ਗਦਰੀਆਂ ਨੂੰ ਫੌਜਾਂ ਵਿਚ ਬਹੁਤ ਕਾਮਯਾਬੀ ਹੋਈ ਹੈ*।

ਅੱਡ ਅੱਡ ਗਦਰੀ ਇਨਕਲਾਬੀਆਂ ਦੀ ਉਤੇ ਦਿੱਤੀ ਗਈ ਵੰਨਗੀ ਮਾਤ੍ਰਤੋਂ ਰਾਏ ਨੂੰ ਸਾਰੇ ਗਦਰੀ ਇਨਕਲਾਬੀਆਂ ਦਾ ਅੰਦਾਜ਼ਾ ਸਮਝਣਾ ਬੇ-ਜਾ ਨਹੀਂ ਹੋਵੇਗਾ, ਕਿਉਂਕਿ ਗਦਰ ਲਹਿਰ ਸੰਬੰਧੀ ਚਲੇ ਸਾਰੇ ਮੁਕੱਦਮਿਆਂ ਵਿਚ, ਕੀ ਵਾਅਦਾ ਮੁਆਫ ਗਵਾਹਾਂ ਦੀ ਜਾਂ ਕੀ ਕਿਸੇ ਹੋਰ ਦੀ, ਇਕ ਵੀ ਗਵਾਹੀ ਨਹੀਂ ਜੋ ਉਪ੍ਰੋਕਤ ਦਾਅਵਿਆਂ ਦੇ ਉਲਟ ਹੋਵੇ। ਇਸ ਤੋਂ ਇਲਾਵਾ ਗਦਰੀ ਇਨਕਲਾਬੀਆਂ ਦਾ ਫੌਜੀਆਂ ਦੇ ਗਦਰ ਨੂੰ ਆਪਣੇ ਇਨਕਲਾਬੀ ਯਤਨਾਂ ਦਾ ਧੁਰਾ ਬਨਾਉਣਾ ਹੀ ਜ਼ਾਹਰ ਕਰਦਾ ਹੈ ਕਿ ਉਨ੍ਹਾਂ ਨੂੰ ਇਸ ਬੰਨੇ ਸਫਲ ਹੋਣ ਦੀ ਕਿਤਨੀ ਆਸ ਸੀ।

ਇਨਕਲਾਬੀਆਂ ਦੇ ਤਖਮੀਨਿਆਂ ਨੂੰ ਕੇਵਲ ਵਰਗਲਾਏ ਹੋਏ ਫੌਜੀਆਂ ਦੀਆਂ ਸ਼ਹਾਦਤਾਂ, ਜਾਂ ਅੰਗਰੇਜ਼ੀ ਅਫਸਰਾਂ ਦੇ ਅੰਦਾਜ਼ਿਆਂ, ਨਾਲ ਮੇਲ ਕੇ ਹੀ ਪਰਖਿਆ ਜਾ ਸਕਦਾ ਹੈ। ਫੌਜੀਆਂ ਦੀ ਸ਼ਹਾਦਤਾਂ ਬਾਰੇ ਪਹਿਲੇ ਮੁਕੱਦਮੇਂ ਦੇ ਜੱਜ ਲਿਖਦੇ ਹਨ ਕਿ, "ਕੁਦਰਤੀ ਤੌਰ ਉਤੇ ਅਸੀਂ ਸੁਚਾ ਸਿੰਘ ਦੀ ਕਹਾਣੀ ਦੀ ਉਨ੍ਹਾਂ ਸਿਪਾਹੀਆਂ ਦੀ ਸ਼ਹਾਦਤ ਤੋਂ ਪੁਸ਼ਟੀ ਨਹੀਂ ਕਰ ਸਕਦੇ, ਜਿਨ੍ਹਾਂ ਨੂੰ ਵਰਗ ਲਾਇਆ ਗਿਆ। ਕਾਰਨ ਸਾਫ ਸਿੱਧਾ ਹੈ। ਫੌਜੀ ਕਾਨੂੰਨ ਮੁਤਾਬਕ ਹਰ ਇਕ ਸਿਪਾਹੀ, ਜੋ ਕਿਸੇ ਤਜਵੀਜ਼ ਕੀਤੀ ਬਗਾਵਤ ਬਾਰੇ ਸੁਣਕੇ ਆਪਣੇ ਅਫਸਰਾਂ ਪਾਸ ਇਕਦੱਮ ਖਬਰ ਨਹੀਂ ਪੁਚਾਂਦਾ, ਮੌਤ ਦੀ ਸਜ਼ਾ ਦਾ ਭਾਗੀ ਹੋ ਸਕਦਾ ਹੈ, ਭਾਵੇਂ ਉਸ ਨੇ ਬਗਾਵਤ ਵਿਚ ਹਿੱਸਾ ਲਿਆ ਹੋਵੇ ਜਾਂ ਨਾ, ਜਾਂ ਇਸ ਵਿਚ ਸ਼ਾਮਲ ਹੋਣ ਲਈ ਮੰਨਿਆ ਹੋਵੇ ਜਾਂ ਨਾ*"। ਇਸ ਦੇ ਬਾਵਜੂਦ ਪਹਿਲੇ ਮੁਕੱਦਮੇਂ ਦੇ ਫੈਸਲੇ ਵਿਚ ਜ਼ਿਕਰ ਹੈ ਕਿ ਦਿਲਾ ਸਿੰਘ ਨੇ ਬਨਾਰਸ ੨੦੦ ਜਾਂ ੩੦੦ ਸਿਪਾਹੀ ਰਾਈਫਲਾਂ ਸਮੇਤ ਇਨਕਲਾਬੀਆਂ ਨੂੰ ਦੇਣ ਦਾ ਬਚਨ ਕੀਤਾ ਸੀ†, ਅਤੇ ਮੇਰਠ ਬਾਰਵੇਂ ਰਸਾਲੇ ਵਿਚ ਫੌਜਾਂ ਨੂੰ ਵਰਗ ਲਾਉਣ ਦੀ ਕਾਮਯਾਬੀ ਨਾਲ ਕੋਸ਼ਸ਼ ਕੀਤੀ ਗਈ‡। ਮੀਆਂ ਮੀਰ ਛਾਉਣੀ ਦੇ ਤੇਈਵੇਂ ਰਸਾਲੇ ਬਾਰੇ ਚੌਧਵੇਂ ਕਾਂਡ ਵਿਚ ਜ਼ਿਕਰ ਆ ਚੁਕਾ ਹੈ ਕਿ ਕਿਵੇਂ ਘਟੋ ਘਟ ਇਕ ਸਾਰਾ ਤ੍ਰੁਪ ਨਵੰਬਰ ੧੯੧੪ ਵਿਚ ਬਗਾਵਤ ਕਰਨ ਨੂੰ ਤਿਆਰ ਸੀ।

ਅੰਗਰੇਜ਼ੀ ਅਫਸਰਾਂ ਦੇ ਜਾਂ ਸਰਕਾਰੀ ਤਖਮੀਨੇ ਵੀ, ਫੌਜੀਆਂ ਤੋਂ ਸਿੱਧੀ, ਜਾਂ ਸੀ. ਆਈ. ਡੀ. ਰਾਹੀਂ, ਲਈ ਵਾਕਫੀਅਤ, ਜਾਂ ਗਦਰੀਆਂ ਵਿਚੋਂ ਹੋਏ ਇਕਬਾਲੀਆਂ ਦੀਆਂ ਸ਼ਹਾਦਤਾਂ, ਉਤੇ ਨਿਰਭਰ ਹੋ ਸਕਦੇ ਸਨ। ਫੌਜੀਆਂ ਤੋਂ ਸਿੱਧੀ ਜਾਂ ਸੀ. ਆਈ. ਡੀ. ਰਾਹੀਂ ਵਾਕਫੀਅਤ ਲੈਣ ਦੇ ਰਾਹ ਵਿਚ ਵਡੀ ਔਕੜ ਓਹੋ ਸੀ, ਜਿਸ ਦਾ ਉਪਰਲੇ ਪੈਰੇ ਵਿਚ ਪਹਿਲੇ ਮੁਕੱਦਮੇਂ ਦੇ ਜੱਜਾਂ ਦੇ ਹਵਾਲੇ ਨਾਲ ਜ਼ਿਕਰ ਕੀਤਾ ਗਿਆ ਹੈ, ਅਤੇ ਗਦਰੀਆਂ ਵਿਚੋਂ ਬਣੇ ਵਾਅਦਾ ਮੁਆਫ ਗਵਾਹ ਜਾਂ

*Third Case, Judgement, p. 48.

†ਗਦਰ ਪਾਰਟੀ ਲਹਿਰ ਸੰਬੰਧੀ ਚੱਲੇ ਮੁਕੱਦਮਿਆਂ ਵਿਚ ਇਸ ਬਾਰੇ ਬਹੁਤੀ ਸ਼ਹਾਦਤ ਮਿਲਣ ਦੀ ਆਸ ਕਰਨੀ ਠੀਕ ਨਹੀਂ; ਕਿਉਂਕਿ ਇਨ੍ਹਾਂ ਦਾ ਮੰਤਵ ਕੇਵਲ ਦੋਸ਼ੀਆਂ ਵਿਰੁਧ ਜੁਰਮ ਸਾਬਤ ਕਰਨ ਦਾ ਸੀ, ਨਾ ਕਿ ਇਨਕਲਾਬੀਆਂ ਦੇ ਯਤਨਾਂ ਦੀ ਮੁਕੰਮਲ ਤਸਵੀਰ ਨੂੰ ਪੇਸ਼ ਕਰਨ ਲਈ ਸਾਰੀ ਤਫਸੀਲ ਅਕੱਠੀ ਕਰਨ ਦਾ।

*First Case, The Seduction of Troops, p. 8.

†Ibid.

‡Ibid, p. 9.

ਇਕਬਾਲੀ ਸਾਰੇ ਇਸ ਬਾਰੇ ਮੁਤਫਿਕ ਸਨ ਕਿ ਦੇਸੀ ਫੌਜਾਂ ਦੇ ਇਨਕਲਾਬੀਆਂ ਨਾਲ ਰਲਣ ਦੀ ਬਹੁਤ ਆਸ ਸੀ। ਗਦਰ ਪਾਰਟੀ ਲਹਿਰ ਦੀ ਤਫਤੀਸ਼ ਕਰਨ ਵਾਲੇ ਪੰਜਾਬ ਪੁਲਸ ਦੇ ਅਫਸਰ ਇਕ ਥਾਂ ਲਿਖਦੇ ਹਨ ਕਿ ਤੇਈਵੇਂ ਰਸਾਲੇ ਦੇ ਬਾਗੀ ਸਵਾਰਾਂ ਦੇ ਲੀਡਰਾਂ ਨੇ ਦਾਅਵਾ ਕੀਤਾ ਕਿ ੨੭ ਨਵੰਬਰ ਦੀ ਰਾਤ ਨੂੰ ੧੦੦ ਤੋਂ ਵੱਧ ਸਵਾਰ ਝਾੜ ਸਾਹਿਬ ਜਾਣ ਨੂੰ ਤਿਆਰ ਸਨ, ਪਰ ਇਹ ਗਿਣਤੀ ਗਾਲਬਨ ਵਧਾਕੇ ਦੱਸੀ ਹੋਈ ਸੀ ਅਤੇ ਕਿਸੇ ਹੋਰ ਰੈਜਮੈਂਟ ਵਿਚ ਇਤਨੀ ਕਾਮਯਾਬੀ ਨਹੀਂ ਹੋਈ*; ਪਰ ਇਹੋ ਅਫਸਰ ਇਕ ਹੋਰ ਥਾਂ ਮੰਨਦੇ ਹਨ ਕਿ ਇਸ ਬਾਰੇ ਅੰਦਾਜ਼ਾ ਲਾਉਣਾ ਨਾ-ਮੁਮਕਨ ਹੈ ਕਿ ਲਹਿਰ (ਫੌਜਾਂ ਨੂੰ ਨਾਲ ਮਿਲਾਉਣ) ਦੀ ਕਾਮਯਾਬੀ ਦੇ ਕਿਤਨੇ ਕੁ ਚਾਨਸ ਸਨ†। ਇਸੇ ਤਰ੍ਹਾਂ ਰੌਲਟ ਰੀਪੋਟ ਵਿਚ ਇਕ ਥਾਂ ਇਹ ਲਿਖਿਆ ਹੈ ਕਿ ਯੂ. ਪੀ. ਵਿਚ ਮੇਰਠ, ਕਾਨਪੁਰ, ਅਲਾਹਬਾਦ, ਬਨਾਰਸ, ਫੈਜ਼ਾਬਾਦ ਅਤੇ ਲਖਨਊ ਸਿਪਾਹੀਆਂ ਨੂੰ ਪ੍ਰੇਰਨਾ ਕਰਨ ਦੇ ਯਤਨ ਕੀਤੇ ਗਏ, ਪਰੰਤੂ ਕਾਮਯਾਬੀ ਬਹੁਤ ਘੱਟ ਹੋਈ‡; ਪਰ ਗਦਰ ਪਾਰਟੀ ਲਹਿਰ ਦਾ ਸਾਰ ਤੱਤ ਕਢਦਿਆਂ ਹੋਇਆਂ ਇਸੇ ਰੀਪੋਟ ਵਿਚ ਲਿਖਿਆ ਹੈ ਕਿ,' "ਇਹ ਸਪੱਸ਼ਟ ਹੈ ਕਿ ਪੰਜਾਬ ਵਿਚ ਗਦਰ ਲਹਿਰ ਵਡੇ ਪੈਮਾਨੇ ਉੱਤੇ ਖੂਨਰੇਜ਼ੀ ਕਰਾਉਣੋਂ ਵਾਲ ਕੁ ਦੀ ਵਿੱਥ ਭਰ ਉਰੇ ਰਹਿ ਗਈ§"। ਹੋ ਸਕਦਾ ਹੈ ਕਿ ਹੋਰ ਸਰਕਾਰੀ ਗੁਪਤ ਰੀਕਾਰਡਾਂ (ਜਿਨ੍ਹਾਂ ਬਾਰੇ ਪਤਾ ਨਹੀਂ ਹੈ, ਹਨ ਜਾਂ ਸਾੜੇ ਜਾ ਚੁਕੇ ਹਨ, ਅਤੇ ਜੇ ਹਨ ਤਾਂ ਵੀ ਉਨ੍ਹਾਂ ਤਕ ਲਿਖਾਰੀ ਦੀ ਰਸਾਈ ਨਹੀਂ ਹੋ ਸਕੀ) ਤੋਂ ਇਸ ਬਾਰੇ ਵਧੇਰੇ ਜਾਨਣਾ ਪੈ ਸਕੇ। ਪਰ ਸਰਕਾਰੀ ਜਾਂ ਨੀਮ ਸਰਕਾਰੀ ਪ੍ਰਕਾਸ਼ਤ ਲਿਖਤਾਂ ਤੋਂ ਇਸ ਤੋਂ ਵੱਧ ਨਹੀਂ ਪਤਾ ਲੱਗ ਸੱਕਿਆ। ਪ੍ਰਕਾਸ਼ਤ ਸਰਕਾਰੀ ਜਾਂ ਨੀਮ ਸਰਕਾਰੀ ਲਿਖਤਾਂ ਬਾਰੇ ਇਹ ਵੀ ਯਾਦ ਰੱਖਣ ਵਾਲੀ ਗੱਲ ਹੈ, ਕਿ ਅੰਗਰੇਜ਼ੀ ਸਰਕਾਰ ਦੀ ਨੀਤੀ ਦੇਸੀ ਫੌਜਾਂ ਵਿਚ ਬਗਾਵਤ ਹੋ ਸਕਣ ਦੀ ਸੰਭਾਵਨਾ ਉਤੇ ਹਮੇਸ਼ਾਂ ਪਰਦਾ ਪਾ ਕੇ ਰੱਖਣ ਦੀ ਸੀ। ਸਰ ਮਾਈਕਲ ਓਡਵਾਇਰ ਤੇਈਵੇਂ ਰਸਾਲੇ ਬਾਰੇ ਲਿਖਦੇ ਹਨ ਕਿ, "ਬਗਾਵਤ ਦਾ ਅਸਰ ਹੋਏ ਸਿਖ ਦਮਤੇ ਨੂੰ ਜਲਦੀ ਹੀ ਪਿਛੋਂ ਬਾਕੀ ਦੀ ਪਲਟਨ ਨਾਲ ਲੜਾਈ ਦੇ ਮੈਦਾਨ ਵਿਚ ਭੇਜ ਦਿੱਤਾ ਗਿਆ; ਕਿਉਂਕਿ ਜੰਗ ਦੇ ਦਿਨਾ ਵਿਚ ਫੌਜੀ ਹਾਕਮਾਂ ਨੇ ਇਹ ਮੁਨਾਸਬ ਨਾ ਸਮਝਿਆ ਕਿ ਕੋਰਟ ਮਾਰਸ਼ਲ ਕੀਤਾ ਜਾਵੇ, ਜਿਸ ਨਾਲ ਬਗਾਵਤੀ ਤਿਆਰੀਆਂ ਉਜਾਗਰ ਹੋ ਜਾਣ*"।

ਗਦਰੀ ਇਨਕਲਾਬੀਆਂ ਨੂੰ ਫੌਜਾਂ ਨੂੰ ਨਾਲ ਰਲਾਉਣ ਵਿਚ ਕਿਸ਼ ਹੱਦ ਤਕ ਕਾਮਯਾਬੀ ਹੋਈ, ਇਸ ਬਾਰੇ ਗਦਰੀਆਂ ਦੇ ਤਖਮੀਨਿਆਂ ਨੂੰ ਮੁਕੰਮਲ ਤੌਰ ਉਤੇ ਪ੍ਰਵਾਨ ਕਰਨ ਵਿਚ ਸ਼ਾਇਦ ਕੁਝ ਸੰਕੋਚ ਕੀਤਾ ਜਾ ਸਕੇ, ਪਰ ਇਸ ਵਿਚ ਜ਼ਰਾ ਵੀ ਸ਼ੱਕ ਨਹੀਂ ਕਿ ਦੇਸੀ ਫੌਜਾਂ ਨੂੰ ਗਦਰ ਲਈ ਪ੍ਰੇਰਨ ਦੇ ਹਲਾਤ ਬਹੁਤ ਮੁਆਫਕ ਸਨ। ਸੰਸਾਰ ਯੁਧ ਦੇ ਸ਼ੁਰੂ ਵਿਚ ਜੋ ਦੇਸੀ ਪਲਟਨਾਂ ਯੂਰਪ ਵਿਚ ਲੜਾਈ ਨੂੰ ਗਈਆਂ, ਉਨ੍ਹਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ, ਜਿਸ ਕਾਰਨ ਫੌਜੀਆਂ ਨੂੰ ਓਧਰ ਜਾਣ ਵਿਚ ਮੌਤ ਦਿਸਦੀ ਸੀ। ਜਦ ਗਦਰੀ ਇਨਕਲਾਬੀ ਫੌਜੀਆਂ ਨੂੰ ਜਾਕੇ

*Isemonger and Slattery, p. 94. ਇਹ ਨੋਟ ਕਰਨ ਵਾਲੀ ਗਲ ਹੈ ਕਿ ੨੭ ਨਵੰਬਰ ਤੋਂ ਲੈਕੇ ਗਦਰ ਦੀ ਨੀਯਤ ਕੀਤੀ ਤਾਰੀਖ ਤਕ, ਬਲਕਿ ਪਿਛੋਂ ਵੀ, ਤੇਈਵੇਂ ਰਸਾਲੇ ਵਿਚ ਗਦਰੀ ਪ੍ਰਚਾਰ ਹੁੰਦਾ ਰਿਹਾ।

†Isemonger and Slattery, p. 149.

‡Rowlatt Report, p. 158.

§Ibid, p. 161.

*O'Dwyer, p. 203.



Digitized by Panjab Digital Library | www.panjabdigilib.org

ਪ੍ਰੇਰਦੇ ਸਨ ਕਿ ਬਦੇਸ਼ੀ ਹਾਕਮਾਂ ਦੀ ਖਾਤਰ ਬਦੇਸ਼ਾਂ ਵਿਚ ਮਰਨ ਨਾਲੋਂ ਆਪਣੇ ਦੇਸ ਨੂੰ ਆਜ਼ਾਦ ਕਰਨ ਖਾਤਰ ਖਤਰਾ ਮੁਲ ਲੈਣਾ ਚੰਗਾ ਹੈ, ਤਾਂ ਇਹ ਗਲ ਫੌਜੀਆਂ ਦੇ ਮੰਨ ਲਗਦੀ। ਇਹ ਇਸ ਤੋਂ ਵੀ ਜ਼ਾਹਰ ਹੁੰਦਾ ਹੈ ਕਿ ਗਦਰੀ ਇਨਕਲਾਬੀਆਂ ਨੇ ਅਨੇਕਾਂ ਪਲਟਨਾਂ ਨੂੰ ਪ੍ਰੇਰਨ ਦੀ ਕੋਸ਼ਸ਼ ਕੀਤੀ, ਪਰ ਗਦਰ ਪਾਰਟੀ ਲਹਿਰ ਫੇਲ ਹੋਣ ਤੋਂ ਪਹਿਲੋਂ ਕੇਵਲ ਦੋ ਤਿਨ ਬਾਰੇ ਅੰਗਰੇਜ਼ੀ ਅਫਸਰਾਂ ਨੂੰ ਪਤਾ ਲਗ ਸਕਿਆ। ਚੌਧਵੇਂ ਕਾਂਡ ਵਿਚ ਵੇਖਿਆ ਜਾ ਚੁਕਾ ਹੈ ਕਿ ਅਧੂਰੀ ਤਿਆਰੀ ਦੇ ਬਾਵਜੂਦ ਨਵੰਬਰ ੧੯੧੪ ਵਿਚ ਗਦਰ ਜਲਦੀ ਕਰਨ ਦਾ ਫੈਸਲਾ ਇਸ ਵਾਸਤੇ ਕੀਤਾ ਗਿਆ, ਕਿਉਂਕਿ ਤੇਈਵੇਂ ਰਸਾਲੇ ਦੇ ਫੌਜੀਆਂ ਨੂੰ ਡਰ ਸੀ, ਕਿ ਹੋਰ ਸਮਾਂ ਉਡੀਕਣ ਤਕ ਮਤਾਂ ਉਨ੍ਹਾਂ ਨੂੰ ਲੜਾਈ ਵਿਚ ਜਾਣ ਦਾ ਹੁਕਮ ਆ ਜਾਵੇ, ਅਤੇ ਅਗਲੇਰੇ ਕਾਂਡ ਵਿਚ ਵੇਖਿਆ ਜਾਵੇਗਾ ਕਿ ਫਰਵਰੀ ਵਿਚ ਗਦਰ ਦੀ ਤਾਰੀਖ ਜਲਦੀ ਨੀਯਤ ਕਰਨ ਦਾ ਵੱਡਾ ਕਾਰਨ ਵੀ ਇਹੋ ਸੀ । ਸਿੰਘਾਪੁਰ ਦਾ ਗਦਰ ਉਸ ਸਮੇਂ ਹੋਇਆ ਜਦ ਫੌਜੀਆਂ ਨੂੰ ਸਿੰਘਾਪੁਰੋਂ ਜਾਣ ਲਈ ਜਹਾਜ਼ ਉਤੇ ਸਵਾਰ ਹੋਣ ਦਾ ਹੁਕਮ ਮਿਲਿਆ। ਪਹਿਲੇ ਸਾਜ਼ਸ਼ ਕੇਸ ਦੇ ਫੈਸਲੇ ਵਿਚ ਇਹ ਮੰਨਿਆ ਗਿਆ ਹੈ ਕਿ, "ਇਸ ਵਿਚ ਸ਼ੱਕ ਨਹੀਂ ਕਿ ਹਰ ਕਿਸਮ ਦੀਆਂ ਥਾਵਾਂ ਵਿਚ, ਅਤੇ ਕਈ ਥਾਈਂ ਕਾਮਯਾਬੀ ਨਾਲ, ਫੌਜਾਂ ਨੂੰ ਨਾਲ ਮਿਲਾਉਣ ਦੀ ਸਿਰਤੋੜ ਕੋਸ਼ਸ਼ ਕੀਤੀ ਗਈ"। ਦੂਸਰੇ ਮੁਕੱਦਮੇਂ ਦੇ ਫੈਸਲੇ ਵਿਚ ਜੱਜ ਲਿਖਦੇ ਹਨ ਕਿ, "ਜਦੋਂ ਹਿੰਦ ਵਿਚ ਫੌਜਾਂ ਨੂੰ ਵਰਗ ਲਾਉਣ ਬਾਰੇ ਅਸੀਂ ਵੀਚਾਰ ਕਰਦੇ ਹਾਂ ਤਾਂ ਸਾਡੇ ਸਾਹਮਣੇ ਬਹੁਤ ਸਾਰੀ ਨਵੀਂ ਸ਼ਹਾਦਤ ਆਈ ਹੈ, ਜਿਹੜੀ ਜ਼ਾਹਰ ਕਰਦੀ ਹੈ ਕਿ ਕੋਸ਼ਸ਼ਾਂ, ਅਤੇ ਜੋ ਇਨ੍ਹਾਂ ਨੂੰ ਕਾਮਯਾਬੀ ਹੋਈ, ਉਸ ਨਾਲੋਂ ਵਧੇਰੇ ਖਤਰਨਾਕ ਸਨ, ਜਿਨ੍ਹਾਂ ਬਾਰੇ ਸਾਨੂੰ ਲਾਹੌਰ ਸਾਜ਼ਸ਼ ਕੇਸ ਵਿਚ ਪਤਾ ਸੀ*"। ਜਿਵੇਂ ਪਿਛੇ ਜ਼ਿਕਰ ਆ ਚੁਕਾ ਹੈ, ਸਰ ਮਾਈਕਲ ਓਡਵਾਇਰ ਮੰਨਦੇ ਹਨ ਕਿ, "ਪੰਜਾਬ ਅਤੇ ਯੂ. ਪੀ. ਵਿਚ ਘਟੋ ਘਟ ਬਾਰਾਂ ਛਾਉਣੀਆਂ ਵਿਚ ਦੇਸੀ ਫੌਜਾਂ ਨੂੰ ਵਰਗਲਾਉਣ ਦੀ ਲਗਾਤਾਰ ਕੋਸ਼ਸ਼ ਕੀਤੀ ਗਈ, ਅਤੇ ਇਨ੍ਹਾਂ ਵਿਚੋਂ ਕਈਆਂ ਵਿਚ ਕਾਮਯਾਬੀ ਹੋਈ†" । ਰੌਲਟ ਰੀਪੋਟ ਵਿਚ ਲਿਖਿਆ ਹੈ ਕਿ ਜਦ ਇਕ ਸੌ ਤੀਹਵੀਂ ਬਲੋਚ ਪਲਟਨ ਰੰਗੂਨ ਆਈ ਤਾਂ, "ਇਸ ਵਿਚ ਗਦਰ ਅਖਬਾਰ ਦੇ ਵੀਚਾਰਾਂ ਦਾ ਜ਼ੇਹਰ ਫੈਲ ਗਿਆ, ਅਤੇ ਜਨਵਰੀ ੧੯੧੫ ਤਕ ਇਹ ਪਲਟਨ ਕਤੱਈ ਬਦਜ਼ਨ ਹੋ ਕੇ ਬਗਾਵਤ ਲਈ ਤਿਆਰ ਹੋ ਗਈ‡"। ਇਸੇ ਤਰ੍ਹਾਂ 'ਮਲਾਯਾ ਸਟੇਟਸ ਗਾਈਡਜ਼' ਨਾਮੀਂ ਪਲਟਨ ਦੇ ਨਾਮ ਉਤੇ ਰੰਗੂਨ ਦੇ ਤੁਰਕੀ ਕੌਂਸਲ ਨੂੰ ਕੀਤੀ ਗਈ ਇਕ ਅਪੀਲ ਫੜੀ ਗਈ, ਜਿਸ ਵਿਚ ਇਹ ਲਿਖਿਆ ਗਿਆ ਸੀ, "ਕਿ ਪਲਟਨ ਅੰਗਰੇਜ਼ੀ ਸਰਕਾਰ ਵਿਰੁਧ ਬਗਾਵਤ ਕਰਨ ਨੂੰ ਅਤੇ ਤੁਰਕਾਂ ਖਾਤਰ ਲੜਨ ਨੂੰ ਤਿਆਰ ਹੈ, ਅਤੇ ਬੇਨਤੀ ਕੀਤੀ ਗਈ, ਕਿ ਇਕ ਤੁਰਕੀ ਜੰਗੀ ਜਹਾਜ਼ ਸਿੰਘਾਪੁਰ ਭੇਜਿਆ ਜਾਏ§" । ਜੋ ਕੁਝ ਦੇਸੀ ਪਲਟਨਾਂ ਨੇ ਸਿੰਘਾਪੁਰ ਕੀਤਾ, ਅਤੇ ਜੋ ਹੋਰ ਦੇਸੀ ਪਲਟਨਾਂ ਮਲਾਯਾ ਅਤੇ ਰੰਗੂਨ ਵਿਚ ਕਰਨ ਨੂੰ ਸਰਕਾਰੀ ਲਿਖਤ ਮੁਤਾਬਕ ਤਿਆਰ ਸਨ, ਓਹੋ ਦੇਸੀ ਪਲਟਨਾਂ ਤੋਂ ਦੇਸ ਵਿਚ ਹੋ ਸਕਣਾ ਸਗੋਂ ਵਧੇਰੇ ਮੁਮਕਨ ਸੀ। ਇਸ ਵਾਸਤੇ ਇਹ

*Second Case, Judgement, p 52.
†O'Dwyer, p. 197.
‡Rowlatt Report, p. 170.
§Ibid.

ਵਾਕਿਆਤ ਅਤੇ ਹਵਾਲੇ, ਗਦਰੀ ਇਨਕਲਾਬੀਆਂ ਦੇ ਦੇਸੀ ਫੌਜੀਆਂ ਨੂੰ ਆਪਣੇ ਨਾਲ ਰਲਾਉਣ ਵਿਚ ਸਫਲਤਾ ਬਾਰੇ ਅੰਦਾਜ਼ਿਆਂ ਨੂੰ ਪ੍ਰਵਾਨ ਕਰਨ ਦੇ ਹੱਕ ਵਿਚ ਜੇ ਪੂਰੀ ਉਗਾਹੀ ਨਹੀਂ, ਤਾਂ ਘਟੋ ਘਟ ਇਹ ਜ਼ਰੂਰ ਸਪੱਸ਼ਟ ਕਰਦੇ ਹਨ ਕਿ ਪਹਿਲੇ ਸੰਸਾਰ ਯੁਧ ਦੇ ਦੌਰਾਨ ਵਿਚ ਦੇਸੀ ਫੌਜਾਂ ਤੋਂ ਬਗਾਵਤ ਕਰਾਉਣ ਦੇ ਹਲਾਤ ਜ਼ਰੂਰ ਮੁਆਫਕ ਸਨ।

ਇਨ੍ਹਾਂ ਮੁਆਫਕ ਹਾਲਾਤ ਤੋਂ ਫਾਇਦਾ ਉਠਾਉਣ ਦਾ ਦੂਸਰਾ ਅੰਗ ਵੀ ਮੌਜੂਦ ਸੀ। ਫੌਜੀਆਂ ਨੂੰ ਪ੍ਰੇਰਨ ਦਾ ਕੇਵਲ ਸਿਰ ਉਸ ਖੱਫਣ ਬੰਨਕੇ ਹੀਆ ਕੀਤਾ ਜਾ ਸਕਦਾ ਸੀ, ਅਤੇ ਗਦਰੀ ਇਨਕਲਾਬੀਆਂ ਵਿਚ ਦਲੇਰੀ ਦਾ ਘਾਟਾ ਨਹੀਂ ਸੀ। ਬਲਕਿ ਜਿਹੜੀ ਅਣਸਾਧੀ ਨਿਝੱਕ ਦਲੇਰੀ ਉਨ੍ਹਾਂ ਨੂੰ ਐਲਾਨੀਆਂ ਹਿੰਦ ਆਉਣ ਦੀ ਗਲਤੀ ਕਰਾਉਣ ਦਾ ਕਾਰਨ ਬਣੀ, ਉਹੋ ਫੌਜਾਂ ਵਿਚ ਨਿਝੱਕ ਹੋਕੇ ਕੰਮ ਕਰਨ ਵਿਚ ਸਹਾਇਕ ਹੋਈ। ਪੰਜਾਬ ਪੁਲਸ ਦੇ ਅਫਸਰ ਲਿਖਦੇ ਹਨ, ਕਿ, "ਜਿਸ ਨਿਝੱਕ ਦਲੇਰੀ ਨਾਲ ਸੁਚਾ ਸਿੰਘ ਤੇ ਹੋਰ ਫੌਜਾਂ ਨੂੰ ਵਰਗਲਾਉਣ ਦਾ ਕੰਮ ਕਰਦੇ ਰਹੇ, ਉਸ ਨੂੰ ਵੇਖ ਕੇ ਦੰਦ ਜੁੜ ਜਾਂਦੇ ਹਨ ('The audacity.........is astounding.') । ਜਿਹੜੀਆਂ ਜਿਹੜੀਆਂ ਛਾਉਣੀਆਂ ਵਿਚ ਉਨ੍ਹਾਂ ਦੀ ਡੀਊਟੀ ਲਾਈ ਗਈ ਸੀ, ਓਹ ਉਨ੍ਹਾਂ ਵਿਚ ਗਏ, ਅਤੇ ਬਗੈਰ ਟੋਹਣ ਟਾਣ ਦੇ ਜਿਹੜੇ ਵੀ ਸਿਪਾਹੀ ਉਨ੍ਹਾਂ ਨੂੰ ਮਿਲੇ, ਉਨ੍ਹਾਂ ਨੂੰ ਗਦਰ, ਕਤਲ ਅਤੇ ਲੁਟ ਦਾ ਪ੍ਰਚਾਰ ਕੀਤਾ*"

---

## ਸਤਾਰਵਾਂ ਕਾਂਡ

# ਹਿੰਦ ਵਿਚ ਗਦਰ ਕਰਨ ਦੀ ਪਲੈਨ

ਗਦਰੀ ਇਨਕਲਾਬੀਆਂ ਦੀਆਂ ਪਿਛਲੇ ਕਾਂਡ ਵਿਚ ਦਿੱਤੀਆਂ ਕਾਰਰਵਾਈਆਂ ਇਕ ਮਨੋਰਥ ਅਤੇ ਇਕ ਪਲੈਨ ਨੂੰ ਮੁਖ ਰਖ ਕੇ ਚਲ ਰਹੀਆਂ ਸਨ। ਸ਼੍ਰੀ ਰਾਸ਼ ਬਿਹਾਰੀ ਬੋਸ ਦੇ ਆਉਣ ਤੋਂ ਪਹਿਲੋਂ ਗਦਰੀਆਂ ਦਾ ਨਾ ਇਕ ਕੇਂਦ੍ਰ ਸੀ, ਅਤੇ ਨਾ ਓਹ ਸੋਚੀ ਸਮਝੀ ਹੋਈ ਸਕੀਮ ਅਨੁਸਾਰ ਚਲ ਰਹੇ ਸਨ। ਸ਼੍ਰੀ ਰਾਸ਼ ਬਿਹਾਰੀ ਬੋਸ ਨੇ, ਜਿਵੇਂ ਅਗੇ ਦੱਸਿਆ ਜਾ ਚੁਕਾ ਹੈ, ਗਦਰੀ ਇਨਕਲਾਬੀਆਂ ਦੀਆਂ ਸਰਗਰਮੀਆਂ ਨੂੰ ਨਾ ਕੇਵਲ ਇਕ ਲੜੀ ਵਿਚ ਪ੍ਰੋਤਾ, ਬਲਕਿ ਇਕ ਐਸੀ ਪਲੈਨ ਨੂੰ ਮੁਖ ਰੱਖਕੇ ਚਲਾਇਆ ਜੋ ਬਿਲਕੁਲ ਸਾਫ ਅਤੇ ਨਿਖਰਵੀਂ ਸੀ।

ਇਸ ਪਲੈਨ ਨੂੰ ਇਨਕਲਾਬੀਆਂ ਦੇ ਅਮਲੀ ਕੰਮ ਨੇ ਬੱਝਵੀਂ ਸ਼ਕਲ ਦਿੱਤੀ। ਭਾਵੇਂ ਦੇਸੀ ਫੌਜੀਆਂ ਨੂੰ ਨਾਲ ਰਲਾਉਣਾ ਗਦਰ ਪਾਰਟੀ ਦੀ ਹਿੰਦ ਵਿਚ ਕੰਮ ਕਰਨ ਦੀ ਪਲੈਨ ਦਾ ਸ਼ੁਰੂ ਤੋਂ ਸਭ ਤੋਂ ਜ਼ਰੂਰੀ ਹਿੱਸਾ ਸੀ, ਪਰ ਉਨ੍ਹਾਂ ਦੀ ਇਹ ਵੀ ਮਨਸ਼ਾ ਸੀ ਕਿ ਹਿੰਦ ਦੀ ਜਨਤਾ ਨੂੰ ਇਸ ਇਨਕਲਾਬੀ ਹੱਲੇ ਵਿਚ ਨਾਲ ਮਿਲਾਉਣ ਲਈ ਪੂਰੀ ਕੋਸ਼ਸ਼ ਕੀਤੀ ਜਾਏ । ਪਰੰਤੂ ਜਨਤਾ ਨੇ ਉਨ੍ਹਾਂ ਦਾ ਘੱਟ ਸਾਥ ਦਿੱਤਾ, ਅਤੇ ਦੇਸੀ ਫੌਜੀ ਸਿਪਾਹੀ ਮੁਕਾਬਲਤਨ

*Isemonger and Slattery, p. 105.



Digitized by Panjab Digital Library | www.panjabdigilib.org

ਜਲਦੀ ਸਫਲਤਾ ਨਾਲ ਪ੍ਰੇਰੇ ਜਾ ਸਕੇ। ਇਸ ਠੋਸ ਹਕੀਕਤ ਨੇ ਗਦਰੀਆਂ ਦੇ ਇਨਕਲਾਬ ਦੇ ਸੱਚੇ, ਅਤੇ ਇਸ ਨੂੰ ਅਮਲੀ ਜਾਮਾਂ ਪਹਿਨਾਉਣ ਵਾਲੀ ਇਨਕਲਾਬੀ ਪਲੈਨ, ਨੂੰ ਨੀਯਤ ਕਰ ਦਿੱਤਾ। ਅਰਥਾਤ ਦੇਸੀ ਫੌਜਾਂ ਤੋਂ ਬਗਾਵਤ ਕਰਵਾਕੇ ਗਦਰ ਮਚਾਉਣਾ ਪਲੈਨ ਦਾ ਧੁਰਾ ਬਣ ਗਿਆ, ਅਤੇ ਬਾਕੀ ਦੀਆਂ ਕਾਰਰਵਾਈਆਂ ਇਸ ਫੌਜੀ ਗਦਰ ਨੂੰ ਨੇਪਰੇ ਚਾੜ੍ਹਨ ਲਈ ਸਹਾਇਕ ਰੂਪ ਵਿਚ ਕੀਤੀਆਂ ਗਈਆਂ।

ਪਿਛਲੇ ਕਾਂਡ ਵਿਚ ਵੇਖਿਆ ਜਾ ਚੁਕਾ ਹੈ ਕਿ ਗਦਰੀ ਇਨਕਲਾਬੀਆਂ ਨੇ ਉਤ੍ਰੀ ਹਿੰਦ ਦੀਆਂ ਤਕਰੀਬਨ ਸਾਰੀਆਂ ਛਾਉਣੀਆਂ ਵਿਚ ਫੌਜੀਆਂ ਨੂੰ ਪ੍ਰੇਰਨ ਦੀ ਕੋਸ਼ਸ਼ ਕੀਤੀ, ਅਤੇ ਉਨ੍ਹਾਂ ਨੂੰ ਭਰੋਸਾ ਸੀ ਕਿ ਗਦਰ ਸ਼ੁਰੂ ਹੋ ਜਾਣ ਉਤੇ ਦੇਸੀ ਫੌਜਾਂ ਉਨ੍ਹਾਂ ਦਾ ਸਾਥ ਦੇਣਗੀਆਂ*। ਫੌਜੀਆਂ ਦੇ ਮਿਲਵਰਤਣ ਦਾ ਭਰੋਸਾ ਪ੍ਰਾਪਤ ਕਰਕੇ ਗਦਰੀ ਇਨਕਲਾਬੀਆਂ ਨੇ ਪਲੈਨ ਬਣਾਈ ਕਿ, "ਇਕ ਦਿਨ ਅਚਾਨਕ, ਬਿਨਾਂ ਕਿਸੇ ਨੂੰ ਆਪਣੀ ਇੱਛਿਆ ਦੱਸੇ, ਉਤ੍ਰੀ ਭਾਰਤ ਦੀਆਂ ਛਾਵਣੀਆਂ ਦੇ ਤਮਾਮ ਅੰਗਰੇਜ਼ ਸਪਾਹੀਆਂ ਪੁਰ ਇਕ ਹੀ ਦਿਨ ਅਰ ਠੀਕ ਇਕ ਸਮੇਂ, ਇਕਦੱਮ ਹਮਲਾ ਕਰ ਦਿੱਤਾ ਜਾਵੇ, ਅਰ ਉਸ ਹਫੜਾ ਦਫੜੀ ਵਿਚ ਜੋ ਲੋਕ ਅਸਾਡੇ ਕਾਬੂ ਆ ਜਾਣ ਉਨ੍ਹਾਂ ਨੂੰ ਕੈਦ ਕਰ ਲਿਆ ਜਾਵੇ। ਬਲਵਾ ਰਾਤ ਦੇ ਵੇਲੇ ਸ਼ੁਰੂ ਕੀਤਾ ਜਾਵੇ, ਅਰ ਉਸ ਵੇਲੇ ਸ਼ਹਿਰ ਦੇ ਤਾਰ ਆਦਿਕ ਕਟਕੇ ਅੰਗਰੇਜ਼ ਲੋਕਾਂ ਨੂੰ ਕੈਦ ਕਰ ਲਿਆ ਜਾਵੇ, ਅਰ ਫਿਰ ਖਜ਼ਾਨਾ ਲੁਟ ਕੇ ਜੇਹਲਾਂ ਵਿਚ ਸਭ ਰਿਹਾ ਕਰ ਦਿੱਤੇ ਜਾਣ। ਇਸ ਦੇ ਪਿੱਛੋਂ ਸ਼ਹਿਰਾਂ ਦਾ ਇੰਤਜ਼ਾਮ ਆਪਣੇ ਚੁਣੇ ਹੋਏ ਕਿਸੇ ਯੋਗ ਪੁਰਸ਼ ਨੂੰ ਸੌਂਪ ਕੇ ਤਮਾਮ ਬਲਵਾਈਆਂ ਦੇ ਦਲ ਪੰਜਾਬ ਵਿਚ ਜਾ ਇਕੱਤ੍ਰ ਹੋਣ। ਅਸੀਂ ਲੋਕ ਇਹ ਨਹੀਂ ਸਮਝ ਬੈਠੇ ਸਾਂ ਕਿ ਗਦਰ ਮੱਚਣ ਦੇ ਅੰਤ ਤਕ ਅੰਗਰੇਜ਼ਾਂ ਦੇ ਸਾਹਮਣੇ ਯੁਧ ਵਿਚ ਸਾਡੀ ਜਿਤ ਹੀ ਜਿਤ ਹੁੰਦੀ ਜਾਵੇਗੀ, ਕਿੰਤੂ ਸਾਨੂੰ ਭਰੋਸਾ ਸੀ ਕਿ ਉਪਰ ਲਿਖੇ ਢੰਗ ਅਨੁਸਾਰ ਇਕ ਵਾਰ ਜਿਥੇ ਗਦਰ ਮਚਿਆ, ਉਥੇ ਇਕ ਅਜੇਹੀ ਬਚਿਤ੍ਰ ਹਾਲਾਤ ਹੋ ਜਾਵੇਗੀ ਕਿ ਜੇਕਰ ਇਕ ਸਾਲ ਤਕ ਅਸੀਂ ਇਸ ਯੁਧ ਨੂੰ ਠੀਕ ਢੰਗ ਤੇ ਜਾਰੀ ਰਖ ਸਕੇ ਤਾਂ ਹੋਰ ਦੇਸਾਂ ਦੀਆਂ ਭਿਨ ਭਿਨ ਜਾਤੀਆਂ ਦੀ ਆਪੋ ਵਿਚਲੀ ਅਣ ਬਣ ਦੇ ਫਲ ਤੋਂ ਅੰਗਰੇਜ਼ਾਂ ਦੇ ਦੁਸ਼ਮਣਾਂ ਦੀ ਸਹਾਇਤਾ ਨਾਲ ਦੇਸ ਨੂੰ ਆਜ਼ਾਦ ਕਰਾ ਦੇਣਾ ਅਸਾਡੇ ਲਈ ਅਤਯੰਤ ਕਠਨ ਹੋਣ ਪੁਰ ਵੀ ਅਸੰਭਵ ਨਹੀਂ ਹੋਵੇਗਾ*"।

ਸਰ ਮਾਈਕਲ ਓਡਵਾਇਰ ਇਸ ਗਲ ਦੀ ਪੁਸ਼ਟੀ ਕਰਦੇ ਹਨ ਕਿ ੨੧ ਫਰਵਰੀ ਦੀ ਰਾਤ ਨੂੰ ਗਦਰ ਕਰਨ ਦੀ ਪਲੈਨ ਬਣਾਈ ਗਈ। ਉਸ ਦਿਨ ਉਤ੍ਰੀ ਭਾਰਤ ਦੀਆਂ ਅੱਡ ਅੱਡ ਛਾਉਣੀਆਂ ਵਿਚ ਕਈ ਦੇਸੀ ਫੌਜਾਂ ਨੇ ਗਦਰ ਕਰਕੇ ਅੰਗਰੇਜ਼ ਅਫਸਰਾਂ ਨੂੰ ਮਾਰ ਦੇਣਾ ਸੀ, ਅਤੇ ਬਾਹਰੋਂ ਆਏ ਹੋਰ ਗਦਰੀਆਂ ਦੀ ਸਾਹਿਤਾ ਨਾਲ ਮੇਗਜ਼ੀਨ ਅਤੇ ਦਾਰੂ ਸਿੱਕੇ ਉਤੇ ਕਬਜ਼ਾ ਕਰਕੇ ਆਮ ਗਦਰ ਮਚਾ ਦੇਣਾ ਸੀ†। ਰੌਲਟ ਰੀਪੋਟ ਵਿਚ ਵੀ ਲਿਖਿਆ ਹੈ ਕਿ ਲਾਹੌਰ, ਫੀਰੋਜ਼ਪੁਰ ਅਤੇ ਰਾਵਲਪਿੰਡੀ ਇਕੋ ਵੇਲੇ ਗਦਰ ਕਰਨ ਦੀ ਸਕੀਮ ਬਣਾਈ ਗਈ; ਅਤੇ ਇਸ ਨੇ ਨਾ ਕੇਵਲ ਬਨਾਰਸ ਅਤੇ ਜਬਲ ਪੁਰ ਤਕ ਫੈਲਣਾ ਸੀ, ਬਲਕਿ ਪੂਰਬੀ ਬੰਗਾਲ ਵਿਚ ਢਾਕੇ ਤਕ ਇਸ ਦੇ

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੮; Isemonger and Slattery, p. 106.

---

*ਬੰਦੀ ਜੀਵਨ, ਭਾਗ ਪਹਿਲਾ, ਪੰਨੇ ੧੧੩-੧੧੪.
†O' Dwyer, p. 20,

ਨਾਲ ਮਿਲਵਾਂ ਗਦਰ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ*"।

ਪਹਿਲੇ ਮੁਕੱਦਮੇਂ ਦੇ ਫੈਸਲੇ ਵਿਚ ਜ਼ਿਕਰ ਆਉਂਦਾ ਹੈ ਕਿ ਸੁਚਾ ਸਿੰਘ ਨੂੰ ਅੰਬਾਲੇ ਇਹ ਹੁਕਮ ਦੇਕੇ ਭੇਜਿਆ ਗਿਆ ਕਿ "ਜਿਸ ਵੇਲੇ ਲਾਹੌਰ ਗਦਰ ਹੋਣ ਦੀ ਖਬਰ ਮਿਲੇ, ਉਹ ਇਨਕਲਾਬੀ ਝੰਡਾ ਲਹਿਰਾਵੇ। ਉਸ ਨੂੰ ਇਹ ਹਦਾਇਤ ਕੀਤੀ ਗਈ ਕਿ ਖਬਰ ਸੁਣਦੇ ਸਾਰ ਗੋਰਾ ਰਜਮੈਂਟਾਂ ਨੂੰ ਕਤਲ ਕਰ ਦਿਤਾ ਜਾਏ, ਸੌ ਸਵਾਰ ਲਾਹੌਰ ਭੇਜ ਦਿਤੇ ਜਾਣ, ਅਤੇ ਬਾਕੀ ਦਿਆਂ ਨੂੰ ਲੈਕੇ ਉਹ ਦਿਲੀ ਜਾਵੇ†"। ਅਰਥਾਤ ਸ਼੍ਰੀ ਸਾਨਿਯਾਲ ਦੀ ਦੱਸੀ ਪਲੈਨ ਦੇ ਇਸ ਹਿੱਸੇ ਦੀ ਵੀ ਕੁਝ ਹੱਦ ਤਕ ਪੁਸ਼ਟੀ ਹੁੰਦੀ ਹੈ ਕਿ ਗਦਰੀਆਂ ਦੀ ਉਤ੍ਰੀ ਹਿੰਦ ਵਿਚ ਆਪਣੀ ਤਾਕਤ ਨੂੰ ਅਕੱਠਿਆਂ ਕਰਨ ਦੀ ਮਨਸ਼ਾ ਸੀ। ਇਸ ਦਾ ਮਕਸਦ ਇਹ ਜਾਪਦਾ ਹੈ ਕਿ ਇਨਕਲਾਬੀ, ਮੁਲਕ ਦੇ ਲੰਮੇ ਚੌੜੇ ਇਲਾਕੇ ਵਿਚ ਗਦਰ ਮਚਾ ਕੇ ਅੰਗਰੇਜ਼ਾਂ ਨੂੰ ਬਹੁਤੇ ਥਾਂਈਂ ਹੱਥਾਂ ਪੈਰਾਂ ਦੀ ਪਾਉਣ ਦੇ ਨਾਲ ਨਾਲ, ਦੇਸ ਦੇ ਇਕ ਬੰਨੇ ਇਨਕਲਾਬ ਦਾ ਇਕ ਐਸਾ ਸੁਰਖਿਅਤ ਅੱਡਾ ਵੀ ਬਨਾਉਣਾ ਚਾਹੁੰਦੇ ਸਨ ਜਿਸ ਨੂੰ ਅੰਗਰੇਜ਼ ਘੇਰ ਨਾ ਸਕਣ। ਇਸ ਤਰ੍ਹਾਂ ਹੋ ਜਾਣ ਨਾਲ ਬਲਵਾਈਆਂ ਨੂੰ ਸ਼ਾਇਦ ਅਮੀਰ ਅਫਗਾਨ-ਸਤਾਨ ਅਤੇ ਕਬਾਇਲੀਆਂ ਨੂੰ ਆਪਣੇ ਨਾਲ ਮਿਲਾਉਣ ਦੀ ਆਸ ਵੀ ਹੋਵੇ।

ਸਰ ਮਾਈਕਲ ਓਡਵਾਇਰ ਨੇ ਗਦਰੀ ਇਨਕਲਾਬੀਆਂ ਦੀ ਉਪ੍ਰੋਕਤ ਪਲੈਨ ਨੂੰ ਇਕ 'ਦਲੇਰਾਨਾ ਵਿਉਂਤ'* (Bold Design) ਦਾ ਨਾਮ ਦਿੱਤਾ ਹੈ, ਅਤੇ ਉਨ੍ਹਾਂ ਦੇ ਖਿਆਲ ਵਿਚ ਇਹ ਸਕੀਮ ਹਵਾਈ (Fantastic) ਨਹੀਂ ਸੀ†। ਇਸ ਪਲੈਨ ਦੀ ਸਫਲਤਾ ਵਾਸਤੇ ਰਾਸ਼ਟਰੀ ਅਤੇ ਅੰਤਰਾਸ਼ਟਰੀ ਹਾਲਾਤ ਵੀ ਮੁਆਫਕ ਸਨ।

ਗਦਰੀ ਇਨਕਲਾਬੀਆਂ ਦੀ ਪਲੈਨ ਦੀ ਸਫਲਤਾ ਦਾ ਸਭ ਤੋਂ ਜ਼ਰੂਰੀ ਅੰਗ ਇਹ ਸੀ ਕਿ ਦੇਸੀ ਫੌਜਾਂ ਗਦਰ ਕਰਨ, ਅਤੇ ਪਿਛਲੇ ਕਾਂਡ ਵਿਚ ਵੇਖਿਆ ਜਾ ਚੁਕਾ ਹੈ ਕਿ ਉਨ੍ਹਾਂ ਨੂੰ ਪ੍ਰੇਰਨ ਵਿਚ ਗਦਰੀਆਂ ਨੂੰ ਕਿਸ ਹੱਦ ਤਕ ਕਾਮਯਾਬੀ ਹੋਈ। ਇਸ ਹੋਈ ਕਾਮਯਾਬੀ ਨਾਲੋਂ ਵੀ ਵੱਡੀ ਗਲ ਗਦਰੀਆਂ ਦਾ ਇਹ ਭਰੋਸਾ ਸੀ ਕਿ ਇਕ ਵੇਰ ਲਾਹੌਰ ਅਤੇ ਫੀਰੋਜ਼ਪੁਰ ਗਦਰ ਸ਼ੁਰੂ ਹੋ ਜਾਣ ਉਤੇ ਬਾਕੀ ਦੀਆਂ ਛਾਉਣੀਆਂ ਵਿਚ ਵੀ ਖੁੱਲਮ ਖੁੱਲੀ ਬਗਾਵਤ ਹੋ ਜਾਵੇਗੀ‡। ਗਦਰੀਆਂ ਦੀ ਇਹ ਆਸ ਨਿਰਮੂਲ ਨਹੀਂ ਸੀ। ਉਸ ਸਮੇਂ ਦੇ ਵਾਇਸਰਾਏ ਲਾਰਡ ਹਾਰਡਿੰਗ ਨੇ ਲਿਖਿਆ ਹੈ ਕਿ ਤੁਰਕੀ ਦੇ ਵਿਰੁਧ ਲੜਾਈ ਦੇ ਕਾਰਨ ਦੇਸੀ ਮੁਸਲਮਾਨ ਪਲਟਨਾਂ ਵਿਚ ਬਹੁਤ ਬੇਚੈਨੀ ਸੀ§। ਇਸ ਤੋਂ ਇਲਾਵਾ ਸੰਸਾਰ ਯੁਧ ਦੇ ਸ਼ੁਰੂ ਵਿਚ ਜਰਮਨੀ ਨੂੰ ਹੋਈਆਂ ਫੌਜੀ ਜਿੱਤਾਂ, ਅਤੇ ਯੂਰਪ ਦੇ ਮੈਦਾਨ ਜੰਗ ਵਿਚ ਗਏ ਪਹਿਲੇ ਹਿੰਦੀ ਡਵੀਜਨਾਂ ਦੀ ਤਬਾਹੀ¶ ਅਤੇ ਉਨ੍ਹਾਂ ਸੰਬੰਧੀ ਫੈਲੀਆਂ ਅਫਵਾਹਾਂ, ਦੇ ਕਾਰਨ ਹਿੰਦੁਸਤਾਨੀ ਫੌਜੀਆਂ ਦੀ

*Rowlatt Report, p. 154.
†First Case, The Seduction of Troops, p. 8.

---

*O'Dwyer, p. 203.
†Ibid, p. 202.
‡Isemonger and Slattery, p. 149.; ਬੰਦੀ ਜੀਵਨ, ਭਾਗ ਪਹਿਲਾ, ਪੰਨੇ ੮ ਤੇ ੧੦੮।
§Hardinge, p. 117.
¶Official Reports, Parliamentary Debates (Lords), 1917, Vol. XXV, p. 730.

ਮਾਨਸਕ ਅਵੱਸਥਾ ਡਾਵਾਂਡੋਲ ਸੀ। ਉਨ੍ਹਾਂ ਨੂੰ ਯੂਰਪ ਦੇ ਮੈਦਾਨ ਜੰਗ ਵਿਚ ਜਾਕੇ ਬਦੇਸ਼ੀ ਹਾਕਮਾਂ ਖਾਤਰ ਅਜਾਈਂ ਜਾਨ ਦੇਣ ਦੇ ਚਾਨਸ ਵਧੇਰੇ ਜਾਪਦੇ ਸਨ। ਇਸ ਕਰਕੇ ਬਹੁਤ ਸੰਭਾਵਨਾ ਸੀ ਕਿ ਹਿੰਦੁਸਤਾਨੀ ਫੌਜੀ, ਬਦੇਸ਼ਾਂ ਵਿਚ ਅਜਾਈਂ ਮਰਨ ਨਾਲੋਂ, ਇਕ ਐਸੇ ਗ਼ਦਰ ਵਿਚ ਸ਼ਾਮਲ ਹੋਣ ਨੂੰ ਤਰਜੀਹ ਦੇਣ, ਜਿਸ ਵਿਚ ਦੇਸ ਦਾ ਅਤੇ ਉਨ੍ਹਾਂ ਦਾ ਆਪਣਾ ਭਲਾ ਹੁੰਦਾ ਜਾਪੇ, ਬਸ਼ੱਰਤਿਕੇ ਇਸ ਗ਼ਦਰ ਦੀ ਕਾਮਯਾਬੀ ਦੇ ਚਾਨਸ ਦਿੱਸਣ। ਉਸ ਸਮੇਂ ਦੇ ਇਕ ਅੰਗਰੇਜ਼ ਲੈਫਟੀਨੈਂਟ ਜਰਨੈਲ ਨੇ ਸਾਫ ਮੰਨਿਆ ਹੈ ਕਿ ਹਿੰਦੀ ਫੌਜਾਂ ਦੀ ਵਫਾਦਾਰੀ ਉੱਤੇ ਪੂਰਾ ਭਰੋਸਾ ਨਹੀਂ ਸੀ ਕੀਤਾ ਜਾ ਸਕਦਾ, ਅਤੇ ਗਦਰ ਪਾਰਟੀ ਲਹਿਰ ਤੋਂ ਉਪਜੇ ਹਾਲਾਤ ਦੇ ਸਬੱਬ ਹਿੰਦੁਸਤਾਨ ਦੀ ਫੌਜ ਦੇ ਕਮਾਂਡਰ-ਇਨ-ਚੀਫ, ਸਰ ਬੀ. ਡੱਫ, ਨੂੰ ਹਿੰਦੀ ਫੌਜਾਂ ਦੀ ਵਫਾਦਾਰੀ ਬਾਰੇ ਤਸੱਲੀ ਕਰਨ ਵਿਚ ਵਕਤ ਲੱਗਾ*। ਸਰ ਮਾਈਕਲ ਓਡਵਾਇਰ ਲਿਖਦੇ ਹਨ ਕਿ, "ਸਕੀਮ ਦੇ ਇਸ ਹਿੱਸੇ (ਭਾਵ ਫੌਜਾਂ ਨੂੰ ਪ੍ਰੇਰਨ) ਨੂੰ ਜਿਸ ਗੱਲ ਨੇ ਖਾਸ ਤੌਰ ਉਤੇ ਡਰਾਉਣੀ ( Sinister ) ਬਣਾ ਦਿੱਤਾ, ਉਹ ਇਹ ਸੀ ਕਿ ਬਾਕਾਇਦਾ ਗੋਰਾ ਫੌਜ ਦੀ ਬਹੁਤੀ ਗਿਣਤੀ ਫਰਾਂਸ ਜਾ ਚੁਕੀ ਸੀ, ਅਤੇ ਬਦੇਸ਼ਾਂ ਤੋਂ ਵਾਪਸ ਆਇਆਂ ਵਿਚੋਂ ਬਹੁਤੇ ਦਲੇਰ (ਗ਼ਦਰੀ) ਪਹਿਲਾਂ ਫੌਜੀ ਰਹਿ ਚੁਕੇ ਸਨ†"।

ਕਈ ਵਾਕਿਆਤ, ਜਿਨ੍ਹਾਂ ਬਾਰੇ ਸ਼ੱਕ ਨਹੀਂ ਅਤੇ ਜਿਨ੍ਹਾਂ ਦਾ ਪਿਛਲੇ ਕਾਂਡ ਵਿਚ ਵੀ ਜ਼ਿਕਰ ਆ ਚੁਕਾ ਹੈ, ਵੀ ਇਹ ਜ਼ਾਹਰ ਕਰਦੇ ਹਨ ਕਿ ਇਕ ਵੇਰ ਲਾਹੌਰ ਫੀਰੋਜ਼ਪੁਰ ਗਦਰ ਸ਼ੁਰੂ ਹੋ ਜਾਣ ਉਤੇ ਬਾਕੀ ਦੀਆਂ ਛਾਉਣੀਆਂ ਵਿਚ ਫੌਜੀਆਂ ਦੇ ਗਦਰੀਆਂ ਨਾਲ ਰਲ ਜਾਣ ਦੀ ਬਹੁਤ ਸੰਭਾਵਨਾ ਸੀ। ਇਸ ਵਿਚ ਸ਼ੱਕ ਨੂੰ ਗੁੰਜਾਇਸ਼ ਨਹੀਂ ਹੋ ਸਕਦੀ ਕਿ ਮਲਾਯ ਤੇ ਬਰਮਾਂ ਵਿਚ ਤਈਨਾਤ ਗਿਣਤੀ ਦੀਆਂ ਕਲੱਮ ਅਕੱਲੀਆਂ ਹਿੰਦੁਸਤਾਨੀ ਪਲਟਨਾਂ ਦੇ ਗਦਰ ਦੀ ਸਫਲਤਾ ਦੇ ਚਾਨਸ ਬਹੁਤੇ ਨਹੀਂ ਸਨ ਹੋ ਸਕਦੇ; ਕਿਉਂਕਿ ਓਥੇ ਹੋਰ ਬਹੁਤੀਆਂ ਹਿੰਦੀ ਪਲਟਨਾਂ ਨਹੀਂ ਸਨ, ਜਿਨ੍ਹਾਂ ਦੀ ਉਨ੍ਹਾਂ ਨਾਲ ਪਿਛੋਂ ਆ ਰਲਣ ਦੀ ਆਸ ਹੋ ਸਕਦੀ ਸੀ। ਨਾ ਹੀ ਉਨ੍ਹਾਂ ਮੁਲਕਾਂ ਦੀ ਜਨਤਾ ਕੋਲੋਂ ਆਪਣੇ ਦੇਸ ਵਾਸੀਆਂ ਜਿਤਨੀ ਹਮਦਰਦੀ ਅਤੇ ਸਹਾਇਤਾ ਮਿਲਣ ਦਾ ਭਰੋਸਾ ਕੀਤਾ ਜਾ ਸਕਦਾ ਸੀ। ਇਸ ਦੇ ਬਾਵਜੂਦ ਸਿੰਘਾਪੁਰ ਤਈਨਾਤ ਇਕ ਹਿੰਦੀ ਪਲਟਨ ਨੇ ਗਦਰ ਕੀਤਾ, ਅਤੇ ਰੌਲਟ ਰੀਪੋਟ ਅਨੁਸਾਰ ਇਕ ਹੋਰ ਪਲਟਨ (ਮਲਾਯ ਸਟੇਟਸ ਗਾਈਡਜ਼) ਮਲਾਯ ਵਿਚ, ਅਤੇ ਇਕ ਬਲੋਚ ਪਲਟਨ ਬਰਮਾਂ ਵਿਚ, ਗਦਰ ਕਰਨ ਵਾਸਤੇ ਤਿਆਰ ਸਨ*। ਇਸ ਵਾਸਤੇ ਮਲਾਯ ਅਤੇ ਬਰਮਾਂ ਵਿਚ ਸਰੀਹਣ ਨਾ-ਮੁਆਫਕ ਹਾਲਾਤ ਵਿਚ ਜੋ ਹੋਇਆ, ਜਾਂ ਹੋ ਸਕਦਾ ਸੀ, ਉਸ ਦੇ ਆਪਣੇ ਦੇਸ ਦੇ ਵਧੇਰੇ ਮੁਆਫਕ ਹਾਲਾਤ ਵਿਚ ਹੋ ਜਾਣ ਦੀ ਨਿਰਸੰਦੇਹ ਹੋਰ ਵੀ ਸੰਭਾਵਨਾ ਸੀ।

ਹਿੰਦੁਸਤਾਨੀ ਫੌਜਾਂ ਦੇ ਗਦਰ ਨੂੰ ਰੋਕਣ ਜਾਂ ਦਬਾਉਣ ਵਾਸਤੇ, ਅੰਗਰੇਜ਼ਾਂ ਦੀ ਤਾਕਤ ਦਾ ਅਸਲੀ ਨਿਗਰ ਆਸਰਾ ਗੋਰਾ ਫੌਜ ਅਤੇ ਤੋਪਖਾਨਾ ਤੇ ਹਵਾਈ ਜਹਾਜ਼ ਆਦਿ ਉਹ ਅਸਲਾ ਸੀ, ਜੋ ਤਕਰੀਬਨ ਗੋਰਿਆਂ ਲਈ ਰਾਖਵਾਂ ਰਖਿਆ ਹੋਇਆ ਸੀ। ਪਰ ਸੰਸਾਰ ਯੁਧ ਸ਼ੁਰੂ ਹੋਣ ਉਤੇ ਹਿੰਦ ਵਿਚਲੇ ਨੌਂ ਗੋਰੇ ਰਸਾਲਿਆਂ ਵਿਚੋਂ ਸਤ, ਬਵੰਜਾ ਗੋਰੀਆਂ ਪਲਟਨਾਂ ਵਿਚੋਂ ਚੁਤਾਲੀ, ਅਤੇ ਛਪੰਜਾ ਸ਼ਾਹੀ ਤੋਪਖਾਨਿਆਂ ਵਿਚੋਂ

*Macmunn, pp. 76-78. 113/1
†O, Dwyer, p. 197.

*Rowlatt Report, p. 170. 113/2

ਤਰਤਾਲੀ ਸਮੁੰਦਰੋਂ ਪਾਰ ਭੇਜੇ ਜਾ ਚੁਕੇ ਸਨ, ਅਤੇ ਹਿੰਦੁਸਤਨੀ ਫੌਜ ਦੇ ਸਾਰੇ ਹਵਾਈ ਜਹਾਜ਼, ਹਿੰਦੀ ਹਵਾਈ ਬੇੜੇ ਦੇ ਆਦਮੀਆਂ ਸਮੇਤ, ਇੰਗਲੈਂਡ ਜਾਂ ਮਿਸਰ ਭੇਜੇ ਗਏ*। "ਫੌਜੀ ਲਿਹਾਜ਼ ਨਾਲ ਹਿੰਦ ਨੂੰ ਬਿਲਕੁਲ ਨੰਗਿਆਂ ਕਰ ਦਿਤਾ ਗਿਆ, ਅਤੇ ਸਿਰਫ ਸਰਹੱਦ ਉਤੇ ਪੁਰਾਣੀ (ਗੋਰਾ) ਫੌਜ ਦੀਆਂ ਕੁਝ ਟੁਕੜੀਆਂ ਰਹਿ ਗਈਆਂ†"। ਪਿਛੋਂ ਕੁਝ ਟੈਰੇ-ਟੋਰੀਅਲ ਫੌਜ‡ ਦੇ ਸਿਪਾਹੀ ਬਾਕਾਇਦਾ ਗੋਰਾ ਫੌਜ ਦੇ ਸਿਪਾਹੀਆਂ ਦੀ ਥਾਂ ਇੰਗਲੈਂਡ ਤੋਂ ਲਿਆਂਦੇ ਗਏ। ਪਰ, "ਇਹ ਹਕੀਕਤ ਹੈ ਕਿ ਇਗਲੈਂਡ ਤੋਂ ਨਾ-ਟਰੇਨ ਹੋਏ ਬੈਟੈਲੀਅਨਾਂ ਦੇ ਆਉਣ ਤੋਂ ਪਹਿਲੋਂ ਕਈ ਹਫਤਿਆਂ ਵਾਸਤੇ ਗੋਰਾ ਫੌਜ ਦੀ ਹਿੰਦ, (ਜਿਹੜਾ ਮੁਲਕ ਯੂਰਪ ਨਾਲੋਂ ਵਡਾ ਹੈ ਅਤੇ ਜਿਥੇ ਉਤ੍ਰ ਪਛਮੀਂ ਸਰਹੱਦ ਉਤੇ ਬੇ-ਯਕੀਨੇ ਅਨਸਰ ਹਨ) ਵਿਚ ਗਿਣਤੀ ੧੫੦੦੦ ਤੋਂ ਘਟ ਰਹਿ ਗਈ। ਇਹ ਬਹੁਤ ਖਤਰਾ ਮੁਲ ਲੈਣ ਵਾਲੀ ਗਲ ਸੀ........§"। ਲੜਾਈ ਦੇ ਪਹਿਲੇ ਚੰਦ ਹਫਤਿਆਂ ਵਿਚ ਹਿੰਦ ਨੇ ਇੰਗਲੈਂਡ ਨੂੰ ੫੬੦ ਗੋਰੇ ਫੌਜੀ ਅਫਸਰ, ੬੦੦੦੦ ਬੰਦੂਕਾਂ, ਅਤੇ ਨਵੇਂ ਨਮੂਨੇ ਦੀਆਂ ੫੫੦ ਤੋਪਾਂ ਭੇਜੀਆਂ¶।

ਗਦਰੀ ਇਨਕਲਾਬੀਆਂ ਨੂੰ ਹਿੰਦ ਵਿਚ ਫੌਜੀ ਲਿਹਾਜ ਨਾਲ ਅੰਗਰੇਜਾਂ ਦੀ ਇਸ ਕਮਜ਼ੋਰ ਪੋਜ਼ੀਸ਼ਨ ਦਾ ਪਤਾ ਸੀ। ਸ਼੍ਰੀ ਸਾਨਿਯਾਲ ਦੇ ਲਫਜ਼ਾਂ ਵਿਚ "ਇਧਰ ਯੁਕਤ ਪ੍ਰਾਂਤ ( ਯੂ. ਪੀ. ), ਬਿਹਾਰ ਅਰ ਬੰਗਾਲ ਦੀਆਂ ਅੱਡ ਅੱਡ ਛਾਵਣੀਆਂ ਵਿਚ ਸਾਡੇ ਆਦਮੀਆ ਨੇ ਆਉਣਾ ਜਾਣਾ ਆਰੰਭ ਕਰ ਦਿੱਤਾ। ਥੋੜੇ ਹੀ ਦਿਨਾਂ ਵਿਚ ਪੰਜਾਬ ਤੋਂ ਕਰਤਾਰ ਸਿੰਘ ਅਥਵਾ ਹੋਰ ਵੀ ਕਈ ਸਿਖ ਪੰਜਾਬ ਦਾ ਸਮਾਚਾਰ ਲੈ ਕੇ ਕਾਂਸ਼ੀ ਆਏ। ਉਸ ਸਮੇਂ ਉਤ੍ਰੀ ਭਾਰਤ ਦੀਆਂ ਤਮਾਮ ਛਾਵਣੀਆਂ ਦਾ ਹਾਲ ਅਸਾਂ ਮਾਲੂਮ ਕਰ ਲਿਆ ਸੀ। ਸਾਰੀਆਂ ਜਗ੍ਹਾ ਦਾ ਸਮਾਚਾਰ ਮਿਲਣ ਪੁਰ ਸਮਝ ਵਿਚ ਆ ਗਿਆ ਸੀ ਕਿ ਉਸ ਸਮੇਂ ਦੇਸ਼ ਭਰ ਵਿਚ ਗੋਰੀ ਫੌਜ ਬਹੁਤ ਘਟ ਸੀ ਅਰ ਜਿਤਨੇ ਗੋਰੇ ਸਨ ਭੀ ਉਹ ਨਿਰੇ ਰੰਗਰੂਟ ਸਨ। ਟਿੱਡੀ ਦਲ ਦੇ ਛੋਕਰਿਆਂ ਅਰ ਦੁਬਲੇ ਪਤਲੇ ਨੌਜਵਾਨ ਸਿਪਾਹੀਆਂ ਨੂੰ ਵੇਖਕੇ ਅਸੀਂ ਲੋਕ ਚਾਹੁੰਦੇ ਸਾਂ ਕਿ ਹੁਣ ਬਹੁਤ ਛੇਤੀ ਅਸਾਨੂੰ ਤਾਕਤ ਦੀ ਪੜਤਾਲ ਕਰਨ ਦਾ ਮੌਕਾ ਮਿਲ ਜਾਵੇ। ਉਨੀਂ ਦਿਨੀਂ ਸਮੁਚੇ ਉਤ੍ਰੀ-ਭਾਰਤ ਦੀਆਂ ਦੋ ਤਿੰਨ ਵਡੀਆਂ ੨ ਛਾਵਣੀਆਂ ਅਰ ਕਾਬਲ ਦੇ ਸ੍ਰਹੱਦੀ ਇਲਾਕੇ ਦੇ ਸਵਾਏ ਕਿਧਰੇ ਭੀ ੩੦੦ ਤੋਂ ਵੱਧ ਗੋਰੇ ਸਿਪਾਹੀ ਨਹੀਂ ਸਨ। ਵਡੀਆਂ ਵਡੀਆਂ ਛਾਵਣੀਆਂ ਵਿਚ ਭੀ ਇਨ੍ਹਾਂ ਦੀ ਗਿਣਤੀ ਇਕ ਅਰ ਦੋ ਸੌ ਦੇ ਵਿਚ ਵਿਚ ਹੀ ਸੀ। ਅਡ ਅਡ ਛਾਵਣੀਆਂ ਵਿੱਚ ਜਿਤਨੇ ਸ਼ਸਤ੍ਰ ਅਸਤ੍ਰ ਸਨ ਉਨ੍ਹਾਂ ਦੀ ਸਹਾਇਤਾ ਨਾਲ ਘਟ ਤੋਂ ਘਟ ਸਾਲ ਭਰ ਤਕ ਤਾਂ ਮਜ਼ੇ ਨਾਲ ਯੁਧ ਜਾਰੀ ਰੱਖਿਆ ਜਾ ਸਕਦਾ ਸੀ। ਅਸਾਂ ਲੋਕਾਂ ਨੇ ਉਨ੍ਹਾਂ ਸਾਰੀਆਂ ਗੱਲਾਂ ਦਾ ਰਤੀ ਰਤੀ ਭਰ ਦਾ ਪਤਾ ਲਾ ਲਿਆ ਸੀ, ਜਿਨ੍ਹਾਂ ਦਾ ਅਸੀਂ ਲਾ ਸਕਦੇ ਸਾਂ। ਜਿਹਾ ਕਿ ਕਿਸ ਫੌਜ ਵਿਚ ਕਿਤਨੀਆਂ ਰਫਲਾਂ ਹਨ, ਕਿਤਨੀਆਂ ਕਾਰਤੂਸਾਂ ਦੀਆਂ ਸੰਦੂਕਾਂ ਹਨ। ਮੈਗਜ਼ੀਨ ਪੁਰ ਕਿਨ੍ਹਾ ਦਾ ਪਹਿਰਾ ਰਹਿੰਦਾ ਹੈ, ਅਰ ਪਹਿਰਾ ਕਿਹੋ ਜਿਹਾ ਰਹਿੰਦਾ

*Hardinge, p. 102.
†Macmunn, p. 73.
‡ਜੋ ਬਾਕਾਇਦਾ ਫੌਜ ਨਹੀਂ ਹੁੰਦੀ, ਅਤੇ ਕੇਵਲ ਦੇਸ ਦੀ ਅੰਦਰੂਨੀ ਰੱਖਿਆ ਖਾਤਰ ਅੱਧ ਪਚੱਧੀ ਸਿਖਲਾਈ ਦੇਕ ਵਰਤੀ ਜਾਂਦੀ ਹੈ।
§Hardinge, p. 102.
¶Ibid.

ਹੈ, ਇਤਿਆਦਿ"*। ਵਾਇਸਰਾਏ ਹਾਰਡਿੰਗ ਵੀ ਮੰਨਦੇ ਹਨ ਕਿ, "ਇਨ੍ਹਾਂ ਮਹੀਨਿਆਂ ਵਿਚ ਅੰਦਰੂਨੀ ਹਾਲਾਤ ਡਰਾਉਣੀ ਸ਼ਕਲ ਧਾਰਨ ਕਰ ਗਏ, ਕਿਉਂਕਿ ਫੌਜਾਂ ਘਟਾਏ ਜਾਣ ਕਰਕੇ ਪੈਦਾ ਹੋਈ ਸਾਡੀ ਫੌਜੀ ਕਮਜ਼ੋਰੀ ਨੂੰ ਇਨਕਲਾਬੀਆਂ ਨੇ ਭਾਂਪ ਲਿਆ"†।

ਕਿਸੇ ਦੇਸ ਦੀ ਜਨਤਾ ਦੀ ਮਰਜ਼ੀ ਦੇ ਵਿਰੁਧ ਕੇਵਲ ਫੌਜੀ ਤਾਕਤ ਦੇ ਬੱਲ ਕਾਇਮ ਰਖੇ ਹੋਏ ਬਦੇਸ਼ੀ ਰਾਜ, ਰੇਤ ਦੀਆਂ ਕੰਧਾਂ ਵਾਗੂੰ, ਬਾਹਰੋਂ ਦਿਸਣ ਨੂੰ ਮਜਬੂਤ ਜਾਪਦੇ ਹਨ, ਪਰ ਮੁਆਫਕ ਹਾਲਾਤ ਵਿਚ ਢਠੱਣ ਲਗਿਆਂ ਛਿਨ ਪਲ ਨਹੀਂ ਲਾਉਂਦੇ। ਅਰਥਾਤ ਜੇਕਰ ਹਾਲਾਤ ਮੁਆਫਕ ਹੋਣ, ਤਾਂ ਦਬੀਆਂ ਅਤੇ ਛੁਪੀਆਂ ਹੋਈਆਂ ਤਾਕਤਾਂ ਮੌਕਿਆ ਤਾੜਕੇ ਇਕ ਦੱਮ ਉਠ ਖੜੋਂਦੀਆਂ ਹਨ, ਅਤੇ ਮਾੜਾ ਜਿਹਾ ਹਵਾ ਦਾ ਬੁਲਾ ਇਨ੍ਹਾਂ ਤਾਕਤਾਂ ਦੇ ਉਭਾਰ ਨਾਲ ਇਤਨੀ ਜਲਦੀ ਵਾ-ਵਰੋਲੇ ਦੀ ਸ਼ਕਲ ਫੜ ਜਾਂਦਾ ਹੈ ਕਿ ਹੈਰਾਨ ਰਹਿ ਜਾਈਦਾ ਹੈ। ੧੮੫੭ ਦੇ ਗਦਰ ਸਮੇਂ (ਜਿਸ ਵੇਲੇ ਅੰਗਰੇਜ਼ਾਂ ਵਿਰੁਧ ਜਜ਼ਬਾ ਤਾਂ ਸੀ, ਪਰ ਕੌਮੀਂ ਜਾਗਰਤੀ ਨਾ ਹੋਣ ਕਰਕੇ ਇਹ ਬਝਵੀਂ ਹਾਲਤ ਵਿਚ ਨਹੀਂ ਸੀ) ਇਸੇ ਤਰ੍ਹਾਂ ਹੋਇਆ। ਇਸ ਕਰਕੇ ਗਦਰੀ ਇਨਕਲਾਬੀਆਂ ਵਲੋਂ ਗਦਰ ਸ਼ੁਰੂ ਕਰਨ ਦੀ ਸੂਰਤ ਵਿਚ ਅਜੇਹੀਆਂ ਗਾਇਬੀ ਇਨਕਲਾਬੀ ਤਾਕਤਾਂ ਦੇ ਜਾਗ ਪੈਣ ਦੀ ਸੰਭਾਵਨਾ ਨੂੰ ਨਜ਼ਰ ਨਹੀਂ ਕੀਤੇ ਜਾਣਾ ਚਾਹੀਦਾ; ਪਰ ਕਿਉਂਕਿ ਇਸ ਵਿਚ ਕਿਆਸ ਆਰਾਈ ਦੀ ਅੰਸ ਵਧੇਰੇ ਹੈ, ਇਸ ਵਾਸਤੇ ਫੌਜੀ ਗਦਰ ਦੀ ਸਫਲਤਾ ਵਾਸਤੇ ਦੇਸ ਅੰਦਰ, ਅਤੇ ਇਸ ਦੀ ਹੱਦ ਉਤੇ, ਕੇਵਲ ਐਸੇ ਮੁਆਫਕ ਹਾਲਾਤ ਦਾ ਜ਼ਿਕਰ ਕੀਤਾ ਜਾਂਦਾ ਹੈ, ਜਿਨ੍ਹਾਂ ਬਾਰੇ ਸ਼ੱਕ ਨਹੀਂ।

ਅੰਗਰੇਜ਼ਾਂ ਨੇ ਤੁਰਕੀ ਅਤੇ ਹੋਰ ਇਸਲਾਮੀ ਦੇਸਾਂ ਵੱਲ ਜੋ ਨੀਤੀ ਧਾਰਨ ਕੀਤੀ ਹੋਈ ਸੀ, ਉਸ ਦੇ ਕਾਰਨ ਮੁਸਲਮਾਨ ਅੰਗਰੇਜ਼ਾਂ ਦੇ ਬਰਖਲਾਫ ਸਨ। ਤੁਰਕੀ ਦੇ ਅੰਗਰੇ ਾਂ ਬਰਖਲਾਫ ਲੜਾਈ ਦਾ ਐਲਾਨ ਕਰਨ ਪਿਛੋਂ "ਇਹ ਆਸ ਵੀ ਨਹੀਂ ਸੀ ਕੀਤੀ ਜਾ ਸਕਦੀ ਕਿ ਇਸਲਾਮ-ਹਮਾਇਤੀ (Pan-Islamism) ਲਹਿਰ ਪਿਛੋਂ ਹੋਏ ਵਾਕਿਆਤ ਵਿਚ ਹਰਕਤ ਵਿਚ ਨਹੀਂ ਆਵੇਗੀ, ਅਤੇ ਕਿਸੇ ਕਿਸਮ ਦੀ ਗੜ ਬੜ ਨਹੀਂ ਕਰੇਗੀ*"। ਪੱਛਮੀਂ ਸਰਹੱਦ ਉਤੇ ਘਟੋ ਘੱਟ ਪੰਜ ਲਖ ਹਥਿਆਰਬੰਦ ਕਬਾਇਲੀ ਸਨ ਜੋ ਕਿਸੇ ਵੇਲੇ ਵੀ ਹੱਲਾ ਕਰ ਸਕਦੇ ਸਨ; ਅਤੇ ਓਹ ਬੇਚੈਨ ਸਨ ਕਿਉਂਕਿ ਜਰਮਨ ਏਜੰਟਾਂ ਨੇ ਉਨ੍ਹਾਂ ਨੂੰ ਚੁਕਿੱਆ ਹੋਇਆ ਸੀ†। ਇਸ ਤੋਂ ਇਲਾਵਾ ਵਿਰੋਧੀ ਅਫਗਾਨਸਤਾਨ ਠੋਸ ਖਤਰੇ ਦਾ ਕਾਰਨ ਹੋ ਸਕਦਾ ਸੀ‡, ਅਤੇ ਇਸ ਦੇ ਰਵੱਈਏ ਬਾਰੇ ਕਿਤਨਾ ਚਿਰ ਸ਼ੱਕ ਰਿਹਾ। "ਭਾਵੇਂ ਅਫਗਾਨਸਤਾਨ ਦੇ ਅਮੀਰ ਦੀ ਜ਼ਾਤੀ ਵਫਾਦਾਰੀ ਬਾਰੇ ਮੈਨੂੰ ਭਰੋਸਾ ਸੀ, ਪਰ ਮੈਨੂੰ ਡਰ ਸੀ ਕਿ ਕਿ ਕਬਾਇਲੀਆਂ ਦੇ ਸਫਲ ਜਹਾਦ ਜਾਂ ਕਿਸੇ ਜੋਸ਼ੀਲੀ ਲਹਿਰ ਅਗੇ ਸ਼ਾਇਦ ਉਹ ਨਾ ਖੜੋ ਸਕੇ||"। ਪੰਜਾਬ ਸਰਕਾਰ ਨੇ ੨੫ ਫਰਵਰੀ ਦੀ ਚਿਠੀ ਵਿਚ ਸਰਕਾਰ ਹਿੰਦ ਨੂੰ ਰੀਪੋਟ ਕੀਤੀ ਕਿ, "ਹਾਲਾਤ ਬੜੀ ਤੇਜ਼ੀ ਨਾਲ ਖਤਰਨਾਕ ਸੂਰਤ ਅਖਤਿਆਰ ਕਰ ਗਏ ਹਨ। ਗਦਰ ਪਾਰਟੀ ਨੇ ਜੋ ਰਾਜ ਧਰੋਹ ਅਤੇ ਤਸ਼ੱਦਦ ਦੀ ਮੁਹਿੰਮ ਚਲਾਈ ਹੈ, ਅਤੇ ਜਿਸ ਦੀ ਕਾਨੂੰਨ-ਵਿਰੋਧੀ ਅਨਸਰ ਦਿਨੋ ਦਿਨ ਵਧਦੀ ਗਿਣਤੀ ਵਿਚ ਸਹਾਇਤਾ ਕਰ ਰਹੇ ਹਨ, ਉਸ ਦੇ ਕਾਰਨ ਕੇਂਦ੍ਰੀ ਜ਼ਿਲਿਆਂ ਦੀ ਪੇਂਡੂ ਜਨਤਾ ਉਤੇ ਬੁਰਾ ਅਸਰ ਪਿਆ ਹੈ*"। ਏਸੇ ਹੀ ਸਮੇਂ ਮੁਲਤਾਨ ਡਵੀਜਨ ਦੇ ਝੰਗ, ਮੁਲਤਾਨ ਅਤੇ ਮੁਜ਼ਫੱਰ ਗੜ੍ਹ ਦੇ ਜ਼ਿਲਿਆਂ ਵਿਚ ਗੜਬੜ ਸ਼ੁਰੂ ਹੋ ਗਈ, ਜਿਥੇ ਹਜੂਮਾਂ ਨੇ ਕੈਸਰ ਦੇ ਨਾਮ ਹੇਠ ਦੁਕਾਨਦਾਰਾਂ ਕੋਲੋਂ ਈਨ ਮੰਨਣ ਦੀ ਮੰਗ ਕੀਤੀ†। ਮੁਲਤਾਨ ਡਵੀਜਨ ਦੀ ਗੜ ਬੜ, ਜਾਂ ਕੇਂਦਰੀ ਜ਼ਿਲਿਆਂ ਦੀ ਪੇਂਡੂ ਜਨਤਾ ਵਿਚ ਬੇਚੈਨੀ, ਦੀ ਆਪਣੇ ਆਪ ਵਿਚ ਸ਼ਾਇਦ ਇਤਨੀ ਮਹਾਨਤਾ ਨਹੀਂ ਸੀ। ਪਰ ਇਸ ਤੋਂ ਜ਼ਾਹਰ ਹੁੰਦਾ ਸੀ ਕਿ, "ਸੂਬੇ ਵਿਚ ਅਮਨ ਚੈਨ ਦੀਆਂ ਨੀਹਾਂ ਕਿਸਤਰ੍ਹਾਂ ਬੁਰੀ ਤਰ੍ਹਾਂ ਹਿਲ ਰਹੀਆਂ ਸਨ, ਜਿਹੜਾ ਸੂਬਾ ਹਿੰਦੀ ਫੌਜ ਦੀ ਭਰਤੀ ਦਾ ਵੱਡਾ ਅੱਡਾ ਸੀ, ਅਤੇ ਹਿੰਦ ਵਿਚ ਫੌਜੀ ਹਾਲਾਤ ਦੀ ਕੁੰਜੀ ਸੀ‡"।

ਲੜਾਈ ਸੰਬੰਧੀ ਫੈਲੀਆਂ ਅਫਵਾਹਾਂ ਦੇ ਕਾਰਨ ਅਗੇ ਹੀ ਪੰਜਾਬ, ਜੋ ਹਿੰਦੀ ਫੌਜ ਦੀ ਭਰਤੀ ਦਾ ਵੱਡਾ ਅੱਡਾ ਸੀ, ਵਿਚ ਭਰਤੀ ਮਿਲਣੀ ਮੁਸ਼ਕਲ ਹੋ ਗਈ ਸੀ। ਕਈ ਕਬੀਲਿਆਂ ਅਤੇ ਇਲਾਕਿਆਂ ਦੇ ਫੌਜੀ ਭਰਤੀ ਨਾਂ ਦੇਣ ਦੇ ਕਾਰਨ ਗੜ ਬੜ ਹੋਈ, ਅਤੇ ਕੁਝ ਐਸੇ ਜ਼ਿਲੇ ਸਨ ਜਿਥੇ ਕਿਸੇ ਸਰਕਾਰੀ ਅਫਸਰ ਆਉਣ ਦੀ ਖਬਰ ਸੁਣਕੇ ਦਸ ਮੀਲ ਕੁਤਰ ਦੇ ਚੱਕਰ ਵਿਚ ਪਿੰਡ ਖਾਲੀ ਹੋ ਜਾਂਦੇ ਸਨ*। ਇਸ ਤੋਂ ਇਲਾਵਾ, "ਜਿਹੜੇ ਕਮਾਂਡਰ-ਇਨ-ਚੀਫ ਉਤੇ ਨੁਕਤਾ ਚੀਨੀ ਕਰਦੇ ਸਨ ਕਿ ਉਸ ਨੇ ਲੜਾਈ ਲੱਗਣ ਸਮੇਂ ਫੌਜ ਦੀ ਗਿਣਤੀ ਕਿਉਂ ਨਾ ਵਧਾਈ, ਉਨ੍ਹਾਂ ਨੂੰ ੧੯੧੪ ਦੇ ਸ਼ੁਰੂ ਵਿਚ ਫੌਜ ਵਿਚ ਪੈਦਾ ਹੋਈ ਗੜ ਬੜ......... ਦਾ ਗਿਆਨ ਨਹੀਂ ਸੀ। ਨਾ ਹੀ ਉਨ੍ਹਾਂ ਨੂੰ ਇਹ ਗਿਆਨ ਸੀ ਕਿ ਗਦਰ ਲਹਿਰ ਦੇ ਕਾਰਨ ਸਾਰੀਆਂ ਪਲੈਨਾਂ ਕਿਵੇਂ ਝਮੇਲੇ ਵਿਚ ਪੈ ਗਈਆਂ। ਜਿਸ ਇਲਾਕੇ ਵਿਚੋਂ ਬਹੁਤੇ ਸਿਪਾਹੀ ਭਰਤੀ ਕੀਤੇ ਜਾਂਦੇ ਸਨ, ਉਸ ਵਿਚ ਤੁੰਦ ਇਨਕਲਾਬੀਆਂ ਦੀਆਂ ਸਰਗਰਮੀਆਂ ਦੇ ਕਾਰਨ ਫੌਜ ਦੀ ਗਿਣਤੀ ਨੂੰ ਵਧਾਉਣਾ ਨਾ-ਮੁਮਕਿਨ ਸੀ, ਅਤੇ ਝੱਟ ਨੂੰ ਉਨ੍ਹਾਂ ਫੌਜੀਆਂ ਦੀ ਵਫਾਦਾਰੀ ਉਤੇ ਭਰੋਸਾ ਕਰਨ ਵਿਚ ਵੀ ਵਕਤ ਲੱਗਾ ਜੋ ਅਗੇ ਫੌਜ ਵਿਚ ਸਨ†"।

ਫੌਜੀ ਭਰਤੀ ਤੋਂ ਇਲਾਵਾ, ਪੰਜਾਬ ਨਾ ਕੇਵਲ ਹਿੰਦ ਦੇ ਫੌਜੀ ਹਾਲਾਤ ਦੀ ਕੁੰਜੀ ਸੀ, ਬਲਕਿ ਪਹਿਲੇ ਸੰਸਾਰ ਯੁਧ ਦੇ ਉਸ ਸਮੇਂ ਦੇ ਹਾਲਾਤ ਉਤੇ ਇਸ ਦਾ ਜੇ ਫੈਸਲਾ-ਕੁਨ ਅਸਰ ਨਹੀਂ ਤਾਂ ਡੂੰਘਾ ਅਸਰ ਜ਼ਰੂਰ ਸੀ। ਹਿੰਦੀ ਫੌਜਾਂ ਫਰਾਂਸ ਵਿਚ ਉਸ ਵੇਲੇ ਪੁਜੀਆਂ ਜਿਸ ਵੇਲੇ ਇਤਹਾਦੀ ਤਾਕਤਾਂ ਦੀ ਕਿਸਮਤ ਕਚੇ ਧਾਗੇ ਨਾਲ ਲਟਕ ਰਹੀ ਸੀ, ਜਦੋਂ ਇਕ ਇਕ ਸਿਪਾਹੀ ਦੇ ਆਉਣ ਜਾਂ ਨਾ ਆਉਣ ਨਾਲ ਫਰਕ ਪੈਂਦਾ ਸੀ, ਅਤੇ ਹਿੰਦੀ ਪਲਟਨਾਂ ਨੂੰ ਜਦੋਂ ਗਡੀ ਤੋਂ ਉਤਰਦਿਆਂ ਸਾਰ ਸਿੱਧੇ ਲੜਾਈ ਦੇ ਮੈਦਾਨ ਵਿਚ ਝੋਕ ਦਿੱਤਾ ਜਾਂਦਾ ਸੀ‡। ਲਾਰਡ ਕਰਜ਼ਨ ਨੇ ਲਿਖਿਆ

*ਬੈਦੀ ਜੀਵਨ, ਭਾਗ ਪਹਿਲਾ, ਪੰਨੇ ੧੦੭-੧੦੮.
†Hardinge, p. 116.

*Rowlatt Report, p. 174.
†Lord Montagu of Beauliew, Official Reports, Parliamentary Debates (Lords), 1917, Vol. XXV, p. 976.
‡Hardinge, p. 131.
||Lord Hardinge of Penshurst, Official Reports, Parliamentary Debates (Lords), 1917, Vol. XXV, p. 732.

*Rowlatt Report, pp. 154-155.
†Leigh, pp 22-23.
‡O'Dwyer, p. 200.

*Leigh, pp. 24, 28.
†Macmunn, p. 78,
‡Maharaja of Bikaner, Reported in 'The Times' (London), May 2, 1917.



Digitized by Panjab Digital Library | www.panjabdigilib.org

ਹੈ ਕਿ, ਬਾਦਸ਼ਾਹ ਤੋਂ ਲੈਕੇ ਵਡੇ ਤੋਂ ਵਡੇ ਮੁਲਕ ਦੇ ਆਦਮੀ ਨੇ ਮੰਨਿਆ ਹੈ ਕਿ ਹਿੰਦੁਸਤਾਨੀ ਫੌਜਾਂ ਐਨ ਮੌਕਿਆ ਸਿਰ ਯੂਰਪ ਦੇ ਮੈਦਾਨ ਵਿਚ ਪੁਜੀਆਂ*; ਅਤੇ ਲਾਰਡ ਹਾਰਡਿੰਗ ਨੇ ਬਰਿਟਿਸ਼ ਪਾਰਲੀਮੈਂਟ ਵਿਚ ਮੰਨਿਆ ਕਿ ਹਿੰਦੀ ਫੌਜਾਂ "ਵੇਲੇ ਸਿਰ ਇਕ ਐਸਾ ਪਾੜਾ ਪੂਰਾ ਕਰਨ ਪੁਜੀਆਂ ਜੋ ਹੋਰ ਕਿਸੇ ਤਰ੍ਹਾਂ ਪੂਰਾ ਨਹੀਂ ਸੀ ਹੋ ਸਕਣਾ.........ਇਨ੍ਹਾਂ ਦੋ ਵਧੀਆ ਡਵੀਯਨਾਂ ਵਿਚੋਂ ਵਿਰਲੇ ਬਚੇ†"।

ਮੈਸੋਪੋਟੇਮੀਆਂ ਦੀ ਮੁਹਿੰਮ ਦਾ ਤਾਂ ਨਿਰਭਰ ਹੀ ਹਿੰਦੁਸਤਾਨੀ ਫੌਜਾਂ ਅਤੇ ਹਿੰਦੁਸਤਾਨੀ ਵਸੀਲਿਆਂ ਉਤੇ ਸੀ। ਮੈਸੋਪੋਟੇਮੀਆਂ ਦੀ ਮੁਹਿੰਮ ਦੇ ਰਾਜਸੀ ਕਾਰਨ ਦੱਸਦਿਆਂ ਹੋਇਆਂ ਲਾਰਡ ਇਸਲਿੰਗਟਨ (The Under Secretary of State) ਨੇ ੧੨ ਜੁਲਾਈ, ੧੯੧੭, ਨੂੰ ਹਾਊਸ ਆਫ ਲਾਰਡਜ਼ ਵਿਚ ਆਖਿਆ ਕਿ, "ਲੜਾਈ ਦੇ ਸ਼ੁਰੂ ਹੋਣ ਦੇ ਵੇਲੇ ਤੋਂ ਤੁਰਕੀ ਸਰਕਾਰ ਦੀ ਵਿਰੋਧਤਾ ਦੀਆਂ, ਅਤੇ ਲੜਾਈ ਵਿਚ ਸ਼ਾਮਲ ਹੋਣ ਦੀ ਸੰਭਾਵਨਾ ਦੀਆਂ, ਨਿਸ਼ਾਨੀਆਂ ਦਿੱਸਦੀਆਂ ਸਨ। ਇਸ ਗਲ ਦਾ ਬਹੁਤ ਅਮਕਾਨ ਸੀ ਕਿ ਤੁਰਕੀ ਅਰਬੀ ਨਸਲਾਂ ਨੂੰ ਲੜਾਈ ਵਾਸਤੇ ਹਥਿਆਰਬੰਦ ਕਰਕੇ ਤਿਆਰ ਕਰੇ, ਜਿਸ ਦੇ ਨਤੀਜੇ ਦੇ ਤੌਰ ਉਤੇ ਜਲਦੀ ਜਹਾਦ ਦਾ ਐਲਾਨ ਹੋ ਜਾਣ ਦੀ ਸੰਭਾਵਨਾ ਸੀ। ਇਹ ਜਹਾਦ ਅਰਬ ਅਤੇ ਮੈਸੋਪੋਟੇਮੀਆਂ ਦੀ ਹੱਦ ਤੋਂ ਲੈਕੇ, ਅਫਗਾਨਿਸਤਾਨ ਵਿਚੋਂ ਹੁੰਦਾ ਹੋਇਆ, ਹਿੰਦੁਸਤਾਨ ਦੀ ਹੱਦ ਤਕ ਫੈਲ ਸਕਦਾ ਸੀ। ਵਿਚਕਾਰ ਈਰਾਨ ਸੀ, ਅਤੇ ............................................................ਈਰਾਨ ਵਿਚ ਬਹੁਤ ਬਦਅਮਨੀ ਸੀ। ਜਰਮਨ ਸਾਜ਼ਸ਼ ਨਾਲ ਇਹ ਵਿੰਨ੍ਹਿਆ ਹੋਇਆ ਸੀ.........ਅਤੇ ਈਰਾਨ ਸਰਕਾਰ ਟੁਟਣ ਲਈ ਡਕੋ ਡੋਲੇ ਖਾ ਰਹੀ ਸੀ। ਇਸ ਤੋਂ ਪਤਾ ਲਗ ਸਕਦਾ ਹੈ ਕਿ ਬਾਦਸ਼ਾਹ ਸਲਾਮਤ ਦੀ ਸਰਕਾਰ ਦੇ ਸਾਹਮਣੇ ਇਹ ਸੰਭਵ ਹੋ ਸਕਣ ਵਾਲਾ ਮਸਲਾ ਸੀ ਕਿ, ਸਵੇਜ਼ ਨੈਹਰ ਤੋਂ ਲੈ ਕੇ ਸਿੰਧ ਦਰਿਆ ਤਕ, ਮੁਸਲਮਾਨੀ ਤਾਕਤਾਂ ਦੇ ਅਕੱਠ ਦਾ ਉਸ ਨੂੰ ਸਾਹਮਣਾ ਕਰਨਾ ਪਵੇ।............ ਇਸ ਤਰ੍ਹਾਂ ਹਿੰਦ ਦੀ ਸਰਹੱਦ ਉਤੇ ਵਧ ਤੋਂ ਵਧ ਖਤਰੇ ਵਾਲੇ ਐਸੇ ਹਾਲਾਤ ਪੈਦਾ ਹੋ ਜਾਣੇ ਸਨ, ਜਿਨ੍ਹਾਂ ਦੀ ਰੋਕ ਥਾਮ ਕਰਨ ਖਾਤਰ ਉਸ ਮੁਲਕ (ਹਿੰਦ) ਵਿਚੋਂ ਕੋਈ ਫੌਜ ਬਾਹਰ ਲੈ ਜਾਣੀ ਨਾ-ਮੁਮਕਨ ਹੋ ਜਾਣੀ ਸੀ......"। ਅੰਗਰੇਜ਼ਾਂ ਦੀ ਪਾਰਲੀਮੈਂਟ ਦੇ ਇਕ ਹੋਰ ਮੈਂਬਰ ਨੇ ਇਸੇ ਬਹਿਸ ਵਿਚ ਹਿੱਸਾ ਲੈਂਦਿਆਂ ਹੋਇਆਂ ਕਿਹਾ ਕਿ, "ਪਛਮੀਂ ਸਰਹੱਦ ਉਤੇ ਜਾਂਗਲੀ ਕਬਾਇਲੀਆਂ ਵਲੋਂ ਹੱਲਾ ਹੋ ਜਾਣ ਦਾ ਖਤਰਾ ਹਿੰਦੀ ਮੁਦੱਬਰਾਂ ਵਾਸਤੇ ਹਮੇਸ਼ਾਂ ਹੀ ਹਊਆ ਬਣਿਆ ਰਿਹਾ ਹੈ। ਪਿਛੇ ਅਸੀਂ ਇਸ ਨੂੰ ਇਸਤਰ੍ਹਾਂ ਰੋਕੀ ਰਖਦੇ ਰਹੇ ਹਾਂ ਕਿ ਇਨ੍ਹਾਂ ਕਬੀਲਿਆਂ ਪਾਸ ਬਹੁਤੀ ਗਿਣਤੀ ਵਿਚ ਹਥਿਆਰ ਅਤੇ ਦਾਰੂ ਸਿੱਕਾ ਨਾ ਪੁਜਣ ਦਿਤਾ ਜਾਏ। ਫਾਰਸ ਦੀ ਖਾੜੀ ਅਤੇ ਨਾਲ ਲਗਵੇਂ ਇਲਾਕੇ ਵਿਚ ਗਸ਼ਤ ਕਰਕੇ, ਅਤੇ ਇਸ ਰਸਤੇ ਉਨ੍ਹਾਂ ਨੂੰ ਹਥਿਆਰ ਪੁਜਣੋਂ ਰੋਕ ਕੇ, ਅਸੀਂ ਉਨ੍ਹਾਂ ਨੂੰ ਬੇ-ਹੱਥਿਆਰੇ ਰਖਦੇ ਰਹੇ ਹਾਂ। ਲੜਾਈ ਦੀ ਇਸ ਹਾਲਤ ਵਿਚ ਇਸ ਕਿਸਮ ਦੀ ਗਸ਼ਤ ਬੇ-ਫਾਇਦਾ ਸੀ; ਅਤੇ ਹਥਿਆਰਾਂ, ਮਸ਼ੀਨਗੰਨਾਂ, ਰਾਈਫਲਾਂ, ਅਤੇ ਹੁਸ਼ਿਆਰ ਜਰਮਨ ਏਜੰਟਾਂ ਦਾ ਇਕ ਲਗਾਤਾਰ ਤਾਂਤਾ ਈਰਾਨ ਰਾਹੀਂ ਅਫਗਾਨ-ਸਤਾਨ ਅਤੇ ਉਤ੍ਰ-ਪਛਮੀਂ ਸਰਹੱਦ ਤਕ ਦਾਖਲ ਹੋ ਰਿਹਾ ਸੀ। ਇਸ ਖਤਰੇ ਨੂੰ ਰੋਕਣ ਲਈ ਬੁਗਦਾਦ ਨੂੰ, ਅਤੇ ਇਸ ਤੋਂ ਵੀ ਅਗੇ, ਦੂਸਰੀ ਮੁਹਿੰਮ ਭੇਜੀ ਗਈ*"......।

ਸਰ ਮਾਈਕਲ ਓਡਵਾਇਰ ਨੇ ਦਿਲੀ ਦੀ ਕਾਨੂੰਨ ਘੜਨੀ ਕੌਂਸਲ ਵਿਚ ਤਕਰੀਰ ਕਰਦਿਆਂ ਕਿਹਾ ਕਿ, ਜੇ ਸੀ. ਆਈ. ਡੀ. ਦੀ ਮਦਦ ਨਾਲ ਗਦਰ ਪਾਰਟੀ ਲਹਿਰ ਨੂੰ ਦਬਾਇਆ ਨਾ ਜਾਂਦਾ, ਤਾਂ ਲੜਾਈ ਸ਼ੁਰੂ ਹੋਣ ਵੇਲੇ ਤੋਂ ਸਲਤਨਤ ਦੀ ਮਦਦ ਲਈ ਜੋ ਸਾਢੇ ਤਿਨ ਲਖ ਜਾਂ ਚਾਰ ਲਖ ਪੰਜਾਬੀ ਭਰਤੀ ਕੀਤੇ ਗਏ, ਉਹ ਨਾ ਕੀਤੇ ਜਾ ਸਕਦੇ†। ਲਾਰਡ ਹਾਰਡਿੰਗ ਨੇ ਵੀ ਇਹ ਕਿਹਾ ਕਿ ਹਿੰਦ ਵਿਚਲੇ ਹਾਲਾਤ ਦਾ ਹਿੰਦ ਦੇ ਫੌਜੀ ਵਸੀਲਿਆਂ ਨਾਲ ਗੂੜ੍ਹਾ ਸੰਬੰਧ ਸੀ‡। ਅਰਥਾਤ ਜੇਕਰ ਗਦਰ ਪਾਰਟੀ ਦੇ ਇਨਕਲਾਬੀਆਂ ਦੀਆਂ ਕੋਸ਼ਸ਼ਾਂ ਦੇ ਕਾਰਨ ਇਕ ਵੇਰ ਗਦਰ ਸ਼ੁਰੂ ਹੋ ਜਾਂਦਾ, ਤਾਂ ਐਨ ਸੰਭਵ ਸੀ ਕਿ, ਯੂਰਪ ਦੇ ਮੈਦਾਨ ਵਿਚ ਕਾਫੀ ਅਤੇ ਵੇਲੇ ਸਿਰ ਹਿੰਦੀ ਫੌਜਾਂ ਨਾ ਪੁਜਣ ਦੇ ਕਾਰਨ, ਸੰਸਾਰ ਯੁਧ ਦਾ ਪਾਸਾ ਹੀ ਪਲਟ ਜਾਂਦਾ, ਅਤੇ ਮੈਸੋਪੋਟੇਮੀਆ ਮੁਹਿੰਮ ਜਾਂ ਸ਼ੁਰੂ ਨਾ ਹੋ ਸਕਦੀ, ਅਤੇ ਜੇ ਸ਼ੁਰੂ ਹੁੰਦੀ ਤਾਂ ਕਾਮਯਾਬ ਨਾ ਹੁੰਦੀ। ਸੰਸਾਰ ਯੁਧ ਦੇ ਪਾਸਾ ਪਲਟਣ ਦੀ ਸੂਰਤ ਵਿਚ ਜ਼ਾਹਰ ਹੀ ਹੈ ਕਿ ਅੰਗਰੇਜ਼ੀ ਸਾਮਰਾਜ ਹਿੰਦ ਵਿਚ ਹੋਈ ਬਗਾਵਤ ਨੂੰ ਦਬਾਉਣ ਵਾਸਤੇ ਦੇਸ ਤੋਂ ਬਾਹਰੋਂ ਹੋਰ ਫੌਜਾਂ ਨਹੀਂ ਸੀ ਲਿਆ ਸਕਦਾ; ਅਤੇ ਮੈਸੋਪੋਟੇਮੀਆਂ ਦੀ ਮੁਹਿੰਮ ਫੇਲ ਹੋਣ ਨਾਲ ਓਹੋ ਹਾਲਾਤ ਪੈਦਾ ਹੋਣੇ ਚਾਹੀਦੇ ਸਨ, ਜਿਨ੍ਹਾਂ ਨੂੰ ਪੈਦਾ ਹੋਣੋਂ ਰੋਕਣ ਲਈ ਇਹ ਮੁਹਿੰਮ ਕੀਤੀ ਗਈ।

ਅਗੋਂ ਕੀ ਹੁੰਦਾ, ਅਤੇ ਦੇਸ ਦੀ ਆਜ਼ਾਦੀ ਦੇ ਨਜ਼ਰੀਏ ਤੋਂ ਵੀ ਮਾੜਾ ਹੁੰਦਾ ਜਾਂ ਚੰਗਾ, ਇਹ ਵਖਰੇ ਸਵਾਲ ਹਨ ਜੋ ਇਸ ਲਿਖਤ ਦੇ ਦਾਇਰੇ ਤੋਂ ਬਾਹਰ ਹਨ। ਇਹ ਵੀ ਠੀਕ ਹੈ ਕਿ ਉਪ੍ਰੋਕਤ ਵੀਚਾਰ ਵਿਚ ਕਿਆਸ-ਆਰਾਈ ਦੀ ਅੰਸ਼ ਹੈ; ਪਰ ਇਹ ਐਸੀ ਕਿਆਸ-ਆਰਾਈ ਹੈ ਜੋ ਨਿਗਰ ਵਾਕਫੀਅਤ ਦੇ ਆਧਾਰ ਉਤੇ ਕੀਤੀ ਗਈ ਹੈ, ਅਤੇ ਜੋ ਅਮਲੀ ਸੰਭਾਵਨਾ ਦੀ ਹੱਦ ਬੰਦੀ ਨੂੰ ਉਲੰਘਦੀ ਨਹੀਂ। ਇਸ ਵੀਚਾਰ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ, ਕੇਵਲ ਅੰਗਰੇਜ਼ੀ ਰਾਜ ਹਿੰਦ ਵਿਚੋਂ ਖਤਮ ਕਰ ਦੇਣ ਦੇ ਨਜ਼ਰੀਏ ਤੋਂ, ਗਦਰ ਪਾਰਟੀ ਲਹਿਰ ਦੀ ਸਫਲਤਾ ਲਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਹਾਲਾਤ ਕਿਤਨੇ ਮੁਆਫਕ ਸਨ। ਪਰ ਦੇਸ ਵਿਚ ਇਨਕਲਾਬੀ ਲਹਿਰਾਂ ਵਿਰੁਧ ਐਸਾ ਮਹੌਲ ਪੈਦਾ ਕੀਤਾ ਗਿਆ ਹੈ ਕਿ ਇਸ ਨਤੀਜੇ ਨੂੰ ਸਹਿਲੇ ਪ੍ਰਵਾਨ ਕਰਨਾ ਸੌਖਾ ਨਹੀਂ ਰਿਹਾ।

ਕਿਸੇ ਲਹਿਰ ਦੇ ਰੌਸ਼ਨ ਪਹਿਲੂਆਂ ਨੂੰ ਮਿਟੀ ਦੇ ਢੇਰ ਹੇਠ ਦੱਬ ਦੇਣ ਵਾਸਤੇ ਉਸ ਦੀ ਅਸੱਫਲਤਾ ਹੀ ਅਕਸਰ ਕਾਫੀ ਹੁੰਦੀ ਹੈ। ਪਰ ਹਿੰਦ ਵਿਚ ਦੁਨੀਆਂ ਤੋਂ ਨਿਆਰਾ ਅਤੇ ਅਨੋਖਾ ਵਾਯੂਮੰਡਲ ਪੈਦਾ ਹੋਇਆ ਹੋਇਆ ਹੈ। ਜ਼ਮਾਨੇ ਦੇ ਕਾਲ ਚਕੱਰ ਵਿਚ ਕੌਮਾਂ ਉਤੇ ਕਈ ਰੰਗ ਆਉਂਦੇ ਹਨ, ਪਰ ਆਪਣੀਆਂ ਕਮਜ਼ੋਰੀਆਂ ਨੂੰ ਦੂਰ ਕਰਨ ਵਾਸਤੇ ਇਹ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਸਮਝਿਆ ਜਾਏ। ਦੇਸ ਦੀ ਆਬੋ ਹਵਾ, ਜ਼ਿੰਦਗੀ ਦੀ ਫਿਲਾਸਫੀ, ਅਤੇ ਇਤਹਾਸਕ ਕਾਰਨਾਂ ਤੋਂ, ਦੇਸ ਦੀ ਬਹੁਗਿਣਤੀ ਵਿਚ ਪੈਦਾ ਹੋਈ ਨਿਢਾਲਤਾ ਅਤੇ ਕਾਇਰਤਾ

*Quoted in the Presidential Address at the Thirty third session of Indian National Congress.

†Official Reports, Parliamentary Debates (Lords), 1917, Vol. XXV, p. 730.

*India in Parliament and Abroad, 1917-19, H. N. Mitra, pp. 29-35.

†Proceedings of the Imperial Legislative Council, Vol. LVii, p. 323.

‡Official Reports, Parliamentary Debates (Lords), 1917, Vol. xxv, p. 732.



Digitized by Panjab Digital Library | www.panjabdigilib.org

ਨੂੰ ਸਮਝ ਕੇ ਦੂਰ ਕਰਨ ਦੀ ਬਜਾਏ, ਦੇਸ ਦੇ ਖਾਸੇ ਤੱਬਕੇ ਵਿਚ ਐਸੀ ਮਨੋ-ਵਿਗਯਾਨਕ ਉਲਝਣ ਪੈਦਾ ਹੋ ਗਈ, ਜੋ, ਆਪਣੇ ਆਪ ਨੂੰ ਭੁਲੇਖੇ ਵਿਚ ਪਾਕੇ, ਇਨ੍ਹਾਂ ਕਮਜ਼ੋਰੀਆਂ ਨੂੰ ਹੀ ਗੁਣਾਂ ਦੀ ਰੰਗਤ ਦੇ ਕੇ ਤਸੱਲੀ ਲੈਣ ਲੱਗ ਪਈ। ਬੁੱਧ ਅਤੇ ਜੈਨ ਮੱਤਾਂ ਆਦਿ ਦੇ ਅਹਿੰਸਾ ਦੇ ਫਿਲਸਫੇ, ਜੋ ਸ਼ੁਰੂ ਵਿਚ ਇਨਸਾਨੀ ਆਦੱਰਸ਼ਕ ਹੁਲਾਰਿਆਂ ਦੀ ਸ਼ਕਲ ਵਿਚ ਦੇਸ ਵਿਚ ਫੈਲੇ ਸਨ, ਪਿਛੋਂ ਬੁਜ਼ਦਿਲੀ ਉਤੇ ਰੰਗੀਨ ਪਰਦਾ ਪਾਉਣ ਵਾਸਤੇ ਵਰਤੇ ਜਾਣ ਲਗੇ। ਮੌਜੂਦਾ ਜ਼ਮਾਨੇ ਵਿਚ ਸ਼ਾਂਤਮਈ ਅਤੇ ਅਸ਼ਾਂਤਮਈ ਸੰਬੰਧੀ ਧਾਰਮਕ ਅਤੇ ਇਖਲਾਕੀ ਮਹੌਲ ਵਿਚ ਹੋਈ ਲੰਮੀ ਚੌੜੀ ਚਰਚਾ, ਅਤੇ ਇਸ ਚਰਚਾ ਦੇ ਰਾਜਸੀ ਮਸਲਿਆਂ ਦੇ ਨਾਲ ਜੋੜੇ ਜਾਣ ਦੇ ਕਾਰਨ; ਕਾਂਗਰਸ ਅਤੇ ਕਾਂਗਰਸੀ ਨੇਤਾਵਾਂ ਦੀ ਹਥਿਆਰਬੰਦ ਇਨਕਲਾਬੀ ਲਹਿਰਾਂ ਦੀ ਖੁਲ੍ਹੇ ਮੈਦਾਨ ਨਿਖੇਧੀ ਕੀਤੀ ਦੇ ਕਾਰਨ; ਤਰਾਸ-ਵਾਦੀ ਤਰੀਕਾਕਾਰ ਦੇ ਜ਼ਾਹਰਾ ਤੌਰ ਉਤੇ ਕਾਮਯਾਬ ਨਾ ਹੋਣ ਦੇ ਚਾਨਸਾਂ ਦੇ ਕਾਰਨ; ਅਤੇ ਓਪਰੀ ਨਜ਼ਰੇ ਵੇਖਿਆਂ ਜਿਨ੍ਹਾਂ ਹਾਲਾਤ ਵਿਚ ਅੰਗਰੇਜ਼ ਹਿੰਦ ਦਾ ਰਾਜ ਹਿੰਦੀਆਂ ਦੇ ਹਵਾਲੇ ਕਰ ਗਏ ਹਨ, ਉਸ ਦੇ ਕਾਰਨ, ਮੁਲਕ ਵਿਚ ਐਸਾ ਵਾਯੂਮੰਡਲ ਪਸਰ ਗਿਆ ਹੈ, ਜਿਵੇਂ ਬਦੇਸ਼ੀ ਹਕੂਮਤ ਵਿਰੁਧ ਵੀ ਹਥਿਆਰਬੰਦ ਇਨਕਲਾਬ ਕਰਨਾ ਇਖਲਾਕੀ ਤੌਰ ਉਤੇ ਨਾ-ਵਾਜਬ ਸੀ, ਜਾਂ ਇਸ ਦੀ ਸਫਲਤਾ ਦੇ ਚਾਨਸ ਨਹੀਂ ਸਨ।

ਕਾਂਗਰਸ ਵੀ ਸ਼ਾਂਤਮਈ ਤਰੀਕਾਕਾਰ ਨੂੰ ਬਤੌਰ ਅਟੱਲ ਅਸੂਲ ਅਪਨਾਉਂਦੀ ਨਹੀਂ ਰਹੀ। ਮੁਲਕ ਦਾ ਰਾਜ ਪ੍ਰਬੰਧ ਚਲਾਉਣ ਲਈ ਕਾਂਗਰਸ ਹਮੇਸ਼ਾਂ ਪੁਲਸ ਅਤੇ ਫੌਜ ਦੀ ਵਰਤੋਂ ਦੀ ਹਾਮੀ ਰਹੀ ਹੈ*, ਅਤੇ ਆਜ਼ਾਦੀ ਪ੍ਰਾਪਤ ਕਰਨ ਦੇ ਥੋੜਾ ਸਮਾਂ ਪਿਛੋਂ ਕਸ਼ਮੀਰ ਅਤੇ ਹੈਦਰਾਬਾਦ ਵਿਚ ਕਾਂਗਰਸ ਸਰਕਾਰ ਨੂੰ ਫੌਜੀ ਕਾਰਰਵਾਈ ਕਰਨ ਵਾਸਤੇ ਮਜਬੂਰ ਹੋਣਾ ਪਿਆ ਹੈ। ਇਸ ਤੋਂ ਇਲਾਵਾ ਇਤਹਾਸਕ ਪੜਚੋਲ ਦਾ ਸੰਬੰਧ ਇਖਲਾਕੀ ਪਹਿਲੂਆਂ ਨਾਲ ਇਤਨਾ ਨਹੀਂ, ਜਿਤਨਾ ਸਫਲਤਾ ਅਤੇ ਅਸੱਫਲਤਾ ਦੇ ਨਜ਼ਰੀਏ ਤੋਂ ਕੌਮਾਂ ਦੀ ਕਿਸਮਤ ਨਾਲ ਸੰਬੰਧਤ ਗਿਣੇ ਮਿਥੇ ਰਾਜਸੀ ਅਥਵਾ ਸਮਾਜਕ ਨਿਸ਼ਾਨਿਆਂ, ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਅਮਲੀ ਵਰਤੋਂ ਵਿਚ ਆ ਸਕਣ ਵਾਲੇ ਢੰਗਾਂ, ਨਾਲ। ਇਸ ਵਾਸਤੇ ਇਸ ਸਵਾਲ ਵਿਚ ਪੈਣ ਦੀ ਲੋੜ ਨਹੀਂ ਕਿ ਅੰਗਰੇਜ਼ੀ ਹਕੂਮਤ ਵਿਰੁਧ ਹਥਿਆਰਬੰਦ ਇਨਕਲਾਬ ਇਖਲਾਕੀ ਤੌਰ ਉਤੇ ਵਾਜਬ ਸੀ ਜਾਂ ਨਾ-ਵਾਜਬ।

ਪਰ ਗਦਰ ਪਾਰਟੀ ਲਹਿਰ ਨੇ ਇਹ ਜ਼ਰੂਰ ਜ਼ਾਹਰ ਕੀਤਾ ਹੈ ਕਿ, ਖਾਸ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਹਾਲਾਤ ਦੀ ਹੋਂਦ ਵਿਚ, ਫੌਜੀ ਬਗਾਵਤ ਦੀ ਮਦਦ ਨਾਲ ਬਦੇਸ਼ੀ ਹਕੂਮਤ ਨੂੰ ਉਲਟਾਉਣਾ ਸੰਭਵ ਸੀ। ਆਪਣੇ ਲੀਡਰਾਂ ਤੋਂ ਵਾਂਜਿਆਂ ਹੋ ਜਾਣ, ਇਨਕਲਾਬੀ ਢੰਗਾਂ ਦੀ ਵਰਤੋਂ ਤੋਂ ਅਨਜਾਣ ਹੋਣ, ਅਤੇ ਹਿਮਾਲੀਆ ਪਹਾੜ ਜਿੱਡੀਆਂ ਕੀਤੀਆਂ ਗਲਤੀਆਂ, ਦੇ ਬਾਵਜੂਦ ਗਦਰੀ ਇਨਕਲਾਬੀ ਆਪਣੇ ਨਿਸ਼ਾਨੇ ਤੋਂ ਬਹੁਤ ਦੂਰ ਨਹੀਂ ਰਹਿ ਗਏ ਸਨ। ਬਲਕਿ ਉਨ੍ਹਾਂ ਦੀਆਂ ਗਲਤੀਆਂ ਅਤੇ ਕਮੀਆਂ ਦੇ ਬਾਵਜੂਦ ਹੋਈ ਉਨ੍ਹਾਂ ਦੀ ਕਾਮਯਾਬੀ ਦੀ ਹੱਦ ਜ਼ਾਹਰ ਕਰਦੀ ਹੈ ਕਿ ਗਦਰ ਪਾਰਟੀ ਲਹਿਰ ਦੀ ਪਲੈਨ ਅਤੇ ਤਰੀਕਾਕਾਰ ਬੁਨਿਆਦੀ ਤੌਰ ਉਤੇ ਠੀਕ ਲੀਹਾਂ ਉਤੇ ਸੀ। ਮੁਲਕ ਵਿਚ ਪਸਰੇ ਉਪਰ ਦਸੇ ਗਏ ਮਹੌਲ ਅਤੇ ਨਜ਼ਰੀਏ ਦੀ ਹੋਂਦ ਵਿਚ ਇਹ ਅੰਦਾਜ਼ਾ ਪ੍ਰਵਾਨ ਕਰਨਾ ਆਸਾਨ ਨਹੀਂ। ਪਰ ਇਹ ਅੰਦਾਜ਼ਾ ਬੇ-ਬੁਨਿਆਦ ਨਹੀਂ, ਅਤੇ ਇਸ ਦੀ ਪੁਸ਼ਟੀ ਵਿਚ ਕਈ ਸਰਕਾਰੀ ਅਤੇ ਨੀਮ-ਸਰਕਾਰੀ ਅੰਗਰੇਜ਼ਾਂ ਦੀਆਂ

*The Discovery of India, Jawahar Lal Nehru, p. 373.

ਗਵਾਹੀਆਂ ਹਨ, ਜਿਨ੍ਹਾਂ ਨੂੰ ਤਫਸੀਲ ਵਿਚ ਅਸਲੀ ਅੰਗਰੇਜ਼ੀ ਲਿਖਤ ਸਮੇਤ ਇਸ ਵਾਸਤੇ ਦਿਤਾ ਗਿਆ ਹੈ ਕਿ ਪਾਠਕ ਇਨ੍ਹਾਂ ਦੇ ਠੀਕ ਭਾਵ ਦਾ ਆਪ ਅੰਦਾਜ਼ਾ ਲਾ ਸਕਣ।

ਹਿੰਦ ਦੇ ਉਸ ਸਮੇਂ ਦੇ ਵਾਇਸਰਾਏ ਲਾਰਡ ਹਾਰਡਿੰਗ ਲਿਖਦੇ ਹਨ ਕਿ, "ਹਿੰਦ ਵਿਚ ਸੰਨ ੧੯੧੫ ਬਹੁਤ ਚਿੰਤਾ-ਜਨਕ ਸਾਲ ਸੀ। ਜੇਕਰ ਅਮੀਰ ਅਫਗਾਨਸਤਾਨ ਦਾ ਰੱਵਈਆ ਵਫਾਦਾਰੀ ਵਾਲਾ ਨਾ ਹੁੰਦਾ, ਤਾਂ ਸ਼ਾਇਦ ਇਹ ਇਸ ਤੋਂ ਵੀ ਬਹੁਤ ਹੀ ਭੈੜਾ ਹੋ ਜਾਂਦਾ। ........ਵਿਰੋਧੀ ਅਫਗਾਨਸਤਾਨ ਠੋਸ ਖਤਰੇ ਦਾ ਕਾਰਨ ਹੋ ਸਕਦਾ ਸੀ"। ("Nineteen-fifteen was a very anxious year in India. Still, but for the loyal attitude of the Ameer of Afganistan, it might have been a great deal worse..........A hostile Afganistan might have been a source of real danger.*")

ਹਿੰਦ ਵਿਚ ਵਡੇ ਪੈਮਾਨੇ ਉਤੇ ਗਦਰ ਸ਼ੁਰੂ ਹੋ ਜਾਣ ਦੀ ਸੂਰਤ ਵਿਚ ਅਮੀਰ ਅਫਗਾਨਸਤਾਨ ਅੰਗਰੇਜ਼ਾਂ ਨਾਲ ਵਫਾਦਾਰੀ ਨਿਭਾਹ ਸਕਦਾ ਜਾਂ ਨਾ, ਇਸ ਦਾ ਨਿਰਣਾ ਵਾਕਿਆਤ ਹੀ ਕਰਦੇ; ਅਤੇ ਇਸੇ ਕਾਂਡ ਵਿਚ ਪਿਛੇ ਦੱਸਿਆ ਜਾ ਚੁਕਾ ਹੈ ਕਿ ਵਿਰੋਧੀ ਹਾਲਾਤ ਵਿਚ ਲਾਰਡ ਹਾਰਡਿੰਗ ਦਾ ਖੁਦ ਆਪਣਾ ਇਸ ਸੰਬੰਧੀ ਕੀ ਅੰਦਾਜ਼ਾ ਸੀ।

"ਸੰਘਣੇ ਛਪੇ ੧੩੨ ਪੰਨਿਆਂ ਦੀ ਰੀਪੋਟ† ਵਿਚ, ਸਰਹੱਦ ਅਤੇ ਮੁਲਕ ਦੀ ਅੰਦਰੂਨੀ ਹਾਲਤ ਦਾ ਅਠਾਂ ਲਾਈਨਾਂ ਵਿਚ ਜ਼ਿਕਰ ਕੀਤਾ ਗਿਆ ਹੈ; ਹਾਲਾਂਕਿ ਇਸ ਹਾਲਤ ਦਾ ਹਿੰਦ ਦੇ ਫੌਜੀ ਵਸੀਲਿਆਂ ਨਾਲ ਗੂੜ੍ਹਾ ਸੰਬੰਧ ਸੀ, ਜਿਸ ਨੂੰ ਕਮੀਸ਼ਨ* ਵੀ ਮੰਨਦਾ ਹੈ, ਅਤੇ ਕਈ ਵੇਰ ਇਹ ਹਾਲਤ ਚਿੰਤਾ-ਜਨਕ ਅਤੇ ਖਤਰਨਾਕ ਸੀ"। ("In a report of 132 closely printed pages, the situation on the fronter and in the interior is dealt with in eight lines; and yet this situation had a very close relation to the military resources of India, as is admitted by the Commission, and at times was one of anxiety and danger.†")

ਮਿਸਟਰ ਚੈਂਬਰਲੇਨ ਨੇ ਹਾਊਸ ਆਫ ਕਾਮਨਜ਼ ਵਿਚ ਜਰਮਨ ਸਾਜ਼ਸ਼ ਸੰਬੰਧੀ ਤਕਰੀਰ ਕਰਦਿਆਂ ਕਿਹਾ ਕਿ, "ਜੋ ਸਾਡੇ ਪਾਸ ਵਾਕਫੀਅਤ ਹੈ, ਮੈਂ ਉਸ ਬਾਰੇ ਹੁਣ ਤਫਸੀਲ ਨਾਲ ਨਹੀਂ ਕਹਿ ਸਕਦਾ; ਪਰ ਮੇਰਾ ਇਤਨਾ ਕਹਿ ਦੇਣਾ ਕਾਫੀ ਹੋਵੇਗਾ ਕਿ ਇਹ ਇਸ ਕਿਸਮ ਦੀ ਸੀ, ਜਿਸ ਦਾ ਸਰਕਾਰ ਹਿੰਦ ਨੂੰ ਚਿੰਤਾ ਵਿਚ ਪਾਉਣਾ ਜ਼ਰੂਰੀ ਸੀ"। ("I cannot speak of the information we have in any detail now, but it is enough if I say that it was such as necessarily caused anxiety to the Govt. of India.‡")

ਮੈਸੋਪੋਟੇਮੀਆ ਮੁਹਿੰਮ ਸੰਬੰਧੀ ਹਾਊਸ ਆਫ ਲਾਰਡਜ਼ ਵਿਚ ਹੋਈ ਬਹਿਸ ਵਿਚ ਬੋਲਦਿਆਂ ਹੋਇਆਂ ਲਾਰਡ ਮੌਂਟੀਗੋ ਨੇ ਕਿਹਾ, "ਮੈਂ ਇਹ ਕਹਿ ਸਕਦਾ ਹਾਂ ਕਿ ਜੇ ਅਸੀਂ

*Hardinge, p. 131.

†ਮੈਸੋਪੋਟੇਮੀਆਂ ਮੁਹਿੰਮ ਦੀ ਤਫਤੀਸ਼ ਸੰਬੰਧੀ।

*ਮੈਸੋਪੋਟੇਮੀਆ ਮੁਹਿੰਮ ਦੀ ਤਫਤੀਸ਼ ਕਰਨ ਲਈ ਬਣਾਇਆ ਕਮੀਸ਼ਨ।

†Official Reports, Parliamentary Debates (Lords), 1917, Vol. XXV, p. 731.

‡Official Reports, Parliamentary Debates (Commons), 1917, Vol. LXXXXi, pp. 1143-1144.



Digitized by Panjab Digital Library | www.panjabdigilib.org

ਮੈਸੋਪੋਟੇਮੀਆਂ ਦੀ ਮੁਹਿੰਮ ਸ਼ੁਰੂ ਨਾ ਕਰਦੇ ਤਾਂ ਸਾਰੇ ਸਰਹੱਦੀਆਂ ਨੇ ਉੱਠ ਪੈਣਾ ਸੀ, ਅਤੇ ਤਿਗਰਸ ਦਰਿਆ ਦੇ ਕੰਢੇ ਜੋ ਵੀ ਲੜਾਈ ਹੋਈ ਹੈ, ਉਸ ਨਾਲੋਂ ਕਿਤੇ ਵਧੇਰੇ ਮੁਸ਼ਕਲ ਮਸਲੇ ਦਾ ਸਾਨੂੰ ਹਿੰਦ ਵਿਚ ਸਾਹਮਣਾ ਕਰਨਾ ਪੈਂਦਾ"। ("I can say that had we not undertaken the campaign in Mesopotamia, the whole of the frontier would have risen, and there would have been a far more difficult problem before us in India than any fighting that took place on the banks of the Tigris.")

ਹਿੰਦ ਵਿਚ ਗਦਰ ਹੋ ਜਾਣ ਦੀ ਹਾਲਤ ਵਿਚ ਮੈਸੋਪੋਟੇਮੀਆਂ ਦੀ ਮੁਹਿੰਮ, ਜੋ ਆਪ ਹਿੰਦੀ ਫੌਜਾਂ ਉਤੇ ਨਿਰਭਰ ਸੀ, ਇਨ੍ਹਾਂ ਹਾਲਾਤ ਨੂੰ ਪੈਦਾ ਹੋਣੋਂ ਰੋਕ ਸਕਦੀ ਜਾਂ ਨਾ, ਜਾਂ ਸ਼ੁਰੂ ਵੀ ਕੀਤੀ ਜਾ ਸਕਦੀ ਜਾਂ ਨਾ, ਇਸ ਦਾ ਨਿਰਣਾ ਵੀ ਵਾਕਯਾਤ ਹੀ ਕਰਦੇ।

ਉਪ੍ਰੋਕਤ ਹਵਾਲਿਆਂ ਨਾਲੋਂ ਵਧੇਰੇ ਸਪੱਸ਼ਟ, ਅਤੇ ਗਦਰ ਪਾਰਟੀ ਲਹਿਰ ਨਾਲ ਸਿੱਧਾ ਸੰਬੰਧ ਰੱਖਣ ਵਾਲੀਆਂ, ਗਵਾਹੀਆਂ ਇਹ ਹਨ:–

ਗਦਰ ਪਾਰਟੀ ਲਹਿਰ ਦਾ ਸਾਰ ਤੱਤ ਕਢਦਿਆਂ ਹੋਇਆਂ ਰੌਲਟ ਰੀਪੋਟ ਵਿਚ ਲਿਖਿਆ ਹੈ ਕਿ, "ਇਹ ਸਪੱਸ਼ਟ ਹੈ ਕਿ ਪੰਜਾਬ ਵਿਚ ਗਦਰ ਲਹਿਰ ਦੂਰ ਦੂਰ ਤਕ ਖੂੰ-ਰੇਜ਼ੀ ਕਰਾਉਣੋਂ ਵਾਲ ਕੁ ਦੀ ਵਿੱਥ ਉਰੇ ਰਹਿ ਗਈ"। ("It is evident that the Ghadr movement in the Punjab came within an ace of causing widespread bloodshed*.")

ਜਿਹੜੇ ਪੰਜਾਬ ਪਲਸ ਦੇ ਅਫਸਰਾਂ ਗਦਰ ਪਾਰਟੀ ਲਹਿਰ ਦੀ ਤਫਤੀਸ਼ ਕੀਤੀ, ਉਨ੍ਹਾਂ ਦੀ ਰਾਏ ਵਿਚ, "ਇਹ ਕਹਿਣਾ ਨਾ-ਮੁਮਕਨ ਹੈ ਕਿ ਕੀ ਉਸ (ਸ੍ਰੀ ਬੋਸ) ਨੂੰ ਇਨ੍ਹਾਂ ਦੋਹਾਂ ਛਾਉਣੀਆਂ ਵਿਚੋਂ ਨਾਲ ਰਲ ਜਾਣ ਵਾਲੇ ਬੰਦਿਆਂ ਦੀ ਗਿਣਤੀ ਬਾਰੇ ਇਤਲਾਹ ਵਧਾਕੇ ਦੱਸੀ ਗਈ, ਜਾਂ ਇਸ ਲਹਿਰ ਦੇ ਕਾਮਯਾਬ ਹੋਣ ਦੀ ਠੀਕ ਠੀਕ ਕਿਤਨੀ ਕੁ ਆਸ ਕੀਤੀ ਜਾ ਸਕਦੀ ਸੀ। ਪਰ ਇਹ ਗਲ ਯਕੀਨੀ ਹੈ, ਕਿ ਜੇ ਗਦਰ ਦੀ ਨੀਯਤ ਤਾਰੀਖ ਦਾ ਪਤਾ ਨਾ ਲਗ ਜਾਂਦਾ, ਤਾਂ ਬਿਨਾਂ ਸ਼ੱਕ ਦੇ ਖਤਰਨਾਕ ਖੂਨ ਖਰਾਬਾ ਹੁੰਦਾ, ਅਤੇ ਹੋ ਸਕਦਾ ਸੀ ਕਿ ਨਿਹਾਇਤ ਹੀ ਭਿਆਨਕ ਹਾਲਤ ਪੈਦਾ ਹੋ ਜਾਂਦੀ"। ("Whether he had been supplied with exaggerated information as to the number of men who would join in these two Cantonments, and what hopes of success the movement really held, it is impossible to say. This much is, however, certain: that had it not been for the discovery of the date fixed for the rising, serious bloodshed would undoubtedly have occurred, and an extremely dangerous situation might have arisen*.")

ਪਹਿਲੇ ਸਾਜ਼ਸ਼ ਕੇਸ ਦੇ ਜੱਜ ਆਪਣੇ ਫੈਸਲੇ ਵਿਚ ਲਿਖਦੇ ਹਨ ਕਿ, "ਇਸ ਵਿਚ ਸ਼ੱਕ ਨਹੀਂ ਕਿ ਹਰ ਕਿਸਮ ਦੀਆਂ ਥਾਵਾਂ ਵਿਚ, ਅਤੇ ਕਈ ਥਾਈਂ ਕਾਮਯਾਬੀ ਨਾਲ, ਫੌਜਾਂ ਨੂੰ ਨਾਲ ਮਿਲਾਉਣ ਦੀ ਸਿਰ ਤੋੜ ਕੋਸ਼ਸ਼ ਕੀਤੀ ਗਈ, ਅਤੇ ਜਾਪਦਾ ਹੈ ਕਿ ਇਕ ਖਤਰਨਾਕ ਕਿਸਮ ਦੀ ਬਗਾਵਤ ਹੋਣ ਨੂੰ ਕੇਵਲ ਉਨੀ ਤਾਰੀਖ ਦੇ ਛਾਪੇ ਨੇ ਰੋਕਿਆ........" ("There is no doubt that frantic efforts were made in all sorts of places to induce troops to join, and in some places with success, and a rising of serious nature seems only to have been averted by the raid of the 19th......*")

ਪੰਜਾਬ ਸਰਕਾਰ ਦੀ ੧੯੧੪-੧੫ ਦੀ ਸਾਲਾਨਾ ਰੀਪੋਟ (ਪੰਨਾਂ ii) ਵਿਚ ਗਦਰ ਪਾਰਟੀ ਲਹਿਰ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ, "ਜੇ ਇਨ੍ਹਾਂ ਜੁਰਮਾਂ ਨੂੰ ਸਰਕਾਰ, ਪੁਲਸ, ਅਤੇ ਜ਼ਿਲਿਆਂ ਦੇ ਅਫਸਰ, ਫੌਰੀ ਅਤੇ ਸਫਲ ਕਾਰਰਵਾਈ ਨਾਲ ਨਾ ਰੋਕਦੇ, ਤਾਂ ਹਿੰਦ ਵਿਚ ਗਦਰ ਸਮੇਂ† ਦੇ ਹਾਲਾਤ ਵਰਗੇ ਹਾਲਾਤ ਪੈਦਾ ਹੋ ਜਾਂਦੇ। ਰਾਜ ਦੀ ਮਸ਼ੀਨਰੀ ਟੁਟ ਜਾਂਦੀ, ਦੂਰ ਦੂਰ ਤਰਾਸ-ਵਾਦ ਫੈਲਦਾ, ਫੌਜਾਂ ਦੀ ਬਗਾਵਤ ਹੁੰਦੀ, ਅਤੇ ਸਰਕਾਰੀ ਅਫਸਰਾਂ ਅਤੇ ਵਫਾਦਾਰ ਸ਼ਹਿਰੀਆਂ ਨੂੰ ਵਡੇ ਪੈਮਾਨੇ ਉਤੇ ਲੁਟਿਆ ਅਤੇ ਜਾਨੋਂ ਮਾਰਿਆ ਜਾਂਦਾ"। ("Had not these crimes been checked by prompt and successful action on the part of Govt., the police, and district officials, a state of affairs would have supervened similar to that of Hindustan in the Mutiny——paralysis of authority, wide-spread terrorism, mutiny of troops, wholesale robbery and murder not only of the officers of Govt., but of loyal and well-disposed subjects.")

ਲਾਰਡ ਮਾਂਟੀਗੋ ਨੇ ਹਿੰਦ ਦੇ ਅੰਦਰੂਨੀ ਹਾਲਾਤ ਦਾ ਜ਼ਿਕਰ ਕਰਦਿਆਂ ਹੋਇਆਂ ਹਊਸ ਆਫ ਲਾਰਡਜ਼ ਵਿਚ ਕਿਹਾ ਕਿ ਜੇ ਵਾਇਸਰਾਏ ਹੋਰ ਫੌਜਾਂ ਹਿੰਦ ਵਿਚੋਂ ਲੈ ਜਾਂਦਾ ਤਾਂ, "ਹੋ ਸਕਦਾ ਸੀ ਕਿ ਇਸ ਦੇ ਕਾਰਨ ਸਠ ਸਾਲ ਪਹਿਲਾਂ ਦੇ ਗਦਰ ਦੇ ਕਾਰਨਾਮੇਂ ਦੁਹਰਾਏ ਜਾਂਦੇ"। ("What would have happened if the Viceroy in these days had taken further risks? It might have led to a repitition of the terrible scenes of the Mutiny sixty years ago.*")

ਇਹ ਗਲ ਯਾਦ ਕਰਾਉਣੀ ਵਾਧੂ ਨਹੀਂ ਹੋਵੇਗੀ ਕਿ ੧੮੫੭ ਦੇ ਗਦਰ ਨਾਲ ਨਜਿਠਣ ਸਮੇਂ ਅੰਗਰੇਜ਼ੀ ਸਾਮਰਾਜ ਹੋਰ ਕਿਸੇ ਅੰਤਰ ਰਾਸ਼ਟਰੀ ਉਲਝਨ ਵਿਚ ਫਸਿਆ ਹੋਇਆ ਨਹੀਂ ਸੀ, ਪਰ ਪਹਿਲੇ ਸੰਸਾਰ ਯੁਧ ਦੇ ਸ਼ੁਰੂ ਵਿਚ ਉਸ ਦੀ ਕਿਸਮਤ ਕਈ ਵੇਰ ਕਚੇ ਧਾਗੇ ਨਾਲ ਲਟੱਕ ਰਹੀ ਸੀ।

ਉਪਰ ਦਿਤੇ ਹਵਾਲਿਆਂ ਤੋਂ, ਅਤੇ ਖਾਸ ਕਰ ਇਨ੍ਹਾਂ ਨੂੰ ਇਸ ਅਤੇ ਪਿਛਲੇ ਕਾਂਡ ਵਿਚ ਦਿਤੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਸੰਭਾਵਨਾ ਭਰਪੂਰ ਹਾਲਾਤ ਦੀ ਰੋਸ਼ਨੀ ਵਿਚ ਜਾਚਣ ਤੋਂ, ਇਹ ਜ਼ਰੂਰ ਸਪੱਸ਼ਟ ਹੋ ਜਾਂਦਾ ਹੈ ਕਿ ਪਹਿਲੇ ਸੰਸਾਰ ਯੁਧ ਦੇ ਦੌਰਾਨ ਸਮੇਂ ਅੰਗਰੇਜ਼ੀ ਸਾਮਰਾਜ ਦੇ ਜ਼ਿਮੇਵਾਰ ਕਰਮ ਚਾਰੀਆਂ ਨੂੰ ਹਿੰਦ ਵਿਚ ਆਪਣਾ ਰਾਜ ਕਾਇਮ ਰਖਣ ਬਾਰੇ ਤੌਖਲਾ ਪੈਦਾ ਹੋ ਗਿਆ ਸੀ, ਹਾਲਾਂ ਕਿ ਇਸ ਮੁਆਮਲੇ ਬਾਰੇ ਉਪ੍ਰੋਕਤ ਹਵਾਲੇ ਮੁਕੰਮਲ ਵਾਕਫੀਅਤ ਨਹੀਂ ਸਮਝੀ ਜਾਣੀ ਚਾਹੀਦੀ। ਮਿਸਟਰ ਚੈਂਮਬਰਲੇਨ ਬਾਰੇ ਜ਼ਿਕਰ ਕੀਤਾ ਜਾ ਚੁਕਾ ਹੈ ਕਿ ਉਨ੍ਹਾਂ ਨੇ ਅੰਗਰੇਜ਼ਾਂ ਦੀ ਪਾਰਲੀਮੈਂਟ ਵਿਚ ਕਿਵੇਂ ਦੱਸਿਆ ਕਿ ਹਿੰਦ ਬਾਰੇ ਜਰਮਨ ਸਾਜ਼ਸ਼ ਦੇ ਭੇਦ ਪ੍ਰਗੱਟ ਕਰਨ ਦਾ ਅਜੇ ਮੌਕਿਆ ਨਹੀਂ ਸੀ। ਇਸੇ ਤਰ੍ਹਾਂ ਸਰ ਵਿਲੀਅਮ ਵਿੰਸੇਂਟ ਨੇ ਹਿੰਦ ਦੀ ਕਾਨੂੰਨ ਘੜਨੀ ਕੌਂਸਲ ਵਿਚ ਉਸ ਸਮੇਂ ਹਿੰਦ ਵਿਚ ਹੋਈ ਸਾਜ਼ਸ਼ ਬਾਰੇ ਤਫਸੀਲ ਪ੍ਰਗੱਟ ਕਰਨੋਂ ਇਸ ਕਰਕੇ ਨਾਂਹ ਕਰ ਦਿਤੀ

---

*Rowlatt Report, p. 161.

*Isemonger and Slattery, p. 149.

*First Case, The Seduction of Troops, p. 10.

†੧੮੫੭ ਵਾਲੇ ਗਦਰ।

*Official Reports, Parliamentary Debates (Lords), 1917, Vol, XXV, p. 976.

Digitized by Panjab Digital Library | www.panjabdigilib.org

ਕਿ ਫੌਜੀ ਅਤੇ ਬਦੇਸੀ ਮਹਿਕਮਿਆਂ ਨੂੰ ਇੰਦ ਕਰਨਾ ਪ੍ਰਵਾਨ ਨਹੀਂ ਸੀ*। ਇਸ ਤੋਂ ਇਲਾਵਾ ਅੰਗਰੇਜ਼ਾਂ ਦੀ ਨੀਤੀ ਹਿੰਦੀਆਂ ਦੇ ਮਨਾਂ ਉਤੇ ਹਮੇਸ਼ਾਂ ਇਹ ਸਿੱਕਾ ਬਠਾਉਣ ਦੀ ਕੋਸ਼ਸ਼ ਕਰਦੀ ਰਹੀ ਕਿ ਉਨ੍ਹਾਂ ਦੇ ਰਾਜ ਵਿਰਧ ਹਥਿਆਰਬੰਦ ਇਨਕਲਾਬ ਕਰਨ ਦੇ ਯਤਨ ਸਰੀਹਣ ਪਹਾੜ ਨਾਲ ਮੱਥਾ ਮਾਰਨ ਦੇ ਤੁੱਲ ਸਨ; ਜਿਸ ਕਰਕੇ ਉਹ ਐਸੀ ਵਾਕਫੀਅਤ ਪ੍ਰਗੱਟ ਕਰਨੋਂ ਹਤੱਲ ਵੱਸਾ ਸੰਕੋਚ ਕਰਦੇ ਜਿਸ ਦਾ ਅਸਰ ਇਸ ਨੀਤੀ ਦੇ ਉਲਟ ਹੋ ਸਕਦਾ। ਇਸ ਨੀਤੀ ਦੇ ਬਾਵਜੂਦ ਥੋੜੇ ਮਿਲੇ ਉਪਰ ਦਿਤੇ ਗਏ ਹਵਾਲੇ ਇਹ ਜ਼ਾਹਰ ਕਰਨ ਲਈ ਕਾਫੀ ਹਨ ਕਿ ਜਾਂ ਤਾਂ ਗਦਰ ਪਾਰਟੀ ਲਹਿਰ ਦੇ ਇਨਕਲਾਬੀ ਯਤਨ ਕਾਫੀ ਕਾਰਗਰ ਸਨ ਅਤੇ ਸਫਲਤਾ ਦੇ ਐਨ ਨੇੜੇ ਪੁਜ ਕੇ ਰਹਿ ਗਏ। ਜਾਂ ਉਸ ਸਮੇਂ ਦੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਹਾਲਾਤ ਹਿੰਦ ਵਿਚ ਗਦਰ, ਖਾਸ ਕਰ ਫੌਜੀ, ਗਦਰ ਕਰਨ ਦੇ ਇਤਨੇ ਮੁਆਫਕ ਸਨ ਕਿ ਗਦਰ ਪਾਰਟੀ ਲਹਿਰ ਦੇ ਅਧੂਰੇ ਇਨਕਲਾਬੀ ਯਤਨ ਵੀ ਹਿੰਦ ਵਿਚ ਅੰਗਰੇਜ਼ੀ ਰਾਜ ਲਈ ਸੰਗੀਨ ਖਤਰੇ ਦਾ ਕਾਰਨ ਬਣ ਗਏ।

## ਅਠਾਰਵਾਂ ਕਾਂਡ

# ਘਰ ਦਾ ਭੇਤੀ ਲੰਕਾ ਢਾਹੇ

ਗਦਰੀ ਇਨਕਲਾਬੀਆਂ ਦੀ ਇਹ ਪਲੈਨ ਨਹੀਂ ਸੀ ਕਿ ਸਾਰੀਆਂ ਛਾਉਣੀਆਂ ਵਿਚ ਇਕੋ ਦਿਨ ਗਦਰ ਕਰਵਾਇਆ ਜਾਏ, ਕਿਉਂਕਿ ਇਸ ਦਾ ਪ੍ਰਬੰਧ ਕਰਨਾ ਮੁਮਕਨ ਨਹੀਂ ਸੀ। ਇਹ ਵੀ ਕਾਰਨ ਸੀ ਕਿ ਬਹੁਤੀਆਂ ਫੌਜਾਂ ਨੇ ਗਦਰ ਸ਼ੁਰੂ ਹੋਣ ਪਿਛੋਂ ਨਾਲ ਰਲਣ ਦਾ ਭਰੋਸਾ ਦਿਤਾ ਸੀ*, ਪਰ ਪਹਿਲ ਕਰਨ ਨੂੰ ਤਿਆਰ ਨਹੀਂ ਸਨ। ਪਹਿਲ ਲਾਹੌਰ ਅਤੇ ਫੀਰੋਜ਼ਪੁਰ ਛਾਉਣੀਆਂ ਦੀਆਂ ਦੇਸੀ ਫੌਜਾਂ, ਖਾਸ ਕਰ ਤੇਈਵੇਂ ਰਸਾਲੇ ਨੇ ਕਰਨੀ ਸੀ; ਅਤੇ ਗਦਰੀਆਂ ਨੂੰ ਭਰੋਸਾ ਸੀ ਕਿ ਉਨ੍ਹਾਂ ਦੀ ਮਿਸਾਲ ਨੂੰ ਵੇਖਕੇ ਬਾਕੀ ਦੀਆਂ ਛਾਉਣੀਆਂ ਦੀਆਂ ਫੌਜਾਂ ਵੀ ਖੁਲੇ ਤੌਰ ਉਤੇ ਗਦਰ ਵਿਚ ਸ਼ਾਮਲ ਹੋ ਜਾਣਗੀਆਂ†। ਅਰਥਾਤ ਗਦਰ ਦੀ ਕੁੰਜੀ ਲਾਹੌਰ ਅਤੇ ਫੀਰੋਜ਼ਪੁਰ ਛਾਉਣੀਆਂ ਦੀਆਂ ਦੇਸੀ ਫੌਜਾਂ ਸਨ।

ਪੰਜਾਬ ਪੁਲਸ ਦੇ ਅਫਸਰਾਂ ਦੀ ਗਦਰ ਪਾਰਟੀ ਲਹਿਰ ਸੰਬੰਧੀ ਲਿਖਤ ਵਿਚ ਲਿਖਿਆ ਹੈ ਕਿ ਸ੍ਰੀ ਬੋਸ ਨੇ ਲਾ: ਹਰਦਿਆਲ ਵਾਂਗੂੰ ਵਾਕਿਆਤ ਨੂੰ ਜਲਦੀ ਜਲਦੀ ਧੱਕਣ ਦੀ

*Proceedings ot the Imperial Legislative Council, Vol LVii, p. 323. ॥੪॥

*ਬੰਦੀ ਜੀਵਨ, ਭਾਗ ਪਹਿਲਾ, ਪੰਨੇ ੮੧, ੧੦੮.

†Isemonger and Slattery, p. 149.; First Case, The Outline of Proceedings in India, p. 6.

ਕੋਸ਼ਸ਼ ਕੀਤੀ। "ਰਾਸ਼ ਬਿਹਾਰੀ ਬੋਸ ਨੇ ਵੇਖਿਆ ਕਿ ਬਦੇਸ਼ਾਂ ਤੋਂ ਆਏ ਆਦਮੀਆਂ (ਗਦਰੀਆਂ) ਨੇ ਕੁਝ ਹੱਦ ਤਕ ਜ਼ਮੀਨ ਤਿਆਰ ਕੀਤੀ ਹੋਈ ਸੀ, ਅਤੇ ਉਨ੍ਹਾਂ ਨੇ ਕਈ ਪੈਂਤੂਆਂ ਅਤੇ ਫੌਜੀ ਦਸਤਿਆਂ (Troops) ਨੂੰ ਇਨਕਲਾਬ ਦੇ ਹੱਕ ਵਿਚ ਪ੍ਰੇਰ ਲਿਆ ਸੀ। ਇਸ ਬਾਰੇ ਤਸੱਲੀ ਕਰਕੇ, ਉਸ ਨੇ ਉਨ੍ਹਾਂ ਲੀਹਾਂ ਉਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਜੋ ਹਰਦਿਆਲ ਦੀਆਂ ਲੀਹਾਂ ਨਾਲ ਮਿਲਦੀਆਂ ਹਨ। ਉਸ ਦੇ ਛਾਉਣੀਆਂ ਵਿਚ ਭੇਜੇ ਆਦਮੀ ਹੁਣ ਆਪਣੇ ਮਕਸਦ ਲਈ ਨਵੇਂ ਰਕਰੂਟ ਮਿਲਾਉਣ ਦੀ ਕੋਸ਼ਸ਼ ਨਹੀਂ ਸੀ ਕਰਦੇ। ਬਲਕਿ ਉਹ ਐਲਾਨ ਕਰਦੇ ਸਨ ਕਿ ਥੋੜੇ ਦਿਨਾਂ ਤਕ ਇਕ ਨੀਯਤ ਤਾਰੀਖ ਉਤੇ ਗਦਰ ਸ਼ੁਰੂ ਹੋਵੇਗਾ, ਅਤੇ ਉਨ੍ਹਾਂ ਸਾਰਿਆਂ ਨੂੰ ਇਸ ਵਿਚ ਸ਼ਾਮਲ ਹੋਣ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਉਨ੍ਹਾਂ (ਫੌਜੀਆਂ) ਨੂੰ ਸੋਚਣ ਦਾ ਵਕਤ ਨਹੀਂ ਸੀ ਦਿੱਤਾ ਜਾਂਦਾ*"।

ਪੰਜਾਬ ਪੋਲੀਸ ਦੇ ਅਫਸਰਾਂ ਦਾ ਉਪ੍ਰੋਕਤ ਅਨੁਮਾਨ ਠੀਕ ਨਹੀਂ। ਗਦਰੀਆਂ ਵਿਚ ਇਕ ਦੂਜੇ ਤੋਂ ਵਿਰੋਧੀ ਦੋ ਵੀਚਾਰਾਂ ਜਾਂ ਰੁਖ ਕੰਮ ਕਰ ਰਹੇ ਸਨ। ਇਕ ਬੰਨੇ, "ਪੰਜਾਬ ਦੇ ਸਿਪਾਹੀ ਇਸ ਸਮੇਂ ਕੁਝ ਕਰ ਵਿਖਾਉਣ ਲਈ ਇਤਨੇ ਉਤਾਵਲੇ ਹੋ ਗਏ ਸਨ ਕਿ ਹੁਣ ਕਿਸੇ ਭੀ ਤਰ੍ਹਾਂ ਉਨ੍ਹਾਂ ਨੂੰ ਸ਼ਾਂਤ ਨਹੀਂ ਰਖਿਆ ਜਾ ਸਕਦਾ ਸੀ। ਮੈਂ ਨਹੀਂ ਕਹਿ ਸਕਦਾ ਕਿ ਇਸ ਸਮੇਂ ਉਨ੍ਹਾਂ ਨੂੰ ਰੋਕ ਲੈਣਾ ਹੱਛਾ ਹੋਇਆ ਯਾਂ ਬੁਰਾ। ਕਿਉਂਕਿ ਜੇ ਅਸਾਂ ਲੋਕਾਂ ਦੀ ਰੋਕ ਟੋਕ ਨਾ ਹੁੰਦੀ ਤਾਂ ਪੰਜਾਬ ਵਿਚ ਜ਼ਰੂਰ ਹੀ ਕੁਝ ਨਾ ਕੁਝ ਭਿਆਨਕ ਘਟਨਾ ਹੋ ਜਾਂਦੀ, ਅਰ ਕੌਣ ਕਹਿ ਸਕਦਾ ਹੈ ਕਿ ਉਸ ਦਾ ਫਲ ਕੀ ਅਰ ਕਿਹੋ ਜਿਹਾ ਹੁੰਦਾ। ਅਸਾਂ ਨੇ ਉਨ੍ਹਾਂ ਦ ਜਲਦਬਾਜ਼ੀ ਨੂੰ ਇਸ ਲਈ ਰੋਕਿਆ ਸੀ ਕਿ ਸਾਰਾ ਦੇਸ਼ ਇਕੋ ਵਕਤ ਹੀ ਬਲਵੇ ਦੇ ਰਣ-ਛੇਤ੍ਰ ਵਿਚ ਕੁਦ ਪਵੇ*"। ਦੂਸਰੇ ਬੰਨੇ "ਯਤੀਂਦ੍ਰ ਬਾਬੂ ਦੀ ਬੜੀ ਜ਼ਬਰਦਸਤ ਮੰਗ ਸੀ ਕਿ ਇਸ ਬਲਵੇ ਲਈ ਨਿਸਚਿਤ ਦਿਨ ਇਤਨਾ ਪਿਛੇ ਪਾ ਦਿਤਾ ਜਾਵੇ ਜਿਸ ਨਾਲ ਕਿ ਬੰਗਾਲ ਵਿਚ ਪਹੁੰਚਣ ਅਤੇ ਉਨ੍ਹਾਂ ਨੂੰ ਘਟ ਤੋਂ ਘਟ ਦੋ ਮਹੀਨੇ ਸਮਾਂ ਮਿਲੇ ਅਰ ਇਸ ਵਿਚ ਉਹ ਕੁਝ ਰੁਪੱਏ ਪੈਸੇ ਭੀ ਇਕੱਤਰ ਕਰ ਸਕਣ। ਇਨ੍ਹਾਂ ਨੇ ਮੁੜ ਮੁੜ ਕਿਹਾ ਕਿ ਬਿਨਾਂ ਹਥ ਵਿਚ ਕਾਫੀ ਪੂੰਜੀ ਲਏ ਦੇ ਇਸ ਕੰਮ ਵਿਚ ਕੁਦਨਾ ਠੀਕ ਨਹੀਂ, ਕਿੰਤੂ ਉਨ੍ਹਾਂ ਦੀ ਇਸ ਮੰਗ ਦੀ ਹੱਦ—ਬੰਦੀ ਬੜੀ ਲੰਮੀ ਚੌੜੀ ਸੀ ! ਉਤਨੇ ਬੇਅੰਦਾਜ਼ੇ ਧਨ ਦਾ ਥੋੜੇ ਸਮੇਂ ਵਿਚ ਇਕੱਠਾ ਕੀਤਾ ਜਾਣਾ ਭੀ ਅਣਹੋਣਾ ਕੰਮ ਸੀ†"।

ਸ੍ਰੀ ਬੋਸ ਅਤੇ ਉਨ੍ਹਾਂ ਦੇ ਸਾਥੀ ਇਨ੍ਹਾਂ ਦੋਹਾਂ ਰੁਖਾਂ ਨੂੰ ਤੋਲਕੇ ਜਿਥੇ ਸਹੀ ਤਵਾਜ਼ਨ ਕਾਇਮ ਰਖਣਾ ਚਾਹੁੰਦੇ ਸਨ, ਉਥੇ ਚੋਟ ਲਾਉਣ ਦਾ ਮੌਕਿਆ ਵੀ ਹਥੋਂ ਗਵਾਉਣਾ ਨਹੀਂ ਸਨ ਚਾਹੁੰਦੇ। ਉਨ੍ਹਾਂ ਦੀ ਰਾਏ ਵਿਚ ਸ੍ਰੀ ਯਤੀਂਦ੍ਰ ਬਾਬੂ "ਇਸ ਪਾਸੇ ਦੀ ਹਾਲਤ ਨੂੰ ਠੀਕ ਸਮਝ ਨਹੀਂ ਸਕਦੇ ਸਨ। ਉਸ ਸਮੇਂ ਪੰਜਾਬ ਦੇ ਸਿਪਾਹੀ ਬਹੁਤ ਹੀ ਅਧੀਰ ਹੋ ਰਹੇ ਸਨ। ਇਸ ਦਾ ਇਕ ਕਾਰਨ ਇਹ ਖੱਟਕਾ ਸੀ ਕਿ ਪਤਾ ਨਹੀਂ ਕਦੋਂ ਇਨ੍ਹਾਂ ਨੂੰ ਜੰਗ ਵਿਚ ਭੇਜ ਦਿਤਾ ਜਾਵੇਗਾ। ਇਸ ਤੋਂ ਸਿਵਾਇ ਭਾਰਤ ਦੀਆਂ ਫੌਜਾਂ ਨੂੰ ਭੀ ਲਗਾਤਾਰ ਇਕ ਛਾਵਨੀ ਤੋਂ ਦੂਜੀ ਛਾਵਨੀ ਝਟ ਹੀ ਬਦਲ ਦਿਤਾ ਜਾਂਦਾ ਸੀ। ਇਸ ਵਾਸਤੇ, ਠੀਕ ਹਾਲਤ ਵਿਚ ਨਾ ਰਹਿਣ ਦਿਤੇ ਜਾਣ ਪੁਰ,

*Isemonger and Slattery, p. 149.

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੯੪.

†ਬੰਦੀ ਜੀਵਨ, ਭਾਗ ਪਹਿਲਾ, ਪੰਨਾ ੯੯.



Digitized by Panjab Digital Library | www.panjabdigilib.org

ਜਦ ਉਨ੍ਹਾਂ ਸਿਪਾਹੀਆਂ ਨੂੰ ਦੱਖਣ ਦੀ ਕਿਸੇ ਛਾਵਣੀ ਵਿਚ ਭੇਜ ਦਿੱਤਾ ਜਾਵੇ ਤਦ ਤਾਂ ਉਨ੍ਹਾਂ ਦੀਆਂ ਸਾਰੀਆਂ ਉਮੈਦਾਂ ਪੁਰ ਪਾਣੀ ਫਿਰ ਜਾਵੇਗਾ। ਅਜੇਹੇ ਹੀ ਅਨੇਕਾਂ ਕਾਰਨਾਂ ਕਰਕੇ ਪੰਜਾਬ ਦੇ ਸਿਪਾਹੀਆਂ ਨੂੰ ਸ਼ਾਂਤ ਰੱਖਣਾ ਜਿਸ ਪ੍ਰਕਾਰ ਔਖਾ ਕੰਮ ਹੋ ਗਿਆ ਸੀ, ਓਸੇ ਤਰ੍ਹਾਂ ਸਾਨੂੰ ਭੀ ਇਹ ਬੜਾ ਖਟੱਕਾ ਸੀ ਕਿ ਬਲਵੇ ਦੇ ਲਈ ਨੀਯਤ ਕੀਤੇ ਗਏ ਸਿਪਾਹੀ ਕਿਧਰੇ ਹੋਰ ਥਾਂ ਨਾ ਭੇਜ ਦਿੱਤੇ ਜਾਣ।.........ਅਸੀਂ ਭੀ ਕੁਝ ਕੁਝ ਉਤਾਵਲੇ ਹੋ ਗਏ ਸਾਂ ਕਿ ਅਜੇਹਾ ਵਧੀਆ ਸਮਾਂ ਕਿਸੇ ਕਾਰਨ ਹਥੋਂ ਨਾ ਨਿਕਲ ਜਾਵੇ। ਇਸੇ ਵਾਸਤੇ ਇਕ ਪਾਸੇ ਤਾਂ ਅਸੀਂ ਸਿਪਾਹੀਆਂ ਨੂੰ ਸ਼ਾਂਤ ਕਰਨ ਦਾ ਬਾਨ੍ਹਣੂ ਬੰਨ੍ਹ ਰਹੇ ਸਾਂ ਅਰ ਦੂਜੇ ਪਾਸੇ ਅਜੇਹੀ ਤਿਆਰੀ ਵਿਚ ਲਗੇ ਹੋਏ ਸਾਂ ਕਿ ਦੇਸ਼ ਵਿਚ ਇਕ ਜਾਨ ਹੋਕੇ ਕੁਝ ਕਰਕੇ ਵਿਖਾਇਆ ਜਾਵੇ। ਨਾਲ ਹੀ ਇਹ ਭੀ ਧਿਆਨ ਰਖਿਆ ਗਿਆ ਸੀ ਕਿ ਇਸ ਕੰਮ ਵਿਚ ਬਿਰਥੀ ਦੇਰ ਨਾ ਹੁੰਦੀ ਜਾਵੇ*।"

ਛਾਉਣੀਆਂ ਵਿਚ ਜਲਦ ਬਾਜ਼ੀ ਵਾਲੀਆਂ ਫੇਰੀਆਂ ਫਰਵਰੀ ਵਿਚ ਸ਼ੁਰੂ ਹੋਈਆਂ, ਜਦ ਗਦਰ ਕਰਨ ਦਾ ਵਕਤ ਨੇੜੇ ਆ ਰਿਹਾ ਸੀ, ਅਤੇ ਉਹ ਵੀ ਬਹੁਤਾ ਯੂ. ਪੀ. ਵਿਚ। ਪਿਛਲੇ ਕਾਂਡਾਂ ਵਿਚ ਵੇਖਿਆ ਜਾ ਚੁਕਾ ਹੈ ਕਿ ਗਦਰ ਦੇ ਅਸਲੀ ਅੱਡੇ (Base) ਪੰਜਾਬ ਵਿਚ ਫੌਜਾਂ ਵਿਚ ਕੰਮ 'ਤੋਸ਼ਾਮਾਰੂ' ਜਹਾਜ਼ ਆਉਣ ਤੋਂ ਵੀ ਪਹਿਲੋਂ ਸ਼ੁਰੂ ਹੋ ਚੁਕਾ ਸੀ, ਅਤੇ ਇਹ ਲਗਾ ਤਾਰ ਜਾਰੀ ਰਿਹਾ। ਸ਼੍ਰੀ ਬੋਸ ਦੇ ਪੰਜਾਬ ਆਉਣ ਤੋਂ ਪਹਿਲੋਂ ਮੂਲਾ ਸਿੰਘ ਨੇ ਸ਼੍ਰੀ ਸਾਨਿਯਾਲ ਨੂੰ ਦੱਸਿਆ ਸੀ ਕਿ "ਬਲਵਾ ਸ਼ੁਰੂ ਹੋਣ ਪੁਰ ਬਹੁਤ ਸਾਰੀਆਂ ਪਲਟਣਾਂ ਨੇ ਦੇਸ਼ ਵਾਸੀਆਂ ਦੇ ਨਾਲ ਰਲ ਜਾਣ ਦਾ ਬਚਨ ਦਿਤਾ ਹੈ†"। ਉਨ੍ਹਾਂ ਦੇ ਉਪਰ ਦਿੱਤੇ ਹਵਾਲੇ ਵਿਚ ਹੀ ਪੰਜਾਬ ਪੁਲੀਸ ਅਫਸਰ ਆਪ ਇਹ ਮੰਨਦੇ ਹਨ ਕਿ ਸ਼੍ਰੀ ਬੋਸ ਦੇ ਪੰਜਾਬ ਆਉਣ ਤੋਂ ਪਹਿਲੋਂ ਕਈ ਫੌਜੀ ਦਸਤੇ ਪ੍ਰੇਰੇ ਜਾ ਚੁਕੇ ਸਨ। ਇਸ ਵਾਸਤੇ ਜਿਨ੍ਹਾਂ ਛਾਉਣੀਆਂ ਵਿਚ ਜਲਦਬਾਜ਼ੀ ਵਿਚ ਫੇਰੀਆਂ ਪਾਈਆਂ ਗਈਆਂ, ਉਨ੍ਹਾਂ ਦਾ ਇਹ ਮਤਲਬ ਨਹੀਂ ਸੀ ਕਿ ਉਥੋਂ ਦੇ ਫੌਜੀਆਂ ਨੂੰ ਸੋਚਣ ਦਾ ਵਕਤ ਨਾ ਦਿੱਤਾ ਜਾਏ। ਬਲਕਿ ਇਸ ਦਾ ਮਤਲਬ ਇਹ ਸੀ ਕਿ ਗਦਰੀਆਂ ਨੂੰ ਭਰੋਸਾ ਸੀ ਕਿ ਲਾਹੌਰ ਅਤੇ ਫੀਰੋਜ਼ਪੁਰ (ਜਿਥੇ ਮੁਕੱਦਮਿਆਂ ਵਿਚ ਦਿੱਤੀ ਸ਼ਹਾਦਤ ਦੇ ਮੁਤਾਬਕ ਸ਼ੁਰੂ ਤੋਂ ਅਖੀਰ ਤਕ ਲਗਾਤਾਰ ਕੋਸ਼ਸ਼ ਹੁੰਦੀ ਰਹੀ) ਗਦਰ ਸ਼ੁਰੂ ਹੋ ਜਾਣ ਉੱਤੇ ਬਾਕੀ ਦੀਆਂ ਛਾਉਣੀਆਂ ਵਿਚ ਇਸ ਮਿਸਾਲ ਨੂੰ ਵੇਖ ਕੇ ਗਦਰ ਹੋ ਜਾਵੇਗਾ. ਬਸ਼ੱਰਤਿਕੇ ਉਨ੍ਹਾਂ ਨੂੰ ਅਗਾਊਂ ਸੂਚਨਾ ਦਿੱਤੀ ਹੋਵੇ ਅਤੇ ਉਨ੍ਹਾਂ ਵਿਚ ਕੁਝ ਬੰਦੇ ਗਦਰੀਆਂ ਦੇ ਹਮਦਰਦੀ ਅਗਾਊਂ ਬਣਾਏ ਹੋਣ।

ਗਦਰ ਲਈ ਤਿਆਰੀ ਕਾਫੀ ਹੋ ਗਈ ਸੀ ਜਾਂ ਅਧੂਰੀ ਸੀ, ਇਸ ਬਾਰੇ ਤਾਂ ਦੋ ਰਾਵਾਂ ਹੋ ਸਕਦੀਆਂ ਹਨ। ਪਰ ਇਸ ਵਿਚ ਸ਼ੱਕ ਨਹੀਂ ਕਿ ਗਦਰ ਦੀ ਤਾਰੀਖ ਨੀਯਤ ਕਰਨ ਦੇ ਫੈਸਲੇ ਪਿਛੇ ਵੱਡਾ ਹੱਥ ਫੌਜੀਆਂ ਵੱਲੋਂ ਪਾਏ ਗਏ ਦਬਾਉ ਦਾ ਸੀ। ਚੌਧਵੇਂ ਕਾਂਡ ਵਿਚ ਵੇਖਿਆ ਜਾ ਚੁਕਾ ਹੈ ਕਿ ਨਵੰਬਰ ੧੯੧੪ ਵਿਚ ਹੀ ਤੇਈਵੇਂ ਰਸਾਲੇ ਦੇ ਸਵਾਰਾਂ ਨੇ ਗਦਰੀ ਇਨਕਲਾਬੀਆਂ ਨੂੰ ਕਿਵੇਂ ਜਲਦੀ ਗਦਰ ਸ਼ੁਰੂ ਕਰਨ ਵਾਸਤੇ ਜ਼ੋਰ ਪਾਇਆ ਸੀ*। ਸ਼੍ਰੀ ਸਾਨਿਯਾਲ ਨੇ ਵੀ ਇਹੋ ਲਿਖਿਆ ਹੈ ਕਿ ਫੌਜੀ ਬਹੁਤ ਅਧੀਰ ਅਤੇ ਉਤਾਵਲੇ ਹੋ ਗਏ ਸਨ। ਫਰਵਰੀ ਦੇ ਦੂਸਰੇ ਹਫਤੇ ਸ਼੍ਰੀ ਪਿੰਗਲੇ ਅਤੇ ਸ਼੍ਰੀ ਕਰਤਾਰ ਸਿੰਘ ਨੇ ਸ਼੍ਰੀ ਬੋਸ ਨੂੰ ਆਕੇ ਦੱਸਿਆ ਕਿ ਫੌਜਾਂ (ਗਾਲਬਨ ਜਿਨ੍ਹਾਂ ਪਲਟਨਾਂ ਨੇ ਗਦਰ ਕਰਨ ਵਿਚ ਪਹਿਲ ਕਰਨੀ ਸੀ) ਨੂੰ ਪਹਿਲੀ ਮਾਰਚ ਨੂੰ ਫਰਾਂਸ ਜਾਣ ਲਈ ਜਹਾਜ਼ੇ ਚੜ੍ਹ ਜਾਣ ਦਾ ਹੁਕਮ ਹੋਇਆ ਹੈ। ਇਹ ਸੁਣ ਕੇ ਸ਼੍ਰੀ ਬੋਸ ਦੀ ਅਗਵਾਈ ਹੇਠ ੧੨ ਫਰਵਰੀ ਨੂੰ ਫੈਸਲਾ ਕੀਤਾ ਗਿਆ ਕਿ ੨੧ ਫਰਵਰੀ, ੧੯੧੫, ਦੀ ਰਾਤ ਨੂੰ ਲਾਹੌਰ ਅਤੇ ਫੀਰੋਜ਼ਪੁਰ ਛਾਉਣੀਆਂ ਵਿਚ ਗਦਰ ਸ਼ੁਰੂ ਕਰ ਦਿੱਤਾ ਜਾਏ*। ਇਨਕਲਾਬੀਆਂ ਵਾਸਤੇ ਇਸ ਤੋਂ ਸਵਾਏ ਕੋਈ ਹੋਰ ਰਾਹ ਨਹੀਂ ਸੀ, ਕਿਉਂਕਿ ਇਹ ਬੜਾ ਜ਼ਰੂਰੀ ਕਦਮ ਸੀ ਕਿ ਗਦਰ ਕਰਨ ਦੀ ਪਹਿਲ ਕੌਣ ਕਰੇ। ਮੀਆਂਮੀਰ ਛਾਉਣੀ ਦੇ ਤੇਈਵੇਂ ਰਸਾਲੇ ਵਿਚ ਕਾਫੀ ਦੇਰ ਕੰਮ ਕਰਕੇ ਉਸ ਨੂੰ ਇਸ ਵਾਸਤੇ ਤਿਆਰ ਕੀਤਾ ਗਿਆ ਸੀ, ਅਤੇ ਉਸ ਦੇ ਲੜਾਈ ਵੱਲ ਚਲੇ ਜਾਣ ਨਾਲ ਪਤਾ ਨਹੀਂ ਸੀ ਕਿ ਫਿਰ ਅਜਿਹਾ ਚਾਨਸ ਮਿਲਦਾ ਜਾਂ ਨਾ।

ਗਦਰ ਦੀ ਤਾਰੀਖ ਨੀਯਤ ਕਰਕੇ ਇਸ ਦੀ ਅੱਡ ਅੱਡ ਛਾਉਣੀਆਂ ਵਿਚ ਇਤਲਾਹ ਦੇਣ ਲਈ ਇਨਕਲਾਬੀ ਭੇਜੇ ਗਏ। "ਲਹਿਰ ਦੇ ਆਰੰਭ ਤੋਂ, ਜਿਸ ਤਰ੍ਹਾਂ ਵੇਖਿਆ ਜਾਵੇਗਾ, ਸਾਹਿਤ ਅਤੇ ਜ਼ਾਤੀ ਮੇਲ ਮਿਲਾਪ ਰਾਹੀਂ ਫੌਜਾਂ ਨੂੰ ਵਰਗਲਾਉਣ ਦੀ ਕੋਸ਼ਸ਼ ਕੀਤੀ ਜਾਂਦੀ ਰਹੀ ਸੀ, ਪਰ ੧੨ ਫਰਵਰੀ ਪਿਛੋਂ ੨੧ ਫਰਵਰੀ ਨੂੰ ਹੋਣ ਵਾਲੇ ਗਦਰ ਬਾਰੇ ਇਤਲਾਹ ਦੇਣ ਵਾਸਤੇ ਕਈ ਛਾਉਣੀਆਂ ਵਿਚ ਆਦਮੀਂ ਭੇਜੇ ਗਏ। ਮੀਆਂ ਮੀਰ ਗਦਰ ਦੀ ਖਬਰ ਸੁਣ ਕੇ ਸਾਰੇ ਮੁਲਕ ਵਿਚ ਫੌਜਾਂ ਨੇ ਬਗਾਵਤ ਕਰਨੀ ਸੀ, ਅਤੇ ਪੇਂਡੂਆਂ ਦੇ ਜਥਿੱਆਂ ਨੂੰ ਲਾਹੌਰ ਸ਼ਾਮਲ ਕਰਨ ਵਾਸਤੇ ਅੱਕਠੇ ਕਰਨ ਦਾ ਪ੍ਰਬੰਧ ਵੀ ਕੀਤਾ ਗਿਆ*"। ਜੇਹਲਮ, ਰਾਵਲਪਿੰਡੀ, ਅਤੇ ਸੂਬਾ ਸਰਹੱਦ ਵਿਚ ਫੌਜਾਂ ਨੂੰ ਇਤਲਾਹ ਦੇਣ ਅਤੇ ਤਿਆਰ ਕਰਨ ਵਾਸਤੇ ਸ਼੍ਰੀ ਨਿਧਾਨ ਸਿੰਘ ਅਤੇ ਡਾਕਟਰ ਮਥਰਾ ਸਿੰਘ ਨੂੰ ੧੫ ਫਰਵਰੀ ਨੂੰ ਭੇਜਿਆ ਗਿਆ†। ਏਸੇ ਬੰਨੇ ਅਤੇ ਏਸੇ ਤਾਰੀਖ ਸ਼੍ਰੀ ਗੁਰਮੁਖ ਸਿੰਘ 'ਲਲਤੋਂ' ਅਤੇ ਸ਼੍ਰੀ ਹਰਨਾਮ ਸਿੰਘ (ਜੇਹਲਮ) ਨੂੰ ਪਿੰਡੀ, ਜੇਹਲਮ ਅਤੇ ਹੋਤੀ ਮਰਦਾਨ ਦੀਆਂ ਪਲਟਨਾਂ ਨੂੰ ਤਿਆਰ ਕਰਨ ਲਈ ਭੇਜਿਆ ਗਿਆ‡। ਮੂਲਾ ਸਿੰਘ ਦੀ ਲਾਹੌਰ ਛਾਉਣੀ ਉਤੇ ਹੱਲਾ ਕਰਨ ਵਾਸਤੇ, ਲਾਹੌਰ ਅਤੇ ਅੰਮ੍ਰਿਤਸਰ ਦੇ ਜ਼ਿਲਿਆਂ ਵਿਚੋਂ ਆਦਮੀਂ ਲਿਆਉਣ ਦੀ ਡੀਊਟੀ ਲਾਈ ਗਈ§। ਅੰਬਾਲੇ ਅਤੇ ਯੂ. ਪੀ. ਵਲ ਪ੍ਰਬੰਧ ਕਰਨਾ ਸ਼੍ਰੀ ਬੋਸ ਨੇ ਆਪਣੇ ਜ਼ਿਮੇ ਲਿਆ ਸੀ, ਅਤੇ ਇਸ ਬੰਨੇ ਦੀਆਂ ਛਾਉਣੀਆਂ ਵਿਚ ਇਤਲਾਹ ਦੇਣ ਲਈ ਸ਼੍ਰੀ ਬੋਸ ਨੇ ਸ਼੍ਰੀ ਪਿੰਗਲੇ ਅਤੇ ਸੁਚਾ ਸਿੰਘ ਨੂੰ ਭੇਜਿਆ‖। 'ਸੰਤ' ਵਸਾਖਾ ਸਿੰਘ ਦੀ ਦਿਲੀ ਜਾਣ ਦੀ ਡੀਊਟੀ ਲਾਈ ਗਈ¶। ਮੀਆਂਮੀਰ ਛਾਉਣੀ ਗਦਰੀ ਪਲੈਨ ਦੀ ਕੁੰਜੀ ਸੀ, ਇਸ ਕਰਕੇ (ਅਤੇ ਗਦਰੀਆਂ ਦੇ ਲਾਹੌਰ ਕੇਂਦ੍ਰ ਦੇ ਨਜ਼ਦੀਕ ਹੋਣ ਕਰਕੇ)

---

*ਬੰਦੀ ਜੀਵਨ, ਭਾਗ ਪਹਿਲਾ, ਪੰਨੇ ੯੯, ੧੦੦।
†ਬੰਦੀ ਜੀਵਨ, ਭਾਗ ਪਹਿਲਾ, ਪੰਨਾ ੮੧।

---

*Second Case, Judgement, p. 33.

---

*Mandlay Case, Evidence, p. 55. ; First Case, The Outline of Proceedings in India, p. 6.

---

*First Case, The Outline of Proceedings in India, p. 6.
†First Case, The Seduction of Troops, p. 5.
‡First Case, Individual Case of Gurmukh Singh.
§Mandlay Case, Evidence, p. 163.
‖First Case, The Seduction of Troops, pp. 6-7,
¶First Case, Individual Case of Wasakha Singh.

ਇਥੋਂ ਦੀਆਂ ਫੌਜਾਂ ਨਾਲ ਕਈ ਇਨਕਲਾਬੀਆਂ, ਖਾਸ ਕਰ ਸ੍ਰੀ ਸਜਣ ਸਿੰਘ, ਰਾਹੀਂ ਲਗਾਤਾਰ ਤਾਲ ਮੇਲ ਕਾਇਮ ਰਖਿਆ ਗਿਆ। ਮੀਆਂ ਮੀਰ ਤੋਂ ਇਲਾਵਾ ਗਦਰ ਦੀ ਪਹਿਲ ਫੀਰੋਜ਼ਪੁਰ ਛਾਉਣੀ ਹੋਣੀ ਸੀ, ਇਸ ਕਰਕੇ ਇਸ ਜ਼ਰੂਰੀ ਸੈਂਟਰ ਦਾ ਪ੍ਰਬੰਧ ਸ੍ਰੀ ਕਰਤਾਰ ਸਿੰਘ 'ਸਰਾਭਾ' ਦੇ ਸਪੁਰਦ ਸੀ। ਮੀਆਂਮੀਰ ਛਾਉਣੀ ਦੀ ਤਰ੍ਹਾਂ ਫੀਰੋਜ਼ਪੁਰ ਛਾਉਣੀ ਵਿਚ ਵੀ ਫੌਜੀਆਂ ਦੇ ਗਦਰ ਵਿਚ ਗੈਰ-ਫੌਜੀ ਇਨਕਲਾਬੀਆਂ ਅਤੇ ਪੇਂਡੂਆਂ ਦੇ ਉਨ੍ਹਾਂ ਨਾਲ ਮਿਲਕੇ ਹਿੱਸਾ ਲੈਣ ਦਾ ਪ੍ਰਬੰਧ ਕੀਤਾ ਗਿਆ। ੧੪ ਫਰਵਰੀ ਨੂੰ ਮਨੀ ਲਾਲ (ਜੋ ਪਿਛੋਂ ਵਾਅਦਾ ਮੁਆਫ ਗਵਾਹ ਬਣ ਗਿਆ) ਅਤੇ ਸ੍ਰੀ ਵਿਨਾਯਕ ਰਾਉ ਕਾਪਲੇ ਬਨਾਰਸ ਤੋਂ ੧੮ ਬੰਬਾਂ ਦਾ ਮਸਾਲਾ ਲੈਕੇ ਲਾਹੌਰ ਆਏ। ਸ੍ਰੀ ਬੋਸ ਨੇ ਮਨੀ ਲਾਲ ਨੂੰ ਗਦਰ ਦੀ ਨੀਯਤ ਤਾਰੀਖ(੨੧ ਫਰਵਰੀ) ਬਾਰੇ ਦੱਸਿਆ, ਅਤੇ ਇਸਤਰ੍ਹਾਂ ਬਨਾਰਸ ਦੇ ਇਨਕਲਾਬੀਆਂ ਨੂੰ ਵੀ ਪਤਾ ਲਗ ਗਿਆ*।

ਫੌਜਾਂ ਨੂੰ ਇਤਲਾਹ ਦੇਣ ਅਤੇ ਤਿਆਰ ਕਰਨ (ਜਿਸ ਬਾਰੇ ਵਾਕਫੀਅਤ ਅਧੂਰੀ ਹੈ) ਤੋਂ ਇਲਾਵਾ, "ਬੰਬ ਬਣਾਏ ਗਏ, ਹਥਿਆਰ ਅਕੱਠੇ ਕੀਤੇ ਗਏ, ਝੰਡੇ† ਬਣਾਏ ਗਏ, ਲੜਾਈ ਦਾ ਐਲਾਨ ਲਿਖਿਆ ਗਿਆ, ਟੈਲੀਗਰਾਫ ਦੀਆਂ ਤਾਰਾਂ ਅਤੇ ਰੇਲਾਂ ਤਬਾਹ ਕਰਨ ਲਈ ਸੰਦ ਅਕੱਠੇ ਕੀਤੇ ਗਏ, ਅਤੇ ੨੧ ਫਰਵਰੀ ਦੇ ਬਲਵੇ ਲਈ ਜਲਦੀ ਨਾਲ ਹਰ ਇਕ ਤਿਆਰੀ ਕੀਤੀ ਗਈ*। ਮੀਆਂਮੀਰ ਦੀ ਛਾਉਣੀ ਵਿਚ ਛੇ ਜਾਂ ਸਤ ਇਨਕਲਾਬੀਆਂ ਦੀ ਇਕ ਟੋਲੀ ਨੂੰ ਬਾਰਕਾਂ ਵਿਚ ਉਸ ਸਮੇਂ ਲਿਜਾਇਆ ਜਾਣਾ ਸੀ, ਜਿਸ ਵੇਲੇ ਫੌਜੀਆਂ ਦੀ ਹਾਜ਼ਰੀ ਲਗਦੀ ਹੈ, ਅਤੇ ਇਨਕਲਾਬੀਆਂ ਦੀ ਇਸ ਟੋਲੀ ਨੇ ਫੌਜੀਆਂ ਦੀਆਂ ਤਲਵਾਰਾਂ ਕਾਬੂ ਕਰ ਲੈਣੀਆਂ ਸਨ। ਇਕ ਹੋਰ ਗਾਈਡ ਨੇ ਇਨਕਲਾਬੀਆਂ ਦੀ ਇਕ ਹੋਰ ਟੋਲੀ ਨੂੰ ਰੀਜ਼ੱਰਵ ਫੌਜੀਆਂ ਦੇ ਕਵਾਟਰ ਗਾਰਦ ਲੈ ਜਾਣਾ ਸੀ, ਜਿਥੇ ਖਿਆਲ ਸੀ ਕਿ ਪਹਿਰਾ ਢਿਲਾ ਹੁੰਦਾ ਹੈ। ਓਥੇ ਮੈਗਜ਼ੀਨ ਤੋੜ ਕੇ ਰਾਈਫਲਾਂ ਤੇ ਦਾਰੂ ਸਿੱਕਾ ਕਾਬੂ ਕਰਨਾ ਸੀ। ਇਸ ਪਿਛੋਂ ਰਸਾਲੇ ਦੇ ਸਵਾਰਾਂ ਨੇ ਨਾਲ ਆ ਮਿਲਣਾ ਸੀ, ਅਤੇ ਫੌਜੀਆਂ ਅਤੇ ਇਨਕਲਾਬੀਆਂ ਨੇ ਮਿਲਕੇ ਯੂਰਪੀਨਾਂ ਤੇ ਛਾਉਣੀ ਵਿਚ ਗੋਰੇ ਤੋਪਖਾਨੇ ਦੇ ਆਦਮੀਆਂ ਨੂੰ ਕਤਲ ਕਰ ਦੇਣਾ ਸੀ†। ਇਸੇ ਤਰ੍ਹਾਂ ਫੀਰੋਜ਼ਪੁਰ ਛਾਉਣੀ ਵਿਚ ਛਬਵੀਂ ਪੰਜਾਬੀ ਪਲਟਨ ਦੇ ਬਦਜ਼ਨ ਸਿਪਾਹੀਆਂ ਨੇ ਉਥੇ ਅਕੱਠੇ ਹੋਏ ਇਨਕਲਾਬੀਆਂ ਨੂੰ ਗਾਈਡ ਕਰਨਾ ਸੀ। ਇਕ ਪਾਰਟੀ ਨੇ ਡੀਪੋ ਮੈਗਜ਼ੀਨ ਉਤੇ ਹੱਲਾ ਕਰਕੇ ਇਸ ਨੂੰ ਖੋਲ ਲੈਣਾ ਸੀ, ਅਤੇ ਹੋਰ ਡੰਪੂਆਂ ਅਤੇ ਪਲਟਨਾਂ ਦੀਆਂ ਲਾਈਨਾਂ ਉਤੇ ਹੋਰ ਪਾਰਟੀਆਂ ਨੇ ਹੱਲਾ ਕਰਨਾ ਸੀ। ਗੋਰੇ ਸਿਪਾਹੀ ਕਤਲ ਕਰ ਦਿਤੇ ਜਾਣੇ ਸਨ, ਅਤੇ ਹਥਿਆਰਾਂ ਦੇ ਜ਼ਖੀਰੇ ਉਤੇ ਹੱਲਾ ਬੋਲਣਾ ਸੀ‡। ਪਰ ਜਿਸ ਗਲ ਨੇ ਇਹ ਸਾਰੀ ਤਿਆਰੀ ਉਤੇ ਪਾਣੀ ਫੇਰ ਦਿਤਾ, ਉਹ ਪੁਲਸ ਦੇ ਇਕ ਸੂਹੇ ਦੀ ਪਕਾਈ ਉਹ ਖਿਚੜੀ ਸੀ ਜੋ ਚੰਦ ਦਿਨਾਂ ਤੋਂ ਵਿਚੇ ਵਿਚ ਰਿੱਝ ਰਹੀ ਸੀ।

ਚੱਬੇ* ਦੇ ਡਾਕੇ ਵਿਚ ਇਨਕਲਾਬੀ ਆਪਣੇ ਨਾਲ ਅੰਮ੍ਰਿਤਸਰ ਦਾ ਇਕ ਕਾਲਾ ਸਿੰਘ ਨਾਮੀਂ ਬੁਢਾ ਤਰਖਾਣ ਸੇਫ ਅਤੇ ਪੇਟੀਆਂ ਖੋਲਣ ਲਈ ਲੈ ਗਏ ਸਨ, ਜੋ ਚੱਬੇ ਦੇ ਪੇਂਡੂਆਂ ਨੇ ਡਾਕੇ ਦੇ ਮੌਕਿਆ ਉਤੇ ਫੜ ਲਿਆ। ਕਾਲਾ ਸਿੰਘ ਨੇ ਪੁਲਸ ਨੂੰ ਸੁਰੈਣ ਸਿੰਘ, ਪਿੰਡ ਗਿਲਵਾਲੀ, ਦੀ ਦੱਸ ਪਾਈ। ਸੁਰੈਣ ਸਿੰਘ 'ਗਿਲਵਾਲੀ' ਲਹੂ ਵਾਲੇ ਕਪੜਿਆਂ ਸਮੇਤ ਫੜਿਆ ਗਿਆ, ਅਤੇ ਉਸ ਨੇ ਪੁਲਸ ਨੂੰ ਦੱਸ ਦਿੱਤਾ ਕਿ ਡਾਕੇ ਵਿਚ ਮੂਲਾ ਸਿੰਘ ਅਤੇ ਸ੍ਰੀ ਪਰਿਮ ਸਿੰਘ ਦਾ ਹੱਥ ਹੈ। ਲਿਆਕਤ ਹਯਾਤ ਖਾਨ, ਡਿਪਟੀ ਸੁਪ੍ਰਿੰਟੈਂਡੈਂਟ ਪੁਲਸ, ਨੂੰ ਇਸ ਤੋਂ ਸ਼ੱਕ ਪੈ ਗਿਆ ਕਿ ਚੱਬੇ ਦਾ ਡਾਕਾ ਅਮਰੀਕਾ ਤੋਂ ਮੁੜੇ ਹਿੰਦੀਆਂ ਦਾ ਕੰਮ ਹੈ। ਲਿਆਕਤ ਹਯਾਤ ਖਾਨ ਨੇ ੭ ਫਰਵਰੀ ਨੂੰ ਬੇਲਾ ਸਿੰਘ ਜ਼ੈਲਦਾਰ ਨੂੰ ਸੱਦਿਆ, ਅਤੇ ਇਕ ਐਸਾ ਆਦਮੀ ਲੱਭਣ ਵਾਸਤੇ ਆਖਿਆ ਜੋ ਪ੍ਰਦੇਸਾਂ ਤੋਂ ਮੁੜੇ ਹਿੰਦੀਆਂ ਨਾਲ ਮੇਲ ਮਿਲਾਪ ਪੈਦਾ ਕਰਕੇ ਭੇਦ ਦੱਸੇ। ੯ ਫਰਵਰੀ ਨੂੰ ਜ਼ੈਲਦਾਰ ਬੇਲਾ ਸਿੰਘ, ਕਿਰਪਾਲ ਸਿੰਘ ਨੂੰ ਲਿਆਕਤ ਹਯਾਤ ਖਾਨ ਪਾਸ ਲੈ ਆਇਆ, ਜਿਸ ਨੇ ਕਿਰਪਾਲ ਸਿੰਘ ਨੂੰ ਸੂਹੀਏ ਦੇ ਤੌਰ ਉਤੇ ਨੌਕਰ ਰੱਖ ਲਿਆ। ਕਿਰਪਾਲ ਸਿੰਘ ਸੂਹੀਏ ਦੇ ਇਕ ਨਜ਼ਦੀਕੀ ਰਿਸ਼ਤੇਦਾਰ ਸ੍ਰੀ ਬਲਵੰਤ ਸਿੰਘ ਪ੍ਰਦੇਸ ਤੋਂ ਆਕੇ ਇਨਕਲਾਬੀ ਪ੍ਰਚਾਰ ਕਰਨ ਖਾਤਰ ਤੇਈਵੇਂ ਰਸਾਲੇ ਵਿਚ ਭਰਤੀ ਹੋ ਗਏ ਸਨ। ੧੦ ਫਰਵਰੀ ਨੂੰ ਕਿਰਪਾਲ ਸਿੰਘ ਨੇ ਪੁਲਸ ਨੂੰ ਇਤਲਾਹ ਦਿੱਤੀ ਕਿ ਮੂਲਾ ਸਿੰਘ ਅੰਮ੍ਰਿਤਸਰ ਪੰਜਾਬ ਸਿੰਘ ਦੇ ਨਾਮ ਹੇਠਾਂ ਰਹਿੰਦਾ ਹੈ। ਕਿਰਪਾਲ ਸਿੰਘ ਆਪਣੇ ਸਨਬੰਧੀ ਸ੍ਰੀ ਬਲਵੰਤ ਸਿੰਘ* ਨੂੰ ਨਾਲ ਲੈਕੇ ਮੂਲਾ ਸਿੰਘ ਨੂੰ ਮਿਲਨ ਵਾਸਤੇ ਅੰਮ੍ਰਿਤਸਰ ਆਇਆ। ਉਥੋਂ ਪਤਾ ਲੱਗਣ ਉਤੇ ਕਿ ਮੂਲਾ ਸਿੰਘ ਲਾਹੌਰ ਗਿਆ ਹੋਇਆ ਹੈ, ਦੋਵੇਂ ਉਸ ਦੇ ਪਿਛੇ ਲਾਹੌਰ ਗਏ। ਪਰ ਇਤਨੇ ਚਿਰ ਨੂੰ ਮੂਲਾ ਸਿੰਘ ਅੰਮ੍ਰਿਤਸਰ ਆ ਚੁਕਾ ਸੀ। ਕਿਰਪਾਲ ਸਿੰਘ ਦੇ ਇਨਕਲਾਬੀਆਂ ਨਾਲ ਰਲਣ ਦੀ ਇੱਛਿਆ ਜ਼ਾਹਰ ਕਰਨ ਉਤੇ ਉਸ ਨੂੰ ਅਮਰ ਸਿੰਘ 'ਰਾਜਪੂਤ' ਨਾਲ ਮੋਰੀ ਦਰਵਾਜ਼ੇ ਦੇ ਘਰ ਵਿਚ ਜਾਣ ਪਛਾਣ ਕਰਾਈ ਗਈ। ਅਮਰ ਸਿੰਘ, ਕਿਰਪਾਲ ਸਿੰਘ ਅਤੇ ਸ੍ਰੀ ਬਲਵੰਤ ਸਿੰਘ ਮੂਲਾ ਸਿੰਘ ਨੂੰ ਮਿਲਣ ਅੰਮ੍ਰਿਤਸਰ ਆਏ, ਪਰ ਮੂਲਾ ਸਿੰਘ ਓਦੋਂ ਤਕ ਗ੍ਰਿਫਤਾਰ ਹੋ ਚੁਕਾ ਸੀ। ਇਸ ਪੁਰ ਤਿੰਨੇ ਪਹਿਲਾਂ ਰਸੂਲ ਪੁਰੀਆਂ ਦੀ ਹਵੇਲੀ ਅਤੇ ਪਿਛੋਂ ਵਿਰਪਾਲੀ ਧਰਮਸਾਲਾ ਵਿਚ ਗਏ, ਜਿਥੇ ਸ੍ਰੀ ਨਿਧਾਨ ਸਿੰਘ 'ਚੁਘਾ', ਸ੍ਰੀ ਕੇਹਰ ਸਿੰਘ (ਮਰਹਾਣਾ) ਅਤੇ ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ' ਅਤੇ ਹੋਰ ਇਨਕਲਾਬੀ ਸਨ। ਸ੍ਰੀ ਨਿਧਾਨ ਸਿੰਘ 'ਚੁਘਾ' ਦੀ ਕਿਰਪਾਲ ਸਿੰਘ ਨਾਲ ਸ਼ੰਘਾਈ ਦੀ ਪੁਰਾਣੀ ਵਾਕਫੀਅਤ ਸੀ। ਸ੍ਰੀ ਨਿਧਾਨ ਸਿੰਘ ਦੀ ਸਫਾਰਸ਼ ਉਤੇ ੧੩ ਫਰਵਰੀ ਨੂੰ ਕਿਰਪਾਲ ਸਿੰਘ ਨੂੰ ਨਾ ਕੇਵਲ ਇਨਕਲਾਬੀਆਂ ਦੇ ਅੰਦਰੂਨੀ ਦਾਇਰੇ ਵਿਚ ਸ਼ਾਮਲ ਕਰ ਲਿਆ ਗਿਆ, ਬਲਕਿ ਗ੍ਰਿਫਤਾਰ ਹੋਏ ਮੂਲਾ ਸਿੰਘ ਦੀ ਥਾਂ ਲੀਡਰ ਨੀਯਤ ਕਰ ਦਿੱਤਾ

---

*Rowlatt Report, p. 133.

†ਇਨਕਲਾਬੀਆਂ ਦਾ ਝੰਡਾ ਤਿਰੰਗਾ ਸੀ, ਪੀਲਾ ਰੰਗ ਸਿਖਾਂ ਦਾ, ਲਾਲ ਹਿੰਦੂਆਂ ਦਾ, ਅਤੇ ਨੀਲਾ ਮੁਸਲਮਾਨਾਂ ਦਾ (Mandlay Case, Evidence, p. 55.)

*First Case, The Outline of Proceedings in India, p. 6.

†Isemonger and Slattery, p. 109.

‡Ibid, pp. 110-111.

*ਇਸ ਕਾਂਡ ਵਿਚ ਇਸ ਤੋਂ ਅਗੇ ਦਿੱਤਾ ਸਮਾਚਾਰ ਮੁਖ ਰੂਪ ਵਿਚ ਪਹਿਲੇ ਅਤੇ ਦੂਸਰੇ ਮੁਕੱਦਮਿਆਂ ਦੇ ਫੈਸਲਿਆਂ ਵਿਚ The Revolutionists in India, ਖਾਸ ਕਰ The Spy and the Collapse, ਦੀਆਂ ਸੁਰਖੀਆਂ ਹੇਠ ਦਿੱਤੇ ਸਮਾਚਾਰ ਵਿਚੋਂ ਲਿਆ ਗਿਆ ਹੈ, ਪਰ ਹੋਰ ਵਸੀਲਿਆਂ ਤੋਂ ਮਿਲੀ ਕੁਝ ਐਸੀ ਗੈਰ-ਜ਼ਰੂਰੀ ਤਫਸੀਲ ਵੀ ਸ਼ਾਮਲ ਕਰ ਲਈ ਗਈ ਹੈ, ਜਿਸ ਦੀ ਪੁਸ਼ਟੀ ਨਾ ਹੋਣ ਕਰਕੇ ਲਹਿਰ ਦੇ ਇਤਹਾਸ ਉਤੇ ਅਸਰ ਨਹੀਂ ਪੈਂਦਾ।

*ਸ੍ਰੀ ਬਲਵੰਤ ਸਿੰਘ ਨੂੰ ਵੀ ਕਿਰਪਾਲ ਸਿੰਘ ਦੇ ਸੂਹੀਆ ਹੋਣ ਬਾਰੇ ਓਦੋਂ ਤਕ ਪਤਾ ਨਹੀਂ ਲੱਗਾ, ਜਦੋਂ ਤਕ ਹੋਰ ਇਨਕਲਾਬੀਆਂ ਨੂੰ ਨਾ ਲੱਗਾ।



Digitized by Panjab Digital Library | www.panjabdigilib.org

ਗਿਆ।

੧੨ ਫਰਵਰੀ ਨੂੰ ਗਦਰ ਦੀ ਤਾਰੀਖ ਨੀਯਤ ਕੀਤੀ ਗਈ ਸੀ, ਜਿਸਦਾ, ਅੰਦਰੂਨੀ ਦਾਇਰੇ ਵਿਚ ਇਕਦੱਮ ਲਏ ਜਾਣ ਕਰਕੇ, ਕਿਰਪਾਲ ਸਿੰਘ ਸੂਹੀਏ ਨੂੰ ਪਤਾ ਲੱਗ ਗਿਆ। ਕਿਰਪਾਲ ਸਿੰਘ ਨੇ ਗਦਰ ਦੀ ਨੀਯਤ ਤਾਰੀਖ ਅਤੇ ਤਿਆਰੀ ਬਾਰੇ ੧੪ ਫਰਵਰੀ ਨੂੰ ਪੁਲਸ ਨੂੰ ਪਤਾ ਦੇ ਦਿੱਤਾ। ੧੫ ਫਰਵਰੀ ਨੂੰ ਕਿਰਪਾਲ ਸਿੰਘ ਲਾਹੌਰ ਗਿਆ, ਜਿਥੇ ਉਸ ਨੇ ਵੇਖਿਆ ਕਿ ਮੋਚੀ ਦਰਵਾਜ਼ੇ ਵਾਲੇ ਘਰ ਵਿਚ ਸ਼੍ਰੀ ਕਰਤਾਰ ਸਿੰਘ 'ਸਰਾਭਾ', ਸ਼੍ਰੀ ਨਿਧਾਨ ਸਿੰਘ, ਡਾਕਟਰ ਮਥਰਾ ਸਿੰਘ, ਸ਼੍ਰੀ ਹਿਰਦੇ ਰਾਮ, ਸ਼੍ਰੀ ਹਰਨਾਮ ਸਿੰਘ 'ਟੁੰਡੀ ਲਾਟ', ਸ਼੍ਰੀ ਪਰਮਾ ਨੰਦ (ਯੂ. ਪੀ.), ਸ਼੍ਰੀ ਸਜਨ ਸਿੰਘ, ਸ਼੍ਰੀ ਪਿੰਗਲੇ ਅਤੇ ਸ਼੍ਰੀ ਰਾਸ ਬਿਹਾਰੀ ਬੋਸ, ਇਨਕਲਾਬੀਆਂ ਦੇ ਤਕਰੀਬਨ ਸਭ ਵਡੇ ਵਡੇ ਮੋਹਰੀ, ਇਕੱਠੇ ਹੋਏ ਹੋਏ ਸਨ। ਕਿਰਪਾਲ ਸਿੰਘ ਨੇ ਮੌਕਿਆ ਪਾ ਕੇ ਅੰਮ੍ਰਿਤਸਰ ਪੁਲੀਸ ਨੂੰ ਤਾਰ ਰਾਹੀਂ ਇਤਲਾਹ ਦੇ ਦਿਤੀ, ਪਰ ਤਾਰ ਪਛੜ ਗਈ। ਜਿਤਨੇ ਚਿਰ ਨੂੰ ਪੁਲੀਸ ਅੰਮ੍ਰਿਤਸਰ ਤੋਂ ਲਾਹੌਰ ਆਈ, ਇਨਕਲਾਬੀਆਂ ਦੀ ਮੀਟਿੰਗ ਬਰਖਾਸਤ ਹੋ ਚੁਕੀ ਸੀ। ਕਿਰਪਾਲ ਸਿੰਘ ਨੇ ਅੰਮ੍ਰਿਤਸਰ ਤੋਂ ਆਈ ਪੁਲਸ ਨੂੰ ਲਾਹੌਰ ਸਟੇਸ਼ਨ ਉਤੇ ਅਗੋਂ ਮਿਲਕੇ ਦੱਸ ਦਿਤਾ ਕਿ ਮੌਕਿਆ ਖੁੰਝ ਚੁਕਾ ਹੈ। ਜੇ ਕਰ ਕਿਰਪਾਲ ਸਿੰਘ ਦੇ ਲਾਹੌਰ ਪੁਲਸ ਨਾਲ ਸਿਧੇ ਸੰਬੰਧ ਹੁੰਦੇ, ਜਾਂ ਤਾਰ ਨਾ ਪਛੜਦੀ, ਤਾਂ ਇਨਕਲਾਬੀਆਂ ਦੇ ਮੁਖੀਆਂ ਨੇ ਉਸੇ ਦਿਨ ਫੜੇ ਜਾਣਾ ਸੀ।

ਸ਼੍ਰੀ ਨਿਧਾਨ ਸਿੰਘ "ਚੁਘਾ" ਨੇ ਸਫਾਰਸ਼ ਕਰਕੇ ਕਿਰਪਾਲ ਸਿੰਘ ਸੂਹੀਏ ਨੂੰ ਇਨਕਲਾਬੀਆਂ ਵਿਚ ਵਾੜਿਆ ਸੀ, ਪਰ ਸਬੱਬ ਨਾਲ ਸ਼ੀ ਨਿਧਾਨ ਸਿੰਘ 'ਚਘਾ' ਨੰ ਹੀ ਪਹਿਲੋਂ ਉਸ ਉਤੇ ਸ਼ੱਕ ਪਿਆ। ਕਿਰਪਾਲ ਸਿੰਘ ਦੀ ਡੀਊਟੀ ਮੀਆਂਮੀਰ ਛਾਉਣੀ ਜਾਣ ਦੀ ਲਗੀ ਹੋਈ ਸੀ, ਪਰ ਸ਼੍ਰੀ ਨਿਧਾਨ ਸਿੰਘ 'ਚੁਘਾ' ਨੇ ਉਸ ਨੂੰ ਲਾਹੌਰ ਰੇਲਵੇ ਸਟੇਸ਼ਨ ਦੇ ਪਲੇਟਫਾਰਮ ਉਤੇ ਫਿਰਦੇ ਵੇਖਿਆ। ਦੂਸਰੇ ਕਿਰਪਾਲ ਸਿੰਘ ਸਵਾਲ ਬਹੁਤ ਪੁਛਦਾ ਸੀ। ਇਸ ਕਰਕੇ ਕਿਰਪਾਲ ਸਿੰਘ ਉਤੇ ਸ਼ੱਕ ਪੈ ਗਿਆ। "ਤਦੋਂ ਕੁਝ ਕੁ ਮੁਖੀਆਂ ਦੀ ਸਲਾਹ ਹੋਈ ਇਸ ਪੁਰ ਹਰ ਸਮੇਂ ਨਿਗ੍ਹਾ ਰਖਣੀ ਚਾਹੀਦੀ ਹੈ। ਇਸ ਦਾ ਫਲ ਇਹ ਹੋਇਆ ਕਿ ਕਿਰਪਾਲ ਸਿੰਘ ਦਾ ਪੁਲਸ ਦੇ ਹਾਕਮਾਂ ਪਾਸ ਆਉਣਾ ਜਾਣਾ ਸਾਬਤ ਹੋ ਗਿਆ। ਇਧਰ ਬਲਵੇ ਦਾ ਝੰਡਾ ਖੜਾ ਕਰਨ ਵਿਚ ਦੋ ਚਾਰ ਦਿਨ ਦਾ ਸਮਾਂ ਰਹਿ ਗਿਆ ਸੀ। ਇਸ ਵਾਸਤੇ ਸੋਚਿਆ ਗਿਆ ਕਿ ਇਸ ਦਸ਼ਾ ਵਿਚ ਜੇ ਇਸ ਨੂੰ ਦੁਨੀਆਂ ਤੋਂ ਹਟਾ ਦਿਤਾ ਜਾਵੇ, ਤਾਂ ਅਜੇਹੀ ਸਖਤ ਗੜ ਬੜ ਮਚ ਸਕਦੀ ਹੈ ਕਿ ਜਿਸ ਤੋਂ ਸ਼ਾਇਦ ਅਸਾਡੇ ਅੰਤਮ ਮਨੋਰਥ ਦੀ ਸਿੱਧੀ ਵਿਚ ਬੇਢੱਬਾ ਵਿਘਨ ਪਵੇ। ਇਸ ਡਰ ਦੇ ਮਾਰਿਆਂ ਕੋਈ ਉਪਾ ਨਹੀਂ ਕੀਤਾ ਗਿਆ। ਅਜੇਹੀ ਦਸ਼ਾ ਵਿਚ ਪੂਰਬੀ ਬੰਗਾਲ ਵਾਲੇ ਉਸ ਨੂੰ ਦੁਨੀਆਂ ਦੇ ਝੰਮੇਲਿਆਂ ਤੋਂ ਛੁਡਾਏ ਬਿਨਾਂ ਕਦੇ ਸਾਹ ਨਾ ਲੈਂਦੇ*"।

ਕਿਰਪਾਲ ਸਿੰਘ ਦੇ ਸੂਹੀਆ ਹੋਣ ਬਾਰੇ ਪੱਕਾ ਪਤਾ ਲੱਗ ਜਾਣ ਉਤੇ ਇਨਕਲਾਬੀਆਂ ਨੇ ੧੬ ਫਰਵਰੀ ਨੂੰ ਫੈਸਲਾ ਕਰਕੇ† ਬਲਵੇ ਦੀ ਤਾਰੀਖ ਨੂੰ ੨੧ ਫਰਵਰੀ ਦੀ ਬਜਾਏ ੧੯ ਫਰਵਰੀ, ਅਰਥਾਤ ਦੋ ਦਿਨ ਪਹਿਲੋਂ, ਕਰ ਦਿੱਤਾ; ਅਤੇ ਅੱਡ ਅੱਡ ਛਾਉਣੀਆਂ ਅਤੇ ਹੋਰ ਥਾਈਂ ਇਸ ਬਦਲੀ ਹੋਈ ਤਾਰੀਖ ਦਾ ਪਤਾ ਦੇਣ ਵਾਸਤੇ ਆਦਮੀ ਭੇਜੇ ਗਏ। ਪਰੰਤੂ ਵਾਕਿਆਤ ਤੇਜ਼ੀ ਨਾਲ ਗਦਰੀਆਂ ਦੇ ਬਰਖਲਾਫ ਜਾਣੇ ਸ਼ੁਰੂ ਹੋ ਚੁਕੇ ਸਨ। ਕਿਰਪਾਲ ਸਿੰਘ ੧੬ ਫਰਵਰੀ ਨੂੰ ਹੀ ਲਿਆਕਤ ਹਯਾਤ ਖਾਨ ਨੂੰ ਦੱਸ ਆਇਆ ਸੀ ਕਿ ਇਨਕਲਾਬੀਆਂ ਦੀ ਗਾਲਬਨ ੧੮ ਫਰਵਰੀ ਨੂੰ ਲਾਹੌਰ ਦੇ ਮੋਚੀ ਦਰਵਾਜ਼ੇ ਵਾਲੇ ਮਕਾਨ ਵਿਚ ਮੀਟਿੰਗ ਹੋਵੇਗੀ, ਅਤੇ ਪੁਲਸ ਨੇ ਉਸ ਮਕਾਨ ਉਤੇ ਛਾਪਾ ਮਾਰਨ ਦਾ ਪ੍ਰਬੰਧ ਕੀਤਾ ਹੋਇਆ ਸੀ। ਉਸ ਬਾਰੇ ਸ਼ੱਕ ਪੈਣ ਤੋਂ ਪਹਿਲੋਂ ਇਨਕਲਾਬੀਆਂ ਨੇ ਕਿਰਪਾਲ ਸਿੰਘ ਦੀ ਇਹ ਡੀਊਟੀ ਲਾਈ ਹੋਈ ਸੀ ਕਿ ਉਹ ਦਦੇਹਰ ਪਿੰਡ ਦੇ ਗਦਰੀਆਂ ਨੂੰ ਲਾਹੌਰ ਆਉਣ ਦਾ ਸੁਨੇਹਾ ਦੇ ਆਵੇ। ਕਿਰਪਾਲ ਸਿੰਘ ਨੇ ਪੁਲਸ ਨਾਲ ਇਹ ਮਿਥਿਆ ਹੋਇਆ ਸੀ ਕਿ ਉਹ ਦਦੇਹਰ ਤੋਂ ਹੋ ਕੇ ੧੮ ਫਰਵਰੀ ਨੂੰ ਲਾਹੌਰ ਪੁਜੇਗਾ। ਪਰ ਉਸ ਨੂੰ ਲਾਹੌਰ ਅਪੜਨ ਵਿਚ ਦੇਰ ਹੋ ਗਈ, ਅਤੇ ਉਹ ੧੮ ਫਰਵਰੀ ਦੀ ਬਜਾਏ ੧੯ ਸਵੇਰ ਨੂੰ ਲਾਹੌਰ ਆਇਆ। ੧੯ ਫਰਵਰੀ ਸਵੇਰੇ ਪੁਲਸ ਨੂੰ ਮਿਲ ਕੇ ਕਿਰਪਾਲ ਸਿੰਘ ਮੋਚੀ ਦਰਵਾਜ਼ੇ ਵਾਲੇ ਮਕਾਨ ਵਿਚ ਗਿਆ, ਅਤੇ ਪੁਲਸ ਮਕਾਨ ਤੋਂ ਹਟਵੀਂ ਲੁਕ ਕੇ ਬੈਠ ਗਈ। ਪੁਲਸ ਨੇ ਕਿਰਪਾਲ ਸਿੰਘ ਨਾਲ ਇਹ ਮਿਥਿਆ ਹੋਇਆ ਸੀ ਕਿ ਜਿਸ ਵੇਲੇ ਇਨਕਲਾਬੀਆਂ ਦੇ ਮੁਖੀ ਮਕਾਨ ਵਿਚ ਜਮਾਂ ਹੋ ਜਾਣ, ਕਿਰਪਾਲ ਸਿੰਘ ਇਸ਼ਾਰਾ ਦੇਵੇ ਅਤੇ ਪੁਲਸ ਗਦਰੀਆਂ ਨੂੰ ਆ ਕੇ ਫੜ ਲਵੇ।

ਜਦ ਕਿਰਪਾਲ ਸਿੰਘ ਮੋਚੀ ਦਰਵਾਜ਼ੇ ਵਾਲੇ ਮਕਾਨ ਵਿਚ ਗਿਆ, ਤਾਂ ਇਨਕਲਾਬੀਆਂ ਨੇ ਉਸ ਦੀ ਕਰੜੀ ਨਿਗਰਾਨੀ ਸ਼ੁਰੂ ਕਰ ਦਿੱਤੀ। ਇਨਕਲਾਬੀਆਂ ਦਾ ਇਹ ਵੀਚਾਰ ਸੀ ਕਿ ਕਿਉਂਕਿ ਕਿਰਪਾਲ ਸਿੰਘ ਨੂੰ ਗਦਰ ਕਰਨ ਦੀ ਬਦਲਕੇ ਨੀਯਤ ਕੀਤੀ ਤਾਰੀਖ (੧੯ ਫਰਵਰੀ) ਦਾ ਪਤਾ ਨਹੀਂ, ਇਸ ਕਰਕੇ ਪੁਲਸ ਅਤੇ ਸਰਕਾਰ ਨੂੰ ਵੀ ਇਸ ਦਾ ਪਤਾ ਨਹੀਂ ਲਗ ਸਕੇਗਾ। ਪਰ ਕਿਰਪਾਲ ਸਿੰਘ. ਅਤੇ ਉਸ ਰਾਹੀਂ ਪਲਸ ਅਤੇ ਸਰਕਾਰ, ਨੂੰ ਇਸ ਦਾ ਵੀ ਸਬੱਬੀਂ ਪਤਾ ਲਗ ਗਿਆ। ਜਿਸ ਵੇਲੇ ਮੋਚੀ ਦਰਵਾਜ਼ੇ ਵਿਚ ਇਨਕਲਾਬੀ ਜਮਾਂ ਹੋਏ ਹੋਏ ਸਨ, ਇਕ ਇਨਕਲਾਬੀ (ਜਿਸ ਨੂੰ ਇਹ ਪਤਾ ਨਹੀਂ ਸੀ ਕਿ ਕਿਰਪਾਲ ਸਿੰਘ ਪੁਲਸ ਦਾ ਸੂਹੀਆ ਹੈ) ਨੇ ਕਿਰਪਾਲ ਸਿੰਘ ਦੇ ਸਾਹਮਣੇ ਆ ਰੀਪੋਟ ਕੀਤੀ ਕਿ ਉਹ ੧੯ ਫਰਵਰੀ ਦੀ ਤਾਰੀਖ ਬਾਰੇ ਮੀਆਂਮੀਰ ਛਾਉਣੀ ਵਿਚ ਇਤਲਾਹ ਦੇ ਆਇਆ ਹੈ। ਇਸ ਤਰ੍ਹਾਂ ੧੯ ਤਾਰੀਖ ਬਾਰੇ ਕਿਰਪਾਲ ਸਿੰਘ ਨੂੰ ਪਤਾ ਲਗ ਗਿਆ।

ਦੁਪੈਹਰ ਦੇ ਵੇਲੇ ਜਦ ਖਾਣਾ ਖਾਣ ਲਈ ਸਭ ਇਨਕਲਾਬੀ ਏਧਰ ਉਧਰ ਚਲੇ ਗਏ, ਕਿਰਪਾਲ ਸਿੰਘ ਨੇ ਮਕਾਨ ਵਿਚੋਂ ਖਿਸਕਣਾ ਚਾਹਿਆ। ਜਿਨ੍ਹਾਂ ਆਦਮੀਆਂ ਦੀ ਕਿਰਪਾਲ ਸਿੰਘ ਉਤੇ ਨਿਗਰਾਨੀ ਕਰਨ ਦੀ ਡੀਊਟੀ ਲਾਈ ਗਈ ਸੀ, ਉਹ ਹਰ ਵਕਤ ਕਿਰਪਾਲ ਸਿੰਘ ਦੇ ਨਾਲ ਨਾਲ ਫਿਰਦੇ ਸਨ। ਪਰ ਮਕਾਨ ਤੋਂ ਬਾਹਰ ਨਿਕਲਦਿਆਂ ਹੀ ਕਿਰਪਾਲ ਸਿੰਘ ਨੂੰ ਖੁਫੀਆ ਪੁਲਸ ਦਾ ਆਦਮੀ ਮਿਲ ਗਿਆ, ਅਤੇ ਕਿਰਪਾਲ ਸਿੰਘ ਨੇ ਉਸ ਨੂੰ ਗਦਰ ਕਰਨ ਦੀ ਬਦਲੀ ਹੋਈ ੧੯ ਤਾਰੀਖ ਬਾਰੇ ਪਤਾ ਦੇ ਦਿੱਤਾ*। ਮਕਾਨ ਵਿਚ ਵਾਪਸ ਆਕੇ ਗਦਰੀ ਕਿਰਪਾਲ ਸਿੰਘ ਨੂੰ ਬਿੱਲੇ ਲਾਉਣ ਦੀ ਸੋਚ ਰਹੇ ਸਨ ਕਿ ਕਿਰਪਾਲ ਸਿੰਘ ਪਸ਼ਾਬ ਕਰਨ ਦੇ ਬਹਾਨੇ ਮਕਾਨ ਦੀ ਛੱਤ ਉਤੇ ਚੜ੍ਹ ਗਿਆ। ਉਸ ਵੇਲੇ ਮਕਾਨ ਵਿਚ ਗਦਰੀਆਂ ਦੇ ਚੀਦਾ ਮੁਖੀ ਨਹੀਂ ਸਨ; ਪਰ ਕਿਉਂਕਿ ਕਿਰਪਾਲ ਸਿੰਘ ਨੂੰ ਜਾਨ ਦੀ ਬਣੀ ਹੋਈ ਸੀ, ਇਸ ਵਾਸਤੇ ਉਸ ਨੇ ਪੁਲਸ ਨੂੰ ਜਲਦੀ ਨਾਲ ਇਸ਼ਾਰਾ ਕਰ ਦਿੱਤਾ, ਅਤੇ ਪੁਲਸ ਨੇ ਮਕਾਨ ਉਤੇ ਛਾਪਾ ਮਾਰਕੇ ਉਨ੍ਹਾਂ ਇਨਕਲਾਬੀਆਂ ਨੂੰ ਫੜ ਲਿਆ ਜੋ ਓਥੇ ਉਸ ਵੇਲੇ ਸਨ। ਇਸ ਤਰ੍ਹਾਂ ਗਦਰੀਆਂ ਦਾ ਸੈਂਟਰ ਟੁੱਟ ਗਿਆ, ਅਤੇ ਸਰਕਾਰ

*ਬੰਦੀ ਜੀਵਨ, ਭਾਗ ਪਹਿਲਾ, ਪੰਨੇ ੧੧੭–੧੧੮.
†Second Case, Judgement, p. 96.

*ਬੰਦੀ ਜੀਵਨ, ਭਾਗ ਪਹਿਲਾ, ਪੰਨੇ ੧੧੮–੧੧੯.

ਨੂੰ ੧੯ ਫਰਵਰੀ ਬਾਰੇ ਵੀ ਪਤਾ ਲੱਗ ਜਾਣ ਕਰਕੇ, ਸਰਕਾਰ ਨੇ ਪੇਸ਼ਬੰਦੀਆਂ ਕਰ ਲਈਆਂ, ਅਤੇ ਗਦਰੀਆਂ ਦੀ ਹਿੰਦ ਵਿਚਲੀ ਇਨਕਲਾਬੀ ਪਲੈਨ ਮੁਕੰਮਲ ਤੌਰ ਉਤੇ ਫੇਲ ਹੋ ਗਈ।

ਮੋਚੀ ਦਰਵਾਜ਼ੇ ਦੇ ਘਰ ਉਤੇ ਸ਼ਾਮ ਦੇ ਸਾਢੇ ਚਾਰ ਵਜੇ ਪੁਲਸ ਨੇ ਛਾਪਾ ਮਾਰਿਆ ਸੀ । ਓਥੋਂ ਜੋ ਵਾਕਫੀਅਤ ਮਿਲੀ, ਉਸ ਦੀ ਜਾਂਚ ਪੜਤਾਲ ਕਰਨ ਵਿਚ ਘੰਟਾ ਦੋ ਘੰਟੇ ਲਗ ਗਏ, ਅਤੇ ਸ਼ਾਮ ਦੇ ਸਾਢੇ ਛੇ ਵਜੇ ਸਰਕਾਰ ਨੇ ਉਨ੍ਹਾਂ ਛਾਉਣੀਆਂ ਨੂੰ ਤਾਰਾਂ ਰਾਹੀਂ ਇਤਲਾਹ ਦੇ ਦਿੱਤੀ, ਜਿਥੇ ਬਲਵਾ ਹੋਣ ਦੀ ਆਸ ਸੀ। ਇਸ ਵਾਰ ਵੀ ਐਨ ਮੌਕਿਆ ਸਿਰ ਸਰਕਾਰ ਨੂੰ ਪਤਾ ਲੱਗਾ, ਕਿਉਂਕਿ ਵਖੋ ਵਖ ਸੈਂਟਰਾਂ ਉਤੇ ਇਨਕਲਾਬੀਆਂ ਦੇ ਜੱਥੇ ਅਕੱਠੇ ਹੋਣੇ ਸ਼ੁਰੂ ਹੋ ਗਏ ਸਨ†। ਪਰ ਕਿਉਂਕਿ ਫੌਜਾਂ ਦੇ ਅਫਸਰਾਂ ਨੂੰ ਤਾਰਾਂ ਰਾਹੀਂ ਖਬਰਾਂ ਮਿਲ ਚੁਕੀਆਂ ਸਨ, ਇਸ ਵਾਸਤੇ ਉਨ੍ਹਾਂ ਨੇ ਪੇਸ਼ਬੰਦੀਆਂ ਕਰ ਲਈਆਂ ਸਨ । ਮੀਆਂਮੀਰ ਸ਼ਾਮ ਦੇ ਸਤ ਵਜੇ ਹੀ ਪਲਟਨਾਂ ਨੂੰ ਫਾਲ-ਇਨ ਕਰਵਾ ਲਿਆ ਗਿਆ ਸੀ। ਮੂਲਾ ਸਿੰਘ (ਜਿਸ ਦੀ ਮੀਆਂਮੀਰ ਇਨਕਲਾਬੀਆਂ ਦੇ ਜੱਥੇ ਲਿਆਉਣ ਦੀ ਡੇਊਟੀ ਸੀ) ਦੀ ਗ੍ਰਿਫਤਾਰੀ, ਅਤੇ ਗਦਰ ਦੀ ਤਾਰੀਖ ਨੂੰ ਅਗੋਂ ਕਰ ਦੇਣ, ਦੇ ਬਾਵਜੂਦ ਮੀਆਂਮੀਰ ਛਾਉਣੀ ਲਾਗੇ ਅੰਮ੍ਰਿਤਸਰ ਅਤੇ ਲਾਹੌਰ ਤੋਂ ਇਨਕਲਾਬੀਆਂ ਦੇ ਦੋ ਜੱਥੇ ਪੁਜ ਚੁਕੇ ਸਨ, ਪਰ ਜਦ ਉਨ੍ਹਾਂ ਨੂੰ ਪਤਾ ਲਗਾ ਕਿ ਅਫਸਰਾਂ ਨੂੰ ਤਜਵੀਜ਼ ਕੀਤੇ ਹੋਏ ਬਲਵੇ ਬਾਰੇ ਪਤਾ ਲਗ ਚੁਕਾ ਹੈ ਤਾਂ ਉਹ ਖਿੰਡ ਪੁੰਡ ਗਏ‡। ਇਸੇ ਤਰ੍ਹਾਂ ਫੀਰੋਜ਼ਪੁਰ ਛਾਉਣੀ ਵਿਚ ਚਾਨਮਾਰੀ ਦੇ ਕਰੀਬ ਇਨਕਲਾਬੀਆਂ ਦੀ ਕਾਫੀ ਗਿਣਤੀ ਜਮਾਂ ਹੋ ਗਈ ਸੀ। ਇਨ੍ਹਾਂ ਵਿਚੋਂ ਇਕ ਸੱਠ ਦੇ ਕਰੀਬ ਆਦਮੀਆਂ ਦਾ ਜੱਥਾ 'ਸੰਤ' ਰਣਧੀਰ ਸਿੰਘ ਦੀ ਅਗਵਾਈ ਹੇਠ ਆਇਆ। ਫੀਰੋਜ਼ਪੁਰ ਛਾਉਣੀ ਦੇ ਸਟੇਸ਼ਨ ਉਤੇ ਅਤੇ ਛਾਉਣੀ ਵਿਚ ਗੋਰਾ ਫੌਜਾਂ ਗਸ਼ਤ ਕਰ ਰਹੀਆਂ ਸਨ; ਪਰ 'ਸੰਤ' ਰਣਧੀਰ ਸਿੰਘ ਦਾ ਜੱਥਾ ਹਾਰਮੋਨੀਅਮ ਵਾਜੇ ਨਾਲ ਸ਼ਬਦ ਕੀਰਤਨ ਕਰਦਾ ਹੋਇਆ ਲੰਘ ਗਿਆ, ਅਤੇ ਗੋਰਾ ਫੌਜੀਆਂ ਨੇ ਉਨ੍ਹਾਂ ਨੂੰ ਸਾਧਾਰਨ ਗਾਉਣ ਵਾਲੀ ਪਾਰਟੀ ਸਮਝ ਕੇ ਜਾਣ ਦਿੱਤਾ । ਜਿਨ੍ਹਾਂ ਸਿਪਾਹੀਆਂ ਨੇ ਮੈਗਜ਼ੀਨ ਦੀਆਂ ਚਾਬੀਆਂ ਲਿਆ ਕੇ ਦੇਣੀਆਂ ਸਨ ਅਤੇ ਇਨਕਲਾਬੀਆਂ ਨੂੰ ਰਾਹ ਵਿਖਾਉਣਾ ਸੀ, ਉਨ੍ਹਾਂ ਨੂੰ ਉਸੇ ਦਿਨ ਸਵੇਰੇ ਫੌਜ ਵਿਚੋਂ ਕਢ ਦਿੱਤਾ ਗਿਆ ਸੀ, ਅਤੇ ਗੱਡੀ ਚੜ੍ਹਾ ਦਿੱਤਾ ਗਿਆ ਸੀ। ਪਰ ਸ੍ਰੀ ਕਰਤਾਰ ਸਿੰਘ ਦੇ ਕਹਿਣ ਉਤੇ ਉਹ ਸਿਪਾਹੀ ਇਨਕਲਾਬੀਆਂ ਨੂੰ ਸ਼ਾਮੀਂ ਆ ਮਿਲੇ ਸਨ । ਇਨਕਲਾਬੀਆਂ ਨੇ ਉਨ੍ਹਾਂ ਸਿਪਾਹੀਆਂ ਨੂੰ ਛਾਉਣੀ ਵਿਚ ਫੌਜਾਂ ਨੂੰ ਤਿਆਰ ਕਰਨ ਅਤੇ ਪਤਾ ਲਿਆਉਣ ਲਈ ਭੇਜਿਆ, ਪਰ ਉਹ ਸਿਪਾਹੀ ਫੜ ਲਏ ਗਏ। ਉਡੀਕ ਉਡੀਕ ਕੇ ਸ੍ਰੀ ਕਰਤਾਰ ਸਿੰਘ ਅਤੇ ਦੋ ਹੋਰ ਇਨਕਲਾਬੀ ਫੌਜੀਆਂ ਦੀਆਂ ਲਾਈਨਾਂ ਵਿਚ ਗਏ। ਮੈਗਜ਼ੀਨ ਉਤੇ ਗੋਰੇ ਫੌਜੀਆਂ ਦੇ ਪਹਿਰੇ ਸਨ ਅਤੇ ਮੀਆਂਮੀਰ ਵਾਂਗੂ ਏਥੇ ਵੀ ਫੌਜੀ ਅਫਸਰਾਂ ਨੂੰ ਤਾਰ ਰਾਹੀਂ ਇਤਲਾਹ ਮਿਲੀ ਹੋਣ ਕਰਕੇ ਪੇਸ਼ ਬੰਦੀਆਂ ਕੀਤੀਆਂ ਹੋਈਆਂ ਸਨ। ਪਰ "ਬਾਰਕਾਂ ਵਿਚ ਇਤਨੀ ਕਰੜੀ ਨਿਗਰਾਨੀ ਰਹਿਣ ਪੁਰ ਭੀ ਕਰਤਾਰ ਸਿੰਘ ਆਕੇ ਦੇਸੀ ਪਲਟਨ ਦੇ ਹੌਲਦਾਰ ਨੂੰ ਮਿਲਿਆ । ਹੌਲਦਾਰ ਨੇ ਕਿਹਾ ਕਿ ਹੁਣ ਕੁਝ ਦਿਨ ਉਡੀਕ ਕਰਨ ਬਿਨਾਂ ਅਸੀਂ ਕੁਝ ਨਹੀਂ ਕਰ ਸਕਦੇ, ਕਿਉਂਕਿ ਅਜੇਹੀ ਹਾਲਤ ਵਿਚ ਜੇ ਕੁਝ ਕੀਤਾ ਜਾਵੇਗਾ ਤਾਂ ਸਤਿਆਨਾਸ ਹੋ ਜਾਵੇਗਾ। ਇਸ ਪੁਰ ਕਰਤਾਰ ਸਿੰਘ ਨੇ ਸਮਝ ਲਿਆ ਕਿ ਹੁਣ ਇਸ ਵਾਰ ਕੁਝ ਹੋਣ ਦੀ ਆਸ ਨਹੀਂ। ਉਨ੍ਹਾਂ ਨੇ ਤਾੜ ਲਿਆ ਕਿ ਦੋ ਚਾਰ ਦਿਨਾਂ ਵਿਚ ਹੀ ਕਿਹੋ ਜਹੀ ਹਾਲਤ ਹੋਣ ਵਾਲੀ ਹੈ। ਉਨ੍ਹਾਂ ਨੇ ਕਈ ਵਾਰ ਸਪਾਹੀਆਂ ਨੂੰ ਇਹ ਸਮਝੌਣ ਦੀ ਵਿਅੱਰਥ ਕੋਸ਼ਸ਼ ਕੀਤੀ ਕਿ ਜੇ ਹੁਣ ਕੁਝ ਨਾ ਕੀਤਾ ਗਿਆ, ਤਾਂ ਫਿਰ ਹੋਣ ਦੀ ਆਸ ਨਹੀਂ, ਕਿਉਂਕਿ ਇਹੋ ਪਹਿਲਾ ਅਰ ਅੰਤਲਾ ਮੌਕਾ ਹੈ। ਸਪਾਹੀਆਂ ਨੇ ਗੋਰੇ ਪਹਿਰੇਦਾਰ ਵਲ ਉਂਗਲੀ ਨਾਲ ਇਸ਼ਾਰਾ ਕਰਕੇ ਕਿਹਾ ਕਿ ਇਸ ਵੇਲੇ ਕੁਝ ਕਰਨ ਦੀ ਕੋਸ਼ਸ਼ ਬਿਲਕੁਲ ਵਿਅਰਥ ਹੋਵੇਗੀ। ਅਖੀਂ ਵੇਖਦਿਆਂ ਭਲਾ ਮਖੀ ਕਿਸਤਰ੍ਹਾਂ ਨਿਗਲੀ ਜਾਂਦੀ ਹੈ— ਜਾਣ ਬੁਝ ਕੇ ਕਿਸਤਰ੍ਹਾਂ ਅਗ ਵਿਚ ਕੁਦਿਆ ਜਾਵੇ ? ਉਸ ਦਿਨ ਭਾਰਤ ਵਾਸੀਆਂ ਦੇ ਹੱਥ ਵਿਚ ਜੇ ਅੰਦਾਜ਼ੇ ਮਾਤਰ ਹਥਿਆਰ ਆਦਿ ਹੁੰਦੇ ਤਾਂ ਅਜਿਹਾ ਵਿਸ਼ਵਾਸ਼ ਘਾਤ ਹੋ ਜਾਣ ਪੁਰ ਭੀ ਭਾਰਤ ਵਿਚ ਬਲਵਾ ਕਿਸੇ ਦੇ ਰੋਕਿਆਂ ਨਹੀਂ ਰੁਕ ਸਕਦਾ ਸੀ। ਅਥਵਾ ਜੇ ਕਦੇ ਪਹਿਲਾਂ ਹੀ ਪੜ੍ਹੇ ਲਿਖੇ ਅਤੇ ਸੁਚੇ ਹਿਰਦਿਆਂ ਵਾਲੇ ਮਨੁਖ ਬਲਵੇ ਦੀ ਆਸ਼ਾ ਲੈ ਕੇ ਫੌਜਾਂ ਵਿਚ ਭਰਤੀ ਹੁੰਦੇ, ਤਦ ਭੀ ਉਸ ਸਮੇਂ ਦੇ ਬਲਵੇ ਦੀ ਤਿਆਰੀ ਵਿਅਰਥ ਨਾ ਜਾਂਦੀ। ਉਸ ਦਿਨ ਲਾਚਾਰ ਹੋਕੇ ਕਰਤਾਰ ਸਿੰਘ ਨੂੰ ਖਾਲੀ ਹਥ ਵਾਪਸ ਮੁੜ ਜਾਣਾ ਪਿਆ। ਪਿੰਡਾਂ ਦੇ ਲੋਕ ਆਪਣੀਂ ਆਪਣੀਂ ਘਰੀ ਚਲੇ ਗਏ*"।

ਭਾਈ ਪਰਮਾਨੰਦ ਨੇ ਲਿਖਿਆ ਹੈ ਕਿ ਫੌਜੀਆਂ ਨੂੰ ਬਗਾਵਤ ਲਈ ਪ੍ਰੇਰਨ ਦੇ ਯਤਨ, ਅਤੇ ਸੌ ਡੂਢ ਸੌ ਇਨਕਲਾਬੀ ਮੀਆਂਮੀਰ ਅਕੱਠੇ ਕਰਕੇ ਓਥੇ ਗਦਰ ਕਰਨ ਦੇ ਯਤਨ, ਬੱਚਿਆਂ ਦੇ ਖੇਲ ਸਨ; ਅਤੇ ਇਹ ਫੇਲ ਹੋ ਗਏ, ਕਿਉਂਕਿ ਦੂਸਰੇ ਬੰਨਿਓਂ (ਫੌਜੀਆਂ ਵਿਚੋਂ) ਇਨਕਲਾਬੀਆਂ ਨਾਲ ਕੋਈ ਵੀ ਆ ਕੇ ਨਾ ਮਿਲਿਆ*। ਇਸੇ ਤਰ੍ਹਾਂ ਦੇ ਭਾਵ ਇਕ ਕਲਕੱਤੇ ਦੇ ਮਸ਼ਹੂਰ ਹਿੰਦੀ ਮਾਹਵਾਰੀ ਰਸਾਲੇ ਨੇ ਪ੍ਰਗਟ ਕੀਤੇ, ਜਿਸ ਦਾ ਜਵਾਬ ਦੇਂਦਿਆਂ ਹੋਇਆਂ ਸਰ ਵਿਲੀਅਮ ਵਿੰਸਟ ਨੇ ਹਿੰਦ ਦੀ ਕਾਨੂੰਨ ਘੜਨੀ ਕਉਂਸਲ ਵਿਚ ਆਖਿਆ, "ਮੈਂ ਸ਼ਾਇਦ ਕਲਕੱਤੇ ਦੇ ਇਕ ਅਖਬਾਰ ਵਿਚ ਇਕ ਮਜ਼ਮੂਨ ਪੜ੍ਹਿਆ ਹੈ, ਜਿਸ ਵਿਚ ਜਰਮਨ-ਹਿੰਦੀ ਸਾਜ਼ਸ਼ ਨੂੰ ਇਕ ਮਖੌਲ ਕਿਹਾ ਗਿਆ ਹੈ। ਮੈਂ ਚਾਹੁੰਦਾ ਹਾਂ ਕਿ ਇਹ ਇਸੇ ਤਰ੍ਹਾਂ ਹੁੰਦਾ.........ਇਹ ਮਖੌਲ ਨਹੀਂ ਹੈ......ਮੇਰੇ ਖਿਆਲ ਵਿਚ ੧੯੧੫ ਦੀਆਂ ਸਿੰਘਾਪੁਰ ਦੀਆਂ ਭਿਆਨਕ ਘਟਨਾਵਾਂ, ਅਤੇ ਹਿੰਦ ਤੇ ਬਰਮਾਂ ਦੇ ਸੰਗੀਨ ਸਾਜ਼ਸ਼ ਕੇਸ, ਸਰਕਾਰ ਵਿਰੁਧ ਇਨ੍ਹਾਂ ਜਰਾਇਮ ਸਾਜ਼ਸ਼ਾਂ ਦੀ ਸੰਗੀਨਤਾ ਬਾਰੇ ਹਰ ਇਕ ਸਚਾਈ ਜਾਨਣ ਵਾਲੇ ਲਈ ਕਾਫੀ ਸ਼ਹਾਦਤ ਪੇਸ਼ ਕਰਦੇ ਹਨ†"। ਹਿੰਦੀ ਫੌਜੀ ਕਿਸ ਹੱਦ ਤਕ ਪ੍ਰੇਰੇ ਜਾ ਸਕੇ ਜਾਂ ਪ੍ਰੇਰੇ ਜਾ ਸਕਦੇ ਸਨ, ਇਸ ਬਾਰੇ ਪਿਛਲੇ ਕਾਂਡ ਵਿਚ ਵੀਚਾਰ ਕੀਤੀ ਜਾ ਚੁਕੀ ਹੈ। ਮੀਆਂਮੀਰ ਦੇ ਫੌਜੀਆਂ ਦੀ ਬਲਵੇ ਵਾਲੇ ਦਿਨ ਦੀ ਮਾਨਸਕ ਹਾਲਤ ਬਾਰੇ ਵੀ ਦੂਸਰੇ ਸਾਜ਼ਸ਼ ਕੇਸ ਵਿਚ ਉਗਾਹੀ ਮਿਲਦੀ ਹੈ ਕਿ ੧੯ ਫਰਵਰੀ ਦੀ ਸ਼ਾਮ ਨੂੰ ਜਦ ਰਜਮੈਂਟ ਨੂੰ ਫਾਲ-ਇਨ ਕਰਨ ਦਾ ਹੁਕਮ ਦਿੱਤਾ ਗਿਆ ਅਤੇ ਇਨਕਲਾਬੀਆਂ ਉਤੇ ਗੋਲੀ ਚਲਾਉਣ ਲਈ ਦਾਰੂ-ਸਿੱਕਾ ਵੰਡਿਆ ਗਿਆ, ਤਾਂ ਉਨ੍ਹਾਂ (ਹਿੰਦੀ ਫੌਜੀਆਂ) ਪੱਕਾ ਇਰਾਦਾ ਕੀਤਾ ਕਿ ਜਦ ਇਨਕਲਾਬੀਆਂ ਦੀਆਂ ਟੋਲੀਆਂ ਆਉਣ, ਤਾਂ ਇਨਕਲਾਬੀਆਂ ਦੀ ਬਜਾਏ ਆਪਣੇ ਅਫਸਰਾਂ ਨੂੰ ਗੋਲੀਆਂ ਚਲਾ ਕੇ ਮਾਰ

†Proceedings of the Imperial Legislative Council, Vol. LVii, p. 336.

‡Second Case, Judgement, pp. 56-58.

*ਬੰਦੀ ਜੀਵਨ, ਭਾਗ ਪਹਿਲਾ, ਪੰਨੇ ੧੨੦-੧੨੧।

*Bh. Parmanand, p. 83.

†Proceedings of the Imperial Council, Vol. LVi, p. 1115.



Digitized by Panjab Digital Library | www.panjabdigilib.org

ਦਿੱਤਾ ਜਾਏ* ।

ਇਸ ਵਾਸਤੇ ਗਦਰੀ ਇਨਕਲਾਬੀਆਂ ਦੇ ਬਲਵਾ ਕਰਾਉਣ ਦੇ ਯਤਨ ਬੱਚਿਆਂ ਦੇ ਖੇਲ ਨਹੀਂ ਸਨ । ਕੇਵਲ ਕਿਰਪਾਲ ਸਿੰਘ ਸੂਹੀਏ ਦੇ ਐਨ ਵੇਲੇ ਸਿਰ ਭੇਦ ਪ੍ਰਗੱਟ ਕਰਨ ਦੇ ਕਾਰਨ ਪੁਲਸ ਇਨਕਲਾਬੀਆਂ ਦੇ ਸੈਂਟਰ ਉਤੇ ਛਾਪਾ ਮਾਰਨ ਵਿਚ ਸਫਲ ਹੋ ਗਈ । "ਸੈਂਟਰ ਦੇ ਟੁਟ ਜਾਣ ਕਰਕੇ, ਲਾਹੌਰ ਵਿਚ ਬਗਾਵਤ ਨਾ ਹੋਈ ਅਤੇ ਬਾਕੀ ਹਿੰਦ ਵਿਚ ਤਜਵੀਜ਼ ਕੀਤੀਆਂ ਬਗਾਵਤਾਂ ਇਸ ਕਰਕੇ ਰਹਿ ਗਈਆਂ, ਕਿਉਂਕਿ ਲਾਹੌਰ ਵਿਚ ਬਗਾਵਤ ਸ਼ੁਰੂ ਹੋਣ ਵਾਲਾ ਸਿਗਨਲ ਨਾ ਮਿਲਿਆ†। ਸਰ ਮਾਈਕਲ ਉਡਵਾਇਰ ਭੀ ਲਿਖਦੇ ਹਨ ਕਿ, "੧੯ ਫਰਵਰੀ ਦੇ ਛਾਪੇ ਨੇ ਉਸ ਰਾਤ ਆਮ ਗਦਰ ਕਰਵਾਉਣ ਦੀ ਪਲੈਨ ਨੂੰ ਫੇਲ ਕਰ ਦਿੱਤਾ । ਅਸਾਂ ਗੁਪਤ ਬੋਲੀ ਵਿਚ ਸਿਆਲਕੋਟ, ਫੀਰੋਜ਼ਪੁਰ ਅਤੇ ਰਾਵਲਪਿੰਡੀ ਆਦਿ ਵਖ ਵਖ ਛਾਉਣੀਆਂ ਵਿਚ ਤਾਰਾਂ ਭੇਜ ਦਿੱਤੀਆਂ ਅਤੇ ਫੌਜੀ ਅਧਿਕਾਰੀਆਂ ਨੇ ਜ਼ਰੂਰੀ, ਅਤੇ ਕਈ ਥਾਈਂ ਲੋੜ ਨਾਲੋਂ ਵੱਧ, ਪੇਸ਼ ਬੰਦੀਆਂ ਕਰ ਲਈਆਂ। ਲਾਹੌਰ ਅਤੇ ਫੀਰੋਜ਼ਪੁਰ ਛਾਉਣੀਆਂ ਵਿਚ ਗਦਰ ਪਾਰਟੀ ਦੇ ਜਥੇ ਹੋਣ ਵਾਲੇ ਗਦਰ ਵਿਚ ਹਥ ਵਟਾਉਣ ਵਾਸਤੇ ਅਕੱਠੇ ਹੋਏ ਹੋਏ ਸਨ। ਪਰ ਫੌਜਾਂ ਹਥਿਆਰਬੰਦ ਅਤੇ ਵਾਲਨ ਹੋਈਆਂ ਵੇਖਕੇ ਉਹ ਜਲਦੀ ਪਿਛਾਂਹ ਪਰਤ ਗਏ‡"। ਬਨਾਰਸ ਦੇ ਇਨਕਲਾਬੀ ਜਿਨਾਂ ਨੂੰ ਗਦਰ ਦੀ ਤਾਰੀਖ ੨੧ ਦੀ ਬਜਾਏ ੧੯ ਬਦਲੀ ਜਾਣ ਬਾਰੇ ਪਤਾ ਨਹੀਂ ਸੀ ਲਗਾ, ਤਾਂ ੨੧ ਦੀ ਸ਼ਾਮ ਨੂੰ ਪਰੇਡ ਗਰਾਊਂਡ ਵਿਚ ਅਕੱਠੇ ਹੋਕੇ ਹੋਣ ਵਾਲੇ ਗਦਰ ਦੀ ਉਡੀਕ ਕਰਦੇ ਰਹੇ* ।

ਪਰ ਇਕ ਦੋ ਦਿਨ ਵਿਚ ਹੀ ਗ੍ਰਿਫਤਾਰੀ ਤੋਂ ਬਚੇ ਹਰ ਇਕ ਗਦਰੀ ਇਨਕਲਾਬੀ ਨੂੰ ਚਾਨਣਾ ਹੋ ਗਿਆ ਕਿ ਹੁਣ ਗਦਰ ਕਰਵਾਉਣ ਦੀ ਰੰਚਕ ਭਰ ਭੀ ਆਸ ਬਾਕੀ ਨਹੀਂ ਰਹੀ। "ਇਸ ਵੇਲੇ ਸਾਰੇ ਪੰਜਾਬ ਭਰ ਵਿਚ ਧੜਾ ਧੜ ਗ੍ਰਿਫਤਾਰੀਆਂ ਹੋਣ ਲਗ ਪਈਆਂ। ਜੋ ਲੋਕ ਫੜੇ ਜਾਂਦੇ ਸਨ, ਉਨ੍ਹਾਂ ਵਿਚੋਂ ਕਈ ਕਈ ਭਾਂਡਾ ਭੰਨ ਕੇ ਹੋਰ ਭੀ ਪੰਜ ਦਸ ਸਾਥੀਆਂ ਦਾ ਨਾਂ ਪਤਾ ਪ੍ਰਗੱਟ ਕਰਨ ਲਗ ਪਏ। ਇਸ ਤਰ੍ਹਾਂ ਕਦੇ ੨ ਗੋਰੀ ਫੌਜ ਕਿਸੇ ਪਿੰਡ ਨੂੰ ਜਾ ਘੇਰਦੀ ਅਤੇ ਬਹੁਤ ਸਾਰੇ ਆਦਮੀ ਇਕ ਥਾਂ ਹੀ ਗ੍ਰਿਫਤਾਰ ਕਰ ਲਏ ਜਾਂਦੇ। ਭਾਰਤੀ ਸਿਪਾਹੀਆਂ ਦੇ ਮਨਾਂ ਵਿਚ ਇਕ ਤਰ੍ਹਾਂ ਭਾਰੀ ਬੇਚੈਨੀ ਹੋ ਗਈ। ਰਾਵਲਪਿੰਡੀ ਦੀ ਇਕ ਦੇਸੀ ਪਲਟਨ ਬਰਖਾਸਤ ਕਰ ਦਿੱਤੀ ਗਈ। ਲਾਹੌਰ ਵਿਚ ਜਿਥੇ ਕਿਥੇ ਖਾਨਾ-ਤਲਾਸ਼ੀਆਂ ਅਰ ਗ੍ਰਿਫਤਾਰੀਆਂ ਹੋਣ ਲਗੀਆਂ। ਕਿਸੇ ਸਿਖ ਉਤੇ ਜਰਾ ਮਾਤਰ ਭੀ ਸ਼ੱਕ ਹੁੰਦਿਆਂ ਹੀ ਉਸ ਨੂੰ ਸਿੱਧਾ ਥਾਣੇ ਪਹੁੰਚਾਇਆ ਜਾਂਦਾ ਸੀ। ਇਸ ਤਰ੍ਹਾਂ ਫੜੋ ਫੜੀ ਹੁੰਦੇ ਹੁੰਦੇ ਕਈ ਵਾਰ ਦੋਹਾਂ ਪਾਸਿਆਂ ਤੋਂ ਗੋਲੀ ਚਲ ਜਾਂਦੀ ਸੀ। ਦੋ ਚਾਰ ਦਿਨਾਂ ਵਿਚ ਹੀ ਹਾਲਤ ਅਜੇਹੀ ਕਠਨ ਆਣ ਬਣੀ ਕਿ ਦਲ ਵਿਚ ਪ੍ਰਸਪਰ ਇਕ ਦੂਜੇ ਉਤੇ ਭਰੋਸਾ ਕਰਨਾ ਕਠਨ ਹੋ ਗਿਆ†"।

ਇਸ ਤਰ੍ਹਾਂ ਹਿੰਦ ਵਿਚ ਗਦਰ ਪਾਰਟੀ ਲਹਿਰ, ਜੋ ਕਾਮਯਾਬੀ ਦੇ ਇਤਨਾ ਨਜ਼ਦੀਕ ਪੁਜ ਗਈ ਸੀ, ਦਿਨਾਂ ਵਿਚ ਤਿਤਰ ਬਿਤਰ ਹੋ ਗਈ। ਵਾਇਦਾ ਮੁਆਫਾ ਅਤੇ ਮੁਖਬਰਾਂ ਦੇ ਦੱਸੇ ਭੇਦਾਂ ਨੂੰ ਪਾਕੇ ਪੁਲਸ ਲਹਿਰ ਦੇ ਤਕਰੀਬਨ ਸਭ ਸਰਗਰਮ ਕਾਰਕੁਨਾਂ ਨੂੰ ਅਗੋਂ ਪਿਛੋਂ ਗ੍ਰਿਫਤਾਰ ਕਰਨ ਵਿਚ ਕਾਮਯਾਬ ਹੋ ਗਈ। ਗਦਰ ਪਾਰਟੀ ਲਹਿਰ ਸੰਬੰਧੀ ਹਿੰਦ ਵਿਚ ਕਈ ਸਾਜ਼ਸ਼ ਕੇਸ ਚਲੇ ਅਤੇ ਦਰਜਨਾਂ ਦੀ ਗਿਣਤੀ ਵਿਚ ਇਨਕਲਾਬੀਆਂ ਨੂੰ ਫਾਂਸੀ ਦੀਆਂ ਸਜ਼ਾਵਾਂ ਮਿਲੀਆਂ ਅਤੇ ਸੈਂਕੜਿਆਂ ਦੀ ਗਿਣਤੀ ਵਿਚ ਉਮਰ ਕੈਦ ਦੀਆਂ ਸਜ਼ਾਵਾਂ ਦਿਤੀਆਂ ਗਈਆਂ*। ਗਦਰ ਪਾਰਟੀ ਲਹਿਰ ਸੰਬੰਧੀ ਹਿੰਦ ਵਿਚ ਕੰਮ ਕਰਨ ਵਾਲੇ ਵਡੇ ਲੀਡਰਾਂ ਵਿਚੋਂ ਕੇਵਲ ਸ੍ਰੀ ਰਾਸ਼ ਬਿਹਾਰੀ ਬੋਸ ਬਚ ਸਕੇ।

ਫੀਰੋਜ਼ਪੁਰ ਛਾਉਣੀ ਵਿਚ ਅਸੱਫਲਤਾ ਹੋਣ ਪਿਛੋਂ ਸ੍ਰੀ ਕਰਤਾਰ ਸਿੰਘ 'ਸਰਾਭਾ' ਲਾਹੌਰ ਪੁਜੇ। "ਕਰਤਾਰ ਸਿੰਘ ਸਿਆਣਾ ਨੌਜਵਾਨ ਸੀ। ਲਾਹੌਰ ਆਉਂਦਿਆਂ ਹੀ ਉਹ ਸਿੱਧਾ ਰਾਸ਼ ਬਿਹਾਰੀ ਦੇ ਡੇਰੇ ਪਹੁੰਚਿਆ। ਹੋਰ ਕਿਸੇ ਭੀ ਜਗ੍ਹਾ ਨਹੀਂ ਅਟਕਿਆ। ਕਿਉਂਕਿ ਰਾਸ ਬਿਹਾਰ ਵਾਲੇ ਮਕਾਨ ਨੂੰ ਬਹੁਤ ਥੋੜੇ ਆਦਮੀ ਜਾਣਦੇ ਸਨ, ਇਸ ਲਈ ਉਹ ਸਭ ਤੋਂ ਜ਼ਿਆਦਾ ਰਖਯਾ ਦਾਇਕ ਸੀ। ਉਸ ਵੇਲੇ ਰਾਸ਼ ਬਿਹਾਰੀ ਬੜੀ ਉਦਾਸੀ ਵਿਚ ਮੁਰਦੇ ਦੀ ਤਰ੍ਹਾਂ ਇਕ ਮੰਜੀ ਪੁਰ ਲੇਟਿਆ ਹੋਇਆ ਸੀ। ਕਰਤਾਰ ਸਿੰਘ ਭੀ ਚੁਪ ਚਾਪ ਉਨ੍ਹਾਂ ਦੇ ਕੋਲ ਪਈ ਇਕ ਮੰਜੀ ਪੁਰ ਮੂਧਾ ਹੋ ਗਿਆ। ਥਕੇਵੇਂ ਦਾ ਮਾਰਿਆ ਉਸ ਦਾ ਸਰੀਰ ਮੁਰਦਾ ਹੋ ਗਿਆ ਸੀ। ਦੋਵੇਂ ਹੀ ਚੁਪ ਸਨ। ਉਨ੍ਹਾਂ ਦੀ ਇਸ ਉਦਾਸੀ ਅਰ ਚੁਪ ਤੋਂ ਬੜੀ ਚੋਟ ਅਰ ਦੁਖਦਾ ਭਾਵ ਪ੍ਰਤੀਤ ਹੋ ਰਿਹਾ ਸੀ†"। ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ' ਦਸਦੇ ਹਨ ਕਿ ਅੰਬਾਲੇ, ਜਿਥੇ ਉਨ੍ਹਾਂ ਦੀ ਡੀਊਟੀ ਲਗੀ ਸੀ, ਤੋਂ ਵਾਪਸ ਹੋ ਕੇ ਓਹ ਭੀ ਉਥੇ ਆ ਪਹੁੰਚੇ। ਸਲਾਹ ਬਣੀ ਕਿ ਹੁਣ ਗਦਰ ਫੇਲ ਹੋ ਗਿਆ ਹੈ, ਅਤੇ ਆਪੋ ਆਪਣੇ ਬਚਾ ਦਾ ਹੀਲਾ ਕੀਤਾ ਜਾਵੇ। ਟਾਂਗੇ ਉਤੇ ਸ੍ਰੀ ਰਾਸ਼ ਬਿਹਾਰੀ ਬੋਸ (ਜੋ ਪੰਜਾਬੀ ਲਿਬਾਸ ਵਿਚ ਸਨ) ਨੂੰ ਚੜ੍ਹਾਕੇ ਸ੍ਰੀ ਕਰਤਾਰ ਸਿੰਘ ਅਤੇ ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ' ਲਾਹੌਰ ਸਟੇਸ਼ਨ ਤੋਂ ਅਧੀ ਰਾਤ ਦੇ ਕਰੀਬ ਬਨਾਰਸ ਦਾ ਟਿਕਟ ਲੈਕੇ ਗਡੀ ਚੜ੍ਹਾ ਆਏ। ਰੋਲਟ ਰੀਪੋਟ ਮੁਤਾਬਕ ਵੀ ਗਦਰ ਦੀ ਸਕੀਮ ਫੇਲ ਹੋਣ ਪਿਛੋਂ ਰਾਸ਼ ਬਿਹਾਰੀ ਅਤੇ ਪਿੰਗਲੇ ਬਨਾਰਸ ਪੁਜੇ ਅਤੇ "ਰਾਸ ਬਿਹਾਰੀ, ਆਪਣੇ ਬਨਾਰਸੀ ਚੇਲਿਆਂ ਨਾਲ ਕਲਕੱਤੇ ਇਕ ਆਖਰੀ ਮੁਲਾਕਾਤ (ਜਿਸ ਵਿਚ ਉਨ੍ਹਾਂ ਨੂੰ ਦਸਿਆ ਕਿ ਉਹ ਕਿਸੇ ਪਹਾੜ ਨੂੰ ਜਾ ਰਹੇ ਹਨ, ਅਤੇ ਦੋ ਸਾਲ ਤਕ ਵਾਪਸ ਨਹੀਂ ਆਉਣਗੇ) ਕਰਨ ਪਿਛੋਂ ਮੁਲਕ ਤੋਂ ਬਾਹਰ ਚਲੇ ਗਏ*"।

---

*Second Case, Judgement, p. 59.

†First Case. The Outline of Proceedings in India, p. 7.

‡O'Dwyer, p. 203.

*Rowlatt Report, p. 134.

†ਬੰਦੀ ਜੀਵਨ, ਭਾਗ ਪਹਿਲਾ, ਪੰਨੇ ੧੨੧-੧੨੨.

*ਤਫਸੀਲ ਲਈ ਵੇਖੋ ਸੰਬੰਧਤ ਅੰਤਕਾਵਾਂ।

†ਬੰਦੀ ਜੀਵਨ, ਭਾਗ ਪਹਿਲਾ, ਪੰਨਾ ੧੨੨

*Rowlatt Report, p. 134.



Digitized by Panjab Digital Library | www.panjabdigilib.org

## ਉਨੀਂਵਾਂ ਕਾਂਡ

# ੧੯ ਫਰਵਰੀ ਦੇ ਪਿਛੋਂ

"ਇਕ ਦਲੇਰਾਨਾ ਸਕੀਮ ਦੇ ਫੇਲ ਹੋਣ ਨੇ ਭਾਵੇਂ ਸਾਡੇ ਹੱਥ ਮਜ਼ਬੂਤ ਕਰ ਦਿਤੇ ਅਤੇ ਢਿਲਮਲ ਯਕੀਨ ਵਾਲਿਆਂ ਨੂੰ ਕੱਸ ਦਿਤਾ, ਪਰ ਇਸ ਨਾਲ ਲੀਡਰਾਂ ਦੇ ਹੌਂਸਲੇ ਨਾ ਢਠੇ। ਓਹ ਯੂ. ਪੀ. ਚਲੇ ਗਏ ਅਤੇ ਕਈ ਮਹੀਨੇ ਹੋਰ ਆਪਣੀ ਮੁਹਿੰਮ ਜਾਰੀ ਰੱਖਦੇ ਰਹੇ। ਸਭ ਤੋਂ ਵਧ ਉਨ੍ਹਾਂ ਦੇਸੀ ਫੌਜਾਂ ਨੂੰ ਵਰਗਲਾਉਣ ਦੀਆਂ ਕੋਸ਼ਸ਼ਾਂ ਜਾਰੀ ਰੱਖੀਆਂ*"।

ਪਰ ੧੯ ਫਰਵਰੀ ਦੀ ਨਾਕਾਮਯਾਬੀ ਨੇ ਹਿੰਦ ਵਿਚ ਗਦਰ ਪਾਰਟੀ ਲਹਿਰ ਦਾ ਲੱਕ ਤੋੜ ਦਿੱਤਾ ਸੀ। ਫੜੇ ਗਏ ਆਦਮੀਆਂ ਤੋਂ ਪ੍ਰਾਪਤ ਕੀਤੀ ਵਾਕਫੀਅਤ ਦੇ ਆਧਾਰ ਉਤੇ ਪੁਲਸ ਗਦਰੀ ਇਨਕਲਾਬੀਆਂ ਨੂੰ ਫੜਨ ਵਿਚ ਬਹੁਤ ਹੱਦ ਤਕ ਕਾਮਯਾਬ ਹੋ ਚੁਕੀ ਸੀ। ੧੯ ਫਰਵਰੀ ਦੇ ਪਿਛੋਂ ਕੀਤੀਆਂ ਗਈਆਂ ਕਾਰਰਵਾਈਆਂ ਉਨ੍ਹਾਂ ਬਚੇ ਖੁਚੇ ਗਦਰੀ ਇਨਕਲਾਬੀਆਂ ਵਲੋਂ ਸਨ, ਜੋ ਅਜੇ ਫੜੇ ਨਹੀਂ ਗਏ ਸਨ, ਪਰ ਜੋ ਪਿਛੋਂ ਫੜੇ ਗਏ। ਇਹ ਕਾਰਰਵਾਈਆਂ ਕਿਸੇ ਪਲੈਨ ਮੁਤਾਬਕ ਨਹੀਂ ਸਨ। ਨਾ ਇਨ੍ਹਾਂ ਵਿਚ ਇਨਕਲਾਬੀ ਸਫਲਤਾ ਦੇ ਬੀਜ ਸਨ, ਕਿਉਂਕਿ ੧੯ ਫਰਵਰੀ ਦੇ ਪਿਛੋਂ ਗਦਰੀਆਂ ਦਾ ਕੋਈ ਸੈਂਟਰ ਨਾ ਰਿਹਾ। ਇਹ ਕਾਰਰਵਾਈਆਂ ਸਿਰਫ ਇਕੜ ਦੁਕੜ ਗਦਰੀ ਇਨਕਲਾਬੀਆਂ ਦੇ, ਬੁਝਦੇ ਹੋਏ ਦੀਵੇ ਦੀ ਲਾਟ ਵਾਂਗੂੰ, ਇਨਕਲਾਬੀ ਦ੍ਰਿੜ੍ਹਤਾ ਅਤੇ ਲਗਨ ਦੇ ਅਖੀਰਲੇ ਭੰਬਾਕੇ ਸਨ।

**ਤੇਈਵਾਂ ਰਸਾਲਾ*:**—੧੯ ਫਰਵਰੀ ਦੀ ਅਸੱਫਲਤਾ ਦੇ ਬਾਵਜੂਦ ਰਸਾਲੇ ਵਿਚ ਬਗਾਵਤ ਦੀ ਅੱਗ ਧੁਖਦੀ ਰਹੀ ! ਇਸ ਦਾ ਵੱਡਾ ਕਾਰਨ ਸ੍ਰੀ ਪਰੇਮ ਸਿੰਘ ਦੀ ਇਨਕਲਾਬੀ ਲਗਨ ਸੀ। ਸ੍ਰੀ ਪਰੇਮ ਸਿੰਘ ਬਾਰੇ ਪੰਜਾਬ ਪੁਲੀਸ ਦੀ ਗਦਰ ਪਾਰਟੀ ਲਹਿਰ ਸੰਬੰਧੀ ਲਿਖਤ ਵਿਚ ਲਿੱਖਿਆ ਹੈ ਕਿ, "ਪਰੇਮ ਸਿੰਘ ਸਾਜ਼ਸ਼ ਵਿਚ ਉਸ ਕਿਸਮ ਦਾ ਲੀਡਰ ਨਹੀਂ ਸੀ ਜਿਸ ਦੇ ਹੱਥ ਕਾਰਰਵਾਈਆਂ ਚਲਾਉਣ ਦੀ ਅਗਵਾਈ ਹੋਵੇ। ਪਰ ਉਹ ਖਤਰੇ ਤੋਂ ਬੇਪਰਵਾਹ ਅਤੇ ਨੁਕਸਾਨ ਕਰੀ ਜਾਣ ਵਾਲਾ ਬੰਦਾ ਸੀ, ਅਤੇ ਉਸ ਵਿਚ ਆਪਣੇ ਕੰਮ ਵਿਚ ਜੁੱਟੇ ਰਹਿਣ ਦੀ ਦ੍ਰਿੜ੍ਹਤਾ ਸੀ, ਬਾਵਜੂਦ ਇਸ ਦੇ ਕਿ ਉਸ ਦੇ ਵੱਡੇ ਵੱਡੇ ਸਾਥੀ ਫੜੇ ਜਾ ਚੁਕੇ ਸਨ ਅਤੇ ਬਾਕੀ ਲਹਿਰ ਤੋਂ ਮਾਯੂਸ ਹੋਕੇ ਰੀਟਾਇਰ ਹੋ ਚੁਕੇ ਸਨ†"।

ਸ੍ਰੀ ਪਰੇਮ ਸਿੰਘ ਤੇਈਵੇਂ ਰਸਾਲੇ ਵਿਚ ਲਗਾਤਾਰ ਆਉਂਦੇ ਰਹੇ ਅਤੇ ਰਸਾਲੇ ਦੇ ਨੌਜਵਾਨਾਂ ਨਾਲ ਕਈ ਮੀਟਿੰਗਾਂ ਹੁੰਦੀਆਂ ਰਹੀਆਂ। ਕਿਰਪਾਲ ਸਿੰਘ ਸੂਹੀਏ ਨੂੰ ਮਾਰਨ ਅਤੇ ਰਸਾਲੇ ਦੇ ਅਫਸਰਾਂ ਨੂੰ ਖਾਣੇ ਦੇ ਸਮੇਂ ਅਕੱਠਿਆਂ ਹੋਇਆਂ ਉਤੇ ਬੰਬ ਮਾਰਕੇ ਮਾਰਨ ਦੀਆਂ ਤਜਵੀਜ਼ਾਂ ਹੁੰਦੀਆਂ ਰਹੀਆਂ। ਰਸਾਲੇ ਵਿਚ ਬੰਬ ਬਣਾਏ ਗਏ। ਕੋਟ ਲਖਪਤ ਦੀ ਰੇਲਵੇ ਲਾਈਨ ਲਾਗੇ ਇਕ ਬੰਬ ਚਲਾ ਕੇ ਵੇਖਿਆ ਗਿਆ। ਇਸ ਦੇ ਪਿਛੋਂ ਰਸਾਲੇ ਦੇ ਅਫਸਰਾਂ ਨੂੰ ਮਾਰਨ ਵਾਸਤੇ ਦੋ ਹੋਰ ਬੰਬ ਬਣਾਏ ਗਏ।

ਕੁਝ ਦਿਨਾਂ ਪਿਛੋਂ ਰਸਾਲੇ ਨੂੰ ਲੜਾਈ ਵਲ ਕੂਚ ਕਰਨ ਦਾ ਹੁਕਮ ਹੋ ਗਿਆ। ਰਸਾਲੇ ਦੇ ਕੁਝ ਆਦਮੀ ਰਸਾਲੇ ਦੇ ਡੀਪੂ ਨਓਗੋਂਗ ਭੇਜੇ ਗਏ। ਉਨ੍ਹਾਂ ਦੋ ਬੰਬਾਂ ਨੂੰ ਅੱਡ ਅੱਡ ਪੇਟੀਆਂ ਵਿਚ ਬੰਦ ਕਰ ਦਿੱਤਾ ਹੋਇਆ ਸੀ, ਜਿਨ੍ਹਾਂ ਵਿਚੋਂ ਇਕ ਮਾਲ ਗੱਡੀ ਰਾਹੀਂ ਭੇਜੀ ਗਈ। ਜਦ ਹਰਪਾਲ ਪੁਰ ਸਟੇਸ਼ਨ ਉਤੇ ਸਾਮਾਨ ਉਤਾਰਿਆ ਜਾ ਰਿਹਾ ਸੀ, ਪੇਟੀ ਵਿਚਲਾ ਬੰਬ ਫਟ ਗਿਆ। ਬੰਬ ਫਟ ਜਾਣ ਉਤੇ ਜੋ ਆਦਮੀ ਸ਼ੱਕ ਵਿਚ ਫੜੇ ਗਏ, ਉਨ੍ਹਾਂ ਨੇ ਭੇਦ ਖੋਲ ਦਿਤਾ। ਤੇਈਵੇਂ ਰਸਾਲੇ ਦੇ ਕਈ ਆਦਮੀਆਂ ਦਾ ਡਿਗਸ਼ੱਈ ਕੋਰਟ ਮਾਰਸ਼ਲ ਕੀਤਾ ਗਿਆ, ਜਿਸ ਵਿਚ ੧੮ ਆਦਮੀਆਂ ਨੂੰ ਫਾਂਸੀ ਦੀ ਸਜ਼ਾ ਦਿਤੀ ਗਈ। ਇਨ੍ਹਾਂ ਵਿਚੋਂ ਪਿਛੋਂ ੧੨ ਨੂੰ ਫਾਂਸੀ ਉਤੇ ਲਟਕਾਇਆ ਗਿਆ, ਅਤੇ ਬਾਕੀ ਦਿਆਂ ਦੀ ਸਜ਼ਾ ਉਮਰ ਕੈਦ ਕਾਲੇ ਪਾਣੀ ਵਿਚ ਬਦਲ ਦਿਤੀ ਗਈ।

### ਕਪੂਰਥਲਾ ਮੀਟਿੰਗ ਅਤੇ ਵੱਲੇ ਪੁਲ ਦਾ ਹਾਦਸਾ*'

ਪੰਜ ਜੂਨ ੧੯੧੫ ਨੂੰ ਕਈ ਇਨਕਲਾਬੀਆਂ ਨੇ ਕਪੂਰਥਲੇ ਮੀਟਿੰਗ ਕੀਤੀ। ਇਸ ਮੀਟਿੰਗ ਕਰਨ ਦਾ ਮਤਲਬ ਇਹ ਸੀ ਕਿ ਕਪੂਰਥਲੇ ਦਾ ਮੈਗਜ਼ੀਨ ਲੁੱਟਕੇ ਲਾਹੌਰ ਅਤੇ ਮੁਲਤਾਨ ਜੇਲਾਂ ਵਿਚ ਬੰਦ ਸਾਥੀ ਇਨਕਲਾਬੀਆਂ ਨੂੰ ਛੁਡਵਾਇਆ ਜਾਏ। ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਹੋਰ ਆਦਮੀ ਅਤੇ ਹਥਿਆਰ ਅਕੱਠੇ ਕਰਕੇ ੧੨ ਜੂਨ ਨੂੰ ਮੈਗਜ਼ੀਨ ਉਤੇ ਹੱਲਾ ਕੀਤਾ ਜਾਏ, ਹਥਿੱਆਰ ਅਕੱਠੇ ਕਰਨ ਵਾਸਤੇ ਵੱਲਾ ਪਿੰਡ (ਅੰਮ੍ਰਿਤਸਰ) ਦੇ ਕੋਲ ਰੇਲਵੇ ਲਾਈਨ ਦੇ ਪੁਲ ਦੀ ਪਿਕਟ ਉਤੇ ਹੱਲਾ ਕਰਨ ਦਾ ਫੈਸਲਾ ਕੀਤਾ ਗਿਆ।

੧੧ ਜੂਨ ਦੀ ਰਾਤ ਨੂੰ ਵੱਲੇ ਰੇਲਵੇ ਪੁਲ ਉਤੇ ਰਾਤ ਦੇ ਇਕ ਦੋ ਵਜੇ ਦੇ ਦਰਮਿਆਨ ਇਨਕਲਾਬੀਆਂ ਨੇ ਫੌਜੀ ਪਿਕਟ ਉਤੇ ਹੱਲਾ ਕੀਤਾ। ਦੋ ਇਸ ਹੱਲੇ ਵਿਚ ਮਾਰੇ ਗਏ ਅਤੇ ਇਨਕਲਾਬੀ ਪਿਕਟ ਪਾਸੋਂ ਹਥਿੱਆਰ ਖੋਹਣ ਵਿਚ ਕਾਮਯਾਬ ਹੋ ਗਏ। ਇਸ ਪਿਛੋਂ ਬਚਨ ਸਿੰਘ ਅਤੇ ਸ੍ਰੀ ਰੂੜ ਸਿੰਘ ਸਿੱਧੇ ਕਪੂਰਥਲੇ ਨੂੰ ਆ ਗਏ, ਅਤੇ ਬਾਕੀ ਦੇ ਇਨਕਲਾਬੀ ਫੌਜੀਆਂ ਕੋਲੋਂ ਖੋਹੀਆਂ ਹੋਈਆਂ ਰਾਈਫਲਾਂ ਲੈ ਕੇ ਹੋਰ ਰਸਤੇ ਕਪੂਰਥਲੇ ਨੂੰ ਹੋ ਤੁਰੇ। ਪਰ ਇਨ੍ਹਾਂ ਮਗਰ ਪੁਲਸ ਅਤੇ ਮੁਲਖੱਈਆ ਲਗ ਗਿਆ। ਇਕ ਮਲਾਹ ਤੋਂ ਬੇੜੀ ਖੋਹ ਕੇ ਇਨਕਲਾਬੀ ਬਿਆਸ ਦਰਿਆ ਪਾਰ ਕਰਕੇ ਕਪੂਰਥਲਾ ਰਿਆਸਤ ਵਿਚ ਜਾ ਵੜੇ। ਰਸਤੇ ਵਿਚ ਇਕ ਬੇੜੀ ਦਾ ਮਲਾਹ ਅਤੇ ਪਿੱਛਾ ਕਰਨ ਵਾਲਿਆਂ ਵਿਚੋਂ ਇਕ ਇਨਕਲਾਬੀਆਂ ਦੇ ਹਥੋਂ ਮਰ ਗਿਆ, ਪਰ ਪਿੱਛਾ ਕਰਨ ਵਾਲੇ ਇਸ ਪੁਰ ਵੀ ਨਾ ਹਟੇ। ਪੰਜ ਇਨਕਲਾਬੀ ਫੜੇ ਗਏ ਜਿਨ੍ਹਾਂ ਨੂੰ ਫਾਂਸੀ ਦਿੱਤੀ ਗਈ*"।

ਵੱਲੇ ਦੀ ਘਟਨਾ ਪਿਛੋਂ ਬਚਨ ਸਿੰਘ ਅਤੇ ਸ੍ਰੀ ਰੂੜ ਸਿੰਘ, ਜੋ ਦੂਸਰੇ ਇਨਕਲਾਬੀਆਂ ਨਾਲੋਂ ਅੱਡ ਹੋ ਗਏ ਸਨ। ੧੨ ਜੂਨ ਨੂੰ ਕਪੂਰਥਲੇ ਪੁਜੇ। ਉਥੇ ਉਨ੍ਹਾਂ ਨੂੰ ਹੋਰ ਇਨਕਲਾਬੀ ਮਿਲ ਪਏ, ਅਤੇ ਸਭ ਮਿਲਕੇ ਮੀਟਿੰਗ ਕਰਨ ਲਈ ਝਲ ਵਿਚ ਨਾ ਵੜੇ। ਇਨਕਲਾਬੀਆਂ ਨੂੰ ਉਥੇ ਪਤਾ ਲਗਾ ਕਿ ਅਫਸਰਾਂ ਨੂੰ ੫ ਜੂਨ ਵਾਲੀ ਮੀਟਿੰਗ ਦਾ ਪਤਾ ਲਗ ਚੁਕਾ ਹੈ ਅਤੇ ਸ੍ਰੀ ਬੂਟਾ ਸਿੰਘ ਆਦਿ ਕੁਝ ਇਨਕਲਾਬੀ ਫੜੇ ਵੀ ਜਾ ਚੁਕੇ ਹਨ। ਇਸ ਵਾਸਤੇ, ਅਤੇ ਕਾਫੀ ਆਦਮੀਂ ਨਾ

---

*O'Dwyer, p. 203.

*ਇਥੇ ਦਿੱਤੇ ਵਾਕਿਆਤ ਲਈ ਵੇਖੋ Second Case, Judgement, pp. 60-62.

†Isemonger and Slattery, p. 121.

*Second Case, Judgement, Kapurthala Raid and The Walla Bridge murders.

*O'Dwyer, p. 206.



Digitized by Panjab Digital Library | www.panjabdigilib.org

ਹੋਣ ਦੇ ਕਾਰਨ, ਕਪੂਰਥਲੇ ਮੈਗਜ਼ੀਨ ਉਤੇ ਹੱਲਾ ਕਰਨ ਦੀ ਸਕੀਮ ਛੱਡ ਦਿੱਤੀ ਗਈ।

ਸਬੱਬ ਨਾਲ ਪਿਛੋਂ ਕੁਝ ਚੋਰੀਏ ਬਟੇਰੇ ਫੜਨ ਦੀ ਖਾਤਰ ਉਸੇ ਥਲ ਵਿਚ ਗਏ ਜਿਥੇ ਇਨਕਲਾਬੀ ਪਹਿਲੋਂ ਜਮਾਂ ਹੋਏ ਸਨ, ਅਤੇ ਉਨ੍ਹਾਂ ਬਹੁਤ ਸਾਰੇ ਆਦਮੀਆਂ ਦੇ ਪੈੜ ਵੇਖੇ। ਚੋਰੀਆਂ ਨੂੰ ਸ਼ੱਕ ਪੈ ਗਿਆ। ਪੁਲਸ ਨੂੰ ਨਾਲ ਲੈਕੇ ਉਹ ਪੈੜਾਂ ਦੇ ਮਗਰ ਮਗਰ ਗਏ ਅਤੇ ਚਾਰ ਇਨਕਲਾਬੀਆਂ ਨੂੰ ਇਕ ਪਿੰਡ ਦੇ ਗੁਰਦਵਾਰੇ ਵਿਚ ਜਾ ਫੜਿਆ। ਫੜਿਆਂ ਵਿਚੋਂ ਬਚਨ ਸਿੰਘ ਵਾਅਦਾ ਮੁਆਫ ਬਣ ਗਿਆ, ਅਤੇ ਉਸ ਨੇ ਸਾਰਾ ਭਾਂਡਾ ਭੰਨ ਦਿਤਾ।

**ਸ੍ਰੀ ਪਿੰਗਲੇ:–** ਮੇਰਠ ਛਾਉਣੀ ਦੇ ਬਾਰਵੇਂ ਰਸਾਲੇ ਨੂੰ ੨੧ ਫਰਵਰੀ ਦੇ ਨੀਯਤ ਕੀਤੇ ਗਦਰ ਲਈ ਕਾਮਯਾਬੀ ਨਾਲ ਵਰਗਲਾਇਆ ਜਾ ਚੁਕਾ ਸੀ*। ੧੯ ਫਰਵਰੀ ਦੇ ਪਿਛੋਂ ਜਮਾਂਦਾਰ ਨਾਦਰ ਖਾਨ ਨੇ ਰਸਾਲੇ ਦੇ ਅਫਸਰਾਂ ਨਾਲ ਸਲਾਹ ਕਰਕੇ ਸ੍ਰੀ ਪਿੰਗਲੇ ਨੂੰ ਫਸਾਉਣ ਲਈ ਜਾਲ ਤਾਣਿਆ। ਜਮਾਂਦਾਰ ਨਾਦਰ ਖਾਨ ਸ੍ਰੀ ਪਿੰਗਲੇ ਨਾਲ ਬਨਾਰਸ ਗਿਆ, ਜਿਥੇ ਉਹ ਇਕ ਬੰਗਾਲੀ ਨੂੰ ਮਿਲੇ, ਬੰਗਾਲੀ ਨੇ ਦੱਸਿਆ ਕਿ ਮੇਰਠ ਵਾਸਤੇ ਤਿੰਨ ਸੌ ਬੰਬ ਤਿਆਰ ਕੀਤੇ ਗਏ ਸਨ, ਪਰ ਇਨ੍ਹਾਂ ਵਿਚੋਂ ਦਸਾਂ ਤੋਂ ਸਵਾਏ ਬਾਕੀ ਦੇ ਵੰਡੇ ਜਾ ਚੁਕੇ ਹਨ। ਜੋ ਦਸ ਬੰਬ ਬਚੇ ਸਨ, ਉਹ ਇਕ ਟੀਨ ਦੇ ਬਕਸ ਵਿਚ ਪਾਕੇ ਸ੍ਰੀ ਪਿੰਗਲੇ ਮੇਰਠ ਲਿਆਏ। ਉਨ੍ਹਾਂ ਦੇ ਨਾਲ ਹੀ ਜਮਾਂਦਾਰ ਨਾਦਰ ਖਾਨ ਸੀ, ਜੋ ਅਫਸਰਾਂ ਨਾਲ ਮਿਲ ਚੁੱਕਾ ਸੀ। ਮੇਰਠ ਛਾਉਣੀ ਵਿਚ ਪੁਜਕੇ ਜਮਾਂਦਾਰ ਨਾਦਰ ਖਾਨ ਨੇ ਸ੍ਰੀ ਪਿੰਗਲੇ ਨੂੰ ਬੰਬਾਂ ਸਮੇਤ ਫੜਵਾ ਦਿੱਤਾ।

**ਚੱਕ ਨੰ: ੫ ਸਰਗੋਧਾ :–** ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ' ਦੱਸਦੇ ਹਨ ਕਿ ਸ੍ਰੀ ਬੋਸ ਨੂੰ ਬਨਾਰਸ ਜਾਣ ਵਾਸਤੇ ਗਡੀ ਚੜ੍ਹਾ ਕੇ, ਸ੍ਰੀ ਕਰਤਾਰ ਸਿੰਘ 'ਸਰਾਭਾ' ਅਤੇ ਉਹ ਰਾਤ ਇਕ ਮਕਾਨ ਵਿਚ ਆ ਰਹੇ। ਉਥੇ ਉਨ੍ਹਾਂ ਨੂੰ ਅਗਲੇ ਦਿਨ ਸ੍ਰੀ ਜਗਤ ਸਿੰਘ, ਜਿਨ੍ਹਾਂ ਨੂੰ ਦਦੇਹਰ ਦੇ ਇਨਕਲਾਬੀਆਂ ਨੂੰ ਰੂਪੋਸ਼ ਹੋ ਜਾਣ ਲਈ ਸੁਨੇਹਾ ਦੇਣ ਵਾਸਤੇ ਭੇਜਿਆ ਗਿਆ ਸੀ, ਆ ਮਿਲੇ। ਤਿੰਨੇ ਓਥੋਂ ਲਾਇਲਪੁਰ ਦੇ ਜ਼ਿਲੇ ਗਏ, ਜਿਥੋਂ ਰਿਸ਼ਤੇਦਾਰਾਂ ਪਾਸੋਂ ਪੈਸੇ ਲੈਕੇ ਗਡੀ ਚੜ੍ਹਕੇ ਪਸ਼ਾਵਰ ਚਲੇ ਗਏ*। ਪਸ਼ਾਵਰ ਪਠਾਣਾਂ ਦਾ ਭੇਸ ਬਦਲ ਕੇ ਕਬਾਇਲੀ ਇਲਾਕੇ ਵਿਚ ਪੁਜ ਗਏ। ਇਥੇ ਸਬੱਬੀਂ ਇਨ੍ਹਾਂ ਵਿਚੋਂ ਇਕ ਨੇ 'ਗਦਰ ਦੀ ਗੂੰਜ' ਦੀ ਕਵਿਤਾ 'ਬਣੀ ਸਿਰ ਸ਼ੇਰਾਂ ਕੀ ਜਾਣਾ ਭਜਕੇ' ਪੜ੍ਹੀ। ਇਸ ਕਵਿਤਾ ਦੇ ਅਸਰ ਹੇਠ ਸਲਾਹ ਬਣੀ ਕਿ ਦੇਸੋਂ ਇਸ ਤਰ੍ਹਾਂ ਨਠਣਾ ਠੀਕ ਨਹੀਂ, ਅਤੇ ਬੰਦੂਕਾਂ ਲੈਕੇ ਫੜੇ ਸਾਥੀਆਂ ਨੂੰ ਛੁਡਾਉਣਾ ਚਾਹੀਦਾ ਹੈ। ਵਾਪਸ ਮੁੜੇ ਅਤੇ ਹਥਿੱਆਰ ਲੈਣ ਦੀ ਸਲਾਹ ਨਾਲ ਚੱਕ ਨੰ: ੫ (ਸਰਗੋਧਾ) ਪੁਜੇ, ਜਿਥੇ ਬਾਈਵੇਂ ਰਸਾਲੇ ਦਾ ਘੋੜਿਆਂ ਵਾਸਤੇ ਫਾਰਮ ਹੈ, ਅਤੇ ਜਿਥੇ ਮੂਲਾ ਸਿੰਘ ਨੇ ਪਹਿਲੋਂ ਸ੍ਰੀ ਜਗਤ ਸਿੰਘ ਨੂੰ ਭੇਜਿਆ ਸੀ। ਗੰਡਾ ਸਿੰਘ ਰਸਾਲਦਾਰ ਨੇ ਦੋ ਮਾਰਚ ਨੂੰ ਤਿੰਨਾਂ ਨੂੰ ਓਥੇ ਫੜਵਾ ਦਿੱਤਾ†।

*First Case, The Seduction of Troops, p. 9.

*First Case, Individual Case of Jagat Singh.

†First Case, The Seduction of Troops, p. 9.

**ਫੁਟਕਲ ਵਾਰਦਾਤਾਂ:–** ਗਦਰ ਪਾਰਟੀ ਲਹਿਰ ਸੰਬੰਧੀ ਇੱਕੜ ਦੁੱਕੜ ਹੋਈਆਂ ਵਾਰਦਾਤਾਂ ਇਤਨੀਆਂ ਹਨ ਕਿ ਇਨ੍ਹਾਂ ਸੰਬੰਧੀ ਪੂਰਾ ਪਤਾ ਲਾਉਣਾ ਕਠਨ ਹੈ। ਨਾ ਹੀ ਇਸ ਲਿਖਤ ਦਾ ਮੰਤਵ ਐਸੀ ਤਫਸੀਲ ਵਿਚ ਬਹੁਤਾ ਜਾਣ ਦਾ ਹੈ, ਜਿਸ ਦੀ ਗਦਰ ਪਾਰਟੀ ਲਹਿਰ ਦੀ ਪੜਚੋਲ ਦੇ ਸੰਬੰਧ ਵਿਚ ਬਹੁਤੀ ਅਹਿਮੀਅਤ ਨਾ ਹੋਵੇ। "ਫਰਵਰੀ ੧੯੧੫ ਤਕ ਇਨਕਲਾਬੀਆਂ ਨੇ ੪੫ ਤੋਂ ਘਟ ਖਤਰਨਾਕ ਵਾਰਦਾਤਾਂ ਨਹੀਂ ਕੀਤੀਆਂ*"। ਇਨ੍ਹਾਂ ਵਿਚੋਂ ਬਹੁਤਿਆਂ ਸੰਬੰਧੀ ਅੱਡ ਅੱਡ ਕਚਹਿਰੀਆਂ ਵਿਚ ਮੁਕੱਦਮੇ ਚੱਲੇ, ਜਿਨ੍ਹਾਂ ਦਾ ਪਤਾ ਲਾਉਣਾ ਸੌਖੀ ਗਲ ਨਹੀਂ। ੧੯ ਫਰਵਰੀ ਦੇ ਪਿੱਛੋਂ ਵੀ ਕਈ ਘਟਨਾਵਾਂ ਹੋਈਆਂ, ਜਿਨ੍ਹਾਂ ਸਾਰੀਆਂ ਬਾਰੇ ਪਤਾ ਨਹੀਂ। ਉਹ, ਜਿਨ੍ਹਾਂ ਦਾ ਦੂਸਰੇ ਸਾਜ਼ਸ਼ ਕੇਸ ਵਿਚ ਜ਼ਿਕਰ ਹੈ†, ਮੁਖਤਸਰ ਤੌਰ ਉਤੇ ਇਹ ਹਨ:–

ਸ੍ਰੀ ਅਰਜਨ ਸਿੰਘ ਅਤੇ ਦੋ ਹੋਰ ਇਨਕਲਾਬੀ ੨੦ ਫਰਵਰੀ ਨੂੰ ਫੀਰੋਜ਼ਪੁਰ ਤੋਂ ਲਾਹੌਰ ਇਹ ਪਤਾ ਲੈਣ ਆਏ ਕਿ ੧੯ ਫਰਵਰੀ ਨੂੰ ਕੁਝ ਹੋਇਆ ਕਿਉਂ ਨਹੀਂ। ਜਦ ਉਹ ਅਨਾਰਕਲੀ ਬਾਜ਼ਾਰ ਵਿਚੋਂ ਦੀ ਲੰਘ ਰਹੇ ਸਨ ਤਾਂ ਹੈਡਕਾਨਸਟੇਬਲ ਮੁਹਸ਼ਮ ਅਲੀ ਸ਼ਾਹ, ਅਤੇ ਇਕ ਛੋਟੇ ਠਾਣੇਦਾਰ ਨੇ ਉਨ੍ਹਾਂ ਨੂੰ ਸ਼ੱਕ ਵਿਚ ਰੋਕ ਲਿਆ ਅਤੇ ਤਲਾਸ਼ੀ ਲੈਣੀ ਚਾਹੀ। ਇਸ ਪੁਰ ਹੈਡਕਾਨਸਟੇਬਲ ਓਥੇ ਗੋਲੀ ਨਾਲ ਮਾਰ ਦਿੱਤਾ ਗਿਆ ਅਤੇ ਛੋਟਾ ਠਾਣੇਦਾਰ ਵੀ ਜ਼ਖਮੀ ਹੋਇਆ। ਦੂਸਰੇ ਸਾਥੀ ਤਾਂ ਬਚਕੇ ਚਲੇ ਜਾਣ ਵਿਚ ਕਾਮਯਾਬ ਹੋ ਗਏ, ਪਰ ਸ੍ਰੀ ਅਰਜਨ ਸਿੰਘ ਨੂੰ ਇਕ ਹਲਵਾਈ ਨੇ ਫੜ ਕੇ ਪੁਲਸ ਦੇ ਹਵਾਲੇ ਕਰ ਦਿੱਤਾ*।

ਚੰਦਾ ਸਿੰਘ ਜ਼ੈਲਦਾਰ, ੨੫ ਅਪ੍ਰੈਲ ੧੯੧੫ ਨੂੰ, ਸ੍ਰੀ ਬੂਟਾ ਸਿੰਘ ਅਤੇ ਸ੍ਰੀ ਬੰਤਾ ਸਿੰਘ ਨੇ ਕਤਲ ਕਰ ਦਿੱਤਾ। ਚੰਦਾ ਸਿੰਘ ਜ਼ੈਲਦਾਰ ਨੇ ਸ੍ਰੀ ਪਿਆਰਾ ਸਿੰਘ 'ਲੰਗੇਰੀ' ਨੂੰ ਫੜਵਾਇਆ ਸੀ। ਇਸੇ ਤਰ੍ਹਾਂ ਇਕ ਹੋਰ ਝੋਲੀ ਚੁਕ ਸਰਦਾਰ ਬਹਾਦਰ ਇਛਰਾ ਸਿੰਘ ੪ ਜੂਨ ੧੯੧੫ ਨੂੰ ਜਗਤਪੁਰ ਪਿੰਡ ਵਿਚ ਸ੍ਰੀ ਕਾਲਾ ਸਿੰਘ ਅਤੇ ਸ੍ਰੀ ਚਨਣ ਸਿੰਘ ਨੇ ਕਤਲ ਕਰ ਦਿੱਤਾ। ਕਪੂਰ ਸਿੰਘ ਪੱਧਰੀ ੨ ਅਗੱਸਤ ੧੯੧੫ ਨੂੰ ਕਤਲ ਕੀਤਾ ਗਿਆ; ਇਸ ਨੇ ਝਾੜ ਸਾਹਿਬ ਬਾਰੇ ਅਫਸਰਾਂ ਨੂੰ ਇਤਲਾਹ ਦਿੱਤੀ ਸੀ।

**ਮੰਡੀ ਸੁਕੇਤ ਦੀ ਸਾਜ਼ਸ਼†:–** ਫ਼ੀਰੋਜ਼ ਸ਼ਹਿਰ ਦੇ ਹਾਦਸੇ ਪਿੱਛੋਂ ਸ੍ਰੀ ਸੁਰਜਨ ਸਿੰਘ ਸੁਕੇਤ ਮੰਡੀ ਚਲੇ ਗਏ। ਮੰਡੀ ਸੁਕੇਤ ਵਿਚ ਸ੍ਰੀ ਸੁਰਜਨ ਸਿੰਘ ਦੀ ਇਕ ਸਿਧੂ ਨਾਲ ਜਾਣ ਪਛਾਣ ਹੋ ਗਈ। ਸ੍ਰੀ ਸੁਰਜਨ ਸਿੰਘ ਨੇ ਸਿਧੂ ਨੂੰ ਦੱਸਿਆ ਕਿ ਕਿਵੇਂ ਅਮਰੀਕਾ ਤੋਂ ਗਦਰ ਪਾਰਟੀ ਦੇ ਇਨਕਲਾਬੀ ਦੇਸ ਆਜ਼ਾਦ ਕਰਾਉਣ ਆਏ ਹਨ, ਅਤੇ ਉਨ੍ਹਾਂ ਨੂੰ ਹਥਿੱਆਰਾਂ ਦੀ ਲੋੜ ਹੈ। ਕਿਉਂਕਿ ਮੰਡੀ ਸੁਕੇਤ ਰਿਆਸਤ ਵਿਚ ਹਥਿਆਰਾਂ ਉਤੇ ਪਾਬੰਦੀ ਨਹੀਂ, ਇਸ ਵਾਸਤੇ ਉਹ ਏਥੇ ਮਦਦ ਲੈਣ ਆਏ ਹਨ। ਸਿਧੂ ਨੇ ਮਦਦ ਕਰਨੀ ਮੰਨ ਲਈ ਅਤੇ ਸ੍ਰੀ ਸੁਰਜਨ ਸਿੰਘ ਦੀ ਇਕ ਸਾਬਕ ਠਾਣੇਦਾਰ ਮੀਆਂ ਜਵਾਹਰ ਸਿੰਘ ਨਾਲ ਮੁਲਾਕਾਤ ਕਰਵਾ ਦਿੱਤੀ। ਮੀਆਂ ਜਵਾਹਰ ਸਿੰਘ ਕੁਝ ਚਿਰ ਪਹਿਲਾਂ ਰਿਆਸਤ ਦੀ ਗੱਦੀ ਦਾ ਉਮੈਦਵਾਰ ਵੀ ਸੀ। ਸ੍ਰੀ ਸੁਰਜਨ ਸਿੰਘ ਨੇ ਆਪਣਾ ਮਕਸਦ ਮੀਆਂ ਜਵਾਹਰ ਸਿੰਘ ਨੂੰ ਦੱਸਿਆ ਅਤੇ ਇਹ ਵੀ ਕਿਹਾ ਕਿ ਉਹ ਬੰਬ ਬਣਾ ਸਕਦੇ ਹਨ। ਮੀਆਂ ਜਵਾਹਰ ਸਿੰਘ

*O'Dwyer, p. 200.

†Second Case, Judgement, pp. 81-85.

*O'Dwyer, p. 199.

†Third Case, Judgement, pp. 55-61.



Digitized by Panjab Digital Library | www.panjabdigilib.org

ਨੇ ਆਪਣੇ ਸਾਹਮਣੇ ਬੰਬ ਬਣਦਾ ਵੇਖਣ ਦੀ ਇੱਛਿਆ ਜ਼ਾਹਰ ਕੀਤੀ, ਜਿਸ ਉਤੇ ਸ੍ਰੀ ਸੁਰਜਨ ਸਿੰਘ ਨੇ ਉਸ ਨੂੰ ਬੰਬ ਬਨਾਉਣ ਦਾ ਨੁਸਖਾ ਦੱਸਿਆ । ਮੀਆਂ ਜਵਾਹਰ ਸਿੰਘ ਅਤੇ ਸਿਧੂ ਨੇ ਸ੍ਰੀ ਸੁਰਜਨ ਸਿੰਘ ਨੂੰ ਕਿਹਾ ਕਿ ਉਹ ਦੁਆਬੇ ਤੋਂ ਆਦਮੀ ਲਿਆਉਣ। ਜਦ ਪੰਜਾਬ ਤੋਂ ਆਦਮੀ ਆ ਜਾਣਗੇ ਤਾਂ ਓਹ ਮੰਡੀ ਰਿਆਸਤ ਵਿਚ ਗਦਰ ਕਰ ਦੇਣਗੇ। ਵਜ਼ੀਰ ਅਤੇ ਅੰਗਰੇਜ਼ ਰੈਜ਼ੀਡੈਂਟ ਨੂੰ ਕਤਲ ਕਰ ਦੇਣਗੇ, ਮੈਗਜ਼ੀਨ ਅਤੇ ਖਜ਼ਾਨੇ ਉਤੇ ਕਬਜ਼ਾ ਕਰਕੇ ਰਿਆਸਤ ਉਤੇ ਕਬਜ਼ਾ ਕਰ ਲੈਣਗੇ, ਅਤੇ ਪਿਛੋਂ ਆਦਮੀ ਅਤੇ ਹਥਿੱਆਰਾਂ ਨਾਲ ਪੰਜਾਬ ਵਲ ਧਾਵਾ ਕਰਕੇ ਪੰਜਾਬ ਦੇ ਗਦਰੀ ਇਨਕਲਾਬੀਆਂ ਨਾਲ ਜਾ ਮਿਲਣਗੇ। ਇਹ ਸਭ ਕਾਰਰਵਾਈ ਦਸੰਬਰ ੧੯੧੪ ਅਤੇ ਜਨਵਰੀ ੧੯੧੫ ਵਿਚਕਾਰ ਹੋਈ।

ਜਨਵਰੀ ਦੇ ਅਖੀਰ ਵਿਚ ਸ੍ਰੀ ਸੁਰਜਨ ਸਿੰਘ ਫਤਹ ਗੜ੍ਹ ਵਾਪਸ ਆਏ ਅਤੇ ਸ੍ਰੀ ਅਮਰ ਸਿੰਘ ਅਤੇ ਦਲੀਪ ਸਿੰਘ ਨੂੰ ਮੰਡੀ ਨਾਲ ਜਾਣ ਵਾਸਤੇ ਕਿਹਾ, ਕਿਉਂਕਿ ਬੰਬ ਬਨਾਉਣ ਵਾਲਿਆਂ ਦੀ ਲੋੜ ਸੀ। ਉਨ੍ਹਾਂ ਦੋਹਾਂ ਇਨਕਾਰ ਕਰ ਦਿੱਤਾ, ਪਰ ਸ੍ਰੀ ਅਮਰ ਸਿੰਘ ਨੇ ਸ੍ਰੀ ਨਿਧਾਨ ਸਿੰਘ 'ਚੁਘਾ' ਦਾ ਨਾਮ ਤਜਵੀਜ਼ ਕੀਤਾ। ਦਲੀਪ ਸਿੰਘ ਸ੍ਰੀ ਨਿਧਾਨ ਸਿੰਘ 'ਚੁਘਾ' ਨੂੰ ਨਾਲ ਲੈ ਕੇ ਮਾਰਚ ੧੯੧੫ ਦੇ ਸ਼ੁਰੂ ਵਿਚ ਮੰਡੀ ਪੁੱਜਾ । ਸੁਕੇਤ ਵਿਚ ਇਕ ਮੀਟਿੰਗ ਹੋਈ ਜਿਸ ਵਿਚ ਸ੍ਰੀ ਸੁਰਜਨ ਸਿੰਘ, ਸ੍ਰੀ ਨਿਧਾਨ ਸਿੰਘ 'ਚੁਘਾ', ਸਿਧੂ ਨੰ: ੧, ਸਿਧੂ ਨੰ: ੨, ਬਦਰੀ, ਮੀਆਂ ਜਵਾਹਰ ਸਿੰਘ, ਅਤੇ ਜਵਾਹਰ, ਸ਼ਾਮਲ ਸਨ । ਮੀਆਂ ਜਵਾਹਰ ਸਿੰਘ ਨੇ ਦੱਸਿਆ ਕਿ ਉਹ ਬੰਦੂਕਾਂ ਹੱਥਿਆਰ ਅਤੇ ਬੰਬ ਬਨਾਉਣ ਦਾ ਮਸਾਲਾ ਦੇ ਸਕਦੇ ਹਨ। ਇਹ ਸਲਾਹ ਬਣੀ ਕਿ ਬੰਬ ਬਣਾਕੇ ਇਕ ਪੁਲ ਉਡਾਇਆ ਜਾਏ, ਫਿਰ ਮੰਡੀ ਰਿਆਸਤ ਦਾ ਮੈਗਜ਼ੀਨ ਅਤੇ ਖਜ਼ਾਨਾ ਲੁਟ ਲਿਆ ਜਾਏ, ਅਤੇ ਓਥੋਂ ਦੇ ਵਜ਼ੀਰ ਅਤੇ ਅੰਗਰੇਜ਼ ਰੈਜ਼ੀਡੈਂਟ ਨੂੰ ਮਾਰ ਦਿੱਤਾ ਜਾਏ । ਇਹ ਫੈਸਲਾ ਹੋਇਆ ਕਿ ਇਸ ਮਤਲਬ ਵਾਸਤੇ ਆਦਮੀ ਅਕੱਠੇ ਕੀਤੇ ਜਾਣ, ਅਤੇ ਸ੍ਰੀ ਨਿਧਾਨ ਸਿੰਘ ਬੰਬਾਂ ਦੇ ਕੇਸਾਂ ਲਈ ਚੂੜੀ ਵਾਲੇ ਢੱਕਣ ਅਤੇ ਆਦਮੀ ਲਿਆਉਣ ਵਾਸਤੇ ਪੰਜਾਬ ਜਾਣ। ਮੀਆਂ ਜਵਾਹਰ ਸਿੰਘ ਨੇ ਇਹ ਵੀ ਦੱਸਿਆ ਕਿ ਇਕ ਰਾਣੀ ਵੀ ਨਾਲ ਮਿਲਣ ਨੂੰ ਤਿਆਰ ਹੈ, ਅਤੇ ਜੇ ਸਿਖ ਹੱਲਾ ਕਰਨ ਤਾਂ ਓਹ ਕਿਲ੍ਹਾ ਉਨ੍ਹਾਂ ਦੇ ਹਵਾਲੇ ਕਰਨ ਨੂੰ ਤਿਆਰ ਹੈ।

ਇਹ ਸਕੀਮ ਸ੍ਰੀ ਨਿਧਾਨ ਸਿੰਘ ਦੇ ਫੜੇ ਜਾਣ ਕਰਕੇ ਵਿਚੇ ਰਹਿ ਗਈ। ਤੀਸਰੇ ਕੇਸ ਦੇ ਜੱਜ 'ਮੰਡੀ ਸਾਜ਼ਸ਼' ਦੀ ਸੁਰਖੀ ਹੇਠ ਨਤੀਜਾ ਕਢਦਿਆਂ ਹੋਇਆਂ ਲਿਖਦੇ ਹਨ ਕਿ, "ਸਾਨੂੰ ਇਸ ਸ਼ਹਾਦਤ ਤੋਂ ਤਸੱਲੀ ਹੋ ਗਈ ਹੈ ਕਿ ਮੰਡੀ ਰਿਆਸਤ ਵਿਚ ਕੁਝ ਵਿਗੜੇ ਹੋਏ ਅਨਸਰ ਅਤੇ ਪੰਜਾਬ ਦੇ ਇਨਕਲਾਬੀਆਂ ਦੇ ਦਰਮਿਆਨ ਸੁਰਜਨ ਸਿੰਘ ਰਾਹੀਂ ਗਲ ਬਾਤ ਸ਼ੁਰੂ ਹੋਈ; ਅਤੇ ਭਾਵੇਂ ਇਹ ਹਵਾਈ ਜਾਪੇ, ਪਰ ਇਹ ਫੈਸਲਾ ਕੀਤਾ ਗਿਆ ਕਿ ਰਿਆਸਤ ਵਿਚ ਬੰਬ ਅਤੇ ਹੱਥਿਆਰ ਅਕੱਠੇ ਕੀਤੇ ਜਾਣ, ਪੰਜਾਬ ਤੋਂ ਆਦਮੀ ਲਿਆਂਦੇ ਜਾਣ, ਵਜ਼ੀਰ ਅਤੇ ਮਿਸਟਰ ਗੋਰਡਨ ਵਾਕੁਰ ਨੂੰ ਕਤਲ ਕਰ ਦਿੱਤਾ ਜਾਏ, ਰਿਆਸਤ ਉਤੇ ਕਬਜ਼ਾ ਕੀਤਾ ਜਾਏ ਅਤੇ ਪੰਜਾਬ ਦੇ ਇਨਕਲਾਬੀਆਂ ਦੀ ਮਦਦ ਕਰਨ ਵਾਸਤੇ ਮੰਡੀ ਤੋਂ ਪੰਜਾਬ ਉਤੇ ਧਾਵਾ ਕੀਤਾ ਜਾਏ। ਸਕੀਮ ਨੂੰ ਸਿਰੇ ਚਾੜ੍ਹਨ ਵਾਸਤੇ ਬਹੁਤਾ ਕੁਝ ਨਾ ਕੀਤਾ ਗਿਆ, ਕਿਉਂਕਿ ਨਿਧਾਨ ਸਿੰਘ, ਜਿਹੜਾ ਇਸ ਸਕੀਮ ਦਾ ਆਗੂ ਬਣ ਗਿਆ ਸੀ, ਫੜਿਆ ਗਿਆ, ਅਤੇ ਇਸ ਨੂੰ ਸਿਰੇ ਚਾੜ੍ਹਨ ਵਾਸਤੇ ਪਿਛੇ ਕੋਈ ਦ੍ਰਿੜ੍ਹਤਾ ਵਾਲਾ ਆਦਮੀ ਨਾ ਰਿਹਾ* ।"

*Third Case, Judgement, p. 61.

# ਵੀਹਵਾਂ ਕਾਂਡ

# ਸਿੰਘਾਪੁਰ ਦਾ ਗਦਰ

ਸਿੰਘਾਪੁਰ ਦਾ ਗਦਰ ੧੫ ਫਰਵਰੀ ੧੯੧੫ ਨੂੰ ਸ਼ੁਰੂ ਹੋਇਆ। ੧੫ ਫਰਵਰੀ ਅਤੇ ਹਿੰਦ ਵਿਚ ਗਦਰ ਲਈ ਨੀਯਤ ਕੀਤੀ ੧੯ ਫਰਵਰੀ ੧੯੧੫ ਦੀ ਤਾਰੀਖ ਬਹੁਤ ਲਾਗੇ ਲਾਗੇ ਹਨ, ਅਤੇ ਇਸ ਤੋਂ ਇਹ ਸ਼ੱਕ ਪੈ ਸਕਦਾ ਹੈ ਕਿ ਇਨ੍ਹਾਂ ਦੋਵਾਂ ਵਿਚ ਕੋਈ ਸੰਬੰਧ ਸੀ। ਅਰਥਾਤ ਗਦਰ ਪਾਰਟੀ ਦੇ ਇਨਕਲਾਬੀਆਂ ਦੀ ਇਕ ਵਿਉਂਤ ਦੇ ਮੁਤਾਬਕ ਦੋਵੇਂ ਤਾਰੀਖਾਂ ਨੀਯਤ ਹੋਈਆਂ। ਪਰ ਇਸ ਦੇ ਹੱਕ ਵਿਚ ਇਸ਼ਾਰੇ ਮਾਤਰ ਵੀ ਸ਼ਹਾਦਤ ਨਹੀਂ। ਸਿੰਘਾਪੁਰ ਦਾ ਗਦਰ ਗਾਲਬਨ ਸਬੱਬੀਂ ੧੫ ਫਰਵਰੀ ਨੂੰ ਸ਼ੁਰੂ ਹੋਇਆ। ਕਿਉਂਕਿ ੧੯ ਫਰਵਰੀ ਦੀ ਤਾਰੀਖ ਫੌਜੀਆਂ ਦੇ ਦਬਾਉ ਪਾਉਣ ਉਤੇ ੧੨ ਫਰਵਰੀ ਨੂੰ ਨੀਯਤ ਕੀਤੀ ਗਈ; ਅਤੇ ਇਸ ਦੀ ਬਹੁਤ ਘਟ ਸੰਭਾਵਨਾ ਹੈ ਕਿ ਦੋ ਜਾਂ ਤਿੰਨ ਦਿਨ ਵਿਚ, ਅਰਥਾਤ ੧੫ ਫਰਵਰੀ ਤੋਂ ਪਹਿਲੋਂ, ਇਸ ਦੀ ਖਬਰ ਸਿੰਘਾਪੁਰ ਪੁਚਾ ਦਿੱਤੀ ਗਈ ਹੋਵੇ।

ਪਰ ਇਸ ਵਿਚ ਸ਼ੱਕ ਨਹੀਂ ਕਿ ਸਿੰਘਾਪੁਰ ਦਾ ਗਦਰ ਸਬੱਬੀਂ ਨਹੀਂ ਸੀ ਹੋਇਆ, ਬਲਕਿ ਉਸ ਇਨਕਲਾਬੀ ਪ੍ਰਚਾਰ ਦਾ ਸਿੱਟਾ ਸੀ ਜਿਸ ਦੇ ਬੀਜ ਗਦਰ ਪਾਰਟੀ ਨੇ ਬੀਜੇ ਸਨ। ਰੌਲਟ ਰੀਪੋਟ ਇਹ ਦੱਸਦੀ ਹੈ ਕਿ "ਪੰਜਵੀਂ ਪਲਟਨ ਵਿਚ ਅਮਰੀਕਾ ਦੀ ਗਦਰ ਪਾਰਟੀ ਦੇ ਮੁਸਲਮਾਨ ਅਤੇ ਹਿੰਦੂ ਇਨਕਲਾਬੀਆਂ ਦੇ ਕੀਤੇ ਪ੍ਰਚਾਰ ਦੇ ਕਾਰਨ ਹੋਇਆ*"; ਅਤੇ ਅਮਰੀਕਨ ਨੀਮ-ਸਰਕਾਰੀ ਰੀਪੋਟ ਵਿਚ ਵੀ ਇਹੋ ਲਿਖਿਆ ਹੈ ਕਿ ਗਦਰ ਪਾਰਟੀ ਨੇ ਸਿੰਘਾਪੁਰ ਦਾ ਗਦਰ ਕਰਵਾਇਆ†। ਪਹਿਲੇ ਅਤੇ ਦੂਸਰੇ ਕੇਸ ਵਿਚ ਸ਼ਹਾਦਤ ਵੀ ਦੱਸਦੀ ਹੈ ਕਿ ਗਦਰ ਪਾਰਟੀ ਦੇ ਇਨਕਲਾਬੀ ਦੇਸ਼ ਆਉਂਦਿਆਂ ਹੋਇਆਂ ਸਿੰਘਾਪੁਰ ਗਦਰ ਦੇ ਬੀਜ ਬੀਜਦੇ ਆਏ‡। ਜੋ ਪਿਛੋਂ ਪੁੰਗਰ ਪਏ। ਸ੍ਰੀ ਹਰਨਾਮ ਸਿੰਘ (ਰਸੂਲਪੁਰ, ਅੰਮ੍ਰਿਤਸਰ) ਨੂੰ ਗਦਰ ਦਾ ਪ੍ਰਚਾਰ ਕਰਨ ਵਾਸਤੇ ਹੀ ਗਦਰੀਆਂ ਨੇ ਸਿੰਘਾਪੁਰ ਪਿੱਛੇ ਰਹਿਣ ਲਈ ਜਹਾਜੋਂ ਉਤਾਰ ਦਿੱਤਾ§, ਅਤੇ ਸ੍ਰੀ ਹੀਰਾ ਸਿੰਘ 'ਚਰੜ' ਦਾ ਦਾਅਵਾ ਸੀ ਕਿ ਉਨ੍ਹਾਂ ਦਾ ਸਿੰਘਾਪੁਰ ਗਦਰ ਕਰਵਾਉਣ ਵਿਚ ਹੱਥ ਸੀ‖। ਇਸੇ ਤਰ੍ਹਾਂ ਮਾਂਡਲੇ (ਬਰਮਾ) ਸਾਜ਼ਸ਼ ਕੇਸ ਵਿਚ ਕਾਫੀ ਸ਼ਹਾਦਤ ਦਸਦੀ ਹੈ ਕਿ ਸਿੰਘਾਪੁਰ ਗਦਰ ਕਰਵਾਉਣ ਵਿਚ ਮੌਲਵੀ ਮੁਜਤਬਾ ਹੁਸੈਨ (ਉਰਫ ਮੂਲ ਚੰਦ), ਜੋ ਗਦਰੀ ਇਨਕਲਾਬੀਆਂ ਨਾਲ ਫਿਲਪਾਈਨ ਤੋਂ ਸਿੰਘਾਪੁਰ ਆਏ ਸੀ ਅਤੇ ਸਿੰਘਾਪੁਰ ਦੇ ਗਦਰ ਤਕ ਉਥੇ ਹੀ ਰਹੇ,¶। ਅਤੇ ਸ੍ਰੀ ਗਿਆਨ ਚੰਦ, ਜੋ ਸਿੰਘਾਪੁਰ ਦੇ ਗਦਰ ਤੋਂ ਪਹਿਲੋਂ ਗਦਰ ਪਾਰਟੀ ਦਾ ਮੈਂਬਰ ਸੀ**, ਦਾ ਕਾਫੀ ਹੱਥ ਸੀ। ਸਿੰਘਾਪੁਰ ਦਾ ਗਦਰ ਇਤਫਾਕੀਆ

*Rowlatt Report, p. 170.
†Un-American Activities, p. 220.
‡First Case, The Seduction of Troops, p. 5.
§Second Case, Judgement, p. 27.
‖Ibid, p. 191.
¶Rowlatt Report, p. 170.
**Mandlay Case, Judgement, p. 285.



Digitized by Panjab Digital Library | www.panjabdigilib.org

ਨਹੀਂ ਸੀ ਹੋਇਆ, ਇਹ ਉਸ ਅਪੀਲ ਤੋਂ ਵੀ ਜ਼ਾਹਰ ਹੁੰਦਾ ਜੋ ਸਿੰਘਾਪੁਰ ਤਈਨਾਤ ਇਕ ਹੋਰ ਪਲਟਨ 'ਮਲਾਯ ਸਟੇਟਸ ਗਾਈਡਜ਼' ਨੇ ਤੁਰਕੀ ਕੌਂਸਲ ਨੂੰ ਰੰਗੂਨ ਭਿਜਵਾਈ। ਇਸ ਅਪੀਲ ਵਿਚ ਦਰਜ ਸੀ ਕਿ 'ਮਲਾਯ ਸਟੇਟਸ ਗਾਈਡਜ਼' ਤੁਰਕਾਂ ਦੀ ਹਮਾਇਤ ਵਿਚ ਅੰਗਰੇਜ਼ਾਂ ਵਿਰੁਧ ਬਗਾਵਤ ਕਰਨ ਨੂੰ ਤਿਆਰ ਹੈ, ਅਤੇ ਇਹ ਬੇਨਤੀ ਕੀਤੀ ਗਈ ਕਿ ਇਕ ਤੁਰਕੀ ਜੰਗੀ ਜਹਾਜ਼ ਸਿੰਘਾਪੁਰ ਭੇਜਿਆ ਜਾਵੇ। ਪਰ ਦਸੰਬਰ ਦੇ ਅਖੀਰ ਵਿਚ ਕੀਤੀ ਇਹ ਅਪੀਲ ਅੰਗਰੇਜ਼ੀ ਸਰਕਾਰ ਨੇ ਡਾਕ ਵਿਚੋਂ ਹੀ ਬੋਚ ਲਈ, ਜਿਸ ਦੇ ਕਾਰਨ ਸਿੰਘਾਪੁਰ ਦਾ ਗਦਰ ਹੋਣ ਤੋਂ ਪਹਿਲੋਂ 'ਮਲਾਯ ਸਟੇਟਸ ਗਾਈਡਜ਼' ਨੂੰ ਉਥੋਂ ਬਦਲ ਦਿੱਤਾ ਗਿਆ*। 'ਮਲਾਯ ਸਟੇਟਸ ਗਾਈਡਜ਼' ਦੇ ਸਿੰਘਾਪੁਰੋਂ ਬਦਲੇ ਜਾਣ ਕਰਕੇ ਸਿੰਘਾਪੁਰ ਵਿਚ ਕੇਵਲ ਇਕੋ ਹਿੰਦੀ ਪਲਟਨ, ਪੰਜਵੀਂ ਪਲਟਨ ਜਿਸ ਵਿਚ ਸਾਰੇ ਮੁਸਲਮਾਨ ਸਨ, ਰਹਿ ਗਈ, ਅਤੇ ਇਸੇ ਪੰਜਵੀਂ ਪਲਟਨ ਨੇ ਸਿੰਘਾਪੁਰ ਦਾ ਗਦਰ ਕੀਤਾ।

ਬੈਂਗਕੋਕ (ਥਾਈਲੈਂਡ) ਦੇ ਇਕ ਅਖਬਾਰ ਵਿਚ ਇਕ ਜਰਮਨ ਨੇ ਲਿਖਿਆ ਕਿ ਉਸ ਨੂੰ ਛੇ ਹਫਤੇ ਪਹਿਲਾਂ ਬੈਂਗਕੋਕ ਵਿਚ ਇਨਕਲਾਬੀ ਲਹਿਰ ਦਾ ਇਕ ਪੜ੍ਹਿਆ ਲਿਖਿਆ ਹਿੰਦੁਸਤਾਨੀ ਆਗੂ ਮਿਲਿਆ ਸੀ, ਜਿਸ ਨੇ ਉਸ (ਜਰਮਨ) ਨੂੰ ਦੱਸਿਆ ਸੀ ਕਿ ਉਹ ਸਿੰਘਾਪੁਰ ਗਦਰ ਕਰਵਾਉਣ ਜਾ ਰਿਹਾ ਸੀ†। ਇਹ ਆਗੂ ਗਾਲਬਨ 'ਭਾਈ' ਸੰਤੋਖ ਸਿੰਘ ਸਨ, ਕਿਉਂਕਿ ਲਿਖਾਰੀ ਨੇ ਮਲਾਯ ਦੇ ਇਕ ਹਿੰਦੁਸਤਾਨੀ ਦੇਸ਼-ਭਗਤ ਤੋਂ ਇਸ ਬਾਰੇ ਸੁਣਿਆ ਸੀ। ਸੈਨਫ੍ਰਾਂਸਿਸਕੋ ਦੇ ਮੁਕੱਦਮੇਂ ਵਿਚ ਵੀ ਇਕ ਗਵਾਹੀ ਆਉਂਦੀ ਹੈ ਕਿ 'ਭਾਈ' ਸੰਤੋਖ ਸਿੰਘ ਨੇ ਦੱਸਿਆ ਕਿ ਉਹ ਗਦਰ ਕਰਾਉਣ ਵਾਲੀਆਂ ਸੁਸਾਇਟੀਆਂ ਬਨਾਉਣ ਖਾਤਰ ਸਿਆਮ, ਮਲਾਯਾ ਅਤੇ ਸਿੰਘਾਪੁਰ ਜਾ ਰਹੇ ਸਨ*। ਇਕ ਹੋਰ ਗਵਾਹ ਮੁਤਾਬਕ 'ਭਾਈ' ਭਗਵਾਨ ਸਿੰਘ ਨੇ ਅਗਾਊਂ ਦੱਸਿਆ ਸੀ ਕਿ ਹਾਂਗ ਕਾਂਗ ਅਤੇ ਸਿੰਘਾਪੁਰ ਦੀਆਂ ਪਲਟਨਾਂ ਗਦਰ ਕਰਨਗੀਆਂ†। ਇਸ ਵਾਸਤੇ ਇਸ ਵਿਚ ਸ਼ੱਕ ਨਹੀਂ ਕਿ ਸਿੰਘਾਪੁਰ ਦਾ ਗਦਰ ਕਰਾਉਣ ਵਿਚ ਗਦਰ ਪਾਰਟੀ ਦੇ ਅੱਡ ਅੱਡ ਇਨਕਲਾਬੀਆਂ ਦਾ ਹੱਥ ਸੀ।

ਸਿੰਘਾਪੁਰ ਦੇ ਗਦਰ ਦੇ ਵਾਕਿਆਤ ਬਾਰੇ ਬਹੁਤ ਘੱਟ ਵਾਕਫੀਅਤ ਮਿਲ ਸਕੀ ਹੈ। ਮਾਂਡਲੇ ਕੇਸ ਵਿਚ ਹੋਈ ਸ਼ਹਾਦਤ ਮੁਤਾਬਕ ਮੌਲਵੀ ਮੁਜਤਬਾ ਹੁਸੈਨ (ਉਰਫ ਮੂਲ ਚੰਦ) ਨੇ ਦੱਸਿਆ ਕਿ ਗਦਰੀ ਸਿਪਾਹੀਆਂ ਨੇ ਜਰਮਨ ਕੈਦੀਆਂ ਨੂੰ ਰਿਹਾ ਕਰ ਦਿੱਤਾ ਸੀ, ਅਤੇ ਫਿਰ ਉਨ੍ਹਾਂ ਨਾਲ ਮਿਲ ਕੇ ਗਦਰੀਆਂ ਨੇ ਕਿਲ੍ਹੇ ਉਤੇ ਕਬਜ਼ਾ ਕਰ ਲਿਆ‡। ਗਦਰੀ ਇਨਕਲਾਬੀਆਂ ਵਿਚੋਂ ਜੋ ਅਜ ਕਲ ਜ਼ਿੰਦਾ ਹਨ, ਉਨ੍ਹਾਂ ਦਾ ਵੀ ਇਹ ਬਿਆਨ ਹੈ ਕਿ ਗਦਰੀਆਂ ਨੇ ਸਿੰਘਾਪੁਰ ਦੇ ਕਿਲ੍ਹੇ ਉਤੇ ਕਬਜ਼ਾ ਕਰ ਲਿਆ, ਅਤੇ ਉਤਨਾ ਚਿਰ ਇਹ ਕਬਜ਼ਾ ਕਾਇਮ ਰਖਿਆ ਜਿਤਨਾ ਚਿਰ ਅੰਗਰੇਜ਼ਾਂ ਨੇ ਜਾਪਾਨੀਆਂ ਦੀ ਮਦਦ ਨਾਲ ਗਦਰੀਆਂ ਨੂੰ ਓਥੋਂ ਕਢ ਨਹੀਂ ਦਿੱਤਾ। ਪਰ ਜਾਪਦਾ ਹੈ ਕਿ ਗਦਰੀ ਇਨਕਲਾਬੀਆਂ ਦੀ ਇਹ ਵਾਰਤਾ ਮੌਲਵੀ ਮੁਜਤਬਾ ਹੁਸੈਨ ਤੋਂ ਸੁਣੇ ਸਮਾਚਾਰ, ਜੋ ਉਨ੍ਹਾਂ ਉਸ ਤੋਂ ਕਾਲੇ ਪਾਣੀ ਜੇਲ੍ਹ ਵਿਚ ਸੁਣੇ, ਉਤੇ ਨਿਰਭਰ ਹੈ। ਪਰੰਤੂ ਮੌਲਵੀ ਮੁਜਤਬਾ ਹੁਸੈਨ ਦੀ ਦੱਸੀ ਕਹਾਣੀ ਬਹੁਤੀ ਭਰੋਸੇ ਯੋਗ ਨਹੀਂ, ਕਿਉਂਕਿ ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਦੀ ਪਹੁੰਚ ਜੋਹਰ ਦੇ ਸੁਲਤਾਨ ਤਕ ਹੋ ਚੁਕੀ ਸੀ, ਜਿਸ ਨੂੰ ਉਨ੍ਹਾਂ ਅੰਗਰੇਜ਼ਾਂ ਦੀ ਮਦਦ ਕਰਨੋਂ ਹੋੜਿਆ। ਇਕ ਸਾਧਾਰਨ ਹਿੰਦੀ ਦਾ ਇਕ ਗੈਰ-ਹਿੰਦੀ ਸੁਲਤਾਨ ਨਾਲ ਚੰਦ ਦਿਨਾਂ ਵਿਚ ਇਤਨਾ ਅਸਰ ਰਸੂਖ ਹੋ ਜਾਣਾ ਮੁਸ਼ਕਲ ਜਾਪਦਾ ਹੈ। ਇਸ ਵਿਚ ਸ਼ੱਕ ਨਹੀਂ ਕਿ ਮੌਲਵੀ ਮੁਜਤਬਾ ਹੁਸੈਨ, ਅਤੇ ਉਨ੍ਹਾਂ ਦੇ ਸਾਥੀਆਂ ਸ੍ਰੀ ਗਿਆਨ ਚੰਦ ਅਤੇ ਸ੍ਰੀ ਸਰਦਾਰ ਅਲੀ ਦਾ ਸਿੰਘਾਪੁਰ ਦਾ ਗਦਰ ਕਰਵਾਉਣ ਵਿਚ ਕਾਫੀ ਹੱਥ ਸੀ*। ਪਰ ਮੌਲਵੀ ਮੁਜਤਬਾ ਹੁਸੈਨ ਦੀ ਵਾਰਤਾ ਵਿਚ ਮੁਬਾਲਗਾ ਆਮੇਜ਼ੀ ਦੀ ਅੰਸ ਜਾਪਦੀ ਹੈ, ਅਤੇ ਉਨ੍ਹਾਂ ਦੇ ਇਨਕਲਾਬੀ ਸਾਥੀ ਵੀ ਉਨ੍ਹਾਂ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਦੇ ਸਨ†। ਸਿੰਘਾਪੁਰ ਗਦਰ ਦੀ ਪੜਤਾਲ ਕਰਨ ਵਾਸਤੇ ਇਕ ਸਰਕਾਰੀ ਕਮੀਸ਼ਨ ਬਣਾਇਆ ਗਿਆ ਸੀ, ਪਰ ਇਸ ਕਮੀਸ਼ਨ ਦੀ ਰੀਪੋਟ ਛਾਪੀ ਨਹੀਂ ਗਈ‡। ਇਸ ਵਾਸਤੇ ਸਰਕਾਰੀ ਪੱਖ ਵੀ ਸਾਹਮਣੇ ਨਹੀਂ ਆਇਆ। ਹੇਠਾਂ ਦਿੱਤਾ ਹਾਲ ਲੈਫਟੀਨੈਂਟ ਜਨਰਲ ਸਰ ਜਾਰਜ ਮੈਕਮੁਨ ਦੀ ਕਤਾਬ¶ ਵਿਚੋਂ ਲਿਆ ਗਿਆ ਹੈ। ਇਸ ਵਿਚ ਦਿੱਤਾ ਹਾਲ ਗਾਲਬਨ ਅੰਗਰੇਜ਼ੀ ਸਰਕਾਰ ਜਾਂ ਕਰਮਚਾਰੀਆਂ ਹੱਥ ਆਈ ਵਾਕਫੀਅਤ ਦੇ ਆਧਾਰ ਉਤੇ ਹੈ, ਪਰ ਪੱਕੇ ਪਤੇ ਤੋਂ ਬਿਨਾ ਇਸ ਬਾਰੇ ਰਾਏ ਕਾਇਮ ਕਰਨੀ ਕਠਨ ਹੈ, ਕਿ ਇਸ ਵਾਰਤਾ ਨੂੰ ਕਿਤਨਾ ਕੁ ਵਜ਼ਨ ਦਿੱਤਾ ਜਾਏ।

ਸਰ ਜਾਰਜ ਮੈਕਮੁਨ ਲਿਖਦੇ ਹਨ ਕਿ ਸਿੰਘਾਪੁਰ ਵਿਚ ਸਾਧਾਰਨ ਤੌਰ ਉਤੇ ਇਕ ਗੋਰਾ ਅਤੇ ਇਕ ਹਿੰਦੀ ਬਟਾਲੀਅਨ ਅਤੇ ਕੁਝ ਸਮੁੰਦਰੀ ਕੰਢੇ ਦੇ ਤੋਪਖਾਨੇ ਦੀਆਂ ਬੈਟਰੀਆਂ ਹੁੰਦੀਆਂ ਸਨ। ਇਥੇ ਵਾਲੰਟੀਅਰ ਕੋਰ ਵੀ ਹੁੰਦੇ ਸਨ, ਜਿਨ੍ਹਾਂ ਵਿਚ ਅੰਗਰੇਜ਼ੀ ਸ਼ਹਿਰੀ ਲਏ ਜਾਂਦੇ ਸਨ।

ਗੋਰਿਆਂ ਦਾ ਬਟਾਲੀਅਨ ਇੰਗਲੈਂਡ ਭੇਜਿਆ ਜਾ ਚੁੱਕਾ ਸੀ। ਹਿੰਦੁਸਤਾਨ ਦੀ ਤਰ੍ਹਾਂ ਇਸ ਦੀ ਥਾਂ ਟੈਰੀਟੋਰੀਅਲ ਕੋਰਾਂ ਨਾਲ ਪੁਰ ਨਹੀਂ ਸੀ ਕੀਤੀ ਗਈ। ਪਰ ਮੁਕਾਮੀ ਵਾਲੰਟੀਅਰ ਕੋਰ ਨੂੰ ਪੱਕਿਆਂ ਕੀਤਾ ਗਿਆ, ਅਤੇ ਇਸ ਵਿਚ ਮਲਾਯ ਸਟੇਟ ਵਾਲੰਟੀਅਰ ਰਾਈਫਲਜ਼ ਦੇ ੮੬ ਜਵਾਨ ਮਿਲਾਏ ਗਏ। ਹਿੰਦੀ ਬਟਾਲੀਅਨ ਪੰਜਵੀਂ ਲਾਈਟ ਇਨਫੈਂਟਰੀ ਸੀ, ਜਿਸ ਵਿਚ ਸਾਰੇ ਮੁਸਲਮਾਨ ਸਨ, ਜੋ ਬਹੁਤੇ ਹਿੰਦੁਸਤਾਨ ਵਿਚੋਂ ਭਰਤੀ ਕੀਤੇ ਗਏ ਸਨ। ਇਕ ਟੋਲੀ ੩੬ ਨੰਬਰ ਸਿਖ ਪਲਟਨ, ਜਿਸ ਨੇ ਵਈ ਹਈ ਵਈ ਲੈਣ ਵਿਚ ਕੰਮ ਕੀਤਾ ਸੀ, ਵਿਚੋਂ ਭੀ ਸੀ। ਸਬੱਬੀਂ ਇਨ੍ਹਾਂ ਆਦਮੀਆਂ ਪਾਸ ਗੋਲੀ ਗਠਾ ਨਹੀਂ ਸੀ, ਅਤੇ ਆਪਣੀ ਪਲਟਨ ਨਾਲ ਸ਼ਾਮਲ ਹੋਣ ਵਾਸਤੇ ਉਡੀਕ ਕਰ ਰਹੇ ਸਨ।

ਫਰਵਰੀ ਵਿਚ, ਜਦੋਂ ਗਦਰ ਹੋਇਆ, ਬੰਦਰਗਾਹ ਵਿਚ ਕੇਵਲ ਇਕ ਬਰਤਾਨਵੀਂ ਛੋਟਾ ਜੰਗੀ ਜਹਾਜ਼ ਸੀ। ਪੰਜਵੀਂ ਪਲਟਨ ਹਾਂਗਕਾਂਗ ਜਾਣ ਵਾਸਤੇ ਤਿਆਰ ਸੀ, ਅਤੇ ਉਨ੍ਹਾਂ ਨੂੰ ਲੈ ਜਾਣ ਵਾਸਤੇ ਜਹਾਜ਼ ਤਿਆਰ ਖੜਾ ਸੀ। ਉਨ੍ਹਾਂ ਦੀਆਂ ਬਾਰਕਾਂ ਸਿੰਘਾਪਰ ਤੋਂ ਚਾਰ ਮੀਲ ਦਰ ਅਲੈਗਜ਼ੈਂਡਰਾ ਬਾਰਕਾਂ

*Rowlatt Report, p. 170.
†Isemonger and Slattery, p. 132

*San Francisco Trial, Testimony of various witnesses, p. 51.
†Ibid, p. 178.
‡Mandlay Case, Evidence, p. 59.

*Mandlay Case, Judgement, pp. 273, 285; Mandlay Case, Evidence, pp. 93-98.
†Mandlay Case, Evidence, p. 60.
‡Post Mortem on Malaya, Virginia Thompson, p. 241.
¶Turmoil and Tragedy in India, pp. 106-112.



Digitized by Panjab Digital Library | www.panjabdigilib.org

ਵਿਚ ਸਨ। ਛਤਵੀਂ ਪਲਟਨ ਦੀ ਟੋਲੀ ਟੈਂਗਲਿਨ ਬੈਰਕਾਂ ਦੇ ਲਾਗੇ ਸੀ, ਜਿਥੇ ਤਿਨ ਸੌ ਦੇ ਕਰੀਬ ਜਰਮਨ ਸ਼ਹਿਰੀ ਅਤੇ ਸਮੁੰਦਰੀ ਜਹਾਜ਼ਾਂ ਦੇ ਜਹਾਜ਼ੀ ਨਜ਼ਰਬੰਦ ਕੀਤੇ ਹੋਏ ਸਨ। ਨਜ਼ਰਬੰਦਾਂ ਦੇ ਇਸ ਕੈਂਪ ਦੀ ਰਖਵਾਲੀ ਪਹਿਲਾਂ ਪੰਜਵੀਂ ਪਲਟਨ ਦੇ ਸਪੁਰਦ ਸੀ, ਪਰ ਕਿਉਂਕਿ ਇਸ ਨੇ ੧੫ ਫਰਵਰੀ ਨੂੰ ਹਾਂਗਕਾਂਗ ਲਈ ਜਹਾਜ਼ ਉਤੇ ਚਲੇ ਜਾਣਾ ਸੀ, ਇਸ ਵਾਸਤੇ ਪਹਿਰੇ ਦਾ ਕੰਮ ਸਿੰਘਾਪੁਰ ਵਾਲੰਟੀਅਰ ਰਾਈਫਲਜ਼ ਅਤੇ ਕੁਝ ਜੋਹਰ ਰਿਆਸਤ ਦੇ ਫੌਜੀਆਂ ਦੇ ਹਵਾਲੇ ਕੀਤਾ ਗਿਆ। ਜੋਹਰ ਰਿਆਸਤ ਦੇ ਕੁਝ ਹੋਰ ਫੌਜੀ, ਹਥਿਆਰਾਂ ਤੋਂ ਬਿਨਾਂ, ਨਾਲ ਲਗਵੇਂ ਫੌਜੀ ਹਸਪਤਾਲ ਵਿਚ ਸਨ। ੧੪ ਫਰਵਰੀ ਨੂੰ ਚੀਨਿਆਂ ਦੇ ਨਵੇਂ ਸਾਲ ਦਾ ਤਿਉਹਾਰ ਸੀ, ਜਦੋਂ ਬਹੁਤ ਪਟਾਕੇ ਚਲਾਏ ਜਾਂਦੇ ਹਨ, ਜਿਸ ਦੇ ਖੜਾਕ ਕਰਕੇ ਗੋਲੀ ਚਲਣ ਦੇ ਖੜਾਕ ਵਲ ਬਹੁਤ ਧਿਆਨ ਨਹੀਂ ਸੀ ਦਿਤਾਂ ਜਾ ਸਕਦਾ।

੧੫ ਫਰਵਰੀ ਨੂੰ ਸਿੰਘਾਪੁਰ ਦੇ ਕਮਾਂਡਰ ਜੈਨਰਲ ਡੀ: ਰਿੱਡਊਟ ਨੇ ਜਹਾਜ਼ ਚੜ੍ਹਾਉਣ ਤੋਂ ਪਹਿਲੋਂ ਪੰਜਵੀਂ ਪਲਟਨ ਦਾ ਮੁਆਇਨਾ ਕੀਤਾ। ਸਭ ਕੁਝ ਚੁਪ ਚਾਪ ਅਤੇ ਅਮਨ ਅਮਾਨ ਵਿਚ ਜਾਪਦਾ ਸੀ। ਪਰ ਜਦੋਂ ਪਲਟਨ ਦਾ ਗੋਲੀ ਗਠਾ ਅਲੈਂਗਜ਼ੈਂਡਰਾ ਬਾਰਕਾਂ ਤੋਂ ਲਾਰੀਆਂ ਵਿਚ ਚੜ੍ਹਾਇਆ ਜਾ ਰਿਹਾ ਸੀ, ਇਕ ਗੋਲੀ ਚਲ ਗਈ। ਇਕ ਦੱਮ ਗਦਰ ਸ਼ੁਰੂ ਹੋ ਗਿਆ, ਅਤੇ ਜਿਨ੍ਹਾਂ ਅਮਨ ਬਹਾਲ ਕਰਨ ਦੀ ਕੋਸ਼ਸ਼ ਕੀਤੀ ਉਨ੍ਹਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਗਿਆ। ਦੋ ਬਰਤਾਨਵੀਂ ਅਫਸਰ ਜਿਵੇਂ ਕਿਵੇਂ ਲਾਗੇ ਠਹਿਰੀ ਹੋਈ ਮਲਾਯ ਸਟੇਟਸ ਵਾਲੰਟੀਅਰ ਰਾਈਫਲਜ਼ ਦੇ ਪਾਸ ਆਏ, ਅਤੇ ਉਸ ਦੇ ਕਮਾਂਡਰ ਪਾਸ ਇਹ ਵਾਕਫੀਅਤ ਪੁਚਾਣ ਵਿਚ ਕਾਮਯਾਬ ਹੋਏ ਕਿ ਉਨ੍ਹਾਂ ਦੀ ਪਲਟਨ ਨੇ ਬਗਾਵਤ ਕਰ ਦਿੱਤੀ ਹੈ।

'ਮਲਾਯ ਵਾਲੰਟੀਅਰ ਰਾਈਫਲਜ਼' ਦਾ ਕਮਾਂਡਰ ਕੈਪਟਨ ਸਮਿੱਥ ਆਪਣੇ ਜਵਾਨ ਲੈਕੇ ਬਾਗੀਆਂ ਦੀਆਂ ਲਾਈਨਾਂ ਵਲ ਆਇਆ, ਅਤੇ ਪੰਜਵੀਂ ਪਲਟਨ ਦੇ ਕਰਨੈਲ, ਲੈਫਟੀਨੈਂਟ ਕਰਨਲ ਮਾਰਟਨ ਦੇ ਘਰ ਪੁਜਿਆ, ਜਿਥੇ ਕਰਨੈਲ ਆਪ, ਤਿੰਨ ਅਫਸਰ ਅਤੇ ਇਕ ਇਸਤ੍ਰੀ ਪਨਾਹ ਲੈ ਰਹੇ ਸਨ। ਜਿਉਂ ਹੀ ਮਲਾਯ ਵਾਲੰਟੀਅਰਜ਼ ਵਧੇ, ਬਾਗੀਆਂ ਨੇ ਉਨ੍ਹਾਂ ਉਤੇ ਗੋਲੀਆਂ ਚਲਾਈਆਂ; ਪਰ ਬਗੈਰ ਨੁਕਸਾਨ ਉਠਾਣ ਦੇ ਉਹ ਕਰਨੈਲ ਦੇ ਘਰ ਪੁਜ ਗਏ, ਅਤੇ ਉਨ੍ਹਾਂ ਵੇਖਿਆ ਕਿ ਪੰਜਵੀਂ ਪਲਟਨ ਦੇ ਅਫਸਰ ਸਹੀ ਸਲਾਮਤ ਹਨ। ਘਰ ਦੇ ਬਚਾ ਲਈ ਇਕ ਦਮ ਪ੍ਰਬੰਧ ਕੀਤਾ ਗਿਆ।

ਬਾਗੀਆਂ ਨੂੰ ਪਹਿਲਾਂ ਤਾਂ ਕੁਝ ਸੁਝਿਆ ਨਾ ਕਿ ਉਹ ਕੀ ਕਰਨ। ਫਿਰ ਉਹ ਤਿੰਨਾਂ ਟੋਲੀਆਂ ਵਿਚ ਹੋ ਗਏ। ਇਕ ਟੋਲੀ ਜਰਮਨ ਨਜ਼ਰਬੰਦਾਂ ਦੇ ਕੈਂਪ ਦੇ ਪਹਿਰੇਦਾਰਾਂ ਉਤੇ ਕਾਬੂ ਪਾਕੇ ਕੈਦੀਆਂ ਨੂੰ ਰਿਹਾ ਕਰਨ ਵਾਸਤੇ, ਇਕ ਕਰਨੈਲ ਦੇ ਘਰ ਉਤੇ ਹੱਲਾ ਕਰਨ ਵਾਸਤੇ, ਅਤੇ ਤੀਸਰੀ ਸਿੰਘਾਪੁਰੋਂ ਆਉਂਦੀ ਕਿਸੇ ਮਦਦ ਨੂੰ ਰੋਕਣ ਵਾਸਤੇ। ਕੁਝ ਛੋਟੀਆਂ ਛੋਟੀਆਂ ਟੋਲੀਆਂ ਇੱਕੜ ਦੁੱਕੜ ਯੂਰਪੀਨਾਂ ਨੂੰ ਮਾਰਨ ਵਾਸਤੇ ਨਿਕਲ ਤੁਰੀਆਂ।

ਪਹਿਲਾਂ ਕਿਸੇ ਨੂੰ ਸੂਚਨਾ ਨਹੀਂ ਸੀ ਕਿ ਗਦਰ ਹੋ ਗਿਆ ਹੈ। ਗੋਲੀ ਦਾ ਖੜਾਕ ਜੇ ਸੁਣਿਆ ਵੀ ਗਿਆ ਤਾਂ ਇਹ ਸਮਝਿਆ ਗਿਆ ਕਿ ਚੀਨੇ ਪਟਾਕੇ ਚਲਾ ਰਹੇ ਹਨ। ਮੇਜਰ ਜੈਨਰਲ ਰਿੱਡਊਟ ਦਾ ਬੰਗਲਾ ਟੈਂਗਲਿਨ ਸੀ, ਜਿਥੇ ਉਹ ਮਲੇਰੀਏ ਦੇ ਹੱਲੇ ਪਿਛੋਂ ਆਰਾਮ ਕਰ ਰਿਹਾ ਸੀ। ਸੁਹਾਵਣੀ ਸ਼ਾਮ ਸੀ ਅਤੇ ਕਈ ਆਦਮੀ ਗੋਲਫ ਖੇਡ ਰਹੇ ਸਨ। ਅਚਾਨਕ ਜੈਨਰਲ ਨੂੰ ਕਰਨਲ ਮਾਰਟਿਨ ਦਾ ਟੈਲੀਫੋਨ ਆਇਆ ਕਿ ਉਸ ਦੀ ਪਲਟਨ ਨੇ ਬਗਾਵਤ ਕਰ ਦਿੱਤੀ ਹੈ, ਕਿ ਉਹ ਮਲਾਯ ਸਟੇਟਸ ਵਾਲੰਟੀਅਰਾਂ ਨਾਲ ਆਪਣੇ ਬੰਗਲੇ ਵਿਚ ਹੈ, ਅਤੇ ਸਵੇਰ ਤਕ ਉਹ ਮੁਕਾਬਲਾ ਕਰ ਸਕੇਗਾ। ਜੈਨਰਲ ਨੇ ਗਵਰਨਰ ਸਰ ਆਰਥਰ ਯੰਗ ਵਲ ਇਕ ਦਮ ਸੁਨੇਹਾ ਭੇਜ ਦਿਤਾ, ਅਤੇ ਆਪਣੀ ਸੁਪੱਤਨੀ ਨੂੰ ਕਹਿ ਦਿੱਤਾ ਕਿ ਨਜ਼ਰਬੰਦਾਂ ਦੇ ਕਮਾਂਡਰ ਨੂੰ ਟੈਲੀਫੋਨ ਕਰ ਦੇਵੇ। ਆਪ ਜੈਨਰਲ ਜਲਦੀ ਜਲਦੀ ਕਪੜੇ ਪਾਕੇ ਮੋਟਰਕਾਰ ਵਿਚ ਸਿੰਘਾਪੁਰ ਨੂੰ ਚਲਾ ਗਿਆ, ਤਾਕਿ ਜਿਹੜੇ ਬਚੇ ਖੁਚੇ ਸਿਪਾਹੀ ਮਿਲਣ ਉਨ੍ਹਾਂ ਨੂੰ ਅਕੱਠਿਆਂ ਕਰੇ। ਜੈਨਰਲ ਦੀ ਸੁਪੱਤਨੀ ਨੇ ਜਦ ਨਜ਼ਰਬੰਦਾਂ ਦੇ ਕੈਂਪ ਨੂੰ ਫੋਨ ਕੀਤਾ ਤਾਂ ਉਸ ਨੇ ਓਹ ਗੋਲੀ ਦੀ ਆਵਾਜ਼ ਸੁਣੀ ਜਿਸ ਨਾਲ ਲੈਫਟੀਨੈਂਟ ਮੌਂਟਗੁਮਰੀ, ਜੋ ਉਸਦਾ ਟੈਲੀਫੋਨ ਸੁਣ ਰਿਹਾ ਸੀ, ਮਾਰਿਆ ਗਿਆ। ਖਬਰਦਾਰ ਹੋ ਜਾਣ ਦੀ ਇਤਲਾਹ ਮਿਲਣ ਤੋਂ ਪਹਿਲੋਂ ਬਾਗੀਆਂ ਨੇ ਕੈਂਪ ਉਤੇ ਹੱਲਾ ਕਰ ਦਿੱਤਾ ਸੀ। ਕੈਂਪ ਦਾ ਕਮਾਂਡਰ, ਤਿੰਨ ਅਫਸਰ ਅਤੇ ਸਤ ਛੋਟੇ ਹੁਦੇਦਾਰ ਅਤੇ ਜਵਾਨ ਉਥੇ ਹੀ ਚਿੱਤ ਕੀਤੇ ਗਏ। ਇਕ ਜਰਮਨ ਜੰਗੀ ਕੈਦੀ ਅਤੇ ਜੋਹਰ ਰਿਆਸਤ ਦਾ ਫੌਜੀ ਮਾਰਿਆ ਗਿਆ। ਤਿੰਨ ਹੋਰ ਗੋਰੇ ਅਤੇ ਇਕ ਜਰਮਨ ਜ਼ਖਮੀ ਕੀਤੇ ਗਏ ਅਤੇ ਮੁਰਦੇ ਸਮਝਕੇ ਛਡੇ ਗਏ। ਪਾਸ ਹੀ ਜੋ ਛਤਵੀਂ ਪਲਟਣ ਦੀ ਟੋਲੀ ਸੀ ਉਹ ਹਥਿੱਆਰ ਲੈਕੇ ਨਿਕਲੀ, ਪਰ ਉਸ ਪਾਸ ਗੋਲੀ ਗੱਠਾ ਨਾ ਹੋਣ ਕਰਕੇ ਬਟੈਨੀਕਲ ਗਾਰਡਨਜ਼ ਨੂੰ ਚਲੀ ਗਈ। ਅਗਲੇ ਦਿਨ ਉਨ੍ਹਾਂ ਨੂੰ ਗੋਲੀ ਗੱਠਾ ਦਿੱਤਾ ਗਿਆ, ਅਤੇ ਉਹ ਜਨਰਲ ਰਿੱਡਊਟ ਦੇ ਅਕੱਠੇ ਕੀਤੇ ਸਿਪਾਹੀਆਂ ਵਿਚ ਸ਼ਾਮਲ ਹੋ ਗਈ।

ਨਜ਼ਰਬੰਦਾਂ ਦੇ ਕੈਂਪ ਦੇ ਪਹਿਰੇਦਾਰਾਂ ਦਾ ਖਾਤਮਾ ਕਰਕੇ ਬਾਗੀਆਂ ਨੇ ਕੈਂਪ ਦੀ ਤਾਰਾਂ ਵਾਲੀ ਵਾੜ ਤੋੜ ਦਿੱਤੀ, ਅਤੇ ਕੈਦੀਆਂ ਨਾਲ ਹੱਥ ਮਿਲਾਕੇ ਉਨ੍ਹਾਂ ਨੂੰ ਨਾਲ ਮਿਲਾਉਣ ਦੀ ਕੋਸ਼ਸ਼ ਕੀਤੀ। ਦੋ ਜਰਮਨ ਮਰ ਚੁਕੇ ਸਨ। ਐਮਡਨ ਦੇ ਇਕ ਅਫਸਰ ਅਤੇ ਪੰਜ ਜਹਾਜ਼ੀਆਂ ਨੇ ਨਾਲ ਮਿਲਣੋਂ ਨਾਂਹ ਕਰ ਦਿੱਤੀ, ਅਤੇ ਸਾਰੇ ਕੈਦੀਆਂ ਨੇ ਉਹ ਹਥਿੱਆਰ ਅਤੇ ਗੋਲੀ ਗੱਠਾ ਲੈਣੋਂ ਨਾਂਹ ਕਰ ਦਿੱਤੀ, ਜੋ ਉਨ੍ਹਾਂ ਨੂੰ ਪੇਸ਼ ਕੀਤਾ ਗਿਆ। ਇਸ ਦਾ ਵੱਡਾ ਕਾਰਨ ਸ਼ਾਇਦ ਡਾਕਟਰ ਮੇਜਰ ਵਿਲੀਅਮਸਨ ਦੀ ਪ੍ਰੇਰਨਾ ਸੀ, ਜਿਸ ਨੇ ਜਾਨ ਦਾ ਖਤਰਾ ਮੁਲ ਲੈਂਦਿਆਂ ਹੋਇਆਂ ਨਜ਼ਰਬੰਦਾਂ ਨੂੰ ਖਬਰਦਾਰ ਕੀਤਾ ਕਿ ਬਾਗੀਆਂ ਦਾ ਜਲਦੀ ਹੀ ਖਾਤਮਾ ਕਰ ਦਿੱਤਾ ਜਾਵੇਗਾ। ਸ਼ਾਮ ਦੇ ਪੰਜ ਵਜੇ ਬਾਗੀ ਮਾਯੂਸ ਹੋ ਕੇ ਚਲੇ ਗਏ, ਅਤੇ ਕੈਦੀਆਂ ਨੇ ਜ਼ਖਮੀਆਂ ਨੂੰ ਅਕੱਠਿਆਂ ਕਰਨ ਅਤੇ ਉਨ੍ਹਾਂ ਦੀ ਸਹਾਇਤਾ ਕਰਨ ਵਿਚ ਡਾਕਟਰਾਂ ਦੀ ਮਦਦ ਕੀਤੀ।

ਦੂਸਰੀ ਟੋਲੀ, ਜੋ ਜਰਨਲ ਮਾਰਟਨ ਦੇ ਘਰ ਉਤੇ ਹੱਲਾ ਕਰ ਰਹੀ ਸੀ, ਨੂੰ ਵੀ ਕੋਈ ਕਾਮਯਾਬੀ ਨਾ ਹੋਈ। ਕੇਵਲ ਸਾਰੀ ਰਾਤ ਗੋਲੀ ਚਲਦੀ ਰਹੀ।

ਤੀਸਰੀ ਟੋਲੀ ਜੋ ਸਿੰਘਾਪੁਰ ਸੜਕ ਵਲ ਗਈ ਸੀ, ਨੇ ਜੋ ਯੂਰਪੀਨ ਸਾਹਮਣੇ ਆਇਆ ਮਾਰ ਦਿੱਤਾ। ਬਾਗੀਆਂ ਦੀਆਂ ਇੱਕੜ ਦੁੱਕੜ ਟੋਲੀਆਂ ਵਿਚੋਂ ਇਕ ਕੇਂਦ੍ਰੀ ਪੋਲੀਸ ਦੇ ਠਾਣੇ ਪੁਜ ਗਈ, ਜਿਥੇ ਸਿਖ ਪੁਲਸ ਦਾ ਪਹਿਰਾ ਸੀ। ਬਾਗੀਆਂ ਨੇ ਇਨ੍ਹਾਂ ਵਿਚੋਂ ਦੋ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿਤਾ, ਜਿਸ ਕਰਕੇ ਸਿਖ ਪੁਲਸ ਬਾਗੀਆਂ ਦੇ ਵਿਰੁਧ ਭੜਕ ਉਠੀ। ਇਸੇ ਤਰ੍ਹਾਂ ਬਾਗੀਆਂ ਦੀਆਂ ਇੱਕੜ ਦੁੱਕੜ ਟੋਲੀਆਂ ਸ਼ਹਿਰ ਦਾ ਚੱਕਰ ਕਢਦੀਆਂ ਰਹੀਆਂ ਅਤੇ ਯੂਰਪੀਨਾਂ ਨੂੰ ਮਾਰਦੀਆਂ ਰਹੀਆਂ।

ਪ[illegible] ਡੁਬਣ ਤੋਂ ਪਹਿਲੋਂ ਬਗਾਵਤ ਬਾਰੇ



Digitized by Panjab Digital Library | www.panjabdigilib.org

ਆਮ ਪਤਾ ਲਗ ਚੁਕਾ ਸੀ। ਗਵਰੱਨਰ ਜੈਨਰਲ ਰਿੱਡਊਟ ਅਤੇ ਐਡਮਿਰਲ ਮਾਰਟਨ ਜੈਰਾਮ ਮਿਲਕੇ ਵੀਚਾਰ ਕਰ ਰਹੇ ਸਨ ਕਿ ਕੀ ਕੀਤਾ ਜਾਏ। ਜੋ ਸਿਪਾਹੀ ਮਿਲ ਸਕੇ ਉਨ੍ਹਾਂ ਨੂੰ ਅਕੱਠਿਆਂ ਕਰਕੇ ਸਨੱਧਬੱਧ ਕੀਤਾ ਗਿਆ। ਇਕ ਫਰਾਂਸੀਸੀ ਅਤੇ ਇਕ ਜਾਪਾਨੀ ਜੰਗੀ ਜਹਾਜ਼, ਜੋ ਸਿੰਘਾਪੁਰ ਦੇ ਲਾਗੇ ਸਨ, ਨੂੰ ਵਾਇਰਲੈਸ ਰਾਹੀਂ ਬੁਲਾਇਆ ਗਿਆ, ਅਤੇ ਜੋਹਰ ਦੇ ਸੁਲਤਾਨ ਨੂੰ ਸੁਨੇਹਾਂ ਭੇਜਿਆ ਗਿਆ, ਜੋ ਸ਼ਾਮ ਦੇ ਸਤ ਵਜੇ ਤੱਕ ਆਪਣੇ ਡੂਢ ਸੌ ਫੌਜੀ ਲੈਕੇ ਆ ਗਿਆ। ਜੋ ਬਰਤਾਨਵੀ ਛੋਟਾ ਜੰਗੀ ਜਹਾਜ਼ ਸੀ, ਉਸ ਨੂੰ ਇਕ ਟੋਲੀ ਸਿੰਘਾਪੁਰ ਭੇਜਣ ਲਈ ਆਖਿਆ ਗਿਆ। ਸ਼ਹਿਰ ਵਿਚ ਮਾਰਸ਼ਲ-ਲਾ ਦਾ ਐਲਾਨ ਕੀਤਾ ਗਿਆ ਅਤੇ ਆਤਸ਼ਬਾਜ਼ੀ ਚਲਾਉਣੀ ਮਨਾਹ ਕਰ ਦਿੱਤੀ ਗਈ। ਬਹੁਤ ਸਾਰੇ ਯੂਰਪੀਨ, ਜੋ ਅਗੇ ਹੀ ਸਪੈਸ਼ਲ ਕਨਸਟੇਬਲ ਦੇ ਤੌਰ ਉਤੇ ਭਰਤੀ ਹੋਏ ਹੋਏ ਸਨ, ਬੁਲਾਏ ਗਏ, ਅਤੇ ਸਾਰੀ ਪੁਲਸ ਨੂੰ ਹਥਿਆਰ ਦਿੱਤੇ ਗਏ। ਪਰ ਭਿਨ ਭਿਨ ਤਰ੍ਹਾਂ ਦੇ ਆਦਮੀ ਅਕੱਠਿਆਂ ਕਰਦਿਆਂ ਨੂੰ ਰਾਤ ਪੈ ਚੁਕੀ ਸੀ। ਇਸ ਕਿਸਮ ਦੀ ਮਿਲਗੋਭਾ ਫੌਜ ਨਾਲ ਰਾਤ ਕੁਝ ਕਾਰਰਵਾਈ ਕਰਨੀ ਉਚਿੱਤ ਨਹੀਂ ਸੀ, ਇਸ ਵਾਸਤੇ ਬਾਗੀਆਂ ਉਤੇ ਸਵੇਰੇ ਹੱਲਾ ਕਰਨ ਦੀ ਤਿਆਰੀ ਕਰਨ ਤੋਂ ਸਿਵਾ ਕੁਝ ਨਾ ਕੀਤਾ ਗਿਆ। ਸਿਰਫ ਸ਼ਹਿਰ ਦੇ ਉਦਾਲੇ ਪਹਿਰੇ ਲਾਏ ਗਏ।

ਸਵੇਰੇ ਪਹੁ ਫੁਟਨ ਉਤੇ ਅਕੱਠੀ ਕੀਤੀ ਹੋਈ ਮਿਲਗੋਭਾ ਫੌਜ ਕੈਪਲ ਹਾਰਬਰ ਤੋਂ ਬਾਗੀਆਂ ਦੀਆਂ ਬਾਰਕਾਂ ਵਲ ਮੋਟਰਾਂ ਵਿਚ ਗਈ। ਉਨ੍ਹਾਂ ਨੂੰ ਆਉਂਦਿਆਂ ਵੇਖਕੇ ਬਾਗੀਆਂ ਨੇ ਉਨ੍ਹਾਂ ਉਤੇ ਗੋਲੀਆਂ ਚਲਾਈਆਂ, ਪਰ ਕੋਈ ਨੁਕਸਾਨ ਨਾ ਹੋਇਆ। ਬਾਰਕਾਂ ਉਤੇ ਕਬਜ਼ਾ ਕਰ ਲਿਆ ਗਿਆ, ਪਰ ਬਾਰਕਾਂ ਵਿਚ ਬਹੁਤੇ ਬਾਗੀ ਨਹੀਂ ਸਨ। ਬਾਗੀ ਨਾਲ ਦੀ ਇਕ ਉੱਚੀ ਥਾਂ ਤੇ ਸਨ, ਜਿਥੋਂ ਉਹ ਗੋਲੀ ਚਲਾ ਰਹੇ ਸਨ। ਬਾਰਕਾਂ ਤੋਂ ਕਰਨਲ ਮਾਰਟਨ ਦੇ ਘਰ ਅਪੜਿਆ ਗਿਆ; ਅਤੇ ਉਥੋਂ ਅਫਸਰਾਂ, ਇਸਤ੍ਰੀ ਅਤੇ ਮਲਾਯ ਸਟੇਟਸ ਵਾਲੰਟੀਅਰਾਂ ਨੂੰ ਸਹੀ ਸਲਾਮਤ ਕਢਿਆ ਗਿਆ। ਸਿਰਫ ਦੋ ਮਾਰੇ ਗਏ ਅਤੇ ਤਿੰਨ ਜ਼ਖਮੀ ਹੋਏ।

ਇਸ ਕਾਰਰਵਾਈ ਦੇ ਦੌਰਾਨ ਵਿਚ ਹੀ ਦੋ ਸੌ ਯੂਰਪੀਨਾਂ ਨੂੰ ਸਨਧਬੱਧ ਕੀਤਾ ਗਿਆ ਸੀ, ਅਤੇ ਜਾਪਾਨੀ ਸਪੈਸ਼ਲ ਕਨਸਟੇਬਲਾਂ ਦਾ ਇਕ ਜਥਾ ਭਰਤੀ ਕੀਤਾ ਗਿਆ। ਯੂਰਪੀਨ ਇਸਤ੍ਰੀਆਂ ਅਤੇ ਬਚਿਆਂ ਨੂੰ ਜਹਾਜ਼ ਵਿਚ ਲਿਜਾਇਆ ਗਿਆ। ਜੋਹਰ ਦੀਆਂ ਵਡੀਆਂ ਕਿਸ਼ਤੀਆਂ ਸਮੁੰਦਰ ਦੇ ਕੰਢੇ ਗਸ਼ਤ ਕਰ ਰਹੀਆਂ ਸਨ ਅਤੇ ਜਰਮਨ ਕੈਦੀਆਂ ਦੀ ਭਾਲ ਵਿਚ ਸਨ, ਜਿਨ੍ਹਾਂ ਦੇ ਰਵਈਏ ਬਾਰੇ ਅਜੇ ਪਤਾ ਨਹੀਂ ਸੀ ਲਗਾ।

ਅਗਲੇ ਦਿਨ ੧੭ ਤਰੀਕ ਨੂੰ ਐਡਮਰਲ ਹੂਗਯੂਅਟ ਜੰਗੀ ਜਹਾਜ਼ ਵਿਚ ਆ ਗਿਆ, ਅਤੇ ਉਸ ਨੇ ੧੭੦ ਜੰਗੀ ਜਹਾਜ਼ਾਂ ਦੇ ਫੌਜੀ, ੭੬ ਹੋਰ ਜਾਪਾਨੀ ਅਤੇ ਮਸ਼ੀਨ ਗਨਾਂ ਆ ਉਤਾਰੀਆਂ। ਇਸ ਦੌਰਾਨ ਵਿਚ ਗਸ਼ਤੀ ਪਾਰਟੀਆਂ ਨੇ ਬਾਗੀਆਂ ਦੀਆਂ ਖਿੰਡੀਆਂ ਪੁੰਡੀਆਂ ਟੋਲੀਆਂ ਨੂੰ ਕਾਬੂ ਕਰਨਾ ਸ਼ੁਰੂ ਕਰ ਦਿਤਾ ਸੀ। ਬਾਗੀਆਂ ਦੇ ਹੌਂਸਲੇ ਹੁਣ ਢੱਠਣੇ ਸ਼ੁਰੂ ਹੋ ਗਏ, ਅਤੇ ੧੭ ਤਾਰੀਖ ਦੀ ਸ਼ਾਮ ਤਕ ੪੨੨ ਬਾਗੀ ਫੜੇ ਗਏ।

੧੮ ਤਾਰੀਖ ਦੀ ਸਵੇਰ ਤਕ ਜਨਰਲ ਰਿੱਡਊਟ ਪਾਸ ਇਤਨੇ ਫੌਜੀ ਹੋ ਗਏ ਸਨ ਕਿ ਉਹ ਸਾਰੀ ਬਗਾਵਤ ਉਤੇ ਕਾਬੂ ਪਾ ਸਕੇ। ਓਧਰ ਬਾਗੀ ਟੋਲੀਆਂ ਬਣ ਬਣ ਕੇ ਖਿੰਡਣੇ ਪੁੰਡਣੇ ਸ਼ੁਰੂ ਹੋ ਗਏ, ਜਿਨ੍ਹਾਂ ਵਿਚੋਂ ਕਈ ਖੁਰਾਕ ਦੀ ਥੁੜ ਹੋ ਜਾਣ ਕਰਕੇ ਫੜੇ ਗਏ। ੧੮ ਤਾਰੀਖ ਦੀ ਸ਼ਾਮ ਤਕ ਹਾਲਤ ਉਤੇ ਪੂਰਾ ਕਾਬੂ ਪਾਇਆ ਜਾ ਚੁਕਾ ਸੀ, ਅਤੇ ਸ਼ਹਿਰੀ ਆਪਣੇ ਘਰਾਂ ਵਿਚ ਦਲੇ ਗਏ। ਸਿਰਫ ਤਿੰਨ ਸੌ ਦੇ ਕਰੀਬ ਬਾਗੀ ਅਜੇ ਫੜੇ ਨਹੀਂ ਗਏ ਸਨ, ਅਤੇ ਇਹ ਜੰਗਲਾਂ ਵਿਚ ਧੱਕੇ ਜਾ ਚੁਕੇ ਸਨ। ਬਹੁਤੇ ਜਰਮਨ ਕੈਦੀ ਕੈਂਪ ਵਿਚ ਨਵੇਂ ਪਹਿਰੇਦਾਰਾਂ ਦੀ ਉਡੀਕ ਵਿਚ ਬੈਠੇ ਰਹੇ।

ਸਿੰਘਾਪੁਰ ਦੀ ਬਗਾਵਤ ਵਿਚ ਯੂਰਪੀਨਾਂ ਦੇ ੮ ਅਫਸਰ, ਇਕ ਇਸਤ੍ਰੀ, ੯ ਫੌਜੀ ਸਿਪਾਹੀ ਅਤੇ ੧੬ ਸ਼ਹਿਰੀ ਮਾਰੇ ਗਏ। ਬਾਗੀਆਂ ਦੇ ਜੋ ਜਵਾਨ ਲੜਾਈ ਵਿਚ ਜਾਂ ਜੰਗਲਾਂ ਵਿਚ ਮਾਰੇ ਗਏ ਦਾ ਹਸਾਬ ਨਹੀਂ। ਕੋਰਟ ਮਾਰਸ਼ਲ ਕੀਤੇ ਗਏ ਬਾਗੀਆਂ ਵਿਚੋਂ ੪੧ ਨੂੰ ਮੌਤ ਦੀ ਸਜ਼ਾ ਦਿੱਤੀ ਗਈ, ਅਤੇ ੧੨੫ ਨੂੰ ਇਸ ਤੋਂ ਘੱਟ ਸਜ਼ਾਵਾਂ*।

ਲੈਫਟੀਨੈਂਟ ਜੈਨਰਲ ਸਰ ਜਾਰਜ ਮੈਕਮੁਨ ਦੀ ਰਾਏ ਹੈ ਕਿ ਸਿੰਘਾਪੁਰ ਗਦਰ ਬੜੀ ਭਿਆਨਕ ਸੂਰਤ ਧਾਰਨ ਕਰ ਸਕਦਾ ਸੀ†; ਕਿਉਂਕਿ ਮਲਾਯ ਵਿਚ ਉਸ ਸਮੇਂ ਬਾਕਾਇਦਾ ਗੋਰਾ ਫੌਜ ਨਹੀਂ ਸੀ, ਅਤੇ ਮਲਾਯ ਵਿਚ ਦੂਸਰੀ ਹਿੰਦੀ ਪਲਟਨ (ਮਲਾਯ ਸਟੇਟਸ ਗਾਈਡਜ਼) ਵੀ ਗਦਰ ਕਰਨ ਵਾਸਤੇ ਤਿਆਰ ਸੀ। ਅਜਿਹਾ ਨਾ ਹੋ ਸਕਣ ਦਾ ਵਡਾ ਕਾਰਨ ਇਹ ਸੀ ਕਿ ਗਦਰੀਆਂ ਦੇ ਸਾਹਮਣੇ ਸਾਫ ਇਨਕਲਾਬੀ ਨਿਸ਼ਾਨਾ ਨਹੀਂ ਸੀ। ਨਾ ਇਸ ਨੂੰ ਨੇਪਰੇ ਚਾੜ੍ਹਨ ਲਈ ਵੀਚਾਰੀ ਹੋਈ ਪਲੈਨ ਸੀ, ਅਤੇ ਨਾ ਇਸ ਦੀ ਅਗਵਾਈ ਦ੍ਰਿੜ ਇਨਕਲਾਬੀ ਕਰ ਰਹੇ ਸਨ। ਉਨ੍ਹਾਂ ਨੂੰ ਇਨਕਲਾਬੀ ਦੀ ਬਜਾਏ ਫੌਜੀ ਗਦਰੀ ਕਹਿਣਾ ਵਧੇਰੇ ਦਰੁਸਤ ਹੈ; ਕਿਉਂਕਿ ਭਾਵੇਂ ਅੰਗਰੇਜ਼ਾਂ ਦੇ ਵਿਰੁਧ ਉਨ੍ਹਾਂ ਵਿਚ ਜਜ਼ਬਾ ਪੈਦਾ ਹੋ ਚੁਕਾ ਸੀ, ਅਤੇ ਉਨ੍ਹਾਂ ਅੰਗਰੇਜ਼ਾਂ ਵਿਰੁਧ ਬਗਾਵਤ ਕੀਤੀ ਵੀ, ਪਰ ਉਨ੍ਹਾਂ ਦੇ ਗਦਰ ਦੀ ਰੰਗਤ ਰਾਜਨੀਤਕ ਇਨਕਲਾਬ ਦੀ ਬਜਾਏ ਫੌਜੀ ਬਗਾਵਤ ਦੀ ਵਧੇਰੇ ਸੀ। ਅਜਿਹਾ ਨਾ ਹੁੰਦਾ ਤਾਂ ਉਹ ਸਿਖ ਪੁਲਸੀਆਂ ਨੂੰ ਅਜਾਈਂ ਆਪਣੇ ਵਿਰੁਧ ਨਾ ਕਰ ਲੈਂਦੇ। ਸਿੰਘਾਪੁਰ ਦਾ ਗਦਰ ਫੇਲ ਹੋਣ ਦਾ ਦੂਸਰਾ ਵੱਡਾ ਕਾਰਨ ਇਹ ਸੀ ਕਿ ਸਿੰਘਾਪੁਰ ਹਿੰਦ ਤੋਂ ਬਾਹਰ ਸੀ, ਜਿਥੋਂ ਦੀ ਵਸੋਂ ਦੀ ਹਿੰਦੀਆਂ ਨਾਲ ਹਮਦਰਦੀ ਨਹੀਂ ਸੀ। ਜੇਕਰ ਸਿੰਘਾਪੁਰ ਹਿੰਦ ਵਿਚ ਹੁੰਦਾ, ਤਾਂ ਵਡੀ ਗਲ ਸੀ ਕਿ ਓਥੇ ਹੋਏ ਗਦਰ ਦੀ ਅੱਗ ਸਾਰੇ ਦੇਸ ਵਿਚ ਖਿਲਰ ਜਾਂਦੀ। ਗਦਰ ਪਾਰਟੀ ਦੀ ਪਲੈਨ ਦਾ ਇਕ ਹਿੱਸਾ ਇਹ ਵੀ ਸੀ ਕਿ ਹਿੰਦ ਵਿਚ ਬਲਵਾ ਹੋ ਜਾਣ ਦੀ ਸੂਰਤ ਵਿਚ ਹਿੰਦ ਦੇ ਗਵਾਂਢੀ ਮੁਲਕਾਂ ਵਿਚ ਹਿੰਦੀ ਫੌਜਾਂ ਤੋਂ ਗਦਰ ਕਰਵਾਇਆ ਜਾਏ, ਤਾ ਕਿ ਅੰਗਰੇਜ਼ਾਂ ਨੂੰ ਥਾਂ ਥਾਂ ਹੱਥਾਂ ਪੈਰਾਂ ਦੀ ਪੈ ਜਾਏ, ਅਤੇ ਉਹ ਹਿੰਦ ਵਿਚ ਹੋਈ ਬਗਾਵਤ ਨੂੰ ਦਬਾਉਣ ਵਾਸਤੇ ਆਪਣੀ ਸਾਰੀ ਤਾਕਤ ਅਕੱਠੀ ਨਾ ਕਰ ਸਕਣ। ਜੇਕਰ ਇਨਕਲਾਬੀਆਂ ਦੇ ਹਿੰਦ ਅਤੇ ਹਿੰਦ ਤੋਂ ਬਾਹਰਲੇ ਯਤਨਾਂ ਵਿਚਕਾਰ ਇਸ ਤਰ੍ਹਾਂ ਦਾ ਤਾਲ ਮੇਲ ਪੈਦਾ ਹੋ ਜਾਂਦਾ, ਤਾਂ ਵੀ ਸਿੰਘਾਪੁਰ ਦਾ ਗਦਰ ਇਕ ਮਤਲਬ ਹੱਲ ਕਰਨ ਵਿਚ ਸਹਾਇਕ ਹੋ ਸਕਦਾ ਸੀ। ਪਰ ਕਿਉਂਕਿ ਐਸਾ ਨਾ ਹੋ ਸਕਿਆ, ਅਤੇ ਫੌਜੀ ਗਦਰੀਆਂ ਦੇ ਸਾਹਮਣੇ ਕੋਈ ਸਪੱਸ਼ਟ ਇਨਕਲਾਬੀ ਪਲੈਨ ਅਤੇ ਨਿਸ਼ਾਨਾ ਨਹੀਂ ਸੀ, ਇਸ ਵਾਸਤੇ ਸਿੰਘਾਪੁਰ ਦੇ ਗਦਰ ਦਾ ਖਾਸ ਅਮਲੀ ਸਿੱਟਾ ਨਾ ਨਿਕਲ ਸਕਿਆ, ਸਵਾਏ ਇਹ ਜ਼ਾਹਰ ਕਰਨ ਦੇ ਕਿ ਹਿੰਦੀ ਪਲਟਨਾਂ ਨੂੰ ਗਦਰ ਵਾਸਤੇ ਪ੍ਰੇਰਨ ਲਈ ਹਾਲਾਤ ਕਿਤਨੇ ਮੁਆਫਕ ਸਨ।

*Post Mortem on Malay, Virginia Thompon. p. 241.

†Macmunn, p. 112.



Digitized by Panjab Digital Library | www.panjabdigilib.org

# ਇੱਕੀਵਾਂ ਕਾਂਡ

# ਹੋਰਨਾਂ ਨਾਲ ਮਿਲ ਕੇ

**ਇਸ** ਕਾਂਡ ਨਾਲ ਗਦਰ ਪਾਰਟੀ ਲਹਿਰ ਅਤੇ ਗਦਰ ਪਾਰਟੀ ਦਾ ਵੀ ਇਕ ਨਵਾਂ ਕਾਂਡ ਆਰੰਭ ਹੁੰਦਾ ਹੈ। ਗਦਰ ਪਾਰਟੀ ਲਹਿਰ ਦੇ ਪਿੱਛੇ ਦਿੱਤੇ ਜਾ ਚੁਕੇ ਇਤਹਾਸ ਨਾਲੋਂ ਇਸ ਨੂੰ ਨਿਖੇੜਨ ਵਾਲੇ ਵਿਸ਼ੇਸ਼ ਚਿਨ੍ਹ ਇਹ ਹਨ :–

(ੳ) ਹਿੰਦ ਵਿਚ ਗਦਰ ਪਾਰਟੀ ਲਹਿਰ ਫੇਲ੍ਹ ਹੋਣ ਦੇ ਵਡੇ ਕਾਰਨਾਂ ਵਿਚੋਂ ਇਕ ਇਹ ਸੀ ਕਿ ਅੰਗਰੇਜ਼ਾਂ ਦੀਆਂ ਦੁਸ਼ਮਣ ਤਾਕਤਾਂ ਜਰਮਨੀ ਆਦਿ ਨਾਲ ਵੇਲੇ ਸਿਰ ਕਾਰਗਰ ਮਿਲਵਰਤਣ ਪੈਦਾ ਨਾ ਕੀਤਾ ਜਾ ਸੱਕਿਆ*। ਹੁਣ ਨਾ ਕੇਵਲ ਜਰਮਨੀ ਨਾਲ ਤਾਲ ਮੇਲ ਕਾਇਮ ਹੋ ਗਿਆ, ਬਲਕਿ ਇਨਕਲਾਬੀਆਂ ਦੀ ਅਗਵਾਈ ਅਤੇ ਮਾਲੀ ਸਹਾਇਤਾ ਵਿਚ ਬਹੁਤਾ ਹੱਥ, ਬਰਲਨ ਵਿਚ ਬਣੀ ਹਿੰਦੀ ਇਨਕਲਾਬੀਆਂ ਦੀ ਕਮੇਟੀ ਰਾਹੀਂ ਅਤੇ ਕੁਝ ਹੱਦ ਤਕ ਸਿੱਧਾ, ਜਰਮਨੀ ਦਾ ਹੋ ਗਿਆ।

(ਅ) ਜਿੱਥੇ ਹਿੰਦ ਵਿਚਲੀ ਗਦਰ ਪਾਰਟੀ ਲਹਿਰ ਦੀ ਉਸਾਰੀ, ਚੰਦ ਇਕ ਬੰਗਾਲੀ ਇਨਕਲਾਬੀਆਂ ਦੀ ਮਿਲਵਰਤਣ ਦੇ ਸਵਾਏ, ਤਕਰੀਬਨ ਸਾਰੀ ਦੀ ਸਾਰੀ ਗਦਰ ਪਾਰਟੀ ਦੇ ਇਨਕਲਾਬੀਆਂ ਦੇ ਯਤਨਾਂ ਦਾ ਸਿੱਟਾ ਸੀ, ਇਸ ਕਾਂਡ ਵਿਚ ਦਿੱਤੇ ਇਤਹਾਸ ਵਿਚ, ਸਵਾਏ ਸਿਆਮ ਅਤੇ ਬਰਮਾ ਵਿਚ ਹੋਈਆਂ ਕਾਰਰਵਾਈਆਂ ਦੇ, ਗਦਰੀ ਇਨਕਲਾਬੀਆਂ ਦਾ ਹਿੱਸਾ ਇਤਨਾ ਉੱਘਾ ਨਹੀਂ। ਅਰਥਾਤ ਗਦਰ ਪਾਰਟੀ ਲਹਿਰ ਉਸ ਵਡੇ ਦਾਇਰੇ ਵਾਲੀ ਇਨਕਲਾਬੀ ਲਹਿਰ ਦਾ ਇੱਕ ਹਿੱਸਾ ਬਣਕੇ ਕੰਮ ਕਰਨ ਲਗ ਪਈ, ਜੋ ਗਦਰੀ ਅਤੇ ਗੈਰ-ਗਦਰੀ ਸਾਰੇ ਹਿੰਦੀ ਇਨਕਲਾਬੀਆਂ ਦੇ ਜਰਮਨ ਅਤੇ ਹੋਰ ਦੇਸਾਂ ਦੇ ਅੰਗਰੇਜ਼ ਵਿਰੋਧੀ ਅਨਸਰਾਂ ਨਾਲ ਮਿਲਵਰਤਣ ਤੋਂ ਪੈਦਾ ਹੋਈ, ਅਤੇ ਜਿਸ ਦਾ ਮਕਸਦ ਪਹਿਲੇ ਸੰਸਾਰ ਯੁਧ ਦੇ ਦੌਰਾਨ ਵਿਚ ਅੰਗਰੇਜ਼ਾਂ ਨੂੰ ਹਿੰਦ ਵਿਚੋਂ ਇਨਕਲਾਬੀ ਢੰਗਾਂ ਨਾਲ ਕੱਢਣਾ ਸੀ।

(ੲ) ਗਦਰ ਪਾਰਟੀ ਅਤੇ ਗਦਰ ਪਾਰਟੀ ਲਹਿਰ ਦਾ ਅੱਡਾ ਭਾਵੇਂ ਪਹਿਲਾਂ ਅਤੇ ਹੁਣ ਵੀ ਅਮਰੀਕਾ ਸੀ, ਪਰ ਪਿਛੇ ਦਿੱਤੀਆਂ ਗਦਰੀ ਕਾਰਰਵਾਈਆਂ ਦਾ ਅਮਲੀ ਅਖਾੜਾ ਹਿੰਦੁਸਤਾਨ ਸੀ। ਇਸ ਕਾਂਡ ਵਿਚ ਦਿੱਤੀਆਂ ਗਦਰੀ ਇਨਕਲਾਬੀ ਕਾਰਰਵਾਈਆਂ ਬਹੁਤੀਆਂ ਹਿੰਦ ਤੋਂ ਬਾਹਰ ਸਿਆਮ, ਬਰਮਾ, ਚੀਨ, ਅਫਗਾਨਸਤਾਨ ਅਤੇ ਈਰਾਨ ਆਦਿ ਦੇਸਾਂ ਵਿਚ ਹੋਈਆਂ।

(ਸ) ਪਹਿਲਾਂ ਗਦਰ ਪਾਰਟੀ ਦੀਆਂ ਬਾਕਾਇਦਾ ਮੀਟਿੰਗਾਂ ਭਾਵੇਂ ਹੁੰਦੀਆਂ ਸਨ ਜਾਂ ਨਹੀਂ, ਪਰ ਇਸ ਦੀ ਬਣਤਰ ਅਤੇ ਅਮਲੀ ਵਰਤੋਂ ਦੀ ਸਪਿਰਟ ਪੰਚਾਇਤੀ ਅਸੂਲਾਂ ਉਤੇ ਸੀ। ਅਰਥਾਤ ਵੱਡੀ ਤੋਂ ਵੱਡੀ ਸ਼ਖਸੀਅਤ, ਸਣੇ ਲਾ: ਹਰਦਿਆਲ ਦੇ, ਵਾਹਦ ਲੀਡਰ ਨਹੀਂ ਸੀ ਸਮਝੀ ਜਾਂਦੀ। ਮੁਖ ਅਤੇ ਬੁਨਿਆਦੀ ਫੈਸਲਿਆਂ ਵਿਚ ਸਾਰੇ ਲੀਡਰਾਂ ਅਤੇ ਵਰਕਰਾਂ ਦੀ ਹਮਾਇਤ ਜਾਂ ਸੁਭਾਵਕ ਤੌਰ ਉਤੇ ਅੱਗੇ ਹੀ ਨਾਲ ਹੁੰਦੀ ਸੀ, ਜਾਂ ਹਾਸਲ ਕੀਤੀ ਜਾਂਦੀ ਸੀ। ਹੁਣ ਵਾਲੇ ਦੌਰ ਵਿਚ ਗਦਰ ਪਾਰਟੀ ਦੀ ਵਾਗ ਡੋਰ ਹੌਲੀ ਹੌਲੀ ਅਮਲੀ ਤੌਰ ਉਤੇ ਇਕ ਆਦਮੀ, 'ਪੰਡਤ' ਰਾਮ ਚੰਦ '.ਸ਼ਾਵਰੀਆ', ਦੇ ਹੱਥ ਚਲੀ ਗਈ।

ਸੈਨਫ੍ਰਾਂਸਿਸਕੋ ਕੇਸ ਦੇ ਫੈਸਲੇ ਵਿਚ ਲਿਖਿਆ ਹੈ ਕਿ ਪਹਿਲੇ ਸੰਸਾਰ ਯੁਧ ਦੇ ਦੌਰਾਨ ਵਿਚ ਹਿੰਦ ਵਿਚਲੀ ਅੰਗਰੇਜ਼ੀ ਹਕੂਮਤ ਨੂੰ ਉਲਟਾਉਣ ਵਾਸਤੇ ਕੀਤੀ ਗਈ ਇਨਕਲਾਬੀ ਕੋਸ਼ਸ਼ ਦਾ, "ਦਾਇਰਾ ਬੜਾ ਵਸੀਹ ਅਤੇ ਬਹੁ-ਰੁਖਾ ਸੀ*"; ਅਤੇ "ਜਰਮਨ ਸਰਕਾਰ ਨੇ ਬਰਲਨ ਵਿਚ ਬਦੇਸ਼ੀ ਦਫਤ੍ਰ ਦੇ ਨਾਲ ਸੰਬੰਧਤ ਇਕ ਅਖਾਵਤੀ (So-called) ਹਿੰਦੀ ਕਮੇਟੀ ਕਾਇਮ ਕੀਤੀ, ਅਤੇ ਬਹੁਤ ਸਾਰੀਆਂ ਛੋਟੀਆਂ ਕਮੇਟੀਆਂ ਅਤੇ ਏਜੰਸੀਆਂ ਦੁਨੀਆਂ ਦੇ ਕਈ ਹਿੱਸਿਆਂ ਵਿਚ (ਜਿਸ ਵਿਚ ਸ਼ਾਮਲ ਸਨ:– ਨੀਊਯਾਰਕ, ਸ਼ਿਕਾਗੋ ਤੇ ਸੈਨਫ੍ਰਾਂਸਿਸਕੋ ਇਸ ਮੁਲਕ ਵਿਚ; ਕੁਸਤਨਤੁਨੀਆ, ਜਨੀਵਾ, ਐਮਸਟਰਡਮ ਅਤੇ ਯੂਰਪ ਦੇ ਹੋਰ ਸ਼ਹਿਰ; ਮਨੀਲਾ ਫਿਲੇਪਾਈਨ ਵਿਚ; ਹਾਂਗ ਕਾਂਗ, ਪੀਕਿੰਗ ਅਤੇ ਹੋਰ ਸ਼ਹਿਰ ਚੀਨ ਵਿਚ; ਬੰਗਕੋਕ, ਸਿਆਮ ਵਿਚ; ਬਟਾਵੀਆ, ਡੱਚ ਈਸਟ ਇੰਡੀਜ਼ ਵਿਚ; ਅਤੇ ਏਸ਼ੀਆ ਵਿਚ ਬਹੁਤ ਸਾਰੇ ਸ਼ਹਿਰ) ਕਾਇਮ ਕੀਤੀਆਂ। ਇਨ੍ਹਾਂ ਏਜੰਸੀਆਂ ਵਿਚ ਸਿਰਫ ਹਿੰਦੂ ਅਤੇ ਸਿਰਫ ਉਹ ਏਸ਼ੀਆਈ ਸ਼ਾਮਲ ਨਹੀਂ ਸਨ, ਜਿਨ੍ਹਾਂ ਆਪਣੇ ਆਪ ਨੂੰ ਇਸ ਮਤਲਬ ਲਈ ਪੇਸ਼ ਕੀਤਾ; ਬਲਕਿ ਇਸ ਵਿਚ ਜ਼ਿਆਦਾ ਤਰ ਕਈ ਦਰਜਿਆਂ ਦੇ ਜਰਮਨ ਰਾਜ-ਦੂਤ ਅਤੇ ਉਨ੍ਹਾਂ ਦੇ ਦਫਤ੍ਰਾਂ ਦੇ ਅਫਸਰ, ਅਤੇ ਜਿਨ੍ਹਾਂ ਦੇ ਜਰਮਨ ਸਰਕਾਰ ਨਾਲ ਸਰਕਾਰੀ ਜਾਂ ਵਾਪਾਰੀ ਸੰਬੰਧ ਸਨ, ਸ਼ਾਮਲ ਸਨ†"।

ਪਹਿਲੇ ਸੰਸਾਰ ਯੁਧ ਦੇ ਦੌਰਾਨ ਵਿਚ ਹਿੰਦ ਦੀ ਅੰਗਰੇਜ਼ੀ ਹਕੂਮਤ ਵਿਰੁਧ ਇਸ ਬਹੁ-ਰੁਖੀ ਅਤੇ ਵਡੇ ਘੇਰੇ ਵਾਲੀ ਇਨਕਲਾਬੀ ਮੁਹਿੰਮ ਦਾ ਇਤਹਾਸ ਲਿਖਣਾ ਆਪਣੇ ਆਪ ਵਿਚ ਇਕ ਵਡਾ ਕਾਰਜ ਹੈ, ਜਿਸ ਕਰਕੇ ਇਸ ਨੂੰ ਇਸ ਲਿਖਤ ਦੇ ਦਾਇਰੇ ਵਿਚ ਸ਼ਾਮਲ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ ਇਸ ਵਡੀ ਮੁਹਿੰਮ ਬਾਰੇ ਪ੍ਰਕਾਸ਼ਤ ਵਾਕਫੀਅਤ, ਜੋ ਮਿਲ ਸਕੀ ਹੈ, ਇਤਨੀ ਅਧੂਰੀ ਹੈ ਕਿ ਇਸ ਦੇ ਕਈ ਪਹਿਲੂਆਂ ਬਾਰੇ ਕਚੀ-ਪੱਕੀ ਰਾਏ ਜ਼ਾਹਰ ਕਰਨੀ ਵੀ ਕਠਨ ਹੈ। ਪਰ ਕਿਉਂਕਿ ਗਦਰ ਪਾਰਟੀ ਲਹਿਰ ਹੁਣ ਇਸ ਵਡੇ ਘੇਰੇ ਵਾਲੀ ਇਨਕਲਾਬੀ ਮੁਹਿੰਮ ਦਾ ਇਕ ਹਿੱਸਾ ਬਣ ਕੇ ਕੰਮ ਕਰਨ ਲਗ ਪਈ, ਇਸ ਵਾਸਤੇ ਗਦਰ ਪਾਰਟੀ ਲਹਿਰ ਦੇ ਇਸ ਪੱਖ ਨੂੰ ਸਮਝਣ ਲਈ ਇਹ ਜ਼ਰੂਰੀ ਹੈ ਕਿ ਉਪ੍ਰੋਕਤ ਅੰਗਰੇਜ਼ ਵਿਰੋਧੀ ਵਡੀ ਮੁਹਿੰਮ ਦੇ ਉਨ੍ਹਾਂ ਪਹਿਲੂਆਂ ਦਾ, ਜਿਨ੍ਹਾਂ ਦਾ ਗਦਰ ਪਾਰਟੀ ਦੇ ਯਤਨਾਂ ਨਾਲ ਸਿੱਧਾ ਸੰਬੰਧ ਹੈ, ਬਗੈਰ ਤਫਸੀਲ ਵਿਚ ਪਏ ਦੇ ਕੁਝ ਨਾ ਕੁਝ ਜ਼ਿਕਰ ਕੀਤਾ ਜਾਏ।

ਪਹਿਲੇ ਸੰਸਾਰ ਯੁਧ ਦੇ ਦੌਰਾਨ ਵਿਚ ਹਿੰਦ ਦੀ ਅੰਗਰੇਜ਼ੀ ਹਕੂਮਤ ਵਿਰੁਧ ਹਿੰਦੀ ਅਤੇ ਗੈਰ ਹਿੰਦੀ ਅਨਸਰਾਂ ਦੇ ਮਿਲਾਪ ਅਤੇ ਮਿਲਵਰਤਣ ਤੋਂ ਪੈਦਾ ਹੋਈ ਇਨਕਲਾਬੀ ਮੁਹਿੰਮ ਵਿਚ ਭਿਨ ਭਿਨ ਅਨਸਰਾਂ ਦੇ ਕੰਮ ਕਰਨ ਵਾਲੇ ਵਡੇ ਵਡੇ ਜੁੱਟ ਇਹ ਸਨ:–

**੧ ਜਰਮਨ ਜੁੱਟ।** ਇਸ ਜੁੱਟ ਵਿਚ ਜਰਮਨ ਰਾਜ ਦੂਤ, ਜਰਮਨ ਰਾਜ-ਦੂਤ ਦਫਤ੍ਰਾਂ ਦੇ ਅਫਸਰ ਤੇ ਹੋਰ ਕਰਮਚਾਰੀ, ਅਤੇ ਉਹ ਸਭ ਜਰਮਨ ਤੇ ਜਰਮਨ-ਅਮਰੀਕਨ ਸ਼ਹਿਰੀ ਸ਼ਾਮਲ ਕੀਤੇ ਜਾ ਸਕਦੇ ਹਨ, ਜੋ ਜਰਮਨ ਸਰਕਾਰ ਦੇ

*ਦਸਵਾਂ ਅਤੇ ਬਾਈਵਾਂ ਕਾਂਡ।

*San Francisco Trial, Charge to the Jury by the Judge, p. 696.

†Ibid, p. 697.



Digitized by Panjab Digital Library | www.panjabdigilib.org

ਬਦੇਸ਼ੀ ਵਿਭਾਗ ਦੇ ਇਸ਼ਾਰੇ ਉਤੇ ਚਲਦੇ ਸਨ। ਇਹ ਜ਼ਾਹਰ ਹੀ ਹੈ ਕਿ ਜਰਮਨ ਹਕੂਮਤ, ਅੰਗਰੇਜ਼ੀ ਸਾਮਰਾਜ ਵਾਂਗੂੰ, ਇਕ ਸ਼ਹਿਨਸ਼ਾਹੀ ਹਕੂਮਤ ਸੀ, ਅਤੇ ਇਸ ਦੀ ਅਤੇ ਇਸ ਦੇ ਇਸ਼ਾਰੇ ਉਤੇ ਚੱਲਣ ਵਾਲੇ ਜਰਮਨਾਂ ਦੀ ਹਿੰਦ ਦੀ ਆਜ਼ਾਦੀ ਨਾਲ ਦੂਰ ਦੀ ਵੀ ਉਨਸ ਨਹੀਂ ਸੀ। ਜਰਮਨ ਜੁੱਟ ਸਿਰਫ਼ ਆਪਣੇ ਦੁਸ਼ਮਣ ਅੰਗਰੇਜ਼ਾਂ ਨੂੰ ਸੱਟ ਮਾਰਨ ਖਾਤਰ ਹਿੰਦੀ ਇਨਕਲਾਬੀਆਂ ਨਾਲ ਮਿਲਕੇ ਕੰਮ ਕਰਦਾ ਸੀ। ਲੜਾਈ ਜਿੱਤ ਜਾਣ ਮਗਰੋਂ ਜਰਮਨ ਹਕੂਮਤ ਦਾ ਹਿੰਦ ਦੀ ਆਜ਼ਾਦੀ ਵਲ ਕੀ ਰਵੱਈਆ ਹੁੰਦਾ, ਇਸ ਬਾਰੇ ਕਿਆਸ-ਆਰਾਈ ਬੇ-ਅਰਥ ਹੈ; ਕਿਉਂਕਿ ਇਸ ਦਾ ਨਿਰਭਰ ਲੜਾਈ ਪਿੱਛੋਂ ਪੈਦਾ ਹੋਏ ਅੰਤਰਰਾਸ਼ਟਰੀ ਤਵਾਜ਼ਨ ਅਤੇ ਹਾਲਾਤ, ਜਿਨ੍ਹਾਂ ਦਾ ਪਤਾ ਨਹੀਂ ਕੀ ਹੁੰਦੇ, ਉਤੇ ਹੁੰਦਾ।

**੨. ਇਸਲਾਮ-ਹਮਾਇਤੀ ਜੁੱਟ :–** ਤੁਰਕੀ ਦਾ ਸੁਲਤਾਨ ਕਿਉਂਕਿ ਸਾਰੇ ਮੁਸਲਮਾਨਾਂ ਦਾ ਖਲੀਫਾ ਵੀ ਸੀ, ਇਸ ਵਾਸਤੇ ਇਸ ਜੁੱਟ ਵਿਚ ਤੁਰਕੀ ਅਤੇ ਹੋਰ ਮੁਸਲਮਾਨੀ ਹਕੂਮਤਾਂ ਦੇ ਉਹ ਕਰਮਚਾਰੀ, ਅਤੇ ਤੁਰਕੀ-ਹਮਾਇਤ ਜਾਂ ਇਸਲਾਮ-ਹਮਾਇਤ ਜਜ਼ਬੇ ਦੇ ਅਸਰ ਹੇਠ ਕੰਮ ਕਰ ਰਹੇ ਉਹ ਸਾਰੇ ਮੁਸਲਮਾਨ ਸ਼ਾਮਲ ਕੀਤੇ ਜਾ ਸਕਦੇ ਹਨ, ਜੋ ਹਿੰਦ ਵਿਚ ਅਤੇ ਹਿੰਦ ਦੇ ਗਵਾਂਢੀ ਮੁਸਲਮਾਨ ਦੇਸਾਂ ਵਿਚ ਅੰਗਰੇਜ਼ੀ ਸਾਮਰਾਜ ਵਿਰੁਧ ਇਨਕਲਾਬੀ ਯਤਨ ਕਰ ਰਹੇ ਸਨ। ਇਸ ਜੁੱਟ ਦੇ ਰਸੂਖ ਅਤੇ ਕੰਮ ਦਾ ਦਾਇਰਾ ਜ਼ਿਆਦਾ ਤਰ ਹਿੰਦ ਦੇ ਗਵਾਂਢੀ ਮੁਸਲਮਾਨ ਇਲਾਕਿਆਂ ਵਿਚ ਸੀ, ਜਿਥੇ ਗਦਰ ਪਾਰਟੀ ਦੇ ਸੰਬੰਧ ਨਾ ਹੋਇਆਂ ਬਰਾਬਰ ਸਨ। ਗਦਰ ਪਾਰਟੀ ਲਹਿਰ ਅਤੇ ਇਸਲਾਮ-ਹਮਾਇਤੀ ਇਸ ਜੁੱਟ ਦੀਆਂ ਇਨਕਲਾਬੀ ਕੋਸ਼ਸ਼ਾਂ ਦਾ ਜੋੜ ਮੇਲ ਬਹਤਾ ਬਰਮਾ ਦੀ ਮੁਹਿੰਮ ਦੇ ਸਿਲਸਲੇ ਵਿਚ ਹੋਇਆ। ਜਰਮਨ ਜੁੱਟ ਦੇ ਅਨਸਰਾਂ ਵਾਂਗੂੰ, ਇਸ ਜੁੱਟ ਦੇ ਗੈਰ-ਹਿੰਦੀ ਅਨਸਰਾਂ ਤੋਂ ਹਿੰਦ ਦੀ ਆਜ਼ਾਦੀ ਲਈ ਖਾਸ ਉਨਸ ਦੀ ਆਸ ਕਰਨੀ ਤਾਂ ਦਰਕਨਾਰ, ਇਸ ਜੁੱਟ ਵਿਚ ਸ਼ਾਮਲ ਹਿੰਦੀ ਮੁਸਲਮਾਨ ਅਨਸਰਾਂ ਦੀ ਬਹੁਗਿਣਤੀ ਦਾ ਨਜ਼ਰੀਆ ਵੀ ਕੌਮੀ ਨਜ਼ਰੀਏ ਨਾਲੋਂ ਮਜ਼ਹਬੀ ਜਾਂ ਫਿਰਕੂ ਵਧੇਰੇ ਸੀ।

**੩. ਇੰਡੀਅਨ ਨੈਸ਼ਨਲ ਪਾਰਟੀ :–** ਰੌਲਟ ਰੀਪੋਟ ਵਿਚ ਹਿੰਦੀ ਇਨਕਲਾਬੀ ਲਹਿਰਾਂ ਬਾਰੇ ਕਾਫੀ ਵਿਸਥਾਰ ਨਾਲ ਹਾਲ ਦੱਸਿਆ ਗਿਆ ਹੈ, ਪਰ ਗਦਰ ਪਾਰਟੀ ਤੋਂ ਪਹਿਲੋਂ ਹਿੰਦ ਵਿਚ, ਜਾਂ ਹਿੰਦ ਤੋਂ ਬਾਹਰ, ਹਿੰਦੀ ਇਨਕਲਾਬੀਆਂ ਵਲੋਂ ਹੋਏ ਕਿਸੇ ਐਸੇ ਅਹਿਮ ਯਤਨ ਦਾ ਜ਼ਿਕਰ ਨਹੀਂ ਆਇਆ, ਜਿਸ ਦੁਆਰਾ ਕਿਸੇ ਅੰਗਰੇਜ਼ ਵਿਰੋਧੀ ਹਕੂਮਤ ਤੋਂ ਸਹਾਇਤਾ ਲੈਣ ਵਾਸਤੇ ਕਾਰਗਰ ਕਦਮ ਚੁਕਿਆ ਗਿਆ ਹੋਵੇ। ਸ੍ਰੀ ਸਾਨਿਯਾਲ ਦੇਸ਼ ਵਿਚ ਕੰਮ ਕਰਦੇ ਇਨਕਲਾਬੀਆਂ ਦੀ ਇਸ ਤ੍ਰੁਟੀ ਨੂੰ ਮੰਨਦੇ ਹਨ*, ਪਰ ਇਸ ਦਾ ਕਾਰਨ ਇਹ ਦਸਦੇ ਹਨ ਕਿ ਓਹ ਉਤਨਾ ਚਿਰ ਮਦੱਦ ਨਹੀਂ ਸੀ ਲੈਣਾ ਚਾਹੁੰਦੇ, ਜਿਤਨਾ ਚਿਰ ਉਨ੍ਹਾਂ ਵਿਚ ਆਪਣਾ ਕਾਫੀ ਬੱਲ ਪੈਦਾ ਨਾ ਹੋ ਜਾਵੇ†। ਪਰ ਅਸਲੀ ਕਾਰਨ ਇਹ ਨਹੀਂ ਸੀ। ਅਸਲੀ ਸਬੱਬ ਉਹ ਇਨਫਰਾਦੀ ਤਰਾਸ-ਵਾਦੀ ਵਾਲੀ ਵੀਚਾਰ–ਧਾਰਾ ਜਾਂ ਰੁਚੀ ਸੀ, ਜਿਸ ਦੀ ਪ੍ਰੇਰਨਾ ਹੇਠ ਦੇਸ ਦੇ ਇਨਕਲਾਬੀ ਕੰਮ ਕਰਦੇ ਸਨ, ਅਤੇ ਜਿਸ ਦੇ ਮਹਿਦੂਦ ਤਰੀਕਾਕਾਰ ਵਾਸਤੇ ਹਥਿਆਰਾਂ ਅਤੇ ਮਾਇਆ ਦੇ ਸਾਧਨ ਦੇਸ ਵਿਚੋਂ ਪ੍ਰਾਪਤ ਕੀਤੇ ਜਾ ਸਕਦੇ ਸਨ। ਸ੍ਰੀ ਆਰਬਿੰਦੋ ਘੋਸ਼ ਦੇ ਭਰਾਤਾ ਸ੍ਰੀ ਬਰਿੰਦਰ ਨੇ ਵੀ ਇਹ ਮੰਨਿਆ ਕਿ ਬੰਗਾਲ ਦੇ ਤਰਾਸ-ਵਾਦੀ ਹਥਿਆਰ ਥੋੜੀ ਗਿਣਤੀ ਵਿਚ ਇਸ ਵਾਸਤੇ ਅਕੱਠੇ ਕਰਦੇ ਸਨ, ਕਿਉਂਕਿ ਉਨ੍ਹਾਂ ਦਾ ਵੀਚਾਰ ਸੀ ਕਿ ਵਡੇ ਪੈਮਾਨੇ ਉਤੇ ਇਨਕਲਾਬ ਬਹੁਤ ਦੇਰ ਨੂੰ ਹੋਵੇਗਾ*। ੧੮੫੭ ਦੇ ਗਦਰ ਪਿਛੋਂ ਅਤੇ ਗਦਰ ਪਾਰਟੀ ਤੋਂ ਪਹਿਲੋਂ, ਜਨਤਾ ਜਾਂ ਫੌਜ ਦੇ ਬੱਲ ਉਤੇ ਵਡੇ ਪੈਮਾਨੇ ਉਤੇ ਗਦਰ ਅਥਵਾ ਇਨਕਲਾਬ (ਜਿਸ ਵਾਸਤੇ ਅੰਗਰੇਜ਼ ਵਿਰੋਧੀ ਹਕੂਮਤਾਂ ਦੀ ਸਹਾਇਤਾ ਦੀ ਲੋੜ ਪੈ ਸਕਦੀ ਸੀ) ਕਰਾਉਣ ਵਲ ਦੇਸ ਦੇ ਵਿਚ ਜਾਂ ਬਾਹਰ ਕੰਮ ਕਰਨ ਵਾਲੇ ਹਿੰਦੀ ਇਨਕਲਾਬੀਆਂ ਨੇ ਖਾਸ ਧਿਆਨ ਨਾ ਦਿਤਾ।

ਦਸਵੇਂ ਕਾਂਡ ਵਿਚ ਦੱਸਿਆ ਜਾ ਚੁਕਾ ਹੈ ਕਿ ਇਸ ਬਾਰੇ ਕਾਫੀ ਨਿਸ਼ਾਨੀਆਂ ਹਨ ਕਿ ਗਦਰ ਪਾਰਟੀ ਨੇ ਜਰਮਨੀ ਜਾਂ ਜਰਮਨ ਕਰਮਚਾਰੀਆਂ ਨਾਲ ਸ਼ੁਰੂ ਤੋਂ ਸੰਬੰਧ ਪੈਦਾ ਕਰਨ ਦੀ ਕੋਸ਼ਸ਼ ਕੀਤੀ; ਪਰ ਗਦਰ ਪਾਰਟੀ ਲਹਿਰ ਦੇ ਹਿੰਦ ਵਿਚ ਕੀਤੇ ਇਨਕਲਾਬੀ ਯਤਨਾਂ ਵੇਲੇ, ਕਿਸੇ ਕਾਰਨ ਜਿਨ੍ਹਾਂ ਦਾ ਪਤਾ ਨਹੀਂ ਲਗ ਸਕਿਆ, ਇਨ੍ਹਾਂ ਸੰਬੰਧਾਂ ਦਾ ਫਾਇਦਾ ਨਾ ਉਠਾਇਆ ਜਾ ਸਕਿਆ। ਅਮਲੀ ਸਿੱਟੇ ਦੇ ਨਜ਼ਰੀਏ ਤੋਂ ਹਿੰਦੀ ਇਨਕਲਾਬੀਆਂ ਦੇ ਜਰਮਨੀ ਨਾਲ ਮਿਲਵਰਤਣ ਦਾ ਕਾਂਡ ਦਰ-ਅਸਲ ਬਰਲਨ ਵਿਚ 'ਇੰਡੀਅਨ ਇੰਡੀਪੈਂਡੈਂਸ ਕਮੇਟੀ', ਜਾਂ 'ਇੰਡੀਅਨ ਨੈਸ਼ਨਲ ਪਾਰਟੀ' ਦੀ ਕਾਇਮੀ ਨਾਲ ਸ਼ੁਰੂ ਹੁੰਦਾ ਹੈ†।

ਪਹਿਲੇ ਸੰਸਾਰ ਯੁਧ ਤੋਂ ਪਹਿਲੋਂ ਕਈ ਵਿਯੱਕਤੀਆਂ ਇਕੜ ਦੁਕੜ ਕਰਕੇ, ਜਾਂ ਛੋਟੇ ਛੋਟੇ ਗਰੁਪਾਂ ਵਿਚ, ਹਿੰਦੁਸਤਾਨ ਦੀ ਆਜ਼ਾਦੀ ਵਾਸਤੇ ਯੂਰਪ ਵਿਚ ਕੰਮ ਕਰ ਰਹੀਆਂ ਸਨ। ਇਨ੍ਹਾਂ ਵਿਚੋਂ ਮਦਰਾਸ ਸੂਬੇ ਦੇ ਸ੍ਰੀ ਚੰਪਾਕਾਰਾਮਨ ਪਿਲੇ ਜ਼ੀਊਰਚ ਵਿਚ 'ਇੰਟਰਨੈਸ਼ਨਲ ਪ੍ਰੋ–ਇੰਡੀਆ ਕਮੇਟੀ' ਦੇ ਪ੍ਰਧਾਨ ਸਨ। ਸੰਸਾਰ ਯੁਧ ਛਿੜਨ ਉਤੇ ਅਕਤੂਬਰ ਸੰਨ ੧੯੧੪ ਵਿਚ ਸ੍ਰੀ ਪਿਲੇ ਜ਼ੀਊਰਚ ਛੱਡਕੇ ਜਰਮਨੀ ਦੇ ਬਦੇਸ਼ੀ ਭਾਗ ਦੇ ਮਾਤੈਹਤ ਕੰਮ ਕਰਨ ਵਾਸਤੇ ਬਰਲਨ ਚਲੇ ਗਏ, ਅਤੇ ਉਥੇ ਉਨ੍ਹਾਂ ਨੇ ਜਰਮਨੀ ਦੇ ਸਭ ਤੋਂ ਵਡੇ ਕੇਂਦ੍ਰੀ ਫੌਜੀ ਦਫ਼ਤਰ (German General Staff) ਦੇ ਨਾਲ ਮਿਲਕੇ ਕੰਮ ਕਰਨ ਵਾਸਤੇ 'ਇੰਡੀਅਨ ਨੈਸ਼ਨਲ ਪਾਰਟੀ' ਕਾਇਮ ਕੀਤੀ। ਲਾਲਾ ਹਰਦਿਆਲ, ਸ੍ਰੀ ਤਾਰਕਾ ਨਾਥ, ਮੌਲਵੀ ਬਰਕਤੁਲਾ, ਸ੍ਰੀ ਚੰਦ੍ਰਾਂਕੇ ਚਕਰਵਰਤੀ ਅਤੇ ਸ੍ਰੀ ਹਰੰਭਾ ਲਾਲ ਗੁਪਤਾ ਇਸ ਪਾਰਟੀ ਦੇ ਉੱਘੇ ਮੈਂਬਰ ਸਨ*। ਤੀਸਰੇ ਮੁਕੱਦਮੇ ਦੇ ਫੈਸਲੇ ਅਨੁਸਾਰ ਇਨ੍ਹਾਂ ਤੋਂ ਇਲਾਵਾ, ਸ੍ਰੀ ਮਤੀ ਸਰੋਜਨੀ ਨੈਡੋ ਦੇ ਭਰਾ ਸ੍ਰੀ ਚਟੋ ਪਾਧਿਆ, ਡਾਕਟਰ ਹਾਫਿਜ਼, ਸ੍ਰੀ ਪਰਭਾਕਰ ਅਤੇ ਸ੍ਰੀ ਮਨਸੂਰ ਵੀ ਬਰਲਨ ਦੀ ਹਿੰਦੀ ਇਨਕਲਾਬੀ ਸੁਸਾਇਟੀ ਦੇ ਲੀਡਰ ਸਨ†। ਇਸੇ ਸਮੇਂ ਯੂ. ਪੀ. ਦੇ ਇਕ ਵਡੇ ਰਈਸ ਸ੍ਰੀ ਮਹਿੰਦ੍ਰ ਪ੍ਰਤਾਪ ਸਵਿਟਜ਼ਰ ਲੈਂਡ ਪੁਜੇ। ਲਾ: ਹਰਦਿਆਲ ਨੇ ਸ੍ਰੀ ਮਹਿੰਦ੍ਰ ਪ੍ਰਤਾਪ ਨੂੰ ਬਰਲਨ ਸੱਦ ਲਿਆ, ਅਤੇ ਬਤੌਰ ਇਕ ਰਸੂਖ ਵਾਲੇ ਰਾਜੇ ਦੇ ਉਨ੍ਹਾਂ ਦੀ ਕੇਸਰ ਨਾਲ ਮੁਲਾਕਾਤ ਕਰਵਾਈ‡।

"ਇਹ ਸੁਸਾਇਟੀ, ਜਿਸ ਦਾ ਮਕਸਦ ਹਿੰਦ ਵਿਚ ਪੰਚਾਇਤੀ ਰਾਜ ਕਾਇਮ ਕਰਨਾ ਸੀ, ਲਗਾਤਾਰ ਮੀਟਿੰਗਾਂ

---

*ਬੰਦੀ ਜੀਵਨ, ਭਾਗ ਦੂਜਾ, ਪੰਨੇ ੯੮–੧੦੨.

†ਬੰਦੀ ਜੀਵਨ, ਭਾਗ ਦੂਜਾ, ਪੰਨਾ ੯੮.

*Rowlatt Report, p. 20.

†ਰੌਲਟ ਰੀਪੋਟ ਵਿਚ ਇਹ ਦੋ ਅੱਡ ਅੱਡ ਨਾਮ ਦਿਤੇ ਗਏ ਹਨ। Rowlatt Report, pp. 119-120.

---

*Rowlatt Roport, p. 119.

†Third Case, Judgement, p. 62.

‡O'Dwyer, pp. 187-188.



Digitized by Panjab Digital Library | www.panjabdigilib.org

ਕਰਦੀ ਸੀ, ਜਿਸ ਵਿਚ ਤੁਰਕ, ਮਿਸਰੀ, ਜਰਮਨ ਅਫਸਰ, (ਖਾਸ ਕਰ ਉਹ ਪੁਰਾਣੇ ਜਰਮਨ ਪ੍ਰੋਫੈਸਰ ਅਤੇ ਮਿਸ਼ਨਰੀ ਸ਼ਾਮਲ ਹੁੰਦੇ ਸਨ ਜਿਨ੍ਹਾਂ ਨੇ ਹਿੰਦ ਵਿਚ ਕਦੇ ਅੰਗਰੇਜ਼ੀ ਸਰਕਾਰ ਦੀ ਪ੍ਰਾਹੁਣਾਚਾਰੀ ਦਾ ਫਾਇਦਾ ਉਠਾਇਆ ਸੀ) ਹਿੱਸਾ ਲੈਂਦੇ ਸਨ। ਹਰਦਿਆਲ ਅਤੇ ਚਟੋਪਾਧਯਾ ਜਰਮਨ ਬਦੇਸ਼ੀ ਦਫਤ੍ਰ ਨਾਲ ਰੋਜ਼ਾਨਾ ਤਾਲ ਮੇਲ ਰਖਦੇ ਸਨ.........ਅਤੇ ਮੀਟਿੰਗਾਂ ਕੀਤੀਆਂ ਜਾਂਦੀਆਂ ਸਨ.........ਜਿਨ੍ਹਾਂ ਦੇ ਸਭਾ-ਪਤਿ ਕਈ ਵੇਰ ਬਹੁਤ ਵਡੇ ਜਰਮਨ ਅਫਸਰ ਹੁੰਦੇ*"।

ਬਰਲਨ ਵਿਚ ਬਣੀ ਹਿੰਦੀ ਇਨਕਲਾਬੀਆਂ ਦੀ ਕਮੇਟੀ, ਅਰਥਾਤ ਇੰਡੀਅਨ ਨੈਸ਼ਨਲ ਪਾਰਟੀ, ਅਤੇ ਜਰਮਨ ਬਦੇਸ਼ੀ ਵਿਭਾਗ ਦੇ ਆਪਸ ਵਿਚ ਠੀਕ ਠੀਕ ਕੀ ਸੰਬੰਧ ਸਨ, ਇਸ ਦਾ ਸਹੀ ਨਿਰਣਾ ਉਸ ਦਿਨ ਹੀ ਹੋ ਸਕੇਗਾ ਜਿਸ ਦਿਨ ਜਰਮਨ ਸਰਕਾਰ ਦੇ ਗੁਪਤ ਰੀਕਾਰਡ, ਜਾਂ ਹੋਰ ਕਿਸੇ ਵਸੀਲੇ ਤੋਂ ਮਿਲੀ ਭਰੋਸੇ ਯੋਗ ਸ਼ਹਾਦਤ, ਇਸ ਸੰਬੰਧੀ ਵਧੇਰੇ ਚਾਨਣਾ ਪਾ ਸਕੇ। ਤੀਸਰੇ ਕੇਸ ਵਿਚ ਹੋਈ ਜੋਧ ਸਿੰਘ ਦੀ ਗਵਾਹੀ ਮੁਤਾਬਕ ਲਾ: ਹਰਦਿਆਲ ਅਤੇ ਸ੍ਰੀ ਚਟੋਪਾਧਯਾ ਦਾ ਜਰਮਨ ਸਰਕਾਰ ਨਾਲ ਕਾਫੀ ਰਸੂਖ ਸੀ, ਅਤੇ ਉਨ੍ਹਾਂ ਨੂੰ ਜਰਮਨ ਬਦੇਸ਼ੀ ਵਿਭਾਗ ਦੀਆਂ ਕਾਰਰਵਾਈਆਂ ਜਾਨਣ ਦੀ ਵੀ ਸਹੂਲਤ ਸੀ†। ਇਹ ਗਲ ਠੀਕ ਸੀ ਜਾਂ ਨਹੀਂ, ਇਸ ਵਿਚ ਸ਼ੱਕ ਨਹੀਂ ਕਿ ਪਹਿਲੇ ਸੰਸਾਰ ਯੁਧ ਦੇ ਦੌਰਾਨ ਵਿਚ ਜਰਮਨ ਸਰਕਾਰੀ ਜਾਂ ਨੀਮ-ਸਰਕਾਰੀ ਏਜੰਸੀਆਂ ਨਾਲ ਮਿਲਵਰਤਣ ਕਰਨ ਵਾਲੀਆਂ ਸਭ ਹਿੰਦੀ ਇਨਕਲਾਬੀ ਪਾਰਟੀਆਂ ਵਿਚੋਂ, ਬਰਲਨ ਵਿਚ ਬਣੀ ਹਿੰਦੀ ਇਨਕਲਾਬੀਆਂ ਦੀ ਕਮੇਟੀ ਜਰਮਨ ਹਕੂਮਤ ਦੇ ਸਭ ਤੋਂ ਵੱਧ ਨੇੜੇ ਅਤੇ ਉਸ ਉਤੇ ਸਭ ਤੋਂ ਵੱਧ ਨਿਰਭਰ ਸੀ। ਪਰ ਐਸੀਆਂ ਨਿਸ਼ਾਨੀਆਂ ਹਨ ਜੋ ਜ਼ਾਹਰ ਕਰਦੀਆਂ ਹਨ ਕਿ ਬਰਲਨ ਵਿਚ ਬਣੀ ਹਿੰਦੀਆਂ ਦੀ ਇਹ ਕਮੇਟੀ ਵੀ ਜਰਮਨ ਹਕੂਮਤ ਦੀ ਮੁਲ ਖਰੀਦ ਹੱਥ ਠੋਕਾ ਨਹੀਂ ਸੀ, ਅਤੇ ਇਸ ਦਾ ਨਜ਼ਰੀਆ ਨਿਰੋਲ ਕੌਮੀ ਸੀ।

ਬਰਲਨ ਵਿਚ ਬਣੀ ਹਿੰਦੀਆਂ ਦੀ ਕਮੇਟੀ ਨੇ ਐਲਾਨੀਆਂ ਤੌਰ ਉਤੇ ਆਪਣਾ ਨਿਸ਼ਾਨਾ ਹਿੰਦ ਵਿਚ ਪੰਚਾਇਤੀ ਰਾਜ ਕਰਨ ਦਾ ਰੱਖਿਆ ਹੋਇਆ ਸੀ*। ਇਸ ਤੋਂ ਇਲਾਵਾ ਹਿੰਦੀ ਇਨਕਲਾਬੀਆਂ ਨੇ ਜਰਮਨ ਸਰਕਾਰ ਪਾਸੋਂ ਆਪਣੇ ਮਕਸਦ ਵਾਸਤੇ ਜਾਂ ਪੈਸਿਆਂ ਦੀ ਮਦਦ ਲਈ, ਜਾਂ ਹੱਥਿਆਰ ਪ੍ਰਾਪਤ ਕਰਨ ਦੇ ਯਤਨ ਕੀਤੇ। ਇਸ ਮਦਦ ਬਦਲੇ ਹਿੰਦੀ ਇਨਕਲਾਬੀਆਂ ਨੇ ਜਰਮਨ ਸਰਕਾਰ ਨੂੰ ਸਿਰਫ ਵਾਪਾਰ ਸੰਬੰਧੀ ਰਿਆਇਤਾਂ ਦੇਣ ਅਤੇ ਹਿੰਦ ਵਿਚ ਜਰਮਨ ਐਨਜੀਨੀਅਰ ਅਤੇ ਪ੍ਰੋਫੈਸਰ ਨੌਕਰ ਰੱਖਣ ਦੇ ਭਰੋਸੇ ਦਿੱਤੇ†। ਇਸ ਤੋਂ ਵੱਧ ਕੋਈ ਐਸੀ ਸ਼ਹਾਦਤ ਜ਼ਾਹਰ ਨਹੀਂ ਹੋਈ ਜੋ ਦੱਸੇ ਕਿ ਬਰਲਨ ਵਿਚ ਬਣੀ ਹਿੰਦੀਆਂ ਦੀ ਕਮੇਟੀ ਨੇ ਕਿਸੇ ਐਸੀ ਸਕੀਮ ਵਲ ਧਿਆਨ ਦਿੱਤਾ, ਜਿਸ ਦਾ ਮਕਸਦ ਜਰਮਨ ਜਾਂ ਤੁਰਕੀ ਫੌਜਾਂ ਨੂੰ ਹਿੰਦ ਵਿਚ ਲਿਆਉਣ ਦਾ ਹੋਵੇ, ਜਾਂ ਜਿਸ ਦਾ ਨਿਸ਼ਾਨਾ ਕਿਸੇ ਵਿੰਗੇ ਢੰਗ ਨਾਲ ਵੀ ਕਿਸੇ ਬਦੇਸ਼ੀ ਹਕੂਮਤ ਦਾ ਹਿੰਦ ਉਤੇ ਕੰਟਰੋਲ ਸਹਾਰਨ ਦਾ ਹੋਵੇ। ਲਾ: ਹਰਦਿਆਲ ਅਤੇ ਉਨ੍ਹਾਂ ਦੇ ਬਰਲਨ ਦੇ ਹਿੰਦੀ ਸਾਥੀਆਂ ਦੀ ਮੰਨੀ ਪ੍ਰਮੰਨੀ ਦੇਸ਼ ਭਗਤੀ ਵੀ ਇਸੇ ਗਲ ਦੀ ਸੂਚਕ ਹੈ ਕਿ ਉਹ ਕਿਸੇ ਲਿਹਾਜ਼ ਨਾਲ ਵੀ ਜਰਮਨਾਂ ਦੇ ਏਜੰਟ ਬਣਨਾ ਪ੍ਰਵਾਨ ਨਹੀਂ ਸੀ ਕਰ ਸਕਦੇ।

*Third Case, Judgement, p. 62.
†Third Case, Evidence, p. 181.

*Third Case, Judgement, p. 62.
†The Pioneer, May 13, 1918.

**੪. ਬੰਗਾਲ ਦੇ ਇਨਕਲਾਬੀ***। ਬੰਗਾਲ ਵਿਚਲੇ ਇਨਕਲਾਬੀ ਦੇਸ਼ ਭਗਤਾਂ ਦੇ ਜਰਮਨ ਜਾਂ ਤੁਰਕੀ ਜੁੱਟ ਨਾਲ ਸਭ ਤੋਂ ਘੱਟ ਸੰਬੰਧ ਸਨ, ਅਤੇ ਉਨ੍ਹਾਂ ਦੇ ਉਸ ਸਮੇਂ ਦੇ ਯਤਨ ਬੰਗਾਲ ਵਿਚ ਇਨਕਲਾਬੀ ਤਿਆਰੀ ਕਰਨ ਅਤੇ ਇਸ ਮਕਸਦ ਲਈ ਜਰਮਨ ਜੁੱਟ ਤੋਂ ਹਥਿੱਆਰ ਅਤੇ ਮਾਇਆ ਪ੍ਰਾਪਤ ਕਰਨ ਤਕ ਮਹਿਦੂਦ ਸਨ। ਇਸ ਵਾਸਤੇ ਬੰਗਾਲੀ ਇਨਕਲਾਬੀਆਂ ਦੇ ਜਰਮਨ ਜਾਂ ਤੁਰਕੀ ਜੁੱਟਾਂ ਨਾਲ ਸੰਬੰਧਾਂ ਬਾਰੇ ਨਿਰਣਾ ਕਰਨ ਦੀ ਵੀ ਖਾਸ ਲੋੜ ਨਹੀਂ।

**੫. ਗਦਰ ਪਾਰਟੀ।** ਗਦਰ ਪਾਰਟੀ ਦੇ ਵੀ ਤੁਰਕੀ ਜੁੱਟ ਨਾਲ, ਸਵਾਏ ਬਰਮਾਂ ਵਿਚ ਤਈਨਾਤ ਮੁਸਲਮਾਨ ਫੌਜੀਆਂ ਅਤੇ ਮਿਲਟਰੀ ਪੁਲੀਸ ਨੂੰ ਪ੍ਰੇਰਨ ਦੇ ਸਾਂਝੇ ਯਤਨਾਂ ਦੇ, ਖਾਸ ਸੰਬੰਧ ਨਹੀਂ ਸਨ। ਪਰ ਗਦਰ ਪਾਰਟੀ ਲਹਿਰ ਦੇ ਇਸ ਦੌਰ ਵਿਚ, ਜਿਸ ਨਾਲ ਇਸ ਕਾਂਡ ਦਾ ਸੰਬੰਧ ਹੈ, ਗਦਰ ਪਾਰਟੀ ਦੇ ਜਰਮਨ ਜੁੱਟ ਨਾਲ ਕਾਫੀ ਗੂੜ੍ਹੇ ਸੰਬੰਧ ਹੋ ਗਏ ਸਨ, ਭਾਵੇਂ ਇਹ ਸੰਬੰਧ ਬਰਲਨ ਵਿਚ ਬਣੀ ਹਿੰਦੀਆਂ ਦੀ ਕਮੇਟੀ ਨਾਲੋਂ ਵਖਰੇ ਕਿਸਮ ਦੇ ਤੇ ਘੱਟ ਸਨ। ਸੈਨਫ੍ਰਾਂਸਿਸਕੋ ਮੁਕੱਦਮੇ ਦੇ ਫੈਸਲੇ ਵਿਚ ਲਿਖਿਆ ਹੈ ਕਿ ਹਿੰਦ ਵਿਚ ਗੜ ਬੜ ਕਰਾਉਣ ਦੀ ਖਾਤਰ ਜਰਮਨ ਸਰਕਾਰ ਨੇ ਗਦਰ ਪਾਰਟੀ ਨਾਲ ਮੇਲ ਕੀਤਾ; ਬਲਕਿ ਅਮਲੀ ਤੌਰ ਉਤੇ ਇਸ ਮਕਸਦ ਲਈ ਇਸ ਦੀ ਵਾਗ ਡੋਰ ਆਪਣੇ ਹੱਥ ਵਿਚ ਲੈ ਲਈ†। ਜਿਥੋਂ ਤਕ ਇਸ ਦੌਰ ਵਿਚ ਜਰਮਨ ਸਰਕਾਰ ਅਤੇ ਗਦਰ ਪਾਰਟੀ ਦੇ ਮੇਲ ਅਤੇ ਮਿਲਵਰਤਣ ਦਾ ਸਵਾਲ ਹੈ, ਇਸ ਬਾਰੇ ਸ਼ੱਕ ਹੀ ਨਹੀਂ। ਇਸ ਬਾਰੇ ਵੀ ਸ਼ੱਕ ਨਹੀਂ ਕਿ, ਹਿੰਦੀ ਇਨਕਲਾਬੀਆਂ ਦੀ ਮਾਲੀ ਸਹਾਇਤਾ ਕਰਨ, ਉਨ੍ਹਾਂ ਨੂੰ ਹੱਥਿਆਰ ਪੁਚਾਣ, ਹਿੰਦੀ ਇਨਕਲਾਬੀਆਂ ਨੂੰ ਇਕ ਮੁਲਕ ਤੋਂ ਦੂਜੇ ਮੁਲਕ ਲੈ ਜਾਣ, ਜਾਂ ਅੱਡ ਅੱਡ ਮੁਲਕਾਂ ਵਿਚ ਇਕੋ ਮਕਸਦ ਲਈ ਕੰਮ ਕਰ ਰਹੇ ਇਨਕਲਾਬੀਆਂ ਵਿਚ ਤਾਲ ਮੇਲ ਪੈਦਾ ਕਰਨ, ਫੌਜੀ ਸਿੱਖਿਆ ਦੇਣ, ਅਤੇ ਫੌਜੀ ਅਥਵਾ ਹੋਰ ਸਕੀਮਾਂ ਬਨਾਉਣ ਵਿਚ ਅਗਵਾਈ ਦੇਣ ਅਤੇ ਇਨ੍ਹਾਂ ਨੂੰ ਨੇਪਰੇ ਚਾੜ੍ਹਨ ਲਈ ਸਹਾਇਤਾ ਦੇਣ ਆਦਿ ਦੀਆਂ ਸਭ ਸਹੂਲਤਾਂ ਅਤੇ ਵਸੀਲੇ ਜਰਮਨਾਂ ਦੇ ਹੱਥ ਸਨ; ਇਸ ਵਾਸਤੇ ਨਾ ਕੇਵਲ ਗਦਰ ਪਾਰਟੀ ਦੀ, ਬਲਕਿ ਉਸ ਸਮੇਂ ਹਿੰਦ ਵਿਚ ਅੰਗਰੇਜ਼ੀ ਰਾਜ ਵਿਰੁਧ ਕੀਤੇ ਜਾ ਰਹੇ ਸਭ ਇਨਕਲਾਬੀ ਯਤਨਾਂ ਦੀ, ਵਾਗ ਡੋਰ ਅਮਲੀ ਤੌਰ ਉੱਤੇ ਜਰਮਨ ਜੁੱਟ ਦੇ ਹੱਥ ਸੀ। ਪਰ ਜੇਕਰ ਉਪ੍ਰੋਕਤ ਲਿਖਤ ਦਾ ਇਹ ਭਾਵ ਹੈ ਕਿ ਗਦਰ ਪਾਰਟੀ ਆਪਣੀ ਸੁਤੰਤਰਤਾ ਛੱਡ ਕੇ ਆਪਣੇ ਆਪ ਨੂੰ ਜਰਮਨ ਜੁੱਟ ਦੇ ਹਵਾਲੇ ਕਰ ਬੈਠੀ ਸੀ, ਤਾਂ ਇਹ ਠੀਕ ਨਹੀਂ ਜਾਪਦਾ। ਬਲਕਿ ਗਦਰ ਪਾਰਟੀ, ਬਰਲਨ ਵਿਚ ਬਣੀ ਹਿੰਦੀ ਇਨਕਲਾਬੀਆਂ ਦੀ ਕਮੇਟੀ ਨਾਲੋਂ, ਜਰਮਨ ਕੰਟਰੋਲ ਤੇ ਅਸਰ ਤੋਂ ਵੀ ਵਧੇਰੇ ਆਜ਼ਾਦ ਸੀ। ਸ਼ਾਇਦ ਇਸੇ ਕਾਰਨ ਜਰਮਨੀ ਅਤੇ ਬਰਲਨ ਵਿਚ ਬਣੀ ਹਿੰਦੀਆਂ ਦੀ ਕਮੇਟੀ ਨੇ, ਅਮਰੀਕਾ ਵਿਚ ਹਿੰਦੀ ਮੁਆਮਲਿਆਂ ਸੰਬੰਧੀ ਕੰਮ ਕਰਨ ਲਈ, ਗਦਰ ਪਾਰਟੀ ਤੋਂ ਅਲੈਹਦਾ ਪਹਿਲੋਂ ਸ੍ਰੀ ਬਰਿੰਦਰ ਸਰਕਾਰ ਅਤੇ ਸ੍ਰੀ ਹਰੰਭਾ ਲਾਲ ਨੂੰ ਆਪਣਾ ਪ੍ਰਤਿਨਿਧ ਮੁਕੱਰਰ ਕੀਤਾ, ਅਤੇ ਫਿਰ ਉਨ੍ਹਾਂ ਦੀ ਥਾਂ ਡਾਕਟਰ ਚਕਰਵਰਤੀ ਨੂੰ* ਗਦਰ ਪਾਰਟੀ ਦੀ ਜਰਮਨ

*ਇਸ ਵਿਚ ਹਿੰਦ ਤੋਂ ਬਾਹਰ ਕੰਮ ਕਰਦੇ ਓਹ ਬੰਗਾਲੀ ਇਨਕਲਾਬੀ ਸ਼ਾਮਲ ਨਹੀਂ ਜਿਨ੍ਹਾਂ ਦਾ ਉਸ ਸਮੇਂ ਹਿੰਦ ਵਿਚਲੇ ਬੰਗਾਲੀ ਇਨਕਲਾਬੀਆਂ ਨਾਲ ਸਿੱਧਾ ਸੰਬੰਧ ਨਹੀਂ ਸੀ ਰਿਹਾ।

†San Francisco Trial, Charge to the Jury by the Judge, p. 696.

*Rowlatt Report, p. 120.



Digitized by Panjab Digital Library | www.panjabdigilib.org

ਕੰਟਰੋਲ ਤੋਂ ਸੁਤੰਤਰਤਾ ਇਸ ਤੋਂ ਵੀ ਜ਼ਾਹਰ ਹੁੰਦੀ ਹੈ ਕਿ ਸ਼੍ਰੀ ਸਰਕਾਰ ਅਤੇ ਸ਼੍ਰੀ ਹਰੰਭਾ ਲਾਲ ਨੂੰ ਤਾਂ ਜਰਮਨੀ ਦੇ ਬਦੇਸ਼ੀ ਵਜ਼ੀਰ (ਜ਼ਿਮਰਮੈਨ) ਨੇ ਜਦ ਚਾਹਿਆ ਉਨ੍ਹਾਂ ਨੂੰ ਦਿਣੀ ਪੋਜ਼ੀਸ਼ਨ ਤੋਂ ਹਟਾ ਦਿਤਾ, ਪਰ ਸ਼੍ਰੀ ਰਾਮਚੰਦ 'ਪਸ਼ਾਵਰੀਆ' ਨੂੰ ਉਹ ਗਦਰ ਪਾਰਟੀ ਵਿਚ ਉਨ੍ਹਾਂ ਦੀ ਹਾਸਲ ਕੀਤੀ ਪੋਜ਼ੀਸ਼ਨ ਤੋਂ ਨਹੀਂ ਹਟਾ ਸਕੇ; ਹਾਲਾਂ ਕਿ ਜਰਮਨ ਸ਼੍ਰੀ ਰਾਮ ਚੰਦ ਦੇ ਕੰਮ ਤੋਂ ਬਦਜ਼ਨ ਹੋ ਗਏ ਸਨ*, ਬਲਕਿ ਉਨ੍ਹਾਂ ਉਤੇ ਅੰਗਰੇਜ਼ਾਂ ਦਾ ਜਾਸੂਸ ਹੋਣ ਦਾ ਵੀ ਸ਼ੱਕ ਕੀਤਾ ਜਾਂਦਾ ਸੀ† ।

ਬਰਲਨ ਵਿਚ ਬਣੀ ਹਿੰਦੀਆਂ ਦੀ ਕਮੇਟੀ ਨਾਲ ਵੀ ਗਦਰ ਪਾਰਟੀ ਦਾ ਕੋਈ ਨਿਯਮਕ ਸੰਬੰਧ ਜ਼ਾਹਰ ਨਹੀਂ ਹੋਇਆ। ਸ਼੍ਰੀ ਸਾਰਵਰਕਰ ਦੀ ਪੁਸਤਕ (The Indian war of Independence, 1947 Edition) ਦੇ ਸ਼ੁਰੂ ਵਿਚ ਇਸ ਦਾ ਸਮਾਚਾਰ ਲਿਖਦਿਆਂ ਹੋਇਆਂ ਸ਼੍ਰੀ ਜੀ. ਐਮ. ਜੋਸ਼ੀ ਵਲੋਂ ਇਹ ਲਿੱਖ ਦਿੱਤਾ ਗਿਆ ਹੈ ਕਿ, "ਲਾਲਾ ਹਰਦਿਆਲ ਨੇ ਅਮਰੀਕਾ ਵਿਚ ਜਾ ਕੇ 'ਅਭਿਨਵ ਭਾਰਤ ਰੈਵਲੀਊਸ਼ਨਰੀ ਪਾਰਟੀ' ਦੀ ਬਰਾਂਚ ਕਾਇਮ ਕੀਤੀ ਤੇ ਆਪਣਾ ਪਰਸਿੱਧ 'ਗਦਰ' ਅਖਬਾਰ ਜਾਰੀ ਕੀਤਾ"। ਜੇਕਰ ਬਿਨਾਂ ਕਿਸੇ ਠੋਸ ਸਬੂਤ ਜਾਂ ਹਵਾਲਾ ਦਿਤੇ ਦੇ ਅਜਿਹਾ ਬੇ-ਬੁਨਿਆਦ ਦਾਅਵਾ ਕੀਤਾ ਜਾ ਸਕਦਾ ਹੈ‡, ਤਾਂ ਇਸ ਹਸਾਬ ਗਦਰ ਪਾਰਟੀ ਬਰਲਨ ਵਿਚ ਬਣੀ ਹਿੰਦੀਆਂ ਦੀ ਕਮੇਟੀ ਉਤੇ ਆਪਣਾ ਹੱਕ ਜਮਾਉਣ ਵਿਚ ਹੋਰ ਵੀ ਹੱਕ ਬਜਾਨਬ ਹੋ ਸਕਦੀ ਹੈ; ਕਿਉਂਕਿ ਬਰਲਨ ਜਾਣ ਤੋਂ ਪਹਿਲੋਂ ਲਾ: ਹਰਦਿਆਲ ਨਿਰਸੰਦੇਹ ਗਦਰ ਪਾਰਟੀ ਦੇ ਮੋਢੀਆਂ ਵਿਚੋਂ ਰਹਿ ਚੁਕੇ ਸਨ, ਅਤੇ ਸ਼੍ਰੀ ਬਰਕਤੁਲਾ ਨੂੰ ਗਦਰ ਪਾਰਟੀ ਵਲੋਂ ਖਾਸ ਤੌਰ ਉਤੇ ਹਿੰਦ ਦੇ ਗਵਾਂਢੀ ਮੁਸਲਮਾਨ ਮੁਲਕਾਂ ਵਿਚ ਕੰਮ ਕਰਨ ਲਈ ਭੇਜਿਆ ਗਿਆ ਸੀ*। ਪਰ ਇਸ ਤਰ੍ਹਾਂ ਖਿੱਚ ਖਿਚਾ ਕੇ ਸੰਬੰਧ ਜੋੜਨਾ ਇਤਹਾਸਕ ਸਚਾਈ ਨੂੰ ਕੁਚਲਣ ਦੇ ਤੁਲ ਹੋਵੇਗਾ। ਅਮਰੀਕਾ ਛੱਡ ਜਾਣ ਪਿਛੋਂ ਲਾ: ਹਰਦਿਆਲ ਅਤੇ ਸ਼੍ਰੀ ਬਰਕੁਤੁਲਾ ਦੀਆਂ ਕਾਰਰਵਾਈਆਂ ਨੂੰ ਗਦਰ ਪਾਰਟੀ ਲਹਿਰ ਦੀ ਬਜਾਏ ਬਰਲਨ ਵਿਚ ਬਣੀ ਹਿੰਦੀ ਇਨਕਲਾਬੀਆਂ ਦੀ ਕਮੇਟੀ ਦੀਆਂ ਕਾਰਰਵਾਈਆਂ ਦਾ ਹਿੱਸਾ ਸਮਝਣਾ ਵਧੇਰੇ ਯੋਗ ਹੋਵੇਗਾ।

ਬੰਗਾਲ ਦੇ ਇਨਕਲਾਬੀਆਂ ਨਾਲ ਗਦਰ ਪਾਰਟੀ ਲਹਿਰ ਦੇ ਇਸ ਦੌਰ ਵਿਚ ਸੰਬੰਧ ਅਗੇ ਨਾਲੋਂ ਵੀ ਘਟ ਗਏ ਸਨ। ਗਦਰੀ ਇਨਕਲਾਬੀਆਂ ਦੇ ਇਨਕਲਾਬੀ ਯਤਨਾਂ ਦਾ ਅਖਾੜਾ ਸਿਆਮ ਅਤੇ ਬਰਮਾਂ ਵਿਚ ਸੀ, ਅਤੇ ਬੰਗਾਲੀ ਇਨਕਲਾਬੀਆਂ ਦਾ ਬੰਗਾਲ ਵਿਚ। ਦੋਹਾਂ ਯਤਨਾਂ ਨੂੰ ਮੇਲ ਕੇ ਚਲਾਉਣ ਅਤੇ ਹਥਿੱਆਰ ਪ੍ਰਾਪਤ ਕਰਨ ਲਈ ਇਨ੍ਹਾਂ ਦਾ ਆਪਸ ਵਿਚ ਮਮੂਲੀ ਸੰਬੰਧ ਜੁੜਿਆ, ਪਰ ਇਹ ਸੰਬੰਧ ਵੀ ਸਿੱਧਾ ਇਤਨਾ ਨਹੀਂ ਸੀ ਜਿਤਨਾ ਕਿ ਜਰਮਨ ਕਰਮ-ਚਾਰੀਆਂ ਅਤੇ ਬਰਲਨ ਦੇ ਹਿੰਦੀਆਂ ਦੀ ਕਮੇਟੀ ਦੇ ਕਾਰਕੁਨਾਂ ਰਾਹੀਂ।

ਇਸ ਤਰਾਂ ਪਹਿਲੇ ਸੰਸਾਰ ਯਧ ਦੇ ਦੌਰਾਨ ਵਿਚ ਹਿੰਦ ਵਿਚਲੀ ਅੰਗਰੇਜ਼ੀ ਹਕੂਮਤ ਦੇ ਵਿਰੁਧ ਵਡੇ ਦਾਇਰੇ ਵਾਲੀ ਇਨਕਲਾਬੀ ਲਹਿਰ ਵਿਚ ਕੰਮ ਕਰ ਰਹੇ ਨਾ ਕੇਵਲ ਹਿੰਦੀ ਅਤੇ ਗੈਰ ਹਿੰਦੀ ਅਨਸਰਾਂ ਦੇ ਦ੍ਰਿਸ਼ਟੀ ਕੋਨਾਂ ਵਿਚ ਜ਼ਮੀਨ ਅਸਮਾਨ ਦਾ ਫਰਕ ਸੀ, ਬਲਕਿ ਹਿੰਦੀ ਅਨਸਰ ਆਪਸ ਵਿਚ ਵੀ ਅੱਡ ਅੱਡ ਜਥੇ ਬੰਦੀਆਂ ਜਾਂ ਗਰੁਪਾਂ ਵਿਚ ਵੰਡੇ ਹੋਏ ਸਨ, ਜਿਨ੍ਹਾਂ ਵਿਚ ਜਥੇਬੰਦੀ ਦੇ ਲਿਹਾਜ਼ ਨਾਲ ਕੋਈ ਨਿਯਮਕ ਸਾਂਝ ਨਹੀਂ ਸੀ। ਇਨ੍ਹਾਂ ਸਭ ਅਨਸਰਾਂ ਨੂੰ ਇਕ ਫੌਰੀ ਪ੍ਰਾਪਤ ਕਰਨ ਵਾਲੇ ਨਿਸ਼ਾਨੇ (ਹਿੰਦ ਵਿਚੋਂ ਅੰਗਰੇਜ਼ੀ ਹਕੂਮਤ ਖਤਮ ਕਰਨ ਦੇ ਨਿਸ਼ਾਨੇ) ਦੀ ਖਿੱਚ ਨੇ ਆਪਸ ਵਿਚ ਬੰਨ੍ਹਿਆਂ ਹੋਇਆ ਸੀ; ਅਤੇ ਹਿੰਦੀ ਇਨਕਲਾਬੀ ਆਪਣੀ ਲਗਨ ਵਿਚ ਇਤਨੇ ਮਸਤ ਸਨ ਕਿ ਉਨ੍ਹਾਂ ਜਥੇਬੰਦੀਆਂ ਅਤੇ ਪਾਰਟੀਆਂ ਦੇ ਤੰਗ ਦਿਲੀ ਪੈਦਾ ਕਰਨ ਵਾਲੇ ਬੰਦਨਾਂ ਨੂੰ ਨਜ਼ਰਅੰਦਾਜ਼ ਕਰਕੇ ਆਪਸ ਵਿਚ ਇਕ ਜਾਨ ਹੋਕੇ ਮਿਲਵਰਤਣ ਕੀਤਾ। ਇਥੋਂ ਤਕ ਕਿ ਕਈ ਵਿਯੱਕਤੀਆਂ ਬਾਰੇ ਇਹ ਨਿਰਣਾ ਕਰਨਾ ਮੁਸ਼ਕਲ ਹੋ ਜਾਂਦਾ ਹੈ ਕਿ ਉਹ ਇਕ ਕਾਰਜ ਨੂੰ ਕਿਸ ਪਾਰਟੀ ਜਾਂ ਗਰੁਪ ਵਲੋਂ ਕਰ ਰਹੇ ਸਨ।

ਇਕ ਬੰਨੇ ਗੈਰ-ਹਿੰਦੀ ਅਤੇ ਹਿੰਦੀ ਅਨਸਰਾਂ ਨੂੰ, ਅਤੇ ਦੂਸਰੇ ਬੰਨੇ ਅੱਡ ਅੱਡ ਇਨਕਲਾਬੀ ਹਿੰਦੀ ਅਨਸਰਾਂ ਨੂੰ ਆਪਸ ਵਿਚ ਜੋੜੀ ਰਖਣ ਅਤੇ ਇਨ੍ਹਾਂ ਵਿਚ ਤਾਲ ਮੇਲ ਕਾਇਮ ਕਰੀ ਰਖਣ ਵਿਚ, ਬਰਲਨ ਵਿਚ ਬਣੀ ਹਿੰਦੀ ਕਮੇਟੀ ਦਾ ਵੀ ਬਹੁਤ ਹੱਥ ਸੀ। ਇਸ ਦਾ ਇਕ ਕਾਰਨ ਤਾਂ ਇਹ ਸੀ ਕਿ ਇਸ ਕਮੇਟੀ ਵਿਚ ਕੰਮ ਕਰਨ ਵਾਲੇ ਇਨਕਲਾਬੀਆਂ ਦੀ ਗਿਣਤੀ ਭਾਵੇਂ ਗਿਣੀ ਮਿਥੀ ਸੀ, ਪਰ ਉਨ੍ਹਾਂ ਵਿਚ ਲਾ: ਹਰਦਿਆਲ ਵਰਗੀਆਂ ਸਿਰਕੱਢ ਸ਼ਖਸੀਅਤਾਂ ਸਨ ਜਿਨ੍ਹਾਂ ਦੀ ਬੇਲਾਗ ਇਨਕਲਾਬੀ ਲਗਨ ਬਾਰੇ ਸਭ ਨੂੰ ਭਰੋਸਾ ਸੀ। ਦੂਸਰਾ ਅਸਲੀ ਕਾਰਨ ਇਹ ਸੀ ਕਿ ਹਿੰਦ ਵਿਚ ਅੰਗਰੇਜ਼ੀ ਸਰਕਾਰ ਵਿਰੁਧ ਇਸ ਸਮੇਂ ਦੇ ਇਨਕਲਾਬੀ ਘੋਲ ਵਿਚ ਇਸ ਕਮੇਟੀ ਦੀ ਪੋਜ਼ੀਸ਼ਨ ਕੇਂਦ੍ਰੀ ਸੀ। ਅੱਡ ਅੱਡ ਜਥੇਬੰਦੀਆਂ ਅਤੇ ਗਰੁੱਪਾਂ ਵਿਚ ਵੰਡੇ ਹੋਏ ਹਿੰਦੀ ਇਨਕਲਾਬੀਆਂ ਨੂੰ ਆਪਣੇ ਸਾਂਝੇ ਮਕਸਦ ਲਈ ਫੌਜੀ ਅਗਵਾਈ, ਹਥਿੱਆਰ ਅਤੇ ਮਾਇਆ ਦੀ ਲੋੜ ਸੀ, ਜੋ ਜਰਮਨੀ ਪੂਰੀ ਕਰ ਸਕਦਾ ਸੀ। ਪਹਿਲਾ ਸੰਸਾਰ ਯੁੱਧ ਜਿਤਨ ਲਈ ਜਰਮਨ ਹਿੰਦ ਵਿਚਲੀ ਅੰਗਰੇਜ਼ੀ ਹਕੂਮਤ ਉੱਤੇ ਸੱਟ ਮਾਰਨਾ ਚਾਹੁੰਦੇ ਸਨ, ਜੋ ਕੰਮ ਹਿੰਦੀ ਇਨਕਲਾਬੀਆਂ ਰਾਹੀਂ ਹੀ ਕੀਤਾ ਜਾ ਸਕਦਾ ਸੀ। ਇਨ੍ਹਾਂ ਦੋਵਾਂ ਲੋੜਾਂ ਨੂੰ ਪੂਰਾ ਕਰਨ ਵਾਸਤੇ ਜੋੜਨ ਵਾਲੀ ਕੜੀ ਬਣ ਜਾਣ ਕਰਕੇ, ਬਰਲਨ ਵਿਚ ਬਣੀ ਹਿੰਦੀਆਂ ਦੀ ਕਮੇਟੀ ਦੀ ਪੋਜ਼ੀਸ਼ਨ ਬਹੁਤ ਅਹਿਮ ਹੋ ਗਈ। ਨਾ ਕੇਵਲ ਇਹ ਜਰਮਨ ਬਦੇਸ਼ੀ ਤੇ ਫੌਜੀ ਵਿਭਾਗਾਂ ਨੂੰ ਹਿੰਦ ਦੀ ਅੰਗਰੇਜ਼ੀ ਹਕੂਮਤ ਨੂੰ ਉਲਟਾਉਣ ਖਾਤਰ ਸਕੀਮਾਂ ਬਨਾਉਣ ਵਿਚ ਸਲਾਹ ਮਸ਼ਵਰਾ ਦਿੰਦੀ, ਬਲਕਿ ਇਨ੍ਹਾਂ ਸਕੀਮਾਂ ਨੂੰ ਨੇਪਰੇ ਚਾੜ੍ਹਨ ਖਾਤਰ ਜਰਮਨ ਕਰਮਚਾਰੀਆਂ ਅਤੇ ਹਿੰਦੀ ਇਨਕਲਾਬੀਆਂ ਵਿਚ ਤਾਲ ਮੇਲ ਪੈਦਾ ਕਰਨ ਦਾ ਸਾਧਨ ਵੀ ਬਣਦੀ। "ਇਸ ਤਰ੍ਹਾਂ ਲੜਾਈ ਦੇ ਪਹਿਲੇ ਸਾਲ ਵਿਚ ਬਰਤਾਨਵੀਂ ਹਿੰਦ ਦੇ ਬਰਖਲਾਫ ਸਾਜ਼ਸ਼ ਦਾ ਕੇਂਦ੍ਰ ਬਰਲਨ ਵਿਚ......ਪੱਕੇ ਤੌਰ ਉਤੇ ਕਾਇਮ ਹੋ ਗਿਆ, ਜਿਸ ਦਾ ਸਿਰਕੱਢ ਲੀਡਰ ਹਰਦਿਆਲ ਸੀ। ਉਸ ਦਾ ਦੂਰ ਦਰਾਜ਼ ਦੀਆਂ ਸਾਰੀਆਂ ਸ਼ਾਖਾਂ ਨਾਲ ਸੰਬੰਧ ਸੀ। ਲਾਹੌਰ, ਦਿਲੀ ਅਤੇ ਕਲਕੱਤੇ ਵਿਚ ਆਪਣੇ ਪੰਜਾਬੀ ਤੇ ਬੰਗਾਲੀ ਸਾਥੀਆਂ ਰਾਹੀਂ; ਕੈਨੇਡਾ ਅਤੇ ਅਮਰੀਕਾ ਵਿਚ ਉਸਦੀ ਆਪਣੀ ਰਚਨਾ ਗਦਰ ਏਜੰਸੀ ਰਾਹੀਂ; ਧੁਰ ਪੂਰਬ ਵਿਚ ਬਰਕਤੁਲਾ ਅਤੇ ਹੋਰਨਾਂ ਰਾਹੀਂ। ਇਨ੍ਹਾਂ ਸਾਰੀਆਂ ਦੇ ਅਗੋਂ ਹਿੰਦ ਵਿਚਲੀਆਂ

---

*San Francisco Trial, Testimony of Ernest D. Dekku and John J. Gregurevich.

†Ibid, Testimony of George W. Hartz.

‡'ਗਦਰ ਪਾਰਟੀ ਦੀ ਕਾਇਮੀ' ਵਾਲੇ ਕਾਂਡ ਵਿਚ ਦਿੱਤੇ ਵਾਕਿਆਤ ਅਤੇ ਸਬੂਤਾਂ ਦੀ ਰੋਸ਼ਨੀ ਵਿਚ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਹ ਕਿਤਨਾ ਬੇ-ਬੁਨਿਆਦ ਦਾਅਵਾ ਹੈ।

---

***Third Case, Evidence, p. 31.**

ਹਿੰਦੂ, ਮੁਸਲਮ ਅਤੇ ਸਿਖ ਇਨਕਲਾਬੀ ਸ਼ਕਤੀਆਂ ਨਾਲ ਸਿੱਧੇ ਅਤੇ ਗੂੜ੍ਹੇ ਸੰਬੰਧ ਸਨ*"।

ਇਸ ਦੌਰ ਵਿਚ ਹਿੰਦ ਵਿਚਲੀ ਅੰਗਰੇਜ਼ੀ ਹਕੂਮਤ ਨੂੰ ਹਥਿਆਰ ਬੰਦ ਬਲਵੇ ਰਾਹੀਂ ਉਲਟਾਉਣ ਹਿਤ ਕੰਮ ਕਰ ਰਹੀਆਂ ਭਿਨ ਭਿਨ ਤਾਕਤਾਂ ਦੇ ਪਰਸਪਰ ਸੰਬੰਧਾਂ ਨੂੰ ਸਮਝਣ ਲਈ, ਉਨ੍ਹਾਂ ਤਾਕਤਾਂ ਤੇ ਉਨ੍ਹਾਂ ਦੇ ਅੱਡ ਅੱਡ ਦ੍ਰਿਸ਼ਟੀ ਕੋਨਾਂ ਨੂੰ ਨਿਖੇੜ ਕੇ ਸਾਹਮਣੇ ਰੱਖਣਾ ਜਿਵੇਂ ਜ਼ਰੂਰੀ ਹੈ, ਇਸੇ ਤਰ੍ਹਾਂ ਇਸ ਦੌਰ ਦੀਆਂ ਸਕੀਮਾਂ ਨੂੰ ਜਾਂਚਣ ਖ਼ਾਤਰ ਉਨ੍ਹਾਂ ਬਦਲੇ ਹੋਏ ਹਾਲਾਤ ਨੂੰ ਸਾਹਮਣੇ ਰੱਖਣਾ ਜ਼ਰੂਰੀ ਹੈ, ਜੋ ਹਿੰਦ ਵਿਚ ਗਦਰ ਪਾਰਟੀ ਲਹਿਰ ਫੇਲ ਹੋਣ ਤੋਂ ਪੈਦਾ ਹੋਏ ਅਤੇ ਜਿਨ੍ਹਾਂ ਦਾ ਗਦਰ ਪਾਰਟੀ ਦੀ ਮੁਢਲੀ ਪਲੈਨ ਉਤੇ ਅਸਰ ਪਿਆ।

ਸਤਵੇਂ ਕਾਂਡ (ਪੰਨੇ ੨੦੭, ੨੦੮) ਵਿਚ ਵੇਖਿਆ ਜਾ ਚੁਕਾ ਹੈ ਕਿ ਗਦਰ ਪਾਰਟੀ ਦੀ ਫੌਜੀ ਪਲੈਨ (Strategy) ਦਾ ਇਕ ਹਿੱਸਾ ਇਹ ਸੀ ਕਿ ਜਿਸ ਵੇਲੇ ਹਿੰਦ ਵਿਚ ਬਲਵਾ ਹੋਵੇ, ਓਸੇ ਸਮੇਂ ਹੋਰ ਮੁਲਕਾਂ, ਖਾਸ ਕਰ ਹਿੰਦ ਦੇ ਗਵਾਂਢੀ ਮੁਲਕਾਂ, ਵਿਚ ਵੀ ਬਗਾਵਤਾਂ ਹੋਣ, ਤਾਕਿ ਅੰਗਰੇਜ਼ਾਂ ਦੀ ਤਾਕਤ ਇਨ੍ਹਾਂ ਨੂੰ ਨਜਿੱਠਣ ਖ਼ਾਤਰ ਬਿਖਰ ਜਾਏ। ਪਰ ਕਿਸੇ ਕਾਰਨ ਜਰਮਨੀ ਨਾਲ ਵੇਲੇ ਸਿਰ ਤਾਲ ਮੇਲ ਪੈਦਾ ਨਾ ਹੋ ਸਕਣ ਕਰਕੇ, ਜਾਂ ਅਮਰੀਕਾ ਤੋਂ ਹਿੰਦ ਨੂੰ ਆਉਣ ਵਾਲੀ ਗਦਰੀ ਮੁਹਿੰਮ ਦੇ ਲੀਡਰਾਂ ਦੇ ਸ਼ੁਰੂ ਵਿਚ ਜਹਾਜ਼ਾਂ ਤੋਂ ਫੜੇ ਜਾਣ ਕਰਕੇ, ਜਾਂ ਬਲਵੇ ਲਈ ਤਿਆਰ ਹਿੰਦੀ ਫੌਜੀਆਂ ਦੇ ਜ਼ੋਰ ਦੇਣ ਉਤੇ ਬਲਵੇ ਦੀ ਤਾਰੀਖ ਜਲਦੀ ਨੀਯਤ ਕਰਨ ਵਾਸਤੇ ਮਜਬੂਰ ਹੋਣ ਕਰਕੇ, ਅਜਿਹਾ ਨਾ ਹੋ ਸੱਕਿਆ। ਇਸ ਦਾ ਇਕ ਸਿੱਟਾ ਇਹ ਨਿਕਲਿਆ ਕਿ ਗਦਰ ਪਾਰਟੀ ਦੀ ਮੁਢਲੀ ਪਲੈਨ ਦੇ ਟੋਟੇ ਹੋ ਗਏ ਅਤੇ ਇਨ੍ਹਾਂ ਟੋਟਿਆਂ ਦੀ ਤਰਤੀਬ ਉਗੜ ਦੁਗੜੀ ਹੋ ਗਈ। ਅਰਥਾਤ ਜਿਸ ਵੇਲੇ ਹਿੰਦ ਦੇ ਗਵਾਂਢੀ ਮੁਲਕਾਂ ਵਿਚ ਬਲਵਾ ਕਰਨ ਦੇ ਯਤਨ ਸ਼ਕਲ ਫੜਨ ਲਗੇ, ਹਿੰਦ ਵਿਚ ਗਦਰ ਪਾਰਟੀ ਲਹਿਰ ਮੁਕੰਮਲ ਤੌਰ ਉਤੇ ਫੇਲ ਹੋ ਚੁਕੀ ਸੀ।

ਪਿਛਲੇ ਕਾਂਡਾਂ ਵਿਚ ਵੇਖਿਆ ਜਾ ਚੁਕਾ ਹੈ ਕਿ ਹਿੰਦ ਵਿਚ ਇਨਕਲਾਬ ਕਰਨ ਦਾ ਦਾਰੋਮਦਾਰ ਫੌਜੀ ਗਦਰ ਹੋਣ ਉੱਤੇ ਨਿਰਭਰ ਸੀ, ਕਿਉਂਕਿ ਆਮ ਜਨਤਾ ਨੇ ਗਦਰੀਆਂ ਦਾ ਪੂਰਾ ਸਾਥ ਨਾ ਦਿੱਤਾ। ਪਰ ਹਿੰਦ ਵਿਚ ਗਦਰ ਪਾਰਟੀ ਲਹਿਰ ਫੇਲ ਹੋ ਜਾਣ ਕਰਕੇ ਦੇਸ ਵਿਚ ਕੋਈ ਐਸੇ ਇਨਕਲਾਬੀ ਅਨਸਰ ਹਰਕਤ ਵਿਚ ਨਹੀਂ ਸਨ ਰਹੇ, ਜੋ ਦੇਸੀ ਫੌਜਾਂ ਨੂੰ ਪ੍ਰੇਰਨ ਲਈ ਕਾਰਗਰ ਯਤਨ ਕਰਦੇ। ਬੰਗਾਲ ਦੇ ਕਈ ਇਨਕਲਾਬੀ ਇਸ ਦੌਰ ਵਿਚ ਵੀ ਬਲਵੇ ਲਈ ਤਿਆਰੀ ਕਰਨ ਵਿਚ ਜੁੱਟੇ ਰਹੇ, ਪਰ ਉਨ੍ਹਾਂ ਦੇ ਫੌਜੀਆਂ ਨਾਲ ਸੰਬੰਧ ਨਹੀਂ ਸਨ ਅਤੇ ਉਨ੍ਹਾਂ ਦੇ ਕੰਮ ਦਾ ਦਾਇਰਾ ਅਮਲੀ ਤੌਰ ਉਤੇ ਬੰਗਾਲ ਤਕ ਮਹਿਦੂਦ ਸੀ। ਸਿਆਮ-ਬਰਮਾ ਦੀ ਮੁਹਿੰਮ ਇਸ ਖਿਆਲ ਨਾਲ ਕੀਤੀ ਗਈ ਕਿ ਬਰਮਾ ਵਿਚ ਇਨਕਲਾਬ ਸਫਲ ਹੋ ਜਾਣ ਦੀ ਸੂਰਤ ਵਿਚ ਇਸ ਦੀ ਮਿਸਾਲ ਨੂੰ ਵੇਖ ਕੇ ਜਾਂ ਤਾਂ ਹਿੰਦ ਵਿਚ ਆਪਣੇ ਆਪ ਬਲਵਾ ਹੋ ਜਾਵੇਗਾ, ਜਾਂ ਬਰਮਾਂ ਨੂੰ ਹਿੰਦ ਵਲ ਵਧਣ ਲਈ ਫੌਜੀ ਮੁਹਿੰਮ ਦਾ ਅੱਡਾ ਬਣਾਇਆ ਜਾਵੇਗਾ* । ਰਾਜਸੀ ਤੌਰ ਉਤੇ ਬਰਮਾ ਭਾਵੇਂ ਹਿੰਦ ਦਾ ਉਸ ਸਮੇਂ ਇਕ ਹਿੱਸਾ ਸੀ, ਪਰ ਭੂਗੋਲਕ ਲਿਹਾਜ਼ ਨਾਲ ਇਹ ਹਿੰਦ ਤੋਂ ਅਲੈਹਦਾ ਹੈ। ਇਸ ਵਾਸਤੇ ਬਰਮਾ ਵਿਚ ਹੋਏ ਸਫਲ ਇਨਕਲਾਬ ਦੀ ਮਿਸਾਲ ਤੋਂ ਹਿੰਦ ਵਿਚਲੀਆਂ ਦੇਸੀ ਫੌਜਾਂ ਨੂੰ ਬਲਵੇ ਲਈ ਉਹ ਪ੍ਰੇਰਨਾ ਮਿਲਣ ਦੀ ਆਸ ਨਹੀਂ ਸੀ ਕੀਤੀ ਜਾ ਸਕਦੀ, ਜੋ ਦੇਸ ਦੇ ਅੰਦਰ ਕਿਸੇ ਹਿੱਸੇ ਵਿਚ ਫੌਜਾਂ ਦੇ ਕੀਤੇ ਗਦਰ ਦੀ ਮਿਸਾਲ ਤੋਂ । ਨਾ ਹੀ (ਹਿੰਦ ਵਿਚ ਗਦਰ ਨਾ ਹੋਣ ਦੀ ਸੂਰਤ ਵਿਚ) ਬਰਮਾ ਨੂੰ ਹਿੰਦ ਵਿਰੁਧ ਬਾਹਰੋਂ ਕੀਤੀ ਸਫਲ ਫੌਜੀ ਕਾਰਰਵਾਈ ਦਾ ਅੱਡਾ ਬਣਾਇਆ ਜਾ ਸਕਦਾ ਸੀ, ਕਿਉਂਕਿ ਹਿੰਦ ਦੀ ਹਕੂਮਤ ਦੀ ਫੌਜੀ ਤਾਕਤ ਦੇ ਮੁਕਾਬਲੇ ਦੀ ਬਰਮਾ ਵਿਚ ਫੌਜੀ ਤਾਕਤ ਅਕੱਠੀ ਕਰਨ ਦੇ ਇਨਕਲਾਬੀਆਂ ਪਾਸ ਵਸੀਲੇ ਨਹੀਂ ਸਨ। ਬੰਗਾਲ ਜਾਂ ਸਿਆਮ-ਬਰਮਾ ਦੀਆਂ ਸਕੀਮਾਂ ਨਾਲੋਂ, ਅਮੀਰ ਕਾਬਲ ਨੂੰ ਪ੍ਰੇਰ ਕੇ ਹਿੰਦ ਉਤੇ ਹਮਲਾ ਕਰਵਾਉਣ ਦੀ ਵਿਉਂਤ ਵਧੇਰੇ ਸੰਭਾਵਨਾ ਭਰਪੂਰ ਸੀ; ਕਿਉਂਕਿ ਇਸ ਤਰ੍ਹਾਂ ਹੋਣ ਨਾਲ ਹਿੰਦ ਤੋਂ ਬਾਹਰ ਅਤੇ ਹਿੰਦ ਦੇ ਅੰਦਰ ਮੁਸਲਮਾਨ ਅਨਸਰਾਂ ਦੇ ਉਠ ਖੜੇ ਹੋਣ, ਅਤੇ ਹਿੰਦ ਵਿਚ ਆਮ ਫੌਜੀ ਬਗਾਵਤ ਹੋ ਜਾਣ, ਦੇ ਵਧੇਰੇ ਚਾਨਸ ਸਨ। ਪਰ ਅਮੀਰ ਕਾਬਲ ਵੀ ਮੁਆਫਕ ਹਾਲਾਤ ਵਿਚ ਹਿੰਦ ਉਤੇ ਹਮਲਾ ਕਰਨ ਲਈ ਪ੍ਰੇਰਿਆ ਜਾ ਸਕਦਾ ਸੀ, ਜਾਂ ਮਜਬੂਰ ਕੀਤਾ ਜਾ ਸਕਦਾ ਸੀ। ਅਮੀਰ ਕਾਬਲ ਨੇ ਉਸ ਨੂੰ ਉਪ੍ਰੋਕਤ ਭਾਵ ਲਈ ਪ੍ਰੇਰਨ ਗਏ ਜਰਮਨ-ਤੁਰਕੀ ਮਿਸ਼ਨ ਅਗੇ ਇਹ ਸ਼ਰਤ ਰਖੀ ਕਿ ਉਹ ਉਸ ਵੇਲੇ ਇਸ ਬੰਨੇ ਧਿਆਨ ਦੇਵੇਗਾ ਜਦ ਇਕ ਲੱਖ ਸਿਪਾਹੀ ਹੈਰਾਤ (ਕਾਬਲ) ਵਿਚ ਅਕੱਠੇ ਕਰਕੇ ਵਿਖਾਏ ਜਾਣ*। ਇਹ ਸ਼ਰਤ ਜਰਮਨ ਅਤੇ ਤੁਰਕ ਪੂਰੀ ਨਾ ਕਰ ਸਕੇ। ਇਸ ਤੋਂ ਇਲਾਵਾ ਅਮੀਰ ਕਾਬਲ ਨੂੰ ਪ੍ਰੇਰਨ ਵਾਸਤੇ ਹੋਰ ਮੁਆਫਕ ਹਾਲਾਤ ਇਹ ਹੋ ਸਕਦੇ ਸਨ ਕਿ ਹਿੰਦ ਵਿਚ ਅੰਦਰੋਂ ਵਡੇ ਪੈਮਾਨੇ ਉਤੇ ਫੌਜੀ ਗਦਰ ਸ਼ੁਰੂ ਹੋ ਜਾਂਦਾ, ਜਿਸ ਨੂੰ ਵੇਖਕੇ ਅਮੀਰ ਕਾਬਲ ਨੂੰ ਹਿੰਦ ਵਿਚ ਲੜ ਖੜਾਉਂਦੀ ਅੰਗਰੇਜ਼ੀ ਹਕੂਮਤ ਨੂੰ ਧੱਕਾ ਲਾਉਣ ਦਾ ਹੌਂਸਲਾ ਪੈਂਦਾ।

ਇਸ ਤਰ੍ਹਾਂ ਹਿੰਦ ਦੇ ਗਵਾਂਢੀ ਮੁਲਕਾਂ ਵਿਚ ਅੰਗਰੇਜ਼ ਵਿਰੋਧੀ ਅਨਸਰਾਂ ਦੇ ਬਲਵਾ ਕਰਵਾਉਣ ਦੇ ਯਤਨ, ਹਿੰਦ ਦੇ ਅੰਦਰ ਹੋਈ ਫੌਜੀ ਬਗਾਵਤ ਨਾਲ ਮਿਲਾ ਕੇ ਚਲਾਏ ਜਾਣ ਦੀ ਸੂਰਤ ਵਿਚ ਤਾਂ ਅਰਥ ਭਰਪੂਰ ਹੋ ਕਸਦੇ ਸਨ; ਪਰ ਇਸ ਤਰ੍ਹਾਂ ਨਾ ਹੋ ਸਕਣ ਦੀ ਹਾਲਤ ਵਿਚ ਇਨ੍ਹਾਂ ਵਿਚ ਸਫਲਤਾ ਦੇ ਬਹੁਤੇ ਬੀਜ ਨਹੀਂ ਸਨ। ਅਰਥਾਤ ਹਿੰਦ ਦੇ ਅੰਦਰੋਂ ਅਤੇ ਬਾਹਰੋਂ ਕੀਤੇ ਮਿਲਵੇਂ ਯਤਨ ਤਾਂ ਦਰੱਖਤ ਨੂੰ ਜੜ੍ਹਾਂ ਤੋਂ ਵਢੱਣ ਦੇ ਨਾਲ ਨਾਲ ਟਾਹਣਾਂ ਤੋਂ ਹਿਝੋਕਾ ਮਾਰਕੇ ਡੇਗਣ ਦੀਆਂ ਕੋਸ਼ਸ਼ਾਂ ਦੇ ਤੁੱਲ ਸਨ; ਪਰ ਹਿੰਦ ਵਿਚ ਫੌਜੀ ਬਗਾਵਤ ਕਰਵਾਏ ਬਗੈਰ ਗਵਾਂਢੀ ਮੁਲਕਾਂ ਵਿਚ ਬਲਵੇ ਕਰਨ ਦੇ ਨਿਵੇਕਲੇ ਯਤਨ ਬ੍ਰਿੱਛ ਨੂੰ ਕੇਵਲ ਟਾਹਣਿਆਂ ਤੋਂ ਰੱਸਾ ਪਾਕੇ ਖਿਚੱਕੇ ਡੇਗਣ ਦੇ ਬਰਾਬਰ ਸਨ। ਪਿਛਲੀ ਕਿਸਮ ਦੇ ਯਤਨਾਂ ਬਾਰੇ ਇਹ ਦਾਅਵੇ ਨਾਲ ਤਾਂ ਨਹੀਂ ਕਿਹਾ ਜਾ ਸਕਦਾ ਕਿ ਇਹ ਕਿਸੇ ਹਾਲਤ ਵਿਚ ਵੀ ਕਾਮਯਾਬ ਨਹੀਂ ਸਨ ਹੋ ਸਕਦੇ; ਪਰ ਸਫਲਤਾ ਪ੍ਰਾਪਤ ਕਰਨ ਦੇ ਨਜ਼ਰੀਏ ਨਾਲੋਂ ਇਨ੍ਹਾਂ ਦੀ ਇਸ ਦ੍ਰਿਸ਼ਟੀ ਕੋਨ ਤੋਂ ਵਧੇਰੇ ਅਹਿਮੀਅਤ ਹੈ ਕਿ ਇਹ ਹਿੰਦੀ ਇਨਕਲਾਬੀਆਂ ਦੀ ਦ੍ਰਿੜ ਇਨਕਲਾਬੀ ਲਗਨ ਨੂੰ ਜ਼ਾਹਰ ਕਰਦੇ ਹਨ।

## ਫੌਜੀ ਸਕੀਮਾਂ

"ਜਰਮਨੀ ਦੇ ਕੇਂਦ੍ਰੀ ਫੌਜੀ ਮਹਿਕਮੇਂ (General staff) ਦੀਆਂ ਹਿੰਦ ਵਿਰੁਧ ਕਈ ਨਿਖਰਵੀਆਂ

---

*Isemonger and Slattery, p. 133.

*O'Dwyer, p. 188.

*O' Dwyer, p. 182.

ਸਕੀਮਾਂ ਸਨ*"। ਬਾਕੀ ਦੀਆਂ ਕਾਰਰਵਾਈਆਂ ਇਨ੍ਹਾਂ ਫੌਜੀ ਸਕੀਮਾਂ ਨੂੰ ਨੇਪਰੇ ਚਾੜ੍ਹਨ ਲਈ ਸਹਾਇਕ ਰੂਪ ਵਿਚ ਕੀਤੀਆਂ ਗਈਆਂ। ਇਨ੍ਹਾਂ ਫੌਜੀ ਸਕੀਮਾਂ ਵਿਚੋਂ, ਜਿਨ੍ਹਾਂ ਨੇ ਕੁਝ ਅਮਲੀ ਸ਼ਕਲ ਫੜੀ, ਵੱਡੀਆਂ ਤਿਨ ਇਹ ਸਨ:–

**੧. ਪੱਛਮੀਂ ਸਰਹੱਦ ਦੀ ਸਕੀਮ:**–ਇਸ ਸਕੀਮ ਦਾ ਵੱਡਾ ਮਕਸਦ ਕਾਬਲ ਦੇ ਅਮੀਰ ਅਤੇ ਪਛੱਮੀ ਸਰਹੱਦ ਦੇ ਕਬਾਇਲੀਆਂ ਨੂੰ ਪ੍ਰੇਰਕੇ ਹਿੰਦ ਉਤੇ ਹਮਲਾ ਕਰਵਾਉਣ ਦਾ ਸੀ। ਨਾਲ ਲਗਵੀਂ ਇਹ ਆਸ ਕੀਤੀ ਗਈ ਸੀ ਕਿ ਹਿੰਦ ਦੇ ਮੁਸਲਮਾਨ ਅਤੇ ਹੋਰ ਇਨਕਲਾਬੀ ਹਮਲਆਵਰਾਂ ਦਾ ਸਾਥ ਦੇਣਗੇ†। ਇਸ ਸਕੀਮ ਦਾ ਇਕ ਹਿੱਸਾ ਇਹ ਵੀ ਸੀ ਕਿ ਯੂਰਪ ਦੇ ਜੰਗ ਵਿਚ ਜਰਮਨਾਂ ਦੇ ਹੱਥ ਆਏ ਹਿੰਦੀ ਜੰਗੀ ਕੈਦੀਆਂ ਨੂੰ ਪ੍ਰੇਰਕੇ, ਉਨ੍ਹਾਂ ਤੋਂ ਹਿੰਦ ਦੀ ਪਛੱਮੀ ਸਰਹੱਦ ਰਾਹੀਂ ਹੱਲਾ ਕਰਵਾਇਆ ਜਾਏ।

ਇਸ ਸਕੀਮ ਨੂੰ ਅਮਲੀ ਸ਼ਕਲ ਦੇਣ ਲਈ ਭਿਨ ਭਿਨ ਅਨਸਰ ਅਗੋਂ ਪਿਛੋਂ ਕੰਮ ਕਰਦੇ ਰਹੇ। ਜਰਮਨ ਅਤੇ ਤੁਰਕੀ ਸਰਕਾਰਾਂ ਨੇ ਮਿਲ ਕੇ ਇਕ ਸਾਂਝਾ ਮਿਸ਼ਨ ਅਫਗਾਨਿ-ਸਤਾਨ ਦੇ ਅਮੀਰ ਨੂੰ ਪ੍ਰੇਰ ਕੇ ਆਪਣੇ ਨਾਲ ਸ਼ਾਮਲ ਕਰਨ ਲਈ ਕਾਬਲ ਭੇਜਿਆ, ਜਿਸ ਨਾਲ ਸ੍ਰੀ ਮਹਿੰਦ੍ਰ ਪ੍ਰਤਾਪ ਅਤੇ ਸ੍ਰੀ ਬਰਕਤੁਲਾ ਵੀ ਬਰਲਨ ਤੋਂ ਭੇਜੇ ਗਏ। ਇਹ ਮਿਸ਼ਨ ਅਫਗਾਨਿਸਤਾਨ ਦੇ ਅਮੀਰ ਨੂੰ ਪ੍ਰੇਰਨ ਲਈ ਕਾਫੀ ਚਿਰ ਯਤਨ ਕਰਦਾ ਰਿਹਾ, ਅਤੇ ਅਫਗਾਨਿਸਤਾਨ ਦੇ ਕਈ ਬਾ-ਰਸੂਖ ਸਰਦਾਰ ਅਤੇ ਅਫਸਰ ਇਸ ਮਿਸ਼ਨ ਦੇ ਹੱਕ ਵਿਚ ਸਨ। ਪਰ ਅਮੀਰ ਕਾਬਲ ਮਿਸ਼ਨ ਨੂੰ ਇਹ ਕਹਿਕੇ ਟਾਲਦਾ ਰਿਹਾ ਕਿ ਉਹ (ਅਮੀਰ) ਉਨ੍ਹਾਂ (ਜਰਮਨ-ਤੁਰਕਾਂ) ਦਾ ਸਾਥ ਦੇਣ ਬਾਰੇ ਤੱਦ ਹੀ ਵੀਚਾਰ ਕਰੇਗਾ ਜੇ ਪਹਿਲਾਂ ਉਸ ਨੂੰ (ਅਮੀਰ ਨੂੰ) ਇਕ ਲੱਖ ਫੌਜ ਹੈਰਾਤ ਵਿਚ ਅਕੱਠੀ ਕਰਕੇ ਵਿਖਾਈ ਜਾਏ। ਜਰਮਨ-ਤੁਰਕੀ ਮਿਸ਼ਨ ਇਹ ਨਾ ਕਰ ਸਕਿਆ, ਅਤੇ ਆਖਰ ਨਿਰਾਸ ਹੋ ਕੇ ਸੰਨ ੧੯੧੬ ਦੇ ਸ਼ੁਰੂ ਵਿਚ ਕਾਬਲ ਤੋਂ ਵਾਪਸ ਚਲਾ ਗਿਆ। ਪਰੰਤੂ ਸ੍ਰੀ ਮਹਿੰਦਰ ਪ੍ਰਤਾਪ ਅਤੇ ਸ੍ਰੀ ਬਰਕਤੁਲਾ ਅਫਗਾਨਿਸਤਾਨ ਵਿਚ ਕੁਝ ਚਿਰ ਹੋਰ ਟਿਕੇ ਰਹੇ, ਅਤੇ ਦੇਓਬੰਦ(ਯੂ. ਪੀ.) ਦੇ ਸ੍ਰੀ ਉਬੇਦੁੱਲਾ, ਪੰਜਾਬ ਤੋਂ ਹਿਜਰਤ ਕਰ ਗਏ ਮੁਸਲਮਾਨ ਵਿਦਿਆਰਥੀਆਂ, ਅਤੇ ਹੋਰਨਾਂ ਨਾਲ ਮਿਲ ਕੇ ਹਿੰਦ ਵਿਚਲੀ ਅੰਗਰੇਜ਼ੀ ਹਕੂਮਤ ਵਿਰੁਧ ਆਪਣੇ ਯਤਨਾਂ ਵਿਚ ਜੁੱਟੇ ਰਹੇ*।

ਗਦਰ ਪਾਰਟੀ ਦਾ ਪੱਛਮੀ ਸਰਹੱਦ ਦੀ ਸਕੀਮ ਨਾਲ ਸਿੱਧਾ ਸੰਬੰਧ ਨਹੀਂ ਸੀ। ਪਰ ਜਰਮਨਾਂ ਹੱਥ ਆਏ ਹਿੰਦੀ ਫੌਜੀ ਕੈਦੀਆਂ ਨੂੰ ਪੱਛਮੀ ਸਰਹੱਦ ਵਲੋਂ ਹਿੰਦ ਉਤੇ ਕੀਤੇ ਜਾਣ ਵਾਲੇ ਹੱਲੇ ਵਿਚ ਵਰਤੇ ਜਾਣਾ ਸੀ, ਅਤੇ ਗਦਰ ਪਾਰਟੀ ਨੇ ਇਨ੍ਹਾਂ ਫੌਜੀ ਕੈਦੀਆਂ ਨੂੰ ਪ੍ਰੇਰਨ ਵਿਚ ਹਿੱਸਾ ਲਿਆ। 'ਪੰਡਤ' ਰਾਮ ਚੰਦ ਨੇ ਸ੍ਰੀ ਰਿਖੀ ਕੇਸ਼, ਸ੍ਰੀ ਅਮੀਨ ਚੰਦ ਸ਼ਰਮਾ, ਸ੍ਰੀ ਸ਼ਿਵਦੇਵ ਸਿੰਘ, ਸ੍ਰੀ ਕਿਦਾਰ ਨਾਥ ਅਤੇ ਸ੍ਰੀ ਕਰਤਾਰ ਰਾਮ ਨੂੰ ਸੈਨਫ੍ਰਾਂਸਿਸਕੋ ਤੋਂ ਜਰਮਨੀ ਇਸ ਮਕਸਦ ਲਈ ਭੇਜਿਆ ਕਿ ਮੈਦਾਨ ਜੰਗ ਵਿਚ ਲੜ ਰਹੀਆਂ ਹਿੰਦੀ ਫੌਜਾਂ ਵਿਚ ਵੰਡਣ ਲਈ ਸਾਹਿਤ ਛਾਪਣ, ਅਤੇ ਜਰਮਨਾਂ ਹੱਥ ਆਏ ਹਿੰਦੀ ਫੌਜੀ ਕੈਦੀਆਂ ਨੂੰ ਪੱਛਮੀ ਸਰਹੱਦ ਉਤੋਂ ਹਿੰਦ ਉਤੇ ਹੱਲਾ ਕਰਨ ਖਾਤਰ ਨਾਲ ਲੈਕੇ ਆਉਣ*। ਮੈਦਾਨ ਜੰਗ ਵਿਚ ਲੜ ਰਹੀਆਂ ਹਿੰਦੀ ਫੌਜਾਂ ਵਿਚ ਹਵਾਈ ਜਹਾਜ਼ਾਂ ਰਾਹੀਂ ਵੰਡਣ ਖਾਤਰ ਸਾਹਿਤ ਯੁਗੰਤਰ ਆਸ਼ਰਮ, ਸੈਨਫ੍ਰਾਂਸਿਸਕੋ, ਵਿਚ ਛਾਪਿਆ ਜਾਂਦਾ, ਅਤੇ ਸੈਨਫ੍ਰਾਂਸਿਸਕੋ ਦਾ ਜਰਮਨ ਕੌਂਸਲ ਖੁਦ ਆਪ ਆਪਣੀ ਮੋਟਰ ਵਿਚ ਇਸ ਸਾਹਿਤ ਨੂੰ ਯੂਰਪ ਭੇਜਣ ਲਈ ਲੈ ਜਾਂਦਾ†। ਇਸ ਤੋਂ ਇਲਾਵਾ ਹਿੰਦ ਵਿਚ ਗਦਰ ਪਾਰਟੀ ਲਹਿਰ ਫੇਲ ਹੋ ਜਾਣ ਪਿਛੋਂ ਡਾਕਟਰ ਮਥਰਾ ਸਿੰਘ ਅਤੇ ਸ੍ਰੀ ਹਰਨਾਮ ਸਿੰਘ 'ਕਹੂਟਾ' ਅਫਗਾਨਿਸਤਾਨ ਚਲੇ ਗਏ ਸਨ। ਪਹਿਲੋਂ ਤਾਂ ਉਨ੍ਹਾਂ ਨੂੰ ਅਫਗਾਨਿਸਤਾਨ ਦੀ ਸਰਕਾਰ ਨੇ ਕੈਦ ਕਰ ਦਿਤਾ, ਪਰ ਇਕ ਸਾਲ ਪਿਛੋਂ ਰਿਹਾ ਕਰ ਦਿਤਾ। ਏਸੇ ਸਮੇਂ ਜਰਮਨ-ਤੁਰਕੀ ਮਿਸ਼ਨ ਕਾਬਲ ਪੁਜਾ ਸੀ। ਡਾਕਟਰ ਮਥਰਾ ਸਿੰਘ ਸ੍ਰੀ ਮਹਿੰਦ੍ਰ ਪ੍ਰਤਾਪ ਦੇ ਨਾਲ ਕੰਮ ਵਿਚ ਲਗ ਗਏ, ਜਿਨ੍ਹਾਂ ਵਲੋਂ ਡਾਕਟਰ ਮਥਰਾ ਸਿੰਘ ਨੂੰ ਰੂਸ ਇਕ ਉਚੇਰੇ ਮਿਸ਼ਨ ਉਤੇ ਭੇਜਿਆ ਗਿਆ। ਪਰ ਰੂਸੀਆਂ ਨੇ ਡਾਕਟਰ ਮਥਰਾ ਸਿੰਘ ਨੂੰ ਫੜਕੇ ਈਰਾਨ ਵਿਚ ਅੰਗਰੇਜ਼ੀ ਫੌਜਾਂ ਦੇ ਹਵਾਲੇ ਕਰ ਦਿਤਾ, ਜਿਥੋਂ ਹਿੰਦ ਲਿਆਕੇ ਚੌਥੇ ਕੇਸ ਵਿਚ ਉਨ੍ਹਾਂ ਨੂੰ ਫਾਂਸੀ ਦੀ ਸਜ਼ਾ ਦੇ ਕੇ ਸ਼ਹੀਦ ਕੀਤਾ ਗਿਆ‡।

*Rowlatt Report, p. 120.
†O'Dwyer, p. 178.

*ਇਸ ਬਾਰੇ ਵਧੇਰੇ ਤਫਸੀਲ ਲਈ ਵੇਖੋ:–Rowlatt Report, chapter xiv; O'Dwyer, chapter xi.

*San Francisco Trial, Judgement Verdict of Guilty, p. 6; Third Case, Evidence of Harcharan Das; Third Case, Judgement, p. 27.

†Third Case, Evidence, p. 31.
‡Isemonger and Slattery, p. 137.

**੨. ਬੰਗਾਲੀ ਇਨਕਲਾਬੀਆਂ ਵਾਲੀ ਸਕੀਮ:**–

"੧੯੧੫ ਦੇ ਸ਼ੁਰੂ ਵਿਚ ਬੰਗਾਲ ਦੇ ਕੁਝ ਇਨਕਲਾਬੀਆਂ ਨੇ ਅਕੱਠੇ ਹੋਕੇ ਫੈਸਲਾ ਕੀਤਾ ਕਿ ਜਰਮਨਾਂ ਦੀ ਮਦਦ ਨਾਲ ਹਿੰਦ ਵਿਚ ਬਗਾਵਤ ਕਰਾਉਣ ਦੀ ਸਾਰੀ ਸਕੀਮ ਨੂੰ ਠੀਕ ਲੀਹਾਂ ਉਤੇ ਤਰਤੀਬ ਦਿੱਤੀ ਜਾਏ, ਸਿਆਮ ਅਤੇ ਬੰਗਾਲ ਵਿਚ ਹੋਰ ਥਾਵਾਂ ਦੇ ਇਨਕਲਾਬੀਆਂ ਨਾਲ ਮਿਲਵਰਤਣ ਕਾਇਮ ਕੀਤਾ ਜਾਏ, ਜਰਮਨਾਂ ਨਾਲ ਸੰਬੰਧ ਪੈਦਾ ਕੀਤੇ ਜਾਣ, ਅਤੇ ਡਾਕਿਆਂ ਰਾਹੀਂ ਫੰਡ ਅਕੱਠੇ ਕੀਤੇ ਜਾਣ*"।

ਉਸ ਸਮੇਂ ਦੇ ਵਾਇਸਰਾਏ ਲਾਰਡ ਹਾਰਡਿੰਗ ਲਿਖਦੇ ਹਨ ਕਿ ਜਰਮਨਾਂ ਤੋਂ ਮਾਇਆ, ਹਥਿੱਆਰ ਅਤੇ ਫੌਜੀ ਮਦਦ ਮਿਲਣ ਦੇ ਭਰੋਸੇ ਉਤੇ, ਬੰਗਾਲ ਅਤੇ ਪੰਜਾਬ ਦੇ ਇਨਕਲਾਬੀਆਂ ਨੇ ਦਸੰਬਰ ੧੯੧੫ ਵਿਚ ਗਦਰ ਕਰਵਾਉਣ ਦੀ ਸਾਜ਼ਸ਼ ਕੀਤੀ†। ਸੈਨਫ੍ਰਾਂਸਿਸਕੋ ਕੇਸ ਵਿਚ ਇਕ ਗਵਾਹੀ ਵਿਚ ਦੱਸਿਆ ਗਿਆ ਕਿ ਸ੍ਰੀ ਮਾਰਟਿਨ (ਮਸ਼ਹੂਰ ਇਨਕਲਾਬੀ ਸ੍ਰੀ ਐਮ. ਐਨ. ਰਾਏ ਨੇ ਇਹ ਬਣਾਵਟੀ ਨਾਮ ਧਾਰਨ ਕੀਤਾ ਹੋਇਆ ਸੀ) ਨੇ ਜਰਮਨਾਂ ਨੂੰ ਸੁਨੇਹਾ ਭੇਜਿਆ ਕਿ ਜੋ ਪੰਜਾਹ ਹਜ਼ਾਰ ਰਾਈਫਲਾਂ ਭੇਜਣ ਦਾ ਇਕਰਾਰ ਕੀਤਾ ਗਿਆ ਹੈ, ਉਨ੍ਹਾਂ ਵਿਚੋਂ ਬੰਗਾਲ ਵਿਚ ਸਿਰਫ ਪੰਦਰਾਂ ਹਜ਼ਾਰ ਭੇਜੀਆਂ ਜਾਣ ਅਤੇ ਬਾਕੀ ਦੀਆਂ ਕਰਾਚੀ ਅਤੇ ਪਾਂਡੀਚਰੀ ਦੇ ਨੇੜੇ ਭੇਜੀਆਂ ਜਾਣ‡। ਮਾਂਡਲੇ ਕੇਸ ਵਿਚ ਸ੍ਰੀ ਚਾਲੀਆ ਰਾਮ ਨੇ ਆਪਣੇ ਇਕਬਾਲ ਵਿਚ ਮੰਨਿਆ ਕਿ ਉਨ੍ਹਾਂ ਦੀ ਡੀਊਟੀ ਕਲਕੱਤੇ, ਲਾਹੌਰ, ਪਸ਼ਾਵਰ ਅਤੇ ਕਾਬਲ ਜਾਣ ਦੀ ਲਾਈ ਗਈ ਸੀ, ਇਨਕਲਾਬੀਆਂ ਨੂੰ ਇਹ ਇਤਲਾਹ ਦੇਣ ਲਈ ਕਿ ਸ਼ੰਘਾਈ ਦੀ ਗਦਰ ਪਾਰਟੀ ਵਲੋਂ

*Rowlatt Report, p. 120.
†Hardinge, p. 126.
‡San Francisco Trial, Testimony of Kumud Nath Mookerjee.

ਗਦਰ ਕਰਨ ਵਾਸਤੇ ੧੫ ਜੂਨ ੧੯੧੫ ਦੀ ਤਾਰੀਖ ਨੀਯਤ ਕੀਤੀ ਗਈ ਸੀ*। ਇਹ ਸਭ ਹਵਾਲੇ ਜ਼ਾਹਰ ਕਰਦੇ ਹਨ ਕਿ ਇਸ ਸਕੀਮ ਦਾ ਅੰਤਮ ਨਿਸ਼ਾਨਾ ਸਾਰੇ ਦੇਸ ਵਿਚ ਗਦਰ ਕਰਵਾਉਣ ਦਾ ਸੀ। ਪਰ ਇਸ ਸਕੀਮ ਨੂੰ ਅਮਲੀ ਜਾਮਾਂ ਪਹਿਨਾਉਣ ਹਿਤ ਕੀਤੀਆਂ ਗਈਆਂ ਕਾਰਰਵਾਈਆਂ ਬਾਰੇ ਜੋ ਭਰੋਸੇ ਯੋਗ ਵਾਕਫੀਅਤ ਮਿਲਦੀ ਹੈ, ਉਸ ਤੋਂ ਇਹ ਵੀ ਜ਼ਾਹਰ ਹੁੰਦਾ ਹੈ ਕਿ ਅਮਲੀ ਵਰਤੋਂ ਵਿਚ ਇਸ ਸਕੀਮ ਦਾ ਅਖਾੜਾ, ਕਮ ਅਜ਼ ਕਮ ਸ਼ੁਰੂ ਵਿਚ, ਬੰਗਾਲ ਨੇ ਹੀ ਬਣਨਾ ਸੀ; ਅਤੇ ਇਸ ਦਾ ਦਾਰੋਮਦਾਰ ਹਿੰਦੀ ਇਨਕਲਾਬੀਆਂ ਵਿਚੋਂ ਤਕਰੀਬਨ ਸਾਰੇ ਦਾ ਸਾਰਾ ਬੰਗਾਲੀ ਇਨਕਲਾਬੀਆਂ ਉੱਤੇ ਸੀ। ਅਰਥਾਤ ਬੰਗਾਲ ਦੇ ਇਨਕਲਾਬੀ ਇਸ ਸਕੀਮ ਦਾ ਉਸੇ ਤਰ੍ਹਾਂ ਧੁਰਾ ਸਨ ਜਿਵੇਂ ਪਿਛਲੇ ਕਾਂਡਾਂ ਵਿਚ ਦਿੱਤੀਆਂ ਕਾਰਰਵਾਈਆਂ ਦੇ ਗਦਰੀ ਇਨਕਲਾਬੀ ਸਨ; ਅਤੇ ਬੰਗਾਲੀ ਇਨਕਲਾਬੀਆਂ ਨੂੰ ਹੋਰ ਹਿੰਦੀ ਅਨਸਰਾਂ ਤੋਂ ਮਿਲੀ ਜਾਂ ਮਿਲਣ ਵਾਲੀ ਮਿਲਵਰਤਣ ਉਸੇ ਤਰ੍ਹਾਂ ਸਹਾਇਕ ਰੂਪ ਵਿਚ ਸਮਝੀ ਜਾਣੀ ਚਾਹੀਦੀ ਹੈ, ਜਿਵੇਂ ਗਦਰੀ ਇਨਕਲਾਬੀਆਂ ਨੂੰ ਪਿਛਲਿਆਂ ਕਾਂਡਾਂ ਵਿਚ ਦਿੱਤੀਆਂ ਕਾਰਰਵਾਈਆਂ ਵਿਚ ਗੈਰ-ਗਦਰੀ ਇਨਕਲਾਬੀਆਂ ਤੋਂ ਮਿਲੀ ਮਿਲਵਰਤਣ।

ਇਸ ਸਕੀਮ ਦੀ ਸ਼ੰਘਾਈ ਦਾ ਜਰਮਨ ਜਨਰਲ-ਕੌਂਸਲ ਨਿਗਰਾਨੀ ਕਰਦਾ ਸੀ, ਜੋ ਅਗੋਂ ਵਾਸ਼ਿੰਗਟਨ (ਅਮਰੀਕਾ) ਦੇ ਜਰਮਨ ਸਫਾਰਤ ਖਾਨੇ (Embassy) ਤੋਂ ਹਦਾਇਤਾਂ ਲੈਂਦਾ ਸੀ†। ਜਰਮਨਾਂ ਨੇ ਮਾਇਕ ਸਹਾਇਤਾ ਦੇਣ, ਹਥਿਆਰ ਪੁਚਾਣ ਅਤੇ ਫੌਜੀ ਸਿਖਿਆ ਤੇ ਅਗਵਾਈ ਦੇਣ ਦਾ ਕੰਮ ਕਰਨਾ ਸੀ। ਬੰਗਾਲ ਦੇ ਇਨਕਲਾਬੀਆਂ ਦਾ ਅੰਦਾਜ਼ਾ ਸੀ ਕਿ ਅਕੱਲੇ ਬੰਗਾਲ ਵਿਚ ਦੱਸ ਹਜ਼ਾਰ ਵਾਲੰਟੀਅਰ ਸਨ, ਜੋ ਛੇ ਆਗੂਆਂ ਹੇਠ ਕੰਮ ਕਰਦੇ ਸਨ, ਅਤੇ ਇਹ ਛੇ ਆਗੂ ਮਿਲਕੇ ਹਰ ਇਕ ਕਰਨ ਯੋਗ ਕੰਮ ਦਾ ਫੈਸਲਾ ਕਰਦੇ ਸਨ*। ਇਸ ਵਾਸਤੇ ਬੰਗਾਲ ਦੇ ਇਨਕਲਾਬੀ ਸਮਝਦੇ ਸਨ ਕਿ ਬੰਗਾਲ ਵਿਚ ਤਈਨਾਤ ਫੌਜਾਂ ਉਤੇ ਗਲਬਾ ਪਾਉਣ ਲਈ ਉਨ੍ਹਾਂ ਪਾਸ ਕਾਫੀ ਗਿਣਤੀ ਵਿਚ ਆਦਮੀ ਸਨ; ਪਰ ਉਨ੍ਹਾਂ ਨੂੰ ਇਹ ਡਰ ਸੀ ਕਿ ਬਾਹਰੋਂ ਫੌਜੀ ਕੁਮਕ ਨਾ ਪੁਜ ਜਾਏ। ਇਸ ਨੂੰ ਰੋਕਣ ਲਈ ਉਨ੍ਹਾਂ ਪੁਲ ਉਡਾਕੇ ਬੰਗਾਲ ਨੂੰ ਆਉਣ ਵਾਲੀਆਂ ਤਿੰਨ ਵਡੀਆਂ ਰੇਲ ਦੀਆਂ ਲਾਈਨਾਂ ਦਾ ਬੰਗਾਲ ਨਾਲੋਂ ਸੰਬੰਧ ਤੋੜ ਦੇਣ ਦਾ ਫੈਸਲਾ ਕੀਤਾ। ਸ਼੍ਰੀ ਨਾਰਿਨ ਚੌਧਰੀ ਅਤੇ ਸ਼੍ਰੀ ਫਾਨਿੰਦਰਾ ਚਕਰਾਬਰਤੀ ਨੂੰ ਹਾਤੀਆ ਜਾਣ ਲਈ ਕਿਹਾ ਗਿਆ, ਜਿਥੇ ਇਨਕਲਾਬੀਆਂ ਦਾ ਇਕ ਦੱਲ ਜਮਾਂ ਹੋਣਾ ਸੀ। ਜਰਮਨ ਅਫਸਰਾਂ, ਜਿਨ੍ਹਾਂ ਉਸ 'ਮੇਵਰਿਕ' ਨਾਮੀਂ ਜਹਾਜ਼ ਵਿਚ ਆਉਣਾ ਸੀ ਜਿਸ ਵਿਚ ਹਥਿਆਰ ਆਉਣੇ ਸਨ, ਨੇ ਪੂਰਬੀ ਬੰਗਾਲ ਵਿਚ ਰਹਿਕੇ ਇਨਕਲਾਬੀਆਂ ਦੇ ਦੱਲਾਂ ਨੂੰ ਫੌਜੀ ਸਿਖਿਆ ਦੇਣੀ ਸੀ। ਇਨਕਲਾਬੀਆਂ ਦੀਆਂ ਇਨ੍ਹਾਂ ਤਿਆਰ ਕੀਤੀਆਂ ਹੋਈਆਂ ਫੌਜਾਂ ਨੇ ਪਹਿਲੋਂ ਬੰਗਾਲ ਦੇ ਪੂਰਬੀ ਜ਼ਿਲਿਆਂ ਉਤੇ ਕਬਜ਼ਾ ਕਰਨਾ ਸੀ ਅਤੇ ਫਿਰ ਕਲੱਕਤੇ ਵੱਲ ਧਾਵਾ ਕਰਨਾ ਸੀ। ਸ਼੍ਰੀ ਨਾਰਿਨ ਭਟਾਚਾਰਜੀ ਅਤੇ ਸ਼੍ਰੀ ਬੋਪਿਨ ਗੰਗੋਲੀ ਦੀ ਅਗਵਾਈ ਹੇਠ ਕਲੱਕਤੇ ਦੀ ਇਨਕਲਾਬੀ ਪਾਰਟੀ ਨੇ ਪਹਿਲਾਂ ਕਲੱਕਤੇ ਦੇ ਲਾਗੇ ਬੰਨੇ ਦੇ ਹਥਿਆਰਾਂ ਦੇ ਜ਼ਖੀਰਿਆਂ (Arsenals) ਉਤੇ ਕਬਜ਼ਾ ਕਰਨਾ ਸੀ ਅਤੇ ਫਿਰ ਫੋਰਟ ਵਿਲੀਅਮ ਦੇ ਕਿਲੇ ਉਤੇ ਕਬਜ਼ਾ

*Mandlay Case, Evidence, p. 251.
†Rowlatt Report, p. 120.

*San Francisco Trial, Testimony of Kumud Nath Mookerjee.

ਕਰਨਾ ਸੀ*। ਇਨਕਲਾਬੀਆਂ ਨੂੰ ਇਹ ਆਸ ਸੀ ਕਿ ਜਿਉਂ ਹੀ ਉਹ ਅਗੇ ਵਧਦੇ ਜਾਣਗੇ, ਉਨ੍ਹਾਂ ਨਾਲ ਹੋਰ ਲੋਕ ਮਿਲਦੇ ਜਾਣ ਗੇ ਅਤੇ ਉਨ੍ਹਾਂ ਦੀ ਗਿਣਤੀ ਵਧਦੀ ਜਾਵੇਗੀ†। ਬੰਗਾਲ ਦੇ ਇਨਕਲਾਬੀਆਂ ਨੂੰ ਇਹ ਵੀ ਭਰੋਸਾ ਸੀ ਕਿ ਬੰਗਾਲ ਤੋਂ ਬਾਹਰ ਦੇਸ ਦੇ ਹੋਰ ਹਿੱਸਿਆਂ (ਬੰਬੱਈ, ਮਦਰਾਸ, ਕਰਾਚੀ) ਵਿਚ ਐਸੇ ਇਨਕਲਾਬੀ ਸਨ ਜੋ ਜੁਗ ਗਰਦੀ ਸ਼ੁਰੂ ਹੋਣ ਦੀ ਇੰਤਜ਼ਾਰ ਕਰ ਰਹੇ ਸਨ‡। ਇਹ ਗੱਲ ਇਸ ਤੋਂ ਵੀ ਜ਼ਾਹਰ ਹੁੰਦੀ ਹੈ ਕਿ ਹਥਿਆਰ ਲਿਆਉਣ ਵਾਲੇ ਜਹਾਜ਼ਾਂ ਤੋਂ ਸਾਮਾਨ ਉਤਾਰਨ ਲਈ ਜਿਨ੍ਹਾਂ ਪੰਜਾਂ ਜਗ੍ਹਾ ਬਾਰੇ ਵੀਚਾਰ ਕੀਤੀ ਗਈ, ਉਨ੍ਹਾਂ ਵਿਚੋਂ ਚਾਰ ਬੰਗਾਲ ਤੋਂ ਬਾਹਰ ਸਨ; ਅਰਥਾਤ ਇਕ ਬਲਾਸੋਰ ਦੇ ਲਾਗੇ ਉੜੀਸਾ ਵਿਚ, ਦੂਸਰੀ ਇਕ ਹੋਰ ਉੜੀਸਾ ਵਿਚ ਮਦਰਾਸ ਵੱਲ, ਤੀਸਰੀ ਮਾਲਾਬਾਰ ਦੇ ਕੰਢੇ ਬੰਬੱਈ ਕੋਲ, ਅਤੇ ਚੌਥੀ ਕਰਾਚੀ§।

ਇਹ ਸਕੀਮ ਇਸ ਕਰਕੇ ਫੇਲ ਹੋ ਗਈ ਕਿ ਇਕ ਜਰਮਨ ਅਫਸਰ, ਜਿਸ ਨੇ ਇਸ ਵਿਚ ਹਿੱਸਾ ਲੈਣਾ ਸੀ ਅਤੇ ਜੋ ਭੇਸ ਬਦਲਾ ਕੇ ਆਇਆ ਸੀ, ਸਿੰਘਾਪੁਰ ਫੜਿਆ ਗਿਆ। ਇਸ ਜਰਮਨ ਅਫਸਰ ਪਾਸ ਬੰਗਾਲ ਦੀ ਖਾੜੀ ਦਾ ਨਕਸ਼ਾ ਸੀ, ਜਿਸ ਉਤੇ ਸਮੁੰਦਰ ਦੇ ਕੰਢੇ ਉਤਲੀਆਂ ਕਈ ਥਾਵਾਂ ਨੂੰ ਪ੍ਰਗੱਟ ਕਰਨ ਵਾਲੇ ਨਿਸ਼ਾਨ ਲਗੇ ਹੋਏ ਸਨ। ਤਫਤੀਸ਼ ਦੇ ਦੌਰਾਨ ਵਿਚ ਇਸ ਜਰਮਨ ਅਫਸਰ ਨੇ ਜਰਮਨੀ ਦੀਆਂ ਸਾਰੀਆਂ ਪਲੈਨਾਂ ਦਾ ਭਾਂਡਾ ਭੰਨ ਦਿੱਤਾ ਕਿ ਕਿਵੇਂ ਉਸ ਨੂੰ ਬੰਗਾਲ ਅਤੇ ਹੋਰ ਥਾਈਂ ਬਲਵਾ ਕਰਾਉਣ ਦੀ ਤਿਆਰੀ ਕਰਨ, ਲਈ ਭੇਜਿਆ ਗਿਆ ਸੀ, ਅਤੇ ਇਸ ਬਲਵੇ ਲਈ ਮਾਇਆ ਅਤੇ ਹਥਿੱਆਰ ਕਿਵੇਂ ਡੱਚਾਂ ਦੀਆਂ ਪੂਰਬ ਵਿਚਲੀਆਂ ਬਸਤੀਆਂ ਦੇ ਇਕ ਅੱਡੇ ਵਿਚੋਂ ਆਉਣੇ ਸਨ*।

ਇਸ ਸਕੀਮ ਦੀ ਉਪ੍ਰੋਕਤ ਵਿਆਖਿਆ ਮੁਕੰਮਲ ਨਹੀਂ ਅਤੇ ਇਸ ਦੀ ਤਫਸੀਲ ਹੋਰ ਖੋਜ ਦੀ ਮੁਥਾਜ ਹੈ, ਜੋ ਇਸ ਲਿਖਤ ਦੇ ਦਾਇਰੇ ਤੋਂ ਬਾਹਰ ਹੈ। ਪਰ ਪੱਛਮੀਂ ਸਰਹੱਦ ਦੀ ਸਕੀਮ ਨਾਲੋਂ ਇਸ ਨੂੰ ਵਧੇਰੇ ਖੋਲ੍ਹਕੇ ਇਸ ਵਾਸਤੇ ਦੱਸਿਆ ਗਿਆ ਹੈ ਕਿ ਸਿਆਮ-ਬਰਮਾ ਦੀ ਸਕੀਮ, ਜਿਸ ਵਿਚ ਗਦਰ ਪਾਰਟੀ ਦੇ ਇਨਕਲਾਬੀਆਂ ਦਾ ਸਭ ਤੋਂ ਵੱਧ ਹਿੱਸਾ ਸੀ, ਨੂੰ ਸਮਝਣ ਖਾਤਰ ਇਸ ਦਾ ਜਾਨਣਾ ਜ਼ਰੂਰੀ ਹੈ; ਕਿਉਂਕਿ ਦੋਹਾਂ ਸਕੀਮਾਂ ਦਾ ਆਪਸ ਵਿਚ ਸੰਬੰਧ ਸੀ। ਲਾਰਡ ਹਾਰਡਿੰਗ ਮੁਤਾਬਕ ਤਾਂ ਦਸੰਬਰ ੧੯੧੫ ਵਿਚ ਗਦਰ ਕਰਨ ਲਈ ਬੰਗਾਲ ਅਤੇ ਪੰਜਾਬ ਦੇ ਇਨਕਲਾਬੀਆਂ ਨੇ ਮਿਲਕੇ ਸਾਜ਼ਸ਼ ਕੀਤੀ। ਲਾਰਡ ਹਾਰਡਿੰਗ ਨੇ ਕਿਸ ਵਾਕਫੀਅਤ ਦੇ ਆਧਾਰ ਉਤੇ ਇਹ ਲਿਖਿਆ, ਪਤਾ ਨਹੀਂ। ਪਰ ਜੇਕਰ ਉਨ੍ਹਾਂ ਦੀ ਗਲ ਨੂੰ ਮੰਨ ਲਿਆ ਜਾਏ ਤਾਂ ਇਹ ਸੰਭਾਵਨਾ ਹੈ ਕਿ ਗਦਰ ਪਾਰਟੀ ਲਹਿਰ ਦੇ ਪੰਜਾਬ ਵਿਚ ਬਚੇ ਖੁਚੇ ਇਨਕਲਾਬੀਆਂ ਦਾ ਗਾਲਬਨ ਇਸ ਸਕੀਮ ਨਾਲ ਸੰਬੰਧ ਸੀ। ਪਰੰਤੂ ਇਸ ਤੋਂ ਬਿਨਾਂ ਵੀ ਗਦਰੀ ਇਨਕਲਾਬੀਆਂ ਦਾ ਸਿਆਮ-ਬਰਮਾ ਦੀ ਸਕੀਮ ਰਾਹੀਂ ਇਸ ਸਕੀਮ ਨਾਲ ਸੰਬੰਧ ਜੁੜਦਾ ਹੈ; ਕਿਉਂਕਿ ਦੋਵੇਂ ਸਕੀਮਾ ਸ਼ੰਘਾਈ ਦੇ ਜਰਮਨ ਜਨਰੱਲ-ਕੌਂਸਲ ਦੀ ਨਿਗਰਾਨੀ

*Rowlatt Report, p. 122.

†San Francisco Trial, Testimony of Kumud Nath Mookerjee.

‡Ibid.

§Ibid.

*Hardinge, p. 127.



Digitized by Panjab Digital Library | www.panjabdigilib.org

ਹੇਠ ਚਲਾਈਆਂ ਜਾ ਰਹੀਆਂ ਸਨ*, ਜਿਸ ਕਰਕੇ ਇਨ੍ਹਾਂ ਵਿਚ ਤਾਲ ਮੇਲ ਹੋ ਜਾਣਾ ਕੁਦਰਤੀ ਸੀ। ਇਸ ਤੋਂ ਇਲਾਵਾ ਦੋਵਾਂ ਸਕੀਮਾਂ ਨੂੰ ਹੱਥਿਆਰ ਪੁਚਾਣ ਦੀ ਸਕੀਮ ਵਿਚ ਦੋਵੇਂ ਧਿਰਾਂ ਦੇ ਇਨਕਲਾਬੀਆਂ ਨੇ ਮਿਲਵਾਂ ਹਿੱਸਾ ਲਿਆ।

### ੩. ਸਿਆਮ-ਬਰਮਾ ਦੀ ਸਕੀਮ†

ਸਿਆਮ ਵਿਚ ਸਿਖਾਂ ਦੀ ਕਾਫੀ ਗਿਣਤੀ ਅਤੇ ਕੁਝ ਹਿੰਦੀ ਮੁਸਲਮਾਨ ਕਈ ਸਾਲਾਂ ਤੋਂ ਵਪਾਰ ਕਰਦੇ ਚਲੇ ਆ ਰਹੇ ਸਨ। ਇਨ੍ਹਾਂ ਵਿਚੋਂ ਕਈ ਵਾਹਵਾ ਅਮੀਰ ਹੋ ਗਏ ਸਨ, ਕਈ ਫੇਰੀ ਕਰਕੇ ਮਾਲ ਵੇਚਦੇ ਸਨ, ਅਤੇ ਕਈਆਂ ਨੇ ਸਿਆਮ ਦੇ ਅੰਦਰੂਨੀ ਹਿੱਸਿਆਂ ਦੇ ਕਈ ਸ਼ਹਿਰਾਂ ਵਿਚ ਦੁਕਾਨਾਂ ਖੋਲੀਆਂ ਹੋਈਆਂ ਸਨ। ਬੰਗਕੋਕ ਵਿਚ ਸਿਖਾਂ ਦੇ ਦੋ ਗੁਰਦੁਆਰੇ ਸਨ, ਇਕ ਤੱਤ ਖਾਲਸੇ ਦੇ ਸਿਖਾਂ ਦਾ ਅਤੇ ਇਕ ਕੂਕਿਆਂ ਦਾ। ਤੱਤ ਖਾਲਸੇ ਦੇ ਗੁਰਦੁਆਰੇ ਦੇ ਆਗੂ ਉਸ ਸਮੇਂ ਸ੍ਰੀ ਬੁਢਾ ਸਿੰਘ ਸਨ, ਜੋ ਸਿਆਮ ਵਿਚ ਸਭ ਤੋਂ ਅਮੀਰ ਹਿੰਦੀ ਸਨ।

ਪਹਿਲਾ ਪਰਚਾ ਨਿਕਲਣ ਦੇ ਜਲਦੀ ਹੀ ਪਿਛੋਂ 'ਗਦਰ' ਅਖਬਾਰ ਬੰਗਕੋਕ ਵਿਚ ਆਉਣਾ ਸ਼ੁਰੂ ਹੋ ਗਿਆ; ਅਤੇ ਸ੍ਰੀ ਜੀਵਨ ਸਿੰਘ, ਸ੍ਰੀ ਇੰਦਰ ਸਿੰਘ, ਸ੍ਰੀ ਧਰਮ ਸਿੰਘ, ਸ੍ਰੀ ਚੇਤ ਰਾਮ ਅਤੇ ਸ੍ਰੀ ਕਰਮ ਚੰਦ ਦੇ ਉਦਮ ਨਾਲ ਸਿਆਮ ਵਿਚ ਹੋਰ ਥਾਈਂ ਵੰਡਿਆ ਜਾਣ ਲਗ ਪਿਆ। 'ਗਦਰ' ਦੇ ਆਉਣ ਨਾਲ ਸਿਆਮ ਵਿਚ ਇਨਕਲਾਬੀ ਚਰਚਾ ਦਾ ਮੁਢ ਬੱਝ ਗਿਆ*, ਅਤੇ ਅਮਰੀਕਾ ਤੋਂ ਆਉਣ ਵਾਲੇ ਗਦਰੀ ਇਨਕਲਾਬੀਆਂ ਦੇ ਕੰਮ ਵਾਸਤੇ ਜ਼ਮੀਨ ਤਿਆਰ ਹੋ ਗਈ। 'ਗਦਰ' ਅਖਬਾਰ ਨੂੰ ਆਉਂਦਿਆਂ ਜਦ ਮਹੀਨਾ ਕੁ ਹੋਇਆ ਸੀ, ਉਸ ਸਮੇਂ ਸ੍ਰੀ ਹੀਰਾ ਸਿੰਘ (ਪਿੰਡ ਚਰੜ, ਜ਼ਿਲਾ ਲਾਹੌਰ) ਬੰਗਕੋਕ ਆ ਗਏ, ਅਤੇ ਉਨ੍ਹਾਂ ਗੁਰਦੁਆਰੇ ਵਿਚ ਇਨਕਲਾਬੀ ਲੈਕਚਰ ਦਿਤੇ। ਸ੍ਰੀ ਹੀਰਾ ਸਿੰਘ ਨੂੰ ਹਾਂਗ ਕਾਂਗ ਤੋਂ ਦੇਸ-ਨਿਕਾਲਾ ਦਿਤਾ ਗਿਆ ਸੀ, ਅਤੇ ਰਸਤੇ ਵਿਚ ਸਿੰਘਾਪੁਰ ਵੀ ਗਦਰ ਦਾ ਪ੍ਰਚਾਰ ਕਰਦੇ ਆਏ ਸਨ†। ਸ੍ਰੀ ਹਰਨਾਮ ਸਿੰਘ 'ਕਾਹਰੀ ਸਾਹਰੀ' ਅਤੇ ਸ੍ਰੀ ਸੋਹਨ ਲਾਲ 'ਪਾਠਕ', ਜੋ ਗਦਰ ਪਾਰਟੀ ਨੇ ਸਿੱਧੇ ਸੈਨਫ੍ਰਾਂਸਿਸਕੋ ਤੋਂ ਭੇਜੇ ਸਨ‡, ਵੀ ਸੰਨ ੧੯੧੪ ਦੇ ਪਿਛਲੇ ਹਿੱਸੇ ਵਿਚ§ ਬੰਗਕੋਕ ਪੁਜ ਗਏ। ਸ੍ਰੀ ਸੋਹਨ ਲਾਲ ਅਮਰੀਕਾ ਜਾਣ ਤੋਂ ਪਹਿਲੋਂ ਸਿਆਮ ਵਿਚ ਰਹਿ ਚੁਕੇ ਸਨ ਅਤੇ ਓਥੋਂ ਦੇ ਬਹੁਤ ਸਾਰੇ ਹਿੰਦੀ ਵਸਨੀਕਾਂ ਨੂੰ ਜਾਣਦੇ ਸਨ। ਉਨ੍ਹਾਂ ਸਿਆਮ ਆਉਂਦਿਆਂ ਹੀ ਆਪਣੇ ਪੁਰਾਣੇ ਦੋਸਤਾਂ ਨੂੰ ਗਦਰ ਪਾਰਟੀ ਵਿਚ ਸ਼ਾਮਲ ਕਰਨ ਲਈ ਉਭਾਰਿਆ।

ਏਥੋਂ ਤਕ ਸਿਆਮ ਵਿਚ ਗਦਰੀ ਇਨਕਲਾਬੀਆਂ ਦੀਆਂ ਕਾਰਰਵਾਈਆਂ ਗਦਰ ਪਾਰਟੀ ਦੀ ਉਸ ਪਲੈਨ ਦਾ ਹਿੱਸਾ ਸਨ, ਜਿਸਦਾ ਮਕਸਦ ਜਾਂ ਬਦੇਸ਼ਾਂ ਵਿਚੋਂ ਹਿੰਦੀਆਂ ਨੂੰ ਪ੍ਰੇਰ ਕੇ ਇਨਕਲਾਬੀ ਮੁਹਿੰਮ ਲਈ ਦੇਸ ਭੇਜਣ ਦਾ ਸੀ, ਜਾਂ ਹਿੰਦ ਵਿਚ ਬਲਵਾ ਹੋਣ ਦੀ ਸੂਰਤ ਵਿਚ ਗਵਾਂਢੀ ਦੇਸਾਂ ਵਿਚ ਵੀ ਨਾਲ ਲਗਵੇਂ ਬਲਵੇ ਕਰਵਾਉਣ ਦਾ ਸੀ। ਇਸ ਸਮੇਂ ਜਰਮਨਾਂ ਨਾਲ ਗਦਰ ਪਾਰਟੀ ਦਾ ਅਜੇ ਉਹ ਗੂੜ੍ਹਾ ਤਾਲ ਮੇਲ ਨਹੀਂ ਸੀ ਕਾਇਮ ਹੋ ਸਕਿਆ ਜੋ ਪਿਛੋਂ ਕਾਇਮ ਕੀਤਾ ਗਿਆ। ਬਰਲਨ ਵਿਚ ਹਿੰਦੀ ਇਨਕਲਾਬੀਆਂ ਦੀ ਕਮੇਟੀ ਅਕਤੂਬਰ ੧੯੧੪ ਵਿਚ ਬਣੀ, ਅਤੇ ਇਹ ਪਹਿਲੋਂ ਅੰਗਰੇਜ਼ਾਂ ਵਿਰੁਧ ਸਾਹਿਤ ਛਾਪਣ ਅਤੇ ਵੰਡਣ ਵਿਚ ਰੁਝੀ ਰਹੀ। ਇਸ ਕਮੇਟੀ ਨੂੰ ਹੋਰ ਕੰਮਾਂ ਵਲ ਧਿਆਨ ਦੇਣ ਵਿਚ ਵਕਤ ਲਗਾ*; ਅਤੇ ਸ੍ਰੀ ਹਰੰਭਾ ਲਾਲ ਗੁਪਤਾ, ਜਿਨ੍ਹਾਂ ਨੇ ਜਰਮਨਾਂ ਦੇ ਸਿਆਮ–ਬਰਮਾ ਦੀ ਸਕੀਮ ਨਾਲ ਜੋੜ ਜੋੜਨ ਵਿਚ ਬਹੁਤਾ ਹਿੱਸਾ ਲਿਆ, ਨੂੰ ਜਰਮਨੀ ਵਲੋਂ ਅਮਰੀਕਾ ਵਿਚ ਆਪਣਾ ਕਾਰਿੰਦਾ ਪਿਛੋਂ ਨੀਯਤ ਕੀਤਾ ਗਿਆ। ਸ੍ਰੀ ਸੋਹਨ ਲਾਲ 'ਪਾਠਕ' ੧੯੧੪ ਦੇ ਅਖੀਰ ਵਿਚ ਸਿਆਮ ਪੁਜ ਚੁਕੇ ਸਨ, ਅਤੇ ਉਨ੍ਹਾਂ ਨੂੰ ਅਮਰੀਕਾ ਤੋਂ ਸਿਆਮ ਪੁਜਣ ਵਿਚ ਕੁਝ ਵਕਤ ਵੀ ਲਗਾ ਹੋਵੇਗਾ।

ਹਿੰਦ ਵਿਚ ਗਦਰ ਪਾਰਟੀ ਲਹਿਰ ਦੀ ਮੁਹਿੰਮ ਫੇਲ ਹੋ ਜਾਣ ਕਰਕੇ, ਅਤੇ ਪਿਛੋਂ ਜਰਮਨੀ ਨਾਲ ਗਦਰ ਪਾਰਟੀ ਦੇ ਸੰਬੰਧ ਗੂੜ੍ਹੇ ਹੋ ਜਾਣ ਕਰਕੇ, ਸਿਆਮ-ਬਰਮਾ ਵਿਚ ਗਦਰੀ ਕਾਰਰਵਾਈਆਂ ਦਾ ਪਿਛੋਂ ਮੰਤਵ ਅਤੇ ਸ਼ਕਲ ਬਦਲ ਗਈ। ਹੁਣ ਇਸ ਸਕੀਮ ਦਾ ਮਕਸਦ ਇਹ ਹੋ ਗਿਆ ਕਿ ਸਿਆਮ ਵਿਚਲੇ ਹਿੰਦੀਆਂ ਨੂੰ ਫੌਜੀ ਸਿਖਲਾਈ ਦੇ ਕੇ ਅਤੇ ਬਰਮਾ ਮਿਲਟਰੀ ਪੋਲੀਸ ਦੇ ਹਿੰਦੀਆਂ ਨੂੰ ਪ੍ਰੇਰ ਕੇ, ਇਨ੍ਹਾਂ ਦੋਵਾਂ ਦੀ ਮਦਦ ਨਾਲ ਬਰਮਾ (ਜਿਥੇ ਗੋਰਾ ਫੌਜ ਨਾ ਹੋਇਆਂ ਬਰਾਬਰ ਸੀ, ਅਤੇ ਜਿਸ ਦੀ ਰੱਖਿਆ ਬਹੁਤੀ ਸਿਖ ਮਿਲਟਰੀ ਪੋਲੀਸ ਉੱਤੇ ਨਿਰਭਰ ਸੀ*) ਉਤੇ ਕਬਜ਼ਾ ਕੀਤਾ ਜਾਏ। ਜੇਕਰ ਬਰਮਾ ਵਿਚ ਹੋਏ ਗਦਰ ਦੀ ਮਿਸਾਲ ਨੂੰ ਵੇਖ ਕੇ ਹਿੰਦ ਵਿਚ ਆਪਣੇ ਆਪ ਗਦਰ ਸ਼ੁਰੂ ਨਾ ਹੋਵੇ, ਤਾਂ ਬਰਮਾ ਨੂੰ ਅੱਡਾ ਬਣਾ ਕੇ ਹਿੰਦ ਉੱਤੇ ਹੱਲਾ ਕੀਤਾ ਜਾਏ। ਫਿਰ ਕਾਲੇ ਪਾਣੀ ਦੇ ਟਾਪੂਆਂ ਉੱਤੇ ਕਬਜ਼ਾ ਕੀਤਾ ਜਾਣਾ ਸੀ, ਕੈਦੀਆਂ ਨੂੰ ਰਿਹਾ ਕਰਕੇ ਉਨ੍ਹਾਂ ਨੂੰ ਫੌਜ ਵਿਚ ਭਰਤੀ ਕੀਤੇ ਜਾਣਾ ਸੀ, ਅਤੇ ਇਨ੍ਹਾਂ ਟਾਪੂਆਂ ਨੂੰ ਅਗੋਂ ਦੀਆਂ ਕਾਰਰਵਾਈਆਂ ਦਾ ਅੱਡਾ ਬਣਾਇਆ ਜਾਣਾ ਸੀ†। ਕਿਉਂਕਿ ਸਿਆਮ-ਬਰਮਾ ਦੀ ਇਸ ਸਕੀਮ, ਅਤੇ ਪਿੱਛੇ ਦੱਸੀ ਜਾ ਚੁਕੀ ਬੰਗਾਲੀ ਇਨਕਲਾਬੀਆਂ ਉੱਤੇ ਨਿਰਭਰ ਸਕੀਮ, ਦੋਵੇਂ ਸ਼ੰਘਾਈ ਦੇ ਜਰਮਨ ਜਨਰਲ ਕੌਂਸਲ ਦੀ ਨਿਗਰਾਨੀ ਹੇਠਾਂ ਚਲ ਰਹੀਆਂ ਸਨ, ਇਸ ਵਾਸਤੇ ਇਹ ਸੰਭਾਵਨਾ ਵੀ ਹੋ ਸਕਦੀ ਹੈ ਕਿ ਬਰਮਾ ਅਤੇ ਬੰਗਾਲ ਵਿਚ ਇਨਕਲਾਬੀ ਕਾਰਰਵਾਈਆਂ ਨੂੰ ਜੋੜ ਮੇਲ ਕੇ ਚਲਾਇਆ ਜਾਣਾ ਸੀ।

ਸਿਆਮ-ਬਰਮਾ ਦੀਆਂ ਇਨਕਲਾਬੀ ਕਾਰਰਵਾਈਆਂ ਦਾ ਧੁਰਾ ਗਦਰ ਪਾਰਟੀ ਦੇ ਇਨਕਲਾਬੀ ਸਨ‡, ਜਿਨ੍ਹਾਂ ਦੇ ਆਗੂ ਸ੍ਰੀ ਸੋਹਨ ਲਾਲ 'ਪਾਠਕ', ਸ੍ਰੀ ਹਰਨਾਮ ਸਿੰਘ 'ਕਾਹਰੀ ਸਾਹਰੀ', ਅਤੇ 'ਭਾਈ' ਸੰਤੋਖ ਸਿੰਘ ਸਨ। 'ਭਾਈ' ਬਲਵੰਤ ਸਿੰਘ 'ਗਰੰਥੀ' ਕੈਨੇਡਾ ਵਾਲੇ ਅਤੇ ਜੋਧ ਸਿੰਘ (ਜਿਸ ਨੇ ਇਸ ਸਕੀਮ ਦਾ ਮੋਹਰੀ ਬਣਨਾ ਸੀ¶, ਪਰ ਜੋ ਪਿਛੋਂ ਵਾਇਦਾ ਮੁਆਫ ਗਵਾਹ

---

*Rowlatt Report, p. 120.

†ਇਸ ਬਾਰੇ ਦਿੱਤੀ ਗਈ ਵਾਕਫੀਅਤ ਬਹੁਤੀ ਮਾਂਡਲੇ ਕੇਸ ਦੇ ਫੈਸਲੇ, ਰੌਲਟ ਰੀਪੋਟ ਦੇ ਤੇਰ੍ਹਵੇਂ ਕਾਂਡ, ਅਤੇ ਤੀਸਰੇ ਕੇਸ ਦੇ ਫੈਸਲੇ (ਪੰਨਾ ੪੩ ਤੋਂ ੪੫) ਵਿਚੋਂ ਅੱਡ ਅੱਡ ਥਾਵਾਂ ਤੋਂ ਲਈ ਗਈ ਹੈ, ਜਿਨ੍ਹਾਂ ਬਾਰੇ ਨਿਖੇੜ ਕੇ ਹਵਾਲੇ ਦੇਣ ਨਾਲ ਇਨ੍ਹਾਂ ਦੀ ਭਰਮਾਰ ਹੋ ਜਾਣੀ ਸੀ। ਇਸ ਵਾਸਤੇ, ਸਵਾਏ ਜ਼ਰੂਰੀ ਥਾਵਾਂ ਦੇ, ਕੇਵਲ ਉਸ ਵਾਕਫੀਅਤ ਬਾਰੇ ਹਵਾਲੇ ਦਿਤੇ ਗਏ ਹਨ ਜੋ ਇਨ੍ਹਾਂ ਲਿਖਤਾਂ ਤੋਂ ਬਾਹਰੋਂ ਲਈ ਗਈ ਹੈ।

*Second Case, Judgement, p. 22.
†Ibid, p. 191.
‡Rowlatt Report, p. 171.
§Mandlay Case, Judgement, p. 33.

*Rowlatt Report, p. 120.

*O'Dwyer, p 189.
†Isemonger and Slattery, p 133.
‡Rowlatt Report, p. 120; O'Dwyer p. 189; Third Case, Judgement, p. 44.
¶Isemonger and Slattery p. 133.



Digitized by Panjab Digital Library | www.panjabdigilib.org

ਬਣ ਗਿਆ) ਵੀ ਸਿਆਮ ਦੀ ਸਕੀਮ ਵਿਚ ਹਿੱਸਾ ਲੈਣ ਖਾਤਰ ੧੭ ਜੁਲਾਈ ਨੂੰ ਬੈਂਗਕੋਕ ਅਪੜੇ, ਪਰ ਜਲਦੀ ਹੀ ਪਿਛੋਂ ੧ ਅਗੱਸਤ ਨੂੰ ਗ੍ਰਿਫਤਾਰ ਕੀਤੇ ਗਏ* । 'ਭਾਈ' ਭਗਵਾਨ ਸਿੰਘ, ਜੋ ਕੈਨੇਡਾ ਵਿਚੋਂ ਜਲਾਵਤਨ ਕੀਤੇ ਗਏ ਸਨ ਅਤੇ ਸੰਸਾਰ ਯੁਧ ਛਿੜਨ ਪਿਛੋਂ ਗਦਰ ਪਾਰਟੀ ਦੇ ਪ੍ਰਧਾਨ ਬਣੇ ਸਨ, ਵੀ ਅਮਰੀਕਾ ਤੋਂ ਸਿਆਮ-ਬਰਮਾ ਦੀ ਸਕੀਮ ਵਿਚ ਹਿੱਸਾ ਲੈਣ ਆਏ ਸਨ†। ਪਰ ਉਹ ਅਜੇ ਮਨੀਲਾ (ਫਿਲੇਪੀਨਸ) ਵਿਚ ਗਦਰੀ ਮੁਹਿੰਮ ਵਾਸਤੇ ਰਕਰੂਟ ਭਰਤੀ ਕਰਨ ਵਿਚ ਲਗੇ ਹੋਏ ਸਨ ਜਦ ਸਿਆਮ ਵਿਚ ਇਨਕਲਾਬੀਆਂ ਦੀ ਫੜੋ ਫੜਾਈ ਹੋ ਗਈ।

ਜਰਮਨਾਂ ਨੇ ਹਿੰਦੀਆਂ ਨੂੰ ਫੌਜੀ ਸਿਖਲਾਈ ਦੇਣੀ ਸੀ। ਵੇਹਡੇ, ਬੋਇਮ ਅਤੇ ਸਟੱਰਨੱਕ (Wehde, Boehm and Sterneck) ਨਾਮੀਂ ਜਰਮਨਾਂ ਨੇ ਸਿਆਮ ਪੁਜਣਾ ਸੀ, ਅਤੇ ਉਨ੍ਹਾਂ ਦਸ ਹਜ਼ਾਰ ਹਿੰਦੀਆਂ ਦੀ ਕਮਾਨ ਸੰਭਾਲਨੀ ਸੀ, ਜੋ ਕਿਹਾ ਜਾਂਦਾ ਸੀ ਕਿ ਓਥੇ ਤਿਆਰ ਸਨ‡ । ਜਰਮਨੀ ਨੇ ਹਥਿੱਆਰ ਪੁਚਾਨ ਦਾ ਪ੍ਰਬੰਧ ਵੀ ਕੀਤਾ; ਪਰ ਕਿਉਂਕਿ ਇਸ ਦਾ ਬੰਗਾਲੀ ਇਨਕਲਾਬੀਆਂ ਦੀ ਸਕੀਮ ਨਾਲ ਵੀ ਸੰਬੰਧ ਹੈ, ਇਸ ਵਾਸਤੇ ਇਸ ਦਾ ਵਖਰਾ ਜ਼ਿਕਰ ਕੀਤਾ ਜਾਵੇਗਾ। ਬਰਮਾ ਮਿਲਟਰੀ ਪੋਲੀਸ ਦੇ ਮੁਸਲਮਾਨਾਂ ਅਤੇ ਮੁਸਲਮਾਨ ਫੌਜੀਆਂ ਨੂੰ ਪ੍ਰੇਰਨ ਵਾਸਤੇ ਬਰਮਾ ਵਿਚ ਤੁਰਕੀ ਜੁੱਟ ਦੇ ਅਨਸਰਾਂ ਨੇ ਵੀ ਗਦਰ ਪਾਰਟੀ ਦੇ ਇਨਕਲਾਬੀਆਂ ਨਾਲ ਮਿਲ ਕੇ ਯਤਨ ਕੀਤੇ।

ਸਿਆਮ ਵਿਚ ਜਰਮਨ ਐਨਜੀਨਅਰਾਂ ਦੀ ਨਿਗਰਾਨੀ ਹੇਠ ਉਨ੍ਹੀ ਦਿਨੀ ਇਕ ਰੇਲਵੇ ਲਾਈਨ ਬਣ ਰਹੀ ਸੀ। ਜਿਸ ਜਗ੍ਹਾ ਰੇਲ ਦੀ ਪਟੜੀ ਅਪੜੀ ਸੀ ਉਸ ਦਾ ਨਾਮ ਬੈਨਪਿਨ ਸੀ, ਅਤੇ ਪਾਖੋ (Pakho) ਬੈਨਪਿਨ ਤੋਂ ਥੋੜੀ ਦੂਰ ਅਗੇ ਸੀ। ਸ੍ਰੀ ਅਮਰ ਸਿੰਘ ਜਰਮਨ ਐਨਜੀਨਅਰਾਂ ਦੇ ਨਾਲ ਇਸ ਰੇਲਵੇ ਲਾਈਨ ਉਤੇ ਸਰਵੇਅਰ (Surveyer) ਦਾ ਕੰਮ ਕਰਦੇ ਸਨ, ਅਤੇ ਉਨ੍ਹੀ ਦਿਨੀ ਪਾਖੋ ਰਹਿੰਦੇ ਸਨ। ਸ੍ਰੀ ਅਮਰ ਸਿੰਘ ਸਿਆਮ ਦੇ ਗਦਰੀਆਂ ਦੇ ਲੀਡਰ ਸਨ, ਅਤੇ ਉਨ੍ਹਾਂ ਦਾ ਘਰ ਸਿਆਮ-ਬਰਮਾ ਸਕੀਮ ਚਲਾਉਣ ਵਾਸਤੇ ਗਦਰ ਪਾਰਟੀ ਦੇ ਇਨਕਲਾਬੀਆਂ ਦਾ ਹੈਡ ਕਵਾਟਰ ਬਣ ਗਿਆ*।

ਸ੍ਰੀ ਹਰਨਾਮ ਸਿੰਘ 'ਕਾਹਰੀ ਸਾਰੀ'†, ਅਮਰੀਕਾ ਵਿਚ ਜੋ ਗਦਰ ਪਾਰਟੀ ਦੇ ਉਘੇ ਲੀਡਰਾਂ ਵਿਚੋਂ ਸਨ ਅਤੇ ਜਿਨ੍ਹਾਂ ਨੂੰ ਅਮਰੀਕਾ ਤੋਂ ੨੯ ਸਤੰਬਰ ੧੯੧੪ ਨੂੰ ਜਲਾਵਤਨ ਕੀਤਾ ਗਿਆ ਸੀ, ਜਨਵਰੀ ਦੇ ਅਖੀਰ ਵਿਚ ਬੈਂਗਕੋਕ ਅਪੜੇ। ਦੋ ਤਿਨ ਦਿਨ ਬੈਂਗਕੋਕ ਠਹਿਰ ਕੇ ਉਹ ਬੈਨਪਿਨ ਚਲੇ ਗਏ, ਜਿਥੇ ਦੱਸ ਦਿਨ ਪਿਛੋਂ ਉਨ੍ਹਾਂ ਨੂੰ ਸ੍ਰੀ ਸੋਹਨ ਲਾਲ 'ਪਾਥਕ', ਜੋ ਸਿਆਮ ਬਰਮਾ ਵਿਚ ਕੰਮ ਕਰਨ ਲਈ ਗਦਰ ਪਾਰਟੀ ਨੇ ਪਹਿਲੋਂ ਭੇਜੇ ਹੋਏ ਸਨ‡, ਆ ਮਿਲੇ। ਲਾ: ਹਰਦਿਆਲ ਪਿਛੋਂ ਗਦਰ ਪਾਰਟੀ ਦੇ ਬਣੇ ਜਨਰਲ ਸੱਕਤ੍ਰ 'ਭਾਈ' ਸੰਤੋਖ ਸਿੰਘ (ਜੋ ਸਿਆਮ, ਮਲਾਯਾ ਤੇ ਸਿੰਘਾਪੁਰ ਵਿਚ ਗਦਰ ਸੁਸਾਇਟੀਆਂ

*Third Case, Judgement, p. 44.
†Isemonger and Slattery, p. 133.
‡Ibid. ਦਸ ਹਜ਼ਾਰ ਦੀ ਗਿਣਤੀ ਵਧਾਕੇ ਦੱਸੀ ਗਈ ਜਾਪਦੀ ਹੈ।

*Mandlay Case, Judgement, p. 264.
†ਸ੍ਰੀ ਹਰਨਾਮ ਸਿੰਘ ਬਾਰੇ ਮਾਂਡਲੇ ਕੇਸ ਦੇ ਜੱਜ ਲਿਖਦੇ ਹਨ ਕਿ ਉਹ ਚੰਗੇ ਪੜ੍ਹੇ ਲਿਖੇ ਅਤੇ ਸਿਆਣੇ ਸਜਣ ਸਨ, ਅਤੇ ਸਿਆਮ ਵਿਚ ਪਾਰਟੀ ਦੇ ਲੀਡਰਾਂ ਵਿਚੋਂ ਨਿਰਸੰਦੇਹ ਇਕ ਸਨ। (Mandlay Case, Judgement, pp. 264-265),
‡Rowlatt Report, p. 171.

ਬਨਾਉਣ ਆਏ ਸਨ*, ਅਤੇ ਜਿਨ੍ਹਾਂ ਬਾਰੇ ਇਹ ਵੀ ਸ੍ਰੋਤ ਹੈ ਕਿ ਮਲਾਯਾ ਵਿਚ ਗਦਰ ਕਰਾਉਣ ਲਈ ਯਤਨ ਕਰਦੇ ਰਹੇ) ਵੀ ਸ਼ੰਘਾਈ ਅਤੇ ਸ਼ਾਇਦ ਮਲਾਯਾ ਵਿਚੋਂ ਹੁੰਦੇ ਹੋਏ ਪਾਖੋ ਆ ਪੁਜੇ। ਸ੍ਰੀ ਸੋਹਨ ਲਾਲ 'ਪਾਥਕ' ਅਤੇ ਸ੍ਰੀ ਹਰਨਾਮ ਸਿੰਘ 'ਕਾਹਰੀ ਸਾਰੀ' ਜਲਦੀ ਹੀ ਬਰਮਾ ਵਿਚ ਕੰਮ ਕਰਨ ਚਲੇ ਗਏ; ਅਤੇ 'ਭਾਈ' ਸੰਤੋਖ ਸਿੰਘ, ਜੋ 'ਭਾਈ' ਜਾਂ ਨਿਹਾਲ ਸਿੰਘ ਦੇ ਬਣਾਵਟੀ ਨਾਮ ਹੇਠ ਕੰਮ ਕਰਦੇ ਸਨ, ਪਾਖੋ ਦੇ ਹੈਡਕਵਾਟਰ ਦੇ ਇੰਚਾਰਜ ਬਣਕੇ ਸਿਆਮ-ਬਰਮਾ ਦੀ ਸਕੀਮ ਨੂੰ ਚਲਾਉਣ ਲਗ ਪਏ।

'ਭਾਈ' ਸੰਤੋਖ ਸਿੰਘ, ਸਿਆਮ-ਬਰਮਾ ਸਕੀਮ ਦਾ ਮਾਇਕ ਪ੍ਰਬੰਧ ਕਰਨ† ਤੋਂ ਇਲਾਵਾ, "ਬੈਂਗਕੋਕ ਦੇ ਜਰਮਨ ਏਜੰਟ ਨਾਲ ਤਾਲ ਮੇਲ ਰਖਦੇ; ਉਨ੍ਹਾਂ ਦਾ ਉਤ੍ਰੀ ਸਿਆਮ ਵਿਚ ਪਾਖੋ ਹੈਡਕਵਾਟਰ ਸੀ, ਜਿਥੇ ਓਹ ਇਕ ਫੌਜੀ ਸਲਾਹਕਾਰ ਨਾਲ ਮਿਲਕੇ ਹਿੰਦ ਨੂੰ ਦੋ ਮੁਹਿੰਮਾਂ ਭੇਜਣ ਦਾ ਅਤੇ ਅਮ੍ਰੀਕਾ ਤੋਂ ਆਉਣ ਵਾਲੇ ਹਥਿਆਰਾਂ ਅਤੇ ਦਾਰੂ ਸਿਕੇ ਨੂੰ ਲੈਣ ਅਤੇ ਲੁਕਾਉਣ ਦਾ ਪ੍ਰਬੰਧ ਕਰ ਰਹੇ ਸਨ‡"। ਇਨ੍ਹਾਂ ਕਾਰਰਵਾਈਆਂ ਤੋਂ ਇਲਾਵਾ ਪਾਖੋ ਵਿਚ ਗਦਰੀ ਸਾਹਿਤ ਵੀ ਛਾਪਿਆ ਗਿਆ; ਅਤੇ ਬਰਮਾ ਵਿਚ ਪ੍ਰਚਾਰ ਕਰਨ ਹਿਤ ਜਾਣ ਆਉਣ ਵਾਲੀਆਂ ਟੋਲੀਆਂ ਦਾ ਅੱਡਾ ਵੀ ਪਾਖੋ ਸੀ।

ਹਿੰਦ ਨੂੰ ਜੋ ਦੋ ਮੁਹਿੰਮਾਂ ਭੇਜੀਆਂ ਜਾਣੀਆਂ ਸਨ, ਉਨ੍ਹਾਂ ਲਈ ਰਕਰੂਟ ਸਿਆਮ ਵਿਚ ਬਣ ਰਹੀ ਰੇਲਵੇ ਲਾਈਨ ਉਤੇ ਕੰਮ ਕਰ ਰਹੇ ਸਿਖਾਂ ਅਤੇ ਧੁਰ ਪੂਰਬ ਦੇ ਦੇਸਾਂ ਵਿਚਲੇ ਹਿੰਦੀਆਂ ਵਿਚੋਂ ਇਨਕਲਾਬੀ ਭਰਤੀ ਕੀਤੇ ਜਾਣੇ ਸਨ। 'ਭਾਈ' ਭਗਵਾਨ ਸਿੰਘ ਇਸੇ ਖਾਤਰ, ਜਾਪਾਨ, ਚੀਨ, ਫਿਲੇਪਾਈਨ ਦੇਸਾਂ ਦਾ ਚਕਰ ਲਾ ਰਹੇ ਸਨ*। ਇਨ੍ਹਾਂ ਅਕੱਠੇ ਕੀਤੇ ਹੋਏ ਹਿੰਦੀ ਇਨਕਲਾਬੀਆਂ ਨੂੰ ਜਰਮਨ ਫੌਜੀ ਅਫਸਰਾਂ ਨੇ ਫੌਜੀ ਸਿਖਲਾਈ ਦੇਣੀ ਸੀ, ਅਤੇ ਫਿਰ ਅਮਰੀਕਾ ਤੋਂ ਆਉਣ ਵਾਲੇ ਹਥਿਆਰਾਂ ਨਾਲ ਸਨੱਧ ਬੱਧ ਕਰਕੇ ਯੂਨਾਨ (ਚੀਨ) ਰਾਹੀਂ ਬਰਮਾ ਉਤੇ ਹੱਲਾ ਕਰਨ ਵਾਸਤੇ ਪਾਰਟੀ ਭੇਜਣੀ ਸੀ। ਇਕ ਗਵਾਹੀ ਮੁਤਾਬਕ ਸਿਆਮ ਦੀ ਸਕੀਮ ਵਾਸਤੇ ਮਨੀਲਾ ਵਿਚੋਂ ਤਿਨ ਸੌ ਜਰਮਨ ਵੀ ਭਰਤੀ ਕੀਤੇ ਜਾਣੇ ਸਨ†।

ਯੂਨਾਨ (ਚੀਨ) ਦੀ ਮੁਹਿੰਮ ਦਾ ਪ੍ਰਬੰਧ ਕਰਨ ਵਾਸਤੇ ਹੁਸੈਨ ਖਾਨ (ਪਿੰਡ ਪੰਜ ਲਸਾ, ਜ਼ਿਲਾ ਅੰਬਾਲਾ ਦਾ ਰਾਜਪੂਤ), ਜੋ ਓਵਰਸੀਅਰ ਦਾ ਕੰਮ ਕਰਦਾ ਸੀ ਅਤੇ ਜੋ ਪਿਛੋਂ ਇਕਬਾਲੀ ਹੋ ਗਿਆ, ਨੂੰ ਯੂਨਾਨ ਵਲ ਭੇਜਿਆ ਗਿਆ। ਯੂਨਾਨ ਜਾਂ ਸੀਮੋਓ (Siemow) ਉਸ ਨੂੰ ਦੋ ਜਰਮਨ ਅਫਸਰ ਮਿਲਣੇ ਸਨ, ਅਤੇ ਓਥੋਂ ਉਨ੍ਹਾਂ ਮਿਲਕੇ ਛੋਬਿਨਟਨ (Chobintin) ਜਾਣਾ ਸੀ, ਜਿਥੇ ਹੋਰ ਆਦਮੀ ਅਕੱਠੇ ਹੋਣੇ ਸਨ। ਓਥੋਂ ਇਸ ਪਾਰਟੀ ਨੇ

*Third Case, Judgement, p. 27; San Francisco Trial, Charge to the Jury by the Judge, p. 711.
†Mandlay Case, Evidence of Hussain Khan.
‡San Francisco Trial, Charge to the Jury by the Judge, p. 711.

*San Francisco Trial, Testimony of J.S. Robertson; The Pioneer, May 13, 1918.
†Third case, Judgement, p. 44; ਸ੍ਰੀ ਅਮੀਰ ਸਿੰਘ ਸਰਵੇਅਰ, ਜਿਨ੍ਹਾਂ ਦਾ ਘਰ ਸਿਆਮ-ਬਰਮਾ ਸਕੀਮ ਦਾ ਅੱਡਾ ਸੀ, ਦਾ ਬਿਆਨ ਹੈ ਕਿ ਚੀਨ ਦੇ ਕਿਆਰੂ ਟਾਪੂ ਵਿਚ ਜੋ ਜਰਮਨ ਕੈਦ ਕੀਤੇ ਗਏ ਸਨ, ਉਨ੍ਹਾਂ ਵਿਚੋਂ ਬਹੁਤ ਸਾਰੀ ਗਿਣਤੀ ਭਜ ਨਿਕਲੀ ਸੀ ਅਤੇ ਉਨ੍ਹਾਂ ਬਰਮਾ ਉਤੇ ਹੱਲਾ ਕਰਨ ਵਿਚ ਸਾਥ ਦੇਣਾ ਸੀ। ਪਰ ਇਸ ਬਿਆਨ ਦੀ ਤਸਦੀਕ ਨਹੀਂ ਹੋ ਸਕੀ।



Digitized by Panjab Digital Library | www.panjabdigilib.org

ਬਰਮਾ ਉਤੇ ਹਮਲਾ ਕਰਨਾ ਸੀ । 'ਭਾਈ' ਭਗਵਾਨ ਸਿੰਘ ਨੇ ਚੋਬਿਨਟਿਨ ਆ ਮਿਲਣਾ ਸੀ ਅਤੇ ਉਨ੍ਹਾਂ ਆਪਣੇ ਨਾਲ ਦੋ ਮਸ਼ੀਨਗੰਨਾਂ ਲਿਆਉਣੀਆਂ ਸਨ । ਸ੍ਰੀ ਐਮ. ਐਨ. ਰਾਏ (ਉਰਫ ਮਾਰਟਿਨ) ਨੇ ਦੱਖਣੀ ਚੀਨ ਦੀ ਸਰਕਾਰ ਨਾਲ ਸੰਬੰਧਤ ਇੱਕ ਕਰਮਚਾਰੀ ਚੈਂਗ ਪੋ ਤੋਂ ਹਥਿਆਰ ਲੈਣ ਦਾ ਪ੍ਰਬੰਧ ਕੀਤਾ ਸੀ, ਅਤੇ ਇਹ ਹੱਥਿਆਰ ਗਾਲਬਨ ਯੂਨਾਨ ਪਾਰਟੀ ਲਈ ਸਨ । ਚੈਂਗ ਪੋ ਨੇ ਸ੍ਰੀ ਰਾਏ ਨਾਲ ਇਹ ਵੀ ਇਕਰਾਰ ਕੀਤਾ ਸੀ ਕਿ ਉਹ ਹਿੰਦ ਨਾਲ ਲਗਵੀਂ ਚੀਨ ਦੀ ਸਰਹੱਦ ਉਤੇ ਗੜਬੜੀ ਦੇ ਹਾਲਾਤ ਪੈਦਾ ਕਰ ਦੇਵੇਗਾ* ।

ਯੂਨਾਨ ਜਾਣ ਵਾਸਤੇ ਹੁਸੈਨ ਖਾਨ ਇਕ ਹੋਰ ਆਦਮੀ ਬੋਘ ਸਿੰਘ ਨੂੰ ਨਾਲ ਲੈਕੇ ਚਿੰਘਮਈ ਤੋਂ ਚਿੰਘਰਾਈ ਗਿਆ । ਬੋਘ ਸਿੰਘ ਨੇ ਸ਼ਰਾਬ ਪੀਕੇ ਅਮਰੀਕਨ ਮਿਸ਼ਨਰੀ ਦੀ ਜਰਮਨ ਸੁਪੱਤਨੀ ਨੂੰ ਭੇਦ ਦੱਸਣਾ ਸ਼ੁਰੂ ਕਰ ਦਿਤਾ । ਇਸ ਵਾਸਤੇ ਬੋਘ ਸਿੰਘ ਵਾਪਸ ਭੇਜ ਦਿਤਾ ਗਿਆ, ਅਤੇ ਹੁਸੈਨ ਖਾਨ ਇਕ ਪਠਾਨ ਰਹਿਮਤ ਗੁਲ ਨੂੰ ਨਾਲ ਲੈਕੇ ਫਰਾਂਸੀਸੀ ਇਲਾਕੇ ਵਿਚੋਂ ਹੋਕੇ ਚੀਨ ਦੀ ਸਰੱਹਦ ਉਤੇ ਜਾ ਪੁਜਾ । ਚੀਨ ਦੇ ਕਰਮਚਾਰੀਆਂ ਨੇ ਉਨ੍ਹਾਂ ਉਤੇ ਫਰਾਂਸ ਦੇ ਜਾਸੂਸ ਹੋਣ ਦਾ ਸ਼ੱਕ ਕੀਤਾ, ਪਰ ਉਨ੍ਹਾਂ ਦੇ ਇਹ ਦੱਸਣ ਉਤੇ ਕਿ ਉਹ ਹਿੰਦੀ ਹਨ ਉਨ੍ਹਾਂ ਨੂੰ ਅਗ ਜਾਣ ਦਿਤਾ । ਪਰੰਤੂ ਜਦ ਉਹ ਮੋਂਗਲੇ (Mongle) ਪੁਜੇ, ਚੀਨ ਦੇ ਅਧਿਕਾਰੀਆਂ ਨੇ ਹੁਸੈਨ ਖਾਨ ਅਤੇ ਉਸਦੇ ਪਠਾਨ ਸਾਥੀ ਨੂੰ ਫੜਕੇ ਲੋਆਇਮਵੇ (Loimve) ਦੇ ਅੰਗਰੇਜ਼ ਅਧਿਕਾਰੀਆਂ ਦੇ ਹਵਾਲੇ ਕਰ ਦਿਤਾ† ।

ਬਰਮਾ ਉਤੇ ਬਾਹਰੋਂ ਹੱਲਾ ਕਰਨ ਵਾਲੀ ਪਾਰਟੀ ਭੇਜਣ ਦੇ ਨਾਲ ਲਗਵਾਂ ਇਸ ਸਕੀਮ ਦਾ ਬੜਾ ਜ਼ਰੂਰੀ ਹਿੱਸਾ ਇਹ ਸੀ ਕਿ ਬਰਮਾ ਦੀ ਮਿਲਟਰੀ ਪੋਲੀਸ ਅਤੇ ਫੌਜੀਆਂ ਨੂੰ ਗਦਰੀ ਇਨਕਲਾਬੀਆਂ ਨਾਲ ਮਿਲਕੇ ਬਰਮਾ ਦੇ ਅੰਦਰੋਂ ਬਗਾਵਤ ਕਰਨ ਲਈ ਪ੍ਰੇਰਿਆ ਜਾਏ । ਇਸ ਬਿਨਾਂ ਬਾਹਰੋਂ ਕੀਤੇ ਹੱਲਿਆਂ ਦੀ ਸਫਲਤਾ ਦੇ ਇਤਨੇ ਚਾਨਸ ਨਹੀਂ ਸਨ ਹੋ ਸਕਦੇ । ਬਰਮਾ ਵਿਚਲੀ ਹਿੰਦੀ ਫੌਜ ਅਤੇ ਮਿਲਟਰੀ ਪੋਲੀਸ ਨੂੰ ਵਰਗਲਾਉਣ ਖਾਤਰ ਤੁਰਕੀ ਜੁੱਟ ਅਤੇ ਗਦਰ ਪਾਰਟੀ ਦੇ ਇਨਕਲਾਬੀਆਂ ਨੇ ਮਿਲਵੇਂ ਯਤਨ ਕੀਤੇ* ।

'ਜਹਾਨੇ ਇਸਲਾਮ' ਤੁਰਕੀ ਦਾ ਇਕ ਅਖਬਾਰ ਸੀ, ਜੋ ਕੁਸਤੁਨਤੁਨੀਆਂ ਤੋਂ ਛਪਦਾ ਸੀ, ਅਤੇ ਜਿਸ ਵਿਚ ਅਰਬੀ ਤੁਰਕੀ, ਹਿੰਦੀ, ਅਤੇ ਉਰਦੂ ਵਿਚ ਮਜ਼ਮੂਨ ਹੁੰਦੇ ਸਨ । ਇਸ ਦਾ ਉਰਦੂ ਦਾ ਹਿੱਸਾ ਇਕ ਪੰਜਾਬੀ ਸ੍ਰੀ ਆਬੂ ਸਯੱਦ ਤਿਆਰ ਕਰਦੇ ਸਨ, ਜੋ ਪਹਿਲਾਂ ਬਰਮਾ ਵਿਚ ਨੌਕਰੀ ਕਰਦੇ ਸਨ ਅਤੇ ਤੁਰਕੀ ਦੀ ਇਟਲੀ ਨਾਲ ਲੜਾਈ ਹੋਣ ਸਮੇਂ ਮਿਸਰ ਚਲੇ ਗਏ ਸਨ । ਗਦਰ ਦੇ ਨਾਲ ਹੀ ਇਹ ਅਖਬਾਰ ਬਰਮਾ ਵਿਚ ਭੇਜਿਆ ਜਾਂਦਾ ।

* The Pioneer, Lucknow, May 13, 1918.

†Mandlay Case, Evidence of Hussain Khan.

*ਸ੍ਰੀ ਅਮਰ ਸਿੰਘ ਸਰਵੇਅਰ ਦਾ ਇਹ ਵੀ ਬਿਆਨ ਹੈ ਕਿ ਬਰਮਾ ਦੇ ਤਖਤ ਦਾ ਇਕ ਦਾ ਦਾਅਵੇਦਾਰ, ਜੋ ਸੈਗੋਨ (ਹਿੰਦ ਚੀਨ) ਭੱਜ ਗਿਆ ਸੀ ਸਿਆਮ ਵਿਚ ਇਨਕਲਾਬੀਆਂ ਨਾਲ ਆ ਮਿਲਿਆ । ਕੁਝ ਬਰਮੀ ਇਨਕਲਾਬੀ ਵੀ ਸਿਆਮ ਵਿਚ ਸਨ, ਜਿਨ੍ਹਾਂ ਨੇ ਬਰਮਾ ਵਿਚ ਇਕ ਨਜ਼ਰਬੰਦ ਪੁੰਗੀ (ਬਰਮੀਂ ਮੰਤ) ਨਾਲ ਤਾਲ ਮੇਲ ਪੈਦਾ ਕੀਤਾ । ਇਸ ਪੁੰਗੀ ਦੀ ਬਰਮਾ ਵਿਚ ਬਹੁਤ ਇਜ਼ਤ ਸੀ ਅਤੇ ਇਸ ਰਾਹੀਂ ਬਰਮਾ ਦੇ ਬਹੁਤ ਸਾਰੇ ਵਸਨੀਕਾਂ ਦੇ ਇਨਕਲਾਬੀਆਂ ਦਾ ਸਾਥ ਦੇਣ ਦੀ ਆਸ ਸੀ । ਇਸ ਬਿਆਨ ਦੀ ਵੀ ਕੇਵਲ ਇਤਨੀ ਪੁਸ਼ਟੀ ਹੁੰਦੀ ਹੈ ਕਿ ਸੁੰਦਰ ਸਿੰਘ ਨੂੰ ਇਕ ਮਿਲੀ ਇਤਲਾਹ ਮੁਤਾਬਕ ਕੁਝ ਅਮੀਰ ਬਰਮੇਂ ਵੀ ਨਾਲ ਸ਼ਾਮਲ ਹੋਣ ਵਾਸਤੇ ਤਿਆਰ ਸਨ (Mandlay Case, Evidence p. 66 )

ਸਤੰਬਰ ੧੯੧੪ ਵਿਚ ਲਾ: ਹਰਦਿਆਲ ਕੁਸਤੁਨਤੁਨੀਆਂ ਸ੍ਰੀ ਆਬੂ ਸਯੱਦ ਪਾਸ ਠਹਿਰੇ । ਸ੍ਰੀ ਆਬੂ ਸਯੱਦ ਦੇ ਮਸ਼ਵਰੇ ਉਤੇ ਸ੍ਰੀ ਮੁਲਾ ਦਾਊਦ ਨੂੰ ਰੰਗੂਨ ਵਿਚ ਤੁਰਕੀ ਦਾ ਕੌਂਸਲ ਨੀਯਤ ਕੀਤਾ ਗਿਆ । ਸੰਸਾਰ ਯੁਧ ਵਿਚ ਤੁਰਕੀ ਦੇ ਸ਼ਾਮਲ ਹੋਣ ਪਿਛੋਂ ਦੋ ਹਿੰਦੀ ਮੁਸਲਮਾਨ, ਹਕੀਮ ਫੈਮ ਅਲੀ ਅਤੇ ਸ੍ਰੀ ਅਲੀ ਅਹਿਮਦ ਸਦੀਕੀ, ਜੋ ਬਾਲਕਾਨ ਦੀ ਲੜਾਈ ਵਿਚ ਤੁਰਕੀ ਫੌਜਾਂ ਦੀ ਡਾਕਟਰੀ ਸਹਾਇਤਾ ਕਰਨ ਹਿੰਦ ਤੋਂ ਗਏ ਸਨ, ਰੰਗੂਨ ਆਏ ।

ਇਸ ਸਮੇਂ ਰੰਗੂਨ ਦੇ ਕਈ ਮੁਸਲਮਾਨ ਅੰਗਰੇਜ਼ਾਂ ਤੋਂ ਬਦਜ਼ਨ ਸਨ । ਨਵੰਬਰ ੧੯੧੪ ਦੇ ਮਹੀਨੇ ਵਿਚ ਇਕ ਸੌ ਤੀਹਵੀਂ ਬਲੋਚ ਪਲਟਨ ਨੂੰ ਸਜ਼ਾ ਦੇਣ ਲਈ ਇਸ ਵਾਸਤੇ ਰੰਗੂਨ ਬਦਲ ਦਿੱਤਾ ਗਿਆ ਸੀ ਕਿ ਉਨ੍ਹਾਂ ਆਪਣਾ ਇਕ ਅਫਸਰ ਮਾਰ ਦਿੱਤਾ ਸੀ । ਇਸ ਪਲਟਨ ਦੇ ਰੰਗੂਨ ਅਪੜਨ ਦੇ ਜਲਦੀ ਹੀ ਪਿੱਛੋਂ, ਰੰਗੂਨ ਦੇ ਮੁਸਲਮਾਨਾਂ ਇਸ ਪਲਟਨ ਦੇ ਫੌਜੀਆਂ ਵਿਚ 'ਗਦਰ' ਅਖਬਾਰ ਦਾ ਪ੍ਰਚਾਰ ਫੈਲਾ ਦਿੱਤਾ, ਅਤੇ ਜਨਵਰੀ ੧੯੧੫ ਤਕ ਇਹ ਪਲਟਨ ਬਗਾਵਤ ਲਈ ਤਿਆਰ ਹੋ ਗਈ । ਪਰ ਇਹ ਬਗਾਵਤ ੨੧ ਜਨਵਰੀ ਨੂੰ ਦੋ ਸੌ ਸਾਜ਼ਸ਼ੀਆਂ ਨੂੰ ਸਜ਼ਾ ਦੇ ਕੇ ਫੁਟਣ ਤੋਂ ਪਹਿਲੋਂ ਠੱਪ ਦਿੱਤੀ ਗਈ । ੨੮ ਦਸੰਬਰ ਦੇ ਕਰੀਬ ਸਿੰਘਾਪੁਰ ਦੇ ਇਕ ਗੁਜਰਾਤੀ ਮੁਸਲਮਾਨ ਵੱਲੋਂ ਰੰਗੂਨ ਆਪਣੇ ਲੜਕੇ ਨੂੰ ਭੇਜੀ ਚਿੱਠੀ ਪਕੜੀ ਗਈ; ਜਿਸ ਵਿਚ ਮਲਾਯ ਸਟੇਟਸ ਗਾਈਡਜ਼ ਨਾਮੀਂ ਮਲਾਯ ਦੀ ਹਿੰਦੀ ਪਲਟਨ ਵਲੋਂ ਰੰਗੂਨ ਵਿਚ ਤੁਰਕੀ ਦੇ ਕੌਂਸਲ, ਸ੍ਰੀ ਅਹਿਮਦ ਮੁਲਾਂ ਦਾਊਦ, ਨੂੰ ਅਪੀਲ ਭੇਜੀ ਗਈ ਸੀ ਕਿ ਪਲਟਨ ਅੰਗਰੇਜ਼ਾਂ ਵਿਰੁਧ ਬਗਾਵਤ ਕਰਨ ਨੂੰ ਤਿਆਰ ਹੈ, ਅਤੇ ਇਕ ਤੁਰਕੀ ਜੰਗੀ ਜਹਾਜ਼ ਸਿੰਘਾਪੁਰ ਭੇਜਿਆ ਜਾਏ । ਏਸੇ ਦੌਰਾਨ ਵਿਚ ਸ੍ਰੀ ਅਹਿਮਦ ਅਲੀ ਅਤੇ ਸ੍ਰੀ ਫੈਮ ਅਲੀ ਨੇ ਇਕ ਖੁਫੀਆ ਸੁਸਾਇਟੀ ਬਣਾਈ, ੧੫੦੦੦ ਰੁਪੈਯ ਅਕੱਠਾ ਕੀਤਾ, ਮੈਮਨ ਮੁਸਲਮ ਸਕੂਲ ਦੇ ਹੈਡਮਾਸਟਰ ਨੂੰ ਨਾਲ ਮਿਲਾਇਆ, ਅਤੇ ਇਕ ਮਸ਼ਹੂਰ ਹਥਿਆਰ ਬਾਹਰੋਂ ਚੋਰੀ ਲਿਆਉਣ ਵਾਲੇ ਰਾਹੀਂ ਹਥਿਆਰ ਅਕੱਠੇ ਕਰਨ ਦਾ ਪ੍ਰਬੰਧ ਕੀਤਾ ।

ਬਰਮਾ ਵਿਚ ਕੰਮ ਕਰਨ ਵਾਲੇ ਗਦਰੀ ਇਨਕਲਾਬੀਆਂ ਦੇ ਲੀਡਰ ਸ੍ਰੀ ਸੋਹਨ ਲਾਲ 'ਪਾਥਕ' ਅਤੇ ਸ੍ਰੀ ਹਰਨਾਮ ਸਿੰਘ 'ਕਾਹਰੀ ਸਾਰੀ' ਸਨ । ਫਰਵਰੀ ਦੇ ਅਖੀਰ ਵਿਚ ਗਦਰ ਪਾਰਟੀ ਦੇ ਇਨਕਲਾਬੀ ਬਰਮਾ ਵਿਚ ਆਉਣੇ ਸ਼ੁਰੂ ਹੋ ਗਏ । ਸਭ ਤੋਂ ਪਹਿਲੋਂ ਸ੍ਰੀ ਸੋਹਨ ਲਾਲ 'ਪਾਥਕ' ਅਤੇ ਸ੍ਰੀ ਹਰਨਾਮ ਸਿੰਘ 'ਕਾਹਰੀ ਸਾਹਰੀ' ਨੇ ਹੁਸੈਨ ਖਾਨ ਅਤੇ ਚੇਤ ਰਾਮ, ਜੋ ਗਦਰੀਆਂ ਨਾਲ ਸਿਆਮ ਤੋਂ ਸ਼ਾਮਲ ਹੋਏ ਸਨ, ਨੂੰ ਰੰਗੂਨ ਠਹਿਰਨ ਵਾਸਤੇ ਜਗ੍ਹਾ ਦਾ ਪ੍ਰਬੰਧ ਕਰਨ ਲਈ ਭੇਜਿਆ । ਹੁਸੈਨ ਖਾਨ ਅਤੇ ਸ੍ਰੀ ਚੇਤ ਰਾਮ ਰੰਗੂਨ ਅਪੜਕੇ ਇਕ ਦੋ ਦਿਨ ਗੁਰਦਵਾਰੇ ਠਹਿਰੇ, ਜਿਥੇ ਉਨ੍ਹਾਂ ਨੂੰ ਸ੍ਰੀ ਹੀਰਾ ਸਿੰਘ 'ਚਰੜ' (ਜੋ ਸਿਆਮ ਤੋਂ ਹੋਕੇ ਆਏ ਸਨ ਅਤੇ ਇਸ ਕਰਕੇ ਉਨ੍ਹਾਂ ਦੇ ਜਾਣੂ ਸਨ) ਅਤੇ ਸ੍ਰੀ ਮੁਜਤਬਾ ਹੁਸੈਨ ਮਿਲ ਪਏ । ਸ੍ਰੀ ਮੁਜਤਬਾ ਹੁਸੈਨ ਦੇ ਮਨੀਲਾ ਵਿਚ ਗਦਰ ਪਾਰਟੀ ਨਾਲ ਸੰਬੰਧ ਹੋ ਗਏ ਸਨ, ਜਿਥੋਂ ਆਕੇ ਉਨ੍ਹਾਂ ਸਿੰਘਾਪੁਰ ਦਾ ਗਦਰ ਕਰਵਾਉਣ ਵਿਚ ਹਿੱਸਾ ਲਿਆ । ਸਿੰਘਾਪੁਰ ਦਾ ਗਦਰ ਫੇਲ ਹੋ ਜਾਣ ਉਤੇ ਸ੍ਰੀ ਮੁਜਤਬਾ ਹੁਸੈਨ ਰੰਗੂਨ ਆ ਗਏ ਸਨ । ਸਿੰਘਾਪੁਰ ਤੋਂ ਸ੍ਰੀ ਮੁਜਤਬਾ ਹੁਸੈਨ ਦੇ ਇਕ ਹੋਰ ਸਾਥੀ ਸ੍ਰੀ ਗਿਆਨ ਚੰਦ, ਜਿਨ੍ਹਾਂ ਨੇ ਸਿੰਘਾਪੁਰ ਦਾ ਗਦਰ ਕਰਵਾਉਣ ਵਿਚ ਹਿੱਸਾ ਲਿਆ ਸੀ, ਵੀ ਬਰਮਾ ਨੂੰ ਆ ਰਹੇ ਸਨ, ਪਰ ਉਹ ਆਪਣੇ ਕੀਤੇ ਕਾਰਨਾਮਿਆਂ ਨੂੰ ਆਪੇ ਉਜਾਗਰ ਕਰਨ ਕਰਕੇ ਜਹਾਜ਼ ਤੋਂ ਹੀ ਫੜੇ ਗਏ।



Digitized by Panjab Digital Library | www.panjabdigilib.org

ਸ਼੍ਰੀ ਹੀਰਾ ਸਿੰਘ ਦੇ ਕਹਿਣ ਉਤੇ ਹੁਸੈਨ ਖਾਨ ਅਤੇ ਸ਼੍ਰੀ ਚੇਤ ਰਾਮ ਨੇ ਸ਼੍ਰੀ ਮੁਜਤਬਾ ਹੁਸੈਨ ਨੂੰ ਨਾਲ ਮਿਲਾ ਲਿਆ, ਅਤੇ ਉਨ੍ਹਾਂ ਦੀ ਮਦਦ ਨਾਲ ਰੰਗੂਨ ਵਿਚ ਡਫਰਨ ਸਟਰੀਟ ਨੰਬਰ ੧੬ ਦਾ ਘਰ ਕਰਾਏ ਉਤੇ ਅਤੇ ਡਾਕਖਾਨੇ ਵਿਚ ਚਿੱਠੀਆਂ ਦਾ ਬਕਸ ਨੰ: ੩੪੦ ਲੈ ਲਿਆ ਗਿਆ। ਸ਼੍ਰੀ ਹੀਰਾ ਸਿੰਘ 'ਚਰੜ' ਜਲਦੀ ਦੇਸ ਨੂੰ ਚਲੇ ਗਏ, ਜਿਥੇ ਉਨ੍ਹਾਂ ਨੂੰ ਗਦਰੀ ਕਾਰਵਾਈਆਂ ਵਿਚ ਹਿੱਸਾ ਲੈਣ ਕਰਕੇ ਦੂਸਰੇ ਕੇਸ ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ। ਥੋੜੇ ਦਿਨਾਂ ਪਿਛੋਂ ਸ਼੍ਰੀ ਸੋਹਨ ਲਾਲ 'ਪਾਥਕ' ਅਤੇ ਸ਼੍ਰੀ ਹਰਨਾਮ ਸਿੰਘ 'ਕਾਹਰੀ ਸਾਰੀ' (ਜੋ ਈਸ਼ਰ ਦਾਸ ਦੇ ਬਣਾਵਟੀ ਨਾਮ ਹੇਠ ਕੰਮ ਕਰਦੇ ਸਨ) ਵੀ ਰੰਗੂਨ ਆ ਗਏ, ਅਤੇ ਉਨ੍ਹਾਂ ਦੇ ਪਿਛੋਂ 'ਭਾਈ' ਸੰਤੋਖ ਸਿੰਘ ਉਨ੍ਹਾਂ ਨੂੰ ਆ ਮਿਲੇ।

ਸ਼੍ਰੀ ਮੁਜਤਬਾ ਹੁਸੈਨ (ਉਰਫ ਮੂਲ ਚੰਦ) ਬਾਰੇ ਕੁਝ ਇਨਕਲਾਬੀਆਂ ਨੂੰ ਸ਼ੱਕ ਸੀ ਕਿ ਉਹ 'ਭਾਈ' ਭਗਵਾਨ ਸਿੰਘ ਨੂੰ ਫੜਾਉਣ ਲਈ ਏਧਰ ਉਧਰ ਫਿਰਦੇ ਸਨ। ਇਸ ਪੁਰ ਸਾਰੇ ਗਦਰੀਆਂ, ਸ਼੍ਰੀ ਅਹਿਮਦ ਅਲੀ ਸਦੀਕੀ ਅਤੇ ਹੋਰਨਾਂ ਨੇ ਰਲਕੇ ਵਫਾਦਾਰ ਰਹਿਣ ਦੀਆਂ ਕਸਮਾਂ ਖਾਧੀਆਂ। ਇਸ ਪਿਛੋਂ ਸ਼੍ਰੀ ਸੋਹਨ ਲਾਲ 'ਪਾਥਕ', ਸ਼੍ਰੀ ਹਰਨਾਮ ਸਿੰਘ 'ਕਾਹਰੀ ਸਾਰੀ', ਅਤੇ 'ਭਾਈ' ਸੰਤੋਖ ਸਿੰਘ, ਮਾਂਡਲੇ, ਮੇਮਿਓ (Maymyo) ਅਤੇ ਹੋਰਨਾਂ ਛਾਉਣੀਆਂ ਵਿਚ ਫੌਜੀਆਂ ਨੂੰ ਪ੍ਰੇਰਨ ਵਾਸਤੇ ਮਾਂਡਲੇ ਗਏ ਅਤੇ ਓਥੇ ਇਕ ਘਰ ਲੈ ਕੇ ਕੁਝ ਚਿਰ ਰਹੇ। ਓਥੋਂ ਸ਼੍ਰੀ ਸੋਹਨ ਲਾਲ 'ਪਾਥਕ' ਅਤੇ 'ਭਾਈ' ਸੰਤੋਖ ਸਿੰਘ ਤਾਂ ਸਿਆਮ ਨੂੰ ਚਲੇ ਗਏ, ਅਤੇ ਸ਼੍ਰੀ ਹਰਨਾਮ ਸਿੰਘ 'ਕਾਹਰੀ ਸਾਰੀ' ਵਾਪਸ ਰੰਗੂਨ ਆਏ। ਇਸ ਫੇਰੀ ਪਿਛੋਂ 'ਭਾਈ' ਸੰਤੋਖ ਸਿੰਘ ਬਰਮਾ ਨਹੀਂ ਆਏ ਅਤੇ ਸਿਆਮ ਵਿਚ ਹੀ ਰਹੇ; ਕਿਉਂਕਿ ਸ਼੍ਰੀ ਸੋਹਨ ਲਾਲ 'ਪਾਥਕ' ਨੇ ਸ਼੍ਰੀ ਜੀਵਨ ਸਿੰਘ ਦੇ ਹੱਥ ਉਨ੍ਹਾਂ ਨੂੰ ਸੁਨੇਹਾਂ ਭੇਜ ਦਿਤਾ ਸੀ ਕਿ ਓਹ ਜਿਥੇ ਹਨ ਓਥੇ ਹੀ ਰਹਿਣ ਅਤੇ ਅਗੇ ਨਾ ਆਉਣ*। ਸ਼੍ਰੀ ਮੁਜਤਬਾ ਹੁਸੈਨ, ਹੁਸੈਨ ਖਾਨ ਅਤੇ ਸ਼੍ਰੀ ਰਲਾ ਸਿੰਘ ਵੀ ਵਾਪਸ ਸਿਆਮ ਚਲੇ ਗਏ, ਅਤੇ ਪਿਛੇ ਸ਼੍ਰੀ ਹਰਨਾਮ ਸਿੰਘ ਅਕੱਲੇ ਰੰਗੂਨ ਰਹਿ ਗਏ।

ਗਦਰ ਪਾਰਟੀ ਦੇ ਇਨਕਲਾਬੀਆਂ ਦੇ ਹੈਡ ਕਵਾਟਰ ਪਾਖੋ ਵਿਚ ਇਨਕਲਾਬੀ ਸਹਿਤ ਵੀ ਛਾਪਿਆ ਜਾਂਦਾ ਸੀ, ਕਿਉਂਕਿ ਇਹ ਲੜਾਈ ਲਗ ਜਾਣ ਪਿਛੋਂ ਬਾਹਰੋਂ ਆਉਣਾ ਬੰਦ ਹੋ ਗਿਆ ਸੀ। ਸਾਹਿਤ ਛਾਪਣ ਦਾ ਢੰਗ ਬੜਾ ਅਜੀਬ ਸੀ। ਇਕ ਕਿਸਮ ਦੇ ਚੀਨੀ ਸਮੁੰਦਰੀ ਘਾਹ ਨੂੰ ਉਬਾਲ ਕੇ ਜੈਲੀ ਬਣਾਈ ਜਾਂਦੀ ਸੀ ਅਤੇ ਕਾਗਜ਼ ਉਤੇ ਲਿਖਕੇ ਇਸ ਜੈਲੀ ਉਤੇ ਠੱਪਾ ਲਾ ਦਿਤਾ ਜਾਂਦਾ ਸੀ, ਜਿਸ ਤੋਂ ਅਗੋਂ ਹੋਰ ਕਾਗਜ਼ ਛਾਪੇ ਜਾਂਦੇ ਸਨ। ਸ਼੍ਰੀ ਮੁਜਤਬਾ ਹੁਸੈਨ ਅਤੇ ਹੁਸੈਨ ਖਾਨ ਨੇ ਸਿਆਮ ਆਕੇ ਇਸ ਸਾਹਿਤ ਦਾ ਇਕ ਵਡਾ ਸਾਰਾ ਬੰਡਲ ਬਣਾ ਕੇ ਸਰਹੱਦੋਂ ਪਾਰ ਬਰਮਾ ਵਿਚ ਪੁਚਾਣ ਲਈ ਸ਼੍ਰੀ ਚਾਲੀਆ ਰਾਮ ਦੇ ਹਵਾਲੇ ਕਰ ਦਿਤਾ। ਪਰ ਇਹ ਬੰਡਲ, ਜਿਸ ਉਤੇ ਹਕੀਮ ਫਿਆਮ ਅਲੀ ਦਾ ਐਡਰੈਸ ਲਿਖਿਆ ਹੋਇਆ ਸੀ, ਮਯਾਵਡੀ (Myawaddy) ਫੜਿਆ ਗਿਆ। ਸ਼੍ਰੀ ਮੁਜਤਬਾ ਹੁਸੈਨ ਵਲੋਂ ਸ਼੍ਰੀ ਅਲੀ ਅਹਿਮਦ ਸਦੀਕੀ ਅਤੇ ਸ਼੍ਰੀ ਫਿਆਮ ਅਲੀ ਨੂੰ ਲਿਖੇ ਦੋ ਖਤ ਵੀ ਫੜੇ ਗਏ। ਇਸ ਤੋਂ ਗਦਰੀ ਇਨਕਲਾਬੀਆਂ ਅਤੇ ਤੁਰਕੀ ਜੁੱਟ ਦੇ ਅਨਸਰਾਂ ਦਾ ਮੇਲ ਸਪੱਸ਼ਟ ਹੋ ਗਿਆ।

ਏਸੇ ਸਮੇਂ ਸ਼੍ਰੀ ਹਰਨਾਮ ਸਿੰਘ 'ਕਾਹਰੀ ਸਾਰੀ', ਜੋ ਸਿਆਮ ਵਾਪਸ ਜਾ ਰਹੇ ਸਨ, ਮਯਾਵਡੀ ਦੇ ਕਰੀਬ ਫੜੇ ਗਏ। ਗਦਰੀ ਇਨਕਲਾਬੀਆਂ ਦੀ ਇਕ ਪਾਰਟੀ (ਜਿਸ ਵਿਚ ਸ਼੍ਰੀ ਕਪੂਰ ਸਿੰਘ, ਸ਼੍ਰੀ ਹਰਦਿਤ ਸਿੰਘ, ਇਕ ਅਮਰੀਕਨ ਮਿਸਟਰ ਐਲਨ ਹੋਰ ਸ਼ਾਮਲ ਸਨ) ਵੀ ਸਰਹੱਦ ਪਾਰ ਕਰਦੀ ਹੋਈ ਫੜੀ ਗਈ। ਸ਼੍ਰੀ ਕਪੂਰ ਸਿੰਘ ਅਤੇ ਸ਼੍ਰੀ ਹਰਦਿਤ ਸਿੰਘ ਅਮ੍ਰੀਕਨ ਟਿੰਬਰ ਕੰਪਨੀ ਦੇ ਡਾਇਰੈਕਟਰ ਸਨ, ਅਤੇ ਹਿੰਦ ਵਿਚ ਗਦਰੀ ਮੁਹਿੰਮ ਵਿਚ ਹਿੱਸਾ ਲੈਣ ਜਾ ਰਹੇ ਸਨ। ਇਨ੍ਹਾਂ ਨੂੰ ਸਿਆਮ ਵਿਚ ਵਰਜ ਦਿਤਾ ਗਿਆ ਸੀ ਕਿ ਸਰਹੱਦ ਉਤੇ ਫੜੋ ਫੜਾਈ ਹੁੰਦੀ ਹੈ ਅਤੇ ਉਹ ਨਾ ਜਾਣ; ਪਰ ਉਹ ਆਪਣੀ ਧੁਨ ਵਿਚ ਮਸਤ ਸਨ ਅਤੇ ਨਾ ਟਲੇ। ਇਕ ਹੋਰ ਪਾਰਟੀ, ਜਿਸ ਦੇ ਉਘੇ ਮੈਂਬਰ ਸ਼੍ਰੀ ਫਜ਼ਲ ਅਲੀ ਸਨ, ਸਿਆਮ ਤੋਂ ਬਰਮਾ ਦੀ ਸਰਹੱਦ ਪਾਰ ਕਰਦੀ ਹੋਈ ਫੜੀ ਗਈ। ਸ਼੍ਰੀ ਫਜ਼ਲ ਅਲੀ ਦੇ ਫੜੇ ਜਾਣ ਦਾ ਬੜਾ ਨੁਕਸਾਨ ਹੋਇਆ। ਸ਼੍ਰੀ ਫਜ਼ਲ ਅਲੀ ਨੂੰ ਸ਼ੰਘਾਈ ਦੀ ਗਦਰ ਪਾਰਟੀ ਨੇ ਭੇਜਿਆ ਸੀ ਕਿ ਉਹ ਅਮਰੀਕਾ ਤੋਂ ਆ ਰਹੇ ਹਥਿਆਰਾਂ ਦੇ ਜਹਾਜ਼ ਤੋਂ, ਕਲਕੱਤੇ ਦੇ ਇਨਕਲਾਬੀਆਂ ਨਾਲ ਮਿਲਕੇ, ਹਥਿਆਰ ਉਤਾਰਨ ਦਾ ਪ੍ਰਬੰਧ ਕਰਨ। ਉਨ੍ਹਾਂ ਨੇ ਬਲਵੇ ਦੀ ਤਾਰੀਖ ਨੀਯਤ ਕਰਨ ਬਾਰੇ ਵੀ ਪ੍ਰਬੰਧ ਕਰਨਾ ਸੀ, ਜਿਸ ਕਰਕੇ ਉਨ੍ਹਾਂ ਦੇ ਫੜੇ ਜਾਣ ਕਰਕੇ ਬੰਗਾਲ ਦੇ ਇਨਕਲਾਬੀਆਂ ਨਾਲ ਮੇਲ ਕੇ ਚਲਾਉਣ ਵਾਲੀ ਪਲੈਨ ਉਲਟ ਪੁਲਟ ਗਈ। ਸ਼੍ਰੀ ਫਜ਼ਲ ਅਲੀ ਨੂੰ ਵੀ ਸਿਆਮ ਦੇ ਗਦਰੀ ਇਨਕਲਾਬੀਆਂ ਨੇ ਵਰਜਿਆ ਸੀ ਕਿ ਉਹ ਬਰਮਾ ਨਾ ਜਾਣ ਅਤੇ ਉਨ੍ਹਾਂ ਦੇ ਸੁਨੇਹੇਂ ਬੰਗਾਲ ਪੁਚਾਣ ਦਾ ਹੋਰ ਪ੍ਰਬੰਧ ਕਰ ਦਿਤਾ ਜਾਵੇਗਾ, ਪਰ ਉਹ ਵੀ ਜਾਣੋਂ ਨਹੀਂ ਸਨ ਟਲੇ।

ਇਤਨੀਆਂ ਗ੍ਰਿਫਤਾਰੀਆਂ, ਖਾਸ ਕਰ ਸ਼੍ਰੀ ਹਰਨਾਮ ਸਿੰਘ ਦੀ ਗ੍ਰਿਫਤਾਰੀ, ਇਨਕਲਾਬੀਆਂ ਵਾਸਤੇ ਭਾਰੀ ਸੱਟ ਸੀ। ਇਸਦਾ ਸਾਫ ਮਤਲਬ ਸੀ ਕਿ ਬਰਮਾ ਦੀ ਅੰਗ੍ਰੇਜ਼ੀ ਹਕੂਮਤ ਪਾਸ ਭੇਦ ਖੁਲ ਚੁਕਾ ਸੀ ਅਤੇ ਉਹ ਚੌਕਸ ਹੋ ਗਈ ਸੀ। ਇਸ ਨੇ ਸਿਆਮ ਵਿਚੋਂ ਨਾਲ ਰਲੇ ਕਈ ਇਨਕਲਾਬੀਆਂ ਨੂੰ ਘਬਰਾ ਦਿਤਾ; ਅਤੇ ਸ਼੍ਰੀ ਮੁਜਤਬਾ ਹੁਸੈਨ ਅਤੇ ਸ਼੍ਰੀ ਚੇਤ ਰਾਮ, ਜਿਨ੍ਹਾਂ ਨੂੰ ਸ਼੍ਰੀ ਹਰਨਾਮ ਸਿੰਘ 'ਕਾਹਰੀ ਸਾਰੀ' ਦੀ ਜ਼ਮਾਨਤ ਦਾ ਪ੍ਰਬੰਧ ਕਰਨ ਵਾਸਤੇ ਭੇਜਿਆ ਗਿਆ, ਡਰਦੇ ਮਾਰੇ ਸਰਹੱਦ ਤੋਂ ਵਾਪਸ ਮੁੜ ਆਏ। ਪਰ ਸ਼੍ਰੀ ਸੋਹਨ ਲਾਲ 'ਪਾਥਕ' ਦੀ ਅਗਵਾਈ ਹੇਠ ਬਾਕੀ ਦੀ ਪਾਰਟੀ ਦਾ ਹੌਂਸਲਾ ਅਟੱਲ ਸੀ, ਅਤੇ ਇਨ੍ਹਾਂ ਨੇ ਸਗੋਂ ਅਗੇ ਨਾਲੋਂ ਵੀ ਕੋਸ਼ਸ਼ਾਂ ਤੇਜ਼ ਕਰ ਦਿਤੀਆਂ*। ਚਿੰਗਮਈ (Chiengmai) ਗੁਰਦੁਆਰੇ ਦੇ ਗਰੰਥੀ ਸ਼੍ਰੀ ਬਸਾਵਾ ਸਿੰਘ ਦੀ ਮਦਦ ਨਾਲ ਸ਼੍ਰੀ ਸੋਹਨ ਲਾਲ 'ਪਾਥਕ' ਨੇ ਕਈ ਹੋਰ ਸਾਥੀ ਰਲਾ ਲਏ। ਆਖਰ ਸ਼੍ਰੀ ਸੋਹਨ ਲਾਲ 'ਪਾਥਕ', ਲਛਮਣ ਸਿੰਘ, ਸ਼੍ਰੀ ਜੀਵਨ ਸਿੰਘ (ਜਿਨ੍ਹਾਂ ਨੂੰ ਸ਼੍ਰੀ ਰਾਮ ਰਖਾ ਨਾਲ ਸਿੰਘਾਪੁਰ ਗਦਰ ਕਰਵਾਉਣ ਲਈ ਭੇਜਿਆ ਗਿਆ ਸੀ, ਪਰ ਜਿਥੇ ਓਹ ਗਦਰ ਹੋਣ ਪਿਛੋਂ ਅਪੜੇ ਅਤੇ ਫਿਰ ਵਾਪਸ ਸਿਆਮ ਆ ਗਏ), ਸ਼੍ਰੀ ਨਿਰੰਜਨ ਸਿੰਘ, ਸ਼੍ਰੀ ਪਾਲਾ ਸਿੰਘ, ਅਤੇ ਸ਼੍ਰੀ ਨਰੈਣ ਸਿੰਘ, ਛੇ ਇਨਕਲਾਬੀਆਂ ਦੀ ਟੋਲੀ ਸਰਹੱਦ ਪਾਰ ਕਰਕੇ ਬਰਮਾ ਵਿਚ ਦਾਖਲ ਹੋਈ। ਇਨ੍ਹਾਂ ਦੀ ਪਲੈਨ ਇਹ ਸੀ ਕਿ ਲਛਮਣ ਸਿੰਘ ਅਤੇ ਸ਼੍ਰੀ ਜੀਵਨ ਸਿੰਘ ਸ਼ੱਕ ਤੋਂ ਬਚਣ ਲਈ ਇਕ ਦੁਕਾਨ ਖੋਲ ਕੇ ਬੈਠਣ ਗੇ। ਸ਼੍ਰੀ ਨਿਰੰਜਨ ਸਿੰਘ ਅਤੇ ਸ਼੍ਰੀ ਪਾਲਾ ਸਿੰਘ ਹਿੰਦੀ ਫੌਜੀਆਂ ਨੂੰ ਪ੍ਰੇਰਨ ਗੇ, ਅਤੇ ਸ਼੍ਰੀ ਸੋਹਨ ਲਾਲ 'ਪਾਥਕ' ਅਤੇ ਸ਼੍ਰੀ ਨਰੈਣ ਸਿੰਘ ਪ੍ਰਚਾਰ ਕਰਨ ਲਈ ਬਰਮਾ ਦਾ ਦੌਰਾ ਕਰਨਗੇ†। ਥਾਜ਼ੀ (Thazi) ਪੁਜਕੇ ਸ਼੍ਰੀ ਜੀਵਨ ਸਿੰਘ ਨੂੰ ਇਕ ਸੁਨੇਹਾਂ ਪੁਚਾਣ ਲਈ ਸਿਆਮ ਵਾਪਸ ਭੇਜ ਦਿਤਾ ਗਿਆ।

*Mandlay Case, Jiwan Singh's Confession.

*Mandlay Case, Judgement, p. 35.
†Ibid, p. 269.

ਥਾਣੀ ਤੋਂ ਇਨਕਲਾਬੀਆਂ ਦੀ ਪਾਰਟੀ ਦੋ ਹਿੱਸਿਆਂ ਵਿਚ ਵੰਡੀ ਗਈ। ਸ਼੍ਰੀ ਨਿਰੰਜਨ ਸਿੰਘ ਅਤੇ ਸ਼੍ਰੀ ਪਾਲਾ ਸਿੰਘ ਪਿਆਬਵੇ (Pyabwe) ਚਲੇ ਗਏ, ਅਤੇ ਸ਼੍ਰੀ ਸੋਹਨ ਲਾਲ ਅਤੇ ਸ਼੍ਰੀ ਨਰੈਣ ਸਿੰਘ ਮਾਂਡਲੇ ਅਤੇ ਮੇਯੱਮੋ ਨੂੰ। ੧੫ ਅੱਗਸਤ ਸੰਨ ੧੯੧੫ ਨੂੰ ਸ਼੍ਰੀ ਸੋਹਨ ਲਾਲ 'ਪਾਥਕ', ਪਹਾੜੀ ਤੋਪਖਾਨੇ ਦੇ ਕੁਝ ਫੌਜੀਆਂ, ਜੋ ਚਾਨਮਾਰੀ ਕਰਕੇ ਵਾਪਸ ਮੇਯੱਮੋ ਜਾ ਰਹੇ ਸਨ, ਨੂੰ ਮੇਯੱਮੋ ਦੇ ਲਾਗੇ ਮਿਲੇ। ਸ਼੍ਰੀ ਸੋਹਨ ਲਾਲ ਇਕ ਜਮਾਦਾਰ ਅਤੇ ਇਕ ਨੈਕ ਨੂੰ ਗਦੱਰ ਦਾ ਪ੍ਰਚਾਰ ਕਰਨ ਲਗ ਪਏ, ਅਤੇ ਉਨ੍ਹਾਂ ਨੂੰ ਬਲਵੇ ਵਿਚ ਸ਼ਾਮਲ ਹੋਣ ਦੀ ਪ੍ਰੇਰਨਾ ਕੀਤੀ। ਅਗਲੇ ਦਿਨ ਫਿਰ ਮਿਲਣ ਦਾ ਇਕਰਾਰ ਕਰਕੇ ਜਦ ਤੁਰਨ ਲਗੇ ਹੱਥ ਮਿਲਾਇਆ, ਜਮਾਦਾਰ ਨੇ ਝਟੱਕਾ ਮਾਰਕੇ ਸ਼੍ਰੀ ਸੋਹਨ ਲਾਲ ਨੂੰ ਜੱਫਾ ਮਾਰ ਲਿਆ। ਸ਼੍ਰੀ ਸੋਹਨ ਲਾਲ ਨੇ ਆਪਣੀਆਂ ਜੇਬਾਂ ਵਿਚੋਂ ਦੋ ਭਰੇ ਪਸਤੌਲ ਕਢਣ ਦੀ ਕੋਸ਼ਸ਼ ਕੀਤੀ, ਪਰ ਕੋਲ ਖੜੇ ਨੈਕ ਨੇ ਉਨ੍ਹਾਂ ਨੂੰ ਕਾਬੂ ਕਰ ਲਿਆ*। ਸ਼੍ਰੀ ਸੋਹਨ ਲਾਲ ਦੀ ਤਲਾਸ਼ੀ ਲੈਣ ਉੱਤੇ ਉਨ੍ਹਾਂ ਕੋਲੋਂ ਦੋ ਭਰੇ ਪਸਤੌਲ, ੨੭੦ ਗੋਲੀਆਂ, ਇਨਕਲਾਬੀ ਸਾਹਿਤ, ਅਤੇ ਕਾਗਜ਼, ਜਿਨ੍ਹਾਂ ਉਤੇ ਬੰਬ ਬਨਾਉਣ ਦੇ ਨੁਸਖੇ ਲਿਖੇ ਸਨ, ਫੜੇ ਗਏ। ਸ਼੍ਰੀ ਸੋਹਨ ਲਾਲ 'ਪਾਥਕ' ਉਤੇ ਸੈਸ਼ਨ ਜੱਜ ਮਾਂਡਲੇ ਦੀ ਕਚੈਹਰੀ ਵਿਚ ਵਖਰਾ ਮੁਕੱਦਮਾ ਚਲਾਕੇ ਉਨ੍ਹਾਂ ਨੂੰ ਫਾਂਸੀ ਦੇਕੇ ੧੦ ਫਰਵਰੀ ੧੯੧੬ ਨੂੰ ਸ਼ਹੀਦ ਕੀਤਾ ਗਿਆ। ਇਕ ਦੋ ਦਿਨ ਪਿਛੋਂ ਸ਼੍ਰੀ ਸੋਹਨ ਲਾਲ ਦੇ ਸਾਥੀ ਸ਼੍ਰੀ ਨਰੈਣ ਸਿੰਘ ਵੀ ਮੇਯੱਮੋ ਦੇ ਇਕ ਤੰਦੂਰ ਉਤੇ ਫੜੇ ਗਏ। ਪੁਲਸ ਦੇ ਜੋ ਆਦਮੀ ਸ਼੍ਰੀ ਨਰੈਣ ਸਿੰਘ ਨੂੰ ਗ੍ਰਿਫਤਾਰ ਕਰਨ ਗਏ, ਉਨ੍ਹਾਂ ਨਾਲ ਤਕੜਾ ਘੋਲ ਹੋਇਆ, ਜਿਸ ਵਿਚ ਸ਼੍ਰੀ ਨਰੈਣ ਸਿੰਘ ਨੇ ਪਸਤੌਲ ਵਰਤਣ ਦੀ ਕੋਸ਼ਸ਼ ਕੀਤੀ। ਸ਼੍ਰੀ ਨਰੈਣ ਸਿੰਘ ਪਾਸੋਂ ਵੀ ਪਸਤੌਲ, ਗੋਲੀਆਂ, 'ਗਦਰ' ਅਖਬਾਰ ਅਤੇ ਤੁਰਕੀ ਫਤਵੇ ਦੀਆਂ ਕਾਪੀਆਂ ਫੜੀਆਂ ਗਈਆਂ।

ਜਿਹੜੀ ਪਾਰਟੀ (ਸ਼੍ਰੀ ਨਿਰੰਜਨ ਸਿੰਘ ਅਤੇ ਸ਼੍ਰੀ ਪਾਲਾ ਸਿੰਘ) ਪਿਆਬਵੇ ਗਈ ਸੀ, ਉਸ ਨੇ ਸ਼੍ਰੀ ਕਾਲਾ ਸਿੰਘ ਨੈਕ, ਸ਼੍ਰੀ ਕਿਰਪਾ ਰਾਮ ਸਕੂਲ ਮਾਸਟਰ ਅਤੇ ਸ਼੍ਰੀ ਪਰਤਾਪ ਸਿੰਘ ਅਸਿਸਟੈਂਟ ਸਕੂਲ ਮਾਸਟਰ ਨੂੰ ਆਪਣੇ ਖਿਆਲਾਂ ਦਾ ਬਣਾ ਕੇ ਗਦਰ ਪਾਰਟੀ ਵਿਚ ਸ਼ਾਮਲ ਕਰ ਲਿਆ; ਅਤੇ ਉਨ੍ਹਾਂ ਨੂੰ ਗਦਰੀ ਸਾਹਿਤ, ਪਸਤੌਲ, ਗੋਲੀਆਂ, ਡਿਨੇਮਾਈਟ ਅਤੇ ਬੰਬ ਬਨਾਉਣ ਦੇ ਨੁਸਖੇ ਦਿਤੇ। ਪਰ ਇਤਨੇ ਚਿਰ ਨੂੰ ਸ਼੍ਰੀ ਸੋਹਨ ਲਾਲ 'ਪਾਥਕ' ਅਤੇ ਉਨ੍ਹਾਂ ਦੇ ਸਾਥੀ ਦੇ ਫੜੇ ਜਾਣ ਦੀ ਖਬਰ ਮਿਲ ਚੁਕੀ ਸੀ। ਸ਼੍ਰੀ ਨਿਰੰਜਨ ਸਿੰਘ ਅਤੇ ਸ਼੍ਰੀ ਪਾਲਾ ਸਿੰਘ ਸਿਆਮ ਨੂੰ ਚਲੇ ਗਏ। ਲਛਮਣ ਸਿੰਘ (ਜੋ ਪਿਛੋਂ ਵਾਅਦਾ ਮੁਆਫ ਗਵਾਹ ਬਣ ਗਿਆ) ਵੀ ਸਿਆਮ ਨੂੰ ਗੱਡੀ ਵਿਚ ਜਾ ਰਿਹਾ ਸੀ; ਪਰ ਉਸ ਮਗਰ ਸੀ. ਆਈ. ਡੀ. ਲੱਗੀ ਹੋਈ ਸੀ, ਅਤੇ ਉਸ ਨੂੰ ਸਰਹੱਦ ਟੱਪਣ ਤੋਂ ਪਹਿਲੋਂ ਫੜ ਲਿਆ ਗਿਆ। ਲਛਮਣ ਸਿੰਘ ਤੋਂ ਭੇਦ ਪਾ ਕੇ ਪੁਲਸ ਨੇ ਬਰਮਾ ਵਿਚੋਂ ਰਲੇ ਬਾਕੀ ਦੇ ਇਨਕਲਾਬੀਆਂ ਨੂੰ ਵੀ ਫੜ ਲਿਆ। ਸਿਆਮ ਵਿਚਲੇ ਗਦਰੀ ਇਨਕਲਾਬੀਆਂ ਨੂੰ ਸਿਆਮ ਸਰਕਾਰ ਨੇ ਅੰਗਰੇਜ਼ਾਂ ਨਾਲ ਮਿਲਕੇ ਇਸ ਤਰ੍ਹਾਂ ਆਪਣੇ ਦੇਸ ਵਿਚੋਂ ਕੱਢਿਆ ਕਿ ਸਿਆਮੋਂ ਨਿਕਲਦੇ ਸਾਰ ਉਹ ਅੰਗਰੇਜ਼ਾਂ ਦੇ ਹੱਥ ਆ ਗਏ। ਇਨ੍ਹਾਂ ਸਭ ਉਤੇ ਮਾਂਡਲੇ ਵਿਚ ਅਗੋਂ ਪਿੱਛੋਂ ਦੋ ਕੇਸ ਚਲਾ ਕੇ ਸਜ਼ਾਵਾਂ ਦਿੱਤੀਆਂ ਗਈਆਂ। 'ਭਾਈ' ਸੰਤੋਖ ਸਿੰਘ ਅਤੇ ਚੰਦ ਇਕ ਹੋਰ ਇਨਕਲਾਬੀ ਵੇਲੇ ਸਿਰ ਪਤਾ ਲੱਗ ਜਾਣ ਕਰਕੇ ਚੀਨ ਰਾਹੀਂ ਨਿਕਲਕੇ ਫੜੇ ਜਾਣੋਂ ਬਚ ਗਏ।

ਸਿਆਮ-ਬਰਮਾ ਦੀ ਸਕੀਮ ਵਿਚ ਭਾਵੇਂ, ਹਿੰਦ ਵਿਚ ਫੌਜੀ ਬਗਾਵਤ ਰਾਹੀਂ ਅੰਗਰੇਜ਼ੀ ਹਕੂਮਤ ਦਾ ਮੁਢ ਹਲਾਏ ਬਗੈਰ, ਅੰਤਮ ਸਫਲਤਾ ਦੇ ਬਹੁਤੇ ਬੀਜ ਨਹੀਂ ਸਨ; ਪਰ ਇਹ ਸਕੀਮ ਬਿਲਕੁਲ ਹਵਾਈ ਨਹੀਂ ਸੀ। ਸਰ ਮਾਈਕਲ ਓਡਵਾਇਰ ਮੁਤਾਬਕ ਬਰਮਾ ਵਿਚ ਉਸ ਸਮੇਂ ਗੋਰੇ ਫੌਜੀ ਨਾ ਹੋਇਆਂ ਬਰਾਬਰ ਸਨ ਅਤੇ ਕੇਵਲ ਹਿੰਦੀ ਸਿਪਾਹੀ ਇਸ ਦੀ ਰੱਖਿਆ ਕਰ ਰਹੇ ਸਨ*। ਅਰਥਾਤ ਜੇਕਰ ਬਰਮਾ ਦੇ ਹਿੰਦੀ ਫੌਜੀ ਇਨਕਲਾਬੀਆਂ ਦਾ ਸਾਥ ਦੇਂਦੇ ਤਾਂ ਬਰਮਾ ਵਿਚ ਇਕ ਵੇਰ ਅੰਗਰੇਜ਼ਾਂ ਵਾਸਤੇ ਮੁਸ਼ਕਲ ਹਾਲਾਤ ਪੈਦਾ ਹੋ ਸਕਦੇ ਸਨ। ਬਰਮਾ ਦੀ ਸਰਹੱਦ ਉੱਤੇ ਜੰਗਲਾਂ ਵਿਚ ਕੁਝ ਸੈਂਕੜੇ ਹਿੰਦੀ ਜਰਮਨ ਅਫਸਰਾਂ ਦੀ ਕਮਾਨ ਹੇਠ ਅਕੱਠੇ ਵੀ ਹੋ ਗਏ ਸਨ, ਜਿਨ੍ਹਾਂ ਨਾਲ ਲੜਨ ਲਈ ਇਕ ਗੋਰਖਿਆਂ ਦਾ ਬੈਟੇਲੀਅਨ ਭੇਜਿਆ ਗਿਆ, ਪਰ ਹਿੰਦੀ ਅਤੇ ਜਰਮਨ ਸਰਹੱਦ ਪਾਰ ਕਰਕੇ ਚੀਨ ਵਿਚ ਜਾ ਵੜੇ†।

ਸਿਆਮ-ਬਰਮਾ ਦੀ ਸਕੀਮ ਫੇਲ੍ਹ ਹੋਣ ਦਾ ਇਕ ਕਾਰਨ ਇਹ ਸੀ ਕਿ ਅੰਗਰੇਜ਼ੀ ਸਰਕਾਰ ਨੂੰ ਇਸ ਦੀ ਜਲਦੀ ਸੂਹ ਮਿਲ ਗਈ ਸੀ। ਮਨੀਲਾ ਦੇ ਅੰਗਰੇਜ਼ ਕੌਂਸਲ ਨੇ ਬਰਮਾ ਦੀ ਸੀ. ਆਈ. ਡੀ. ਨੂੰ ਸ਼੍ਰੀ ਮੁਜਤਬਾ ਹੁਸੈਨ ਬਾਰੇ ਇਤਲਾਹ ਭੇਜ ਦਿੱਤੀ ਸੀ ਕਿ ਉਹ ਬਰਮਾ ਆ ਰਹੇ ਸਨ*। ਅਪ੍ਰੈਲ ੧੯੧੫ ਵਿਚ ਸ਼੍ਰੀ ਮੁਜਤਬਾ ਹੁਸੈਨ ਦੀ ਸਿੰਘਾਪੁਰ ਇਕ ਚਿੱਠੀ ਥੋਚੀ ਗਈ, ਜਿਸ ਵਿਚ ਰੰਗੂਨ ਡਾਕਖਾਨੇ ਦੇ ਬਕਸ ਨੰ: ੩੪੦ ਦਾ ਪਤਾ ਦਿੱਤਾ ਹੋਇਆ ਸੀ। ਇਸ ਤੋਂ ਪੁਲਸ ਨੇ ਅਗੋਂ ਸੂਹ ਕੱਢ ਲਈ।

ਇਸ ਸਕੀਮ ਦੇ ਫੇਲ ਹੋਣ ਦਾ ਦੂਸਰਾ ਕਾਰਨ ਇਹ ਸੀ ਕਿ ਜਰਮਨ ਅਫਸਰ, ਜਿਨ੍ਹਾਂ ਇਨਕਲਾਬੀਆਂ ਨੂੰ ਫੌਜੀ ਸਿਖਲਾਈ ਦੇਣੀ ਸੀ, ਨਾ ਪੁਜੇ। 'ਭਾਈ' ਸੰਤੋਖ ਸਿੰਘ ਨੇ ਅਮਰੀਕਾ ਤੋਂ ਆਉਣ ਵਾਲੇ ਹੱਥਿਆਰਾਂ, ਜਿਨ੍ਹਾਂ ਨਾਲ ਇਨਕਲਾਬੀਆਂ ਦੀ ਫੌਜੀ ਮੁਹਿੰਮ ਨੂੰ ਸਨੱਧ ਬੱਧ ਕਰਨਾ ਸੀ, ਨੂੰ ਲੁਕਾ ਕੇ ਰੱਖਣ ਲਈ ਪਾਖੋ ਤੋਂ ਅਗੇ ਚੰਦਰਾਈ (Chandrai) ਦੇ ਜੰਗਲਾਂ ਵਿਚ ਖੰਦਕਾਂ ਖੁਦਵਾਈਆਂ ਹੋਈਆਂ ਸਨ†; ਪਰ ਇਹ ਹੱਥਿਆਰ ਵੀ ਨਾ ਪੁਜੇ।

## ਹੱਥਿਆਰ ਪੁਚਾਉਣ ਦੀਆਂ ਕੋਸ਼ਸ਼ਾਂ‡

ਜਰਮਨ ਅਫਸਰਾਂ ਨੂੰ ਸਿਆਮ ਅਥਵਾ ਬੰਗਾਲ ਵਿਚ ਭੇਜਣ ਅਤੇ ਹੱਥਿਆਰ ਪੁਚਾਣ ਦੀਆਂ ਕੋਸ਼ਸ਼ਾਂ ਆਪਸ ਵਿਚ ਸੰਬੰਧਤ ਹਨ, ਇਸ ਵਾਸਤੇ ਇਨ੍ਹਾਂ ਦਾ ਜ਼ਿਕਰ ਇਕੋ ਥਾਂ ਕੀਤਾ ਜਾਂਦਾ ਹੈ। ਜਿਨ੍ਹਾਂ ਜਹਾਜ਼ਾਂ ਵਿਚ ਹੱਥਿਆਰ ਭੇਜਣ ਦੇ ਯਤਨ

*ਸਿਆਮ-ਬਰਮਾ ਦੀ ਸਕੀਮ ਵਿਚ ਹਿੱਸਾ ਲੈਣ ਵਾਲੇ ਇਨਕਲਾਬੀਆਂ ਦਾ ਬਿਆਨ ਹੈ ਕਿ ਪਹਾੜੀ ਤੋਪਖਾਨੇ ਦੇ ਜਮਾਂਦਾਰ ਨੇ, ਸ਼੍ਰੀ ਸੋਹਨ ਲਾਲ ਦੀ ਬਰਮਾਂ ਵਿਚ ਪਹਿਲੀ ਫੇਰੀ ਸਮੇਂ, ਇਨਕਲਾਬੀਆਂ ਵਲੋਂ ਬਰਮਾ ਉਤੇ ਹਮਲਾ ਹੋਣ ਦੀ ਸੂਰਤ ਵਿਚ ਉਨ੍ਹਾਂ ਦਾ ਸਾਥ ਦੇਣ ਦਾ ਬਚਨ ਦਿੱਤਾ ਸੀ। ਇਸੇ ਕਰਕੇ ਸ਼੍ਰੀ ਸੋਹਨ ਲਾਲ ਇਸ ਹਮਲੇ ਦਾ ਇੰਤਜ਼ਾਮ ਕਰਨ ਸਿਆਮ ਚਲੇ ਗਏ ਸਨ। ਸਿਆਮ ਤੋਂ ਆਕੇ ਉਹ ਇਸ ਤੋਪਖਾਨੇ ਦੇ ਇਕ ਕੰਮਪਊਡਰ ਨੂੰ ਵੀ ਮਿਲੇ, ਜਿਸ ਨੇ ਅੰਗਰੇਜ਼ ਅਫਸਰਾਂ ਪਾਸ ਮੁਖਬਰੀ ਕਰ ਦਿੱਤੀ। ਇਸ ਮੁਖਬਰੀ ਪਿਛੋਂ ਜਮਾਂਦਾਰ ਨੇ ਆਪਣੀ ਜਾਨ ਬਚਾਉਣ ਦੀ ਖਾਤਰ ਸ਼੍ਰੀ ਸੋਹਨ ਲਾਲ ਨੂੰ ਫੜਵਾ ਦਿੱਤਾ।

*O'Dwyer, p. 189.
†Hardinge, p. 128.

*Mandlay Case, Evidence of M. J. Chisholm. D.I.G. police, Burma.

†San Francisco Trial, Testimony of Shiv Dyal Kapur.

‡ਇਸ ਬਾਰੇ ਦਿਤੇ ਵਾਕਿਆਤ ਦੀ ਤਫਸੀਲ, ਰੌਲਟ ਰੀਪੋਟ ਦੇ ਸਤਵੇਂ ਕਾਂਡ, ਤੀਸਰੇ ਅਤੇ ਸੈਨਫ੍ਰਾਂਸਿਸਕੋ ਮੁਕੱਦਮਿਆਂ ਦੇ ਫੈਸਲੇ ਅਤੇ ਗਵਾਹੀਆਂ (ਖਾਸ ਕਰ ਹਰਚਰਨ ਦਾਸ, ਜੋਧ ਸਿੰਘ ਅਤੇ ਕੁਮੁਦ ਨਾਥ ਮੁਕਰਜੀ ਦੀਆਂ ਗਵਾਹੀਆਂ), ਅਤੇ ੧੩ ਮਈ ੧੯੧੮ ਦੇ ਪਾਇਓਨੀਅਰ ਅਖਬਾਰ ਵਿਚ ਛਪੀ ਰੀਪੋਟ, ਵਿਚੋਂ ਲਈ ਗਈ ਹੈ।



Digitized by Panjab Digital Library | www.panjabdigilib.org

ਕੀਤੇ ਗਏ, ਉਨ੍ਹਾਂ ਦਾ ਅਤੇ ਹੱਥਿਆਰਾਂ ਦਾ ਪ੍ਰਬੰਧ ਜਰਮਨ ਜੁੱਟ ਨੇ ਕੀਤਾ। ਇਸ ਵਿਚ ਨਾ ਗਦਰ ਪਾਰਟੀ ਦਾ ਅਤੇ ਨਾ ਬੰਗਾਲ ਦੀ ਇਨਕਲਾਬੀ ਪਾਰਟੀ ਦਾ ਹੱਥ ਸੀ, ਇਸ ਵਾਸਤੇ ਇਸ ਦਾ ਮੁਖਤਸਰ ਜ਼ਿਕਰ ਕਰ ਦੇਣਾ ਕਾਫੀ ਹੈ। ਗਦਰ ਪਾਰਟੀ ਨੇ ਹੱਥਿਆਰ ਲਿਆਉਣ ਵਾਲੇ ਇਕ ਜਹਾਜ਼ ਵਿਚ ਆਪਣੇ ਪੰਜ ਇਨਕਲਾਬੀ ਭੇਜੇ, ਅਤੇ ਹੱਥਿਆਰਾਂ ਨੂੰ ਇਨ੍ਹਾਂ ਜਹਾਜ਼ਾਂ ਤੋਂ ਹਿੰਦ ਵਿਚ ਅਗੋਂ ਲੈਣ ਵਾਲੇ ਯਤਨ ਤਕਰੀਬਨ ਸਾਰੇ ਦੇ ਸਾਰੇ ਬੰਗਾਲੀ ਇਨਕਲਾਬੀਆਂ ਕੀਤੇ।

ਹੱਥਿਆਰ ਪੁਚਾਣ ਦੀ ਜਿਨ੍ਹਾਂ ਜਹਾਜ਼ਾਂ ਰਾਹੀਂ ਸਭ ਤੋਂ ਵੱਡੀ ਕੋਸ਼ਸ਼ ਹੋਈ, ਉਨ੍ਹਾਂ ਦੇ ਨਾਮ 'ਮੇਵਰਿਕ' (Maverick) ਅਤੇ 'ਐਨੀ ਲਾਰਸਿਨ' (Annie Larsen) ਸਨ। 'ਮੇਵਰਕ' ਨੂੰ ਖਰੀਦਣ ਤੇ ਮੁਰੰਮਤ ਆਦਿ ਕਰਨ, ਅਤੇ 'ਐਨੀ ਲਾਰਸਨ' ਨੂੰ ਠੇਕੇ ਉਤੇ ਲੈਣ (ਚਾਰਟਰ ਕਰਨ) ਤੇ ਇਸ ਵਿਚ ਭੇਜੇ ਗਏ ਹੱਥਿਆਰਾਂ ਅਤੇ ਦਾਰੂ ਸਿੱਕੇ, ਦਾ ਖਰਚ ਉਸ ਪੈਸੇ ਨਾਲ ਪੂਰਾ ਕੀਤਾ ਗਿਆ ਜੋ ਜਰਮਨ ਸਰਕਾਰ ਨੇ ਆਪਣੇ ਵਾਸ਼ਿੰਗਟਨ ਦੇ ਰਾਜਦੂਤੀ ਦਫਤ੍ਰ ਅਤੇ ਅਮਰੀਕਾ ਵਿਚ ਹੋਰ ਕੌਂਸਲ ਖਾਨਿਆਂ ਦੇ ਕਰਮਚਾਰੀਆਂ ਰਾਹੀਂ ਦਿਤਾ*। 'ਮੇਵਰਿਕ' ਜਹਾਜ਼ ੧੬ ਮਾਰਚ, ੧੯੧੫, ਨੂੰ ਜੋਨ ਐਫ. ਕਰੇਗ (John F. Craig) ਨੇ ਅਮਰੀਕਾ ਦੀ ਸਟੈਂਡਰਡ ਆਇਲ ਕੰਪਨੀ ਕੋਲੋਂ ਖ੍ਰੀਦਿਆ; ਅਤੇ ੧੯ ਜਨਵਰੀ ੧੯੫੫ ਦੇ ਕਰੀਬ ਜੇ ਕਲਾਈਡ ਹਿਜ਼ਾਰ (J. Clyde Hizar) ਨੇ ਜੇ. ਐਚ. ਰਿੰਡਰ (J. H. Rinder) ਦੇ ਨਾਮ 'ਔਲਸਰ ਅਤੇ ਮਾਹੋਨੀ' (Olsen and Mahony) ਕੋਲੋਂ 'ਐਨੀ ਲਾਰਸਿਨ' ਛੋਟਾ ਜਹਾਜ਼ (Schooner) ਠੇਕੇ ਉਤੇ ਲਿਆ*। ਜਨਵਰੀ ੧੯੫੫ ਵਿਚ ਅਮਰੀਕਾ ਵਿਚ ਜਰਮਨ ਰਾਜ ਦੂਤ ਦੇ ਦਫਤ੍ਰ ਦੇ ਇਕ ਕਰਮਚਾਰੀ ਹੈਨਸ ਟਾਸ਼ਰ (Hans Taucher) ਨੇ ਨੀਊਯਾਰਕ (ਅਮਰੀਕਾ) ਤੋਂ ੧੧ ਗਡੀਆਂ ਹਥਿਆਰਾਂ ਅਤੇ ਦਾਰੂ ਸਿੱਕੇ ਦੀਆਂ ਭਰੀਆਂ ਹੋਈਆਂ ਖ੍ਰੀਦੀਆਂ, ਅਤੇ ਅਮਰੀਕਾ ਤੇ ਪਛਮੀਂ ਕੰਢੇ ਉਤੇ ਸੈਨ ਡੀਗੋ (San Diego) ਨਾਮੀਂ ਜਗ੍ਹਾ ਉਤੇ ਇਹ ਮਾਲ ਭੇਜ ਦਿਤਾ। ਜ਼ਾਹਰ ਇਹ ਕੀਤਾ ਗਿਆ ਕਿ ਇਹ ਮਾਲ ਮੈਕਸੀਕੋ ਦੇ ਇਨਕਲਾਬੀਆਂ ਲਈ ਹੈ, ਪਰ ਦਰ ਅਸਲ ਇਹ ਹਿੰਦੀ ਇਨਕਲਾਬੀਆਂ ਵਾਸਤੇ ਸੀ।

ਮਾਰਚ ਦੇ ਸ਼ੁਰੂ ਵਿਚ 'ਐਨੀ ਲਾਰਸਿਨ' ਛੋਟਾ ਜਹਾਜ਼ ਉਪ੍ਰੋਕਤ ਹਥਿਆਰ ਲੈਕੇ ਸੋਕੋਰੋ ਨਾਮੀਂ ਟਾਪੂ (Socorro Island), ਜੋ ਮੈਕਸੀਕੋ ਤੋਂ ੬੦੦ ਮੀਲ ਪਛਮ ਵਲ ਹੈ, ਨੂੰ ਚਲਾ ਗਿਆ। ਸਕੀਮ ਇਹ ਸੀ ਕਿ 'ਮੇਵਰਿਕ' ਜਹਾਜ਼ 'ਐਨੀ ਲਾਰਸਿਨ' ਨੂੰ ਸਮੁੰਦਰ ਵਿਚ ਇਸ ਨਿਵੇਕਲੇ ਟਾਪੂ ਵਿਚ ਮਿਲਕੇ ਉਸ ਤੋਂ ਉਪ੍ਰੋਕਤ ਹਥਿਆਰ ਅਤੇ ਦਾਰੂ ਸਿੱਕਾ ਲੈ ਲਵੇਗਾ। 'ਮੇਵਰਿਕ' ਪੁਰਾਣਾ ਤੇਲ ਢੋਣ ਵਾਲਾ ਜਹਾਜ਼ ਸੀ ਅਤੇ ਇਸ ਵਿਚ ਤੇਲ ਵਾਲੀਆਂ ਟਾਂਚੀਆਂ ਸਨ। ਹਥਿਆਰਾਂ ਨੂੰ ਇਨ੍ਹਾਂ ਟਾਂਚੀਆਂ ਵਿਚੋਂ ਇਕ ਖਾਲੀ ਵਿਚ ਪਾਏ ਜਾਣਾ ਸੀ, ਅਤੇ ਉਨ੍ਹਾਂ ਨੂੰ ਲੁਕਾਉਣ ਹਿਤ ਫਿਰ ਇਸ ਟਾਂਚੀ ਨੂੰ ਉਪਰੋਂ ਤੇਲ ਨਾਲ ਭਰ ਦੇਣਾ ਸੀ। ਦਾਰੂ ਸਿੱਕੇ ਦੇ ਬਕਸ ਇਕ ਹੋਰ ਟਾਂਚੀ ਵਿਚ ਲੁਕਾਏ ਜਾਣੇ ਸਨ। 'ਮੇਵਰਿਕ' ਨੂੰ ਇਹ ਹਦਾਇਤ ਸੀ ਕਿ ਐਸੀ ਸੂਰਤ ਵਿਚ ਜੱਦ ਕੋਈ ਹੋਰ ਚਾਰਾ ਨਾ ਰਹੇ, ਜਹਾਜ਼ ਨੂੰ ਡੋਬ ਦਿਤਾ ਜਾਏ। 'ਮੇਵਰਿਕ' ਨੇ ਇਹ ਹਥਿਆਰ ਅਗੋਂ ਹਿੰਦ ਪੁਚਾਣੇ ਸਨ।

'ਮੇਵਰਿਕ' ਜਹਾਜ਼ ਬਗੈਰ ਕੋਈ ਮਾਲ ਲਏ ਕੈਲੇਫੋਰਨੀਆਂ ਵਿਚ ਇਕ ਜਗ੍ਹਾ ਸੈਨ ਪੈਡਰੋ (San Padro) ਤੋਂ ੨੨ ਅਪ੍ਰੈਲ ਦੇ ਕਰੀਬ ਰਵਾਨਾ ਹੋਇਆ। ਇਹ ਜਹਾਜ਼ ਅਮਰੀਕਨ ਝੰਡੇ ਹੇਠ ਸਫਰ ਕਰ ਰਿਹਾ ਸੀ। ਇਸ ਵਿਚ ੨੫ ਅਫਸਰ ਸਨ, ਅਤੇ ਮਲਾਹ ਮਾਰਸ਼ਲ (Marshall) ਟਾਪੂਆਂ ਦੇ ਸਨ ਜੋ ਜਰਮਨੀ ਦੇ ਮਾਤੈਹਤ ਰਹਿ ਚੁਕੇ ਸਨ। ਗਦਰ ਪਾਰਟੀ ਵਲੋਂ ਇਸ ਵਿਚ ਪੰਜ ਇਨਕਲਾਬੀ ਭੇਜੇ ਗਏ, ਜੋ ਲੌਸ ਐਂਜਲੀਜ਼ (Los Angles) ਰਾਹੀਂ ਹੋਕੇ ਸੈਨ ਪੈਡਰੋ ਵਿਚ ਜਹਾਜ਼ ਉਤੇ ਆ ਸਵਾਰ ਹੋਏ। ਇਹ ਇਨਕਲਾਬੀ ਸਨ, ਹਰਚਰਨ ਦਾਸ (ਜੋ ਪਿਛੋਂ ਵਾਅਦਾ ਮੁਆਫ ਗਵਾਹ ਬਣ ਗਿਆ), ਸ੍ਰੀ ਗੰਭੀਰ ਸਿੰਘ, ਸ੍ਰੀ ਹਰੀ ਸਿੰਘ, ਸ੍ਰੀ ਮੰਗੂ ਰਾਮ ਅਤੇ ਸ੍ਰੀ ਹਰਨਾਮ ਚੰਦ। ਹਿੰਦੀ ਇਨਕਲਾਬੀਆਂ ਨੇ ਈਰਾਨੀਆਂ ਦੇ ਬਣਾਵਟੀ ਨਾਮ ਧਾਰਨ ਕੀਤੇ ਹੋਏ ਸਨ, ਅਤੇ ਇਹ ਜ਼ਾਹਰ ਕੀਤਾ ਗਿਆ ਕਿ ਉਹ ਜਹਾਜ਼ ਦੇ ਬਹਿਰੇ ਹਨ। ਸ੍ਰੀ ਹਰੀ ਸਿੰਘ ਪਾਸ ਪੰਜ ਸੂਟ ਕੇਸ ਗਦਰੀ ਸਾਹਿਤ ਦੇ ਭਰੇ ਹੋਏ ਸਨ।

'ਮੇਵਰਿਕ' ਜਹਾਜ਼ ਮੈਕਸੀਕੋ ਦੀ ਇਕ ਬੰਦਰਗਾਹ ਰਸਤੇ ਹੁੰਦਾ ਹੋਇਆ ੩੦ ਅਪ੍ਰੈਲ ੧੯੧੫ ਨੂੰ ਸੋਕੋਰੋ ਟਾਪੂ ਪੁਜਾ। ਇਸਦੀ ਅਮਰੀਕਾ ਤੋਂ ਰਵਾਨਾ ਹੋਣ ਤੋਂ ਪਹਿਲੋਂ ਅਤੇ ਮੈਕੀਸੀਕੋ ਦੀ ਬੰਦਰਗਾਹ ਉਤੇ ਤਲਾਸ਼ੀ ਲਈ ਗਈ। 'ਐਨੀ ਲਾਰਸਿਨ' ਛੋਟਾ ਜਹਾਜ਼, ਜਿਸ ਤੋਂ 'ਮੇਵਰਿਕ' ਨੇ ਹਥਿਆਰ ਲੈਣੇ ਸਨ, ਤਿਨ ਚਾਰ ਹਫਤੇ 'ਮੇਵਰਕਿ' ਨੂੰ ਉਡੀਕ ਉਡੀਕ ਕੇ ਸੋਕੋਰੋ ਟਾਪੂ ਤੋਂ ਚਲਾ ਜਾ ਚੁਕਾ ਸੀ; ਕਿਉਂਕਿ 'ਐਨੀ ਲਾਰਸਿਨ' ਪਾਸ ਪਾਣੀ ਅਤੇ ਖੁਰਾਕ ਮੁੱਕ ਗਈ ਸੀ। 'ਐਨੀ ਲਾਰਸਿਨ' ਜਹਾਜ਼ ਵਾਲੇ ਸੋਕੋਰੋ ਟਾਪੂ ਉਤੇ 'ਮੇਵਰਿਕ' ਦੇ ਜਹਾਜ਼ੀਆਂ ਨੂੰ ਪਤਾ ਦੇਣ ਵਾਸਤੇ ਚਾਰ ਆਦਮੀਂ ਪਿਛੇ ਛੱਡ ਗਏ ਸਨ। 'ਮੇਵਰਿਕ' ਜਹਾਜ਼ ਨੇ ਸੋਕੋਰੋ ਟਾਪੂ ਪੁਜੱਕੇ ਦਸ ਬਾਰਾਂ ਵਿਸਲ ਵਜਾਏ, ਜਿਸ ਪੁਰ ਇਹ ਚਾਰ ਆਦਮੀਂ 'ਮੇਵਰਿਕ' ਜਹਾਜ਼ ਉਤੇ ਆਏ। 'ਮੇਵਰਿਕ' ਮਹੀਨੇ ਦੇ ਲਗ ਭਗ ਸੋਕੋਰੋ ਟਾਪੂ ਠਹਿਰਿਆ। ਸ੍ਰੀ ਹਰੀ ਸਿੰਘ ਅਤੇ ਮਿਸਟਰ ਸਟਾਰਹੰਟ ਰੋਜ਼ ਪਹਾੜ ਉਤੇ ਜਾਂਦੇ ਅਤੇ ਦੂਰਬੀਨ ਲਾਕੇ 'ਐਨੀ ਲਾਰਸਿਨ' ਦੀ ਉਡੀਕ ਕਰਦੇ, ਪਰ 'ਐਨੀ ਲਾਰਸਿਨ' ਨਾ ਆਇਆ। ਅਮਰੀਕਾ ਦਾ ਇਕ ਜੰਗੀ ਜਹਾਜ਼ ਆਇਆ ਅਤੇ ਉਨ੍ਹਾਂ ਚਾਰ ਆਦਮੀਆਂ ਨੂੰ ਨਾਲ ਲੈ ਗਿਆ ਜੋ 'ਐਨੀ ਲਾਰਸਿਨ' ਪਿਛੇ ਛੱਡ ਗਿਆ ਸੀ। ਕੁਝ ਦਿਨ ਪਿਛੋਂ ਅੰਗਰੇਜ਼ਾਂ ਦਾ ਜੰਗੀ ਜਹਾਜ਼ 'ਘੈਂਟ' (Ghent) ਆਇਆ ਅਤੇ ਇਸ ਨੇ 'ਮੇਵਰਿਕ' ਜਹਾਜ਼ ਦੀ ਤਲਾਸ਼ੀ ਲਈ। ਇਸ ਤੋਂ ਪਿਛੋਂ ਇਕ ਹੋਰ ਅੰਗਰੇਜ਼ੀ ਜੰਗੀ ਜਹਾਜ਼ 'ਰੇਨਬੋ' (Rainbow) ਨੇ 'ਮੇਵਰਿਕ' ਦੀ ਤਲਾਸ਼ੀ ਲਈ। ਜਦ ਪਹਿਲਾ ਜੰਗੀ ਜਹਾਜ਼ ਆਇਆ ਸੀ, ਸੂਟ ਕੇਸਾਂ ਵਾਲੇ ਗਦਰੀ ਸਾਹਿਤ ਨੂੰ ਸਾੜ ਦਿੱਤਾ ਗਿਆ ਸੀ। 'ਮੇਵਰਿਕ' ਜਹਾਜ਼ ਫਿਰ 'ਐਨੀ ਲਾਰਸਿਨ' ਦੀ ਭਾਲ ਵਿਚ ਸੈਨ ਡੀਗੋ (San Diego), ਹੀਲੋ (Hilo) ਅਤੇ ਜੌਨਸਨ ਟਾਪੂ (Johnson Island) ਆਦਿ ਫਿਰਦਾ ਫਿਰਾਉਂਦਾ ਰਿਹਾ, ਪਰ 'ਐਨੀ ਲਾਰਸਿਨ' ਨਾਲ ਟਾਕਰਾ ਨਾ ਹੋ ਸਕਿਆ। 'ਐਨੀ ਲਾਰਸਿਨ' ਵੀ ਫਿਰਦਾ ਫਿਰਾਉਂਦਾ ਜੂਨ ਦੇ ਅਖੀਰ ਵਿਚ ਅਮਰੀਕਾ ਦੀ ਇਕ ਬੰਦਰਗਾਹ ਵਿਚ ਪੁਜਾ, ਜਿਥੇ ਅਮਰੀਕਾ ਦੇ ਅਧਿਕਾਰੀਆਂ ਨੇ ਇਸ ਦਾ ਸਾਮਾਨ (ਹੱਥਿਆਰ ਅਤੇ ਦਾਰੂ ਸਿੱਕਾ) ਆਪਣੇ ਕਬਜ਼ੇ ਵਿਚ ਕਰ ਲਿਆ। 'ਮੇਵਰਿਕ' ਹਾਰ ਕੇ ਜਾਵਾ ਨੂੰ ਚਲਾ ਗਿਆ। ਜਾਵਾ ਲਾਗੇ ਪੁਜਣ ਉਤੇ ਡੱਚਾਂ ਦਾ ਇਕ ਗਸ਼ਤੀ ਜੰਗੀ ਜਹਾਜ਼ (Cruiser) ਅਤੇ ਡੁਬਕਣੀ ਕਿਸ਼ਤੀਆਂ (Torpedo boats) 'ਮੇਵਰਿਕ' ਨੂੰ ਆਪਣੇ ਘੇਰੇ ਵਿਚ ਲੈ ਕੇ ਬਟਾਵੀਆ ਬੰਦਰਗਾਹ ਵਿਚ ਲੈ ਗਈਆਂ।

---

*San Francisco Trial, Charge to the Jury by the Judge, p. 698.

*San Francisco Trial, Judgement Verdict of guilty.



Digitized by Panjab Digital Library | www.panjabdigilib.org

'ਮੈਵਰਿਕ' ਦੀ ਏਥੇ ਫਿਰ ਤਲਾਸ਼ੀ ਲਈ ਗਈ, ਪਰ ਇਹ ਖਾਲੀ ਸੀ। ਹਰਚਰਨ ਦਾਸ ਅਤੇ ਸ੍ਰੀ ਹਰਨਾਮ ਚੰਦ 'ਮੈਵਰਿਕ' ਨੂੰ ਛੱਡਕੇ ਬੈਂਗਕੋਕ ਚਲੇ ਗਏ, ਜਿਥੇ ਉਨ੍ਹਾਂ ਨੂੰ ਉਤਰਨ ਤੋਂ ਇਕ ਘੰਟਾ ਪਿਛੋਂ ਗ੍ਰਿਫਤਾਰ ਕਰ ਲਿਆ ਗਿਆ। 'ਮੈਵਰਿਕ' ਦੇ ਬਾਕੀ ਦੇ ਜਹਾਜ਼ੀਆਂ ਦਾ ਜਰਮਨ ਕੌਂਸਲ ਹੈਲਫਰਿਚ (Helfferich) ਨੇ ਬਟਾਵੀਆ ਵਿਚ ਰਹਿਣ ਦਾ ਪ੍ਰਬੰਧ ਕਰ ਦਿੱਤਾ, ਅਤੇ ਪਿਛੋਂ ਉਨ੍ਹਾਂ ਨੂੰ, ਸਵਾਏ ਸ੍ਰੀ ਹਰੀ ਸਿੰਘ ਦੇ, ਅਮਰੀਕਾ ਵਾਪਸ ਭੇਜ ਦਿੱਤਾ ਗਿਆ।

ਅਮਰੀਕਾ ਤੋਂ ਆਉਣ ਵਾਲੇ ਹੱਥਿਆਰਾਂ ਨੂੰ ਹਿੰਦ ਵਿਚ ਅਗੋਂ ਲੈਣ ਦਾ ਪ੍ਰਬੰਧ ਬੰਗਾਲੀ ਇਨਕਲਾਬੀਆਂ ਨੇ ਕਰਨਾ ਸੀ। ਕਿਉਂਕਿ ਇਨ੍ਹਾਂ ਹੱਥਿਆਰਾਂ ਵਿਚੋਂ ਸਿਆਮ-ਬਰਮਾ ਦੀ ਸਕੀਮ ਵਾਸਤੇ ਸਿਆਮ ਵੀ ਪੁਚਾਏ ਜਾਣੇ ਸਨ, ਇਸ ਵਾਸਤੇ ਸਿਆਮ ਵਿਚ ਗਦਰੀ ਇਨਕਲਾਬੀਆਂ ਨਾਲ ਤਾਲ ਮੇਲ ਪੈਦਾ ਕਰਨ ਵਾਸਤੇ ਸ੍ਰੀ ਭੋਲਾ ਨਾਥ ਚੈਟਰਜੀ ਨੂੰ ਬੈਂਗਕੋਕ ਭੇਜਿਆ ਗਿਆ। ਸ੍ਰੀ ਜਤਿੰਦਰ ਨਾਥ ਲਹਿਰੀ, ਜੋ ਮਾਰਚ ੧੯੧੫ ਦੇ ਸ਼ੁਰੂ ਵਿਚ ਯੂਰਪ ਤੋਂ ਆਏ, ਬੰਗਾਲ ਦੇ ਇਨਕਲਾਬੀਆਂ ਲਈ ਇਹ ਸੰਦੇਸ਼ ਲਿਆਏ ਕਿ ਜਰਮਨ ਮਦਦ ਕਰਨ ਵਾਸਤੇ ਤਿਆਰ ਹਨ, ਅਤੇ ਉਨ੍ਹਾਂ ਨਾਲ ਤਾਲ ਮੇਲ ਪੈਦਾ ਕਰਨ ਖਾਤਰ ਇਕ ਪ੍ਰਤਿਨਿਧ ਬਟਾਵੀਆ ਭੇਜਿਆ ਜਾਵੇ। ਇਸ ਵਾਸਤੇ ਇਨਕਲਾਬੀਆਂ ਦੀ ਇਕ ਮੀਟਿੰਗ ਕੀਤੀ ਗਈ, ਅਤੇ ਸ੍ਰੀ ਐਮ. ਐਨ. ਰਾਏ (ਜਿਨ੍ਹਾਂ ਦਾ ਦੂਸਰਾ ਨਾਮ ਨਾਰਿਨ ਭਟਾਚਾਰਜੀ ਸੀ ਅਤੇ ਜੋ ਮਾਰਟਿਨ ਦੇ ਬਣਾਵਟੀ ਨਾਮ ਹੇਠਾਂ ਉਸ ਸਮੇਂ ਵਿਚਰਦੇ ਸਨ) ਨੂੰ ਬਟਾਵੀਆ ਦੇ ਜਰਮਨਾਂ ਨਾਲ ਪਲੈਨ ਬਨਾਉਣ ਵਾਸਤੇ ਅਪ੍ਰੈਲ ਦੇ ਮਹੀਨੇ ਬਟਾਵੀਆ ਭੇਜਿਆ ਗਿਆ। ਏਸੇ ਮਹੀਨੇ ਇਕ ਹੋਰ ਬੰਗਾਲੀ ਸ੍ਰੀ ਅਬਾਨੀ ਮੁਕਰਜੀ ਨੂੰ ਜਾਪਾਨ ਭੇਜਿਆ ਗਿਆ। ਇਨ੍ਹਾਂ ਬੰਗਾਲੀ ਇਨਕਲਾਬੀਆਂ ਦੇ ਲੀਡਰ ਸ੍ਰੀ ਜਾਤਿਨ ਮੁਕਰਜੀ ਸਨ, ਅਤੇ ਓਹ ਬਲਾਸੋਰ ਗੁਪਤ ਰਹਿਣ ਲਈ ਚਲੇ ਗਏ, ਕਿਉਂਕਿ ਇਨਕਲਾਬੀਆਂ ਵਲੋਂ ਕਈ ਮਾਰੇ ਡਾਕਿਆਂ ਸੰਬੰਧੀ ਪੁਲਸ ਤਫਤੀਸ਼ ਕਰ ਰਹੀ ਸੀ।

ਬਟਾਵੀਆ ਪੁਜਣ ਉੱਤੇ ਸ੍ਰੀ ਐਮ. ਐਨ. ਰਾਏ ਦੀ ਬਟਾਵੀਆ ਦੇ ਜਰਮਨ ਕੌਂਸਲ ਥੀਓਡੋਰ ਹੈਲਫਰਿਚ (Theodor Helfferich) ਨਾਲ ਮੁਲਾਕਾਤ ਕਰਵਾਈ ਗਈ, ਜਿਸ ਨੇ ਸ੍ਰੀ ਰਾਏ ਨੂੰ ਦੱਸਿਆ ਕਿ ਹਿੰਦੀਆਂ ਨੂੰ ਇਨਕਲਾਬ ਵਿਚ ਮਦਦ ਕਰਨ ਵਾਸਤੇ ਹੱਥਿਆਰ ਕਰਾਚੀ ਨੂੰ ਭੇਜੇ ਜਾ ਰਹੇ ਹਨ। ਸ੍ਰੀ ਐਮ. ਐਨ. ਰਾਏ ਨੇ ਜ਼ੋਰ ਦਿਤਾ ਕਿ ਹਥਿਆਰਾਂ ਦਾ ਜਹਾਜ਼ ਕਰਾਚੀ ਦੀ ਬਜਾਏ ਬੰਗਾਲ ਨੂੰ ਭੇਜਿਆ ਜਾਏ। ਸ਼ੰਘਾਈ ਦੇ ਜਰਮਨ ਕੌਂਸਲ ਨਾਲ ਸਲਾਹ ਕਰਨ ਪਿਛੋਂ ਸ੍ਰੀ ਰਾਏ ਦੀ ਇਹ ਗਲ ਮੰਨ ਲਈ ਗਈ। ਸ੍ਰੀ ਐਮ. ਐਨ. ਰਾਏ ਇਸ ਪਿਛੋਂ 'ਮੈਵਰਿਕ' ਜਹਾਜ਼ ਤੋਂ ਬੰਗਾਲ ਦੇ ਸੁੰਦਰ-ਬਨ ਵਿਚ ਇਕ ਜਗ੍ਹਾ ਰਾਏ ਮੰਗਲ ਉਤੇ ਇਨ੍ਹਾਂ ਹਥਿਆਰਾਂ ਨੂੰ ਲੈਣ ਦਾ ਪ੍ਰਬੰਧ ਕਰਨ ਲਈ ਹਿੰਦ ਪਰਤ ਆਏ। 'ਮੈਵਰਿਕ' ਰਾਹੀਂ ਤੀਹ ਹਜਾਰ ਰਾਈਫਲਾਂ, ਹਰ ਇਕ ਰਾਈਫਲ ਪ੍ਰਤਿ ਪੰਜ ਸੌ ਗੋਲੀਆਂ, ਅਤੇ ਦੋ ਲੱਖ ਰੁਪੱਯਾ ਆਉਣਾ ਸੀ।

ਜੂਨ ਦੇ ਮਹੀਨੇ ਵਿਚ ਕਲਕੱਤੇ ਹੈਰੀ ਐਂਡ ਸਨਜ਼ ਨਾਮੀ ਇਕ ਜਾਹਲੀ ਫਰਮ, ਜਿਸ ਦੇ ਮਾਲਕ ਇਕ ਮਸ਼ਹੂਰ ਇਨਕਲਾਬੀ ਸਨ, ਨੇ ਸ੍ਰੀ ਰਾਏ ਨੂੰ ਰੁਪੱਯਾ ਭੇਜਣ ਲਈ ਤਾਰ ਦਿਤੀ। ਇਸ ਪੁਰ ਹੈਲਫਰਿਚ ਨੇ ਬਟਾਵੀਆ ਤੋਂ ਅੱਡ ਅੱਡ ਸਮਿਆਂ ਉਤੇ ਜੋ ਮਾਇਆ ਭੇਜੀ, ਉਸਦਾ ਜੋੜ ੪੩੦੦੦ ਰੁਪੱਯਾ ਸੀ, ਜਿਸ ਵਿਚੋਂ ਅੰਗਰੇਜ਼ੀ ਕਰਮਚਾਰੀਆਂ ਨੂੰ ਪਤਾ ਲਗਣ ਤੋਂ ਪਹਿਲੋਂ ੩੩੦੦੦ ਰੁਪੱਯਾ ਬੰਗਾਲੀ ਇਨਕਲਾਬੀਆਂ ਨੂੰ ਮਿਲ ਸਕਿਆ।

ਸ੍ਰੀ ਐਮ. ਐਨ. ਰਾਏ ਜੂਨ ਦੇ ਅੱਧ ਵਿਚ ਹਿੰਦ ਆਏ, ਅਤੇ ਸ੍ਰੀ ਜਾਤਿਨ ਮੁਕਰਜੀ, ਸ੍ਰੀ ਜਾਦੂ ਗੋਪਾਲ ਮੁਕਰਜੀ, ਸ੍ਰੀ ਭਟਾਚਾਰਜੀ ਭੋਲਾ ਨਾਲ ਚੈਟਰਜੀ ਅਤੇ ਸ੍ਰੀ ਅਤੁਲ ਘੋਸ਼ ਨਾਲ ਮਿਲਕੇ 'ਮੈਵਰਿਕ' ਦਾ ਸਾਮਾਨ ਲੈਣ ਦਾ ਪ੍ਰਬੰਧ ਕਰਨ ਲਗੇ। ਸ੍ਰੀ ਜਾਦੂ ਗੋਪਾਲ ਮੁਕਰਜੀ ਨੇ ਰਾਏ ਮੰਗਲ ਦੇ ਲਾਗੇ ਦੇ ਇਕ ਵਡੇ ਜ਼ਿਮੀਦਾਰ ਨਾਲ ਪ੍ਰਬੰਧ ਕੀਤਾ ਹੋਇਆ ਸੀ ਕਿ ਓਹ ਜਹਾਜ਼ ਤੋਂ ਹਥਿਆਰ ਲਾਹੁਣ ਲਈ ਆਦਮੀ ਅਤੇ ਸਾਮਾਨ ਦੇਵੇਗਾ। ਜਹਾਜ਼ ਨੇ ਰਾਤ ਨੂੰ ਆਉਣਾ ਸੀ ਅਤੇ ਇਸ ਉਤੇ ਜਗਦੀਆਂ ਲਾਲਟੈਣਾ ਲਟਕੀਆਂ ਹੋਈਆਂ ਸਨ, ਜਿਨ੍ਹਾਂ ਦੀ ਤਰਤੀਬ ਤੋਂ ਇਸ ਨੂੰ ਪਛਾਣਿਆ ਜਾਣਾ ਸੀ। ਕੁਝ ਆਦਮੀ ਸ੍ਰੀ ਅਤੁਲ ਘੋਸ਼ ਦੀਆਂ ਹਦਾਇਤਾਂ ਹੇਠ ਜਹਾਜ਼ ਤੋਂ ਸਾਮਾਨ ਉਤਾਰਨ ਹਿੱਤ ਬੇੜੀ ਵਿਚ ਰਾਏ ਮੰਗਲ ਦੇ ਲਾਗੇ ਗਏ ਵੀ। ਓਹ ਉਥੇ ਦਸ ਦਿਨ ਠਹਿਰੇ, ਪਰ ਨਾ 'ਮੈਵਰਿਕ' ਆਇਆ ਅਤੇ ਨਾ ਬਟਾਵੀਆ ਤੋਂ ਕੋਈ ਖਬਰ ਆਈ।

ਜਦ ਬੰਗਾਲੀ ਇਨਕਲਾਬੀ 'ਮੈਵਰਿਕ' ਦੀ ਉਡੀਕ ਕਰ ਰਹੇ ਸਨ, ਏਸੇ ਦੌਰਾਨ ਵਿਚ ਬੰਗਕੋਕ ਦਾ ਇਕ ਬੰਗਾਲੀ ਵਕੀਲ ਕਮੁਦ ਨਾਥ ਮੁਕਰਜੀ ਬੰਗਕੋਕ ਤੋਂ ੩ ਜੁਲਾਈ ਨੂੰ ਕਲਕੱਤੇ ਆਇਆ। ਇਸ ਨੂੰ ਇਕ ਗਦਰੀ ਇਨਕਲਾਬੀ ਸ੍ਰੀ ਆਤਮਾ ਰਾਮ ਨੇ ਸਿਆਮ ਤੋਂ ਬੰਗਾਲ ਦੇ ਇਨਕਲਾਬੀਆਂ ਨੂੰ ਇਹ ਸੁਨੇਹਾਂ ਦੇਣ ਹਿਤ ਭੇਜਿਆ ਸੀ ਕਿ ਸਿਆਮ ਦਾ ਜਰਮਨ ਕੌਂਸਲ ਇਕ ਜਹਾਜ਼ ਰਾਹੀਂ ਪੰਜ ਹਜ਼ਾਰ ਰਾਈਫਲਾਂ, ਦਾਰੂ ਸਿੱਕਾ ਅਤੇ ਇਕ ਲੱਖ ਰੁਪੱਯਾ ਭੇਜ ਰਿਹਾ ਸੀ। ਇਕ ਝੰਡਾ ਵੀ ਭੇਜਿਆ ਗਿਆ, ਜਿਸ ਦੇ ਨਾਲ ਦਾ ਝੰਡਾ ਇਸ ਜਹਾਜ਼ ਉਤੇ ਦਿਨੇ ਝੁਲਦੇ ਹੋਣਾ ਸੀ ਅਤੇ ਜਿਸ ਨੂੰ ਵੇਖਕੇ ਇਸਦੀ ਪਛਾਣ ਕੀਤੀ ਜਾ ਸਕਦੀ ਸੀ। ਰਾਤ ਨੂੰ ਪਛਾਨਣ ਵਾਸਤੇ ਜਹਾਜ਼ ਤੋਂ ਤਿਨ ਚਿਟੀਆਂ ਰੋਸ਼ਨੀਆਂ ਵਖਾਈਆਂ ਜਾਣੀਆਂ ਸਨ। ਸ੍ਰੀ ਆਤਮਾ ਰਾਮ ਨੇ ਇਹ ਸੁਨੇਹਾ ਵੀ ਭੇਜਿਆ ਕਿ 'ਮੈਵਰਿਕ' ੧੩ ਜੁਲਾਈ ੧੯੧੫ ਨੂੰ ਕਲਕੱਤੇ ਪੁਜੇਗਾ। ਕੁਮੁਦ ਨਾਥ ਮੁਕਰਜੀ ਨੇ ਕਲਕੱਤੇ ਆਕੇ ਇਹ ਸੁਨੇਹੇਂ ਸ੍ਰੀ ਭੋਲਾ ਨਾਥ ਚੈਟਰਜੀ ਨੂੰ ਦਿਤੇ, ਜੋ ਉਸ ਨੂੰ (ਕੁਮੁਦ ਨਾਥ) ਨੂੰ ਸ੍ਰੀ ਐਮ. ਐਨ. ਰਾਏ ਪਾਸ ਲੈ ਗਏ।

ਬੰਗਾਲ ਦੇ ਇਨਕਲਾਬੀਆਂ ਸਮਝਿਆ ਕਿ ਇਹ ਸਾਮਾਨ 'ਮੈਵਰਿਕ' ਵਿਚ ਆਉਣ ਵਾਲੇ ਸਾਮਾਨ ਦੀ ਥਾਂ ਭੇਜਿਆ ਜਾ ਰਿਹਾ ਸੀ। ਇਸ ਵਾਸਤੇ ਉਨ੍ਹਾਂ ਕੁਮੁਦ ਨਾਥ ਮੁਕਰਜੀ ਨੂੰ ਪ੍ਰੇਰ ਲਿਆ ਕਿ ਉਹ ਸਿੱਧਾ ਬੈਂਗਕੋਕ ਜਾਣ ਦੀ ਬਜਾਏ ਬਟਾਵੀਆ ਰਸਤੇ ਹੋਕੇ ਜਾਵੇ। ਕੁਮੁਦ ਨਾਥ ਮੁਕਰਜੀ ਹੱਥ ਬਟਾਵੀਆ ਦੇ ਜਰਮਨ ਕੌਂਸਲ ਹੈਲਫਰਿਚ ਨੂੰ ਇਹ ਸੁਨੇਹਾਂ ਭੇਜਿਆ ਗਿਆ ਕਿ ਹਥਿਆਰ ਪੁਚਾਣ ਦੀ ਪਹਿਲੀ ਪਲੈਨ ('ਮੈਵਰਿਕ ਵਾਲੀ) ਨਾ ਬਦਲੀ ਜਾਏ; ਅਤੇ ਉਸ ਤੋਂ ਇਲਾਵਾ ਜੋ ਹਥਿਆਰ ਭੇਜੇ ਜਾਣੇ ਹਨ, ਉਹ ਬੰਗਾਲ ਦੀ ਖਾੜੀ ਵਿਚ ਹਾਤੀਆ ਤੇ ਬਲਾਸੋਰ, ਜਾਂ ਹਿੰਦ ਦੇ ਪਛੱਮੀ ਕੰਢੇ ਉਤੇ ਕਾਰਵਾਰ ਤੋਂ ਦੱਖਣ ਵਲ ਗੋਕਾਰਨੀ ਨਾਮੀਂ ਜਗ੍ਹਾ, ਭੇਜੇ ਜਾਣ। ਕੁਮਦ ਨਾਥ ਮੁਕਰਜੀ ਹੱਥ ਹੈਲਫਰਿਚ ਨੂੰ ਸ੍ਰੀ ਐਮ. ਐਨ. ਰਾਏ ਨੇ ਇਹ ਸੰਦੇਸ਼ ਵੀ ਭੇਜੇ ਕਿ ਪੰਜਾਹ ਹਜ਼ਾਰ ਰਾਈਫਲਾਂ, ਜੋ ਭੇਜੀਆਂ ਜਾਣੀਆਂ ਸਨ, ਵਿਚੋਂ ਪੰਦਰਾਂ ਹਜ਼ਾਰ ਬੰਗਾਲ ਵਿਚ ਅਤੇ ਬਾਕੀ ਦੀਆਂ ਕਰਾਚੀ ਤੇ ਪਾਂਡੀਚਰੀ ਦੇ ਨੇੜੇ ਭੇਜੀਆਂ ਜਾਣ; ਭੇਜੀਆਂ ਜਾ ਰਹੀਆਂ ਗੋਲੀਆਂ ਕਾਫੀ ਨਹੀਂ; ਹਿੰਦੀ ਸਿਪਾਹੀਆਂ ਨੂੰ ਨਾਲ ਰਲਾਉਣ ਖਾਤਰ ਦੋ ਮਹੀਨੇ ਦੀ ਅਗਾਊਂ ਤਨਖ੍ਹਾਹ ਦੇਣ ਵਾਸਤੇ ਤਿੰਨ ਲੱਖ ਰੁਪੱਯ ਭੇਜੇ ਜਾਣ; ਪੰਜ ਸੌ ਜਰਮਨ, ਜਿਨ੍ਹਾਂ ਫੌਜੀ ਸਿਖਿਆ ਲਈ ਹੋਵੇ, ਹਥਿਆਰ ਲਿਆਉਣ ਵਾਲੇ



Digitized by Panjab Digital Library | www.panjabdigilib.org

ਜਹਾਜ਼ਾਂ ਦੇ ਨਾਲ ਭੇਜੇ ਜਾਣ । ਕੁਮੁਦ ਨਾਥ ਮੁਕਰਜੀ ਨੇ ਬਟਾਵੀਆ ਜਾਂਦੇ ਰਸਤੇ ਵਿਚ ਪੀਨਾਂਗ ਦੇ ਇਕ ਅਖਬਾਰ ਵਿਚ ਇਹ ਖਬਰ ਪੜ੍ਹੀ ਕਿ 'ਮੇਵਰਿਕ' ਜਹਾਜ਼ ਬਟਾਵੀਆ ਵਿਚ ਜੰਗੀ ਜਹਾਜ਼ਾਂ ਦੀ ਨਿਗਰਾਨੀ ਹੇਠ ਡੱਕਿਆ ਹੋਇਆ ਹੈ। ਕੁਮੁਦ ਨਾਥ ਨੇ ਪੀਨਾਂਗ ਦੇ ਅਖਬਾਰ ਦਾ ਇਸ ਖਬਰ ਵਾਲਾ ਹਿੱਸਾ ਕੱਟਕੇ ਡਾਕਟਰ ਮੁਕਰਜੀ ਨੂੰ ਦੇਸ ਭੇਜ ਦਿੱਤਾ, ਤਾਕਿ ਬੰਗਾਲੀ ਇਨਕਲਾਬੀਆਂ ਨੂੰ ਪਤਾ ਲਗ ਜਾਵੇ ਕਿ 'ਮੇਵਰਿਕ' ਜਹਾਜ਼ ਨਹੀਂ ਆ ਰਿਹਾ।

ਜੂਨ ੧੯੧੫ ਵਿਚ ਇਕ ਜਰਮਨ ਅਫਸਰ, ਜੋ ਭੇਸ ਬਦਲ ਕੇ ਆਇਆ ਸੀ, ਸਿੰਘਾਪੁਰ ਫੜਿਆ ਗਿਆ । ਉਸ ਦੇ ਕਾਗਜ਼ਾਂ ਵਿਚ ਬੰਗਾਲ ਦੀ ਖਾੜੀ ਦਾ ਇਕ ਨਕਸ਼ਾ ਸੀ, ਜਿਸ ਉਤੇ ਸਮੁੰਦਰੀ ਕੰਢੇ ਦੀਆਂ ਕਈ ਥਾਵਾਂ ਨੂੰ ਜ਼ਾਹਰ ਕਰਨ ਵਾਲੇ ਨਿਸ਼ਾਨ ਲਗੇ ਹੋਏ ਸਨ। ਤਫਤੀਸ਼ ਦੇ ਦੌਰਾਨ ਵਿਚ ਇਸ ਜਰਮਨ ਨੇ ਸਾਰੀ ਪਲੈਨ ਦਾ ਪੂਰੇ ਵੇਰਵੇ ਸਹਿਤ ਭਾਂਡਾ ਭੰਨ ਦਿੱਤਾ। ਉਸ ਨੇ ਦੱਸ ਦਿੱਤਾ ਕਿ ਬੰਗਾਲ ਅਤੇ ਹੋਰ ਥਾਈਂ ਇਨਕਲਾਬ ਕਰਾਉਣ ਦੀ ਕੀ ਪਲੈਨ ਬਣਾਈ ਗਈ ਸੀ, ਅਤੇ ਹਥਿਆਰ ਕਿਵੇਂ ਜਰਮਨ ਸਰਕਾਰ ਨੇ ਭੇਜਣੇ ਸਨ । ਇਹ ਭੇਦ ਪਾ ਕੇ ਅੰਗਰੇਜ਼ੀ ਸਰਕਾਰ ਨੇ ਇਸ ਪਲੈਨ ਦੀ ਰੋਕ ਥਾਮ ਲਈ ਪ੍ਰਬੰਧ ਕਰ ਲਏ*।

੭ ਅਗੱਸਤ ਨੂੰ ਹੈਰੀ ਐਂਡ ਸਨਜ਼ ਨਾਮੀਂ ਫਰਮ ਦੇ ਦਫਤ੍ਰ ਉੱਤੇ ਛਾਪਾ ਮਾਰਕੇ ਕਈ ਗ੍ਰਿਫਤਾਰੀਆਂ ਕਰ ਲਈਆਂ ਗਈਆਂ। ੧੩ ਅਗੱਸਤ ਨੂੰ ਬੰਗਾਲੀ ਇਨਕਲਾਬੀਆਂ ਨੇ ਬੰਬਈ ਤੋਂ ਹੈਲਫ-ਰਿਚ ਨੂੰ ਜਾਵਾ ਵਿਚ ਖਬਰਦਾਰ ਕਰਨ ਵਾਸਤੇ ਤਾਰ ਦਿਤੀ, ਅਤੇ ੧੫ ਅਗੱਸਤ ਨੂੰ ਸ਼੍ਰੀ ਐਮ. ਐਨ. ਰਾਏ ਅਤੇ ਇਕ ਹੋਰ ਇਨਕਲਾਬੀ ਹੈਲਫਰਿਚ ਨਾਲ ਆਪ ਮਿਲਕੇ ਸਾਰੇ ਮੁਆਮਲੇ ਸੰਬੰਧੀ ਵੀਚਾਰ ਕਰਨ ਵਾਸਤੇ ਬਟਾਵੀਆ ਲਈ ਰਵਾਨਾ ਹੋ ਗਏ। ਜਦ ਹਥਿਆਰ ਪ੍ਰਾਪਤ ਕਰਨ ਦੀ ਕੋਈ ਆਸ ਨਾ ਰਹੀਂ, ਤਾਂ ਐਮ. ਐਨ. ਰਾਏ 'ਮੇਵਰਿਕ' ਦੇ ਬਟਾਵੀਆ ਵਿਚ ਰਹਿ ਗਏ ਜਹਾਜ਼ੀਆਂ ਨਾਲ ਅਮਰੀਕਾ ਭੇਜ ਦਿਤੇ ਗਏ ।

੪ ਸਤੰਬਰ ੧੯੧੫ ਨੂੰ ਬਲਾਸੋਰ ਵਿਚ 'ਹੈਰੀ ਐਂਡ ਸਨਜ਼' ਦੀ 'ਯੂਨੀਵਰਸਲ ਐਮਪੋਰੀਅਮ' ਨਾਮੀ' ਬਰਾਂਚ ਦੀ ਤਲਾਸ਼ੀ ਲਈ ਗਈ। ਵੀਹ ਮੀਲ ਦੂਰ ਇਨਕਲਾਬੀਆਂ ਦੇ ਇਕ ਹੋਰ ਅੱਡੇ ਦੀ ਤਲਾਸ਼ੀ ਲਈ ਗਈ, ਅਤੇ ਓਥੋਂ ਸੁੰਦਰ-ਬਨ ਦਾ ਨਕਸ਼ਾ ਅਤੇ ਪੀਨਾਂਗ ਦੇ ਅਖਬਾਰ ਦੀ ਉਹ ਕੁਤਰ ਲੱਭੀ ਜਿਸ ਉਤੇ 'ਮੇਵਰਿਕ' ਬਾਰੇ ਖਬਰ ਛਪੀ ਸੀ ਅਤੇ ਜੋ ਕੁਮੁਦ ਨਾਥ ਮੁਕਰਜੀ ਨੇ ਭੇਜੀ ਸੀ। ਇਸ ਸਕੀਮ ਨਾਲ ਸੰਬੰਧਤ ਬੰਗਾਲੀ ਦੱਲ ਦੇ ਮੁਖੀ ਸ਼੍ਰੀ ਜਾਤਿਨ ਮੁਕਰਜੀ ਪਿਛੋਂ ਦਸੰਬਰ ਵਿਚ ਪੁਲਸ ਨਾਲ ਖੁਲਾ ਮੁਕਾਬਲਾ ਕਰਦੇ ਹੋਏ ਸ਼ਹੀਦ ਹੋ ਗਏ*; ਅਤੇ ਸ਼੍ਰੀ ਭੋਲਾ ਨਾਥ ਚੈਟਰਜੀ ਦੇ ਫੜੇ ਜਾਣ ਦਾ ਕਾਰਨ ਇਕ ਓਹ ਤਾਰ ਬਣੀ, ਜੋ ਉਨ੍ਹਾਂ ਅਤੇ ਉਨ੍ਹਾਂ ਦੇ ਇਕ ਸਾਥੀ ਨੇ ਗੋਆ (Goa) ਤੋਂ ਸ਼੍ਰੀ ਐਮ. ਐਨ. ਰਾਏ ਨੂੰ ਬਟਾਵੀਆ ਤੋਂ ਖਬਰ ਸੁਰਤ ਲੈਣ ਲਈ ਭੇਜੀ ਸੀ, ਕਿਉਂਕਿ ਸ਼੍ਰੀ ਐਮ. ਐਨ. ਰਾਏ ਨੇ ਦੇਰ ਹੋਈ ਕੋਈ ਇਤਲਾਹ ਨਹੀਂ ਸੀ ਭੇਜੀ। ਹਥਿਆਰ ਲਿਆਉਣ ਵਾਲੇ ਜਹਾਜ਼ਾਂ ਦੀ ਪੇਸ਼ਬੰਦੀ ਕਰਨ ਵਾਸਤੇ ਅੰਗਰੇਜ਼ੀ ਸਰਕਾਰ ਨੇ ਜੰਗੀ ਜਹਾਜ਼ਾਂ ਦੁਆਰਾ ਬੰਗਾਲ ਖਾੜੀ ਦੀ ਨਾਕੇਬੰਦੀ ਕਰ ਦਿਤੀ† ।

ਇਕ ਹੋਰ ਛੋਟਾ ਜਹਾਜ਼ 'ਹੇਨਰੀ ਐਸ.' (Henry S. ਨਾਮੀਂ ਹਥਿਆਰ ਅਤੇ ਗੋਲੀ ਗੱਠਾ ਲੈਕੇ ਮਨੀਲਾ ਤੋਂ ਸ਼ੰਘਾਈ ਗਿਆ। ਸ਼ੰਘਾਈ ਕਸਟਮ ਮਹਿਕਮੇਂ ਦੇ ਅਫਸਰਾਂ ਨੂੰ ਇਸ ਦਾ ਪਤਾ ਲਗ ਗਿਆ, ਅਤੇ ਉਨ੍ਹਾਂ ਹਥਿਆਰ ਅਤੇ ਗੋਲੀ ਗੱਠਾ ਜਹਾਜ਼ ਚਲਣ ਤੋਂ ਪਹਿਲੋਂ ਉਤਰਵਾ ਦਿਤਾ। ਇਸ ਜਹਾਜ਼ ਦਾ ਅਸਲੀ ਮਕਸਦ ਸਿਆਮ ਦੇ ਜਾਣ ਦਾ ਸੀ, ਪਰ ਸ਼ੰਘਾਈ ਪਤਾ ਲਗ ਜਾਣ ਕਰਕੇ ਇਹ ਹੋਰ ਬੰਨੇ ਰਵਾਨਾ ਹੋ ਗਿਆ। ਰਸਤੇ ਵਿਚ ਇਸ ਦਾ ਇੰਜਨ ਖਰਾਬ ਹੋ ਗਿਆ ਅਤੇ ਇਹ ਸਿਲੇਬੀਸ (Celebes) ਦੀ ਇਕ ਬੰਦਰਗਾਹ ਵਿਚ ਆ ਗਿਆ। ਇਸ ਜਹਾਜ਼ ਵਿਚ ਦੋ ਜਰਮਨ-ਅਮਰੀਕਨ ਵੇਹਡੇ (Wehde) ਅਤੇ ਬੋਹਿਮ (Boehm) ਸਵਾਰ ਸਨ, ਜੋ ਅਮਰੀਕਾ ਤੋਂ ਭੇਜੇ ਗਏ ਸਨ। ਸਕੀਮ ਇਹ ਜਾਪਦੀ ਸੀ ਕਿ ਇਹ ਜਹਾਜ਼ ਬੰਕੋਕ ਜਾਵੇ ਅਤੇ ਆਪਣੇ ਕੁਝ ਹਥਿਆਰ ਓਥੇ ਉਤਾਰੇ, ਜਿਹੜੇ ਉਸ ਕੁੰਦਰਾ ਵਿਚ ਲੁਕਾਏ ਜਾਣੇ ਸਨ ਜੋ 'ਭਾਈ' ਸੰਤੋਖ ਸਿੰਘ ਨੇ ਸਿਆਮ ਬਰਮਾ ਦੀ ਹੱਦ ਉਤੇ ਪਾਖੋ ਦੇ ਲਾਗੇ ਖੁਦਵਾਈ ਹੋਈ ਸੀ*। ਇਹ ਹਥਿਆਰ ਬਰਮਾ ਉਤੇ ਹਮਲਾ ਕਰਨ ਵਾਸਤੇ ਵਰਤੇ ਜਾਣੇ ਸਨ ਅਤੇ ਬੋਹਿਮ ਨੇ ਹਿੰਦੀਆਂ ਨੂੰ ਫੌਜੀ ਸਿਖਿਆ ਦੇਣੀ ਸੀ। ਬੋਹਿਮ ਦੇ ਨਾਲ ਸਟੱਰਨੈਕ (Sterneck) ਅਤੇ ਸਿੰਘਾ-ਪੁਰ ਗਦਰ ਵੇਲੇ ਸਿੰਘਾਪੁਰ ਤੋਂ ਬਟਾਵੀਆ 'ਐਮਡਨ' ਦੇ ਦੋ ਭੱਜ ਆਏ ਅਫਸਰਾਂ ਵੀ ਸਿਆਮ ਜਾਣਾ ਸੀ। ਬੋਹਿਮ ਸ਼੍ਰੀ ਹਰੰਭਾ ਲਾਲ ਗੁਪਤਾ ਦੀਆਂ ਸ਼ਿਕਾਗੋ ਤੋਂ ਭੇਜੀਆ ਹਦਾਇਤਾਂ ਅਨੁਸਾਰ 'ਹੇਨਰੀ ਐਸ' ਜਹਾਜ਼ ਵਿਚ ਮਨੀਲਾ ਤੋਂ ਸਵਾਰ ਹੋਇਆ ਸੀ। ਮਨੀਲਾ ਦੇ ਜਰਮਨ ਕੌਂਸਲ ਨੇ ਬੋਹਿਮ ਨੂੰ ਹਦਾਇਤ ਦਿਤੀ ਸੀ ਕਿ ਪੰਜ ਸੌ ਪਸਤੌਲ ਬੰਗਕੋਕ ਦਿਤਾ ਜਾਏ ਅਤੇ ਸਾਢੇ ਚਾਰ ਹਜ਼ਾਰ ਚਿਟਾ ਗਾਂਗ ਪੁਚਾਇਆ ਜਾਏ। 'ਹੇਨਰੀ ਐਸ' ਦੇ ਸੈਲੀਬੀਸ ਆ ਜਾਣ ਪਿਛੋਂ ਬੋਹਿਮ ਓਥੋਂ ਬਟਾਵੀਆ ਆ ਗਿਆ, ਅਤੇ ਬਟਾਵੀਆ ਤੋਂ ਭੇਸ ਬਦਲਕੇ ਸਿੰਘਾਪੁਰ ਗਿਆ। ਸਿੰਘਾਪੁਰ ਪੁਜਣ ਉਤੇ ਬੋਹਿਮ ਫੜਿਆ ਗਿਆ, ਅਤੇ ਇਸ ਨੇ ਜਰਮਨਾਂ ਦੀ ਹਿੰਦ ਬਾਰੇ ਪਲੈਨਾਂ ਦੇ ਸਾਰੇ ਭੇਦ ਦੱਸ ਦਿਤੇ, ਜਿਸ ਕਰਕੇ ਹਿੰਦ ਦੇ ਇਨਕਲਾਬੀਆਂ ਨੂੰ ਹਥਿਆਰ ਪੁਚਾਣ ਦੀਆਂ ਪਿਛੇ ਦਸੀਆਂ ਕੋਸ਼ਸ਼ਾਂ ਫੇਲ ਹੋ ਗਈਆਂ।

ਇਹ ਵੀ ਖਿਆਲ ਕੀਤਾ ਜਾਂਦਾ ਹੈ ਕਿ 'ਮੇਵਰਿਕ' ਜਹਾਜ਼ ਨਾਲ ਸੰਬੰਧਤ ਸਕੀਮ ਫੇਲ ਹੋਣ ਪਿਛੋਂ, ਸ਼ੰਘਾਈ ਦੇ ਜਰਮਨ ਕੌਂਸਲ ਨੇ ਹਥਿਆਰਾਂ ਦੇ ਦੋ ਹੋਰ ਜਹਾਜ਼ ਬੰਗਾਲ ਦੀ ਖਾੜੀ ਵਿਚ ਭੇਜਣ ਦਾ ਪ੍ਰਬੰਧ ਕੀਤਾ, ਇਕ ਰਾਏ ਮੰਗਲ ਅਤੇ ਦੂਸਰਾ ਬਲਾਸੋਰ ਜਾਣ ਵਾਸਤੇ। ਪਹਿਲੇ ਨੇ ਵੀਹ ਹਜ਼ਾਰ ਰਾਈਫਲਾਂ, ਅੱਸੀ ਲੱਖ ਗੋਲੀਆਂ, ਦੋ ਹਜ਼ਾਰ ਪਸਤੌਲ, ਹੈਂਡ ਗ੍ਰੇਨੇਡ ਤੇ ਦੋ ਲੱਖ ਰੁਪੱਯ ਲਿਆਉਣੇ ਸਨ; ਅਤੇ ਦੂਸਰੇ ਨੇ ਦੱਸ ਹਜ਼ਾਰ ਰਾਈਫਲਾਂ, ਦੱਸ ਲੱਖ ਗੋਲੀਆਂ, ਅਤੇ ਗ੍ਰੇਨੇਡ ਆਦਿ ਲਿਆਉਣੇ ਸਨ । ਸ਼੍ਰੀ ਐਮ. ਐਨ. ਰਾਏ ਨੇ ਬਟਾਵੀਆ ਦੇ ਜਰਮਨ ਕੌਂਸਲ ਨੂੰ ਸਲਾਹ ਦਿੱਤੀ ਕਿ ਰਾਏ ਮੰਗਲ ਸੁਰਖੱਯਤ ਜਗ੍ਹਾ ਨਹੀਂ ਰਹੀ, ਅਤੇ ਸਲਾਹ ਦਿੱਤੀ ਕਿ ਇਹ ਹਥਿਆਰ ਹਾਤੀਆ ਭੇਜੇ ਜਾਣ, ਹੈਲਫਰਿਚ ਨਾਲ ਸਲਾਹ ਮਸ਼ਵਰੇ ਪਿਛੋਂ ਇਹ ਪਲੈਨ ਬਣਾਈ ਗਈ ਕਿ ਹਾਤੀਆ ਜਾਣ ਵਾਲਾ ਜਹਾਜ਼ ਦਸੰਬਰ ੧੯੧੫ ਦੇ ਅਖੀਰ ਵਿਚ ਸਿੱਧਾ ਸ਼ੰਘਾਈ ਤੋਂ ਆਵੇ। ਬਲਾਸੋਰ ਨੂੰ ਜਾਣ ਵਾਲਾ ਜਹਾਜ਼ ਡੱਚਾਂ ਦੀ ਇਕ ਬੰਦਰਗਾਹ ਵਿਚ ਸੀ ਅਤੇ ਇਸ ਨੇ ਹਥਿਆਰ ਆਦਿ ਸਾਮਾਨ ਸਮੁੰਦਰ ਵਿਚ ਜਾਕੇ ਲੈਣਾ ਸੀ। ਇਕ ਤੀਸਰੇ ਜਰਮਨ ਜਹਾਜ਼ ਨੇ ਵੀ ਸਮੁੰਦਰ ਵਿਚ ਜਾਕੇ ਹਥਿਆਰ ਆਦਿ ਸਾਮਾਨ ਲੈ ਕੇ ਅੰਡੇਮਾਨ ਦੀ ਬੰਦਰਗਾਹ ਪੋਰਟ ਬਲੇਅਰ ਉਤੇ ਅਚਾਨਕ

*Hardinge, p. 127.

* ਤਫਸੀਲ ਲਈ ਵੇਖੋ ਬੰਦੀ ਜੀਵਨ, ਭਾਗ ਦੂਜਾ, ਪੰਨੇ ੧੩੮-੧੪੬.

†Hardinge, p. 127.

*San Francisco Trial, Testimony of Shiv Dyal Kapur.

ਧਾਵਾ ਕਰਨਾ ਸੀ; ਅਤੇ ਓਥੋਂ ਇਨਕਲਾਬੀਆਂ, ਹੋਰ ਕੈਦੀਆਂ, ਅਤੇ ਸਿੰਘਾਪੁਰ ਦੇ ਗਦਰ ਦੇ ਸਿਪਾਹੀਆਂ (ਜਿਨ੍ਹਾਂ ਬਾਰੇ ਖਿਆਲ ਸੀ ਕਿ ਓਥੇ ਡੱਕੇ ਹੋਏ ਸਨ) ਨੂੰ ਨਾਲ ਲੈ ਕੇ ਰੰਗੂਨ ਉੱਤੇ ਹੱਲਾ ਬੋਲਣਾ ਸੀ। ਜਾਪਦਾ ਹੈ ਕਿ ਇਹ ਜਹਾਜ਼, ਜਾਂ ਇਨ੍ਹਾਂ ਵਿਚੋਂ ਕੁੱਝ, ਹਿੰਦ ਨੂੰ ਆਏ ਵੀ; ਕਿਉਂਕਿ ਲਾਰਡ ਹਾਰਡਿੰਗ ਲਿਖਦੇ ਹਨ ਕਿ ਸਮੁੰਦਰੀ ਜੰਗੀ ਜਹਾਜ਼ਾਂ ਦੀ ਮਦਦ ਨਾਲ ਜੋ ਸਮੁੰਦਰ ਦੀ ਗਸ਼ਤ ਕੀਤੀ ਗਈ ਸੀ, ਉਸ ਵਿਚੋਂ ਇਕ ਜਹਾਜ਼, ਜਿਸ ਵਿਚ ਜਰਮਨ ਅਤੇ ਰਾਈਫਲਾਂ ਸਨ, ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਿਆ। ਪਰ ਇਸ ਜਹਾਜ਼ ਅਤੇ ਰਾਈਫਲਾਂ ਦਾ ਪਿਛੋਂ ਪਤਾ ਨਹੀਂ ਲੱਗ ਸਕਿਆ ਕਿ ਕਿਥੇ ਗਈਆਂ ਜਾਂ ਕੀ ਬਣਿਆ, ਅਤੇ ਇਹ ਖਿਆਲ ਕੀਤਾ ਜਾਂਦਾ ਹੈ ਕਿ ਜਹਾਜ਼ ਡੁਬ ਗਿਆ ਸੀ*।

ਸ਼੍ਰੀ ਸਾਨਿਯਾਲ ਨੇ ਪਿਛਲੇ ਪੈਰੇ ਵਿਚ ਦੱਸੀ ਗਈ ਤਿੰਨ ਜਹਾਜ਼ ਭੇਜਣ ਵਾਲੀ ਸਕੀਮ ਨੂੰ ਸ਼੍ਰੀ ਰਾਸ ਬਿਹਾਰੀ ਬੋਸ ਦੇ ਨਾਮ ਨਾਲ ਸੰਬੰਧਤ ਕੀਤਾ ਹੈ ਕਿ ਉਨ੍ਹਾਂ ਨੇ ਇਹ ਉੱਦਮ ਕੀਤਾ। ਇਹ ਵੀ ਲਿਖਿਆ ਹੈ ਕਿ ਇਸ ਉੱਦਮ ਅਨੁਸਾਰ ਦਸੰਬਰ ੧੯੧੫ ਵਿਚ ਗਦਰ ਸ਼ੁਰੂ ਹੋਣਾ ਨਿਸਚੇ ਕੀਤਾ ਗਿਆ ਸੀ†। ਇਹ ਠੀਕ ਹੈ ਕਿ ਸ਼੍ਰੀ ਰਾਸ ਬਿਹਾਰੀ ਬੋਸ ਹਿੰਦ ਤੋਂ ਚਲੇ ਜਾਣ ਪਿਛੋਂ ਕੁਝ ਚਿਰ ਸ਼ੰਘਾਈ ਵਿਚ ਨੀਅਲਸਨ (Nielson) ਦੇ ਘਰ ਜਾ ਟਿਕੇ, ਜਿਸ ਦਾ ਸ਼ੰਘਾਈ ਦੇ ਜਰਮਨ ਕੌਂਸਲ ਅਤੇ ਉਸ ਵਲੋਂ ਕੀਤੀਆਂ ਹਿੰਦ ਸੰਬੰਧੀ ਕਾਰਰਵਾਈਆਂ ਨਾਲ ਗੂੜ੍ਹਾ ਸੰਬੰਧ ਸੀ। ਰੌਲਟ ਰੀਪੋਰਟ ਵਿਚ ਵੀ ਇਹ ਮੰਨਿਆ ਗਿਆ ਹੈ ਕਿ ਸ਼੍ਰੀ ਰਾਸ ਬਿਹਾਰੀ ਬੋਸ ਦੀ ਸਲਾਹ ਨਾਲ ਹਿੰਦ ਨੂੰ ਹੱਥਿਆਰ ਭੇਜਣ ਦੀ ਕੋਈ ਨਾ ਕੋਈ ਸਕੀਮ ਬਣਾਈ ਗਈ। ਪਰ ਕਿਸੇ ਪੱਕੀ ਗਵਾਹੀ ਬਗੈਰ ਇਹ ਕਹਿਣਾ ਮੁਸ਼ਕਲ ਹੈ ਕਿ ਪਿਛਲੇ ਪੈਰੇ ਵਿਚ ਦੱਸੀ ਗਈ ਤਿੰਨ ਜਹਾਜ਼ਾਂ ਵਾਲੀ ਸਕੀਮ ਨਾਲ ਸ਼੍ਰੀ ਬੋਸ ਦਾ ਸੰਬੰਧ ਸੀ ਜਾਂ ਨਹੀਂ, ਅਤੇ ਇਸ ਸਕੀਮ ਦਾ ਦਸੰਬਰ ੧੯੧੫ ਵਿਚ ਗਦਰ ਕਰਾਉਣ ਵਾਲੀ ਪਲੈਨ ਨਾਲ ਕਿਸ ਹੱਦ ਤਕ ਸੰਬੰਧ ਸੀ।

ਇਸੇ ਤਰ੍ਹਾਂ ਜਰਮਨਾਂ ਦੇ ਗਦਰ ਪਾਰਟੀ ਨਾਲ ਸੰਬੰਧਾਂ ਦੇ ਗੁਪਤ ਪਹਿਲੂਆਂ ਬਾਰੇ ਮਿਲੀ ਵਾਕਫੀਅਤ ਮੁਕੰਮਲ ਨਹੀਂ ਸਮਝੀ ਜਾ ਸਕਦੀ, ਅਤੇ ਸ਼ਾਇਦ ਇਹ ਵਾਕਫੀਅਤ ਕਦੇ ਵੀ ਸੰਪੂਰਨ ਨਾ ਹੋ ਸਕੇ। ਪਰੰਤੂ ਸੈਨਫ੍ਰਾਂਸਿਸਕੋ ਮੁਕੱਦਮੇਂ ਵਿਚ ਹੋਈਆਂ ਗਵਾਹੀਆਂ ਤੋਂ, ਅਮਰੀਕਾ ਵਿਚ ਗਦਰ ਪਾਰਟੀ ਅਤੇ ਹੋਰ ਹਿੰਦੀ ਇਨਕਲਾਬੀਆਂ ਨਾਲ ਸੰਬੰਧਤ ਜਰਮਨ ਜੁੱਟ ਦੀਆਂ ਕਾਰਰਵਾਈਆਂ ਦੇ ਕਈ ਮੋਟੇ ਮੋਟੇ ਅੰਗ ਜ਼ਰੂਰ ਕੁਝ ਹੱਦ ਤਕ ਸਪੱਸ਼ਟ ਹੁੰਦੇ ਹਨ। ਪਰ ਬੰਗਾਲ ਦੀ ਸਕੀਮ, ਸਿਆਮ-ਬਰਮਾ ਦੀ ਸਕੀਮ ਅਤੇ ਹੱਥਿਆਰ ਪੁਚਾਣ ਦੀ ਸਕੀਮ ਦੇ ਉਨ੍ਹਾਂ ਪਹਿਲੂਆਂ, ਜਿਨ੍ਹਾਂ ਦੇ ਸੈਂਟਰ ਸ਼ੰਘਾਈ, ਮਨੀਲਾ ਅਤੇ ਬੰਗਕੋਕ ਦੇ ਜਰਮਨ ਕੌਂਸਲ-ਖਾਨੇ ਸਨ, ਬਾਰੇ ਇਤਨਾ ਚਾਨਣਾ ਵੀ ਨਹੀਂ ਪੈਂਦਾ; ਕਿਉਂਕਿ ਇਹ ਪਹਿਲੂ ਸਪੱਸ਼ਟ ਕਰਨੇ ਕਿਸੇ ਚਲੇ ਮੁਕੱਦਮੇਂ ਦਾ ਕੇਂਦ੍ਰੀ ਨਿਸ਼ਾਨਾ ਨਹੀਂ ਬਣੇ। ਇਸ ਬਾਰੇ ਜੋ ਵਾਕਫੀਅਤ ਹੈ ਤਾਂ ਉਹ ਸੰਬੰਧਤ ਸਰਕਾਰਾਂ ਦੇ ਗੁਪਤ ਰੀਕਾਰਡਾਂ, ਜਾਂ ਉਨ੍ਹਾਂ ਦੇ ਸੀ. ਆਈ. ਡੀ. ਦੇ ਮਹਿਕਮਿਆਂ ਦੀਆਂ ਫਾਈਲਾਂ ਵਿਚ ਹੋਵੇਗੀ। ਇਸ ਵਾਸਤੇ ਕੁਝ ਐਸੀਆਂ ਕਾਰਰਵਾਈਆਂ, ਜਿਨ੍ਹਾਂ ਦਾ ਬੰਗਾਲ, ਸਿਆਮ-ਬਰਮਾ ਅਤੇ ਹੱਥਿਆਰ ਪੁਚਾਣ ਦੀਆਂ ਸਕੀਮਾਂ ਨਾਲ ਨਿਰਸੰਦੇਹ ਕੁਝ ਨਾ ਕੁਝ ਸੰਬੰਧ ਸੀ, ਦਾ ਅਜੋੜ ਹਾਲਤ ਵਿਚ ਹੇਠਾਂ ਕੇਵਲ ਮੁਖਤਸਰ ਜ਼ਿਕਰ ਕਰ ਦਿੱਤਾ ਜਾਂਦਾ ਹੈ; ਕਿਉਂਕਿ ਅਧੂਰੀ ਵਾਕਫੀਅਤ ਦੇ ਆਧਾਰ ਉੱਤੇ ਇਨ੍ਹਾਂ ਨੂੰ ਕਿਸੇ ਲੜੀ ਵਿਚ ਪ੍ਰੋਣ, ਜਾਂ ਇਨ੍ਹਾਂ ਦਾ ਖਿੱਚ ਖਿਚਾ ਕੇ ਕਿਸੇ ਪਲੈਨ ਜਾਂ ਸਕੀਮ ਨਾਲ ਜੋੜ ਜੋੜਨ ਦਾ ਯਤਨ ਕਰਨਾ ਯੋਗ ਨਹੀਂ ਹੋਵੇਗਾ।

ਮਾਂਡਲੇ ਕੇਸ ਵਿਚ ਹੁਸੈਨੂੰ ਖਾਨ ਨੇ ਦੱਸਿਆ ਕਿ ਸ਼੍ਰੀ ਫਜ਼ਲ ਦੀਨ ਨੂੰ ਸ਼ੰਘਾਈ ਦੀ ਗਦਰ ਪਾਰਟੀ ਨੇ ਸਿਆਮ ਭੇਜਿਆ। ਸਿਆਮ ਤੋਂ ਉਨ੍ਹਾਂ ਕਲਕੱਤੇ ਜਾਣਾ ਸੀ ਅਤੇ ਇਕ ਬੰਗਾਲੀ ਬਾਬੂ ਅਤੇ ਇਕ ਚੀਨੇ ਨਾਲ ਮਿਲ ਕੇ ਉਸ ਜਗ੍ਹਾ ਦਾ ਪ੍ਰਬੰਧ ਕਰਨਾ ਸੀ ਜਿਥੇ ਉਹ ਹੱਥਿਆਰ, ਜਿਨ੍ਹਾਂ ਦਾ ਸ਼ੰਘਾਈ ਦੇ ਸ਼੍ਰੀ ਨਿਧਾਨ ਸਿੰਘ ਨੇ ਇੰਤਜ਼ਾਮ ਕੀਤਾ ਸੀ, ਲਿਆਂਦੇ ਜਾ ਸੱਕਣ। ਮਾਂਡਲੇ ਕੇਸ ਵਿਚ ਹੀ ਸ਼੍ਰੀ ਚਾਲੀਆ ਰਾਮ ਨੇ ਆਪਣੇ ਇਕਬਾਲ ਵਿਚ ਦੱਸਿਆ ਕਿ ਸ਼੍ਰੀ ਫ਼ਜ਼ਲ ਦੀਨ ਨੇ ਕਲਕੱਤੇ, ਲਾਹੌਰ, ਪਸ਼ਾਵਰ ਅਤੇ ਕਾਬਲ ਇਹ ਪਤਾ ਦੇਣ ਜਾਣਾ ਸੀ ਕਿ ਗਦਰ ਦੀ ਤਾਰੀਖ ੧੫ ਜੂਨ, ੧੯੧੫ ਨੀਯਤ ਕੀਤੀ ਗਈ ਸੀ। ਇਹ ਤਾਰੀਖ ਸ਼ੰਘਾਈ ਦੀ ਗਦਰ ਪਾਰਟੀ ਨੇ ਨੀਯਤ ਕੀਤੀ, ਜਿਸ ਦੇ ਆਗੂ ਸ਼੍ਰੀ ਫਕੀਰ ਹੁਸੈਨ ਸਨ।

'ਭਾਈ' ਭਗਵਾਨ ਸਿੰਘ ਦਾ ਸਿਆਮ-ਬਰਮਾ ਦੀ ਸਕੀਮ ਨੂੰ ਸ਼ਕਲ ਦੇਣ ਵਿਚ ਹੱਥ ਸੀ, ਉਨ੍ਹਾਂ ਇਸ ਵਿਚ ਆਪ ਹਿੱਸਾ ਲਿਆ, ਅਤੇ ਉਹ ਸ਼ੰਘਾਈ ਤੇ ਏਸ਼ੀਆ ਵਿਚ ਇਨਕਲਾਬੀ ਕਾਰਰਵਾਈਆਂ ਦੇ ਹੋਰ ਸੈਂਟਰਾਂ ਦੇ ਜਰਮਨ ਏਜੰਟਾਂ ਨਾਲ ਤਾਲ ਮੇਲ ਰੱਖਦੇ ਸਨ*। ਜੋਧ ਸਿੰਘ ਆਪਣੇ ਨਾਲ ਅਮਰੀਕਾ ਤੋਂ ਭਾਈ ਭਗਵਾਨ ਸਿੰਘ ਦੇ ਨਾਮ 'ਪੰਡਤ' ਰਾਮ ਚੰਦ ਦਾ ਇਕ-ਪਤ੍ਰ ਲਿਆਇਆ, ਜਿਸ ਵਿਚ 'ਭਾਈ' ਭਗਵਾਨ ਸਿੰਘ ਨੂੰ ਸਿਆਮ, ਜਾਵਾ ਅਤੇ ਬਟਾਵੀਆ ਵਿਚ ਪ੍ਰੈਸ ਲਾਉਣ, ਅਤੇ ਸ਼ੰਘਾਈ, ਕੈਨਟਨ ਅਤੇ ਨਾਨਕਿੰਗ ਵਿਚ ਪ੍ਰਚਾਰਕ ਭੇਜਣ ਵਾਸਤੇ ਕਿਹਾ ਗਿਆ ਸੀ*। 'ਭਾਈ' ਭਗਵਾਨ ਸਿੰਘ, ਗਦਰ ਪਾਰਟੀ ਦੇ ਪਹਿਲੇ ਪ੍ਰਧਾਨ ਸ਼੍ਰੀ ਸੋਹਨ ਸਿੰਘ 'ਭਕਨਾ' ਦੇ ਦੇਸ ਨੂੰ ਗਦਰੀ ਮੁਹਿੰਮ ਨਾਲ ਆ ਜਾਣ ਪਿਛੋਂ, ਗਦਰ ਪਾਰਟੀ ਦੇ ਪ੍ਰਧਾਨ ਬਣੇ ਸਨ। ਇਸ ਕਰਕੇ ਉਨ੍ਹਾਂ ਦੀਆਂ ਮਨੀਲਾ, ਚੀਨ ਅਤੇ ਜਾਪਾਨ ਵਿਚ ਸਿਆਮ-ਬਰਮਾ ਸਕੀਮ ਜਾਂ ਹੋਰ ਸੰਬੰਧਤ ਸਕੀਮਾਂ ਬਾਰੇ ਕੀਤੀਆਂ ਕਾਰਰਵਾਈਆਂ ਜ਼ਰੂਰ ਵਜ਼ਨੀ ਹੋਣਗੀਆਂ, ਜਿਨ੍ਹਾਂ ਬਾਬਤ ਮਿਲੀ ਵਾਕਫੀਅਤ ਅਧੂਰੀ ਹੈ।

ਸ਼੍ਰੀ ਤਾਰਕਾ ਨਾਥ ਦਾਸ ਨੇ ਜਰਮਨੀ, ਹਾਲੈਂਡ, ਸਵਿਟਜ਼ਰਲੈਂਡ, ਸਵੀਡਨ, ਰੁਮਾਨੀਆ, ਅਤੇ ਏਸ਼ਿਆ ਮਾਈਨਰ ਦੇ ਮੁਲਕਾਂ ਦਾ ਲੰਮਾ ਚੌੜਾ ਦੌਰਾ ਕੀਤਾ। ਫਿਰ ਜਾਪਾਨ ਇਕ ਮਿਸ਼ਨ ਉਤੇ ਗਏ। ਚੀਨ ਵਿਚ ਉਨ੍ਹਾਂ ਜਰਮਨਾਂ ਨਾਲ ਮਿਲ ਕੇ ਹਿੰਦ ਵਿਚ ਆਦਮੀ ਜਾਂ ਸਾਮਾਨ ਭੇਜਣ ਖਾਤਰ ਨਵੇਂ ਰਾਹ ਲੱਭਣ ਦੀ ਕੋਸ਼ਸ਼ ਕੀਤੀ, ਅਤੇ ਪੈਨ ਏਸ਼ੀਆਟਿਕ ਲੀਗ (Pan Asiatic League) ਬਨਾਉਣ ਦੇ ਖਿਆਲ ਨੂੰ ਸ਼ਕਲ ਦੇਣ ਦੀ ਕੋਸ਼ਸ਼ ਕੀਤੀ†। ਸ਼੍ਰੀ ਤਾਰਕਾ ਨਾਥ ਦਾਸ ਦੇ ਗਦਰ ਪਾਰਟੀ ਨਾਲ ਸੰਬੰਧ ਜ਼ਾਹਰ ਨਹੀਂ ਹੋਏ, ਅਤੇ ਉਨ੍ਹਾਂ ਦਾ ਸੰਬੰਧ ਬਰਲਨ ਵਿਚ ਬਣੀ ਹਿੰਦੀਆਂ ਦੀ ਕਮੇਟੀ ਨਾਲ ਵਧੇਰੇ ਸੀ; ਪਰ ਇਹ ਹੋ ਸਕਦਾ ਹੈ ਕਿ ਵਧੇਰੇ ਵਾਕਫੀਅਤ ਮਿਲਣ ਉਤੇ ਉਨ੍ਹਾਂ ਦੀਆਂ ਚੀਨ ਅਤੇ ਜਾਪਾਨ ਵਿਚ ਕੀਤੀਆਂ ਸਰਗਰਮੀਆਂ ਦਾ ਸਿਆਮ-ਬਰਮਾ ਆਦਿ ਸਕੀਮਾਂ ਨਾਲ ਕੋਈ ਜੋੜ ਜੁੜ ਸਕੇ।

---

*Hardinge, p. 127

†ਬੰਦੀ ਜੀਵਨ, ਭਾਗ ਦੂਜਾ, ਪੰਨਾ ੧੧੧.

*San Francisco Trial, Charge to the Jury by the Judge, p. 702.

*Third Case, Evidence of Jodh Singh.

†San Francisco Trial, Charge to the Jury by the Judge, p. 703.



Digitized by Panjab Digital Library | www.panjabdigilib.org

'ਭਾਈ' ਸੰਤੋਖ ਸਿੰਘ ਸਿਆਮ ਤੋਂ ਇਲਾਵਾ ਮਲਾਯਾ ਅਤੇ ਸਿੰਘਾਪੁਰ ਗਦਰ ਦੇ ਕਾਰਜ ਲਈ ਸੁਸਾਇਟੀਆਂ ਬਨਾਉਣ ਆਏ ਸਨ, ਅਤੇ ਸੰਨ ੧੯੧੪ ਦੇ ਪਿਛਲੇ ਪੱਖ ਵਿਚ ਸ਼ੰਘਾਈ ਸਨ* । ਸ਼ਿਵ ਦਿਆਲ ਕਪੂਰ (ਜੋ ਗਦਰ ਪਾਰਟੀ ਵਲੋਂ ਅਮਰੀਕਾ ਵਿਚੋਂ ਸਿਆਮ ਵਿਚ ਭੇਜਿਆ ਗਿਆ ਸੀ, ਪਰ ਜੋ ਪਿਛੋਂ ਵਾਅਦਾ ਮੁਆਫ ਗਵਾਹ ਬਣ ਗਿਆ) ਦੇ ਬਿਆਨ ਮੁਤਾਬਤ ਦਸੰਬਰ ੧੯੧੪ ਵਿਚ ਸ਼ੰਘਾਈ ਇਕ ਮੀਟਿੰਗ ਹੋਈ ਜਿਸ ਵਿਚ ਵੇਗਲ (Wagel) ਮੁਲਰ (Mueller), ਪੰਜ ਜਾਂ ਛੇ ਚੀਨੇ ਅਤੇ 'ਭਾਈ' ਸੰਤੋਖ ਸਿੰਘ ਸ਼ਾਮਲ ਹੋਏ† । ਅਰਥਾਤ, ਸਿਆਮ-ਬਰਮਾ ਦੀ ਸਕੀਮ ਵਿਚ ਹਿੱਸਾ ਲੈਣ ਤੋਂ ਇਲਾਵਾ, 'ਭਾਈ' ਸੰਤੋਖ ਸਿੰਘ ਦੀਆਂ ਧੁਰ ਪੂਰਬ ਦੇ ਹੋਰ ਦੇਸਾਂ ਵਿਚ ਵੀ ਸਰਗਰਮੀਆਂ ਸਨ, ਜੋ ਜ਼ਰੂਰ ਅਹਿਮ ਹੋਣਗੀਆਂ; ਕਿਉਂਕਿ ਉਨ੍ਹਾਂ ਦੀ ਸ਼ਖਸੀਅਤ ਐਸੀ ਕਿਸਮ ਦੀ ਸੀ ਅਤੇ ਉਹ ਪਾਰਟੀ ਦੇ ਜਨਰਲ ਸਕੱਤ੍ਰ ਸਨ ।

ਜੈਨਰਲ ਵ੍ਹਾਂਗ (Whang) ਪਾਸੋਂ ਇਹ ਪਤਾ ਲੈਣ ਦੀ ਵੀਚਾਰ ਕੀਤੀ ਗਈ ਕਿ ਕੀ ਉਹ ਦੱਸ ਲੱਖ ਰਾਈਫਲਾਂ, ਜੋ ਉਨ੍ਹਾਂ ਪਾਸ ਦੱਖਣੀ ਚੀਨ ਵਿਚ ਸਨ, ਵੇਚਣ ਨੂੰ ਤਿਆਰ ਸਨ‡ ? ਇਹ ਹੱਥਿਆਰ ਹਿੰਦ ਦੇ ਇਨਕਲਾਬੀਆਂ ਵਾਸਤੇ ਪ੍ਰਾਪਤ ਕੀਤੇ ਜਾਣ ਦੀ ਮਨਸ਼ਾ ਸੀ । ਜੈਨਰਲ ਵ੍ਹਾਂਗ ਡਾਕਟਰ ਸਨ ਯੈਟ ਸੇਨ ਦੇ ਮਾਤੈਹਤ ਚੀਨ ਦੇ ਲੜਾਈ ਦੇ ਵਜ਼ੀਰ (Minister of War) ਸਨ ।

ਡਾਕਟਰ ਚਕਰਵਰਤੀ ਨੇ ਚੀਨ ਵਿਚ ਇਕ ਚਿਨ ਨਾਮੀ ਸੱਜਣ ਨੂੰ ਇਹ ਪਤਾ ਲਾਉਣ ਭੇਜਿਆ ਕਿ ਕੀ ਚੀਨ ਤੋਂ ਹਿੰਦ ਨੂੰ ਹੱਥਿਆਰ ਭੇਜੇ ਜਾ ਸਕਦੇ ਹਨ* ?

ਸ਼੍ਰੀ ਮੰਗੂ ਰਾਮ ਨੂੰ ਗਦਰ ਪਾਰਟੀ ਵਲੋਂ ਤਿਬਤ ਭੇਜਿਆ ਗਿਆ, ਜਿਥੋਂ ਉਨ੍ਹਾਂ ਇਕ ਦੁਕਾਨ ਖੋਲਣ ਦੇ ਬਹਾਨੇ ਹੱਥਿਆਰ ਅਕੱਠੇ ਕਰਕੇ ਪੰਜਾਬ ਭੇਜਣੇ ਸਨ । ਪਰ ਚੀਨ ਦੇ ਕੌਂਸਲ ਨੂੰ ਜਦ ਤਿੱਬਤ ਵਿਚ ਮਦਦ ਕਰਨ ਲਈ ਕਿਹਾ ਗਿਆ ਤਾਂ ਉਸ ਨੇ ਇਨਕਾਰ ਕਰ ਦਿੱਤਾ† ।

ਸ਼੍ਰੀ ਐਮ. ਐਨ. ਰਾਏ ਕਈ ਮਹੀਨੇ ਦੱਖਣੀ ਚੀਨ ਵਿਚ ਰਹੇ । ਉਨ੍ਹਾਂ ਚੰਗ ਪੋ, ਜੋ ਦੱਖਣੀ ਚੀਨ ਦੀ ਸਰਕਾਰ ਨਾਲ ਸੰਬੰਧਤ ਸੀ, ਨਾਲ ਹੱਥਿਆਰ ਲੈਣ ਦਾ ਪ੍ਰਬੰਧ ਕੀਤਾ । ਚੰਗ ਪੋ ਨੇ ਇਹ ਇਕਰਾਰ ਵੀ ਕੀਤਾ ਕਿ ਉਹ ਚੀਨ ਦੀ ਹਿੰਦ ਨਾਲ ਲਗਵੀਂ ਸਰਹੱਦ ਉਤੇ ਗੜ ਬੜ ਦੇ ਹਾਲਾਤ ਪੈਦਾ ਕਰ ਦੇਵੇਗਾ । ਦਸੰਬਰ ਵਿਚ ਸ਼੍ਰੀ ਰਾਏ ਨੇ ਨੀਊਯਾਰਕ ਤਾਰ ਦਿੱਤੀ, 'ਵਿਆਹ ਦਾ ਫੈਸਲਾ ਹੋ ਗਿਆ ਹੈ, ਦਾਜ ਦੀ ਲੋੜ ਹੈ' । ਇਸ ਦਾ ਮਤਲਬ ਸੀ ਕਿ ਹੱਥਿਆਰ ਮੁਲ ਲੈਣ ਦਾ ਫੈਸਲਾ ਹੋ ਗਿਆ ਸੀ, ਮਾਇਆ ਦੀ ਲੋੜ ਸੀ । ਹੱਥਿਆਰਾਂ ਦਾ ਦੋ ਕਰੋੜ ਡਾਲਰ ਮੁਲ ਮੰਗਿਆ ਗਿਆ । ਇਸ ਦਾ ਅਮਰੀਕਾ ਵਿਚ ਇੰਤਜ਼ਾਮ ਨਹੀਂ ਸੀ ਹੋ ਸਕਦਾ । ਇਸ ਵਾਸਤੇ ਸ਼੍ਰੀ ਐਮ. ਐਨ. ਰਾਏ ਨੂੰ ਇਸ ਬਾਰੇ ਪ੍ਰਬੰਧ ਕਰਨ ਵਾਸਤੇ ਇਕ ਡੁਬਕਨੀ ਕਿਸ਼ਤੀ (Submarine) ਵਿਚ ਬਰਲਨ ਭੇਜਣ ਦੀ ਤਜਵੀਜ਼ ਕੀਤੀ ਗਈ । ਸ਼੍ਰੀ ਰਾਏ ਨੂੰ ਅਸਬਾਬ ਦੇ ਬਕਸ ਵਿਚ ਬੰਦ ਕਰਕੇ ਭੇਜਿਆ ਜਾਣਾ ਸੀ, ਅਤੇ ਉਹ ਇਸ ਤਰ੍ਹਾਂ ਜਾਣ ਨੂੰ ਤਿਆਰ ਸਨ* ।

ਅਕਤੂਬਰ ੧੯੧੫ ਵਿਚ ਸ਼ੰਘਾਈ ਦੀ ਮੀਊਂਸਪਲ ਪੋਲੀਸ ਨੇ ਦੋ ਚੀਨੇ ਫੜੇ, ਜਿਨ੍ਹਾਂ ਪਾਸੋਂ ੧੨੯ ਪਸਤੌਲ ਅਤੇ ੨੦੮੩੦ ਗੋਲੀਆਂ ਮਿਲੀਆਂ । ਇਨ੍ਹਾਂ ਨੂੰ ਨੀਅਲਸਨ ਨਾਮੀ ਜਰਮਨ ਨੇ ਤਖਤਿਆਂ ਦੇ ਬੰਡਲ ਦੇ ਵਿਚਕਾਰ ਲੁਕਾ ਕੇ ਕਲਕੱਤੇ ਲੈ ਜਾਣ ਦੀ ਹਦਾਇਤ ਕੀਤੀ ਸੀ, ਅਤੇ ਇਹ ਹਥਿਆਰ ਸ਼੍ਰੀ ਅਮਰਿੰਦਰਾ ਚੈਟਰਜੀ (Amarendra Chaterji) ਅਤੇ ਸ਼੍ਰੀ ਸੀਰਾਮੀਜੀਬੀ ਸੰਮਾਬਾਯਾ (Seramjibi Samabaya) ਨੂੰ ਕਲਕੱਤੇ ਪੁਚਾਏ ਜਾਣੇ ਸਨ ।

ਆਬਾਨੀ ਮੁਕਰਜੀ, ਜਿਸ ਨੂੰ ਬੰਗਾਲ ਦੇ ਇਨਕਲਾਬੀਆਂ ਸ਼ੁਰੂ ਵਿਚ ਜਾਪਾਨ ਭੇਜਿਆ ਸੀ, ਦੇਸ ਵਾਪਸ ਆਉਂਦਾ ਹੋਇਆ ਸਿੰਘਾਪੁਰ ਗ੍ਰਿਫਤਾਰ ਕੀਤਾ ਗਿਆ । ਆਬਾਨੀ ਦੀ ਨੋਟ ਬੁਕ ਵਿਚ ਨੀਅਲਸਨ, ਜਿਸ ਦੇ ਘਰ ਸ਼੍ਰੀ ਰਾਸ਼ ਬਿਹਾਰੀ ਬੋਸ ਰਹਿੰਦੇ ਸਨ, ਦਾ ਐਡਰੈਸ ਸੀ । ਜਿਹੜੇ ਪਸਤੌਲ ਸ਼੍ਰੀ ਰਾਸ਼ ਬਿਹਾਰੀ ਬੋਸ ਹਿੰਦ ਭੇਜਣਾ ਚਾਹੁੰਦੇ ਸਨ, ਉਹ ਉਸ ਥਾਂ ਤੋਂ ਲਏ ਗਏ ਸਨ ਜੋ ਨੋਟ ਬੁਕ ਵਿਚ ਨੀਅਲਸਨ ਦੇ ਦਰਜ ਕੀਤੇ ਐਡਰੈਸਾਂ ਵਿਚੋਂ ਇਕ ਸੀ । ਨੀਅਲਸਨ ਦੇ ਘਰ ਹੀ ਇਕ ਹੋਰ ਇਨਕਲਾਬੀ ਸ਼੍ਰੀ ਅਬਿਨਾਸ਼ ਰਹਿੰਦੇ ਸਨ, ਜਿਨ੍ਹਾਂ ਦਾ ਸ਼ੰਘਾਈ ਤੋਂ ਹਿੰਦ ਨੂੰ ਹੱਥਿਆਰ ਭੇਜਣ ਦੀਆਂ ਸਕੀਮਾਂ ਨਾਲ ਸੰਬੰਧ ਸੀ । ਆਬਾਨੀ ਦੀ ਨੋਟ ਬੁਕ ਵਿਚ ਚੰਦਰ ਨਗਰ, ਕਲਕੱਤਾ, ਢਾਕਾ ਅਤੇ ਕਮੀਲਾ ਦੇ ਇਨਕਲਾਬੀਆਂ ਦੇ ਪਤਿਆਂ ਤੋਂ ਇਲਾਵਾ ਸ਼੍ਰੀ ਅਮਰ ਸਿੰਘ, ਐਨਜੀਨੀਅਰ, ਪਾਕੋ ਸਿਆਮ ਦਾ ਪਤਾ ਸੀ, ਜਿਥੇ 'ਹੈਨਰੀ ਐਸ.' ਜਹਾਜ਼ ਦੇ ਕੁਝ ਹੱਥਿਆਰ ਲੁਕਾਏ ਜਾਣੇ ਸਨ† ।

ਪਹਿਲੇ ਸੰਸਾਰ ਯੁਧ ਦੇ ਦੌਰਾਨ ਵਿਚ ਅੱਡ ਅੱਡ ਸਮੇਂ ਅਤੇ ਭਿਨ ਭਿਨ ਕਿਸਮ ਦੇ ਕੀਤੇ ਇਤਨੇ ਇਨਕਲਾਬੀ ਯਤਨਾਂ* ਦੇ ਫੇਲ ਹੋਣ ਦਾ ਵੀ ਹਿੰਦੀ ਇਨਕਲਾਬੀਆਂ ਦੀਆਂ ਸਰਗਰਮੀਆਂ ਨੂੰ ਮਠਿਆਂ ਕਰਨ ਵਿਚ ਅਸਰ ਪਿਆ ਹੋਵੇਗਾ; ਪਰ ਹਿੰਦੀ ਇਨਕਲਾਬੀਆਂ ਦੀਆਂ ਅਗੋਂ ਹੋਰ ਕੋਸ਼ਸ਼ਾਂ ਬੰਦ ਹੋਣ ਦਾ ਵੱਡਾ ਕਾਰਨ ਇਹ ਸੀ ਜਰਮਨਾਂ ਨੇ ਸਾਫ ਇਹ ਕਹਿ ਦਿੱਤਾ ਸੀ ਕਿ ਓਹ ਹੱਥਿਆਰ ਹਿੰਦ ਪੁਚਾਣ ਦੇ ਅਸਮਰੱਥ ਸਨ । ਪਰਾਮਾਥਾ ਨਾਥ ਮੁਕਰ ਜੀ (ਜੋ ਹੱਥਿਆਰ ਪੁਚਾਣ ਦੀਆਂ ਪਹਿਲੀਆਂ ਪਲੈਨਾਂ ਉਜਾਗਰ ਹੋ ਜਾਣ ਪਿਛੋਂ ਜਰਮਨਾਂ ਨੂੰ ਹਿੰਦ ਵਿਚ ਹੱਥਿਆਰ ਲੈਣ ਵਾਸਤੇ ਨਵੇਂ ਐਡਰੈਸ ਦੇਣ ਜਾਵਾ ਗਿਆ, ਪਰ ਪਿਛੋਂ ਸਰਕਾਰੀ ਗਵਾਹ ਬਣ ਗਿਆ) ਨੂੰ ਜਾਵਾ ਦੇ ਜਰਮਨ ਕੌਂਸਲ ਹੈਲਫਰਿਚ ਨੇ ਸਾਫ ਦੱਸਿਆ ਕਿ ਉਨ੍ਹਾਂ (ਜਰਮਨਾਂ) ਪਾਸ ਹੱਥਿਆਰ ਅਤੇ ਮਾਇਆ ਤਾਂ ਬਥੇਰੀ ਹੈ, ਪਰ ਇਨ੍ਹਾਂ ਨੂੰ ਭੇਜਣ ਦਾ ਵਸੀਲਾ ਜਰਮਨਾਂ ਪਾਸ ਨਹੀਂ । ਹੈਲਫਰਿਚ ਨੇ ਪਰਾਮਾਥਾ ਨਾਥ ਨੂੰ ਵਾਪਸ ਦੇਸ ਜਾਣ ਦੀ ਸਲਾਹ ਦਿੱਤੀ, ਕਿਉਂਕਿ ਜਿਥੋਂ ਤਕ ਜਰਮਨਾਂ ਦਾ ਸੰਬੰਧ ਸੀ ਉਨ੍ਹਾਂ ਦਾ (ਜਰਮਨਾਂ ਦਾ) ਦਵਾਲਾ ਨਿਕਲ ਚੁਕਾ ਸੀ† । ਜਰਮਨਾਂ ਵਲੋਂ ਹਿੰਦੀ ਇਨਕਲਾਬੀਆਂ ਵਲ ਪਿਛੋਂ ਵਿਖਾਈ ਇਸ ਬੇ-ਰੁਖੀ ਦਾ ਸ਼ਾਇਦ ਇਹ ਕਾਰਨ ਵੀ ਹੋਵੇ ਕਿ ਯੂਰਪ ਦੀ ਲੜਾਈ ਦੇ ਮੈਦਾਨ ਵਿਚ ਹਾਲਾਤ ਉਨ੍ਹਾਂ ਦੇ

*San Francisco Trial, Testimony of Tehl Singh.

†Ibid, Testimony of Shiv Dyal Kapur.

‡Ibid, Testimony of James Dietrick.

*San Francisco Trial, Testimony of Thomas J. Turney.

†Third Case, Evidence, p. 32.

*The Pioneer, May 13, 1918.

†Rowlatt Report, p. 125.

*ਜਿਨ੍ਹਾਂ ਵਿਚ ਬਰਲਨ ਵਿਚ ਬਣੀ ਹਿੰਦੀਆਂ ਦੀ ਕਮੇਟੀ ਦੇ ਕਾਰਿੰਦਿਆਂ, ਤੁਰਕੀ ਨੂੰ ਡਾ: ਹਰਦਿਆਲ ਦੇ ਗਏ ਮਿਸ਼ਨ, ਅਤੇ ਕਾਬਲ ਵਿਚ ਸ਼੍ਰੀ ਮਹਿੰਦਰ ਪ੍ਰਤਾਪ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਉਹ ਸਰਗਰਮੀਆਂ ਸ਼ਾਮਲ ਨਹੀਂ ਕੀਤੀਆਂ ਗਈਆਂ ਜਿਨ੍ਹਾਂ ਦਾ ਗਦਰ ਪਾਰਟੀ ਨਾਲ ਸਿੱਧਾ ਸੰਬੰਧ ਘੱਟ ਸੀ ।

†San Francisco Trial, Testimony of Pramatha Nath Mukerjee.



Digitized by Panjab Digital Library | www.panjabdigilib.org

ਮੁਆਫਕ ਨਾ ਰਹਿਣ ਕਰਕੇ ਉਨ੍ਹਾਂ ਨੂੰ ਆਪਣਾ ਘਰ ਸਾਂਭਣ ਦਾ ਵਧੇਰੇ ਫਿਕਰ ਪੈ ਗਿਆ ਹੋਵੇ ।

## 'ਪੰਡਤ' ਰਾਮ ਚੰਦ 'ਪਸ਼ਾਵਰੀਆ'

ਇਹ ਵੀਚਾਰ ਆਮ ਪ੍ਰਚੱਲਤ ਹੈ ਕਿ ਲਾ: ਹਰਦਿਆਲ ਦੇ ਅਮਰੀਕਾ ਤੋਂ ਚਲੇ ਜਾਣ ਸਾਰ, 'ਪੰਡਤ' ਰਾਮ ਚੰਦ ਗਦਰ ਪਾਰਟੀ ਦੇ ਆਗੂ ਬਣ ਗਏ, ਜਾਂ ਉਨ੍ਹਾਂ ਦੇ ਹੱਥ ਗਦਰ ਪਾਰਟੀ ਦਾ ਕੰਟਰੋਲ ਚਲਾ ਗਿਆ । ਇਹ ਖਿਆਲ ਗਲਤ ਹੈ । ਪਿਛੇ ਵੇਖਿਆ ਜਾ ਚੁਕਾ ਹੈ ਕਿ ਲਾ: ਹਰਦਿਆਲ ਦੇ ਚਲੇ ਜਾਣ ਉਤੇ 'ਭਾਈ' ਸੰਤੋਖ ਸਿੰਘ ਉਨ੍ਹਾਂ ਦੀ ਥਾਂ ਜਨਰਲ ਸਕੱਤ੍ਰ ਚੁਣੇ ਗਏ; ਅਤੇ ਸ੍ਰੀ ਸੋਹਨ ਸਿੰਘ 'ਭਕਨਾ', ਪ੍ਰਧਾਨ ਗਦਰ ਪਾਰਟੀ, ਅਤੇ 'ਭਾਈ' ਸੰਤੋਖ ਸਿੰਘ ਹੋਰਨਾਂ ਸਾਥੀਆਂ ਨਾਲ ਮਿਲ ਕੇ ਗਦਰ ਪਾਰਟੀ ਦਾ ਕੰਮ ਚਲਾਉਂਦੇ ਰਹੇ*। 'ਪੰਡਤ' ਰਾਮ ਚੰਦ ਲਾ: ਹਰਦਿਆਲ ਪਿਛੋਂ 'ਗਦਰ' ਅਖਬਾਰ ਦੇ ਐਡੀਟਰ ਬਣੇ†, ਅਤੇ ਇਸ ਹੈਸੀਅਤ ਵਿਚ ਉਨ੍ਹਾਂ ਦੀ ਪੋਜ਼ੀਸ਼ਨ ਗਦਰ ਪਾਰਟੀ ਲਹਿਰ ਵਿਚ ਅਹਿਮ ਸੀ। ਪਰ ਲਾ: ਹਰਦਿਆਲ ਦੇ ਅਮਰੀਕਾ ਵਿਚ ਰਹਿਣ ਸਮੇਂ, ਜਾਂ ਜਾਣ ਪਿਛੋਂ, ਉਹ ਗਦਰ ਪਾਰਟੀ ਦੇ ਸਾਧਾਰਨ ਉਹਦੇਦਾਰ ਵੀ ਨਹੀਂ ਬਣਾਏ ਗਏ । ਪਹਿਲਾ ਸੰਸਾਰ ਯੁਧ ਛਿੜਨ ਤੋਂ ਥੋੜਾ ਅਰਸਾ ਪਹਿਲੋਂ 'ਭਾਈ' ਭਗਵਾਨ ਸਿੰਘ ਅਤੇ ਸ੍ਰੀ ਬਰਕਤੁਲਾ ਅਮਰੀਕਾ ਆ ਗਏ ਸਨ । ਸ੍ਰੀ ਸੋਹਨ ਸਿੰਘ 'ਭਕਨਾ', ਅਤੇ ਸ੍ਰੀ ਜਵਾਲਾ ਸਿੰਘ ਅਤੇ ਸ੍ਰੀ ਕੇਸਰ ਸਿੰਘ, ਗਦਰ ਪਾਰਟੀ ਦੇ ਦੋ ਮੀਤ-ਪ੍ਰਧਾਨਾਂ, ਦੇ ਹਿੰਦ ਨੂੰ ਗਦਰੀ ਮੁਹਿੰਮ ਦੇ ਸੰਬੰਧ ਵਿਚ ਚਲੇ ਜਾਣ ਉਤੇ, 'ਭਾਈ' ਭਗਵਾਨ ਸਿੰਘ ਗਦਰ ਪਾਰਟੀ ਦੇ ਪ੍ਰਧਾਨ ਚੁਣੇ ਗਏ ਅਤੇ ਸ੍ਰੀ ਬਰਕਤੁਲਾ ਮੀਤ ਪ੍ਰਧਾਨ*। ਸੈਨਫ੍ਰਾਂਸਿਸਕੋ ਕੇਸ ਦੇ ਜੱਜ ਲਿਖਦੇ ਹਨ ਕਿ 'ਭਾਈ' ਭਗਵਾਨ ਸਿੰਘ "ਬੜੇ ਕਾਬਿਲ, ਬਹੁ-ਰੁਖੀ ਲਿਆਕਤ ਵਾਲੇ ਤੇ ਝੱਟ ਗਲ ਤਾੜ ਜਾਣ ਵਾਲੇ ਆਦਮੀ ਹਨ, ਜਿਨ੍ਹਾਂ ਦਾ ਆਪਣੇ ਦੇਸ ਵਾਸੀਆਂ ਵਿਚ ਬਹੁਤ ਰਸੂਖ ਹੈ"†। ਸ੍ਰੀ ਮੁਹੰਮਦ ਬਰਕਤੁਲਾ ਜਾਪਾਨ ਵਿਚ ਪ੍ਰੋਫੈਸਰ ਰਹਿ ਚੁਕੇ ਸਨ। ਇਸ ਵਾਸਤੇ ਇਹ ਮੰਨਣ ਵਿਚ ਨਹੀਂ ਆ ਸਕਦਾ ਕਿ ਇਨ੍ਹਾਂ ਸੱਜਣਾਂ ਦੀ ਹੋਂਦ ਵਿਚ, 'ਪੰਡਤ' ਰਾਮ ਚੰਦ, ਜੋ ਉਸ ਵਕਤ ਪਾਰਟੀ ਦੇ ਸਾਧਾਰਨ ਓਹਦੇਦਾਰ ਵੀ ਨਹੀਂ ਸਨ, ਗਦਰ ਪਾਰਟੀ ਦੇ ਕਰਤਾ ਧਰਤਾ ਬਣ ਗਏ ਹੋਣ । ਜਾਪਦਾ ਹੈ ਕਿ ਗਦਰ ਪਾਰਟੀ ਦੀ ਵਾਗ ਡੋਰ 'ਪੰਡਤ' ਰਾਮ ਚੰਦ ਦੇ ਓਦੋਂ ਹੱਥ ਆਈ, ਜਦ ਪਾਰਟੀ ਦੇ ਚੀਦਾ ਚੀਦਾ ਤਕਰੀਬਨ ਸਭ ਕਾਰਕੁਨ ਹਿੰਦ ਅਤੇ ਸਿਆਮ ਆਦਿ ਦੀਆਂ ਗਦਰੀ ਮੁਹਿੰਮਾਂ ਉਤੇ ਅਮਰੀਕਾ ਤੋਂ ਬਾਹਰ ਜਾ ਚੁਕੇ ਸਨ। 'ਭਾਈ' ਭਗਵਾਨ ਸਿੰਘ ਅਕਤੂਬਰ ੧੯੧੪ ਦੇ ਅਖੀਰ‡ ਵਿਚ ਸੈਨਫ੍ਰਾਂਸਿਸਕੋ ਤੋਂ ਰਵਾਨਾ ਹੋਏ, ਅਤੇ ਸ੍ਰੀ ਬਰਕਤੁਲਾ ਗਾਲਬਨ ਇਸ ਤੋਂ ਪਹਿਲੋਂ ਹਿੰਦ ਦੇ ਗਵਾਂਢੀ ਦੇਸਾਂ ਵਿਚ ਕੰਮ ਕਰਨ ਖਾਤਰ ਅਮਰੀਕਾ ਛੱਡ ਚੁਕੇ ਸਨ । 'ਭਾਈ' ਸੰਤੋਖ ਸਿੰਘ ਨੂੰ 'ਭਾਈ' ਭਗਵਾਨ ਸਿੰਘ ਨੇ ਸਿਆਮ ਭੇਜਿਆ ਸੀ§, ਜਿਸ ਦਾ ਮਤਲਬ ਹੈ ਕਿ ਉਹ ਅਕਤੂਬਰ ੧੯੧੪ ਤੋਂ ਪਹਿਲੋਂ ਅਮਰੀਕਾ ਤੋਂ ਜਾ ਚੁਕੇ ਸਨ। ਗਦਰ ਪਾਰਟੀ ਦੇ ਪੁਰਾਣੇ ਉਹਦੇਦਾਰਾਂ ਵਿਚੋਂ ਕੇਵਲ ਸ੍ਰੀ ਮੁਨਸ਼ੀ ਰਾਮ, ਜੋ ਪਾਰਟੀ ਕਾਇਮ ਹੋਣ ਵੇਲੇ ਤੋਂ ਮੀਤ ਸਕੱਤ੍ਰ ਚਲੇ ਆਉਂਦੇ ਸਨ, ਯੁਗੰਤਰ ਆਸ਼ਰਮ ਵਿਚ ਰਹਿ ਗਏ ਸਨ, ਅਤੇ ਉਹ ਵੀ ਜਨਵਰੀ ਸੰਨ ੧੯੧੫ ਵਿਚ 'ਪੰਡਤ' ਰਾਮ ਚੰਦ ਨਾਲ ਲੜ ਕੇ ਆਸ਼ਰਮ ਛੱਡ ਗਏ* । ਅਰਥਾਤ ਜਨਵਰੀ ੧੯੧੫ ਤਕ 'ਪੰਡਤ' ਰਾਮ ਚੰਦ ਦਾ ਪਾਰਟੀ ਵਿਚ ਜ਼ੋਰ ਇਤਨਾ ਪੈ ਚੁਕਾ ਸੀ ਕਿ ਜ਼ਾਤੀ ਇਖਤਲਾਫ ਹੋ ਜਾਣ ਦੀ ਸੂਰਤ ਵਿਚ ਪਾਰਟੀ ਦੇ ਪੁਰਾਣੇ ਵਰਕਰਾਂ ਨੂੰ ਆਸ਼ਰਮ ਛੱਡ ਕੇ ਚਲੇ ਜਾਣ ਲਈ ਮਜਬੂਰ ਹੋਣਾ ਪਿਆ । ਸ੍ਰੀ ਮੁਨਸ਼ੀ ਰਾਮ ਪਾਲਸੀ ਬਾਰੇ ਮਤ ਭੇਦ ਹੋ ਜਾਣ ਕਰਕੇ ਨਹੀਂ ਛੱਡ ਗਏ ਸਨ, ਕਿਉਂਕਿ ਉਹ ਆਸ਼ਰਮ ਛੱਡ ਜਾਣ ਪਿਛੋਂ ਵੀ ਪਾਰਟੀ ਦੇ ਵਫਾਦਾਰ ਰਹੇ† ।

ਜਾਪਦਾ ਹੈ ਕਿ 'ਪੰਡਤ' ਰਾਮ ਚੰਦ ਗਦਰ ਪਾਰਟੀ ਦੇ ਕੇਵਲ ਆਗੂ ਹੀ ਨਹੀਂ ਸੀ ਬਣ ਗਏ, ਬਲਕਿ ਉਹ ਇਸ ਦੇ ਵਾਹਦ ਕੰਟਰੋਲਰ ਜਾਂ ਡਿਕਟੇਟਰ ਬਣ ਬੈਠੇ, ਜਿਨ੍ਹਾਂ ਨੂੰ ਉਨ੍ਹਾਂ ਦੀ ਗੱਦੀ ਤੋਂ ਨਹੀਂ ਸੀ ਹਿਲਾਇਆ ਜਾ ਸਕਦਾ । ਜਰਮਨੀ ਦੇ ਬਦੇਸ਼ੀ ਮਹਿਕਮੇਂ ਦੇ ਇਕ ਵਡੇ ਕਰਮਚਾਰੀ ਹੇਰ ਵੋਨ ਵੀਜ਼ਨਡੋਂਕ (Herr Von Wesendonk) ਨੇ ਕਹਿਲਾ ਭੇਜਿਆ ਸੀ ਕਿ 'ਪੰਡਤ' ਰਾਮ ਚੰਦ ਦੀਆਂ ਸੈਨਫ੍ਰਾਂਸਿਸਕੋ ਵਿਚ ਕਾਰਰਵਾਈਆਂ ਤਸੱਲੀ ਬਖਸ਼ ਨਹੀਂ‡ । ਮਿਸ਼ਨ ਬੈਂਕ ਵਿਚ ਹਿੰਦੀਆਂ ਦੇ ਤਿੰਨ ਹਸਾਬ ਸਨ; ਪੈਸੇਫਿਕ ਕੋਸਟ ਹਿੰਦੁਸਤਾਨੀ ਐਸੋਸੀਏਸ਼ਨ ਦੇ ਨਾਮ, ਯੁਗੰਤਰ ਆਸ਼ਰਮ ਦੇ ਨਾਮ, ਅਤੇ 'ਪੰਡਤ' ਰਾਮ ਚੰਦ ਦੇ ਜ਼ਾਤੀ ਨਾਮ*। ਹਰਚਰਨ ਦਾਸ ਨੇ ਆਪਣੀ ਗਵਾਹੀ ਵਿਚ ਦੱਸਿਆ ਕਿ ਦੋ ਅਲੈਹਦਾ ਫੰਡ ਰਖੇ ਜਾਂਦੇ ਸਨ। ਇਕ ਆਸ਼ਰਮ ਅਤੇ ਅਖਬਾਰ ਦੇ ਖਰਚ ਚਲਾਉਣ ਲਈ, ਜਿਸ ਦੇ ਹਿਸਾਬ ਦੀ ਮਾਹਵਾਰੀ ਰੀਪੋਟ ਭੇਜੀ ਜਾਂਦੀ ਸੀ; ਦੂਸਰਾ ਕੌਮੀ ਫੰਡ, ਜੋ 'ਪੰਡਤ' ਰਾਮ ਚੰਦ ਦੀ 'ਜੇਬ' ਵਿਚ ਰਹਿੰਦਾ ਸੀ, ਅਤੇ ਜਿਸ ਦਾ 'ਪੰਡਤ' ਰਾਮ ਚੰਦ ਅਤੇ ਉਸ ਦੇ ਸਕੱਤ੍ਰ ਸ੍ਰੀ ਗੋਧਾ ਰਾਮ ਬਿਨਾਂ ਕੋਈ ਹਸਾਬ ਨਹੀਂ ਸੀ ਵੇਖ ਸਕਦਾ†। ਅਮਰੀਕਾ ਵਿਰੁਧ ਕਾਰਵਾਈਆਂ ਦੀ ਰੀਪੋਟ ਵਿਚ ਵੀ ਲਿਖਿਆ ਹੈ ਕਿ 'ਪੰਡਤ' ਰਾਮ ਚੰਦ ਨੇ ਜ਼ਾਤੀ ਫਾਇਦੇ ਉਠਾਉਣੇ ਸ਼ੁਰੂ ਕਰ ਦਿਤੇ‡ । ਬਲਕਿ ਜਰਮਨ ਜੁੱਟ ਦੇ ਕਈ ਆਦਮੀ (Von Goltzheim) 'ਪੰਡਤ' ਰਾਮ ਚੰਦ ਉੱਤੇ ਅੰਗਰੇਜ਼ਾਂ ਦਾ ਜਾਸੂਸ ਹੋਣ ਦਾ ਸ਼ੱਕ ਕਰਦੇ ਸਨ§; ਅਤੇ ਵੋਨ ਗੋਲਟਜ਼ਹੀਅਮ ਅਤੇ ਮਿਸਜ਼ ਲੀਉਹਾਸਰ (Mrs. Leouhauser) ਨੇ 'ਪੰਡਤ' ਰਾਮ ਚੰਦ ਨੂੰ ਉਨ੍ਹਾਂ ਦੀ ਗੱਦੀ ਤੋਂ ਲਾਹੁਣ ਲਈ ਲਾ: ਹਰਦਿਆਲ, ਜੋ ਉਸ ਸਮੇਂ ਕੁਸਤਨਤੁਨੀਆ ਸਨ, ਨੂੰ ਪ੍ਰੇਰਨ ਦੀ ਕੋਸ਼ਸ਼ ਕੀਤੀ¶ । ਇਨ੍ਹਾਂ ਸਭ ਗੱਲਾਂ ਦੇ ਬਾਵਜੂਦ 'ਪੰਡਤ' ਰਾਮ ਚੰਦ ਨੂੰ ਉਨ੍ਹਾਂ ਦੀ ਗੱਦੀ ਤੋਂ ਹਿਲਾਇਆ ਨਾ ਜਾ ਸਕਿਆ। ਬਲਕਿ ਹਿੰਦ ਅਤੇ ਧੁਰ ਪੂਰਬ ਵਿਚ ਗਦਰ ਪਾਰਟੀ ਲਹਿਰ ਫੇਲ ਹੋ ਜਾਣ ਪਿਛੋਂ ਜਦ 'ਭਾਈ' ਭਗਵਾਨ ਸਿੰਘ ਅਤੇ 'ਭਾਈ'

---

*ਨੋਵਾਂ ਕਾਂਡ ।

†Mandlay Case, Judgement, p. 32.

---

*San Francisco Trial, Charge to the Jury by the Judge, p. 702.

†Ibid.

‡Ibid, p. 702.

§Ibid, p. 711.

---

*San Francisco Trial, Charge to the Jury by the Judge, p. 709.

†Ibid.

‡Ibid, Testimony of Gregurevich.

---

*San Francisco Trial, Testimony of Herbert A. Thayer.

†Ibid, Testimony of Harcharan Das.

‡Un-American Activities, p. 214.

§San Francisco Trial, Testimony of George W. Hartz.

¶Ibid, Charge to the Jury by the Judge, p. 712.



Digitized by Panjab Digital Library | www.panjabdigilib.org

ਸੰਤੋਖ ਸੰਘ ਅਮਰੀਕਾ ਵਾਪਸ ਗਏ, ਤਾਂ 'ਪੰਡਤ' ਰਾਮ ਚੰਦ ਨੇ ਉਨ੍ਹਾਂ ਨੂੰ ਪਾਰਟੀ ਵਿਚੋਂ ਕਢਣ ਦਾ ਐਲਾਨ ਕਰ ਦਿੱਤਾ*, ਅਤੇ ਗਦਰ ਪਾਰਟੀ ਦੇ ਦੋ ਟੁਕੜੇ ਹੋ ਗਏ।

'ਪੰਡਤ' ਰਾਮ ਚੰਦ ਕਸੂਰ-ਵਾਰ ਸਨ ਜਾਂ ਨਹੀਂ, ਉਪ੍ਰੋਕਤ ਨਿਸ਼ਾਨੀਆਂ ਤੋਂ ਸਾਫ ਜ਼ਾਹਰ ਹੈ ਕਿ ਗਦਰ ਪਾਰਟੀ ਦੇ ਕੰਮ ਚਲਾਉਣ ਦੇ ਢੰਗ ਅਤੇ ਸਪਿਰੱਟ ਵਿਚ ਫਰਕ ਆ ਚੁਕਾ ਸੀ। ਗਦਰ ਪਾਰਟੀ ਦੀ ਨਿਯਮਕ ਬਣਤਰ ਵਿਚ ਭਾਵੇਂ ਫਰਕ ਪਿਆ ਸੀ ਜਾਂ ਨਹੀਂ, ਇਸ ਦੀ ਜਥੇਬੰਦੀ ਦੀ ਮਸ਼ੀਨਰੀ ਦਾ ਕੰਟਰੋਲ 'ਪੰਡਤ' ਰਾਮ ਚੰਦ, ਜਾਂ ਉਨ੍ਹਾਂ ਦੇ ਹੱਥ-ਠੋਕਾ ਆਦਮੀਆਂ ਦੇ ਗਰੁਪ, ਦੇ ਹੱਥ ਜਾ ਚੁਕਾ ਸੀ, ਜਿਨ੍ਹਾਂ ਦਾ ਗਦਰ ਪਾਰਟੀ ਲਹਿਰ ਦੇ ਸੋਮੇਂ ਅਮਰੀਕਾ ਵਿਚਲੇ ਹਿੰਦੀ ਕਾਮਿਆਂ ਨਾਲ ਸੁਰਜੀਤ ਸੰਬੰਧ ਨਹੀਂ ਸੀ ਰਿਹਾ। ਇਸ ਦਾ ਇਕ ਕਾਰਨ ਜਰਮਨਾਂ ਕੋਲੋਂ ਮਿਲੀ ਖੁਲ੍ਹੀ ਮਾਲੀ ਸਹਾਇਤਾ ਵੀ ਬਣੀ, ਕਿਉਂਕਿ ਹਿੰਦੀ ਕਾਮਿਆਂ ਤੋਂ ਚੰਦੇ ਅਕੱਠੇ ਕਰਨ ਦੀ ਮੁਥਾਜੀ ਨਾ ਰਹੀ। ਯੁਗੰਤਰ ਆਸ਼ਰਮ ਵਿਚ ਕੰਮ ਕਰਨ ਵਾਲਿਆਂ ਦੀ ਸਪਿੱਰਟ ਜਮਹੂਰੀ ਨਾ ਰਹੀ; ਅਤੇ 'ਪੰਡਤ' ਰਾਮ ਚੰਦ ਹੁਣ ਕਾਮਰੇਡ ਜਾਂ ਸਾਥੀ ਇਨਕਲਾਬੀ ਨਹੀਂ ਸਮਝੇ ਜਾਂਦੇ ਸਨ, ਬਲਕਿ 'ਮਾਸਟਰ' (Master)†। ਹਿੰਦ ਵਿਚ ਆਈ ਗਦਰੀ ਮੁਹਿੰਮ ਦੇ ਇਨਕਲਾਬੀਆਂ ਦੇ ਜਹਾਜ਼ਾਂ ਤੋਂ ਫੜੇ ਜਾਣ ਕਰਕੇ, ਅਮਰੀਕਾ ਵਿਚੋਂ ਦੇਸ ਨੂੰ ਇਨਕਲਾਬੀ ਮਕਸਦ ਲਈ ਆਉਣ ਵਾਲੇ ਹਿੰਦੀਆਂ ਦੇ ਉਛਾਲ ਨੂੰ ਪਹਿਲੋਂ ਹੀ ਡੱਕਾ ਲਗ ਗਿਆ ਸੀ, ਕਿਉਂਕਿ ਹਿੰਦ ਵਿਚ ਜਾਣ ਦੇ ਹੋਰ ਸਾਧਨ ਨਾ ਲੱਭੇ ਜਾ ਸਕੇ। ਹਿੰਦ ਵਿਚ ਗਦਰੀ ਮੁਹਿੰਮ ਦੇ ਫੇਲ ਹੋਣ ਦਾ ਅਮਰੀਕਾ ਵਿਚ ਗਦਰ ਪਾਰਟੀ ਲਹਿਰ ਦੇ ਉਭਾਰ ਉਤੇ ਹੋਰ ਦਿਲ ਢਾਹੂ ਅਸਰ ਪਿਆ। ਸਿਆਮ-ਬਰਮਾ ਦੀ ਮੁਹਿੰਮ ਅਤੇ ਇਸ ਨਾਲ ਸੰਬੰਧਤ ਸਕੀਮਾਂ ਦੇ ਮੁਕੰਮਲ ਤੌਰ ਉੱਤੇ ਫੇਲ ਹੋ ਜਾਣ, ਜਰਮਨਾਂ ਦੇ ਐਲਾਨੀਆਂ ਹਿੰਦ ਹੱਥਿਆਰ ਨਾ ਪੁਚਾ ਸਕਣ ਦੀ ਅਸਮੱਰਥਾ ਪ੍ਰਗੱਟ ਕਰਨ, ਅਤੇ ਯੂਰਪ ਦੇ ਜੰਗ ਦਾ ਪਾਸਾ ਪਲਟਣ ਨਾਲ, ਗਦਰੀ ਇਨਕਲਾਬੀਆਂ ਦੀਆਂ ਆਸਾਂ ਉੱਤੇ ਬਿਲਕੁਲ ਪਾਣੀ ਫਿਰ ਗਿਆ। ਰਹਿੰਦੀ ਖੂੰਦੀ ਕਸਰ ਯੁਗੰਤਰ ਆਸ਼ਰਮ ਦੇ ਗਦਰ ਪਾਰਟੀ ਲਹਿਰ ਦੇ ਅਸਲੀ ਸੋਮੇਂ ਹਿੰਦੀ ਕਾਮਿਆਂ ਨਾਲੋਂ ਜੀਉਂਦੇ ਜਾਗਦੇ ਸੰਬੰਧ ਟੁੱਟ ਜਾਣ ਨਾਲ ਪੂਰੀ ਹੋ ਗਈ। 'ਪੰਡਤ' ਰਾਮ ਚੰਦ ਦੀ ਮੌਤ* ਪਿਛੋਂ ਗਦਰ ਪਾਰਟੀ ਫਿਰ ਇਕ ਹੋ ਗਈ, ਅਤੇ ਸੰਨ ੧੯੪੭ ਤੱਕ† ਪਾਰਟੀ ਦੇ ਤੌਰ ਉਤੇ ਸਰਗਰਮ ਰਹੀ; ਪਰ ਗਦਰ ਪਾਰਟੀ ਲਹਿਰ ਬਤੌਰੇ ਅਮਰੀਕਾ ਕੈਨੇਡਾ ਦੇ ਹਿੰਦੀ ਕਾਮਿਆਂ ਦੇ ਜਨਤਕ ਉਭਾਰ ਦੇ ਮੁੜ ਸੁਰਜੀਤ ਨਾ ਹੋ ਸਕੀ।

---

*San Francisco Trial, Charge to the Jury by the Judge, p. 708.

†Ibid., Testimony of Harcharan Das.

---

*ਸੈਨਫ੍ਰਾਂਸਿਸਕੋ ਕੇਸ ਦੇ ਦੌਰਾਨ ਵਿਚ ਜਿਉਂ ਹੀ 'ਪੰਡਤ' ਰਾਮ ਚੰਦ ਪਾਰਟੀ ਦੇ ਖਿਲਾਫ ਉਗਾਹੀ ਦੇਣ ਵਾਸਤੇ ਬੋਲਣ ਲਗੇ, ਇਕ ਇਨਕਲਾਬੀ ਸ੍ਰੀ ਰਾਮ ਸਿੰਘ ਨੇ ਉੱਨ੍ਹਾਂ ਨੂੰ ਕਚੈਹਰੀ ਵਿਚ ਗੋਲੀ ਨਾਲ ਮਾਰ ਦਿੱਤਾ; ਕਿਉਂਕਿ ਇਹ ਖਿਆਲ ਕੀਤਾ ਗਿਆ ਕਿ ਉਹ ਪਾਰਟੀ ਦੇ ਸਾਰੇ ਭੇਤ ਖੋਲ ਦੇਣਗੇ (Un-American Activities, p. 214)।

†Un-American Activities, p. 243.

## ਬਾਈਵਾਂ ਕਾਂਡ

# ਲਹਿਰ ਫੇਲ ਹੋਣ ਦੇ ਕਾਰਨ

ਪੰਜਾਬ ਦੇ ਪੁਲੀਸ ਅਫਸਰਾਂ, ਜਿਹੜੇ ਗਦਰ ਪਾਰਟੀ ਲਹਿਰ ਦੀ ਤਫਤੀਸ਼ ਨਾਲ ਵੀ ਸੰਬੰਧਤ ਰਹੇ, ਨੇ ਲਿਖਿਆ ਹੈ ਕਿ, "ਜਥੇਬੰਦੀ ਦੇ ਘਾਟੇ, ਘਟੀਆ ਅਗਵਾਈ, ਭੇਦ ਨਾ ਰੱਖ ਸਕਣ, ਮਿਥੇ ਹੋਏ ਨਿਸ਼ਾਨੇ ਅਤੇ ਇਸ ਤੱਕ ਪੁਜਣ ਦੇ ਪਾਪੇ ਵਲ ਧਿਆਨ ਨਾ ਦੇਣ ਦੀ ਹਿੰਦੀਆਂ ਦੀ ਆਦਤ; ਇਨ੍ਹਾਂ ਸਭ ਗਲਾਂ ਨੇ ਇਨਕਲਾਬੀਆਂ ਨੂੰ ਫੇਲ ਕਰਨ ਵਿਚ ਆਪਣਾ ਪਾਰਟ ਅਦਾ ਕੀਤਾ। ਪਰ ਇਕ ਤੋਂ ਵੱਧ ਵੇਰ ਉਨ੍ਹਾਂ (ਇਨਕਲਾਬੀਆਂ) ਦੇ ਇਰਾਦੇ ਪੂਰੇ ਹੋਣ ਵਿਚ ਮਾੜੀ ਜਿਹੀ ਕਸਰ ਰਹਿ ਗਈ ਅਤੇ ਢਾਹ ਲਗਣੋਂ ਮਸਾਂ ਮਸਾਂ ਬਚਾ ਹੋਇਆ*"। ਸਤਾਰਵੇਂ ਕਾਂਡ ਵਿਚ ਅੰਗਰੇਜ਼ੀ ਸਰਕਾਰ ਅਤੇ ਉਸਦੇ ਕਰਮ ਚਾਰੀਆਂ ਦੇ ਦਿਤੇ ਸਭ* ਹਵਾਲੇ' ਵੀ ਮੰਨਦੇ ਹਨ ਕਿ, ਉਸ ਵੇਲੇ ਦੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਹਾਲਾਤ ਦੀ ਹੋਂਦ ਵਿਚ, ਗਦਰੀ ਕਾਰਰਵਾਈਆਂ ਦੇ ਕਾਰਨ ਹਿੰਦ ਵਿਚ ਅੰਗਰੇਜ਼ੀ ਰਾਜ ਲਈ ਬਹੁਤ ਸੰਗੀਨ ਖਤਰਾ ਪੈਦਾ ਹੋ ਗਿਆ ਸੀ। ਅਰਥਾਤ ਅੰਗਰੇਜ਼ੀ ਸਰਕਾਰ ਅਤੇ ਉਸ ਦੇ ਜ਼ਿਮੇਵਾਰ ਕਰਮ ਚਾਰੀਆਂ ਦੀ ਰਾਏ ਵਿਚ ਉਸ ਸਮੇਂ ਹਿੰਦ ਵਿਚ ਗਦਰ ਕਰਾਉਣ ਦੇ ਹਾਲਾਤ ਬਹੁਤ ਮੁਆਫਕ ਸਨ, ਜਿਨ੍ਹਾਂ ਤੋਂ ਫਾਇਦਾ ਉਠਾਉਣ ਦੀ ਗਦਰੀ ਇਨਕਲਾਬੀਆਂ ਵਲੋਂ ਕੀਤੀ ਕੋਸ਼ਸ਼ ਨੂੰ ਸਫਲਤਾ ਹੋਣ ਵਿਚ ਮਾੜੀ ਜਿਹੀ ਕਸਰ ਰਹਿ ਗਈ।

ਇਸ ਵਿਚ ਸ਼ੱਕ ਨਹੀਂ ਕਿ ਗਦਰੀ ਇਨਕਲਾਬੀਆਂ ਦੀ ਜਥੇਬੰਦੀ ਅਤੇ ਅਗਵਾਈ ਵਿਚ ਕਮੀਆਂ ਸਨ, ਅਤੇ ਉਨ੍ਹਾਂ ਨੂੰ

---

*"Lack of Organization, bad leadership' incapacity to maintain secrecy, and the Indian habit of regarding the ideal as the fact accomplished, no doubt played their part in defeating the revolutionaries; but on more than one occassion their designs were dangerously near fulfilment and disaster was narrowly averted." (Isemonger and Slattery, p. 44.)

---

*ਕੇਵਲ ਰੋਲਟ ਰੀਪੋਟ (ਪੰਨਾ ੧੫੮) ਵਿਚ, ਗਦਰੀ ਇਨਕਲਾਬੀਆਂ ਦੀਆਂ ਫੌਜੀਆਂ ਨੂੰ ਪ੍ਰੇਰਨ ਸੰਬੰਧੀ ਕੋਸ਼ਸ਼ਾਂ ਦਾ ਜ਼ਿਕਰ ਕਰਦਿਆਂ ਹੋਇਆਂ, ਲਿਖਿਆ ਹੈ ਕਿ ਇਨਕਲਾਬੀਆਂ ਨੇ ਯੂ. ਪੀ. ਦੀਆਂ ਛਾਉਣੀਆਂ ਮੇਰਠ, ਕਾਨਪੁਰ, ਅਲਾਹਬਾਦ, ਬਨਾਰਸ, ਫੈਜ਼ਾਬਾਦ ਅਤੇ ਲਖਨੱਊ ਵਿਚ ਫੌਜੀਆਂ ਨੂੰ ਮਿਲਣ ਦੀ ਕੋਸ਼ਸ਼ ਕੀਤੀ। ਅਗਲੇ ਵਾਕ ਵਿਚ ਲਿਖਿਆ ਹੈ ਕਿ ਕਾਮਯਾਬੀ ਬਹੁਤ ਘੱਟ ਹੋਈ। ਇਹ ਇਸ ਤਰ੍ਹਾਂ ਲਿਖਿਆ ਗਿਆ ਹੈ ਕਿ ਨਿਖੇੜ ਕੇ ਪਤਾ ਨਹੀਂ ਲਗਦਾ ਕਿ ਕਾਮਯਾਬੀ ਕੇਵਲ ਯੂ. ਪੀ. ਦੀਆਂ ਛਾਉਣੀਆਂ ਵਿਚ ਘੱਟ ਹੋਈ, ਜਾਂ ਪੰਜਾਬ ਅਤੇ ਸਰਹੱਦੀ ਸੂਬੇ ਆਦਿ ਹੋਰ ਥਾਈਂ ਵੀ। ਅਠਾਰਵੇਂ ਕਾਂਡ ਵਿਚ ਦੱਸਿਆ ਜਾ ਚੁਕਾ ਹੈ ਕਿ ਇਨਕਲਾਬੀਆਂ ਦੀ ਇਹ ਪਲੈਨ ਨਹੀਂ ਸੀ ਕਿ ਸਾਰੀਆਂ ਛਾਉਣੀਆਂ ਵਿਚ ਇਕੇ ਵੇਲੇ ਗਦਰ ਸ਼ੁਰੂ ਕਰਵਾਇਆ ਜਾਏ। ਗਦਰੀਆਂ ਦੇ ਇਨਕਲਾਬ ਦਾ ਅਸਲੀ ਅੱਡਾ ਪੰਜਾਬ ਸੀ, ਅਤੇ ਉਨ੍ਹਾਂ ਨੂੰ ਆਸ ਸੀ ਕਿ ਪੰਜਾਬ ਵਿਚ ਗਦਰ ਹੋ ਜਾਣ ਦੀ ਸੂਰਤ ਵਿਚ ਬਾਕੀ ਥਾਵਾਂ ਦੇ ਫੌਜੀ ਵੀ ਇਸ ਗਦਰ ਵਿਚ ਸ਼ਾਮਲ ਹੋ ਜਾਣਗੇ, ਬਸ਼ੱਰਤਿਕਿ ਓਥੇ ਅਗਾਊਂ ਇਤਲਾਹ ਦਿੱਤੀ ਹੋਵੇ ਅਤੇ ਥੋੜੇ ਬਹੁਤ ਹਮਦਰਦ ਪੈਦਾ ਕੀਤੇ ਹੋਣ। ਰੋਲਟ ਰੀਪੋਟ (ਪੰਨਾ ੧੬੧) ਵਿਚ ਵੀ ਮੰਨਿਆ ਗਿਆ ਹੈ ਕਿ ਪੰਜਾਬ ਵਿਚ ਖ਼ੂਨ-ਰੇਜ਼ੀ ਹੋਣੋਂ ਵਾਲ ਕੁ ਦੀ ਵਿੱਥ ਰਹਿ ਗਈ।



Digitized by Panjab Digital Library | www.panjabdigilib.org

ਭੇਦ ਰਖ ਸਕਣ ਆਦਿ ਇਨਕਲਾਬੀ ਤਰੀਕਾਕਾਰਾਂ ਦੀ ਵਰਤੋਂ ਦਾ ਤਜੱਰਬਾ ਨਹੀਂ ਸੀ। ਇਹ ਗਲਾਂ ਵੀ ਗਦਰ ਪਾਰਟੀ ਲਹਿਰ ਦੀ ਹਿੰਦ ਵਿਚ ਨਾ-ਕਾਮਯਾਬੀ ਦਾ ਕਾਰਨ ਬਣੀਆਂ। ਪਰ ਗਦਰ ਪਾਰਟੀ ਲਹਿਰ ਦੇ ਹਿੰਦ ਵਿਚ ਫੇਲ ਹੋਣ ਦਾ ਸਭ ਤੋਂ ਵੱਡਾ ਅਤੇ ਅਸਲ ਕਾਰਨ ਇਹ ਸੀ ਕਿ ਮੁਲਕ ਸਮੁਚੇ ਤੌਰ ਉਤੇ ਉਸ ਕਿਸਮ ਦੇ ਇਨਕਲਾਬੀ ਬਲਵੇ ਲਈ ਤਿਆਰ ਨਹੀਂ ਸੀ, ਜਿਸ ਨੂੰ ਕਰਾਉਣ ਲਈ ਗਦਰ ਪਾਰਟੀ ਦੇ ਇਨਕਲਾਬੀਆਂ ਯਤਨ ਕੀਤਾ। ਕਿਉਂਕਿ ਜੇ ਦੇਸ ਵਾਸੀਆਂ ਦੀ ਕਾਫੀ ਗਿਣਤੀ ਇਨਕਲਾਬੀ ਹੱਲੇ ਲਈ ਤਿਆਰ ਹੁੰਦੀ, ਤਾਂ ਇਨ੍ਹਾਂ ਕਮੀਆਂ ਦੇ ਬਾਵਜੂਦ ਗਦਰ ਹੋਣੋਂ ਨਹੀਂ ਸੀ ਰੁਕ ਸਕਦਾ। ਜੇਕਰ ਸੰਸਾਰ ਯੁਧ ਦੇ ਕਾਰਨ ਹਿੰਦੀ ਫੌਜੀਆਂ ਵਿਚ ਪੈਦਾ ਹੋਈ ਮਨੋਂ-ਵਿਗਿਆਨਕ ਅਵੱਸਥਾ, ਅਤੇ ਚੰਦ ਇਕ ਬੰਗਾਲੀ ਇਨਕਲਾਬੀਆਂ ਦੇ ਗ਼ਦਰ ਪਾਰਟੀ ਦੇ ਇਨਕਲਾਬੀਆਂ ਨਾਲ ਮੇਲ, ਨੇ ਹਿੰਦ ਵਿਚ ਅੰਗਰੇਜ਼ੀ ਹਕੂਮਤ ਵਾਸਤੇ ਓਹ ਸੰਗੀਨ ਖਤਰਾ ਪੈਦਾ ਕਰ ਦਿਤਾ ਜਿਸ ਨੂੰ ਬਦੇਸ਼ੀ ਹਕੂਮਤ ਅਤੇ ਉਸਦੇ ਜ਼ਿਮੇਵਾਰ ਕਰਮਚਾਰੀ ਆਪ ਮੰਨੇ ਹਨ, ਤਾਂ ਦੇਸ਼ ਵਾਸੀਆਂ ਦੀ ਕਾਫੀ ਗਿਣਤੀ ਦੇ ਗਦਰੀ ਇਨਕਲਾਬੀਆਂ ਦਾ ਸਾਥ ਦੇਣ ਦੀ ਸੂਰਤ ਵਿਚ ਨਤੀਜਾ ਨਿਰਸੰਦੇਹ ਹੋਰ ਦਾ ਹੋਰ ਨਿਕਲਦਾ।

**ਦੇਸ਼ ਵਾਸੀਆਂ ਨੇ ਗਦਰੀ ਇਨਕਲਾਬੀਆਂ ਦਾ ਕਿਉਂ ਨਾ ਸਾਥ ਦਿਤਾ? ਇਹ ਆਪਣੇ ਆਪ ਵਿਚ ਇਕ ਵੱਡਾ ਸਵਾਲ ਹੈ ਜਿਸ ਦੀ ਏਥੇ ਵਿਸਥਾਰ ਨਾਲ ਵਿਆਖਿਆ ਨਹੀਂ ਕੀਤੀ ਜਾ ਸਕਦੀ; ਕਿਉਂਕਿ ਇਸ ਦਾ ਪਛੋਕੜ ਪੁਰਾਣੇ ਇਤਹਾਸਕ ਤੇ ਭਾਈਚਾਰਕ ਕਾਰਨਾਂ ਅਤੇ ਕੌਮੀ ਲਹਿਰ ਦੇ ਸ਼ੁਰੂ ਤੋਂ ਲੈਕੇ ਵਿਕਾਸ ਦੇ ਢੰਗ ਨਾਲ ਜਾ ਮਿਲਦਾ ਹੈ। ਗਦਰ ਪਾਰਟੀ ਲਹਿਰ ਦੇ ਫੇਲ ਹੋਣ ਦੇ ਇਸ ਮੁਖ ਕਾਰਨ ਨੂੰ ਸਮਝਣ ਖਾਤਰ ਇਤਨਾਂ** ਕਾਫੀ ਹੈ ਕਿ ਦੇਸ ਦੇ ਵਡੇ ਵਡੇ ਅਨਸਰਾਂ ਦੇ ਇਸ ਲਹਿਰ ਵਲ ਧਾਰਨ ਕੀਤੇ, ਜਾਂ ਕੀਤੇ ਜਾ ਸਕਣ ਵਾਲੇ, ਰਵੱਈਏ ਦਾ ਸੰਖੇਪ ਜ਼ਿਕਰ ਕਰ ਦਿਤਾ ਜਾਏ।

ਇਨਕਲਾਬੀ ਸ਼ਕਤੀ ਦਾ ਸੋਮਾ ਸਾਧਾਰਨ ਜਨਤਾ ਹੁੰਦੀ ਹੈ, ਅਤੇ ਹਿੰਦੀ ਸਾਧਾਰਨ ਜਨਤਾ ਰਾਜਸੀ ਚੇਤੰਨਤਾ ਤੋਂ ਉਸ ਸਮੇਂ ਤਕਰੀਬਨ ਅਛੋਹ ਸੀ। ਕੌਮੀਅਤ ਦਾ ਸਿਧਾਂਤ ਅਤੇ ਜਜ਼ਬਾ, ਉਸ ਸ਼ਕਲ ਵਿਚ ਜਿਸ ਵਿਚ ਇਹ ਮੌਜੂਦਾ ਜ਼ਮਾਨੇ ਵਿਚ ਵਿਖਾਈ ਦੇਂਦਾ ਹੈ, ਸਰਮਾਏਦਾਰੀ ਪ੍ਰਬੰਧ ਦੀ ਪੈਦਾਇਸ਼ ਹੈ; ਅਤੇ ਹਿੰਦ ਵਿਚ ਵੀ ਇਸ ਦਾ ਅਸਰ ਪਹਿਲਾਂ ਉਨ੍ਹਾਂ ਤਬਕਿਆਂ ਅਤੇ ਸ਼੍ਰੇਣੀਆਂ ਵਿਚ ਪ੍ਰਗਟ ਹੋਇਆ, ਜਿਨ੍ਹਾਂ ਦਾ ਸਰਮਾਏਦਾਰੀ ਪ੍ਰਬੰਧ ਨਾਲ ਪਹਿਲਾਂ ਸਿੱਧਾ ਵਾਹ ਪਿਆ, ਜਾਂ ਜਿਨ੍ਹਾਂ ਨੂੰ ਯੂਰਪੀਨ ਸਾਹਿਤ ਪੜ੍ਹਨ ਦਾ ਮੌਕਿਆ ਮਿਲਿਆ। ਇਨ੍ਹਾਂ ਸ਼੍ਰੇਣੀਆਂ ਅਥਵਾ ਤਬਕਿਆਂ ਅਤੇ ਸਾਧਾਰਨ ਜਨਤਾ ਵਿਚਕਾਰ ਰਾਜਸੀ ਵੀਚਾਰਾਂ ਦੀ ਸਾਂਝ ਨਾ ਪੈਦਾ ਹੋਈ ਸੀ, ਅਤੇ ਨਾ ਪੈਦਾ ਕਰਨ ਦੀ ਕੋਸ਼ਸ਼ ਕੀਤੀ ਗਈ ਸੀ। ਪੇਂਡੂ ਜਨਤਾ ਵਿਚ ਰਜਵਾੜਿਆਂ, ਜਾਗੀਰਦਾਰਾਂ ਅਤੇ ਉਨ੍ਹਾਂ ਦੇ ਏਜੰਟਾਂ ਆਦਿ ਉਨ੍ਹਾਂ ਅਨਸਰਾਂ ਦਾ ਅਸਰ ਰਸੂਖ ਵਧੇਰੇ ਸੀ, ਜਿਨ੍ਹਾਂ ਨੂੰ ੧੮੫੭ ਦੇ ਗਦਰ ਤੋਂ ਸਬਕ ਸਿੱਖ ਕੇ ਅੰਗਰੇਜ਼ੀ ਸਰਕਾਰ ਨੇ ਆਪਣੇ ਨਾਲ ਇਸਤਰ੍ਹਾਂ ਗੰਢ ਲਿਆ ਸੀ ਕਿ ਉਨ੍ਹਾਂ ਦੇ ਹਿਤ ਅੰਗਰੇਜ਼ੀ ਰਾਜ ਨੂੰ ਕਾਇਮ ਰਖਣ ਨਾਲ ਮੇਲ ਖਾਣ ਲਗ ਪਏ ਸਨ। ਜਨਤਾ ਦੇ ਮਨ ਉਤੇ ਅੰਗਰੇਜ਼ੀ ਰਾਜ ਵਿਚ ਪੈਦਾ ਹੋਏ ਅਮਨ ਚੈਨ ਅਤੇ ਜ਼ਿੰਦਗੀ ਦੇ ਸੁਖ ਨੂੰ ਵਧਾਉਣ ਵਾਲੇ ਸਾਧਨਾਂ ਦੇ ਵਾਧਿਆਂ ਦਾ ਵੀ ਅਸਰ ਸੀ*; ਪਰ ਇਸ ਦੇ ਦੂਸਰੇ ਬੰਨੇ ਅੰਗਰੇਜ਼ੀ ਰਾਜ ਵਿਰੁਧ ਗੁਝੀ ਗੁਝੀ ਮੁਖਾਲਫਤ ਵੀ ਜ਼ਰੂਰ ਸੀ, ਜੋ ਇਕ ਬਦੇਸ਼ੀ ਰਾਜ ਦੇ ਬਰਖਲਾਫ ਕੁਦਰਤੀ ਤੌਰ ਉਤੇ ਆਪਣੇ ਆਪ ਪੈਦਾ ਹੁੰਦੀ ਹੈ, ਅਤੇ ਜੋ ਇਸ ਤੋਂ ਜ਼ਾਹਰ ਹੁੰਦੀ ਕਿ ਆਮ ਲੋਕੀਂ ਜਰਮਨੀ ਦੀਆਂ ਸ਼ੁਰੂ ਵਿਚ ਹੋਈਆਂ ਜਿੱਤਾਂ ਬਾਰੇ ਸੁਣ ਕੇ ਇਕ ਕਿਸਮ ਦੀ ਖੁਸ਼ੀ ਅਤੇ ਤਸੱਲੀ ਲੈਂਦੇ। ਅਰਥਾਤ ਹਿੰਦ ਦੀ ਜਨਤਾ ਇਕ ਘੂਕ ਸੁਤੇ ਹੋਏ ਸ਼ਕਤੀ ਵਾਨ ਦੇਓ ਵਾਂਗੂੰ ਸੀ, ਜਿਸ ਦੀ ਸ਼ਕਤੀ ਬਾਰੇ ਪਤਾ ਨਹੀਂ ਸੀ ਕਿ ਕਿਸ ਬੰਨੇ ਵਰਤ ਲਈ ਜਾਵੇ। ਇਕ ਵੇਰ ਗਦਰ ਮਚ ਪੈਣ ਦੀ ਸੂਰਤ ਵਿਚ ਬਹੁਤ ਸੰਭਾਵਨਾ ਸੀ ਕਿ ਜਨਤਾ ਦੀਆਂ ਅੱਖਾਂ ਇਸ ਦੇ ਹਲੂਣੇ ਨਾਲ ਇਕਦੱਮ ਉਘੜ ਪੈਣ, ਅਤੇ ਉਸ ਦੀ ਸੁੱਤੀ ਹੋਈ ਇਨਕਲਾਬੀ ਸ਼ਕਤੀ ਜਾਗ ਕੇ ਇਸ ਨੂੰ ਸਫਲ ਕਰਨ ਵਿਚ ਜੁੱਟ ਪਵੇ। ਸਤਾਰਵੇਂ ਕਾਂਡ (ਪੰਨਾ ੪੫੫) ਵਿਚ ਵੇਖਿਆ ਜਾ ਚੁਕਾ ਹੈ ਕਿ ਪੰਜਾਬ ਦੇ ਕਈ ਹਿੱਸਿਆਂ ਦੀ ਪੇਂਡੂ ਜਨਤਾ ਦਾ ਉਲਾਰ ਕਿਵੇਂ ਸਹਿਲੇ ਇਨਕਲਾਬੀਆਂ ਵੱਲ ਹੋ ਗਿਆ, ਅਤੇ ਕਈ ਜ਼ਿਲਿਆਂ ਵਿਚ ਕਿਵੇਂ ਜਰਮਨ ਕੈਸਰ ਦੇ ਨਾਮ ਹੇਠਾਂ ਗੜ ਬੜ ਸ਼ੁਰੂ ਕਰ ਦਿੱਤੀ ਗਈ। ਪਰ ਰਾਜਸੀ ਜਾਗਰਤੀ ਤੋਂ ਕੋਰੀ ਜਨਤਾ ਨੂੰ ਭੁਲੇਖੇ ਵਿਚ ਪਾਕੇ ਅਤੇ ਵਰਗਲਾ ਕੇ ਇਨਕਲਾਬੀਆਂ ਦੇ ਵਿਰੁਧ ਵਰਤਣਾ ਵੀ ਇਤਨਾ ਹੀ ਸੌਖਾ ਸੀ। ਬਲਕਿ ਇਨਕਲਾਬੀਆਂ ਦਾ ਜਨਤਾ ਨਾਲ ਨਵਾਂ ਨਵਾਂ ਮੇਲ ਹੋਇਆ ਸੀ ਅਤੇ ਉਹ ਵੀ ਬਹੁਤ ਥੋੜੀ ਗਿਣਤੀ ਦੇ ਬੰਦਿਆਂ ਨਾਲ, ਅਤੇ ਅੰਗਰੇਜ਼ੀ ਹਕੂਮਤ ਦੇ ਪੁਰਜ਼ਿਆਂ ਅਤੇ ਏਜੰਟਾਂ ਦੇ ਜਨਤਾ ਨਾਲ ਉਨ੍ਹਾਂ ਦੇ ਮੁਕਾਬਲੇ ਬਹੁਤ ਵਧੇਰੇ ਅਤੇ ਪੁਰਾਣੇ ਮੇਲ ਸਨ। ਸਰਕਾਰੀ ਪਲੜਾ ਭਾਰੀ ਹੋ ਗਿਆ ਅਤੇ ਅੰਗਰੇਜ਼ਾਂ ਦੇ ਚਤਰ ਕਰਮਚਾਰੀਆਂ ਨੇ ਗਦਰੀ ਇਨਕਲਾਬੀਆਂ ਨੂੰ ਲੋਕਾਂ ਪ੍ਰਤਿ ਸਾਧਾਰਨ ਡਾਕੂ ਜ਼ਾਹਰ ਕਰਕੇ ਉਨ੍ਹਾਂ ਦੀ ਮਦਦ ਇਨਕਲਾਬੀਆਂ ਨੂੰ ਗ੍ਰਿਫਤਾਰ ਕਰਨ ਵਿਚ ਲਈ*। ਏਥੋਂ ਤਕ ਕਿ ਅੰਗਰੇਜ਼ੀ ਸਰਕਾਰ, ਟਵਾਣੇ ਤੇ ਕਜ਼ਲਬਾਸ਼ ਵਰਗੇ ਜਾਗੀਰਦਾਰ ਅਨਸਰਾਂ ਅਤੇ ਆਪਣੀਆਂ ਜ਼ੈਲਦਾਰਾਂ ਵਰਗੀਆਂ ਏਜੰਸੀਆਂ ਰਾਹੀਂ, ਹਿੰਦ ਦੀ ਮੁਸਲਮਾਨ ਜਨਤਾ ਵਿਚ ਉਸ ਇਸਲਾਮ-ਹਮਾਇਤੀ ਜਜ਼ਬੇ (ਜਿਸ ਨੂੰ ਇਨਕ-ਲਾਬੀ ਜਜ਼ਬੇ ਨਾਲੋਂ ਉਭਾਰਨਾ ਸੌਖਾ ਸੀ, ਕਿਉਂਕਿ ਮਜ਼ਹਬੀ ਸੰਸਕਾਰ ਜਨਤਾ ਵਿਚ ਪੁਰਾਣੇ ਚਲੇ ਆਉਂਦੇ ਸਨ) ਨੂੰ ਵੀ ਸੁਆਈ ਰੱਖਣ ਵਿਚ ਕਾਮਯਾਬ ਰਹੀ, ਜਿਸ ਦੇ ਤੁਰਕੀ ਦੇ ਉਸ ਵਿਰੁਧ ਲੜਾਈ ਵਿਚ ਸ਼ਾਮਲ ਹੋ ਜਾਣ ਕਰਕੇ ਜਾਗ ਪੈਣ ਦਾ ਅੰਗਰੇਜ਼ੀ ਸਰਕਾਰ ਨੂੰ ਖੁਦ ਤੌਖਲਾ ਸੀ*। ਧਾਰਮਕ ਅਤੇ ਫਿਰਕੂ ਸੰਸਥਾਵਾਂ, ਜੋ ਮਜ਼ਹਬ ਅਤੇ ਫਿਰਕਿਆਂ ਦੇ ਨਾਮ ਉੱਤੇ ਹਿੰਦੀਆਂ ਨੂੰ ਲੜਾਉਣ ਵਿਚ ਇਕ ਦੂਜੇ ਦੇ ਉਲਟ ਚਲਦੀਆਂ ਸਨ, ਵੀ ਅੰਗਰੇਜ਼ੀ ਹਕੂਮਤ ਦੀ ਮਦਦ ਕਰਨ ਦੇ ਮਸਲੇ ਉੱਤੇ ਇਕ ਰਾਏ ਹੋ ਗਈਆਂ, ਅਤੇ ਸਭ ਧਰਮਾਂ ਦੇ ਧਰਮ ਮੰਦਰਾਂ ਵਿਚ ਅੰਗਰੇਜ਼ਾਂ ਦੀ ਫਤਹ ਲਈ ਪ੍ਰਾਰਥਨਾਂ ਕੀਤੀਆਂ ਜਾਂਦੀਆਂ†।

**ਜਿਨ੍ਹਾਂ ਤਬਕਿਆਂ ਵਿਚ ਕੌਮੀ ਜਾਗਰਤੀ ਆਈ ਹੋਈ ਸੀ ਉਨ੍ਹਾਂ ਵੀ, ਸਵਾਏ ਬੰਗਾਲ ਅਤੇ ਹੋਰ ਥਾਵਾਂ ਦੇ ਇਕੜ ਦੁਕੜ ਇਨਕਲਾਬੀਆਂ ਦੇ, ਗਦਰੀ ਇਨਕਲਾਬੀਆਂ ਦਾ ਸਾਥ ਨਾ ਦਿੱਤਾ। ਇਸ ਦਾ ਵੱਡਾ ਸਬੱਬ ਤਾਂ ਇਹ ਸੀ ਕਿ ਵਿਅੱਕਤੀਆਂ ਨੂੰ ਛੱਡਕੇ ਸਮੁਚੇ ਤੌਰ ਉਤੇ ਇਹ ਤਬਕੇ ਇਨਕਲਾਬੀ ਰਾਹ ਦੀ ਕੀਮਤ ਦੇਣ ਲਈ ਤਿਆਰ ਨਹੀਂ ਸਨ ਹੋਏ, ਪਰ ਇਸ ਦੇ ਨਾਲ ਲਗਵੇਂ ਜਾਂ ਵਖਰੇ ਹੋਰ ਕਾਰਨ ਵੀ ਸਨ। ਜਿਨ੍ਹਾਂ ਤਬਕਿਆਂ ਦੇ ਕਈ ਅਨਸਰਾਂ ਦੇ ਹਿਤ ਅੰਗਰੇਜ਼ੀ ਸਾਮਰਾਜ ਨਾਲ ਜੁੜੇ ਹੋਏ ਸਨ, ਜਾਂ ਉਨ੍ਹਾਂ ਦੀਆਂ ਅੱਖਾਂ ਅੰਗਰੇਜ਼ੀ ਸਰਕਾਰ ਤੋਂ ਨੌਕਰੀਆਂ ਅਤੇ ਰਿਆਇਤਾਂ ਲੈਣ ਵਲ ਲੱਗੀਆਂ ਹੋਈਆਂ ਸਨ। ਕਈਆਂ ਦੀਆਂ ਨਜ਼ਰਾਂ**

*O'Dwyer, p. 198.

*Rowlatt Report, p. 174.

†Official Reports of Parliamentary Debates, (Common S), 1917, Vol. LXXXXV, p. 2243.



Digitized by Panjab Digital Library | www.panjabdigilib.org

ਯੂਰਪੀਨ ਤਹਿਜ਼ੀਬ ਦੇ ਲਸ਼ਕਾਰੇ ਅਤੇ ਅੰਗਰੇਜ਼ਾਂ ਦੀਆਂ ਇਨਸਾਫ਼ ਦੀਆਂ ਡੀਂਗਾਂ ਨਾਲ ਇਤਨੀਆਂ ਚੁੰਧਿਆ ਗਈਆਂ ਸਨ ਕਿ ਉਹ ਅੰਗਰੇਜ਼ੀ ਸਾਮਰਾਜ ਦੇ ਅਸਲੇ ਨੂੰ ਨਹੀਂ ਸਨ ਸਮਝ ਸਕੇ। 'ਮਹਾਤਮਾ' ਗਾਂਧੀ ਪਹਿਲੇ ਸੰਸਾਰ ਯੁਧ ਦੇ ਦੌਰਾਨ ਵਿਚ ਅੰਗ੍ਰੇਜ਼ਾਂ ਨੂੰ ਭਰਤੀ ਦੇਣ ਵਿਚ ਰੁਝੇ ਰਹੇ। ਸ੍ਰੀ ਗੋਖਲੇ ਨੂੰ ਵਾਇਸਰਾਏ ਨੇ ਪੁਛਿਆ ਕਿ ਜੇ ਉਨ੍ਹਾਂ ਨੂੰ ਇਹ ਦੱਸਿਆ ਜਾਏ ਕਿ ਅੰਗਰੇਜ਼ ਹਿੰਦ ਛੱਡ ਰਹੇ ਹਨ, ਤਾਂ ਉਨ੍ਹਾਂ ਦਾ ਕੀ ਪ੍ਰਤਿਕਰਮ ਹੋਵੇਗਾ ? ਸ੍ਰੀ ਗੋਖਲੇ ਨੇ ਜਵਾਬ ਦਿੱਤਾ ਕਿ ਉਹ ਇਹ ਗਲ ਸੁਣ ਕੇ ਪਹਿਲਾਂ ਤਾਂ ਬੜੇ ਖ਼ੁਸ਼ ਹੋਣਗੇ, ਪਰ ਅੰਗਰੇਜ਼ਾਂ ਦੇ ਅਦਨ ਪੁਜਣ ਤੋਂ ਪਹਿਲੋਂ ਉਨ੍ਹਾਂ ਨੂੰ ਵਾਪਸ ਪਰਤ ਆਉਣ ਲਈ ਤਾਰ ਦੇਣਗੇ* । ਇਹ ਮਿਸਾਲਾਂ 'ਮਹਾਤਮਾ' ਗਾਂਧੀ ਜਾਂ ਸ੍ਰੀ ਗੋਖਲੇ ਦੀ ਦੇਸ਼ ਭਗਤੀ ਉਤੇ ਧੱਬਾ ਲਾਉਣ ਲਈ ਨਹੀਂ ਦਿੱਤੀਆਂ ਗਈਆਂ; ਕਿਉਂਕਿ ਉਨ੍ਹਾਂ ਦੇ ਨਜ਼ਰੀਏ ਨਾਲ ਰਾਏ ਦਾ ਵਖੇਵਾਂ ਤਾਂ ਹੋ ਸਕਦਾ ਹੈ, ਪਰ ਉਨ੍ਹਾਂ ਦੀ ਦੇਸ਼-ਭਗਤੀ ਬਾਰੇ ਸ਼ੱਕ ਕਰਨਾ ਚੰਦ ਉਤੇ ਥੁਕਣ ਬਰਾਬਰ ਹੈ। ਇਹ ਮਿਸਾਲਾਂ ਕੇਵਲ ਇਹ ਜ਼ਾਹਰ ਕਰਨ ਵਾਸਤੇ ਹਨ ਕਿ ਮੁਲਕ ਦੇ ਰਾਜਸੀ ਤੌਰ ਉੱਤੇ ਜਾਗੇ ਹੋਏ ਤਬਕੇ ਵਿਚ ਕਿਸ ਕਿਸਮ ਦਾ ਮਹੌਲ ਪਸਰਿਆ ਹੋਇਆ ਸੀ, ਅਤੇ ਦੇਸ ਦੇ ਚੋਟੀ ਦੇ ਨੀਤੀ-ਵਾਨ ਵੀ ਅੰਗਰੇਜ਼ੀ ਸਾਮਰਾਜ ਨੂੰ ਕਿਨ੍ਹਾਂ ਐਨਕਾਂ ਰਾਹੀਂ ਵੇਖਦੇ ਸਨ।

ਦੇਸ ਦੇ ਇਨਕਲਾਬੀ ਅਨਸਰਾਂ ਨੂੰ ਅੰਗਰੇਜ਼ੀ ਸਾਮਰਾਜ ਦਿਆਂ ਲਾਰਿਆਂ ਉਤੇ ਭਰੋਸਾ ਨਹੀਂ ਸੀ, ਪਰ ਉਨ੍ਹਾਂ ਤਰਾਸਵਾਦ ਦਾ ਐਸਾ ਰਾਹ ਚੁਣਿਆ ਹੋਇਆ ਸੀ, ਜੋ ਅੰਗਰੇਜ਼ੀ ਸਾਮਰਾਜੀ ਪ੍ਰਬੰਧ ਉਲਟਾਉਣ ਲਈ ਕਾਰਗਰ ਨਹੀਂ ਸੀ। ਜਨਤਾ ਦੀ ਇਨਕਲਾਬੀ ਸ਼ਕਤੀ ਦਾ ਗਿਆਨ ਰੂਸ ਵਿਚ ਹੋਈ ਬਾਲਸ਼ਵਿਕ ਜੁਗ ਗਰਦੀ ਅਤੇ ਇਸ ਤੋਂ ਪਿਛੋਂ ਕਮਿਊਨਿਸਟ ਤਰੀਕਾਰਾਂ ਦੀ ਵਰਤੋਂ ਨੇ ਸਪੱਸ਼ਟ ਰੂਪ ਵਿਚ ਲੋਕਾਂ ਦੇ ਸਾਹਮਣੇ ਲਿਆਂਦਾ। ਇਸ ਵਾਸਤੇ ਇਹ ਸਮਝਿਆ ਜਾ ਸਕਦਾ ਹੈ ਕਿ ਪਹਿਲੇ ਸੰਸਾਰ ਯੁਧ ਤੋਂ ਪਹਿਲੋਂ ਇਨਕਲਾਬੀਆਂ ਦਾ ਜਨਤਕ ਇਨਕਲਾਬ ਕਰਨ ਵਲ ਕਿਉਂ ਨਾ ਧਿਆਨ ਹੋਇਆ। ਪਰ ਕਈ ਅਧੀਨ ਮੁਲਕ ਫੌਜੀ ਬਗਾਵਤ ਦੇ ਆਸਰੇ ਆਜ਼ਾਦ ਹੋਏ ਸਨ। ਇਸ ਬੰਨੇ ਪਹਿਲੇ ਸੰਸਾਰ ਯੁਧ ਤੋਂ ਪਹਿਲੋਂ ਹਿੰਦੀ ਇਨਕਲਾਬੀਆਂ ਦੇ ਖਾਸ ਨਾ ਧਿਆਨ ਦੇਣ ਦਾ ਵਡਾ ਸਬੱਬ ਸ਼ਾਇਦ ਇਹ ਸੀ ਕਿ, ਜਿਨ੍ਹਾਂ ਹਲਕਿਆਂ ਵਿਚ ਉਸ ਸਮੇਂ ਇਨਕਲਾਬੀ ਜਾਗ ਲਗੀ ਸੀ, ਉਨ੍ਹਾਂ ਨੂੰ ਫੌਜੀਆਂ ਨਾਲ ਨੇੜ ਪੈਦਾ ਕਰਨ ਦੇ ਮੌਕਿਆ ਨਹੀਂ ਸਨ। ਕਾਰਨ ਇਹ ਸੀ ਜਾਂ ਹੋਰ ਵੀ, ਇਹ ਹਕੀਕਤ ਹੈ ਕਿ ਗਦਰੀ ਇਨਕਲਾਬੀਆਂ ਤੋਂ ਪਹਿਲੋਂ ਫੌਜੀ ਬਗਾਵਤ ਕਰਵਾਉਣ ਵਲ ਧਿਆਨ ਨਾ ਦਿਤਾ ਗਿਆ, ਅਤੇ ਹਿੰਦ ਦੇ ਇਨਕਲਾਬੀ ਮੰਡਲ ਵਿਚ ਤਰਾਸਵਾਦੀ ਤਰੀਕਾਕਾਰ ਛਾਇਆ ਹੋਇਆ ਸੀ।

ਤਰਾਸਵਾਦੀ ਰੁਚੀ ਦੇ ਇਨਕਲਾਬੀ ਹਲਕਿਆਂ ਵਿਚ ਛਾਅ ਜਾਣ ਦੇ ਦੋ ਵਡੇ ਨੁਕਸਾਨ ਹੋਏ। ੧੮੫੭ ਦੇ ਗਦਰ ਦੀ ਅਸੱਫਲਤਾ ਅਤੇ ਮਸ਼ੀਨੀ ਇਨਕਲਾਬ ਦੇ ਸਬੱਬ ਯੂਰਪੀਨ ਕੌਮਾਂ ਹੱਥ ਆਏ ਗਲਬਾ ਪਾਊ ਹਥਿਆਰਾਂ ਨੂੰ ਸਾਹਮਣੇ ਰਖਦਿਆਂ ਹੋਇਆਂ, ਇਨਕਲਾਬੀ ਹਲਕਿਆਂ ਤੋਂ ਬਾਹਰ ਦੇਸ ਵਿਚ ਅਗੇ ਹੀ ਇਸ ਵੀਚਾਰ ਦਾ ਜ਼ੋਰ ਸੀ ਕਿ ਅੰਗਰੇਜ਼ੀ ਹਕੂਮਤ ਨੂੰ ਹਥਿਆਰ-ਬੰਦ ਬਲਵੇ ਰਾਹੀਂ ਉਲਟਾਉਣ ਦਾ ਯਤਨ ਕਰਨਾ ਪਾਗਲਪਨ ਜਾਂ ਜਨੂਨ ਦੇ ਤੁਲ ਹੈ। ਅੰਗਰੇਜ਼ੀ ਸਾਮਰਾਜ ਵਿਰੁਧ ਤਰਾਸਵਾਦੀ ਤਰੀਕਾਕਾਰ ਦੀ ਕੁਝ ਸਾਲਾਂ ਦੀ ਵਰਤੋਂ ਨੇ ਇਹ ਬਿਲਕੁਲ ਸਪੱਸ਼ਟ ਕਰ ਦਿੱਤਾ ਸੀ ਕਿ ਇਸ ਵਿਚ ਸਫਲਤਾ ਦੇ ਬੀਜ ਨਹੀਂ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਗੈਰ ਇਨਕਲਾਬੀ ਹਲਕਿਆਂ ਵਿਚ ਉਪਰ ਦੱਸਿਆ ਵੀਚਾਰ ਹੋਰ ਜ਼ੋਰ ਫੜ ਗਿਆ; ਅਤੇ ਸ੍ਰੀ ਤਿਲਕ, ਜੋ ਉਸ ਸਮੇਂ ਦੀ ਰਾਜਸੀ ਗਰਮ ਖਿਆਲੀ ਦੇ ਤਿੱਖੇ ਸਿਰੇ ਸਨ, ਨੇ ਵੀ ਅਗੱਸਤ ੧੯੧੪ ਵਿਚ ਤਸ਼ੱਦਦ ਦੇ ਤਰੀਕਿਆਂ ਦੀ ਵਰਤੋਂ ਦੀ ਨਿਖੇਧੀ ਕਰ ਦਿੱਤੀ* ।

ਤਰਾਸਵਾਦੀ ਰੁਚੀ ਦੇ ਛਾਅ ਜਾਣ ਦਾ ਦੂਸਰਾ ਵੱਡਾ ਨੁਕਸਾਨ ਇਹ ਹੋਇਆ ਕਿ ਇਨਕਲਾਬੀ ਹਲਕਿਆਂ ਨੇ ਵੀ ਹਥਿਆਰਬੰਦ ਬਲਵੇ ਦੇ ਹੋਰ ਸਾਧਨਾਂ ਵਲ ਵਿਸ਼ੇਸ਼ ਧਿਆਨ ਨਾ ਦਿੱਤਾ। ਸ੍ਰੀ ਸਾਨਿਯਾਲ ਲਿਖਦੇ ਹਨ ਕਿ ਉਨ੍ਹਾਂ ਦੇ ਅਤੇ ਸ੍ਰੀ ਰਾਸ਼ ਬਿਹਾਰੀ ਬੋਸ਼ ਦੇ ਤਰਾਸਵਾਦੀਆਂ ਦੇ ਕੇਂਦ੍ਰ ਨਾਲ ਵੀਚਾਰ ਨਹੀਂ ਸਨ ਮਿਲਦੇ, ਕਿਉਂਕਿ ਤਰਾਸਵਾਦੀ ਸ਼ਸਤ੍ਰ-ਢੰਗਾ ਕਰਨ ਲਈ ਕੋਈ ਉੱਦਮ ਨਹੀਂ ਸਨ ਕਰਦੇ† । ਪਰ ਸ੍ਰੀ ਬੋਸ਼ ਅਤੇ ਉਨ੍ਹਾਂ ਦੇ ਸਾਥੀਆਂ, ਜਿਨ੍ਹਾਂ ਗਦਰੀ ਇਨਕਲਾਬੀਆਂ ਦਾ ਸਾਥ ਦਿੱਤਾ, ਨੇ ਵੀ, ਗਦਰੀ ਇਨਕਲਾਬੀਆਂ ਨਾਲ ਮੇਲ ਹੋਣ ਤੋਂ ਪਹਿਲੋਂ, ਨਾ ਹੱਥਿਆਰਬੰਦ ਬਲਵੇ ਲਈ ਹੱਥਿਆਰ ਅਕੱਠੇ ਕਰਨ ਅਤੇ ਫੌਜੀ ਵਿੱਦਿਆ ਸਿੱਖਣ ਵਲ ਧਿਆਨ ਦਿੱਤਾ, ਅਤੇ ਨਾ ਅੰਤਰ-ਰਾਸ਼ਟਰੀ ਰਾਜਸੀ ਹਾਲਾਤ ਨੂੰ ਸਮਝਣ ਅਤੇ ਉਨ੍ਹਾਂ ਤੋਂ ਫਾਇਦਾ ਉਠਾਉਣ ਦੀ ਕੋਸ਼ਸ਼ ਕੀਤੀ‡ । ਅਰਥਾਤ ਜਿਨ੍ਹਾਂ ਬੰਗਾਲ ਦੇ ਇਨਕਲਾਬੀਆਂ ਨੇ ਹਿੰਦ ਵਿਚ ਗਦਰ ਪਾਰਟੀ ਲਹਿਰ ਵਿਚ ਹਿੱਸਾ ਲਿਆ, ਉਹ ਵੀ ਗੁਪਤ ਕੰਮ ਕਰਨ ਦੇ ਤਰੀਕਿਆਂ ਦੀ ਵਰਤੋਂ ਦੇ ਤਜਰਬੇ ਅਤੇ ਬੰਬ ਬਨਾਉਣ ਤੋਂ ਇਲਾਵਾ ਲਹਿਰ ਵਿਚ ਬਹੁਤ ਕਾਰਆਮਦ ਹਿੱਸਾ ਲਿਆਕੇ ਨਾ ਪਾ ਸਕੇ । ਜੇਕਰ ਦੇਸ ਵਿਚਲੇ ਇਨਕਲਾਬੀਆਂ ਨੇ ਪਹਿਲੇ ਸੰਸਾਰ ਯੁਧ ਤੋਂ ਪਹਿਲੋਂ ਹੱਥਿਆਰਬੰਦ ਬਲਵੇ ਲਈ ਸ਼ਸਤ੍ਰ ਅਤੇ ਹੋਰ ਸਾਧਨ ਪ੍ਰਾਪਤ ਕਰਨ ਵਲ, ਅਤੇ ਅੰਗਰੇਜ਼ ਵਿਰੋਧੀ ਹਕੂਮਤਾਂ ਨਾਲ ਤਾਲ ਮੇਲ ਪੈਦਾ ਕਰਨ ਵਲ, ਵੇਲੇ ਸਿਰ ਧਿਆਨ ਦਿਤਾ ਹੁੰਦਾ, ਤਾਂ ਪਹਿਲੇ ਸੰਸਾਰ ਯੁਧ ਦੇ ਦੌਰਾਨ ਵਿਚ ਗਦਰੀ ਅਤੇ ਹੋਰ ਇਨਕਲਾਬੀਆਂ ਦੇ ਕੀਤੇ ਯਤਨਾਂ ਦਾ ਇਸਤਰ੍ਹਾਂ ਦਾ ਹਸ਼ਰ ਨਾ ਹੁੰਦਾ ਜੋ ਹੋਇਆ।

ਖੁਲ੍ਹੇ ਤੌਰ ਉਤੇ ਕੰਮ ਕਰਨ ਵਾਲੀਆਂ ਰਾਜਸੀ ਜਥੇਬੰਦੀਆਂ ਵਿਚੋਂ ਉਸ ਸਮੇਂ ਵੀ ਕਾਂਗਰਸ ਪ੍ਰਧਾਨ ਸੀ। ਕਾਂਗਰਸ ਜਾਂ ਹੋਰ ਕਿਸੇ ਅਜਿਹੀ ਰਾਜਸੀ ਜਥੇਬੰਦੀ ਤੋਂ ਹਥਿਆਰਬੰਦ ਬਲਵੇ ਲਈ ਲੁਕਵੀਂ ਮਦਦ ਦੀ ਵੀ ਸੁਪਨੇ ਵਿਚ ਆਸ ਨਹੀਂ ਸੀ ਕੀਤੀ ਜਾ ਸਕਦੀ। ਕਿਉਂਕਿ ਇਨ੍ਹਾਂ ਦੇ ਨੇਤਾਵਾਂ ਦੀ ਪਾਲਸੀ ਇਤਨੀ ਨਰਮ ਅਤੇ ਕਮਜ਼ੋਰ ਸੀ ਕਿ ਸ੍ਰੀ ਜਵਾਹਰ ਲਾਲ ਨਹਿਰੂ ਅਤੇ ਸ੍ਰੀ ਪਟਾ ਭਾਈ ਸੀਤਾ ਰਾਮੱਈਯਾ ਆਦਿ ਗਾਂਧੀ-ਵਾਦੀਆਂ ਦੀ ਲਿਖਤ ਤੋਂ ਵੀ ਇਸ ਵਲ ਤਰਸ ਦਾ ਰੱਵਈਆ ਜ਼ਾਹਰ ਹੁੰਦਾ ਹੈ। ਅਰਥਾਤ ਕੌਮੀ ਲਹਿਰ ਨੇ ਅੰਗਰੇਜ਼ੀ ਹਕੂਮਤ ਦੀ ਸ਼ਾਤਮਈ ਤਰੀਕੇ ਨਾਲ ਉਹ ਹਿੱਕ ਠੋਰਵੀਂ ਮੁਖਾਲਫਤ ਦੀ ਸ਼ਕਲ ਵੀ ਨਹੀਂ ਸੀ ਫੜੀ, ਜੋ ਪਹਿਲੇ ਸੰਸਾਰ ਯੁਧ ਪਿਛੋਂ ਇਸ ਨੇ 'ਮਹਾਤਮਾ' ਗਾਂਧੀ ਦੀ ਅਗਵਾਈ ਹੇਠ ਧਾਰਨ ਕੀਤੀ।

ਦੇਸ ਦੀ ਕੇਂਦ੍ਰੀ ਕਾਨੂੰਨ ਘੜਨੀ ਕੌਂਸਲ ਦੇ ਹਿੰਦੀ ਮੈਂਬਰਾਂ ਬਾਰੇ ਉਸ ਸਰਟੀਫੀਕੇਟ ਦਾ ਜ਼ਿਕਰ ਕਰ ਦੇਣਾ ਹੀ ਕਾਫੀ ਹੈ ਜੋ ਉਸ ਸਮੇਂ ਦੇ ਵਾਇਸਰਾਏ ਨੇ ਉਨ੍ਹਾਂ ਨੂੰ ਦਿਤਾ। ਲਾਰਡ ਹਾਰਡਿੰਗ ਨੇ ਲਿਖਿਆ ਹੈ ਕਿ ਇਨਕਲਾਬੀ ਕਾਰਵਾਈਆਂ ਨੂੰ ਰੋਕਣ ਅਤੇ ਦਬਾਉਣ ਲਈ ਜਦ ਕੌਂਸਲ ਵਿਚ ਬਿਲ ਪੇਸ਼ ਕੀਤਾ ਗਿਆ, ਤਾਂ ਉਨ੍ਹਾਂ (ਲਾਰਡ ਹਾਰਡਿੰਗ) ਨੇ ਮੈਂਬਰਾਂ ਨੂੰ ਕਹਿ

*Hardinge, p. 115.

*Rowlatt Report, p. 14.
†ਬੰਦੀ ਜੀਵਨ, ਭਾਗ ਦੂਜਾ, ਪੰਨੇ ੮੭ ਤੋਂ ੯੦.
‡ਬੰਦੀ ਜੀਵਨ, ਭਾਗ ਦੂਜਾ, ਪੰਨੇ ੨੨, ੭੫ ਤੇ ੮੧.



Digitized by Panjab Digital Library | www.panjabdigilib.org

ਦਿਤਾ ਕਿ ਉਹ (ਮੈਂਬਰ) ਨੁਕਤਾਚੀਨੀ ਭਾਵੇਂ ਕਰ ਲੈਣ, ਪਰ ਬਿਲ ਨੂੰ ਪਾਸ ਕਰਨ ਵਿਚ ਮਿਲਵਰਤਨ ਦੇਣਾ ਹੀ ਪਵੇਗਾ। ਮੈਂਬਰਾਂ ਨੇ ਲੋਕਾਂ ਵਿਚ ਆਪਣਾ ਮੂੰਹ ਰਖਣ ਲਈ ਦੋ ਮਾਮੂਲੀ ਤਰਮੀਮਾਂ ਪੇਸ਼ ਕੀਤੀਆਂ, ਜੋ ਪਰਵਾਨ ਕਰ ਲਈਆਂ ਗਈਆਂ, ਅਤੇ ਬਿਲ ਸਰਬ-ਸੰਮਤੀ ਨਾਲ ਪਾਸ ਕੀਤਾ ਗਿਆ* ।

ਬਦੇਸੀ ਹਕੂਮਤ ਦੀ ਮਸ਼ੀਨਰੀ ਤਾਂ ਬਣੀ ਹੀ ਹਿੰਦੀਆਂ ਦੀ ਆਰਥਕ ਲੁਟ ਖਸੁਟ ਨੂੰ ਜਾਰੀ ਰੱਖਣ ਲਈ ਉਨ੍ਹਾਂ ਨੂੰ ਦਬਾਈ ਰੱਖਣ ਖਾਤਰ ਸੀ। ਇਸ ਦੇ ਹਿੰਦੀ ਪੁਰਜ਼ਿਆਂ ਵਿਚੋਂ ਜਿਹੜੇ ਬਿਹ ਮਕਸਦ ਸਾਰਨ ਲਈ ਜਿਤਨਾ ਵਧੇਰੇ ਵਰਤੋਂ ਵਿਚ ਲਿਆਂਦੇ ਜਾਂਦੇ, ਉਨ੍ਹਾਂ ਵਿਚ ਉਤਨੀ ਹੀ ਵੱਧ ਗਿਰਾਵਟ ਪੈਦਾ ਹੁੰਦੀ। ਪੁਲਸ ਨੇ ਇਸ ਵਿਚ ਨੰਬਰ ਲਿਆ, ਅਤੇ ਪਹਿਲੇ ਮੁਕੱਦਮੇਂ ਦੇ ਜੱਜਾਂ ਨੇ ਬੜੇ ਫਖਰ ਨਾਲ ਲਿਖਿਆ ਹੈ ਕਿ ਪੁਲਸ ਦੇ ਇਕ ਸਿਪਾਹੀ ਨੇ ਵੀ ਗਦਰੀ ਇਨਕਲਾਬੀਆਂ ਦਾ ਸਾਥ ਨਾ ਦਿੱਤਾ† ।

ਅੰਗਰੇਜ਼ੀ ਹਕੂਮਤ ਦੇ ਹਿੰਦੀ ਨੌਕਰਾਂ ਵਿਚੋਂ ਕੇਵਲ ਫੌਜੀ ਇਨਕਲਾਬੀਆਂ ਦਾ ਸਾਥ ਦੇਣ ਵਾਸਤੇ ਤਿਆਰ ਹੋਏ, ਅਤੇ ਇਨ੍ਹਾਂ ਦੇ ਆਸਰੇ ਹੀ ਗਦਰ ਪਾਰਟੀ ਲਹਿਰ ਕਾਮਯਾਬੀ ਦੇ ਨੇੜੇ ਪੁਜੀ। ਪਰ ਫੌਜੀ ਵੀ ਬਹੁਤਾ ਇਨਕਲਾਬੀ ਨਜ਼ਰੀਏ ਤੋਂ ਪ੍ਰੇਰਤ ਹੋ ਕੇ ਗਦ-ਰੀਆਂ ਦਾ ਸਾਥ ਦੇਣ ਵਾਸਤੇ ਤਿਆਰ ਨਹੀਂ ਸੀ ਹੋਏ। ਉਨ੍ਹਾਂ ਵਿਚੋਂ ਬਹੁਤੇ ਯੂਰਪ ਦੇ ਜੰਗ ਦੇ ਵਿਸ਼ੇਸ਼ ਹਾਲਤ ਦਾ ਸਦਕਾ ਇਨਕਲਾਬੀ-ਆਂ ਵਲ ਝੁਕੇ ਸਨ । ੧੯ ਫਰਵਰੀ ਨੂੰ ਇਨਕਲਾਬੀਆਂ ਦੀ ਪਲੈਨ ਦਾ ਅਗਾਊਂ ਪਤਾ ਲਗ ਜਾਣ ਕਰਕੇ ਜਦੋਂ ਅੰਗਰੇਜ਼ ਅਫਸਰਾਂ ਨੇ ਮੀਆਂਮੀਰ ਦੇ ਹਿੰਦੀ ਸਪਾਹੀਆਂ ਨੂੰ ਫਾਲਿਨ ਕੀਤਾ, ਤਾਂ ਤੇਈਵੇਂ ਰਸਾਲੇ ਦੇ ਜਵਾਨਾਂ ਉਸ ਵੇਲੇ ਵੀ ਇਰਾਦਾ ਕੀਤਾ ਕਿ, ਜੇ ਇਨਕ-ਲਾਬੀ ਉਨ੍ਹਾਂ ਕੋਲ ਆਉਣ ਤਾਂ, ਉਹ (ਫੌਜੀ) ਇਨਕਲਾਬੀਆਂ ਉਤੇ ਗੋਲੀ ਚਲਾਉਣ ਦੀ ਬਜਾਏ ਆਪਣੇ ਅੰਗਰੇਜ਼ ਅਫਸਰਾਂ ਨੂੰ ਮਾਰ ਕੇ ਬਗਾਵਤ ਕਰ ਦੇਣਗੇ* । ਇਹ ਜ਼ਾਹਰ ਕਰਦਾ ਹੈ ਕਿ ਜਿਨ੍ਹਾਂ ਫੌਜੀਆਂ ਵਿਚ ਇਨਕਲਾਬੀਆਂ ਨੂੰ ਕੰਮ ਕਰਨ ਦਾ ਵਧੇਰੇ ਅਵਸਰ ਮਿਲਿਆ, ਉਹ ਕਿਸ ਹੱਦ ਤੱਕ ਗਦਰ ਕਰਨ ਲਈ ਤੁੱਲ ਗਏ ਸਨ। ਫੌਜੀਆਂ ਵਿਚੋਂ ਮੁਖਬਰੀਆਂ ਵੀ, ਲਹਿਰ ਫੇਲ ਹੋਣ ਪਿਛੋਂ ੧੯ ਫਰਵਰੀ ਦੇ ਮਗਰੋਂ ਹੋਈਆਂ । ਇਸ ਵਾਸਤੇ ਜੇਕਰ ਹਿੰਦੀ ਫੌਜੀਆਂ ਵਿਚ ਪਹਿਲੋਂ ਵੇਲੇ ਸਿਰ ਇਨਕਲਾਬੀ ਪ੍ਰਚਾਰ ਕੀਤਾ ਹੁੰਦਾ, ਜਾਂ ਫੌਜਾਂ ਵਿਚ ਕਾਫੀ ਗਿਣਤੀ ਵਿਚ ਦ੍ਰਿੜ ਇਰਾਦੇ ਵਾਲੇ ਇਨਕਲਾਬੀ ਭਰਤੀ ਕਰਵਾਏ ਹੁੰਦੇ (ਜਿਵੇਂ ਗਦਰ ਪਾਰਟੀ ਦੀ ਪਲੈਨ ਸੀ), ਤਾਂ ਫੌਜੀ ਬਾਹਰੋਂ ਹੋਈ ਪਹਿਲ ਦੇ ਆਸਰੇ ਢੂੰਡਣ ਦੀ ਬਜਾਏ ਆਪ ਕਦਮ ਚੁਕ ਲੈਂਦੇ, ਅਤੇ ਗਦਰੀ ਇਨਕਲਾਬੀਆਂ ਦੀ ਤਿਆਰੀ ਐਨ ਮੌਕਿਆ ਉਤੇ ਸਿਰੇ ਤੇ ਆਕੇ ਨਾ ਅੱਟਕ ਜਾਂਦੀ।

ਪੰਜਾਬ ਅੰਗਰੇਜ਼ੀ ਰਾਜ ਵਿਚ ਮੁਕਾਬਲਤਨ ਪਿਛੋਂ ਸ਼ਾਮਲ ਹੋਇਆ, ਇਸ ਕਰਕੇ ਬਾਕੀ ਦੇਸ ਦੇ ਮੁਕਾਬਲੇ ਰਾਜਸੀ ਜਾਗਰਤੀ ਏਥੇ ਹੋਰ ਵੀ ਘੱਟ ਸੀ। ਅੰਗਰੇਜ਼ੀ ਸਰਕਾਰ ਹਿੰਦੂ, ਸਿਖਾਂ ਅਤੇ ਮੁਸਲਮਾਨਾਂ ਦੇ ਵਖੇਵਿਆਂ ਨੂੰ ਆਪਣੇ ਮਤਲਬ ਲਈ ਵਰਤ ਰਹੀ ਸੀ, ਅਤੇ ਤਿਨੇ ਧਿਰਾਂ ਸਰਕਾਰ ਨੂੰ ਇਕ ਦੂਜੇ ਤੋਂ ਵੱਧ ਭਰਤੀ ਦੇਣ ਵਿਚ ਬਾਜ਼ੀ ਲੈ ਜਾਣ ਦਾ ਯਤਨ ਕਰਦੀਆਂ ਸਨ। ਆਰੀਯਾ ਸਮਾਜ ਨੇ ਸੰਨ ੧੯੦੭ ਵਿਚ ਹੀ ਮਤਾ ਪਾਸ ਕਰਕੇ ਕਿਸੇ ਰਾਜਸੀ ਅੰਦੋਲਨ ਨਾਲੋਂ ਆਪਣੀ ਬੇ-ਤਅੱਲਕੀ ਪਰਗੱਟ ਕਰ ਦਿਤੀ ਸੀ† । ਮਾਰਚ ੧੯੧੫ ਵਿਚ ਸਿਖਾਂ ਦੇ ਕਈ

*Hardinge, p. 116.
†First Case, Final Remarks, p. 1.

*Second Case, Judgement, p. 59.
†O'Dwyer, p. 183.

ਆਗੂਆਂ ਨੇ ਸਰਕਾਰ ਉਤੇ ਜ਼ੋਰ ਦਿਤਾ ਕਿ ਗਦਰੀ ਇਨਕਲਾਬੀ ਲਹਿਰ ਨੂੰ ਦਬਾਉਣ ਲਈ ਜੋ ਕਾਰਵਾਈ ਸਰਕਾਰ ਨੇ ਕੀਤੀ ਸੀ, ਉਸ ਤੋਂ ਵੱਧ ਸਖਤ ਕਾਰਵਾਈ ਕੀਤੀ ਜਾਏ*; ਅਤੇ ਕਿਹਾ ਜਾਂਦਾ ਹੈ ਕਿ ਅਕਾਲ ਤਖਤ ਤੋਂ ਗਦਰ ਪਾਰਟੀ ਦੇ ਸਿਖ ਇਨਕਲਾਬੀਆਂ ਦੇ ਅਸਿਖ ਹੋਣ ਦਾ ਹੁਕਮ ਨਾਮਾ ਜਾਰੀ ਕੀਤਾ ਗਿਆ। ਮੁਸਲਮਾਨਾਂ ਦੀ ਪੇਂਡੂ ਜਨਤਾ ਉਤੇ ਜਾਗਰੀਦਾਰ ਅਤੇ ਸਰਕਾਰੀ ਕਰਮ ਚਾਰੀਆਂ ਦਾ ਇਤਨਾਂ ਕਾਬੂ ਰਿਹਾ ਕਿ ਉਨ੍ਹਾਂ ਇਸਲਾਮ ਹਮਾਇਤੀ ਜਜ਼ਬੇ ਦੇ ਉਲਟ ਹਜ਼ਾਰਾਂ ਮੁਸਲਮਾਨਾਂ ਨੂੰ ਭਰਤੀ ਕਰਵਾਕੇ ਤੁਰਕੀ ਵਿਰੁਧ ਲੜਵਾ ਦਿਤਾ। ਬੰਗਾਲ ਦੇ ਭਦਰ ਲੋਕਾਂ ਵਾਂਗੂ, ਜਾਂ ਮਹਾਂਰਾਸ਼ਟਰ ਦੇ ਚਿਤਪਵਨ ਬ੍ਰਾਹਮਣਾਂ ਵਾਂਗੂੰ, ਪੰਜਾਬ ਵਿਚ ਕੋਈ ਐਸਾ ਦਰਮਿਆਨੇ ਤੱਬਕੇ ਦਾ ਵੀ ਅਨਸਰ ਨਹੀਂ ਸੀ, ਜਿਸਨੂੰ ਇਨਕਲਾਬੀ ਜਾਗ ਲਗੀ ਹੁੰਦੀ, ਜਾਂ ਜੋ ਪਿਛਲੀਆਂ ਰਵਾਇਤਾਂ ਦੇ ਉਭਾਰ ਹੇਠ ਇਨਕਲਾਬੀ ਅਗਵਾਈ ਦੇਣ ਦੇ ਯੋਗ ਹੁੰਦਾ।

ਮੁਲਕ ਵਿਚ ਇਹ ਹਾਲਾਤ ਸਨ ਅਤੇ ਇਹ ਮਹੌਲ ਸੀ ਜਦ ਗਦਰ ਪਾਰਟੀ ਦੇ ਇਨਕਲਾਬੀਆਂ ਨੇ ਦੇਸ ਨੂੰ ਹਥਿਆਰਬੰਦ ਬਲਵੇ ਰਾਹੀਂ ਆਜ਼ਾਦ ਕਰਾਉਣ ਦਾ ਯਤਨ ਕੀਤਾ। ਜੇਕਰ ਓਹ ਕਾਮਯਾਬੀ ਦੇ ਐਨ ਨੇੜੇ ਪੁਜ ਗਏ ਤਾਂ ਇਸ ਕਰਕੇ ਕਿ ਫੌਜੀ ਉਨ੍ਹਾਂ ਦਾ ਸਾਥ ਦੇਣ ਲਈ ਤਿਆਰ ਹੋਏ; ਜੇਕਰ ਫੇਲ ਹੋਏ ਤਾਂ ਇਸ ਕਰਕੇ ਕਿ ਹੋਰ ਦੇਸ ਵਾਸੀਆਂ ਨੇ ਨਾ ਕੇਵਲ ਉਨ੍ਹਾਂ ਦਾ ਸਾਥ ਨਾ ਦਿੱਤਾ, ਬਲਕਿ ਉਨ੍ਹਾਂ ਵਿਚੋਂ ਕਈਆਂ ਨੇ ਇਨਕਲਾਬੀ-ਆਂ ਨੂੰ ਦਬਾਉਣ ਵਿਚ ਉਲਟਾ ਸਰਕਾਰ ਦਾ ਸਾਥ ਦਿੱਤਾ। ਉਸ ਸਮੇਂ ਪੰਜਾਬ ਦੇ ਗਵਰਨਰ†, ਪਹਿਲੇ ਮੁਕੱਦਮੇਂ ਦੇ ਜੱਜ‡, ਅਤੇ ਰੌਲਟ ਰੀਪੋਟ*, ਸਭ ਇਸ ਬਾਰੇ ਮੁਤਫਿਕ ਹਨ ਕਿ ਗਦਰ ਪਾਰਟੀ ਲਹਿਰ ਨੂੰ ਜਨਤਾ ਦੇ ਮਿਲਵਰਤਨ ਨਾਲ ਕਾਬੂ ਕੀਤਾ ਗਿਆ। ਇੰਗਲੈਂਡ ਦੀ ਪਾਰਲੀਮੈਂਟ ਵਿਚ ਜਦ ਸਰਕਾਰ ਹਿੰਦ ਉਤੇ ਨੁਕਤਾਚੀਨੀ ਕੀਤੀ ਗਈ ਕਿ ਉਸ ਨੇ ਗੋਰਾ ਫੌਜ ਨੂੰ ਭਾਰੀ ਗਿਣਤੀ ਵਿਚ ਹਿੰਦ ਤੋਂ ਬਾਹਰ ਭੇਜ ਕੇ ਕਿਉਂ ਖਤਰਾ ਮੁਲ ਲਿਆ, ਤਾਂ ਲਾਰਡ ਹਾਰਡਿੰਗ ਨੇ ਜਵਾਬ ਦਿੱਤਾ ਕਿ ਉਨ੍ਹਾਂ ਹਿੰਦੀਆਂ ਉੱਤੇ ਭਰੋਸਾ ਕੀਤਾ ਅਤੇ ਇਹ ਭਰੋਸਾ ਠੀਕ ਸਾਬਤ ਹੋਇਆ† । ਪਹਿਲੇ ਸੰਸਾਰ ਯੁਧ ਦੇ ਅਖੀਰਲੇ ਮਰਹਲਿਆਂ ਵਿਚ ਜਦ ਰੂਸ ਨੇ ਜਰਮਨੀ ਨਾਲ ਸੁਲਹ ਕਰ ਲਈ ਸੀ, ਪੰਜਾਬ ਦੇ ਗਵਰਨਰ ਨੇ ਪਬਲਕ ਵਿਚ ਤਕਰੀਰ ਕਰਦਿਆਂ ਕਿਹਾ ਕਿ, "ਜੇ ਮੈਨੂੰ ਛੇ ਮਹੀਨੇ ਪਹਿਲੋਂ ਕੋਈ ਪੁਛਦਾ ਕਿ ਬਾਹਰੋਂ ਹਮਲੇ ਦੀ ਸੰਭਾਵਨਾ ਬਾਰੇ ਮੇਰੀ ਕੀ ਰਾਏ ਹੈ, ਤਾਂ ਮੈਂ ਕਹਿੰਦਾ ਕਿ ਇਹ ਐਵੇਂ ਡਰਾਵਾ ਹੈ। ਜੇ ਏਹੋ ਸਵਾਲ ਹੁਣ ਮੈਨੂੰ ਕਰੋ, ਤਾਂ ਮੈਂ ਤੁਹਾਨੂੰ ਜਵਾਬ ਦੇਂਦਾ ਹਾਂ ਕਿ ਇਸ ਦਾ ਖਤਰਾ ਹੈ‡"। ਜੇਕਰ ਅੰਗਰੇਜ਼ੀ ਕਰਮਚਾਰੀਆਂ ਨੂੰ ਮੁਲਕ ਦੇ ਅੰਦਰ ਇਨਕਲਾਬੀ ਬਲਵੇ ਦੇ ਫੁਟ ਪੈਣ ਦੀ ਥੋੜੀ ਬਹੁਤੀ ਵੀ ਤਿਆਰੀ ਵਿਖਾਈ ਦੇਂਦੀ, ਤਾਂ ਨਾਂ ਲਾਰਡ ਹਾਰਡਿੰਗ ਹਿੰਦੀਆਂ ਉੱਤੇ ਭਰੋਸਾ ਕਰ ਸਕਦੇ ਸਨ, ਅਤੇ ਨਾ ਪੰਜਾਬ ਦੇ ਗਵਰਨਰ ਆਪਣੇ ਮੂੰਹੋਂ ਅੰਤਰਰਾਸ਼ਟਰੀ ਪੋਜ਼ੀਸ਼ਨ ਸਪੱਸ਼ਟ ਕਰਕੇ ਇਨਕਲਾਬੀਆਂ ਨੂੰ ਚੋਟ ਮਾਰਨ ਦਾ ਸੱਦਾ ਦੇ ਸਕਦੇ ਸਨ।

*O'Dwyer, p. 204.
†O'Dwyer, p. 198.
‡First Case, Final Remarks, p. 1.

*Rowlatt Report, p. 180.

†Official Reports of Parliamentary Debates, (Lords), 1917, Vol. XXV, p. 731.

‡Sir Micheal O'Dwyer's speech in the University Hall, Lahore, on 4th May, 1918.



Digitized by Panjab Digital Library | www.panjabdigilib.org

ਗਦਰ ਪਾਰਟੀ ਲਹਿਰ ਫੇਲ ਹੋਣ ਦਾ ਦੂਸਰਾ ਵੱਡਾ ਸਬੱਬ ਇਹ ਬਣਿਆ ਕਿ, ਸੰਸਾਰ ਯੁਧ ਦੇ ਆਸ ਨਾਲੋਂ ਪਹਿਲੋਂ ਸ਼ੁਰੂ ਹੋ ਜਾਣ ਕਰਕੇ, ਗਦਰ ਪਾਰਟੀ ਨੂੰ ਆਪਣੀਆਂ ਪਲੈਨਾਂ ਅਤੇ ਸਕੀਮਾਂ ਨੂੰ ਨੇਪਰੇ ਚਾੜ੍ਹਨ ਹਿਤ ਤਿਆਰੀ ਵਾਸਤੇ ਲੋੜੀਂਦਾ ਸਮਾਂ ਨਾ ਮਿਲਿਆ। ਗਦਰ ਪਾਰਟੀ ਮਈ ੧੯੧੩ ਵਿਚ ਕਾਇਮ ਹੋਈ, ਅਤੇ 'ਗਦਰ' ਅਖਬਾਰ ਪਹਿਲੀ ਨਵੰਬਰ ਤੋਂ ਜਾਰੀ ਹੋਇਆ। ਪਹਿਲਾ ਸੰਸਾਰ ਯੁਧ ਜੁਲਾਈ ੧੯੧੪ ਦੇ ਅਖੀਰ ਵਿਚ ਆਰੰਭ ਹੋ ਗਿਆ। ਅਰਥਾਤ ਗਦਰ ਪਾਰਟੀ ਦੀਆਂ ਸਰਗਰਮੀਆਂ ਸ਼ੁਰੂ ਹੋਇਆਂ ਨੂੰ ਇਕ ਸਾਲ ਵੀ ਨਹੀਂ ਸੀ ਪੂਰਾ ਹੋਇਆ।

ਪਿਛਲੇ ਕਾਂਡਾਂ ਵਿਚ ਵੇਖਿਆ ਜਾ ਚੁਕਾ ਹੈ ਕਿ ਗਦਰ ਪਾਰਟੀ ਦੀ ਇਹ ਪਲੈਨ ਸੀ ਕਿ ਅੰਗਰੇਜ਼ ਵਿਰੋਧੀ ਹਕੂਮਤਾਂ ਨਾਲ ਤਾਲ ਮੇਲ ਪੈਦਾ ਕਰਕੇ ਹਿੰਦ ਆਜ਼ਾਦ ਕਰਾਉਣ ਲਈ ਉਨ੍ਹਾਂ ਤੋਂ ਮਦਦ ਲਈ ਜਾਏ; ਹਿੰਦੀਆਂ ਨੂੰ ਬਦੇਸ਼ਾਂ ਵਿਚ ਫੌਜੀ ਸਿਖਿਆ ਦਿਵਾਕੇ ਇਨਕਲਾਬੀ ਫੌਜੀ ਆਗੂ ਤਿਆਰ ਕੀਤੇ ਜਾਣੇ; ਦੇਸ ਵਿਚ ਹੱਥਿਆਰ ਪੁਚਾਣ ਦਾ ਪ੍ਰਬੰਧ ਕੀਤਾ ਜਾਏ; ਹਿੰਦੀ ਫੌਜਾਂ ਵਿਚ ਇਨਕਲਾਬੀ ਭਰਤੀ ਕਰਾਏ ਜਾਣ ਅਤੇ ਹਿੰਦੀ ਫੌਜੀਆਂ ਵਿਚ ਅਗਾਊਂ ਪ੍ਰਚਾਰ ਕਰਕੇ ਉਨ੍ਹਾਂ ਨੂੰ ਗਦਰ ਕਰਨ ਲਈ ਤਿਆਰ ਕੀਤਾ ਜਾਏ; ਹਿੰਦ ਦੀ ਜਨਤਾ ਵਿਚ ਵੀ ਪ੍ਰਚਾਰ ਕੀਤਾ ਜਾਏ; ਅਤੇ ਦੇਸ ਦੀਆਂ ਰਾਜਸੀ ਜਥੇਬੰਦੀਆਂ, ਖਾਸ ਕਰ ਇਨਕਲਾਬੀਆਂ, ਨਾਲ ਤਾਲ ਮੇਲ ਪੈਦਾ ਕੀਤਾ ਜਾਏ। ਗਦਰ ਪਾਰਟੀ ਦੇ ਮੁਖੀਆਂ ਨੇ ਸੈਨਫ੍ਰਾਂਸਿਸਕੋ ਦੇ ਜਰਮਨ ਕੌਂਸਲ ਨਾਲ ਮੇਲ ਜੋਲ ਕਾਇਮ ਕੀਤਾ, ਪਰ ਇਹ ਤਾਲ ਮੇਲ ਗਾਲਬਨ ਇਸ ਤੋਂ ਉਚੇਰੇ ਪੱਧਰ ਉਤੇ ਅਜੇ ਨਹੀਂ ਸੀ ਪੁਜਿਆ ਜਦ ਪਹਿਲਾ ਸੰਸਾਰ ਯੁਧ ਸ਼ੁਰੂ ਹੋ ਗਿਆ। ਸੰਸਾਰ ਯੁਧ ਲਗ ਜਾਣ ਉੱਤੇ ਜਰਮਨੀ ਅਤੇ ਗਦਰ ਪਾਰਟੀ ਨੇ ਆਪਸ ਵਿਚਕਾਰ ਦੇ ਮਿਲਵਰਤਨ ਦਾ ਦਾਇਰਾ ਵੱਡਾ ਕਰਨ ਦੀ ਜਲਦੀ ਜਲਦੀ ਕੋਸ਼ਸ਼ ਕੀਤੀ; ਪਰ ਇਸ ਦੇ ਅਮਲੀ ਸ਼ਕਲ ਫੜਨ ਤੋਂ ਪਹਿਲਾਂ, ਵਾਕਿਆਤ ਦੀ ਤੇਜ਼ ਰਵਾਨਗੀ ਦੇ ਕਾਰਨ, ਹਿੰਦ ਵਿਚ ਗਦਰ ਪਾਰਟੀ ਲਹਿਰ ਫੇਲ ਹੋ ਚੁਕੀ ਸੀ। ਫੌਜੀ ਸਿਖਲਾਈ ਅਤੇ ਹੱਥਿਆਰਾਂ ਦੇ ਪ੍ਰਬੰਧ ਦੀ ਪਲੈਨ ਬਹੁਤੀ ਜਰਮਨੀ ਨਾਲ ਤਾਲ ਮੇਲ ਉਤੇ ਨਿਰਭਰ ਸੀ। ਗਦਰ ਪਾਰਟੀ ਨੇ ਅਮਰੀਕਾ ਦੇ ਵਿਚ ਵੀ ਗੁਪਤ ਤੌਰ ਉਤੇ ਫੌਜੀ ਸਿਖਲਾਈ ਦਾ ਪ੍ਰਬੰਧ ਕੀਤਾ, ਪਰ ਇਹ ਬਹੁਤ ਅਧੂਰੀ ਸ਼ਕਲ ਵਿਚ ਸੀ ਜਦ ਸੰਸਾਰ ਯੁਧ ਸ਼ੁਰੂ ਹੋ ਗਿਆ। ਇਹ ਵੀ ਵੇਖਿਆ ਜਾ ਚੁਕਾ ਹੈ ਕਿ ਗਦਰ ਪਾਰਟੀ ਨੇ ਹਿੰਦ ਦੀ ਫੌਜ ਵਿਚ ਇਨਕਲਾਬੀ ਭਰਤੀ ਕਰਵਾਉਣ ਦਾ ਕੰਮ ਆਰੰਭ ਕਰ ਦਿੱਤਾ ਸੀ ਅਤੇ ਚੰਦ ਇਕ ਇਨਕਲਾਬੀ ਭਰਤੀ ਵੀ ਹੋਏ। ਇਸੇ ਤਰ੍ਹਾਂ ਦੇਸ ਵਿਚ ਅਤੇ ਫੌਜੀਆਂ ਵਿਚ ਪ੍ਰਚਾਰ ਕਰਨ ਵਾਸਤੇ ਅਗਾਊਂ ਪਾਰਟੀਆਂ ਭੇਜਣੀਆਂ ਸ਼ੁਰੂ ਹੋ ਗਈਆਂ ਸਨ; ਅਤੇ ਗਦਰ ਪਾਰਟੀ ਦੇ ਪ੍ਰਧਾਨ, ਸ੍ਰੀ ਸੋਹਨ ਸਿੰਘ 'ਭਕਨਾ', ਦੇਸ ਦੇ ਇਨਕਲਾਬੀਆਂ ਅਤੇ ਲੀਡਰਾਂ ਨਾਲ ਤਾਲ ਮੇਲ ਪੈਦਾ ਕਰਨ ਵਾਸਤੇ ਜੰਗ ਲਗਣ ਤੋਂ ਪਹਿਲੋਂ ਅਮਰੀਕਾ ਤੋਂ ਦੇਸ ਵਲ ਰਵਾਨਾ ਹੋ ਚੁਕੇ ਸਨ। ਅਰਥਾਤ ਗਦਰ ਪਾਰਟੀ ਨੇ ਇਨ੍ਹਾਂ ਸਾਰਿਆਂ ਬੰਨਿਆਂ ਵਲ ਧਿਆਨ ਦੇਣਾ ਸ਼ੁਰੂ ਕਰ ਦਿਤਾ ਸੀ ਅਤੇ ਕਈ ਕਦਮ ਪੁਟੇ ਵੀ ਜਾ ਚੁਕੇ ਸਨ; ਪਰ ਇਹ ਬਹੁਤ ਮੁਢਲੀ ਅਤੇ ਅਧੂਰੀ ਸ਼ਕਲ ਵਿਚ ਸਨ, ਜਦ ਯੂਰਪ ਦੀ ਲੜਾਈ ਲਗ ਗਈ। ਜੇਕਰ ਯੂਰਪ ਦੀ ਜੰਗ ਪੰਜ ਛੇ ਸਤ ਸਾਲ ਹੋਰ ਠਹਿਰ ਕੇ ਲਗਦਾ, ਜਿਵੇਂ ਗਦਰ ਪਾਰਟੀ ਨੂੰ ਆਸ ਸੀ, ਅਤੇ ਗਦਰ ਪਾਰਟੀ ਨੂੰ ਆਪਣੀ ਤਿਆਰੀ ਮੁਕੰਮਲ ਕਰਨ ਵਾਸਤੇ ਵਕਤ ਮਿਲ ਜਾਂਦਾ, ਤਾਂ ਗਦਰ ਪਾਰਟੀ ਲਹਿਰ ਦੀ ਨਿਰਸੰਦੇਹ ਹੋਰ ਰੰਗਤ ਹੁੰਦੀ।

ਅਮਰੀਕਾ ਤੋਂ ਢੋਲ ਵਜਾਕੇ ਇਨਕਲਾਬੀ ਮੁਹਿੰਮ ਵਾਸਤੇ ਹਿੰਦ ਨੂੰ ਤੁਰਨ, ਕਿਰਪਾਲ ਸਿੰਘ ਸੂਹੀਏ ਨੂੰ ਬਿਨਾਂ ਪਰਖੇ ਅੰਦਰੂਨੀ ਦਾਇਰੇ ਵਿਚ ਲੈ ਲੈਣ, ਭੇਦ ਨਾ ਰਖ ਸਕਣ, ਅਤੇ ਇਸ ਕਿਸਮ ਦੀਆਂ ਕੀਤੀਆਂ ਹੋਰ ਗਲਤੀਆਂ, ਪੰਜਾਬੀ ਕਿਸਾਨ ਦੇ ਉਸ ਅਣਸਾਧੇ ਸੁਭਾਉ ਮੁਤਾਬਕ ਸਨ, ਜੋ ਬਹੁਤਾ ਅੱਗਾ ਪਿਛਾ ਵੀਚਾਰੇ ਬਿਨਾਂ ਫੌਰੀ ਕਾਰਰਵਾਈ ਦੇ ਬਹੁਤ ਯੋਗ ਹੈ, ਪਰ ਸੋਚੀ ਵੀਚਾਰੀ ਸਕੀਮ ਅਨੁਸਾਰ ਲੰਮੀ ਡੋਰ ਦੇਕੇ ਤਹੱਮਲ ਨਾਲ ਕੰਮ ਕਰਨ ਦੇ ਇਤਨਾ ਮੁਆਫਕ ਨਹੀਂ। ਸੰਨ ੧੯੦੭ ਵਾਲੀ ਪੰਜਾਬ ਦੇ ਕਿਸਾਨਾਂ ਵਿਚ ਹੋਈ ਐਜੀਟੇਸ਼ਨ ਬਾਰੇ ਲਾਲਾ ਲਾਜਪਤ ਰਾਏ ਨੇ ਲਿਖਿਆ ਕਿ, "ਮੈਨੂੰ ਕੇਵਲ ਇਹ ਡਰ ਹੈ ਕਿ ਕਿਧਰੇ ਮੌਕਿਆ ਤੋਂ ਪਹਿਲੋਂ ਨਾ ਪਟਾਕਾ ਪੈ ਜਾਵੇ*"। ਸ੍ਰੀ ਸਾਨਿਯਾਲ ਨੇ ਲਿਖਿਆ ਹੈ ਕਿ ਕਿਵੇਂ ਗਦਰੀ ਇਨਕਲਾਬੀਆਂ ਨੂੰ ਬੇ ਮੌਕਿਆ ਕਾਰਰਵਾਈਆਂ ਕਰਨੋਂ ਮੁਸ਼ਕਲ ਨਾਲ ਰੋਕੀ ਰਖਿਆ†। ਰੌਲਟ ਰੀਪੋਟ ਵਿਚ ਗਦਰ ਪਾਰਟੀ ਲਹਿਰ ਦਾ ਸਾਰ ਤੱਤ ਕਢਦਿਆਂ ਲਿਖਿਆ ਹੈ ਕਿ ਸਿਖਾਂ ਦੇ ਫੁਰਨੇ ਅਤੇ ਅਮਲ ਵਿਚ ਵਕਫਾ ਘੱਟ ਹੈ‡। ਬੰਗਾਲੀ ਇਨਕਲਾਬੀਆਂ ਨਾਲ ਮੇਲ ਹੋਣ ਤੋਂ ਪਹਿਲੋਂ ਬੇਕਾਇਦਗੀ ਅਤੇ ਜਲਦ ਬਾਜ਼ੀ ਵਿਚ ਕੀਤੀਆਂ ਗਦਰੀ ਇਨਕਲਾਬੀਆਂ ਦੀਆਂ ਕਾਰਰਵਾਈਆਂ, ਅਤੇ ਜਿਸ ਤਰ੍ਹਾਂ ਦੇਸ ਆਉਂਦਿਆਂ ਰਸਤੇ ਵਿਚ ਹੀ ਹਾਂਗਕਾਂਗ ਅਤੇ ਪੀਨਾਂਗ ਗਦਰ ਕਰ ਦੇਣ ਲਈ ਉਹ ਤੱਤਪਰ ਹੋ ਗਏ, ਇਨ੍ਹਾਂ ਨੂੰ ਸਮੂਚੇ ਤੌਰ ਉਤੇ ਵੀਚਾਰਿਆਂ ਵੀ ਮਨ ਉਤੇ ਇਹੋ ਅਸਰ ਰਹਿ ਜਾਂਦਾ ਹੈ। ਪੰਜਾਬੀ ਕਿਸਾਨ ਦੇ ਇਸ ਅਣਸਾਧੇ ਸੁਭਾਉ ਦੇ ਕਈ ਚੰਗੇ ਪਹਿਲੂ ਵੀ ਹਨ। ਪਰ ਇਨਕਲਾਬੀ ਦ੍ਰਿਸ਼ਟੀ-ਕੋਨ ਤੋਂ, ਖਾਸ ਕਰ ਗੁਪਤ ਰਹਿ ਕੇ ਕੰਮ ਕਰ ਸਕਣ ਦੇ ਨਜ਼ਰੀਏ ਤੋਂ, ਇਸ ਦਾ ਬੰਗਾਲ ਦੇ ਇਨਕਲਾਬੀਆਂ ਦੀ ਅਮਲੀ ਵਰਤੋਂ ਨਾਲ ਮੁਕਾਬਲਾ ਕੀਤਿਆਂ ਫਰਕ ਸਪੱਸ਼ਟ ਹੁੰਦਾ ਹੈ। ਸੰਨ ੧੯੦੬ ਤੋਂ ੧੯੧੭ ਤਕ ਬੰਗਾਲ ਵਿਚ ੨੧੦ ਇਨਕਲਾਬੀ ਵਾਰਦਾਤਾਂ ਹੋਈਆਂ ਅਤੇ ੧੧੦ ਕਰਨ ਦੀ ਕੋਸ਼ਸ਼ ਕੀਤੀ ਗਈ; ਪਰ ਇਸ ਸਿਲਸਲੇ ਵਿਚ ਪੁਲਸ ਸਿਰਫ ੮੪ ਇਨਕਲਾਬੀਆਂ ਨੂੰ ਸਜ਼ਾ ਦਵਾ ਸਕੀ*, ਜਿਨ੍ਹਾਂ ਵਿਚੋਂ ਚਾਰ ਨੂੰ ਫਾਂਸੀ ਲਗੀ ਅਤੇ ਤੇਰਾਂ ਨੂੰ ਉਮਰ ਕੈਦ ਦੀ ਸਜ਼ਾ ਹੋਈ†। ਇਹ ਨਹੀਂ ਕਿਹਾ ਜਾ ਸਕਦਾ ਕਿ ਵਧੇਰੇ ਸਿਖਲਾਈ ਦਾ ਸਮਾਂ ਮਿਲ ਜਾਣ ਨਾਲ ਪੰਜਾਬੀ ਕਿਸਾਨ ਦੇ ਅਣਸਾਧੇ ਸੁਭਾਉ ਨੂੰ ਸਾਧਿਆ ਨਹੀਂ ਸੀ ਜਾ ਸਕਦਾ; ਪਰ ਗਦਰ ਪਾਰਟੀ ਲਹਿਰ ਨੂੰ ਫੇਲ ਕਰਨ ਵਿਚ ਜੋ ਇਸ ਨੇ ਹਿੱਸਾ ਪਾਇਆ, ਉਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਗਦਰ ਪਾਰਟੀ ਦੇ ਆਗੂ ਗਦਰ ਪਾਰਟੀ ਲਹਿਰ ਫੇਲ ਹੋਣ ਦੀ ਜ਼ਿਮੇਵਾਰੀ ਤੋਂ ਬਰੀ ਨਹੀਂ ਕੀਤੇ ਜਾ ਸਕਦੇ। ਹਿੰਦ ਵਿਚ ਇਨਕਲਾਬੀਆਂ ਦੇ ਦਾਖਲ ਹੋਣ ਦੇ ਚਾਨਸਾਂ ਦਾ ਜਾਇਜ਼ਾ ਲਏ ਬਗੈਰ, ਅਤੇ ਹਥਿਆਰ ਅਤੇ ਮਾਇਆ ਪੁਚਾਣ ਦੇ ਸਾਧਨਾਂ ਨੂੰ ਨਿਸਚੇ ਕੀਤੇ ਬਿਨਾਂ, ਉਨ੍ਹਾਂ ਨੇ ਗਦਰੀ ਇਨਕਲਾਬੀਆਂ ਦੇ ਜੱਥੇ, ਜਿਸ ਵਿਚ ਗਦਰ ਪਾਰਟੀ ਦੇ ਕਈ ਸਿਰਕਰਦਾ ਆਗੂ ਆਪ ਵੀ ਸ਼ਾਮਲ ਸਨ, ਨੂੰ ਦੇਸ ਜਾਣ ਲਈ ਠਿਲਣ ਦਿਤਾ। ਜਾਂ ਤਾਂ ਗਦਰ ਪਾਰਟੀ ਦੇ ਆਗੂ ਖੁਦ ਆਪ ਪੰਜਾਬੀ ਕਿਸਾਨ ਦੇ ਅਣਸਾਧੇ ਸੁਭਾਉ ਅਨੁਸਾਰ ਕੰਮ ਕਰ ਰਹੇ ਸਨ, ਜਾਂ ਉਹ ਆਪਣੇ

*Rowlatt Report, p. 143.
†ਬੰਦੀ ਜੀਵਨ, ਭਾਗ ਪਹਿਲਾ, ਪੰਨੇ ੩੭ ਤੇ ੪੭.
‡Rowlatt Report, p. 161.

*Rowlatt Report, p. 139.
†Ibid, Chapter iv.



Digitized by Panjab Digital Library | www.panjabdigilib.org

ਸਾਥੀਆਂ ਦੇ ਉਭਾਰ ਉਤੇ ਕਾਬੂ ਪਾਕੇ ਇਸ ਨੂੰ ਵਿਉਂਤ ਕੇ ਨਾ ਚਲਾ ਸਕੇ।

ਗਦਰ ਪਾਰਟੀ ਲਹਿਰ ਫੇਲ ਕਰਨ ਵਿਚ ਸਬੱਬ ਜਾਂ ਚਾਨਸ, ਜਿਸ ਨੇ ਕਈ ਲਹਿਰਾਂ ਨਾਲ ਹੱਥ ਕੰਡੇ ਕੀਤੇ ਹਨ, ਨੇ ਵੀ ਆਪਣਾ ਹਿੱਸਾ ਪਾਇਆ। ਹਿੰਦ ਵਿਚ ਗਦਰ ਕਰਨ ਵਾਸਤੇ ੨੧ ਫਰਵਰੀ ੧੯੧੫ ਦੀ ਤਾਰੀਖ ਨੀਯਤ ਕੀਤੀ ਗਈ ਸੀ, ਅਤੇ ਕਿਰਪਾਲ ਸਿੰਘ ਸੂਹੀਆ ੧੩ ਫਰਵਰੀ ਨੂੰ ਲਹਿਰ ਵਿਚ ਦਾਖਲ ਹੋਇਆ। ਕਿਰਪਾਲ ਸਿੰਘ ਦੇ ਲਹਿਰ ਵਿਚ ਘੁਸਣ ਤੋਂ ਪਹਿਲੋਂ ਅੰਗਰੇਜ਼ੀ ਸਰਕਾਰ ਨੂੰ ਸ਼ੱਕ ਜ਼ਰੂਰ ਸੀ ਕਿ ਗਦਰੀ ਇਨਕਲਾਬੀ ਕੁਝ ਕਰਨ ਦੇ ਆਹਰ ਵਿਚ ਹਨ, ਪਰ ਉਸ ਨੂੰ ਗਦਰੀ ਇਨਕਲਾਬੀਆਂ ਦੀ ਪਲੈਨ ਅਤੇ ਪਹੁੰਚ ਦੇ ਅੰਦਰੂਨੀ ਭੇਦਾਂ ਬਾਰੇ ਪਤਾ ਨਹੀਂ ਸੀ। ਇਸ ਬਾਰੇ ਕਿਰਪਾਲ ਸਿੰਘ ਨੇ ੧੪ ਫਰਵਰੀ ਨੂੰ ਪੁਲਸ ਨੂੰ ਇਤਲਾਹ ਦਿਤੀ। ਅਰਥਾਤ ਇਹ ਕਿਆਸ ਆਉਣੋਂ ਨਹੀਂ ਰੁਕਦਾ ਕਿ ਜੇਕਰ ਕਿਰਪਾਲ ਸਿੰਘ ਸੂਹੀਆ ਕੇਵਲ ਇਕ ਹਫਤਾ ਹੋਰ ਗਦਰੀ ਇਨਕਲਾਬੀਆਂ ਦੇ ਅੰਦਰੂਨੀ ਦਾਇਰੇ ਵਿਚ ਨਾ ਘੁਸਦਾ, ਤਾਂ ਕੀ ਹੁੰਦਾ?

---

## ਤੇਈਵਾਂ ਕਾਂਡ

# ਲਹਿਰ ਦੀ ਸਪੋਰਟ*

ਲਹਿਰਾਂ ਨੂੰ ਕੇਵਲ ਰਾਜਸੀ ਅਥਵਾ ਸਮਾਜਕ ਨਿਸ਼ਾਨਿਆਂ ਨੂੰ ਪ੍ਰਾਪਤ ਕਰਨ ਹਿਤ ਹੋਈ ਕਾਮਯਾਬੀ ਜਾਂ ਨਾ-ਕਾਮਯਾਬੀ ਦੇ ਗਜ਼ਾਂ ਨਾਲ ਨਹੀਂ ਨਾਪਿਆ ਜਾਣਾ ਚਾਹੀਦਾ। ਕਿਸੇ ਲਹਿਰ ਵਿਚ ਕੰਮ ਕਰ ਰਹੀ ਸਪੋਰਟ ਉਸ ਦਾ ਜ਼ਰੂਰੀ ਅੰਗ ਹੁੰਦਾ ਹੈ, ਅਤੇ ਗਦਰ ਪਾਰਟੀ ਲਹਿਰ ਦੀ ਸਪੋਰਟ ਇਸ ਦਾ ਵਿਸ਼ੇਸ਼ ਚਿਨ ਸੀ।

ਦੂਜੇ ਕਾਂਡ ਵਿਚ ਵੇਖਿਆ ਜਾ ਚੁਕਾ ਹੈ ਕਿ ਕੈਨੇਡਾ, ਅਮਰੀਕਾ ਅਤੇ ਧੁਰ ਪੂਰਬ ਦੇ ਦੇਸਾਂ ਨੂੰ ਪੰਜਾਬੀ ਕਿਸਾਨਾਂ ਦੇ ਜਾਣ ਦਾ ਵੱਡਾ ਕਾਰਨ ਆਰਥਕ ਮਜਬੂਰੀ ਸੀ। ਗੁਰਬਤ ਦੇ ਦੇਸੋਂ ਭਜਾਏ ਹੋਏ ਕਿਸਾਨਾਂ, ਜੋ ਕੇਵਲ ਪੈਸਾ ਕਮਾਉਣ ਖਾਤਰ ਆਪਣੇ ਪ੍ਰਵਾਰਾਂ ਅਤੇ ਬਾਲ ਬੱਚਿਆਂ ਤੋਂ ਵਿਛੜ ਕੇ ਬਦੇਸਾਂ ਨੂੰ ਸਾਲਾਂ ਤੋਂ ਗਏ ਹੋਏ ਸਨ, ਨੇ ਗਦਰ ਪਾਰਟੀ ਲਹਿਰ ਵਿਚ ਸ਼ਾਮਲ ਹੋ ਕੇ ਨਾ ਕੇਵਲ ਅਮਰੀਕਾ ਕੈਨੇਡਾ ਵਿਚ ਕਮਾਈ ਦੇ ਵਧੀਆ ਅਵਸਰਾਂ ਨੂੰ ਲੱਤ ਮਾਰੀ, ਬਲਕਿ ਉਨ੍ਹਾਂ ਵਿਚੋਂ ਕਾਫੀ ਗਿਣਤੀ ਨੇ ਹੱਥੀਂ ਸਖਤ ਮੁਸ਼ੱਕਤ ਕਰਕੇ ਗਾਹੜੇ ਪਸੀਨੇ ਦੀ ਆਪਣੀ ਪਿਛਲੀ ਕਮਾਈ ਵੀ ਗਦਰ ਪਾਰਟੀ ਦੇ ਹਵਾਲੇ ਕਰ ਦਿੱਤੀ, ਅਤੇ ਆਪ ਗਦਰੀ ਮੁਹਿੰਮ ਵਿਚ ਸ਼ਾਮਲ ਹੋਕੇ ਦੇਸ ਨੂੰ ਅਹੁਤੀਆਂ ਪਾਉਣ ਆ ਗਏ।

*ਗਦਰ ਪਾਰਟੀ ਲਹਿਰ ਦੀ ਸਪੋਰਟ, ਮੁਕੱਦਮਿਆਂ ਵਿਚ ਹੋਈਆਂ ਗਵਾਹੀਆਂ ਅਤੇ ਨਿਰਪੱਖ ਹੋਰ ਸ਼ਹਾਦਤਾਂ ਤੋਂ ਸਾਫ ਤੌਰ ਉੱਤੇ ਜ਼ਾਹਰ ਹੁੰਦੀ ਹੈ। ਇਸ ਵਾਸਤੇ ਉਹ ਪ੍ਰਚੱਲਤ ਰਵਾਇਤਾਂ, ਜਿਨ੍ਹਾਂ ਬਾਰੇ ਕੋਈ ਸਬੂਤ ਜਾਂ ਹਵਾਲਾ ਨਹੀਂ ਦਿੱਤਾ ਜਾ ਸਕਦਾ, ਵੀ ਸ਼ਾਮਲ ਕਰ ਲਈਆਂ ਗਈਆਂ ਹਨ, ਕਿਉਂਕਿ ਇਨ੍ਹਾਂ ਦੇ ਸ਼ਾਮਲ ਕਰਨ ਨਾਲ ਖਾਸ ਫਰਕ ਨਹੀਂ ਪੈਂਦਾ। ਇਹ ਰਵਾਇਤਾਂ ਕੇਵਲ ਨਿਰਪੱਖ ਸ਼ਹਾਦਤਾਂ ਰਾਹੀਂ ਸਾਬਤ ਹੋਏ ਸਪੋਰਟ ਦੇ ਪਹਿਲੂਆਂ ਨੂੰ ਉਘੇੜਨ ਦਾ ਕੰਮ ਦੇਂਦੀਆਂ ਹਨ।

'ਗਦਰ' ਅਖਬਾਰ ਮੁਫਤ ਵੰਡਿਆ ਜਾਂਦਾ। ਇਸ ਨੂੰ ਜਾਰੀ ਕਰਨ ਦੇ ਤੇ ਇਸ ਦੇ ਚਲੰਤ ਖਰਚ, ਅਤੇ ਯੁਗੰਤਰ ਆਸ਼ਰਮ ਤੇ ਗਦਰ ਪਾਰਟੀ ਦੀਆਂ ਹੋਰ ਸਰਗਰਮੀਆਂ ਦੇ ਸਾਰੇ ਖਰਚ, ਕੈਨੇਡਾ, ਅਮਰੀਕਾ ਅਤੇ ਹੋਰ ਬਦੇਸਾਂ ਵਿਚ ਗਏ ਪੰਜਾਬੀ ਕਾਮੇਂ ਆਪਣੇ ਪਾਸੋਂ ਉਗਰਾਹੀਆਂ ਕਰਕੇ ਪੂਰੇ ਕਰਦੇ ਰਹੇ*। ਹਿੰਦ ਨੂੰ ਗਦਰੀ ਮੁਹਿੰਮ ਭੇਜਣ ਅਤੇ ਸਿਆਮ-ਬਰਮਾ ਦੀ ਮੁਹਿੰਮ ਦੇ ਸ਼ੁਰੂ ਵਿਚਲੇ ਖਰਚ ਵੀ ਗਦਰ ਪਾਰਟੀ ਨੇ ਆਪਣੇ ਪਾਸੋਂ ਪੂਰੇ ਕੀਤੇ। ਸਿਆਮ-ਬਰਮਾ ਦੀ ਮੁਹਿੰਮ ਦੇ ਖਰਚ ਦਾ ਭਾਰ ਜਰਮਨਾਂ ੨੪ ਜਾਂ ੨੫ ਅਪ੍ਰੈਲ ੧੯੧੫ ਦੇ ਪਿਛੋਂ ਵੰਡਾਇਆ ਜਾਪਦਾ ਹੈ; ਕਿਉਂਕਿ ਲਾ: ਹਰਦਿਆਲ ਨੇ ਜੋਧ ਸਿੰਘ ਰਾਹੀਂ 'ਪੰਡਤ' ਰਾਮ ਚੰਦ ਨੂੰ ਸੁਨੇਹਾਂ ਭੇਜਿਆ ਕਿ ਜਰਮਨੀ ਮਾਲੀ ਸਹਾਇਤਾ ਕਰਨ ਵਾਸਤੇ ਤਿਆਰ ਹੈ, ਅਤੇ ਜੋਧ ਸਿੰਘ ੨੪ ਜਾਂ ੨੫ ਅਪ੍ਰੈਲ ੧੯੧੫ ਨੂੰ ਬਰਲਨ ਤੋਂ ਨੀਊ ਯਾਰਕ ਪੁਜਾ ਅਤੇ ਇਸ ਦੇ ਪਿਛੋਂ 'ਪੰਡਤ' ਰਾਮ ਚੰਦ ਨੂੰ ਮਿਲਿਆ†। ਜੇਕਰ 'ਪੰਡਤ' ਰਾਮ ਚੰਦ ਦੇ ਜਰਮਨਾਂ ਨਾਲ ਇਸ ਤੋਂ ਪਹਿਲੋਂ ਤਅੱਲਕਾਤ ਗੂੜ੍ਹੇ ਹੋ ਗਏ ਸਨ ਅਤੇ ਉਨ੍ਹਾਂ ਜਰਮਨਾਂ ਪਾਸੋਂ ਮਾਲੀ ਸਹਾਇਤਾ ਲੈਣੀ ਸ਼ੁਰੂ ਕਰ ਦਿਤੀ ਸੀ, ਤਾਂ ਇਸ ਵਿਚੋਂ ਸਿਆਮ-ਬਰਮਾ ਗਏ ਇਨਕਲਾਬੀਆਂ ਨੂੰ ਮਾਇਆ ਨਹੀਂ ਪੁਜੀ ਜਾਪਦੀ; ਕਿਉਂਕਿ ਬਰਮਾ ਕੇਸ ਵਿਚ ਹੋਈਆਂ ਸ਼ਹਾਦਤਾਂ ਦੱਸਦੀਆਂ ਹਨ ਕਿ ਹਿੰਦ ਆਏ ਗਦਰੀਆਂ ਵਾਂਗੂੰ ਸਿਆਮ ਬਰਮਾ ਗਏ ਗਦਰੀ ਇਨਕਲਾਬੀਆਂ ਨੂੰ ਵੀ ਇਕ ਸਮੇਂ ਮਾਇਕ ਤੰਗੀ ਸੀ*।

ਗਦਰ ਅਖਬਾਰ ਨੂੰ ਜਾਰੀ ਕਰਨ ਵੇਲੇ ਹੋਈ ਉਗਰਾਹੀ ਅਤੇ ਇਸ ਦੇ ਚਲੰਤ ਖਰਚ ਪੂਰੇ ਕਰਨ ਵਾਸਤੇ ਮਾਹਵਾਰੀ ਚੰਦਿਆਂ ਤੋਂ ਇਲਾਵਾ, ੧੫ ਫਰਵਰੀ ੧੯੧੪ ਨੂੰ ਸਟਾਕਟਨ ਵਿਚ ਇਕ ਮੀਟਿੰਗ ਹੋਈ ਜਿਸ ਵਿਚ ਹਾਜ਼ਰੀ ਬਹੁਤ ਸੀ। ਇਸ ਮੀਟਿੰਗ ਵਿਚ ਹਾਜ਼ਰ "ਸੱਭ ਸਜਣਾਂ ਨੇ ਅਗੋਂ ਤੋਂ ਆਪਣੀ ਕਮਾਈ ਇਨਕਲਾਬੀ ਮਕਸਦ ਵਾਸਤੇ ਭੇਟਾ ਕਰਨ ਦਾ ਬਚਨ ਦਿੱਤਾ†"। ਸ੍ਰੀ ਜਵਾਲਾ ਸਿੰਘ (ਗਦਰ ਪਾਰਟੀ ਦੇ ਮੀਤ ਪ੍ਰਧਾਨ) ਨੇ ਆਪਣੇ ਕੋਲੋਂ ਵਜ਼ੀਫੇ ਦੇ ਕੇ ਅਮਰੀਕਾ ਵਿਚ ਪੜ੍ਹਾਉਣ ਲਈ ਦੇਸੋਂ ਵਿਦਿਆਰਥੀ ਮੰਗਵਾਏ; ਅਤੇ ਮਨੀਲਾ ਗਦਰ ਪਾਰਟੀ ਦੇ ਪ੍ਰਧਾਨ ਸ੍ਰੀ ਚੰਨਣ ਸਿੰਘ, ਜੋ ਬੜੇ ਅਮੀਰ ਸਨ, ਨੇ ਆਪਣੀ ਸਾਰੀ ਜਾਇਦਾਦ ਇਨਕਲਾਬੀ ਮਕਸਦ ਵਾਸਤੇ ਅਰਪਣ ਕਰਨ ਦੀ ਪੇਸ਼ਕਸ਼ ਕੀਤੀ‡। 'ਕੋਮਾ ਗਾਟਾ ਮਾਰੂ' ਦੇ ਵੈਨਕੋਵਰ ਪੁਜਣ ਉੱਤੇ ੨੨੦੦੦ ਡਾਲਰ ਜਹਾਜ਼ ਦੇ ਠੇਕੇ ਦਾ ਬਕਾਇਆ ਕੈਨੇਡਾ ਦੇ ਹਿੰਦੀਆਂ ਵਲੋਂ ਤਾਰਿਆ ਗਿਆ§। ਗਦਰੀ ਇਨਕਲਾਬੀਆਂ

---

*First Case, Judgement, The beginning of the Conspiracy and war, pp. 2-3; Mandlay Case, Evidence of Nawab khan and Mula Singh; Mandlay Case, Judgement, p. 31.

†Third Case, Evidence of Jodh Singh.

---

*Mandlay Case, Judgement, p. 34.

†First Case, The beginning of the Conspiracy and war, p. 6.

‡Third Case, Evidence, p. 87.

§Rowlatt Report, p. 147.



Digitized by Panjab Digital Library | www.panjabdigilib.org

ਨੇ ਆਪਣੀ ਸਾਰੀ ਜਾਇਦਾਦ ਅਤੇ ਕਮਾਈ ਗਦਰ ਪਾਰਟੀ ਦੇ ਹਵਾਲੇ ਕਰਕੇ ਦੇਸ ਨੂੰ ਗਦਰੀ ਮੁਹਿੰਮ ਲਈ ਜਾਣਾ ਸੀ* । ਇਕ ਕੈਨੇਡਾ ਵਾਸੀ ਗੋਰੇ ਦੀ ਬਰਤਾਨੀਆਂ ਦੇ ਲੜਾਈ ਦੇ ਵਜ਼ੀਰ ਨੂੰ ਦਿੱਤੀ ਇਤਲਾਹ ਅਤੇ ਸਰਕਾਰ ਹਿੰਦ ਦੇ ਸੀ. ਆਈ. ਡੀ. ਦੇ ਡਾਇਰੈਕਟਰ ਦੀ ਰੀਪੋਟ ਮੁਤਾਬਕ, ਕੈਨੇਡਾ ਅਤੇ ਅਮਰੀਕਾ ਦੇ ਕਿਤਨੇ ਹਿੰਦੀ ਕਾਮਿਆਂ ਨੇ ਗਦਰੀ ਇਨਕਲਾਬੀਆਂ ਨੂੰ ਹਿੰਦ ਭੇਜਣ ਵਾਸਤੇ ਆਪਣੀਆਂ ਜਾਇਦਾਦਾਂ ਅੱਧੀ ਕੀਮਤ ਉਤੇ ਵੇਚਣੀਆਂ ਲਾ ਦਿੱਤੀਆਂ† । 'ਗਦਰ' ਅਖਬਾਰ ਅਤੇ ਯੁਗੰਤਰ ਆਸ਼ਰਮ ਵਿਚ ਕੰਮ ਕਰਨ ਵਾਲੇ ਇਨਕਲਾਬੀ ਪਹਿਲੋਂ ਆਪਣੇ ਪਲਿਓਂ ਖਰਚ ਕਰ ਕੇ ਕੰਮ ਕਰਦੇ ਰਹੇ, ਅਤੇ ਪਿਛੋਂ ਬਿਨਾਂ ਕਿਸੇ ਤਨਖ਼ਾਹ ਦੇ ਸਿਰਫ ਰੋਟੀ, ਕਪੜਾ ਅਤੇ ਦੋ ਡਾਲਰ ਮਹੀਨਾ ਜੇਬ ਖਰਚ ਲੈ ਕੇ‡ । ਸ੍ਰੀ ਸੋਹਨ ਸਿੰਘ 'ਭਕਨਾ' ਦੱਸਦੇ ਹਨ ਕਿ ਇਕ ਵੇਰ ਇਕ ਆਇਰਿਸ਼ ਦੇਸ਼-ਭਗਤ ਯੁਗੰਤਰ ਆਸ਼ਰਮ ਵੇਖਣ ਆਏ, ਅਤੇ ਕਿਤਨੇ ਦੇਸ਼-ਭਗਤਾਂ ਨੂੰ ਕੰਮ ਕਰਦਿਆਂ ਵੇਖ ਕੇ ਪੁਛਣ ਲਗੇ ਕਿ ਕਿਤਨਾ ਖਰਚ ਆਉਂਦਾ ਹੈ। ਸ੍ਰੀ ਸੋਹਨ ਸਿੰਘ ਨੇ ਦੱਸਿਆ ਕਿ ਕੇਵਲ ਦੋ ਡਾਲਰ ਰੋਜ਼ਾਨਾ; ਕਿਉਂਕਿ ਸਬਜ਼ੀਆਂ ਭਾਜੀਆਂ ਸ੍ਰੀ ਜਵਾਲਾ ਸਿੰਘ, 'ਸੰਤ' ਵਸਾਖਾ ਸਿੰਘ ਤੇ 'ਭਾਈ' ਸੰਤੋਖ ਸਿੰਘ ਦੀ ਫਾਰਮ ਤੋਂ ਮੁਫਤ ਆ ਜਾਂਦੀਆਂ ਸਨ, ਅਤੇ ਕੇਵਲ ਡਬਲ ਰੋਟੀ ਮੁਲ ਲਈ ਜਾਂਦੀ ਸੀ¶ । ਤਨਖ਼ਾਹ ਕਿਸੇ ਨੂੰ ਵੀ ਨਹੀਂ ਸੀ ਦਿੱਤੀ ਜਾਂਦੀ। ਇਹ ਸੁਣ ਕੇ ਉਸ ਆਇਰਿਸ਼ ਦੀ ਚੀਖ ਨਿਕਲ ਗਈ ਅਤੇ ਉਹ ਕਹਿਣ ਲਗੇ ਕਿ ਤੁਸਾਂ ਥੋੜੇ ਦਿਨਾਂ ਵਿਚ ਉਹ ਕੁਝ ਕਰ ਵਿਖਾਇਆ ਹੈ ਜੋ ਸਾਥੋਂ ਨਹੀਂ ਸੀ ਹੋ ਸਕਿਆ। ਹੁਣ ਹਿੰਦੁਸਤਾਨ ਨੂੰ ਕੋਈ ਤਾਕਤ ਗੁਲਾਮ ਨਹੀਂ ਰੱਖ ਸਕੇਗੀ।

ਹਿੰਦੁਸਤਾਨ ਦੇ ਮਹੌਲ ਵਿਚ ਆਕੇ ਵੀ ਗਦਰੀ ਇਨਕਲਾਬੀਆਂ ਦੇ ਨਾ ਕੇਵਲ ਆਗੂਆਂ ਵਿਚ, ਬਲਕਿ ਲਹਿਰ ਵਿਚ ਹਿੱਸਾ ਲੈਣ ਵਾਲੇ ਸਾਧਾਰਨ ਸਾਥੀਆਂ ਦੀ ਵੀ ਇਸ ਤਿਆਗ ਬਿਰਤੀ ਵਿਚ ਫਰਕ ਨਹੀਂ ਸੀ ਪਿਆ। ਸ੍ਰੀ ਨਿਧਾਨ ਸਿੰਘ 'ਚੁਘਾ' ਨੇ ਆਪਣਾ ਸਾਰਾ ਲਹਿਣਾ ਉਗਰਾਹ ਕੇ ਦੇਣ ਦੀ ਪੇਸ਼ਕਸ਼ ਕੀਤੀ*, ਅਤੇ ਇਕ ਸਧਾਰਨ ਇਨਕਲਾਬੀ ਸੁਰਜਨ ਸਿੰਘ ਨੇ ਫਜ਼ਲ ਦੀਨ ਨੂੰ ਦੱਸਿਆ ਕਿ ਉਹ ਬਦੇਸਾਂ ਤੋਂ ਦੇਸ ਉਸ ਕੰਮ ਵਾਸਤੇ ਆਏ ਸਨ ਜੋ ਪੈਸੇ ਨਾਲੋਂ ਬਹੁਤ ਉਤਮ ਸੀ† । ਮਾਇਕ ਤੰਗੀ ਦੇ ਕਾਰਨ ਜਦ ਗਦਰੀ ਇਨਕਲਾਬੀ ਡਾਕੇ ਮਾਰਨ ਵਾਸਤੇ ਮਜਬੂਰ ਹੋਏ, ਤਾਂ ਵੀ ਉਨ੍ਹਾਂ ਨੇ ਡਾਕਿਆਂ ਰਾਹੀਂ ਪ੍ਰਾਪਤ ਕੀਤੀ ਮਾਇਆ ਆਪਣੀ ਜ਼ਾਤ ਲਈ ਨਹੀਂ ਸੀ ਵਰਤੀ‡ । ਸ੍ਰੀ ਸਾਨਿਯਾਲ ਗਦਰੀ ਇਨਕਲਾਬੀਆਂ ਬਾਰੇ ਲਿਖਦੇ ਹਨ ਕਿ, "ਰੁਪਏ ਪੈਸੇ ਦੀ ਚਰਚਾ ਛਿੜਦਿਆਂ ਹੀ ਉਨ੍ਹਾਂ ਨੇ ਤੁਰਤ ਸੋਨੇ ਦੀਆਂ ਗੋਲ ਗੋਲ ਵਡੀਆਂ ਵਡੀਆਂ ਮੋਹਰਾਂ ਮੇਰੇ ਅਗੇ ਰਖ ਦਿਤੀਆਂ......ਹਰ ਇਕ ਦੱਲ ਨੇ ਅਜੇਹਾ ਹੀ ਵਰਤਾਉ ਕੀਤਾ ਸੀ। ਗਦਰ ਦੇ ਕੰਮ ਵਿਚ ਇਨ੍ਹਾਂ ਲੋਕਾਂ ਨੂੰ ਜਿਸ ਪ੍ਰਕਾਰ ਦਿਲ ਖੋਲਕੇ ਆਪਣੀ ਗਾੜ੍ਹੀ ਕਮਾਈ ਦਾ ਧਨ ਦਾਨ ਕਰਦਿਆਂ ਵੇਖਿਆ ਹੈ, ਅਜੇਹਾ ਦ੍ਰਿਸ਼ਯ ਬੰਗਾਲ ਅੰਦਰ ਵੇਖਣ ਵਿਚ ਨਹੀਂ ਆਇਆ"* ।

ਜਦ ਕਿਸੇ ਸਚੀ ਲਗਨ ਦੇ ਸਬੱਬ ਇਨਸਾਨ ਦੇ ਜੀਵਨ ਵਿਚ ਤਬਦੀਲੀ ਆਉਂਦੀ ਹੈ, ਤਾਂ ਇਹ ਤਬਦੀਲੀ ਬਹੁ-ਰੁਖੀ ਜ਼ਿੰਦਗੀ ਦੇ ਕਈ ਪਹਿਲੂਆਂ ਵਿਚ ਜ਼ਾਹਰ ਹੁੰਦੀ ਹੈ । ਆਚੰਰਨ ਢਾਲਣ ਵਿਚ ਇਨਕਲਾਬੀ ਲਹਿਰਾਂ ਦੇ ਅਸਰ ਜ਼ਿਆਦਾ ਵਡੇ ਖਿਲਾਰ ਵਿਚ ਅਤੇ ਡੂੰਘੇ ਹੁੰਦੇ ਹਨ, ਕਿਉਂਕਿ ਇਨ੍ਹਾਂ ਦੇ ਸਮਾਜ ਨੂੰ ਹਲੂਣਾ ਦੇਣ ਵਾਲੇ ਝਟੱਕੇ ਭੁਚਾਲ ਵਾਂਗੂੰ ਬੜੇ ਸਖਤ ਹੁੰਦੇ ਹਨ । ਤੀਜੇ ਕਾਂਡ (ਪੰਨੇ ੮੫ ਤੋਂ ੮੭) ਵਿਚ ਵੇਖਿਆ ਜਾ ਚੁਕਾ ਹੈ ਕਿ ਕੈਨੇਡਾ ਅਮਰੀਕਾ ਦੇ ਹਿੰਦੀਆਂ ਵਿਚ ਕੌਮੀ ਸ੍ਵੈਮਾਨ ਦਾ ਜਜ਼ਬਾ ਆ ਜਾਣ ਕਰਕੇ ਉਨ੍ਹਾਂ ਦੀ ਰਹਿਣੀ ਬਹਿਣੀ ਵਿਚ ਕਿਵੇਂ ਪਲਟਾ ਆ ਗਿਆ ਸੀ, ਅਤੇ ਉਨ੍ਹਾਂ ਵਿਚ ਭਰਾਤਰੀਭਾਵ ਅਤੇ ਕੌਮੀ ਏਕਤਾ ਦੀ ਉਹ ਸਪਿਰੱਟ ਆ ਗਈ ਸੀ, ਜਿਸ ਕਰਕੇ, ਕੈਨੇਡਾ ਵਿਚ ਕਈ ਵੇਰ ਚਾਲੀ ਵੀ ਸਦੀ ਕੰਮ ਤੋਂ ਵਾਂਜਿਆਂ ਰਹਿਣ ਦੇ ਬਾਵਜੂਦ, ਹਿੰਦੀ ਕਿਸੇ ਕੈਨੇਡੀਅਨ ਜਾਂ ਕੈਨੇਡਾ ਦੀ ਸਰਕਾਰ ਤੋਂ ਮਦਦ ਲੈਣ ਲਈ ਮਜਬੂਰ ਨਾ ਹੋਏ† । 'ਭਾਈ' ਪਰਮਾਨੰਦ ਨੇ ਲਿਖਿਆ ਹੈ ਕਿ ਅਮਰੀਕਾ ਤੋਂ ਆਉਣ ਵਾਲੇ ਗਦਰੀਆਂ ਵਿਚ "ਬੁਢੇ ਆਦਮੀ ਸਨ ਜਿਨ੍ਹਾਂ ਨੇ ਅਮਰੀਕਾ ਵਿਚ ਬਹੁਤ ਧਨ ਖੱਟਿਆ ਸੀ, ਅਤੇ ਇਹ ਧਨ ਹੋਰਨਾ ਦੇ ਹਵਾਲੇ ਕਰਕੇ ਹੁਣ ਵਾਪਸ ਆ ਗਏ ਸਨ। ਉਨ੍ਹਾਂ ਵਿਚ ਓਹ 'ਜੈਕ' ਵੀ ਸਨ ਜਿਨ੍ਹਾਂ ਦਾ ਕਰਤੱਵ ਸਿਰਫ ਕਮਾਉਣਾ ਅਤੇ ਸ਼ਰਾਬ ਪੀਣੀ ਸੀ, ਅਤੇ ਜਿਨ੍ਹਾਂ ਨੇ ਇਕ ਧੇਲਾ ਵੀ ਨਹੀਂ ਸੀ ਬਚਾਇਆ। ਉਹ ਐਸ਼ ਦੀ ਜ਼ਿੰਦਗੀ ਤਿਆਗਕੇ ਦੇਸ਼ ਭਗਤੀ ਦੇ ਉਛਾਲ ਵਿਚ ਜਹਾਜ਼ੇ ਚੜ੍ਹ ਆਏ ਸਨ*" । 'ਪੰਡਤ' ਕਾਂਸ਼ੀ ਰਾਮ (ਗਦਰ ਪਾਰਟੀ ਦੇ ਖਜ਼ਾਨਚੀ) ਦੂਸਰੀ ਸ਼੍ਰੇਣੀ ਵਿਚੋਂ ਸਨ, ਜਿਨ੍ਹਾਂ ਦਾ ਲਹਿਰ ਵਿਚ ਸ਼ਾਮਲ ਹੋਕੇ ਆਪਣੇ ਉਤੇ ਇਤਨਾ ਕਾਬੂ ਹੋ ਗਿਆ ਸੀ ਕਿ ਮੌਤ ਦੀ ਸਜ਼ਾ ਦਾ ਹੁਕਮ ਸੁਣ ਕੇ ਉਨ੍ਹਾਂ ਉਤੇ ਜ਼ਰਾ ਵੀ ਅਸਰ ਨਾ ਹੋਇਆ† । 'ਜੈਕ' ਦੀ ਅੱਲ ਹੀ ਇਸ ਲਈ ਪਈ ਸੀ ਕਿ ਉਹ ਸ਼ਰਾਬ ਹੱਦ ਤੋਂ ਵੱਧ ਪੀਂਦੇ ਸਨ। 'ਜੈਕ', ਸ੍ਰੀ ਗੁਰਦਿਤ ਸਿੰਘ ਅਤੇ ਸ੍ਰੀ ਰੁਲੀਆ ਸਿੰਘ, ਜੋ ਸ਼ਰਾਬੀਆਂ ਦੇ ਸਰਦਾਰ ਮੰਨੇ ਜਾਂਦੇ ਸਨ, ਗਦਰ ਪਾਰਟੀ ਵਿਚ ਰਲਕੇ ਇਨਕਲਾਬੀ ਲਗਨ ਵਿਚ ਐਸੇ ਜੁਟੇ ਕਿ ਉਨ੍ਹਾਂ ਸ਼ਰਾਬ ਦਾ ਸਦਾ ਲਈ ਤਿਆਗ ਕਰ ਦਿੱਤਾ‡ । ਸਾਨ੍ਹੇ ਵਾਲ ਦੇ ਡਾਕੇ ਵਿਚ ਇਨਕਲਾਬੀਆਂ ਦੇ ਨਾਲ ਰਲੇ ਇਕ ਡਾਕੂ ਨੇ ਜਦ ਇਕ ਬੀਬੀ ਵਲ ਮੈਲੀ ਅੱਖ ਨਾਲ ਵੇਖਿਆ, ਤਾਂ ਸ੍ਰੀ ਕਰਤਾਰ ਸਿੰਘ 'ਸਰਾਭਾ' ਦੇ ਇਕ ਲਫਟੈਨ ਨੇ ਉਸ ਨੂੰ ਗੋਲੀ ਮਾਰ ਦੇਣ ਦੀ ਧਮਕੀ ਦੇ ਕੇ ਵਰਜ ਦਿੱਤਾ§ । ਸ੍ਰੀ ਸਾਨਿਯਾਲ ਲਿਖਦੇ ਹਨ ਕਿ ਗਦਰੀ ਇਨਕਲਾਬੀ ਇਕ ਦੂਜੇ ਨੂੰ ਬੁਲਾਉਣ ਜਾਂ ਬਾਤ ਚੀਤ ਕਰਨ ਸਮੇਂ 'ਸੰਤੇ', 'ਬਾਦਸ਼ਾਹੋ' ਆਦਿ ਸਨਮਾਨ ਭਰੇ ਸ਼ਬਦਾਂ ਤੋਂ ਸਿਵਾਏ ਹੋਰ ਕਿਸੇ ਸ਼ਬਦ ਨੂੰ ਵਰਤੋਂ ਵਿਚ ਨਾ ਲਿਆਉਂਦੇ; ਅਤੇ ਸ੍ਰੀ ਨਿਧਾਨ ਸਿੰਘ 'ਚੁਘਾ' ਵਿਚ ਜਿਹੋ ਜਿਹਾ ਤੇਜ ਵੇਖਿਆ, ਉਜੇਹਾ ਨੌਜਵਾਨਾਂ ਵਿਚ ਵੀ ਨਹੀਂ ਵੇਖਿਆ¶ । ਦਫੇਦਾਰ ਲਛਮਣ ਸਿੰਘ ਨਾਲ ਤੇਈਵੇਂ ਰਸਾਲੇ ਦੇ ਇਕ ਮੁਸਲਮਾਨ ਸ੍ਰੀ ਅਬਦੁਲਾ ਨੂੰ ਵੀ

---

*San Francisco Trial, Testimony of Nawab Khan.

†Isemonger and Slattery, p. 52.

‡Ibid, p. 33; First Case, Judgement, Individual Case of Kartar Singh; San Francisco Trial, Testimony of Harcharan Das.

¶'ਅਕਾਲੀ ਤੇ ਪ੍ਰਦੇਸੀ', ੨੭ ਅਪ੍ਰੈਲ ੧੯੩੦ ਦਾ ਪਰਚਾ।

---

*First Case,, Individual Case of Nidhan Singh.

†Third Case, Judgement, p. 48.

‡First Case, Dacoities, p. 24.

---

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੭.

†Madern Review, August, 1909, p. 105.

---

*Bh. Parmanand, p. 69.

†Ibid, p. 74.

‡'ਅਕਾਲੀ ਤੇ ਪ੍ਰਦੇਸੀ', ੨ ਅਪ੍ਰੈਲ ੧੯੩੦ ਦਾ ਪਰਚਾ।

§Isemonger and Slattery, p. 99.

¶ਬੰਦੀ ਜੀਵਨ, ਭਾਗ ਪਹਿਲਾ, ਪੰਨਾ ੮੭ ।



Digitized by Panjab Digital Library | www.panjabdigilib.org

ਫਾਂਸੀ ਦਾ ਹੁਕਮ ਹੋਇਆ ਸੀ। ਜਦ ਸ਼੍ਰੀ ਅਬਦੁਲਾ ਨੂੰ ਜਾਨ ਬਖਸ਼ ਦੇਣ ਦਾ ਲਾਲਚ ਦੇ ਕੇ ਕੁਝ ਗੁਪਤ ਗੱਲਾਂ ਦੀ ਟੋਹ ਲੈਣ ਦੀ ਕੋਸ਼ਸ਼ ਕੀਤੀ ਗਈ, ਅਤੇ ਕਿਹਾ ਗਿਆ ਕਿ ਤੂੰ ਇਕ ਕਾਫਰ ਦੇ ਨਾਲ ਫਾਂਸੀ ਚੜ੍ਹਨਾ ਕਿਸ ਤਰ੍ਹਾਂ ਪਸੰਦ ਕਰੇਂਗਾ, ਤਦ ਸ਼੍ਰੀ ਅਬਦੁਲਾ ਨੇ ਉੱਤਰ ਦਿੱਤਾ ਕਿ, "ਜੇਕਰ ਮੈਂ ਲਛਮਣ ਸਿੰਘ ਦੇ ਨਾਲ ਹੀ ਫਾਂਸੀ ਪੁਰ ਲਟਕਾਇਆ ਜਾਵਾਂ ਤਾਂ ਮੈਨੂੰ ਜ਼ਰੂਰ ਹੀ ਬਹਿਸ਼ਤ ਮਿਲੇ*"। ਸ਼੍ਰੀ ਅਬਦੁਲਾ ਨੇ ਆਪਣੀ ਜਾਨ ਬਚਾਉਣ ਦੀ ਪਰਵਾਹ ਨਾ ਕੀਤੀ ਅਤੇ ਫਾਂਸੀ ਲੱਗ ਕੇ ਸ਼ਹੀਦ ਹੋ ਗਏ। ਇਸੇ ਤਰ੍ਹਾਂ ਸ਼੍ਰੀ ਸੋਹਨ ਲਾਲ 'ਪਾਠਕ' ਨੂੰ ਬਰਮਾ ਦੇ ਗਵਰਨਰ ਨੇ ਭੇਦ ਲੈਣ ਖਾਤਰ ਆਪ ਆ ਕੇ ਸਮਝਾਇਆ ਕਿ ਜੇ ਉਹ ਇਕ ਵੇਰ ਮੁਆਫੀ ਮੰਗ ਲੈਣ ਤਾਂ ਉਨ੍ਹਾਂ ਦੀ ਜਾਨ ਬਖਸ਼ੀ ਕੀਤੀ ਜਾਵੇਗੀ। ਪਰ ਸ਼੍ਰੀ ਸੋਹਨ ਲਾਲ ਨੇ ਇਹ ਉੱਤਰ ਦਿੱਤਾ ਕਿ ਖਿਮਾਂ ਤਾਂ ਸਗੋਂ ਅੰਗਰੇਜ਼ਾਂ ਨੂੰ ਮੰਗਣੀ ਚਾਹੀਦੀ ਹੈ, ਕਿਉਂਕਿ ਉਹ ਹਿੰਦੀਆਂ ਉਤੇ ਜ਼ੁਲਮ ਕਰਦੇ ਰਹੇ ਹਨ। ਫਾਂਸੀ ਦੇ ਤਖਤੇ ਉੱਤੇ ਖੜੇ ਹੋਣ ਵੇਲੇ ਵੀ ਅੰਗਰੇਜ਼ ਮੈਜਿਸਟ੍ਰੇਟ ਨੇ ਸ਼੍ਰੀ ਸੋਹਨ ਲਾਲ 'ਪਾਠਕ' ਨੂੰ ਫਿਰ ਅਖੀਰੀ ਵੇਰ ਪ੍ਰੇਰਨ ਦੀ ਕੋਸ਼ਸ਼ ਕੀਤੀ ਕਿ ਉਹ ਮੁਆਫੀ ਮੰਗ ਲੈਣ, ਪਰ ਉਨ੍ਹਾਂ ਮੁਆਫੀ ਨਾ ਮੰਗੀ ਅਤੇ ਸ਼ਹੀਦ ਹੋ ਗਏ†। ਬਰਮਾ ਕੇਸ ਦਾ ਫੈਸਲਾ ਸੁਨਾਣ ਸਮੇਂ ਸ਼੍ਰੀ ਚਾਲੀਆ ਰਾਮ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ, ਪਰ ਉਨ੍ਹਾ ਉੱਤੇ ਰਹਿਮ ਕਰਨ ਦੀ ਸਫਾਰਸ਼ ਕੀਤੀ ਗਈ‡। ਪਰ ਸ਼੍ਰੀ ਚਾਲੀਆ ਰਾਮ ਨੇ ਇਹ ਕਹਿਕੇ ਅਪੀਲ ਕਰਨੋਂ ਨਾਂਹ ਕਰ ਦਿੱਤੀ, ਕਿ ਉਹ ਸ਼੍ਰੀ ਹਰਨਾਮ ਸਿੰਘ 'ਕਾਹਰੀ ਸਾਰੀ' ਵਰਗੇ ਮਹਾਤਮਾ ਦਾ ਸੰਗ ਨਹੀਂ ਸੀ ਛੱਡਣਾ ਚਾਹੁੰਦੇ*। ਸ਼੍ਰੀ ਚਾਲੀਆ ਰਾਮ ਫਾਂਸੀ ਪੁਰ ਲੱਟਕ ਗਏ, ਪਰ ਮੌਤ ਵਿਚ ਵੀ ਸ਼੍ਰੀ ਹਰਨਾਮ ਸਿੰਘ ਦਾ ਸਾਥ ਨਾ ਛੱਡਿਆ। ਅਮਰੀਕਾ ਵਿਰੁਧ ਕਾਰਰਵਾਈਆਂ ਦੀ ਰੀਪੋਟ ਵਿਚ ਇਹ ਮੰਨਿਆ ਗਿਆ ਹੈ ਕਿ ਗਦਰ ਪਾਰਟੀ ਦੇ ਇਨਕਲਾਬੀਆਂ ਵਿਚ ਇਕ ਦੂਜੇ ਲਈ ਵਫ਼ਾਦਾਰੀ ਕੁੱਟ ਕੁੱਟ ਕੇ ਭਰੀ ਹੋਈ ਸੀ†।

ਸੈਨਫ੍ਰਾਂਸਿਸਕੋ ਕੇਸ ਦੇ ਸੰਬੰਧ ਵਿਚ ਕਲਕੱਤੇ ਦੇ ਮਸ਼ਹੂਰ ਅੰਗਰੇਜ਼ੀ ਦੇ ਮਾਹਵਾਰੀ ਰਿਸਾਲੇ 'ਮਾਡਰਨ ਰੀਵੀਊ' ਨੇ ਟੀਕਾ ਟਿਪਣੀ ਕਰਦਿਆਂ ਲਿਖਿਆ ਕਿ ਇਸ ਵਿਚ ਹੈਰਾਨੀ ਨਹੀਂ ਕਿ ਜਰਮਨਾਂ ਨੇ ਅਮਰੀਕਾ ਵਿਚ ਅਨਪੜ੍ਹ ਜਾਂ ਅੱਧ ਪੜ੍ਹੇ ਆਦਮੀਆਂ ਨੂੰ ਪ੍ਰੇਰ ਲਿਆ ਕਿ ਹਿੰਦ ਵਿਚ ਹੱਥਿਆਰ ਬੰਦ ਬਗਾਵਤ ਸੰਭਵ ਸੀ ਜਾਂ ਕੀਤੀ ਜਾਣੀ ਚਾਹੀਦੀ ਸੀ; ਪਰ ਇਹ ਹੈਰਾਨੀ ਦੀ ਗੱਲ ਹੈ ਕਿ ਉਨ੍ਹਾਂ ਹਿੰਦ ਜਾਂ ਬਦੇਸੀ ਯੂਨੀਵਰਸਟੀਆਂ ਦੇ ਗ੍ਰੈਜੂਏਟ ਹਿੰਦੀਆਂ, ਜਿਨ੍ਹਾਂ ਨੂੰ ਹਿੰਦ ਦੀ ਮੌਜੂਦਾ ਅਵੱਸਥਾ ਅਤੇ ਅਜ ਕਲ ਦੇ ਲੜਾਈ ਦੇ ਢੰਗਾਂ ਬਾਰੇ ਸਮਝ ਹੋਣੀ ਚਾਹੀਦੀ ਸੀ, ਨੂੰ ਵੀ ਪ੍ਰੇਰ ਲਿਆ ਹੈ ਕਿ ਹੱਥਿਆਰਬੰਦ ਇਨਕਲਾਬ ਸੰਭਵ ਹੋ ਸਕਦਾ ਹੈ ਜਾਂ ਕੀਤੇ ਜਾਣਾ ਚਾਹੀਦਾ ਹੈ‡।

ਹਥਿਆਰ ਬੰਦ ਇਨਕਲਾਬ ਸੰਭਵ ਸੀ ਜਾਂ ਨਹੀਂ, ਜਾਂ ਇਹ ਕੀਤੇ ਜਾਣਾ ਚਾਹੀਦਾ ਸਾ ਜਾਂ ਨਹੀਂ, ਇਸ ਬਾਰੇ ਹੋਰ ਟੀਕਾ ਟਿਪਣੀ ਦੀ ਲੋੜ ਨਹੀਂ: ਅਤੇ ਦੇਸ ਦੇ ਪੜ੍ਹੇ ਲਿਖੇ ਤਬੱਕੇ ਵਿਚ

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੧੧੨।
†ਬੰਦੀ ਜੀਵਨ, ਭਾਗ ਦੂਜਾ, ਪੰਨਾ ੧੨੮-੧੨੯.
‡Isemonger and Slattery. Appendix N.

*'ਅਕਾਲੀ ਤੇ ਪ੍ਰਦੇਸੀ', ੨੬ ਮਾਰਚ ੧੯੩੦ ਦਾ ਪਰਚਾ।
†Un-American Activities, p. 214.
‡Modern Review, June, 1918, p. 674.

ਉਸ ਸਮੇਂ ਛਾਏ ਹੋਏ ਮਹੌਲ ਦੀ 'ਮਾਡਰਨ ਰੀਵੀਊ' ਦੀ ਇਹ ਲਿਖਤ ਇਕ ਹੋਰ ਮਿਸਾਲ ਹੈ। ਪਰ ਆਮ ਪ੍ਰਚਲੱਤ ਇਹ ਪ੍ਰਭਾਵ ਗਲਤ ਹੈ ਕਿ ਗਦਰ ਪਾਰਟੀ ਲਹਿਰ ਵਿਚ ਕੇਵਲ ਅਨਪੜ੍ਹ ਆਦਮੀਆਂ ਨੇ ਹਿੱਸਾ ਲਿਆ। ਗਦਰ ਪਾਰਟੀ ਲਹਿਰ ਵਿਚ ਸ਼ਾਮਲ ਹੋਣ ਵਾਲਿਆਂ ਵਿਚੋਂ ਬਹੁਤੀ ਗਿਣਤੀ ਅਮਰੀਕਾ ਕੈਨੇਡਾ ਗਏ ਹਿੰਦੀ ਕਾਮਿਆਂ ਦੀ ਸੀ, ਪਰ ਉਨ੍ਹਾਂ ਵਿਚ ਵੀ ਪੈਦਾ ਹੋਏ ਕੌਮੀ ਉਭਾਰ ਦਾ ਇਕ ਅਸਰ ਇਹ ਸੀ ਕਿ ਹਿੰਦੀ ਕਾਮਿਆਂ ਦੀ ਕਾਫੀ ਗਿਣਤੀ ਨੇ ਵਿਦਿਅਕ ਲਿਹਾਜ਼ ਨਾਲ ਆਪਣੇ ਆਪ ਨੂੰ ਉਚਿਆਂ ਕਰਨ ਦੀ ਕੋਸ਼ਸ਼ ਕੀਤੀ*। ਯੂਨੀਵਰਸਟੀ ਦੀਆਂ ਡਿਗਰੀਆਂ ਹੀ ਇਲਮੀ ਲਿਆਕਤ ਨੂੰ ਜਾਂਚਣ ਦਾ ਮਿਯਾਰ ਨਹੀਂ। ਮਾਂਡਲੇ ਕੇਸ ਵਿਚ ਵਿਯੱਕਤੀਆਂ ਬਾਰੇ ਵਧੇਰੇ ਵਿਸਥਾਰ ਨਾਲ ਰਾਏ ਜ਼ਨੀ ਕੀਤੀ ਗਈ ਸੀ, ਇਸ ਵਾਸਤੇ ਇਸ ਦੀ ਮਿਸਾਲ ਚੁਣੀ ਗਈ ਹੈ। ਇਸ ਦੇ ਫੈਸਲੇ ਵਿਚ ਲਿਖਿਆ ਗਿਆ ਹੈ ਕਿ ਸ਼੍ਰੀ ਹਰਨਾਮ ਸਿੰਘ 'ਕਾਹਰੀ ਸਾਰੀ' ਚੰਗੇ ਸਿਆਣੇ ਸਨ, ਅਤੇ ਅੰਗਰੇਜ਼ੀ ਬਿਨਾਂ ਅੱਟਕੇ ਰਵਾਨੀ ਨਾਲ ਬੋਲ ਸਕਦੇ ਸਨ। ਸ਼੍ਰੀ ਚੇਤ ਰਾਮ ਪੜ੍ਹੇ ਲਿਖੇ ਅਤੇ ਅੰਗਰੇਜ਼ੀ ਲਿਖ ਸਕਦੇ ਸਨ। ਸ਼੍ਰੀ ਕਿਰਪਾ ਰਾਮ ਸਕੂਲ ਮਾਸਟਰ ਸਨ ਅਤੇ ਪੜ੍ਹੇ ਲਿਖੇ ਅਤੇ ਪੋਜ਼ੀਸ਼ਨ ਵਾਲੇ ਬੰਦੇ ਸਨ। ਸ਼੍ਰੀ ਚਾਲੀਆ ਰਾਮ ਪੜ੍ਹੇ ਲਿਖੇ ਅਤੇ ਅੰਗਰੇਜ਼ੀ ਦੇ ਚੰਗੇ ਵਿਦਵਾਨ (Scholar) ਸਨ। ਸ਼੍ਰੀ ਕਪੂਰ ਸਿੰਘ ਪੜ੍ਹੇ ਲਿਖੇ ਸਨ, ਜੋ ਅਮਰੀਕਨ ਲਹਿਜ਼ੇ ਨਾਲ ਅੰਗਰੇਜ਼ੀ ਬੋਲਦੇ ਸਨ। ਸ਼੍ਰੀ ਗਿਆਨ ਚੰਦ ਵੀ ਕਾਫੀ ਪੜ੍ਹੇ ਲਿਖੇ ਸਨ, ਅਤੇ ਸ਼੍ਰੀ ਨਿਰੰਜਨ ਸਿੰਘ ਓਵਰਸੀਅਰ ਸਨ ਅਤੇ ਸ਼੍ਰੀ ਅਮਰ ਸਿੰਘ ਸਰਵੇਅਰ†। ਸ਼੍ਰੀ ਪਿੰਗਲੇ ਬਾਰੇ ਪਹਿਲੇ ਕੇਸ ਦੇ ਜੱਜਾਂ ਵੀ ਆਪਣੇ ਦ੍ਰਿਸ਼ਟੀ-ਕੋਨ ਤੋਂ ਅਫਸੋਸ ਪ੍ਰਗੱਟ ਕੀਤਾ ਹੈ ਕਿ ਐਸਾ ਲਾਇਕ ਆਦਮੀ ਇਸ ਵਹਿਣ ਵਿਚ ਕਿਉਂ ਪੈ ਗਿਆ*।

ਗਦਰ ਪਾਰਟੀ ਲਹਿਰ ਵਿਚ ਹਿੱਸਾ ਲੈਣ ਵਾਲੇ ਭਾਵੇਂ ਪੜ੍ਹੇ ਸਨ ਜਾਂ ਅਨਪੜ੍ਹ, ਉਹ ਸਭ ਉਚੇ ਅਤੇ ਸੁਚੇ ਆਦੱਰਸ਼ ਅਤੇ ਵਲਵਲਿਆਂ ਨਾਲ ਪ੍ਰੇਰਤ ਹੋਕੇ ਕੰਮ ਕਰ ਰਹੇ ਸਨ। ਤੀਜੇ ਕਾਂਡ ਵਿਚ ਨਿਰਪੱਖ ਗਵਾਹੀਆਂ ਦੇ ਹਵਾਲਿਆਂ ਨਾਲ ਵੇਖਿਆ ਜਾ ਚੁਕਾ ਹੈ ਕਿ ਅਮਰੀਕਾ ਕੈਨੇਡਾ ਗਏ ਹਿੰਦੀ ਕਾਮਿਆਂ ਦਾ ਕਿਵੇਂ ਵਿਯੱਕਤੀ-ਗਤ ਜਾਂ ਤੰਗ ਫਿਰਕੂ ਨਜ਼ਰੀਆ ਨਹੀਂ ਸੀ ਰਿਹਾ। ਛੇਵੇਂ ਕਾਂਡ (ਪੰਨਾ ੧੮੫) ਵਿਚ ਦੱਸਿਆ ਜਾ ਚੁਕਾ ਹੈ ਕਿ ਗਦਰ ਪਾਰਟੀ ਦਾ ਆਦੱਰਸ਼ 'ਆਜ਼ਾਦੀ ਤੇ ਬਰਾਬਰੀ' ਸੀ, ਅਤੇ ਗਦਰੀ ਸਿਪਾਹੀ ਹਿੰਦੁਸਤਾਨ ਤੋਂ ਇਲਾਵਾ ਦੁਨੀਆਂ ਦੇ ਹੋਰ ਹਿੱਸਿਆਂ ਵਿਚ ਵੀ ਗੁਲਾਮੀ ਵਿਰੁਧ ਹੋਏ ਯਤਨਾਂ ਵਿਚ ਸਹਾਇਤਾ ਕਰਨ ਬਾਰੇ ਸੋਚਦੇ ਸਨ (ਪੰਨਾ ੧੮੬)। ਹਿੰਦ ਨੂੰ ਆਉਣ ਵਾਲੀ ਗਦਰੀ ਮੁਹਿੰਮ ਵਿਚ ਚੰਦ ਇਕ ਅਮਰੀਕਨ ਵੀ ਸ਼ਾਮਲ ਹੋਕੇ ਹਿੰਦ ਨੂੰ ਆਏ†, ਅਤੇ ਇਹ ਜ਼ਾਹਰ ਕਰਦਾ ਹੈ ਕਿ ਗਦਰ ਪਾਰਟੀ ਲਹਿਰ ਵਿਚ ਕੰਮ ਕਰ ਰਹੀ ਸਪਿੱਰਟ ਦੀ ਖਿੱਚ ਦਾ ਦਾਇਰਾ ਕਿਵੇਂ ਵੱਡਾ ਸੀ। ਗਦਰੀ ਇਨਕਲਾਬੀਆਂ ਨੇ 'ਆਜ਼ਾਦੀ ਤੇ ਬਰਾਬਰੀ' ਲਿਆਉਣ ਲਈ ਕਸਮਾਂ ਖਾਧੀਆਂ ਹੋਈਆਂ ਸਨ‡"। ਪੰਜਾਬ ਸਰਕਾਰ ਨੇ ਹਿੰਦ ਸਰਕਾਰ ਨੂੰ ਭੇਜੀ ਇਕ

*'ਅਕਾਲੀ ਤੇ ਪ੍ਰਦੇਸੀ' ਦਾ ੧੧ ਅਪ੍ਰੈਲ ੧੯੩੦ ਦਾ ਪਰਚਾ।
†Mandlay Case, Judgement, pp. 263-293.

*First Case, Individual Case of V. G. Pingley.
†First Case, Individual Case of Kartar Singh, V. Sarabha; Mandlay Case, Judgement, p. 35.
‡First Case, The beginning of the Conspiracy and War, p. 5.



Digitized by Panjab Digital Library | www.panjabdigilib.org

ਰੀਪੋਟ ਵਿਚ ਇਹ ਲਿਖਿਆ ਕਿ ਜੋ ਸਾਜ਼ਸ਼ੀ ਲਾਹੌਰ ਫੜੇ ਗਏ ਹਨ, "ਓਹ ਬਹੁਤੇ ਅਨਾੜੀ ਸਿਖ ਕਿਸਾਨ ਹਨ, ਜਿਨ੍ਹਾਂ ਨੇ ਅਮਰੀਕਾ ਵਿਚ ਬਰਾਬਰੀ ਅਤੇ ਜਮਹੂਰੀਅਤ ਦੇ ਅਸੂਲਾਂ ਨੂੰ ਬੇਢੱਬੀ ਹਾਲਤ ਵਿਚ ਗ੍ਰਹਿਣ ਕਰ ਲਿਆ ਹੈ*"।

ਇਹ ਠੀਕ ਹੈ ਕਿ ਅਮਰੀਕਾ ਤੋਂ ਹਿੰਦ ਨੂੰ ਆਏ ਗਦਰੀ ਰਾਜਨੀਤਕ ਫਿਲਾਸਫੀ ਦੀਆਂ ਬਰੀਕੀਆਂ ਨੂੰ ਨਹੀਂ ਸਮਝਦੇ ਹੋਣਗੇ; ਪਰ 'ਆਜ਼ਾਦੀ ਅਤੇ ਬਰਾਬਰੀ' ਦੀ ਸਪਿਰੱਟ ਅਤੇ ਇਸ ਨੂੰ ਪ੍ਰਾਪਤ ਕਰਨ ਦੀ ਧੁਨ ਉਨ੍ਹਾਂ ਦੀ ਰਗ ਰਗ ਵਿਚ ਸਮਾਈ ਹੋਈ ਸੀ। ਉਨ੍ਹਾਂ ਹਿੰਦ ਵਿਚੋਂ ਬਦੇਸ਼ੀ ਰਾਜ ਪੁਟ ਦੇਣ ਦੀਆਂ ਸੁਗੰਧਾਂ ਖਾਧੀਆਂ ਹੋਈਆਂ ਸਨ†, ਅਤੇ ਇਹ ਪ੍ਰਣ ਕੀਤੇ ਹੋਏ ਸਨ ਕਿ ਆਜ਼ਾਦੀ ਲੈ ਲੈਣ ਤਕ ਆਪਣੇ ਸੰਬੰਧੀਆਂ ਅਤੇ ਰਿਸ਼ਤੇਦਾਰਾਂ ਨੂੰ ਨਹੀਂ ਮਿਲਣਗੇ‡। ਸ਼੍ਰੀ ਸਾਨਿਆਲ ਗਦਰੀ ਇਨਕਲਾਬੀਆਂ ਬਾਰੇ ਲਿਖਦੇ ਹਨ ਕਿ, "ਇਨ੍ਹਾਂ ਲੋਕਾਂ ਕੋਈ ਥੋੜੇ ਚਿਰ ਰਹਿਣ ਵਾਲੇ ਜੋਸ਼ ਵਿਚ ਭੜਕ ਕੇ ਸਭ ਕੁਝ ਛਡਕੇ ਇਸ ਗਦਰ ਧਰਮ ਵਿਚ ਪ੍ਰਵੇਸ਼ ਨਹੀਂ ਕੀਤਾ ਸੀ, ਕਿੰਤੂ ਇਨ੍ਹਾਂ ਦੇ ਹਿਰਦੇ ਵਿਚ ਸਚ ਮੁਚ ਦੇਸ਼ ਦੀ ਪ੍ਰਚੰਡ ਲਾਟ ਜਗ ਰਹੀ ਸੀ। ਇਸ ਤਰ੍ਹਾਂ ਜੋ ਸਿਖ ਦੇਸ ਵਿਚ ਪਰਤ ਆਏ ਸਨ ਉਨ੍ਹਾਂ ਵਿਚੋਂ ਬਹੁਤਿਆਂ ਨਾਲ ਮੇਰੀ ਗਲ ਬਾਤ ਹੋਈ ਸੀ ਤੇ ਉਸ ਤੋਂ ਮਲੂਮ ਹੋਇਆ ਕਿ ਉਹ ਸਚ ਮੁਚ ਪ੍ਰਾਣਾਂ ਦੇ ਹਰ ਪਰਦੇ ਵਿਚ, ਦਿਲ ਦੇ ਹਰ ਪਹਿਲੂ ਵਿਚ, ਪ੍ਰਾਧੀਨਤਾ ਦੀ ਜਲਨ ਦਾ ਅਨਭਵ ਕਰਕੇ ਗਦਰ ਪਾਰਟੀ ਵਿਚ ਸ਼ਾਮਲ ਹੋਏ ਸਨ*"। ਜੈਨਰਲ ਮੈਕਮੁਨ ਲਿਖਦੇ ਹਨ ਕਿ ਪੰਜਾਬ ਦੇ ਸਿਖਾਂ ਵਿਚੋਂ ਹੀ "ਗਦਰ ਲਹਿਰ ਦੇ ਅਜੀਬ ਤਰ੍ਹਾਂ ਦੇ ਬੇਹੱਦ ਜੋਸ਼ ਵਿਚ ਰੰਗੇ ਹੋਏ ਜਨੂਨੀ ਆਏ"। ("......from whose ranks too came the strangely infatuated fanatics of the Ghadr movement"......); ਅਤੇ "ਇਨ੍ਹਾਂ ਨੂੰ ਵਬਾ ਦੇ ਬੜੇ ਜ਼ੋਰ ਵਾਲੇ ਜਿਰਮ ਅਤੇ ਦੁਸ਼ਮਣੀ ਚਿਮੜ ਗਈ ਸੀ, ਜਿਹੜੀ ਇਹ ਇਕ ਨਵੇਂ ਸਮਾਜਕ ਚੁਗਿਰਦੇ ਵਿਚ ਫੈਲਾਉਣ ਆਏ ਸਨ" ("......they were smitten with a virus of vigorous vitality and enemity to let loose in a new milieu.†")। ਸ਼੍ਰੀ ਪਿੰਗਲੇ ਨੇ ਫਾਂਸੀ ਲਗਣ ਸਮੇਂ ਅਖੀਰਲੀ ਅਰਦਾਸ ਮੁਲਕ ਦੀ ਆਜ਼ਾਦੀ ਲਈ ਕੀਤੀ‡, ਅਤੇ ਸ਼੍ਰੀ ਅਰਜਨ ਸਿੰਘ (ਜਿਨ੍ਹਾਂ ਹਥੋਂ ਅਨਾਰਕਲੀ ਵਿਚ ਪੁਲਸੀਆ ਮਰਿਆ ਸੀ) ਨੇ ਫਾਂਸੀ ਲਗਣ ਤੋਂ ਪਹਿਲੋਂ 'ਗਦਰ ਦੀ ਗੂੰਜ' ਵਿਚੋਂ ਇਹ ਕਵਿਤਾ ਪੜ੍ਹੀ, 'ਵੇਲਾ ਆਣ ਪੁਜਾ ਕਿਉਂ ਨਹੀਂ ਜਾਗਦੇ ਓ, ਸੁਤੇ ਘੂਕ ਹਿੰਦੂ ਮੁਸਲਮਾਨ ਵੀਰੋ'। ਸ਼੍ਰੀ ਕਰਤਾਰ ਸਿੰਘ ਦੇ ਡੂੰਘੇ ਮਨ ਦੀ ਤਹਿ ਵਿਚ ਆਪਣੇ ਨਿਸ਼ਾਨੇ ਦੀ ਲਗਨ ਇਤਨੀ ਧੱਸ ਗਈ ਸੀ ਕਿ ਸਵੇਰੇ ਉਠ ਦੇ ਸਾਰ ਆਪ ਮੁਹਾਰੇ ਉਨ੍ਹਾਂ ਦੇ ਮੂੰਹੋਂ ਪਹਿਲੇ ਇਹ ਸ਼ਬਦ ਨਿਕਲਦੇ 'ਮਾਰੋ ਫਰੰਗੀ ਨੂੰ§'।

'ਗਦਰ ਪਾਰਟੀ ਲਹਿਰ' ਦਾ ਅਸਲਾ ਹੀ ਐਸਾ ਸੀ ਕਿ ਇਸ ਵਿਚ ਉਹੋ ਹਿੱਸਾ ਲੈ ਸਕਦੇ ਸਨ ਜੋ ਸਿਰਾਂ ਉਤੇ ਖਫਣ ਬੰਨ੍ਹ ਕੇ ਮੈਦਾਨ ਵਿਚ ਨਿਤਰਨ। ਗਦਰੀ ਇਨਕਲਾਬੀਆਂ ਨੂੰ ਆਪਣੇ ਨਿਸ਼ਾਨੇ ਉਤੇ ਪੁਜਣ ਤੋਂ ਪਹਿਲੋਂ ਜੋ ਕੀਮਤ ਅਦਾ ਕਰਨੀ ਪੈਣੀ ਸੀ, ਉਨ੍ਹਾਂ ਨੂੰ ਉਸ ਬਾਰੇ ਭੁਲੇਖਾ ਨਹੀਂ ਸੀ। 'ਗਦਰ' ਅਖਬਾਰ ਵਿਚ ਸਾਫ ਲਿਖਿਆ ਗਿਆ ਸੀ ਕਿ, "ਲੋੜ ਹੈ, ਹਿੰਦ ਵਿਚ ਗਦਰ ਭੜਕਾਉਣ ਲਈ ਬਹਾਦਰ ਸਿਪਾਹੀਆਂ ਦੀ; ਤਨਖ਼ਾਹ-ਮੌਤ; ਇਨਾਮ-ਸ਼ਹੀਦੀ; ਪੈਨਸ਼ਨ-ਆਜ਼ਾਦੀ; ਲੜਾਈ ਦਾ ਮੈਦਾਨ-ਹਿੰਦ*"। ਗਦਰੀ ਮੁਹਿੰਮ ਉਤੇ ਹਿੰਦ ਨੂੰ ਜਾਣ ਸਮੇਂ ਹਿੰਦੀਆਂ ਆਪਣੇ ਹੱਕ ਪ੍ਰਾਪਤ ਕਰਨ ਲਈ ਆਪਣੇ ਲਹੂ ਵਹਾ ਦੇਣ ਦਾ ਫੈਸਲਾ ਕੀਤਾ ਹੋਇਆ ਸੀ†; ਅਤੇ ਜਦ ਨਵਾਬ ਖਾਨ ਨੇ ਇਹ ਉਜ਼ਰ ਕੀਤਾ ਕਿ ਦੇਸ ਜਾਣ ਵਾਸਤੇ ਉਸ ਪਾਸ ਪੈਸਾ ਜਾਂ ਸਾਮਾਨ ਨਹੀਂ, ਤਦ ਉਸ ਨੂੰ ਜਵਾਬ ਦਿੱਤਾ ਗਿਆ, ਕਿ "ਜਦ ਆਪਣੀ ਜਾਨ ਕੁਰਬਾਨ ਕਰਨ ਜਾ ਰਹੇ ਹਾਂ, ਮਾਇਆ ਦੀ ਕੀ ਲੋੜ ਹੈ‡"। ਅਮਰੀਕਾ ਤੋਂ ਇਕ ਪਤੀ ਨੇ ਆਪਣੀ ਸੁਪੱਤਨੀ ਨੂੰ ਲਿਖਿਆ ਕਿ "......ਥੋੜੀ ਦੇਰ ਤਕ ਇਕ ਵੱਡਾ ਗਦਰ ਹੋਵੇਗਾ। ਤਲਵਾਰ ਅਤੇ ਬੰਦੂਕ ਸਾਡੇ ਹੱਥ ਵਿਚ ਹੋਵੇਗੀ ਅਤੇ ਅਗੇ ਵੱਧਦੇ ਹੋਏ ਅਸੀਂ ਮਰਾਂ ਅਤੇ ਮਾਰਾਂਗੇ। ਅਸੀਂ ਗੁਰੂ ਗੋਬਿੰਦ ਸਿੰਘ ਦੇ ਸਪੁਤ੍ਰ ਹਾਂ। ਜੇ ਜੀਊਂਦੇ ਰਹੇ ਤਾਂ ਮਿਲਾਂਗੇ¶"। ਇਸੇ ਤਰ੍ਹਾਂ ਇਕ ਸਿੱਖ ਨੇ ਕੈਲੇਫੋਰਨੀਆਂ ਤੋਂ ਨੁਸ਼ੈਹਰੇ (ਸਰਹੱਦੀ ਸੂਬੇ) ਇਕ ਫੌਜੀ ਸਿਪਾਹੀ ਨੂੰ ਲਿਖਿਆ ਕਿ "ਅਮਰੀਕਾ ਅਤੇ ਕੈਨੇਡਾ ਦੇ ਸਾਰੇ ਹਿੰਦੀ ਮਰਨ ਮਾਰਨ ਲਈ ਤਿਆਰ ਹਨ*"। ਗਦਰੀ ਇਨਕਲਾਬੀਆਂ ਨੇ ਹਿੰਦ ਪੁਜਣ ਤੋਂ ਪਹਿਲੋਂ ਰਸਤੇ ਵਿਚ ਇਹ ਫੈਸਲਾ ਕਰ ਲਿਆ ਸੀ ਕਿ ਗਦਰ ਪਾਰਟੀ ਦਾ ਜਿਹੜਾ ਮੈਂਬਰ ਆਪਣੀ ਡੀਊਟੀ ਕਰਨ ਵਿਚ ਫੇਲ ਹੋ ਜਾਵੇ, ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਏ†, ਅਤੇ ਗਦਰ ਪਾਰਟੀ ਦੇ ਸਭ ਜੋਧਾ ਵਰਕਰਾਂ ਤੇ ਉਹਦੇਦਾਰਾਂ ਨੇ ਗਦਰੀ ਮੁਹਿੰਮ ਦੇ ਮੂਹਰੇ ਲੱਗਕੇ ਛਾਲਾਂ ਮਾਰੀਆਂ।

ਦੇਸ ਵਿਚ ਆ ਕੇ ਜਿਸ ਦਲੇਰੀ ਨਾਲ ਗਦਰੀ ਇਨਕਲਾਬੀਆਂ ਨੇ ਕੰਮ ਕੀਤਾ, ਉਸ ਬਾਰੇ ਪੰਜਾਬ ਦੇ ਪੁਲਸ ਅਫਸਰਾਂ ਆਪਣੀ ਲਿਖਤ ਵਿਚ ਲਿਖਿਆ ਹੈ ਕਿ, "ਸੁਚਾ ਸਿੰਘ ਅਤੇ ਹੋਰ ਜਿਸ ਨਿਝੱਕ ਦਲੇਰੀ ਨਾਲ ਫੌਜੀਆਂ ਨੂੰ ਪ੍ਰੇਰਨ ਲਈ ਕੰਮ ਕਰਦੇ ਰਹੇ, ਉਸ ਨੂੰ ਵੇਖ ਕੇ ਦੰਦ ਜੁੜ ਜਾਂਦੇ ਹਨ" ("The audacity with which Sucha Singh and others went about this work of seduction is astounding‡"। ਐਮ. ਐਸ. ਲੇਹ ਨੇ ਲਿਖਿਆ ਹੈ ਕਿ ਗਦਰੀਆਂ ਨੇ ਉੱਤ੍ਰੀ ਹਿੰਦੁਸਤਾਨ ਦੀਆਂ ਬਹੁਤ ਸਾਰੀਆਂ ਛਾਉਣੀਆਂ ਵਿਚ ਬਹੁਤ ਹੀ ਨਿਝੱਕ ਹੋਕੇ (In the most bare faced manner) ਕੰਮ ਕੀਤਾ¶। ਰੌਲਟ ਰੀਪੋਟ ਵਿਚ ਇਨਕਲਾਬੀ ਲਹਿਰਾਂ ਦਾ ਤੱਤ ਕੱਢਦਿਆਂ ਹੋਇਆਂ ਲਿਖਿਆ ਹੈ ਕਿ ਗਦਰੀ ਇਨਕਲਾਬੀ ਇਨਕਲਾਬ ਕਰਾਉਣ ਲਈ ਤੁਲੇ ਹੋਏ ਸਨ ("......the return of emigrants from America

*Rowlatt Report, p. 155.

†First Case, the beginning of the Conspiracy and war, pp. 6-9; un-American Activities, p. 240.

‡Ibid, p. 5; First Case, The Objects of Going to India, p. 3.

*ਬੰਦੀ ਜੀਵਨ, ਭਾਗ ਪਹਿਲਾ, ਪੰਨਾ ੨੩.

†Macmunn, pp. 74 and 104.

‡Bhai Parmanand, p. 98.

§First Case, Individual Case of Kartar Singh, p. 4.

*Mandlay Case, Judgement, p. 263

†First Case, Preparing for the migration, p. 1.

‡First Case, The objects of going to India, p. 4; Mandlay Case, Evidence, p. 44.

¶Isemonger and Slattery, p. 20.

*Isemonger and Slattery, p. 21.

†Ibid, p. 59.

‡Isemonger and Slattery, p. 105.

¶The Punjab and the war, M. S. Leigh, p. 19.



Digitized by Panjab Digital Library | www.panjabdigilib.org

bent on revolution and bloodshed......*")। ਸਰ ਮਾਈਕਲ ਓਡਵਾਇਰ ਨੇ ਹਿੰਦ ਦੀ ਕਾਨੂੰਨ ਘੜਨੀ ਕੌਂਸਲ ਵਿਚ ਤਕਰੀਰ ਕਰਦਿਆਂ ਕਿਹਾ ਕਿ ਸਤੰਬਰ ੧੯੧੪ ਤੋਂ ਹਰ ਇਕ ਜਹਾਜ਼, ਜੋ ਅਮਰੀਕਾ ਅਤੇ ਧੁਰ ਪੂਰਬ ਤੋਂ ਆਇਆ, ਵਿਚ ਦਰਜਨਾਂ, ਅਤੇ ਕਈਆਂ ਵਿਚ ਸੈਂਕੜੇ, ਐਸੇ ਇਨਕਲਾਬੀ ਆਏ ਜਿਨ੍ਹਾਂ ਨੂੰ ਲੱਥੀ ਚੜ੍ਹੀ ਦੀ ਪਰਵਾਹ ਨਹੀਂ ਸੀ† ('desperate revolutionaries'); ਅਤੇ ਉਨ੍ਹਾਂ ਆਪਣੀ ਕਤਾਬ ਵਿਚ ਲਿਖਿਆ ਹੈ ਕਿ, "ਇਸ ਸਿਰਲੱਥ ਜੱਥੇ ਦੇ ਅਸਲੇ ਬਾਰੇ ਇਸ ਤੋਂ ਪਤਾ ਲਗਦਾ ਹੈ ਕਿ ਜਿਨ੍ਹਾਂ ੭੩ ਆਦਮੀਆਂ ਨੂੰ ਘੱਟ ਖਤਰਨਾਕ ਸਮਝਕੇ (ਨਜ਼ਰਬੰਦੀ ਤੋਂ) ਰਿਹਾ ਕੀਤਾ ਗਿਆ, ਉਨ੍ਹਾਂ ਵਿਚੋਂ ਛੇ ਨੂੰ ਪਿਛੋਂ ਹੋਈਆਂ ਗਦਰੀ ਕਾਰਰਵਾਈਆਂ ਵਿਚ ਹਿੱਸਾ ਲੈਣ ਬਦਲੇ ਫਾਂਸੀ ਦਿੱਤੀ ਗਈ ਅਤੇ ਛੇ ਨੂੰ ਉਮਰ ਕੈਦ ਦੀ ਸਜ਼ਾ......‡"। ਗਦਰੀ ਇਨਕਲਾਬੀਆਂ ਨੇ ਦੱਸਿਆ ਹੈ ਕਿ ਜਦ ਪੰਜਾਬ ਦਾ ਗਵਰਨਰ ਮੁਲਤਾਨ ਜੇਲ ਵਿਚ ਨਜ਼ਰਬੰਦ ਕੀਤੇ ਹੋਏ ਇਨਕਲਾਬੀਆਂ ਨੂੰ ਵੇਖਣ ਗਿਆ, ਤਾਂ ਉਨ੍ਹਾਂ ਨੂੰ ਵੰਗਾਰ ਕੇ ਕਹਿਣ ਲਗਾ ਕਿ ਓਹ ਅਗੇ ਵਧੇ ਜਿਹੜਾ ਦਾਅਵਾ ਕਰਦਾ ਹੈ ਕਿ ਦੇਸ ਉਸ ਦਾ ਹੈ। ਇਸ ਪੁਰ ਸਭ ਦੇ ਸਭ ਗਦਰੀ ਅਗਾਂਹ ਵੱਧ ਗਏ, ਅਤੇ ਗੱਵਰਨਰ ਸੜ ਬਲ ਕੇ ਵਾਪਸ ਚਲਾ ਗਿਆ। ਇਸੇ ਤਰ੍ਹਾਂ ਰਾਵਲਪਿੰਡੀ ਜੇਲ੍ਹ ਵਿਚ ਜੱਦ ਗਵਰਨਰ ਨੇ ਸ੍ਰੀ ਕੇਸਰ ਸਿੰਘ 'ਠਠਗੜ੍ਹ' ਨੂੰ ਕਿਹਾ ਕਿ 'ਤੋਸ਼ਾ ਮਾਰੂ' ਜਹਾਜ਼ ਵਿਚ ਵਡੇ ਵਡੇ ਬਦਮਾਸ਼ ਆਏ ਹਨ, ਤਾਂ ਉਨ੍ਹਾਂ ਜਵਾਬ ਦਿਤਾ ਕਿ ਤੈਥੋਂ ਵਡੇ ਨਹੀਂ। ਪੰਜਾਬ ਪੁਲਸ ਦੇ ਅਫਸਰਾਂ ਇਹ ਦੱਸਿਆ ਹੈ ਕਿ ਪਹਿਲੇ ਮੁਕੱਦਮੇਂ ਦੀ ਲਾਹੌਰ ਜੇਲ੍ਹ ਵਿਚ ਸੁਣਵਾਈ ਕਰਨ ਦਾ ਇਕ ਕਾਰਨ ਇਹ ਸੀ ਕਿ ਦੋਸ਼ੀ ਖਤਰਨਾਕ ਆਦਮੀ ਸਨ*।

ਸਵਾਏ ਮਾਂਡਲੇ ਕੇਸ ਦੇ, ਹੋਰ ਮੁਕੱਦਮਿਆਂ ਦੇ ਫੈਸਲਿਆਂ ਵਿਚ ਗਦਰੀ ਵਿਯੱਕਤੀਆਂ ਬਾਰੇ ਚੰਦ ਇਕ ਜ਼ਰੂਰੀ ਥਾਵਾਂ ਬਿਨਾਂ ਰਾਏਜ਼ਨੀ ਨਹੀਂ ਕੀਤੀ ਗਈ। ਇਸ ਵਾਸਤੇ ਅੱਡ ਅੱਡ ਗਦਰੀ ਵਿਯੱਕਤੀਆਂ ਦੀ ਨਿਡੱਰਤਾ ਅਤੇ ਕੁਰਬਾਨੀ ਦੀ ਸਪਿੱਰਟ ਬਾਰੇ ਇਨ੍ਹਾਂ ਵਿਚੋਂ ਹਵਾਲੇ ਦੇ ਕੇ ਬਹੁਤਾ ਜ਼ਿਕਰ ਨਹੀਂ ਕੀਤਾ ਜਾ ਸਕਦਾ। ਮਾਂਡਲੇ ਕੇਸ ਦੇ ਫੈਸਲੇ ਵਿਚ ਸ੍ਰੀ ਹਰਨਾਮ ਸਿੰਘ 'ਕਾਹਰੀ ਸਾਰੀ', ਸ੍ਰੀ ਕਪੂਰ ਸਿੰਘ, ਸ੍ਰੀ ਹਰਦਿਤ ਸਿੰਘ, ਸ੍ਰੀ ਨਰੈਣ ਸਿੰਘ ਅਤੇ ਸ੍ਰੀ ਨਿਰੰਜਨ ਸਿੰਘ ਨੂੰ ਖਤਰਨਾਕ ਆਦਮੀ ਬਿਆਨ ਕੀਤਾ ਗਿਆ ਹੈ, ਅਤੇ ਸ੍ਰੀ ਸੋਹਨ ਲਾਲ 'ਪਾਥਕ' ਅਤੇ 'ਭਾਈ' ਸੰਤੋਖ ਸਿੰਘ ਨੂੰ ਜ਼ਬਰਦੱਸਤੀ ਅਤੇ ਤਸ਼ੱਦਦ ਕਰਨ ਵਾਲੇ (Ruffians†)। ਪਹਿਲੇ ਕੇਸ ਵਿਚ ਸ੍ਰੀ ਕਰਤਾਰ ਸਿੰਘ 'ਸਰਾਭਾ' ਬਾਰੇ ਲਿਖਿਆ ਹੈ ਕਿ, "ਬਿਨਾਂ ਸ਼ੱਕ ਉਸ ਦੀ ਉਮਰ ਛੋਟੀ ਹੈ, ਪਰ ਉਹ ਨਿਰ-ਸੰਦੇਹ ਸਭ ਤੋਂ ਵੱਧ ਖਰਾਬ ਸਾਜ਼ਸ਼ੀਆਂ ਵਿਚੋਂ ਇਕ ਹੈ। ਓਹ ਬਿਲਕੁਲ ਨਿਰਦੱਈ ਬਦਮਾਸ਼ ਹੈ, ਜਿਸ ਨੂੰ ਆਪਣੀਆਂ ਕਾਰ-ਰਵਾਈਆਂ ਉਤੇ ਮਾਣ ਹੈ, ਅਤੇ ਜਿਸ ਨੂੰ ਨਾ ਰਹਿਮ ਵਿਖਾਇਆ ਜਾ ਸਕਦਾ ਹੈ ਅਤੇ ਨਾ ਵਿਖਾਏ ਜਾਣਾ ਚਾਹੀਦਾ ਹੈ‡"। ਸ੍ਰੀ ਨਿਧਾਨ ਸਿੰਘ 'ਚੁਘਾ' ਬਾਰੇ ਲਿਖਿਆ ਹੈ ਕਿ "ਸਾਡੀ ਰਾਏ ਵਿਚ ਇਹ ਪੂਰੀ ਤਰ੍ਹਾਂ ਸਾਬਤ ਹੋ ਗਿਆ ਹੈ ਕਿ ਦੋਸ਼ੀ ਬਹੁਤ ਹੀ ਖਤਰਨਾਕ ਅਪਰਾਧੀ ਹੈ, ਅਤੇ ਸਭ ਤੋਂ ਭੈੜੇ ਅਤੇ ਜ਼ਰੂਰੀ ਸਾਜ਼ਸ਼ੀਆਂ ਵਿਚੋਂ ਇਕ *"। ਸ੍ਰੀ ਪਿਰਥੀ ਸਿੰਘ (ਜਿਨ੍ਹਾਂ ਦੇ ਉਚੇ ਆਚੱਰਨ ਬਾਬਤ ਉਨ੍ਹਾਂ ਬਾਰੇ ਚਿੱਠੀਆਂ ਵਿਚ 'ਮਹਾਤਮਾ' ਗਾਂਧੀ ਨੇ ਬੜੀ ਤਾਰੀਫ ਕੀਤੀ ਹੈ) ਬਾਰੇ ਜ਼ਿਕਰ ਆਉਂਦਾ ਹੈ ਕਿ ਉਹ ਉਨ੍ਹਾਂ ਨੂੰ ਫੜਨ ਗਏ ਪੁਲੀਸ ਅਫਸਰ ਨਾਲ ਉਤਨਾ ਚਿਰ ਘੋਲ ਕਰਦੇ ਰਹੇ ਜਿਤਨਾ ਚਿਰ ਦੋਵੇਂ ਬੇਹੋਸ਼ ਹੋ ਕੇ ਡਿੱਗ ਨਾ ਪਏ†; ਅਤੇ ਸ੍ਰੀ ਪਿਆਰਾ ਸਿੰਘ 'ਲੰਗੇਰੀ' ਹੱਥ ਵਿਚ ਟੱਕੂਵਾ ਘੁਮਾਉਂਦੇ ਹੋਏ ਘੋੜ ਚੜ੍ਹੀ ਪੁਲਸ ਦਾ ਕਈ ਮੀਲ ਦੌੜਦੇ ਹੋਏ ਮੁਕਾਬਲਾ ਕਰਦੇ ਗਏ‡। ਇਸੇ ਤਰ੍ਹਾਂ ਸ੍ਰੀ ਨਿਧਾਨ ਸਿੰਘ ਅਤੇ ਸ੍ਰੀ ਰੂੜ ਸਿੰਘ ਪੁਲਸ ਮੁਕਾਬਲੇ ਪਿਛੋਂ ਗ੍ਰਿਫਤਾਰ ਕੀਤੇ ਜਾ ਸਕੇ§; ਅਤੇ ਜਦ ਸ੍ਰੀ ਕਰਤਾਰ ਸਿੰਘ 'ਸਰਾਭਾ', ਸ੍ਰੀ ਜਗਤ ਸਿੰਘ ਅਤੇ ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ' ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਉਨ੍ਹਾਂ ਦਰਸ਼ਕਾਂ ਨੂੰ ਇਨਕਲਾਬੀ ਤਕਰੀਰਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ¶। ਸ੍ਰੀ ਰਾਸ਼ ਬਿਹਾਰੀ ਬੋਸ਼ ਬਾਰੇ ਪਹਿਲਾਂ ਜ਼ਿਕਰ ਆ ਚੁਕਾ ਹੈ ਕਿ ਕਿਵੇਂ ਹਰ ਦੱਮ ਉਨ੍ਹਾਂ ਦੇ ਗਲੇ ਵਿਚ ਫਾਂਸੀ ਦੀ ਤਖਤੀ ਲਟਕਦੀ ਸੀ ਅਤੇ ਉਹ ਗਦਰ ਪਾਰਟੀ ਲਹਿਰ ਵਿਚ ਸਰਗਰਮ ਹਿੱਸਾ ਲੈਣ ਸਮੇਂ ਕਿਵੇਂ ਮੌਤ ਨਾਲ ਖੇਡਦੇ ਰਹੇ।

ਸ੍ਰੀ ਸੱਜਣ ਸਿੰਘ (ਪਿੰਡ ਨਾਰੰਗਵਾਲ) ਬਾਰੇ ਦੂਸਰੇ ਮੁਕੱਦਮੇਂ ਦੇ ਫੈਸਲੇ ਵਿਚ ਲਿਖਿਆ ਹੈ ਕਿ, "ਸਾਡੀ ਰਾਏ ਵਿਚ ਉਹ ਮੁਕੰਮਲ ਬਦਮਾਸ਼ ਹੈ, ਜਿਸ ਨੂੰ ਆਪਣੀ ਕੀਤੀ ਉੱਤੇ ਪਛਤਾਵਾ ਨਹੀਂ। ਉਹ ਬਹੁਤ ਜ਼ਿਆਦਾ ਖਤਰਨਾਕ ਆਦਮੀ ਹੈ, ਜੋ ਮੌਕਿਆ ਮਿਲਣ ਉੱਤੇ ਇਕ ਹੋਰ ਕਰਤਾਰ ਸਿੰਘ 'ਸਰਾਭਾ' ਬਣ ਸਕਦਾ ਹੈ*"। ਅਰਥਾਤ ਸ੍ਰੀ ਕਰਤਾਰ ਸਿੰਘ 'ਸਰਾਭਾ' ਗਦਰ ਪਾਰਟੀ ਲਹਿਰ ਦੀ ਕੁਰਬਾਨੀ ਅਤੇ ਦਲੇਰੀ ਦੀ ਸਪਿੱਰਟ ਦਾ ਚੋਟੀ ਦਾ ਨਮੂਨਾ ਮੰਨੇ ਜਾਂਦੇ ਸਨ। ਇਹ ਹੈ ਵੀ ਠੀਕ। ਜਿਨ੍ਹਾਂ ਇਨਕਲਾਬੀਆਂ ਨੂੰ ਉਨ੍ਹਾਂ ਨਾਲ ਕੰਮ ਕਰਨ ਦਾ ਅਵਸਰ ਮਿਲਿਆ, ਉਹ ਸਭ ਇਸ ਬਾਰੇ ਮੁਤਫਿਕ ਹਨ। ਸ੍ਰੀ ਸਾਨਿਯਾਲ ਲਿਖਦੇ ਹਨ ਕਿ, "ਜੰਜੀਰਾਂ ਵਿਚ ਜਕੜੇ ਹੋਏ ਕਰਤਾਰ ਸਿੰਘ ਦੇ ਮੁਖੜੇ ਪੁਰ ਬੀਰਤਾ ਦੀ ਅਜੇਹੀ ਸੋਭਾ ਝਲਕਦੀ ਸੀ ਕਿ ਉਸ ਮੂਰਤ ਨੂੰ ਵੇਖ ਵੇਖ ਸੱਜਣ ਦੁਸ਼ਮਣ ਸਭ ਇਕ ਦੱਮ ਮੁਗਧ ਹੋ ਜਾਂਦੇ ਸਨ†"। ਭਾਈ ਪਰਮਾ ਨੰਦ (ਜਿਨ੍ਹਾਂ ਨੇ ਗਦਰੀਆਂ ਦੀਆਂ ਕੋਸ਼ਸ਼ਾਂ ਨੂੰ ਬੱਚਿਆਂ ਦੇ ਖੇਲ ਨਾਲ ਤੁਲਣਾ ਦਿੱਤੀ ਅਤੇ ਇਸ ਦੀ ਜ਼ਿਮੇਵਾਰੀ ਬਹੁਤੀ ਸ੍ਰੀ ਕਰਤਾਰ ਸਿੰਘ ਉੱਤੇ ਸੁੱਟੀ) ਵੀ ਸ੍ਰੀ ਕਰਤਾਰ ਸਿੰਘ 'ਸਰਾਭਾ' ਬਾਰੇ ਲਿਖਦੇ ਹਨ ਕਿ, "ਪਰ ਉਸ ਦੀ ਉੱਚੀ ਸਪਿੱਰਟ, ਉਸ ਦੀ ਨਿਡੱਰਤਾ ਅਤੇ ਮੌਤ ਤੋਂ ਬੇਪਰਵਾਹੀ, ਐਸੀਆਂ ਖੂਬੀਆਂ ਹਨ, ਜੋ ਉਸ ਉਮਰ ਦੇ ਛੋਕਰੇ ਵਿਚ ਦੁਰਲੱਭ ਹਨ।...ਉਹ ਵਡੇ ਅਫਸਰਾਂ ਕੋਲੋਂ ਮਾਸਾ ਵੀ ਨਹੀਂ ਸੀ ਡਰਦਾ।... ਸੁਪ੍ਰਿੰਟੈਂਡੈਂਟ (ਜੇਹਲ ਦਾ) ਉਸ ਦੀ ਗਲ ਬਾਤ ਬੜੇ ਸਵਾਦ ਨਾਲ ਸੁਣਦਾ ਹੁੰਦਾ ਸੀ, ਜਦੋਂ ਓਹ ਕਈ ਵੇਰ ਕਹਿੰਦਾ 'ਤੁਸਾਂ ਸਾਨੂੰ ਫਾਂਸੀ ਤਾਂ ਦੇ ਹੀ ਦੇਣਾ ਹੈ, ਐਥੇ ਸਾਨੂੰ ਕਿਉਂ ਤੰਗ ਕਰੋ......'

---

***Rowlatt Report, p. 180.**

**†Proceedings of the Imperial Legislative Council, Vol. LVii, p. 336.**

**‡O'Dwyer, p. 195.**

---

*Isemonger and Slattery, p. 122.

†Mandlay Case, Judgement, pp. 285-293.

‡First Case, Individual Case of Kartar Singh.

***First Case, Individual Case of Nidhan Singh.**

**†First Case, Individual Case of Pirthi Singh.**

**‡First Case, Individual Case of Piara Singh.**

**§First Case, Individual Cases, of Nidhan Singh and Rur Singh.**

**¶First Case, Individual Cases, of Kartar Singh, Jagat Singh and Harnam Singh.**

---

*Second Case, Judgement, p. 309.

†ਬੰਦੀ ਜੀਵਨ, ਭਾਗ ਦੂਜਾ, ਪੰਨਾ ੩੦.



Digitized by Panjab Digital Library | www.panjabdigilib.org

ਕਚੈਹਰੀ ਵਿਚ ਬਿਆਨ ਦੇਂਦਿਆਂ ਹੋਇਆਂ ਉਸ ਨੇ ਇਹ ਸਾਫ ਸਾਫ ਮੰਨ ਲਿਆ ਕਿ ਉਸ ਦੀ ਲਾਲਸਾ ਮੁਲਕ ਨੂੰ ਆਜ਼ਾਦ ਕਰਵਾਉਣ ਦੀ ਸੀ ਅਤੇ ਜੋ ਕੁਝ ਵੀ ਉਸ ਨੇ ਕੀਤਾ ਇਸੇ ਖਾਤਰ। ਉਸ ਦਾ ਆਪਣੀ ਜ਼ਾਤ ਲਈ ਕੋਈ ਹਾਸਲ ਕਰਨ ਯੋਗ ਮਕਸਦ ਨਹੀਂ ਸੀ, ਅਤੇ ਉਸ ਨੇ ਕਿਸੇ ਬਾਰੇ ਕਦੇ ਵੀ ਬੁਰਾ ਨਹੀਂ ਸੀ ਸੋਚਿਆ*"।

ਜਦ ਪਹਿਲੇ ਮੁਕੱਦਮੇਂ ਦਾ ਫੈਸਲਾ ਸੁਣਾਇਆ ਗਿਆ ਤਾਂ ਇਕ ਇਨਕਲਾਬੀ (ਸ੍ਰੀ ਜਵਾਲਾ ਸਿੰਘ 'ਠਟੀਆਂ'), ਜਿਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਨੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ। ਜੱਜਾਂ ਨੇ ਉਨ੍ਹਾਂ ਨੂੰ ਇਸ ਮਤਲਬ ਲਈ ਅਪੀਲ ਕਰਨ ਵਾਸਤੇ ਕਿਹਾ। ਸ੍ਰੀ ਕਰਤਾਰ ਸਿੰਘ 'ਸਰਾਭਾ' ਨੇ ਮੌਤ ਦੀ ਸਜ਼ਾ ਦਾ ਹੁਕਮ ਸੁਣ ਕੇ ਕਿਹਾ 'ਧੰਨਵਾਦ', ਅਤੇ ਇਕ ਹੋਰ ਨੇ ਇਹ ਹੁਕਮ ਸੁਣ ਕੇ ਆਖਿਆ 'ਬੱਸ, ਇਹੋ'। ਕਈਆਂ (ਸ੍ਰੀ ਸੋਹਣ ਸਿੰਘ 'ਭਕਨਾ', ਸ੍ਰੀ ਕੇਸਰ ਸਿੰਘ 'ਠਠਗੜ੍ਹ', ਸ੍ਰੀ ਕਰਤਾਰ ਸਿੰਘ 'ਸਰਾਭਾ' ਅਤੇ ਸ੍ਰੀ ਹਰਨਾਮ ਸਿੰਘ 'ਸਿਆਲਕੋਟੀ'), ਜਿਨ੍ਹਾਂ ਨੂੰ ਫਾਂਸੀ ਦੀ ਸਜ਼ਾ ਹੋਈ ਸੀ, ਨੇ ਸੁਪ੍ਰਿੰਟੈਂਡੈਂਟ ਜੇਹਲ ਦੇ ਪੁਛਣ ਉਤੇ ਰਹਿਮ ਲਈ ਅਪੀਲ ਕਰਨੋਂ ਨਾਂਹ ਕਰ ਦਿੱਤੀ, ਅਤੇ ਬਾਕੀ ਦਿਆਂ ਸਾਧਾਰਨ ਤੌਰ ਉਤੇ ਅਪੀਲ ਕਰ ਦਿੱਤੀ†।

ਫਾਂਸੀ ਦੀਆਂ ਕੋਠੜੀਆਂ ਵਿਚ ਬੰਦ ਹੋਣ ਵੇਲੇ ਦੀ ਹਾਲਤ ਦਾ ਭਾਈ ਪਰਮਾਨੰਦ ਇਹ ਨਕਸ਼ਾ ਖਿਚਦੇ ਹਨ। "ਜਿਨ੍ਹਾਂ ਨੇ ਆਪਣੀ ਜ਼ਾਤੀ ਗਰਜ਼ ਵਾਸਤੇ ਡਾਕੇ ਮਰਵਾਏ ਸਨ, ਉਹ ਬਹੁਤ ਨਿਘਰੀ ਹਾਲਤ ਵਿਚ ਸਨ। ਬਾਕੀ ਸਭ ਦੀ ਇਨ ਬਿਨ ਉਹ ਹਾਲਤ ਸੀ, ਜਿਸ ਨੂੰ ਆਮ ਪ੍ਰਚੱਲਤ ਕਹਾਵਤ, ਜਿਸ ਦਾ ਭਾਵ ਹੈ ਕਿ ਅਕੱਠਿਆਂ ਦੀ ਮੌਤ ਵੀ ਜਸ਼ਨ ਹੁੰਦਾ ਹੈ, ਵਿਚ ਬਿਆਨ ਕੀਤਾ ਗਿਆ ਹੈ। ਲੋਕ ਨਾ ਹੀ ਮੇਰੀ ਗਲ ਸਮਝ ਸਕਣਗੇ, ਅਤੇ ਨਾ ਹੀ ਉਨ੍ਹਾਂ ਦੇ ਮੰਨਣ ਵਿਚ ਇਹ ਗਲ ਆ ਸਕੇਗੀ, ਕਿ ਅਸੀਂ ਐਸੀ ਮਸਤੀ ਦੀ ਹਾਲਤ ਵਿਚ ਸਾਂ, ਜਿਸ ਬਾਰੇ ਇਹ ਸਚਾਈ ਨਾਲ ਕਿਹਾ ਜਾ ਸਕਦਾ ਹੈ ਕਿ ਅਸੀਂ ਖੁਸ਼ੀ ਮਨਾ ਰਹੇ ਸਾਂ। ਇਕ ਮਿੰਟ ਵੀ ਨਹੀਂ ਸੀ ਗੁਜ਼ਰਦਾ ਜਦੋਂ ਕੋਈ ਨਾ ਕੋਈ ਭਗਤੀ-ਭਾਵ ਵਾਲਾ ਗੀਤ ਜਾਂ ਦੇਸ਼ ਭਗਤੀ ਦੀ ਕਵਿਤਾ, ਜਿਹੜੀ ਜੇਲ੍ਹ ਆਉਣ ਤੋਂ ਪਹਿਲੋਂ ਜਾਂ ਪਿਛੋਂ ਆਕੇ ਰਚੀ ਗਈ ਸੀ, ਨਾ ਗਾਉਂਦਾ ਹੋਵੇ। ਹਾਸੇ ਅਤੇ ਮਖੌਲ ਨਾਲ ਬਹੁਤ ਰਾਤ ਗਈ ਤਕ ਇਕ ਦੂਜੇ ਨਾਲ ਓਦੋਂ ਤਕ ਗਲ ਬਾਤ ਜਾਰੀ ਰਖੀ ਜਾਂਦੀ ਜਦੋਂ ਅਸੀਂ ਥੱਕ ਚੂਰ ਹੋਕੇ ਸੌਂ ਜਾਂਦੇ। ਸਾਡੇ ਪਹਿਰੇਦਾਰ ਸਾਡੀ ਹਾਲਤ ਉਤੇ ਹੈਰਾਨ ਹੁੰਦੇ ਅਤੇ ਕਈ ਵੇਰ ਪੁਛਦੇ ਕਿ ਅਸੀਂ ਮੌਤ ਲਈ ਤਿਆਰੀ ਕਰ ਰਹੇ ਸਾਂ ਜਾਂ ਜੰਞ ਚੜ੍ਹ ਰਹੇ ਸਾਂ।......ਕਰਤਾਰ ਸਿੰਘ ਖਾਸ ਤੌਰ ਉਤੇ ਖੁਸ਼ੀ ਦੇ ਰੰਗ ਵਿਚ ਸੀ ਅਤੇ ਆਪਣੀ ਸਪਿੱਰਟ ਦੂਸਰਿਆਂ ਵਿਚ ਭਰਦਾ। ਓਹ ਕਹਿੰਦਾ 'ਸਾਨੂੰ ਜਲਦੀ ਫਾਂਸੀ ਲਗੇ, ਤਾਕਿ ਅਸੀਂ ਜਲਦੀ ਮੁੜ ਜਨਮ ਲੈਕੇ ਆਪਣਾ ਕੰਮ ਓਥੋਂ ਸ਼ੁਰੂ ਕਰੀਏ ਜਿਥੇ ਅਸੀਂ ਛੱਡ ਚਲੇ ਹਾਂ*।

ਜਿਹੜਾ ਆਦਮੀਂ ਗਦਰ ਪਾਰਟੀ ਜਾਂ ਯੁਗੰਤਰ ਆਸ਼ਰਮ ਦੀ ਕੌਂਸਲ ਵਿਚ ਸ਼ਾਮਲ ਕੀਤਾ ਜਾਂਦਾ, ਉਸ ਨੂੰ ਛੇ ਪ੍ਰੱਣ ਕਰਨੇ ਪੈਂਦੇ, ਜਿਨ੍ਹਾਂ ਵਿਚੋਂ ਤਿਨ ਵਡੇ ਇਹ ਸਨ:–

(ੳ) ਸਾਰੀ ਨਿਜੀ ਜਾਇਦਾਦ ਆਜ਼ਾਦੀ ਦੀ ਖਾਤਰ ਅਰਪਨ ਕਰ ਦੇਣੀ।

(ਅ) ਉਪ੍ਰੋਕਤ ਮਕਸਦ ਲਈ ਸਾਰੀ ਉਮਰ ਵਕਫ ਕਰ ਦੇਣੀ।

(ੲ) ਜ਼ਾਤ ਪਾਤ, ਰੰਗ, ਜਾਂ ਧਰਮ ਦੀ ਬਿਨਾ ਉਤੇ ਕਿਸੇ ਆਦਮੀਂ ਤੋਂ ਤਰਕ ਨਾ ਕਰਨੀ*।

ਅਰਥਾਤ ਗਦਰੀ ਇਨਕਲਾਬੀਆਂ ਨੇ ਮੁਕੰਮਲ ਤੌਰ ਉਤੇ ਆਪਣੇ ਜੀਵਨ ਸਦਾ ਲਈ 'ਆਜ਼ਾਦੀ ਅਤੇ ਬਰਾਬਰੀ' ਦੇ ਆਦਰੱਸ਼ ਨੂੰ ਪ੍ਰਾਪਤ ਕਰਨ ਲਈ ਅਰਪਨ ਕਰ ਦਿਤੇ ਸਨ। ਗਦਰ ਪਾਰਟੀ ਲਹਿਰ ਦੇ ਦੌਰਾਨ ਵਿਚ ਇਸ ਵਿਚ ਭਾਗ ਲੈਣ ਵਾਲਿਆਂ ਬਹੁਤੇ ਇਨਕਲਾਬੀਆਂ ਨੇ ਇਸ ਸੰਪੂਰਨ ਆਪਾ ਵਾਰਨ ਦੀ ਸਪਿੱਰਟ ਨੂੰ ਕਾਇਮ ਰਖਿਆ। ਲਹਿਰ ਦੇ ਫੇਲ ਹੋ ਜਾਣ ਪਿਛੋਂ ਸਾਰਿਆਂ ਤੋਂ ਇਸ ਕਰੜੇ ਪ੍ਰੱਣ ਉਤੇ ਹਮੇਸ਼ਾਂ ਲਈ ਪਹਿਰਾ ਦੇਣ ਦੀ ਆਸ ਨਹੀਂ ਕੀਤੀ ਜਾ ਸਕਦੀ। ਪਰ ਉਨ੍ਹਾਂ ਵਿਚੋਂ ਜਿਤਨੀ ਗਿਣਤੀ ਨੇ ਗਦਰ ਪਾਰਟੀ ਲਹਿਰ ਦੇ ਸਿਲਸਲੇ ਵਿਚ ਹੋਈਆਂ ਲੰਮੀਆਂ ਵੀਹ ਵੀਹ ਸਾਲ, ਜਾਂ ਇਸ ਤੋਂ ਵੀ ਵੱਧ, ਦੀਆਂ ਸਖਤ ਕੈਦਾਂ ਭੁਗਤਣ ਪਿਛੋਂ ਰਿਹਾ ਹੋ ਕੇ ਵੀ ਜਿਸ ਤਰ੍ਹਾਂ ਆਪਣੀ ਇਨਕਲਾਬੀ ਲਗਨ ਵਿਚ ਫਰਕ ਨਹੀਂ ਪੈਣ ਦਿਤਾ, ਇਹ ਇਕ ਕ੍ਰਿਸ਼ਮੇਂ ਤੋਂ ਘੱਟ ਨਹੀਂ।

ਸਰ ਮਾਇਕਲ ਓਡਵਾਇਰ ਲਿਖਦੇ ਹਨ ਕਿ ਲਹਿਰ ਫੇਲ ਹੋ ਜਾਣ ਪਿਛੋਂ ਇਸਦੇ ਲੀਡਰਾਂ ਦੇ ਹੌਂਸਲੇ ਨਹੀਂ ਸਨ ਟੁੱਟੇ, ਅਤੇ ਉਹ ਯੂ. ਪੀ. ਵਿਚ ਜਾਕੇ ਕਈ ਮਹੀਨੇ ਕੰਮ ਕਰਦੇ ਰਹੇ†। ਸ੍ਰੀ ਪਿੰਗਲੇ ਨੂੰ ਸ੍ਰੀ ਰਾਸ਼ ਬਿਹਾਰੀ ਬੋਸ ਨੇ ਬਥੇਰਾ ਵਰਜਿਆ ਕਿ ਹੁਣ ਸਿਪਾਹੀਆਂ ਵਿਚ ਕੰਮ ਕਰਨ ਦਾ ਸਮਾਂ ਨਹੀਂ ਸੀ, ਪਰ ਸ੍ਰੀ ਪਿੰਗਲੇ ਆਪਣੀ ਧੁਨ ਤੋਂ ਨਾ ਟਲੇ*। ਓਹ ਨਿਹਾਇਤ ਖਤਰਨਾਕ ਬੰਬ ਲੈਕੇ ਮੇਰਠ ਛਾਵਣੀ ਵਿਚ ਗਏ, ਜਿਥੇ ਇਕ ਮੁਸਲਮਾਨ ਦਫੇਦਾਰ ਨੇ ਵਿਸਾਹ ਘਾਤ ਕਰਕੇ ਉਨ੍ਹਾਂ ਨੂੰ ਫੜਵਾ ਦਿਤਾ, ਅਤੇ ਉਨ੍ਹਾਂ ਨੂੰ ਫਾਂਸੀ ਉਤੇ ਲਟਕੇ ਸ਼ਹੀਦੀ ਪਾਉਣੀ ਪਈ। ਇਸੇ ਤਰ੍ਹਾਂ ਲਹਿਰ ਫੇਲ ਹੋ ਜਾਣ ਪਿਛੋਂ ਸ੍ਰੀ ਕਰਤਾਰ ਸਿੰਘ 'ਸਰਾਭਾ', ਸ੍ਰੀ ਜਗਤ ਸਿੰਘ 'ਸੁਰਸਿੰਗ' ਅਤੇ ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ' ਦੇਸੋਂ ਬਾਹਰ ਕਬਾਇਲੀ ਇਲਾਕੇ ਵਿਚ ਚਲੇ ਜਾਣ ਵਿਚ ਕਾਮਯਾਬ ਹੋ ਗਏ ਸਨ‡। ਓਥੇ ਉਨ੍ਹਾਂ ਵਿਚੋਂ ਇਕ ਨੇ 'ਗਦਰ ਦੀ ਗੂੰਜ' ਦੀ ਇਹ ਕਵਿਤਾ ਪੜ੍ਹੀ, 'ਬਣੀਂ ਸਿਰ ਸ਼ੇਰਾਂ, ਕੀ ਜਾਣਾ ਭਜੱਕੇ'। ਇਤਨੇ ਨਾਲ ਅਗੇ ਜਾਣ ਦਾ ਵੀਚਾਰ ਬਦਲ ਗਿਆ ਅਤੇ ਸਲਾਹ ਬਣੀਂ ਕਿ ਬੰਦੂਕਾਂ ਲੈਕੇ ਫੜੇ ਜਾ ਚੁਕੇ ਸਾਥੀਆਂ ਨੂੰ ਛੁਡਾਇਆ ਜਾਏ। ਇਸ ਨੀਯਤ ਨਾਲ ਦੇਸ ਪਰਤੇ ਅਤੇ ਚੱਕ ਨੰਬਰ ਪੰਜ (ਸਰਗੋਧਾ) ਬਾਈਵੇਂ ਰਸਾਲੇ ਦੇ ਆਦਮੀਆਂ ਨੂੰ ਪ੍ਰੇਰਨ ਗਏ, ਜਿਥੇ ਇਕ ਰਿਸਾਲਦਾਰ ਨੇ ਤਿਨਾਂ ਨੂੰ ੨ ਮਾਰਚ ੧੯੧੫ ਨੂੰ ਫੜਵਾ ਦਿਤਾ।

ਸ੍ਰੀ ਪਰੇਮ ਸਿੰਘ 'ਸੁਰਸਿੰਗ' ਦੀ ਇਨਕਲਾਬੀ ਲਗਨ ਆਪਣੇ ਆਪ ਵਿਚ ਇਕ ਮਿਸਾਲ ਹੈ। ਇਕ ਸੱਜਣ, ਜਿਨ੍ਹਾਂ ਪਾਸ ਓਹ ਗੁਪਤ ਆਕੇ ਟਿਕਦੇ ਰਹੇ, ਦਾ ਬਿਆਨ ਹੈ ਕਿ ਉਨ੍ਹਾਂ ਚਾਰ ਖੋਤੇ ਗਦਰੀ ਸਾਹਿਤ ਦੇ ਭਰ ਲਏ, ਅਤੇ ਘੁਮਿਆਰ ਦਾ ਭੇਸ ਕਰਕੇ ਲਾਹੌਰ

*Bh. Parmanand, pp, 83-85. ਕਿਹਾ ਜਾਂਦਾ ਹੈ ਕਿ ਜੱਜਾਂ ਨੇ ਸ੍ਰੀ ਕਰਤਾਰ ਸਿੰਘ 'ਸਰਾਭਾ' ਦਾ ਪਹਿਲੇ ਦਿਨ ਬਿਆਨ ਕਲਮਬੰਦ ਕਰਨੋਂ ਨਾਂਹ ਕਰ ਦਿੱਤੀ ਅਤੇ ਇਕ ਦਿਨ ਹੋਰ ਸੋਚਣ ਦੀ ਮੋਹਲਤ ਦਿੱਤੀ। ਪਰ ਅਗਲੇ ਦਿਨ ਵੀ ਉਨ੍ਹਾਂ ਓਹੋ ਬਿਆਨ ਦਿਤਾ।

*Ibid, p. 89.

*Bhai Parmanand, pp. 91-92.

*First Case, Statement of Jagat Ram, dated 22nd June, 1915.

†O' Dwyer, p. 203.

*ਬੰਦੀ ਜੀਵਨ, ਭਾਗ ਦੂਜਾ, ਪੰਨਾ ੩੬.

‡ਪਹਿਲੇ ਮੁਕਦੱਮੇਂ ਵਿਚ ਵੀ ਇਹ ਜਿਕਰ ਆਉਂਦਾ ਹੈ ਕਿ ਪਸ਼ਾਵਰ ਤੋਂ ਮੁੜਕੇ ਓਹ ਸਰਗੋਧੇ ਆਏ (First Case,, Individual Case of Jagat Singh)।



Digitized by Panjab Digital Library | www.panjabdigilib.org

ਤੋਂ ਦਿਲੀ ਤੱਕ ਗਦਰੀ ਸਾਹਿਤ ਵੰਡਦੇ ਵੰਡਦੇ ਚਲੇ ਗਏ। ਲਹਿਰ ਫੇਲ ਹੋ ਜਾਣ ਪਿਛੋਂ ਸਾਥੀਆਂ ਨੂੰ ਛੁਡਵਾਉਣ ਹਿੱਤ ਕਪੂਰਥਲੇ ਆਦਿ ਹੋਈਆਂ ਕਾਰਰਵਾਈਆਂ ਅਤੇ ਤੇਈਵੇਂ ਰਸਾਲੇ ਵਿਚ ਇਨਕਲਾਬੀ ਅੱਗ ਧੁਖਦੀ ਰਖਣ ਦੀ ਉਹ ਜਿੰਦ ਜਾਨ ਸਨ। ਸ੍ਰੀ ਪਰੇਮ ਸਿੰਘ ਬਾਰੇ ਪੰਜਾਬ ਪੁਲਸ ਦੇ ਅਫਸਰ ਲਿਖਦੇ ਹਨ ਕਿ, "ਉਹ ਸਿਰਲੱਥ ਕਿਸਮ ਦਾ ਬੰਦਾ ਸੀ ਅਤੇ ਨੁਕਸਾਨ ਪੁਚਾਣ ਦੀ ਉਸ ਵਿਚ ਬੇਹੱਦ ਰੁਚੀ ਸੀ। ਜਦੋਂ ਉਸ ਦੇ ਸੱਭ ਵਡੇ ਸਾਥੀ ਫੜੇ ਜਾ ਚੁਕੇ ਸਨ, ਅਤੇ ਬਾਕੀ ਦੇ ਲਹਿਰ ਤੋਂ ਕਿਨਾਰਾ ਕਰ ਚੁਕੇ ਸਨ, ਉਸ ਨੇ ਆਪਣੀਆਂ ਸਰਗਰਮੀਆਂ ਜਾਰੀ ਰੱਖਣ ਦੀ ਦ੍ਰਿੜ੍ਹਤਾ ਵਿਖਾਈ*"।

ਰੂਸ ਵਿਚ ਬਾਲਸ਼ਵਿਕ ਇਨਕਲਾਬ ਹੋਣ ਪਿਛੋਂ, ਗਦਰ ਪਾਰਟੀ ਨੇ ਆਪਣਾ ਜੋੜ ਕੌਮਾਂਤਰੀ ਕਮਿਊਨਿਸਟ ਲਹਿਰ ਨਾਲ ਜੋੜ ਲਿਆ†; ਅਤੇ ਜਿਉਂ ਜਿਉਂ ਗਦਰੀ ਇਨਕਲਾਬੀ ਗਦਰ ਪਾਰਟੀ ਲਹਿਰ ਸੰਬੰਧੀ ਹੋਈਆਂ ਲੰਮੀਆਂ ਸਜ਼ਾਵਾਂ ਭੁਗਤਣ ਪਿਛੋਂ ਰਿਹਾ ਹੁੰਦੇ ਗਏ, ਓਹ ਇਸ ਲਹਿਰ ਵਿਚ ਸ਼ਾਮਲ ਹੁੰਦੇ ਗਏ। 'ਭਾਈ' ਸੰਤੋਖ ਸਿੰਘ (ਗਦਰ ਪਾਰਟੀ ਦੇ ਜਨਰਲ ਸਕੱਤ੍ਰ) ਰੂਸ ਤੋਂ ਹੋਕੇ ਹਿੰਦ ਆਉਂਦੇ ਹੋਏ ਸਰਹੱਦ ਉਤੇ ਫੜੇ ਗਏ ਅਤੇ ਨਜ਼ਰਬੰਦ ਕੀਤੇ ਗਏ। ਨਜ਼ਰਬੰਦੀ ਤੋਂ ਰਿਹਾਈ ਪਿਛੋਂ ਉਨ੍ਹਾਂ 'ਕਿਰਤੀ' ਰਿਸਾਲਾ ਜਾਰੀ ਕਰਕੇ ਕਿਰਤੀ ਖਿਆਲਾਂ ਦੇ ਪ੍ਰਚਾਰ ਦੀ ਪਹਿਲ ਕੀਤੀ। ਪ੍ਰਿੰਸੀਪਲ ਨਿਰੰਜਨ ਸਿੰਘ ਨੇ ਦੱਸਿਆ ਹੈ ਕਿ 'ਭਾਈ' ਸੰਤੋਖ ਸਿੰਘ ਆਪਣੀ ਖੁਰਾਕ ਉਤੇ ਖਰਚ ਕਰਨੋਂ ਇਤਨਾ ਸੰਕੋਚ ਕਰਦੇ ਰਹੇ (ਕਈ ਵੇਰ ਭੁਨੇ ਛੋਲੇ ਚਬੱਕੇ ਗੁਜ਼ਾਰਾ ਕਰਦੇ) ਕਿ ਉਨ੍ਹਾਂ ਨੂੰ ਆਖਰ ਤਪਦਿਕ ਹੋ ਗਈ ਅਤੇ ਉਹ ਇਸੇ ਬੀਮਾਰੀ ਹਥੋਂ ਅੰਮ੍ਰਿਤਸਰ ਚਲਾਣਾ ਕਰ ਗਏ।

ਸ੍ਰੀ ਗੁਰਮੁਖ ਸਿੰਘ 'ਲਲਤੋਂ', ਸ੍ਰੀ ਪਿਰਥੀ ਸਿੰਘ ਅਤੇ ਸ੍ਰੀ ਊਧਮ ਸਿੰਘ ਅੰਡੇਮਾਨ ਤੋਂ ਆਕੇ ਹਿੰਦ ਦੀਆਂ ਜੇਲ੍ਹਾਂ ਵਿਚੋਂ ਭੱਜ ਨਿਕਲਣ ਵਿਚ ਕਾਮਯਾਬ ਹੋ ਗਏ। ਇਹ ਤਿਨੇ ਅਫਗਾਨਸਤਾਨ ਚਲੇ ਗਏ ਅਤੇ ਕਾਬਲ ਨੂੰ ਅੱਡਾ ਬਣਾਕੇ ਆਪਣੇ ਇਨਕਲਾਬੀ ਯਤਨਾਂ ਵਿਚ ਸਾਲਾਂ ਬੱਧੀ ਜੁਟੇ ਰਹੇ। ਆਪਣੀ ਜਾਨ ਖਤਰੇ ਵਿਚ ਪਾਕੇ ਇਨ੍ਹਾਂ ਕਈ ਵੇਰ ਸਰਹੱਦ ਪਾਰ ਕਰਕੇ ਇਨਕਲਾਬੀ ਮੰਤਵ ਲਈ ਹਿੰਦ ਫੇਰੀਆਂ ਪਾਈਆਂ। ਸ੍ਰੀ ਊਧਮ ਸਿੰਘ ਸਰਹੱਦ ਪਾਰ ਕਰਦੇ ਹੋਏ ਇਕ ਲਾਲਚੀ ਪਠਾਣ ਹਥੋਂ ਗੋਲੀ ਦਾ ਨਿਸ਼ਾਨਾ ਬਣ ਗਏ। ਸ੍ਰੀ ਗੁਰਮੁਖ ਸਿੰਘ 'ਲਲਤੋਂ' ਦੀਆਂ ਗੁਪਤ ਸਰਗਰਮੀਆਂ ਨੂੰ ਅੰਗਰੇਜ਼ੀ ਸਰਕਾਰ ਕਿਤਨੀ ਅਹਿਮੀਅਤ ਦੇਂਦੀ ਸੀ, ਇਹ ਇਸ ਤੋਂ ਜ਼ਾਹਰ ਹੁੰਦਾ ਹੈ ਕਿ ਪੰਜਾਬ ਪੁਲਸ ਦੀ ਸੰਨ ੧੯੩੬ ਦੀ ਸਾਲਾਨਾ ਰੀਪੋਟ (ਪੰਨਾਂ ੨੬) ਵਿਚ ਲਿਖਿਆ ਹੈ ਕਿ, "ਇਸ ਸਾਲ ਦੀ ਸਭ ਤੋਂ ਵਡੀ ਕਾਮਯਾਬੀ ਇਹ ਸੀ ਕਿ ਗੁਰਮੁਖ ਸਿੰਘ ਫੜਿਆ ਗਿਆ, ਜਿਸ ਨੂੰ ੧੯੧੪-੧੫ ਦੀ ਸਾਜ਼ਸ਼ ਦੇ ਮੁਕਦੱਮੇ ਵਿਚ ਸਜ਼ਾ ਹੋਈ ਸੀ ਅਤੇ ਜੋ ੧੯੨੩ ਵਿਚ ਭੱਜ ਗਿਆ ਸੀ"। ਸ੍ਰੀ ਗੁਰਮੁਖ ਸਿੰਘ ਅਤੇ ਸ੍ਰੀ ਪਿਰਥੀ ਸਿੰਘ ਅਜੇ ਤਕ ਕਮੀਊਨਿਸਟ ਪਾਰਟੀ ਦੇ ਸਰਗਰਮ ਵਰਕਰ ਹਨ, ਅਤੇ ਜਦ ਪੰਜਾਬ ਵਿਚਲੀ ਕਮੀਊਨਿਸਟ ਲਹਿਰ ਦਾ ਇਤਹਾਸ ਲਿਖਿਆ ਜਾਵੇਗਾ ਤਾਂ ਇਨ੍ਹਾਂ ਦੀ ਇਸ ਵਿਚ ਵਿਸ਼ੇਸ਼ ਥਾਂ ਹੋਵੇਗੀ।

ਗਦਰ ਪਾਰਟੀ ਦੇ ਪ੍ਰਧਾਨ ਸ੍ਰੀ ਸੋਹਨ ਸਿੰਘ 'ਭਕਨਾ', ਅਤੇ ਮੀਤ-ਪ੍ਰਧਾਨ, ਸ੍ਰੀ ਜਵਾਲਾ ਸਿੰਘ 'ਠਟੀਆਂ' ਅਤੇ ਸ੍ਰੀ ਕੇਸਰ ਸਿੰਘ 'ਠਠਗੜ', ਨੇ ਜੇਲੋਂ ਰਿਹਾ ਹੋਕੇ ਅੰਗਰੇਜ਼ ਵਿਰੋਧੀ ਲਗੇ ਤਕਰੀਬਨ ਹਰ ਇਕ ਮੋਰਚੇ ਵਿਚ ਹਿੱਸਾ ਲਿਆ, ਅਤੇ ਕਈ ਵੇਰ ਜੇਲ੍ਹ ਯਾਤਰਾ ਕੀਤੀ। ਸ੍ਰੀ ਜਵਾਲਾ ਸਿੰਘ 'ਠਟੀਆਂ' ਨੇ ਪੰਜਾਬ ਵਿਚ ਕਿਸਾਨ ਲਹਿਰ ਦਾ ਮੁਢ ਬੰਨ੍ਹਿਆ ਅਤੇ ਪੰਜਾਬ ਕਿਸਾਨ ਕਮੇਟੀ ਦੇ ਪਹਿਲੇ ਪ੍ਰਧਾਨ ਬਣੇ। ਸ੍ਰੀ ਕੇਸਰ ਸਿੰਘ 'ਠਠਗੜ੍ਹ' ਵੀ ਪੰਜਾਬ ਕਿਸਾਨ ਕਮੇਟੀ ਦੇ ਪ੍ਰਧਾਨ ਰਹੇ। ਸ੍ਰੀ ਰੂੜ ਸਿੰਘ 'ਚੂਹੜ ਚੱਕ' ਕਮੀਊਨਿਸਟ ਲਹਿਰ ਵਿਚ ਗੁਪਤ ਪ੍ਰਵੇਸ਼ ਕਰਨ ਵਾਸਤੇ ਮਜਬੂਰ ਹੋ ਗਏ ਅਤੇ ਇਸੇ ਹਾਲਤ ਵਿਚ ਚਲਾਣਾ ਕਰ ਗਏ। ਇਸੇ ਤਰ੍ਹਾਂ ਸੰਨ ੧੯੩੪ ਵਿਚ ਪੰਜਾਬ ਵਿਚ ਕਮੀਊਨਿਸਟ ਜਥੇਬੰਦੀਆਂ ਗੈਰ-ਕਾਨੂੰਨੀ ਕਰਾਰ ਦਿਤੇ ਜਾਣ ਸਮੇਂ, ਸੰਨ ੧੯੩੮ ਤੇ ਸੰਨ ੧੯੩੯ ਵਿਚ ਅੰਮ੍ਰਿਤਸਤ ਅਤੇ ਲਾਹੌਰ ਜ਼ਿਲਿਆਂ ਵਿਚ ਮਾਲੀਏ ਸੰਬੰਧੀ ਹੋਈਆਂ ਐਜੀਟੇਸ਼ਨਾਂ ਦੇ ਸਿਲਸਿਲੇ ਵਿਚ, ਅਤੇ ਦੂਸਰੇ ਸੰਸਾਰ ਯੁਧ ਛਿੜਨ ਸਮੇਂ ਹੋਈਆਂ ਨਜ਼ਰਬੰਦੀਆਂ ਸਮੇਂ, ਗਦਰੀ ਇਨਕਲਾਬੀਆਂ ਵਿਚੋਂ ਬਹੁਤਿਆਂ ਨੂੰ ਜੇਲ੍ਹ ਯਾਤਰਾ ਕਰਨੀ ਪਈ। ਖਾਸ ਕਰ ਪੰਜਾਬ ਵਿਚ ਕਿਸਾਨ ਲਹਿਰ ਦੀ ਜ਼ਿੰਦ ਜਾਨ ਗਦਰੀ ਇਨਕਲਾਬੀ ਸਨ। ਸੰਨ ੧੯੩੯ ਦੀ ਪੰਜਾਬ ਪੁਲਸ ਦੀ ਰੀਪੋਟ (ਪੰਨਾ ੨੩) ਵਿਚ ਲਿਖਿਆ ਹੈ ਕਿ, "(ਕਿਸਾਨ) ਕਮੇਟੀ ਉਤੇ ਪਿਛੇ ਵੀ ਅਤੇ ਹੁਣ ਵੀ ਸਜ਼ਾ ਯਾਫਤਾ ਤਰਾਸਵਾਦੀਆਂ ਅਤੇ ਗਦਰ ਪਾਰਟੀ ਦੇ ਮੈਂਬਰਾਂ ਦਾ ਗੱਲਬਾ ਰਿਹਾ ਹੈ; ਜਿਹੜੇ ਸਭ ਰੂਸ ਤੋਂ ਪ੍ਰੇਰਨਾ ਲੈਂਦੇ ਹਨ, ਅਤੇ ਜਿਨ੍ਹਾਂ ਦੀ ਪਲੈਨ, ਆਰਥਕ, ਚੋਣਾਂ, ਫਿਰਕੂ, ਸੋਸ਼ਲਿਸਟ ਅਤੇ ਕਮੀਊਨਿਸਟ ਕਾਰਨਾਂ ਤੋਂ ਉਪਜੀਆਂ ਬਨਾਵਟੀ ਅਤੇ ਠੀਕ ਸ਼ਿਕਾਇਤਾਂ ਨੂੰ ਬਿਨਾਂ ਛਾਣ ਬੀਣ ਕੀਤੇ ਆਪਣੇ ਮਕਸਦ ਲਈ ਵਰਤਣ ਦੀ ਹੈ"। ਗਦਰੀ ਇਨਕਲਾਬੀਆਂ ਦੀਆਂ ਗਦਰ ਪਾਰਟੀ ਲਹਿਰ ਪਿਛੋਂ ਸੱਭ ਇਨਕਲਾਬੀ ਸਰਗਰਮੀਆਂ ਦਾ ਜ਼ਿਕਰ ਕਰਨਾ ਇਸ ਲਿਖਤ ਦਾ ਮਨੋਰਥ ਨਹੀਂ। ਇਹ ਚੋਣਵੀਆਂ ਮਿਸਾਲਾਂ ਕੇਵਲ ਗਦਰੀ ਇਨਕਲਾਬੀਆਂ ਦੀ ਇਨਕਲਾਬੀ ਲਗਨ ਅਤੇ ਤਰੱਕੀ-ਪਸੰਦ ਰੁਚੀਆਂ ਨੂੰ ਦਰਸਾਉਣ ਲਈ ਦਿੱਤੀਆਂ ਗਈਆਂ ਹਨ, ਜੋ ਦੱਸਦੀਆਂ ਹਨ ਕਿ ਉਨ੍ਹਾਂ ਵਿਚੋਂ ਬਹੁਤਿਆਂ ਨੇ ਆਪਣੀ ਜ਼ਿੰਦਗੀ ਨੂੰ ਸਦਾ ਲਈ 'ਆਜ਼ਾਦੀ ਤੇ ਬਰਾਬਰੀ' ਦੇ ਆਦੱਰਸ਼ ਲਈ ਅਰਪਣ ਕਰ ਦੇਣ ਦੇ ਪ੍ਰੱਣ ਨੂੰ ਕਿਵੇਂ ਨਿਭਾਇਆ।

ਕਿਸੇ ਸੱਚੀ ਲੱਗਨ ਦੀ ਸ਼ਾਇਦ ਸਭ ਤੋਂ ਵਡੀ ਪਰਖ ਇਹ ਹੈ ਕਿ ਉਸ ਵਿਚ ਮਗਨ ਹੋਕੇ ਆਦਮੀ ਕਿਸ ਹੱਦ ਤਕ ਆਪਣੀ ਹਉਮੈਂ ਨੂੰ ਭੁਲਾ ਸਕਦਾ ਹੈ। ਗਦਰ ਪਾਰਟੀ ਦੀਆਂ ਉਹਦੇਦਾਰੀਆਂ ਵਲ ਇਤਨਾ ਘਟ ਧਿਆਨ ਦਿੱਤਾ ਗਿਆ ਕਿ ਇਸ ਦੇ ਉਹਦੇਦਾਰਾਂ ਨੂੰ ਸਬੂਤ ਦੇਕੇ ਨਿਸ਼ਚਿਤ ਕਰਨਾ ਮੁਸ਼ਕਲ ਹੋ ਗਿਆ ਹੈ (ਵੇਖੋ ਅੰਤਕਾ ਨੰਬਰ ੧)। ਗਦਰ ਪਾਰਟੀ ਦੇ ਸੈਂਟਰ ਉੱਤੇ ਕਿਸ ਦਾ ਕੰਟਰੋਲ ਰਹਿੰਦਾ ਹੈ, ਉਨ੍ਹਾਂ ਇਸ ਦਾ ਵੀ ਫਿਕਰ ਨਾ ਕੀਤਾ। ਗਦਰ ਪਾਰਟੀ ਦੇ ਸਭ ਚੀਦਾ ਵਰਕਰ ਤੇ ਉਹਦੇਦਾਰ ਹਿੰਦ ਅਤੇ ਸਿਆਮ-ਬਰਮਾ ਦੀਆਂ ਗਦਰੀ ਮੁਹਿੰਮਾਂ ਦੇ ਮੂਹਰੇ ਲੱਗਕੇ ਆ ਗਏ, ਜਿਸ ਕਰਕੇ 'ਪੰਡਤ' ਰਾਮ ਚੰਦ ਨੂੰ ਗਦਰ ਪਾਰਟੀ ਉਤੇ ਅਧਿਕਾਰ ਕਰਨ ਦਾ ਮੌਕਿਆ ਮਿਲ ਗਿਆ। ਗਦਰ ਪਾਰਟੀ ਦੇ ਇਨਕਲਾਬੀਆਂ ਹੋਰਨਾਂ ਦੀ ਕਮਾਨ ਹੇਠਾਂ ਕੰਮ ਕਰਨੋਂ ਕਤੱਈ ਸੰਕੋਚ ਨਾ ਕੀਤੀ, ਅਤੇ ਸ੍ਰੀ ਰਾਸ਼ ਬਿਹਾਰੀ ਬੋਸ ਨੂੰ ਲੱਭ ਕੇ ਹਿੰਦ ਵਿਚਲੀ ਗਦਰ ਪਾਰਟੀ ਲਹਿਰ ਦਾ ਲੀਡਰ ਬਣਾਇਆ ਗਿਆ। ਦੂਸਰੇ ਮੁਕੱਦਮੇ ਦੇ ਜੱਜਾਂ ਨੇ ਇਥਕਰ ਕੀਤੀ ਹੈ ਕਿ 'ਸੰਤ' ਰੰਧੀਰ ਸਿੰਘ, ਜਿਨ੍ਹਾਂ ਦੀ ਉਸ ਸਮੇਂ ਆਯੂ ੩੮ ਸਾਲ ਸੀ, ਸ੍ਰੀ ਕਰਤਾਰ ਸਿੰਘ ਵਰਗੇ ਛੋਕਰੇ ਦੀ ਕਮਾਨ ਹੇਠਾਂ ਕੰਮ ਕਰਦੇ ਰਹੇ*। ਜੱਜ ਗਦਰ ਪਾਰਟੀ ਲਹਿਰ ਦੀ ਸਪਿੱਰਟ ਨੂੰ ਨਹੀਂ ਸਨ ਸਮਝ ਸਕੇ ਕਿ ਗਦਰੀ

*Isemonger and Slattery, p. 121.

†Political India, Sir John Cumming, p. 232.

*Second Case, Judgement, p. 294.

ਇਨਕਲਾਬੀਆਂ ਨੇ ਆਪਣੀ ਲਗਨ ਦੀ ਮਸਤੀ ਵਿਚ ਆਪਣੀ ਹਉਮੈ ਅਤੇ ਸ਼ਖਸੀਅਤ ਪ੍ਰਸੱਤੀ ਨੂੰ ਕਿਸ ਹੱਦ ਤਕ ਭੁਲਾਇਆ ਹੋਇਆ ਸੀ। 'ਸੰਤ' ਰੰਧੀਰ ਸਿੰਘ ਹੀ ਨਹੀਂ, ਹੋਰ ਇਨਕਲਾਬੀ ਵੀ ਸ੍ਰੀ ਕਰਤਾਰ ਸਿੰਘ, ਜੋ ਸਭ ਤੋਂ ਛੋਟੀ ਉਮਰ ਦੇ ਸਨ, ਦੀ ਕਮਾਨ ਹੇਠ ਕੰਮ ਕਰਦੇ ਰਹੇ* ।

ਗਦਰ ਪਾਰਟੀ ਲਹਿਰ ਦੀ ਉਪ੍ਰੋਕਤ ਆਪਾ-ਭੁਲਾਊ ਸਪਿੱਰਟ ਅਤੇ ਇਨਕਲਾਬੀ ਲਗਨ ਦੇ ਮੇਲ ਦਾ ਇਕ ਚੋਣਵਾਂ ਨਮੂਨਾ 'ਸੰਤ' ਵਸਾਖਾ ਸਿੰਘ, ਪ੍ਰਧਾਨ, ਦੇਸ਼ ਭਗਤ ਪ੍ਰਵਾਰ ਸਹਾਇਕ ਕਮੇਟੀ, ਹਨ। ਧਾਰਮਕ ਭਾਵਾਂ ਦੇ ਅਸਰ ਹੇਠ ਇਹ ਸਾਲਾਂ ਪ੍ਰਯੰਤ 'ਜੀਆਓ ਨਾ ਛਾਹੀਂ ਕਹੀ ਦਾ' ਦੇ ਆਦਰੱਸ਼ ਉਤੇ ਚਲਣ ਦਾ ਯਤਨ ਕਰਦੇ ਰਹੇ। ਗਦਰ ਪਾਰਟੀ ਲਹਿਰ ਵਿਚ ਹਿੱਸਾ ਲੈਣ ਕਰਕੇ ਇਨ੍ਹਾਂ ਕੋਮਲ ਭਾਵਾਂ ਨਾਲ ਇਨਕਲਾਬੀ ਸਪਿੱਰਟ ਦੀ ਇਕ ਅਨੋਖੀ ਪਿਉਂਦ ਲਗ ਗਈ। ਅੰਡੇਮਾਨ ਤੋਂ ਰਿਹਾਈ ਤੋਂ ਉਪਰੰਤ ਹੁਣ ਤਕ ਇਹ ਆਪਣੀ ਅਣੱਖ ਨੂੰ ਦਬਾਕੇ, ਦੇਸ਼ ਭਗਤਾਂ ਅਤੇ ਉਨ੍ਹਾਂ ਦੇ ਪ੍ਰਵਾਰਾਂ ਦੀ ਸਹਾਇਤਾ ਖਾਤਰ, 'ਮੰਗਣ ਗਿਆ ਸੋ ਮਰ ਰਿਹਾ' ਦੇ ਕਾਰਜ ਵਿਚ, ਅਤੇ ਜੇਲਾਂ ਵਿਚ ਆਪਣੇ ਡੱਕੇ ਹੋਏ ਸਾਥੀਆਂ ਦੀਆਂ ਮੁਸੀਬਤਾਂ ਵਿਚ ਸਹਾਇਤਾ ਕਰਨ ਅਤੇ ਉਨ੍ਹਾਂ ਨੂੰ ਛੁਡਾਉਣ ਦੇ ਯਤਨਾਂ ਵਿਚ, ਜੁੱਟੇ ਰਹੇ ਹਨ। ਪਹਿਲੇ ਸੰਸਾਰ ਯੁਧ ਪਿਛੋਂ ਗਦਰੀ ਇਨਕਲਾਬੀਆਂ ਦੀਆਂ ਕਿਰਤੀ ਰੰਗਤ ਵਿਚ ਇਨਕਲਾਬੀ ਕੋਸ਼ਸ਼ਾਂ ਦਾ ਪੰਜਾਬ ਵਿਚ ਨਵਿਉਂ ਸਿਰਿਉਂ ਮੁਢ ਬੰਨਣ ਸਮੇਂ, ਇਨ੍ਹਾਂ ਦੀ ਸ਼ਖਸੀਅਤ ਕਈ ਸਾਲਾਂ ਤਕ ਕੇਂਦ੍ਰ (Nucleus) ਬਣੀ ਰਹੀ। ਕਿਉਂਕਿ ਇਨ੍ਹਾਂ ਦਾ ਪਬਲਕ ਵਿਚ ਬਹੁਤ ਅਸਰ ਰਸੂਖ ਸੀ ਜੋ ਗਦਰੀ ਇਨਕਲਾਬੀਆਂ ਦੇ ਕੰਮ ਆਉਂਦਾ; ਦੇਸ਼ ਭਗਤ ਪ੍ਰਵਾਰ ਸਹਾਇਕ ਕਮੇਟੀ ਇਨਕਲਾਬੀਆਂ ਲਈ 'ਕਮਸਰੇਟ' (Commissariat) ਦਾ ਕੰਮ ਦੇਂਦੀ ਰਹੀ, ਅਤੇ ਉਨ੍ਹਾਂ ਗਦਰੀ ਇਨਕਲਾਬੀਆਂ ਨੂੰ ਮੁੜ ਲੜੀ ਵਿਚ ਪ੍ਰੋਣ ਦਾ ਵਸੀਲਾ ਬਣੀ ਜੋ ਗਦਰ ਪਾਰਟੀ ਲਹਿਰ ਦੇ ਸੰਬੰਧ ਵਿਚ ਹੋਈਆਂ ਲੰਮੀਆਂ ਸਜ਼ਾਵਾਂ ਭੁਗਤਣ ਮਗਰੋਂ ਅਗੋਂ ਪਿਛੋਂ ਰਿਹਾ ਹੁੰਦੇ ਰਹੇ; ਅਤੇ ਇਨ੍ਹਾਂ ਦੀ ਮਿਠਾਸ, ਨਿਮ੍ਰਤਾ ਅਤੇ ਆਪਣੀ ਸ਼ਖਸੀਅਤ ਨੂੰ ਸੰਕੋਚ ਕੇ ਕੰਮ ਕਰਨ ਦੇ ਗੁਣ ਇਨਕਲਾਬੀਆਂ ਵਿਚ ਮਿਲਾਪ ਪੈਦਾ ਕਰਨ ਅਤੇ ਜੋੜੀ ਰੱਖਣ ਵਿਚ ਸਹਾਇਕ ਹੁੰਦੇ। 'ਭਾਈ' ਸੰਤੋਖ ਸਿੰਘ ਨੇ ਇਨ੍ਹਾਂ ਦੀ ਸਹਾਇਤਾ ਨਾਲ 'ਕਿਰਤੀ' ਰਸਾਲਾ ਸ਼ੁਰੂ ਕੀਤਾ, ਅਤੇ ਇਹ ਸ੍ਰੀ ਗੁਰਮੁਖ ਸਿੰਘ 'ਲਲਤੋਂ' ਅਤੇ ਉਸ ਸਮੇਂ ਦੇ ਹੋਰ ਗੁਪਤ ਪ੍ਰਵੇਸ਼ ਕਰਨ ਵਾਲੇ ਇਨਕਲਾਬੀਆਂ ਦੇ ਬਜ਼ਾਹਰਾ ਕੰਮ ਦਾ ਚੰਗਾ ਵਸੀਲਾ ਸਨ। ਅਤਯੰਤ ਨਿਮ੍ਰਤਾ ਭਾਵ ਅਤੇ ਮਿਠਾਸ ਦੇ ਨਾਲ ਲਗਵੀਂ ਇਨ੍ਹਾਂ ਵਿਚ ਦ੍ਰਿੜ੍ਹਤਾ ਕਿਸ ਦਰਜੇ ਦੀ ਹੈ, ਇਹ ਦਿਓਲੀ ਕੈਂਪ (ਜਿਥੇ ਦੂਸਰੇ ਸੰਸਾਰ ਯੁਧ ਦੇ ਦੌਰਾਨ ਵਿਚ ਇਨ੍ਹਾਂ ਨੂੰ ਹੋਰ ਇਨਕਲਾਬੀ ਸਾਥੀਆਂ ਨਾਲ ਨਜ਼ਰਬੰਦ ਕੀਤਾ ਗਿਆ) ਵਿਚ ਨਜ਼ਰਬੰਦ ਇਨਕਲਾਬੀਆਂ ਵਲੋਂ ਕੀਤੀ ਭੁਖ ਹੜਤਾਲ ਸਮੇਂ ਉਘੜਵੇਂ ਰੂਪ ਵਿਚ ਜ਼ਾਹਰ ਹੋਈ। ਇਨ੍ਹਾਂ ਦੀ ਨਾਜ਼ਕ ਸਿਹਤ ਨੂੰ ਮੁਖ ਰੱਖ ਕੇ ਸਭ ਇਨਕਲਾਬੀਆਂ ਨੇ ਫੈਸਲਾ ਕਰਕੇ ਇਨ੍ਹਾਂ ਨੂੰ ਭੁਖ ਹੜਤਾਲ ਵਿਚ ਸ਼ਾਮਲ ਹੋਣੋਂ ਵਰਜ ਦਿੱਤਾ ਸੀ; ਪਰ ਇਨ੍ਹਾਂ ਨੇ ਆਪਣੇ ਸਾਥੀਆਂ ਤੋਂ ਚੋਰੀਂ ਭੁਖ ਹੜਤਾਲ ਕਰ ਦਿੱਤੀ, ਅਤੇ ਪਤਾ ਤਦ ਹੀ ਲੱਗਾ ਜਦ ਇਕ ਦਿਨ ਗਸ਼ੀ ਖਾ ਕੇ ਡਿੱਗ ਪਏ।

*ਬੰਦੀ ਜੀਵਨ, ਭਾਗ ਦੂਜਾ, ਪੰਨਾ ੧੮ ।

## ਅੰਤਕਾ ਨੰਬਰ ੧

# ਗਦਰ ਪਾਰਟੀ ਦੇ ਉਹਦੇਦਾਰ

ਗਦਰ ਪਾਰਟੀ ਲਹਿਰ ਸੰਬੰਧੀ ਚਲੇ ਮੁਕੱਦਮਿਆਂ ਵਿਚ ਇਹ ਸਾਫ ਸਪੱਸ਼ਟ ਕੀਤਾ ਗਿਆ ਹੈ ਕਿ ਗਦਰ ਪਾਰਟੀ (ਹਿੰਦੀ ਐਸੋਸੀਏਸ਼ਨ ਆਫ ਦੀ ਪੈਸੇਫਿਕ ਕੋਸਟ) ਮਈ ੧੯੧੩* ਨੂੰ ਅਸਟੋਰੀਆ ਵਿਚ ਹਿੰਦੀਆਂ ਦੀ ਹੋਈ ਮੀਟਿੰਗ ਵਿਚ ਕਾਇਮ ਕੀਤੀ ਗਈ†, ਪਰ ਇਹ ਨਿਖੇੜਾ ਨਹੀਂ ਕੀਤਾ ਗਿਆ ਕਿ ਇਸ ਦੇ ਕਿਹੜੇ ਕਿਹੜੇ ਉਹਦੇਦਾਰ ਚੁਣੇ ਗਏ। ਪਹਿਲੇ ਮੁਕੱਦਮੇਂ ਦੇ ਫੈਸਲੇ ਵਿਚ ਕੇਵਲ ਇਹ ਲਿਖਿਆ ਹੈ ਕਿ ਉਪ੍ਰੋਕਤ ਮੀਟਿੰਗ ਵਿਚ ਫੰਡ ਅਕੱਠੇ ਕਰਨ ਵਾਸਤੇ ਇਕ ਕਮੇਟੀ ਬਣਾਈ ਗਈ, ।

ਸ੍ਰੀ ਸੋਹਨ ਸਿੰਘ 'ਭਕਨਾ', ਅਤੇ ਅਮਰੀਕਾ ਵਿਚ ਜਿਨ੍ਹਾਂ ਨੇ ਉਸ ਸਮੇਂ ਗਦਰ ਪਾਰਟੀ ਬਨਾਉਣ ਵਿਚ ਉੱਘਾ ਹਿੱਸਾ ਲਿਆ, ਉਨ੍ਹਾਂ ਮੁਤਾਬਕ, ਅਸਟੋਰੀਆ ਵਿਚ ਹੋਈ ਮੀਟਿੰਗ ਵਿਚ ਗਦਰ ਪਾਰਟੀ ਦੇ ਹੇਠ ਲਿਖੇ ਉਹਦੇਦਾਰ ਚੁਣੇ ਗਏ।

ਪ੍ਰਧਾਨ—ਸ੍ਰੀ ਸੋਹਨ ਸਿੰਘ 'ਭਕਨਾ'।

ਮੀਤ ਪ੍ਰਧਾਨ—ਸ੍ਰੀ ਕੇਸਰ ਸਿੰਘ 'ਠਠਗੜ੍ਹ'।

ਜਨਰਲ ਸਕੱਤ੍ਰ—ਲਾਲਾ ਹਰਦਿਆਲ।

ਮੀਤ ਸਕੱਤ੍ਰ—ਸ੍ਰੀ ਮੁਨਸ਼ੀ ਰਾਮ ਅਤੇ ਸ੍ਰੀ ਕਰੀਮ ਬਖਸ਼।

ਖਜ਼ਾਨਚੀ—ਸ੍ਰੀ ਕਾਂਸ਼ੀ ਰਾਮ।

ਮੀਤ ਖਜ਼ਾਨਚੀ—ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ'।

ਗਦਰ ਪਾਰਟੀ ਦੇ ਉਹਦੇਦਾਰਾਂ ਦੀ ਉਪ੍ਰੋਕਤ ਚੋਣ ਦੀ ਗਦਰ ਪਾਰਟੀ ਸੰਬੰਧੀ ਚਲੇ ਮੁਕੱਦਮਿਆਂ ਦੇ ਰੀਕਾਰਡਾਂ ਤੋਂ ਇਸ ਹੱਦ ਤਕ ਪੁਸ਼ਟੀ ਹੁੰਦੀ ਹੈ ਕਿ ਹਰਚਰਨ ਦਾਸ ਮੁਤਾਬਕ ਸ੍ਰੀ ਸੋਹਨ ਸਿੰਘ, ਕੈਲੇਫੋਰਨੀਆ, ਵਾਸ਼ਿੰਗਟਨ ਅਤੇ ਔਰੇਗਨ ਰਿਆਸਤਾਂ ਵਿਚ ਦੌਰਾ ਕਰਨ ਵਾਲੇ ਪ੍ਰਧਾਨ ਸਨ*, ਅਤੇ ਸ੍ਰੀ ਮੁਨਸ਼ੀ ਰਾਮ ਗਦਰ ਪਾਰਟੀ ਕਾਇਮ ਹੋਣ ਵੇਲੇ ਤੋਂ ਇਸ ਦੇ ਮੀਤ ਸਕੱਤ੍ਰ ਸਨ†। ਪੰਜਾਬ ਪੁਲਸ ਦੇ ਅਫਸਰਾਂ ਦੀ ਲਿਖਤ ਵਿਚ ਇਹ ਵੀ ਜ਼ਿਕਰ ਆਉਂਦਾ ਹੈ ਕਿ ਅਸਟੋਰੀਆ ਵਿਚ ਹੋਈ ਮੀਟਿੰਗ ਵਿਚ ਲਾ: ਹਰਦਿਆਲ ਨੇ ਫੰਡ ਅਕੱਠੇ ਕਰਨ ਅਤੇ ਐਸੋਸੀਏਸ਼ਨ ਦੇ ਕੰਮ ਨੂੰ ਅਗੇ ਵਧਾਣ ਲਈ ਇਕ ਕਮੇਟੀ ਬਨਾਉਣ ਦੀ ਸਲਾਹ ਦਿੱਤੀ, ਅਤੇ ਇੰਜ ਕੀਤਾ ਗਿਆ‡। ਅਰਥਾਤ ਫੰਡ ਅਕੱਠੇ ਕਰਨ ਦੇ ਮਕਸਦ ਤੋਂ ਇਲਾਵਾ ਵੀ ਕਮੇਟੀ ਬਣਾਈ ਗਈ।

ਸ੍ਰੀ ਸੋਹਨ ਸਿੰਘ, ਅਤੇ ਅਮਰੀਕਾ ਵਿਚ ਜਿਨ੍ਹਾਂ ਨੇ ਉਸ ਸਮੇਂ ਗਦਰ ਪਾਰਟੀ ਵਿਚ ਉੱਘਾ ਹਿੱਸਾ ਲਿਆ, ਉਨ੍ਹਾਂ ਮੁਤਾਬਕ ਪਿਛੋਂ ਸੇਕਰੇਮੈਂਟੋ ਵਿਚ ਇਕ ਕਾਨਫ੍ਰੰਸ ਬੁਲਾਈ

*ਪੰਜਾਬ ਪੁਲੀਸ ਅਫਸਰਾਂ ਦੀ ਲਿਖਤ ਮੁਤਾਬਕ ੨ ਜੂਨ, ੧੯੧੩ ਨੂੰ (Isemonger and Slattery, pp. 12-13)।

†First Case, The beginning of the conspiracy and War, p. 3; First Case, Third Case and Mandlay Case, Evidence of Nawab Khan.

*San Francisco Trial, Testimony of Harcharan Das.

†Ibid, Charge to the Jury by the Judge, p. 709.

‡Isemonger and Slattery, pp. 12-13.



Digitized by Panjab Digital Library | www.panjabdigilib.org

ਗਈ, ਜਿਸ ਵਿਚ ਔਰੇਗਨ ਅਤੇ ਵਾਸ਼ਿੰਗਟਨ ਰਿਆਸਤਾਂ ਦੇ ਪ੍ਰਤਿਨਿਧ ਵੀ ਸ਼ਾਮਲ ਹੋਏ । ਇਸ ਵਿਚ ਗਦਰ ਪਾਰਟੀ ਦੇ ਉਪ੍ਰੋਕਤ ਉਹਦੇਦਾਰਾਂ ਦੀ ਚੋਣ ਉਤੇ ਮੋਹਰ ਲਾਈ ਗਈ, ਅਤੇ ਸ਼੍ਰੀ ਜਵਾਲਾ ਸਿੰਘ 'ਠਟੀਆਂ' ਨੂੰ ਕੈਲੇਫੋਰਨੀਆਂ ਵਲੋਂ ਗਦਰ ਪਾਰਟੀ ਦ ਮੀਤ ਪ੍ਰਧਾਨ ਦੇ ਤੌਰ ਉਤ ਸ਼ਾਮਲ ਕੀਤਾ ਗਿਆ ।

ਉਪ੍ਰੋਕਤ ਉਹਦੇਦਾਰਾਂ ਤੋਂ ਇਲਾਵਾ ਪ੍ਰਬੰਧਕ ਕਮੇਟੀ ਦੇ ਇਹ ਮੈਂਬਰ ਚੁਣੇ ਗਏ:—

'ਭਾਈ' ਸੰਤੋਖ ਸਿੰਘ, ਸ਼੍ਰੀ ਕਰਤਾਰ ਸਿੰਘ 'ਸਰਾਭਾ', ਸ਼੍ਰੀ ਰੂੜ ਸਿੰਘ 'ਚੂਹੜਚੱਕ', ਸ਼੍ਰੀ ਪਿਰਥੀ ਸਿੰਘ, 'ਪੰਡਤ' ਜਗਤ ਰਾਮ, ਸ਼੍ਰੀ ਕਰਮ ਸਿੰਘ 'ਚੀਮਾ', ਸ਼੍ਰੀ ਨਿਧਾਨ ਸਿੰਘ 'ਚੁਘਾ', 'ਸੰਤ' ਵਸਾਖਾ ਸਿੰਘ, ਸ਼੍ਰੀ ਈਸ਼ਰ ਸਿੰਘ 'ਮਰਹਾਣਾ' ਅਤੇ ਸ਼੍ਰੀ ਊਧਮ ਸਿੰਘ 'ਕਸੇਲ' ।

ਪਹਿਲੇ ਕੇਸ ਵਿਚ ਨਵਾਬ ਖਾਨ ਦੀ ਗਵਾਹੀ ਮੁਤਾਬਕ ਵੀ ਅਸਟੋਰੀਆ ਦੀ ਮੀਟਿੰਗ ਵਿਚ ਇਕ ਸਾਲਾਨਾ ਕਾਨਫ੍ਰੰਸ ਕਰਨ ਦਾ ਫੈਸਲਾ ਕੀਤਾ ਗਿਆ ਸੀ; ਅਤੇ ਲਾ: ਹਰਦਿਆਲ ਦੀ ਸਲਾਹ ਅਨੁਸਾਰ ਕੰਮ ਨੂੰ ਅਗੇ ਵਧਾਉਣ ਲਈ ਵਖੋ ਵਖ ਕੇਂਦ੍ਰਾਂ ਦੇ ਪ੍ਰਤਿਨਿਧਾਂ ਦੀ ਇਕ ਜੈਨਰਲ ਮੀਟਿੰਗ ਕਰਨ ਦਾ ਫੈਸਲਾ ਕੀਤਾ ਗਿਆ ਸੀ* ।

ਲਾਲਾ ਹਰਦਿਆਲ ਦੇ ਅਮਰੀਕਾ ਤੋਂ ਚਲੇ ਜਾਣ ਪਿਛੋਂ 'ਭਾਈ' ਸੰਤੋਖ ਸਿੰਘ ਉਨ੍ਹਾਂ ਦੀ ਥਾਂ ਜਨਰੱਲ ਸਕੱਤ੍ਰ ਚੁਣੇ ਗਏ†; ਅਤੇ ਸ਼੍ਰੀ ਸੋਹਨ ਸਿੰਘ, ਸ਼੍ਰੀ ਜਵਾਲਾ ਸਿੰਘ ਅਤੇ ਸ਼੍ਰੀ ਕੇਸਰ ਸਿੰਘ ਦੇ ਹਿੰਦ ਨੂੰ ਗਦਰੀ ਮੁਹਿੰਮ ਲਈ ਆ ਜਾਣ ਪਿਛੋਂ 'ਭਾਈ' ਭਗਵਾਨ ਸਿੰਘ ਪ੍ਰਧਾਨ ਅਤੇ ਸ਼੍ਰੀ ਬਰਕਤੁਲਾ ਮੀਤ ਪ੍ਰਧਾਨ ਚੁਣੇ ਗਏ* । ਸ਼੍ਰੀ ਕਾਂਸ਼ੀ ਰਾਮ ਦੀ ਥਾਂ ਸ਼੍ਰੀ ਨਿਧਾਨ ਸਿੰਘ ਸਤੰਬਰ ੧੯੧੫ ਤੋਂ ਲੈ ਕੇ ਜਨਵਰੀ ੧੯੧੬ ਤਕ ਗਦਰ ਪਾਰਟੀ ਦੇ ਖਜ਼ਾਨਚੀ ਰਹੇ† ।

---

*Isemonger and Slattery, pp. 12-13.

† ਅਕਾਲੀ ਤੇ ਪ੍ਰਦੇਸੀ', ੨੪ ਅਪ੍ਰੈਲ ੧੯੩੦ ਦਾ ਪਰਚਾ; San Francisco Trial, Charge to the Jury by the Judge, p. 711.

*San Francisco Trial, Charge to the Jury by the Judge, p. 702.

†Ibid, p. 709.

# ਅੰਤਕਾ ਨੰ: ੨

# ਮੁਕੱਦਮੇਂ

ਹਿੰਦ ਅਤੇ ਬਰਮਾ (ਜੋ ਉਸ ਸਮੇਂ ਹਿੰਦ ਦਾ ਰਾਜਨੀਤਕ ਤੌਰ ਉਤੇ ਹਿੱਸਾ ਸੀ) ਵਿਚ ਗਦਰ ਪਾਰਟੀ ਲਹਿਰ ਨਾਲ ਸੰਬੰਧਤ ਵਡੇ ਵਡੇ ਮੁਕੱਦਮੇਂ 'ਹਿੰਦ ਦੀ ਰੱਖਯਾ ਦੇ ਕਾਨੂੰਨ' (Defence of India Act) ਦੀਆਂ ਧਾਰਾਵਾਂ ਅਨੁਸਾਰ ਚਲਾਏ ਗਏ। ਇਸ ਕਾਨੂੰਨ ਅਨੁਸਾਰ ਦੋਸ਼ੀਆਂ ਨੂੰ ਕਿਸੇ ਕਚਹਿਰੀ ਵਿਚ ਅਪੀਲ ਕਰਨ ਦਾ ਹੱਕ ਨਹੀਂ ਸੀ, ਅਤੇ ਉਹ ਕੇਵਲ ਸਰਕਾਰ ਪਾਸ ਰਹਿਮ ਦੀ ਅਪੀਲ ਕਰ ਸਕਦੇ ਸਨ । ਪਬਲਕ ਜਾਂ ਪ੍ਰੈਸ ਦੇ ਪ੍ਰਤਿਨਿੱਧਾਂ ਨੂੰ ਮੁਕੱਦਮਿਆਂ ਦੀ ਕਾਰਰਵਾਈ ਸੁਣਨ ਦੀ ਆਗਿਆ ਨਹੀਂ ਸੀ, ਅਤੇ ਦਿਨ ਦੀ ਕਾਰਰਵਾਈ ਦੀ ਕੇਵਲ ਸਰਕਾਰੀ ਰੀਪੋਟ ਪ੍ਰੈਸ ਨੂੰ ਦੇ ਦਿੱਤੀ ਜਾਂਦੀ । ਇਸ ਵਰਤੋਂ ਨੂੰ ਪੰਜਾਬ ਦੇ ਅੰਗਰੇਜ਼ੀ ਅਖਬਾਰਾਂ ਵੀ ਬੁਰਾ ਸਮਝਿਆ (Isemonger and Slattery, p. 122.)।

ਮੁਕੱਦਮੇਂ ਚਲਾਉਣ ਪਿਛੇ ਕੀ ਸਪਿੱਰਟ ਕੰਮ ਕਰ ਰਹੀ ਸੀ, ਅਤੇ ਉਨ੍ਹਾਂ ਦੇ ਦੌਰਾਨ ਵਿਚ ਕੀ ਮਹੌਲ ਸੀ, ਇਹ ਪਹਿਲੇ ਕੇਸ ਵਿਚ ਹੋਈ ਇਕ ਘਟਨਾ ਤੋਂ ਪ੍ਰਗੱਟ ਹੁੰਦੀ ਹੈ। ਸ਼ਨਾਖਤ ਦੀ ਪਰੇਡ ਵੇਲੇ ਇਕ ਸਰਕਾਰੀ ਗਵਾਹ ਸ਼ਨਾਖਤ ਨਾ ਕਰ ਸੱਕਿਆ। ਇਸ ਪੁਰ ਸਰਕਾਰੀ ਵਕੀਲ ਕਹਿਣ ਲੱਗਾ ਕਿ ਦੋਸ਼ੀਆਂ ਨੇ ਪਗੜੀਆਂ ਬੰਨ੍ਹਣ ਦਾ ਤਰੀਕਾ ਬਦਲਿਆ ਹੋਇਆ ਹੈ, ਇਸ ਵਾਸਤੇ ਸ਼ਨਾਖਤ ਨਹੀਂ ਕੀਤੀ ਜਾ ਸਕੀ। ਸ਼੍ਰੀ ਜਵਾਲਾ ਸਿੰਘ ਨੇ ਸਰਕਾਰੀ ਵਕੀਲ ਨੂੰ ਮੁਖਾਤਬ ਹੋਕੇ ਕਿਹਾ ਕਿ, 'ਅਸਾਂ ਪਗਾਂ ਬਦਲੀਆਂ ਹਨ, ਚੇਹਰੇ ਤਾਂ ਨਹੀਂ ਬਦੱਲ ਲਏ। ਤੂੰ ਕਿਉਂ ਦਖਲ ਦੇਂਦਾ ਹੈਂ, ਤੇਰਾ ਕੀ ਕੰਮ ਹੈ'। ਇਤਨੀ ਗਲ ਨੂੰ ਕਚਹਿਰੀ ਦੀ ਹੱਤਕ ਸਮਝਿਆ ਗਿਆ, ਅਤੇ ਸ਼੍ਰੀ ਜਵਾਲਾ ਸਿੰਘ ਨੂੰ ਤੀਹ ਬੈਂਤ ਲਾਏ ਗਏ* ।

ਪਹਿਲੇ ਕੇਸ ਦੇ ਜੱਜ ਆਪਣੇ ਫੈਸਲੇ ਵਿਚ ਲਿਖਦੇ ਹਨ ਕਿ ਪੁਲਸ ਵਲੋਂ ਇਸ ਮੁਕੱਦਮੇ ਵਿਚ ਆਪਣੇ ਕੋਲੋਂ ਵਾਧੂ ਮਸਾਲ ਰਲਾਉਣ ਦਾ ਬਿਲਕੁਲ ਯਤਨ ਨਹੀਂ ਕੀਤਾ ਗਿਆ† । ਸਮੁਚੇ ਤੌਰ ਉਤੇ ਇਹ ਗੱਲ ਠੀਕ ਜਾਪਦੀ ਹੈ; ਕਿਉਂਕਿ ਜਿਨ੍ਹਾਂ ਗਦਰੀ ਇਨਕਲਾਬੀਆਂ ਨੂੰ ਇਸ ਵਿਚ ਸਜ਼ਾ ਦਿੱਤੀ ਗਈ, ਉਨ੍ਹਾਂ ਵੀ ਇਸ ਵਿਚ ਦਿਤੇ ਵਾਕਿਆਤ ਦੀ ਸਚਾਈ ਨੂੰ ਜੇਲ੍ਹਾਂ ਤੋਂ ਰਿਹਾ ਹੋ ਜਾਣ ਪਿਛੋਂ ਮੁਖ ਰੂਪ ਵਿਚ ਮੰਨਿਆ ਹੈ। ਮੁਕੱਦਮੇਂ ਦੇ ਦੌਰਾਨ ਵਿਚ ਬਹੁਤ ਸਾਰੇ ਦੋਸ਼ੀਆਂ ਕਈ ਗੱਲਾਂ ਮੰਨਣੋਂ ਇਨਕਾਰ ਕੀਤਾ ਸੀ; ਕਿਉਂਕਿ ਉਨ੍ਹਾਂ ਇਹ ਫੈਸਲਾ ਕੀਤਾ ਸੀ ਕਿ ਜੋ ਜਹਾਜ਼ਾਂ ਤੋਂ ਫੜੇ ਗਏ ਸਨ, ਜਾਂ ਜਿਨ੍ਹਾਂ ਵਿਰੁਧ ਗਵਾਹੀਆਂ ਮੁਕੰਮਲ ਨਹੀਂ ਸਨ, ਜਾਂ ਜਿਨ੍ਹਾਂ ਦੇ ਬਿਆਨਾਂ ਨਾਲ ਲਹਿਰ ਦੇ ਭੇਦ ਖੁਲਦੇ ਹੋਣ, ਉਹ ਇਨਕਾਰੀ ਹੋ ਜਾਣ । ਕੇਵਲ 'ਭਾਈ' ਪਰਮਾ ਨੰਦ ਨੂੰ ਇਸ ਮੁਕੱਦਮੇਂ ਵਿਚ ਬਦੋ ਬਦੀ ਵਲੇਟਣ ਦੀ ਕੋਸ਼ਸ਼ ਕੀਤੀ ਗਈ ਜਾਪਦੀ ਹੈ; ਪਰ ਇਤਨੀ ਗਲ 'ਭਾਈ' ਪਰਮਾਨੰਦ ਵੀ ਮੰਨਦੇ ਹਨ ਕਿ ਉਨ੍ਹਾਂ ਨੂੰ ਇਨਕਲਾਬੀ ਮਿਲਦੇ ਜੁਲਦੇ ਰਹੇ (Bh. Parmanand p. 4), ਅਤੇ ਸਰਕਾਰੀ ਵਕੀਲ ਨੇ ਉਨ੍ਹਾਂ ਵਿਰੁਧ ਮੁਕੱਦਮਾ ਵਾਪਸ ਲਏ

---

*Bhai Parmanand, p. 27; Isemonger and Slattery, p. 126

†First Case, Part I, p. 16.



Digitized by Panjab Digital Library | www.panjabdigilib.org

ਜਾਣ ਦੀ ਸਫਾਰਸ਼ ਕੀਤੀ (Bh. Parmanand, Introduction)। ਪਹਿਲੇ ਮੁਕੱਦਮੇਂ ਅਤੇ ਹੋਰਨਾਂ ਵਿਚ ਵਾਕਿਆਤ ਨੂੰ ਪੁਲਸ ਵਲੋਂ ਤਰੋੜ ਮਰੋੜ ਕੇ ਜਾਂ ਵਧਾ ਕੇ ਪੇਸ਼ ਕਰਨ ਦੀ ਬਹੁਤੀ ਕੋਸ਼ਸ਼ ਨਾ ਕਰਨ ਦੇ ਵਡੇ ਕਾਰਨ ਇਹ ਜਾਪਦੇ ਹਨ ਕਿ ਜਿਸ ਕਾਨੂੰਨ ਹੇਠ ਮੁਕੱਦਮੇਂ ਚਲਾਏ ਗਏ, ਉਨ੍ਹਾਂ ਅਨੁਸਾਰ ਨਾ ਜੱਜਾਂ ਦੇ ਫੈਸਲਿਆਂ ਵਿਰੁਧ ਅਪੀਲ ਹੋ ਸਕਦੀ ਸੀ, ਅਤੇ ਨਾ ਜੱਜਾਂ ਨੂੰ ਬਹੁਤੀਆਂ ਕਾਨੂੰਨੀ ਬਰੀਕੀਆਂ ਵਿਚ ਪੈਣ ਦੀ ਲੋੜ ਸੀ। ਇਸ ਤੋਂ ਇਲਾਵਾ ਇਨਕਲਾਬੀਆਂ ਨੂੰ ਸਜ਼ਾ ਦੇਣ ਖਾਤਰ ਸ਼ਹਾਦਤਾਂ ਨੇ ਵਾਕਿਆਤ ਨੂੰ ਵੀ ਕਾਫੀ ਸਪਸ਼ੱਟ ਕਰ ਦਿਤਾ ਸੀ।

ਇਸ ਵਾਸਤੇ ਗਦਰ ਪਾਰਟੀ ਲਹਿਰ ਦੇ ਇਤਹਾਸ ਦੇ ਨਜ਼ਰੀਏ ਤੋਂ ਇਸ ਨਾਲ ਸੰਬੰਧਤ ਮੁਕੱਦਮਿਆਂ ਦੀਆਂ ਸ਼ਹਾਦਤਾਂ ਅਤੇ ਫੈਸਲਿਆਂ ਨੂੰ ਕਾਫੀ ਵਜ਼ਨ ਦਿਤਾ ਜਾ ਸਕਦਾ ਹੈ। ਕੇਵਲ ਸਾਮਰਾਜੀ ਝੁਕਾਉ ਦੇ ਕਾਰਨ ਜੱਜਾਂ ਨੇ ਖਿੱਚ ਖਿਚਾਕੇ ਇਨਕਲਾਬੀਆਂ ਨੂੰ ਡਾਕੂ ਸਾਬਤ ਕਰਨ ਜਾਂ ਹੋਰ ਤਰ੍ਹਾਂ ਬਦਨਾਮ ਕਰਨ ਦੀ ਕੋਸ਼ਸ਼ ਕੀਤੀ, ਅਤੇ ਇਸ ਬਾਰੇ ਲਿਖਤ ਵਿਚ ਨਾਲੋ ਨਾਲ ਨਿਖੇੜਾ ਕੀਤਾ ਜਾਂਦਾ ਰਿਹਾ ਹੈ।

ਇਤਿਹਾਸਕ ਨਜ਼ਰੀਏ ਤੋਂ ਮੁਕੱਦਮਿਆਂ ਬਾਰੇ ਦੋ ਹੋਰ ਧਿਆਨ ਵਿਚ ਰਖਣ ਯੋਗ ਵਡੀਆਂ ਗਲਾਂ ਇਹ ਹਨ। ਮੁਕੱਦਮਿਆਂ ਦਾ ਮਕਸਦ ਇਨਕਲਾਬੀਆਂ ਨੂੰ ਦੋਸ਼ੀ ਸਾਬਤ ਕਰਨ ਦਾ ਸੀ, ਇਤਹਾਸ ਲਈ ਮਿਸਾਲਾ ਅਕੱਠਾ ਕਰਨ ਦਾ ਨਹੀਂ। ਇਸ ਵਾਸਤੇ ਗਦਰ ਪਾਰਟੀ ਲਹਿਰ ਦੇ ਕਈ ਪਹਿਲੂਆਂ ਬਾਰੇ ਇਨ੍ਹਾਂ ਵਿਚ ਸ਼ਹਾਦਤ ਨਹੀਂ ਮਿਲਦੀ, ਜਾਂ ਅਧੂਰੀ ਮਿਲਦੀ ਹੈ। ਦੂਸਰੇ, ਹਿੰਦ ਦੀ ਰੱਖਯਾ ਦੇ ਕਾਨੂੰਨ ਅਨੁਸਾਰ ਜੱਜਾਂ ਨੂੰ ਇਹ ਇਖਤਿਆਰ ਸੀ ਕਿ ਓਹ ਇਨਕਲਾਬੀਆਂ ਦੇ ਬਿਆਨਾਂ ਦਾ ਜੋ ਹਿੱਸਾ ਚਾਹਣ ਕਲਮਬੰਦ ਕਰਨ, ਅਤੇ ਜੋ ਨਾ ਚਾਹੁਣ ਨਾ ਕਰਨ*। ਗਦਰੀ ਇਨਕਲਾਬੀ ਦਸੱਦੇ ਹਨ ਕਿ ਉਨ੍ਹਾਂ ਵਿਚੋਂ ਕਈਆਂ ਨੇ (ਸ੍ਰੀ ਕਰਤਾਰ ਸਿੰਘ 'ਸਰਾਭਾ' ਸ੍ਰੀ ਪਿਰਥੀ ਸਿੰਘ ਅਤੇ 'ਪੰਡਤ' ਜਗਤ ਰਾਮ ਆਦਿ) ਨੇ ਖੜੱਕ ਕੇ ਬਿਆਨ ਦਿਤੇ, ਪਰ ਮੁਕਦੱਮੇਂ ਦੇ ਰੀਕਾਰਡ ਵਿਚ ਉਨ੍ਹਾਂ ਦੀ ਤਫਸੀਲ ਨਹੀਂ ਮਿਲਦੀ।

**(ੳ) ਲਾਹੌਰ ਕੌਂਸਪੀਰੇਸੀ ਕੇਸ।** ਇਸ ਦਾ ਹਵਾਲਾ ਦੇਣ ਲਗਿਆਂ First Case, ਜਾਂ ਪਹਿਲਾ ਕੇਸ, ਜਾਂ ਪਹਿਲਾ ਮੁਕੱਦਮਾ, ਲਿਖ ਦਿਤਾ ਗਿਆ ਹੈ। ਇਹ ਮੁਕੱਦਮਾ, ਬਾਦਸ਼ਾਹ ਬਨਾਮ ਅਨੰਦ ਕਿਸ਼ੋਰ ਤੇ ਹੋਰਨਾਂ ਦੇ, ੨੬ ਅਪ੍ਰੈਲ ੧੯੧੫ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਸ਼ੁਰੂ ਹੋਇਆ, ਅਤੇ ੧੩ ਸਤੰਬਰ ੧੯੧੫ ਨੂੰ ਫੈਸਲਾ ਸੁਣਾਇਆ ਗਿਆ। ਇਸ ਦੀ ਸੁਣਵਾਈ ਤਿਨਾਂ ਸਪੈਸ਼ਲ ਕਮੀਸ਼ਨਰਾਂ, ਏ. ਏ. ਇਰਵੀਨ (A. A. Irvine), ਟੀ. ਪੀ. ਐਲਿਸ (T. P. Ellis) ਅਤੇ ਸ਼ਿਓ ਨਾਰਾਇਨ (Sheo Narain) ਨੇ ਕੀਤੀ, ਜਿਨ੍ਹਾਂ ਦੇ ਏ. ਏ. ਇਰਵੀਨ ਪ੍ਰਧਾਨ ਸਨ।

ਇਸ ਮੁਕੱਦਮੇਂ ਦੇ ਸ਼ੁਰੂ ਵਿਚ ੮੧ ਦੋਸ਼ੀ ਸ਼ਾਮਲ ਕੀਤੇ ਗਏ, ਪਰ ਕਈ ਫਰਾਰ ਹੋਣ ਕਰਕੇ ੬੪ ਹਾਜ਼ਰ ਸਨ। ਸਰਕਾਰ ਦੀ ਤਰਫੋਂ ਮਿਸਟਰ ਸੀ. ਬੇਵਨ ਪਿਟਮੈਂਟ ਅਤੇ ਮਿਸਟਰ ਤਾਜ਼ਦੀਨ ਕੁਰੇਸ਼ੀ ਵਕੀਲ ਸਨ, ਅਤੇ ੪੦੪ ਸਰਕਾਰੀ ਗਵਾਹ ਭੁਗਤੇ। ੬੪ ਹਾਜ਼ਰ ਦੋਸ਼ੀਆਂ ਵਿਚੋਂ ੨੪ ਨੂੰ ਮੌਤ ਦੀ ਸਜ਼ਾ ਸੁਣਾਈ ਗਈ†, ੨੭ ਨੂੰ ਉਮਰ ਕੈਦ ਕਾਲੇ ਪਾਣੀ, ਤੇ ੬ ਨੂੰ ਇਸ ਤੋਂ ਘੱਟ ਕੈਦਾਂ ਦੀਆਂ ਸਜ਼ਾਵਾਂ; ਇਕ ਵਾਇਦਾ ਮੁਆਫ ਗਵਾਹ ਬਣ ਗਿਆ, ਦੋ ਨੂੰ ਛੱਡ ਦਿਤਾ ਗਿਆ ਅਤੇ ਚਾਰ ਬਰੀ ਕੀਤੇ ਗਏ।

ਇਸ ਲਿਖਤ ਵਿਚ ਇਸ ਮੁਕੱਦਮੇਂ ਦੇ ਹਵਾਲੇ ਉਨ੍ਹਾਂ ਛਪੀਆਂ ਹੋਈਆਂ ਕਾਪੀਆਂ ਵਿਚੋਂ ਦਿਤੇ ਗਏ ਹਨ, ਜੋ ਦੋਸ਼ੀਆਂ ਨੂੰ ਦਿਤੀਆਂ ਗਈਆਂ ਅਤੇ ਜਿਨ੍ਹਾਂ ਦੀਆਂ ਕਾਪੀਆਂ ਨੈਸ਼ਨਲ ਆਰਕਾਈਵਜ਼, ਨਵੀਂ ਦਿਲੀ, ਵਿਚ ਹਨ। ਇਨ੍ਹਾਂ ਕਾਪੀਆਂ ਵਿਚ ਇਕ ਸਿਰੇ ਤੋਂ ਅਖੀਰ ਤਕ ਪੰਨਾਂ ਨੰਬਰ ਲਗਾਤਾਰ ਨਹੀਂ ਦਿਤੇ ਗਏ। ਹਰ ਇਕ ਹੈਡਿੰਗ (ਸੁਰਖੀ) ਦੇ ਵਖਰੇ ਵਖਰੇ ਪੰਨਾਂ ਨੰਬਰ ਹਨ।

**(ਅ) ਫ਼ਸਟ ਸਪਲੀਮੈਂਟਰੀ ਕੌਂਸਪੀਰੇਸੀ ਕੇਸ।**

ਇਸ ਦਾ ਹਵਾਲਾ ਦੇਣ ਲਗਿਆਂ Second Case, ਜਾਂ ਦੂਸਰਾ ਕੇਸ, ਜਾਂ ਦੂਸਰਾ ਮੁਕੱਦਮਾ, ਲਿਖ ਦਿਤਾ ਗਿਆ ਹੈ। ਇਸ ਦੀ ਸੁਣਵਾਈ ਵੀ ਲਾਹੌਰ ਸੈਂਟਰਲ ਜੇਲ੍ਹ ਵਿਚ ਕੀਤੀ ਗਈ, ਅਤੇ ਇਸ ਦੇ ਪਹਿਲੇ ਮੁਕੱਦਮੇਂ ਵਾਲੇ ਹੀ ਕਮੀਸ਼ਨਰ ਸਨ। ੨੯ ਅਕਤੂਬਰ ੧੯੧੫ ਨੂੰ ਸ਼ੁਰੂ ਹੋਇਆ ਅਤੇ ੩੦ ਮਾਰਚ ੧੯੧੬ ਨੂੰ ਫੈਸਲਾ ਸੁਣਾਇਆ ਗਿਆ। ਸ਼ੁਰੂ ਵਿਚ ੧੦੨ ਦੋਸ਼ੀ ਸ਼ਾਮਲ ਕੀਤੇ ਗਏ; ਪਰ, ਕਈ ਫਰਾਰ ਹੋਣ ਕਰਕੇ ਅਤੇ ਕਈ ਛੱਡੇ ਜਾਣ ਤੇ ਹੋਰ ਕਾਰਨਾਂ ਕਰਕੇ, ਪਿਛੋਂ ੭੪ ਰਹਿ ਗਏ। ਇਨ੍ਹਾਂ ਵਿਚੋਂ ਛੇ ਨੂੰ ਮੌਤ ਦੀ ਸਜ਼ਾ ਸੁਣਾਈ ਗਈ, ਅਤੇ ੪੫ ਨੂੰ ਉਮਰ ਕੈਦ ਕਾਲੇ ਪਾਣੀ ਦੀ।

**(ੲ) ਸੈਕੰਡ ਸਪਲੀਮੈਂਟਰੀ ਕੌਂਸਪੀਰੇਸੀ ਕੇਸ।**

ਇਸ ਦਾ ਹਵਾਲਾ ਦੇਣ ਲਗਿਆਂ Third Case, ਜਾਂ ਤੀਸਰਾ ਕੇਸ, ਜਾਂ ਤੀਸਰਾ ਮੁਕੱਦਮਾ, ਲਿਖ ਦਿਤਾ ਗਿਆ ਹੈ। ਇਸ ਦਾ ਸੁਣਵਾਈ ਲਾਹੌਰ ਵਿਚ ਟੀ. ਪੀ. ਐਲਸ, ਮੇਜਰ ਫਰਿਜ਼ਲੇ (Frizelle) ਅਤੇ ਰਾਏ ਬਹਾਦਰ ਗੋਪਾਲ ਦਾਸ ਭੰਡਾਰੀ, ਤਿਨ ਸਪੈਸ਼ਲ ਕਮਿਸ਼ਨਰਾਂ ਨੇ ੮ ਨਵੰਬਰ ੧੯੧੬ ਤੋਂ ਸ਼ੁਰੂ ਕੀਤੀ ਅਤੇ ੫ ਜਨਵਰੀ ੧੯੧੭ ਨੂੰ ਹੁਕਮ ਸੁਣਾਇਆ ਗਿਆ। ਇਸ ਵਿਚ ੧੨ ਦੋਸ਼ੀ (ਜਿਨ੍ਹਾਂ ਵਿਚ 'ਭਾਈ' ਬਲਵੰਤ ਸਿੰਘ 'ਕੈਨੇਡੀਅਨ' ਅਤੇ ਸ੍ਰੀ ਹਾਫਿਜ਼ ਅਬਦੁਲਾ ਮਨੀਲਾ ਵਾਲੇ ਸਨ) ਸ਼ਾਮਲ ਸਨ, ਜਿਨ੍ਹਾਂ ਵਿਚੋਂ ੬ ਨੂੰ ਮੌਤ ਦੀ ਸਜ਼ਾ ਅਤੇ ੫ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਦਿਤੀ ਗਈ।

**(ਸ) ਬਨਾਰਸ ਕੌਂਸਪੀਰੇਸੀ ਕੇਸ।** ਇਸ ਦਾ ਸੰਬੰਧ ਬਹੁਤਾ ਉਨ੍ਹਾਂ ਬੰਗਾਲੀ ਇਨਕਲਾਬੀਆਂ ਨਾਲ ਹੈ, ਜਿਨ੍ਹਾਂ ਨੇ ਗਦਰ ਪਾਰਟੀ ਲਹਿਰ ਵਿਚ ਹਿੱਸਾ ਲਿਆ ਅਤੇ ਜਿਨ੍ਹਾਂ ਦਾ ਕੇਂਦ੍ਰ ਬਨਾਰਸ ਸੀ। ਇਸ ਮੁਕੱਦਮੇ ਦਾ ਫੈਸਲਾ ਨਹੀਂ ਮਿਲ ਸਕਿਆ, ਪਰ ਇਸ ਨਾਲ 'ਗਦਰ ਪਾਰਟੀ ਲਹਿਰ' ਦੇ ਇਤਹਾਸ ਉਤੇ ਬਹੁਤਾ ਅਸਰ ਨਹੀਂ ਪਿਆ; ਕਿਉਂਕਿ ਇਸ ਨਾਲ ਸੰਬੰਧਤ ਗਦਰ ਪਾਰਟੀ ਲਹਿਰ ਦੇ ਪਹਿਲੂਆਂ ਦਾ ਜ਼ਿਕਰ ਪਹਿਲੇ ਮੁਕੱਦਮੇ ਵਿਚ ਦਿਤੀ ਤਫਸੀਲ ਅਤੇ ਰੋਲਟ ਰੀਪੋਟ ਵਿਚ ਦਿਤੇ ਸਮਾਚਾਰ ਵਿਚ ਕਾਫੀ ਆ ਜਾਂਦਾ ਹੈ।

**(ਹ) ਮਾਂਡਲੇ (ਬਰਮਾ) ਕੌਂਸਪੀਰੇਸੀ ਕੇਸ।** ਇਸ ਦੀ ਸੁਣਵਾਈ ਮਾਂਡਲੇ (ਬਰਮਾ) ਵਿਚ ਐਸ. ਐਮ. ਰੋਬਿਨਸਨ (ਪ੍ਰਧਾਨ), ਮੌਂਗ ਕਿਨ (Maung Kin) ਅਤੇ ਐਚ. ਈ. ਮੈਕੋਲ (H. E. Mccoll), ਸਪੈਸ਼ਲ ਕਮੀਸ਼ਨਰਾਂ ਨੇ ਕੀਤੀ। ੨੭ ਜੁਲਾਈ ੧੯੧੬ ਨੂੰ ਹੁਕਮ ਸੁਣਾਇਆ ਗਿਆ ਅਤੇ ਇਸ ਵਿਚ ੭ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਤੇ ੫ ਨੂੰ ਉਮਰ ਕੈਦ ਕਾਲੇ ਪਾਣੀ ਦੀ।

*First Case, Note of special Commissioner, T. P. Ellis, regarding the Statement of Gurmukh Singh.

†ਵਾਇਸਰਾਏ ਨੇ ਚੱਵੀਆਂ ਵਿਚੋਂ ਅਠਾਰਾਂ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿਤੀ, ਕਿਉਂਕਿ ਇਨ੍ਹਾਂ ਨੂੰ ਮੌਤ ਦੀ ਸਜ਼ਾ ਦੇਣ ਵਿਚ ਕਾਨੂੰਨੀ ਗਲਤੀ ਹੋ ਗਈ ਸੀ (Hardinge, p. 130.)



Digitized by Panjab Digital Library | www.panjabdigilib.org

(ਕ) ਸੈਂਕੰਡ ਮਾਂਡਲੇ (ਬਰਮਾ) ਕੌਂਸਪੀਰੇਸੀ ਕੇਸ। ਇਸ ਦਾ ਰੀਕਾਰਡ ਨਹੀਂ ਮਿਲ ਸਕਿਆ, ਪਰ ਇਸ ਨਾਲ ਸੰਬੰਧਤ ਵਾਕਿਆਤ ਪਹਿਲੇ ਮਾਂਡਲੇ ਕੌਂਸਪੀਰੇਸੀ ਕੇਸ ਵਾਲੇ ਹੀ ਹਨ। ਇਸ ਵਿਚ ਤਿਨ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਅਤੇ ਇਕ ਨੂੰ ਉਮਰ ਕੈਦ ਕਾਲੇ ਪਾਣੀ ਦੀ।

(ਖ) ਸੈਨਫ੍ਰਾਂਸਿਸਕੋ ਕੇਸ। (San Francisco Trial):- ਇਹ ਮੁਕੱਦਮਾਂ ੨੨ ਨਵੰਬਰ ੧੯੧੭ ਨੂੰ ਸੈਨਫ੍ਰਾਂਸਿਸਕੋ (In the Southern Division of the U. S. District Court for the Northern District of California, First Division) ਵਿਚ ਸ਼ੁਰੂ ਹੋਇਆ, ਅਤੇ ਪਹਿਲੀ ਮਈ ੧੯੧੮ ਨੂੰ ਇਸ ਦਾ ਫੈਸਲਾ ਸੁਣਾਇਆ ਗਿਆ। ਇਸ ਵਿਚ ਕਈ ਜਰਮਨਾਂ ਅਤੇ ੧੫ ਹਿੰਦੁਸਤਾਨੀਆਂ (ਜਿਨ੍ਹਾਂ ਵਿਚ 'ਭਾਈ' ਸੰਤੋਖ ਸਿੰਘ, 'ਭਾਈ' ਭਗਵਾਨ ਸਿੰਘ ਅਤੇ ਸ੍ਰੀ ਤਾਰਕਾ ਨਾਥ ਦਾਸ ਸ਼ਾਮਲ ਸਨ) ਨੂੰ ਸਜ਼ਾਵਾਂ ਦਿੱਤੀਆ ਗਈਆਂ।

(ਗ) ਸ਼ਿਕਾਗੋ ਕੇਸ (The Chicago Trial)। ਇਸ ਦਾ ਫੈਸਲੇ ਵੇਖਣ ਦਾ ਅਵਸਰ ਨਹੀਂ. ਬਣ ਸਕਿਆ। ਇਸ ਦਾ ਸੰਬੰਧ 'ਮੈਵਰਿਕ' ਅਤੇ ਐਨੀ ਲਾਰਸਿਨ', ਹਿੰਦ ਨੂੰ ਭੇਜੇ ਜਾਣ ਵਾਲੇ ਹੱਥਿਆਰ ਲਿਜਾਣ ਵਾਲੇ ਜਹਾਜ਼ਾਂ, ਨਾਲ ਸੀ; ਅਤੇ ਇਸ ਵਿਚ ਤਿੰਨ ਜਰਮਨਾਂ ਜਾਂ ਜਰਮਨ ਅਮਰੀਕਨਾਂ ਅਤੇ ਸ੍ਰੀ ਹਰੰਭਾ ਲਾਲ ਗੁਪਤਾ ਨੂੰ ਸਜ਼ਾ ਹੋਈ।

(ਘ) ਮੰਡੀ ਕੌਂਸਪੀਰੇਸੀ ਕੇਸ। ਇਸ ਮੁਕੱਦਮੇਂ ਨਾਲ ਸੰਬੰਧਤ ਗਦਰ ਪਾਰਟੀ ਲਹਿਰ ਦੇ ਭਾਗ ਦਾ ਤੀਸਰੇ ਮੁਕੱਦਮੇਂ ਵਿਚ ਜ਼ਿਕਰ ਆ ਜਾਂਦਾ ਹੈ। ਇਸ ਦੀ ਸੁਣਾਈ ਟੀ. ਪੀ. ਐਲਿਸ ਸਪੈਸ਼ਲ ਕਮੀਸ਼ਨਰ ਨੇ ਕੀਤੀ।

(ਙ) ਫੁਟਕਲ ਮੁਕੱਦਮੇਂ। ਫੀਰੋਜ਼ ਸ਼ਹਿਰ ਵਿਚ ਹੋਈ ਘਟਨਾ ਬਾਰੇ ਫੀਰੋਜ਼ਪੁਰ ਦੇ ਸੈਸ਼ਨ ਜੱਜ ਦੀ ਕਚੈਹਰੀ ਵਿਚ ਮੁਕੱਦਮਾ ਚੱਲਿਆ। ਤੀਸਰੇ ਸਪਲੀਮੈਂਟਰੀ ਕੌਂਸਪੀਰੇਸੀ ਕੇਸ ਵਿਚ ਡਾਕਟਰ ਮਥਰਾ ਸਿੰਘ ਨੂੰ ਮੌਤ ਦੀ ਸਜ਼ਾ ਦਿੱਤੀ ਗਈ, ਅਤੇ ਚੌਥੇ ਵਿਚ ਸ੍ਰੀ ਜਵੰਦ ਸਿੰਘ ਨੂੰ। ਵੱਲਾ ਰੇਲ ਦੇ ਪੁਲ ਦੇ ਹਾਦਸੇ ਤੇ ਅਨਾਰਕਲੀ ਦੀ ਘਟਨਾ, ਅਤੇ ਪਧਰੀ, ਜਗਤ ਪੁਰ ਅਤੇ ਨੰਗਲ ਕਲਾਂ ਦੇ ਕਤਲਾਂ ਬਾਰੇ ਵਖਰੇ ਮੁਕੱਦਮੇਂ ਚੱਲੇ। ਲਾਹੌਰ ਸਿਟੀ ਕੌਂਸਪੀਰੇਸੀ ਕੇਸ ਵਿਚ ਦੋਸ਼ੀਆਂ ਨੂੰ ਇਸ ਕਰਕੇ ਸਜ਼ਾ ਦਿੱਤੀ ਗਈ ਕਿ ਓਹ ਗਦਰ ਦੀ ਗੂੰਜ ਵਿਚੋਂ ਕਵਿਤਾਵਾਂ ਅਕੱਠੇ ਹੋਕੇ ਪੜ੍ਹਿਆ ਕਰਦੇ ਸਨ, ਅਤੇ ਉਨ੍ਹਾਂ ਪਾਸੋਂ ਗਦਰੀ ਸਾਹਿਤ ਅਤੇ ਇਕ ਰੀਵਾਲਵਰ ਫੜ੍ਹਿਆ ਗਿਆ। ਇਕੜ ਦੁਕੜ ਹੋਈਆਂ ਘਟਨਾਵਾਂ ਅਤੇ ਹੋਏ ਮੁਕੱਦਮੇਂ ਇਤਨੇ ਹਨ ਕਿ ਇਨ੍ਹਾਂ ਸਾਰਿਆਂ ਬਾਰੇ ਲਿਸਟ ਬਨਾਉਣੀ ਮੁਸ਼ਕਲ ਹੈ।

(ਚ) ਕੋਰਟ ਮਾਰਸ਼ਲ। ਗਦਰ ਪਾਰਟੀ ਲਹਿਰ ਵਿਚ ਹਿੱਸਾ ਲੈਣ ਬਦਲੇ ਕਈ ਫੌਜੀਆਂ ਦਾ ਕੋਟ ਮਾਰਸ਼ਲ ਕਰਕੇ ਸਜ਼ਾਵਾਂ ਦਿੱਤੀਆਂ ਗਈਆਂ। ਇਨ੍ਹਾਂ ਵਿਚੋਂ ਕੇਵਲ ਤੇਈਵੇਂ ਰਸਾਲੇ ਦੇ ਫੌਜੀਆਂ ਦੇ ਨਾਵਾਂ ਦਾ ਪਤਾ ਲੱਗ ਸੱਕਿਆ ਹੈ। ਇਹ ਵੀ ਪਤਾ ਨਹੀਂ ਕਿ ਸਾਰੇ ਕਿਤਨੇ ਕੋਟ ਮਾਰਸ਼ਲ ਹੋਏ।

## ਅੰਤਕਾ ਨੰਬਰ ੩

# ਸਜ਼ਾਵਾਂ

### (ੳ) ਲਾਹੌਰ ਕੌਂਸਪੀਰੇਸੀ ਕੇਸ।

ਇਨ੍ਹਾਂ ਇਨਕਲਾਬੀਆਂ ਨੂੰ ਮੌਤ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿੱਤੀ ਗਈ, ਅਤੇ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ :-

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ |
|---|---|---|---|
| ੧. ਸ੍ਰੀ ਬਖਸ਼ੀਸ਼ ਸਿੰਘ | ਸ੍ਰੀ ਸੰਤਾ ਸਿੰਘ | ਗਿਲਵਾਲੀ | ਅੰਮ੍ਰਿਤਸਰ |
| ੨. ਸ੍ਰੀ ਹਰਨਾਮ ਸਿੰਘ | ,, ਗੁੜਾ | ਭੱਟੀ ਗੁਰਾਯਾ | ਸਿਆਲ ਕੋਟ |
| ੩. ਸ੍ਰੀ ਜਗਤ ਸਿੰਘ. | ,, ਅਰੂੜ ਸਿੰਘ | ਸੁਰਸਿੰਗ | ਲਾਹੌਰ |
| ੪. ਸ੍ਰੀ ਕਰਤਾਰ ਸਿੰਘ | ,, ਮੰਗਲ ਸਿੰਘ | ਸਰਾਭਾ | ਲੁਧਿਹਾਣਾ |
| ੫. ਸ੍ਰੀ ਵਿਸ਼ਨੂੰ ਗਨੇਸ਼ ਪਿੰਗਲੇ | ,, ਗਨੇਸ਼ ਪਿੰਗਲੇ | ਟਲੇਗੁਆਨ ਧਮਧੇਰਾ | ਪੂਨਾ |
| ੬. ਸ੍ਰੀ ਸੁਰੈਣ ਸਿੰਘ | ,, ਬੂੜ ਸਿੰਘ | ਗਿਲਵਾਲੀ | ਅੰਮ੍ਰਿਤਸਰ |
| ੭. ,, ਸੁਰੈਣ ਸਿੰਘ | ,, ਈਸ਼ਰ ਸਿੰਘ | ਗਿਲਵਾਲੀ | ,, |

ਇਨ੍ਹਾਂ ਇਨਕਲਾਬੀਆਂ ਨੂੰ ਮੌਤ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ, ਪਰ ਵਾਇਸਰਾਏ ਨੇ ਮੌਤ ਦੀ ਸਜ਼ਾ ਬਦਲਕੇ ਉਮਰ ਕੈਦ ਕਾਲੇ ਪਾਣੀ ਕਰ ਦਿੱਤੀ :-

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ |
|---|---|---|---|
| ੧. ਸ੍ਰੀ ਬਲਵੰਤ ਸਿੰਘ | ਸ੍ਰੀ ਮੀਰ ਸਿੰਘ | ਸਠਿਆਲਾ | ਅੰਮ੍ਰਿਤਸਰ |
| ੨. ਸ੍ਰੀ ਹਰਨਾਮ ਸਿੰਘ | ,, ਗੁਰਦਿਤ ਸਿੰਘ | ਕੋਟਲਾ | ਹੁਸ਼ਿਆਰਪੁਰ |
| ੩. ਸ੍ਰੀ ਹਿਰਦੇ ਰਾਮ | ,, ਗਜਨ ਸਿੰਘ | ਮੰਡੀ ਰਿਆਸਤ | ਮੰਡੀ ਰਿਆਸਤ |
| ੪. ਸ੍ਰੀ ਜਗਤ ਰਾਮ | ,, ਦਿਤੂ ਮੱਲ | ਹਰਿਆਨਾ | ਹੁਸ਼ਿਆਰਪੁਰ |
| ੫. ਸ੍ਰੀ ਕਾਲਾ ਸਿੰਘ | ,, ਗੁਲਾਬ ਸਿੰਘ | ਅੰਮ੍ਰਿਤਸਰ | ਅੰਮ੍ਰਿਤਸਰ |
| ੬. ਸ੍ਰੀ ਕੇਸਰ ਸਿੰਘ | ,, ਭੂਪ ਸਿੰਘ | ਠਠਗੜ੍ਹ | ,, |
| ੭. ਸ੍ਰੀ ਖੁਸ਼ਾਲ ਸਿੰਘ | ,, ਸੁਚੇਤ ਸਿੰਘ | ਪਧਰੀ | ,, |
| ੮. ਸ੍ਰੀ ਨੰਦ ਸਿੰਘ | ,, ਰਾਮ ਸਿੰਘ | ਕੈਲਾ | ਲੁਧਿਹਾਣਾ |
| ੯. ਸ੍ਰੀ ਨਿਧਾਨ ਸਿੰਘ | ,, ਸੁੰਦਰ ਸਿੰਘ | ਚੁਘਾ | ਫੀਰੋਜ਼ਪੁਰ |
| ੧੦. 'ਭਾਈ' ਪਰਮਾ ਨੰਦ | ,, ਤਾਰਾ ਚੰਦ | ਕਰਯਾਲਾ | ਜੇਹਲਮ |
| ੧੧. ਸ੍ਰੀ ਪਰਮਾ ਨੰਦ | ,, ਗਿਆ ਪ੍ਰਸ਼ਾਦ | ਸੁਕਰਾਦਾ ਖਰਕਾ | ਹਮੀਰਪੁਰ (ਯੂ. ਪੀ.) |

Digitized by Panjab Digital Library | www.panjabdigilib.org

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ |
|---|---|---|---|
| ੧੨. ਸ੍ਰੀ ਪਿਰਥੀ ਸਿੰਘ | ਸ੍ਰੀ ਸ਼ਾਦੀ ਰਾਮ | ਸਾਭੂ | ਪਟਿਆਲਾ ਰਿਆਸਤ |
| ੧੩. ,, ਰਾਮ ਸਰਨ ਦਾਸ | ,, ਸੰਤ ਰਾਮ | ਕਪੂਰਥਲਾ | ਕਪੂਰਥਲਾ ਰਿਆਸਤ |
| ੧੪. ,, ਰੁਲੀਆ ਸਿੰਘ | ,, ਜਗਤ ਸਿੰਘ | ਸਰਾਭਾ | ਲੁਧਿਹਾਣਾ |
| ੧੫. ,, ਸਾਵਨ ਸਿੰਘ | ,, ਖੁਸ਼ਾਲ ਸਿੰਘ | ਚੱਬਾ | ਅੰਮ੍ਰਿਤਸਰ |
| ੧੬. ,, ਸੋਹਨ ਸਿੰਘ | ,, ਕਰਮ ਸਿੰਘ | ਭਕਨਾ | ਅੰਮ੍ਰਿਤਸਰ |
| ੧੭. ,, ਵਸਾਵਾ ਸਿੰਘ | ,, ਮੀਹਾਂ ਸਿੰਘ | ਗਿਲਵਾਲੀ | ਅੰਮ੍ਰਿਤਸਰ |

ਇਨ੍ਹਾਂ ਇਨਕਲਾਬੀਆਂ ਨੂੰ ਉਮਰ ਕੈਦ, ਕਾਲੇ ਪਾਣੀ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ :-

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ |
|---|---|---|---|
| ੧. ਸ੍ਰੀ ਭਾਨ ਸਿੰਘ | ਸ੍ਰੀ ਸਾਵਨ ਸਿੰਘ | ਸੁਨੇਤ | ਲੁਧਿਹਾਣਾ |
| ੨. ,, ਬਿਸ਼ਨ ਸਿੰਘ | ,, ਜਵਾਲਾ ਸਿੰਘ | ਦਦੇਹਰ | ਅੰਮ੍ਰਿਤਸਰ |
| ੩. ,, ,, ,, | ,, ਕੇਸਰ ਸਿੰਘ | ਦਦੇਹਰ | ਅੰਮ੍ਰਿਤਸਰ |
| ੪. ,, ਚੂਹੜ ਸਿੰਘ | ,, ਬੂਟਾ ਸਿੰਘ | ਲੀਲਾਂ | ਲੁਧਿਹਾਣਾ |
| ੫. ਸ੍ਰੀ ਗੁਰਮੁਖ ਸਿੰਘ | ਸ੍ਰੀ ਹੋਸ਼ਨਾਕ ਸਿੰਘ | ਲਲਤੋਂ | ਲੁਧਿਹਾਣਾ |
| ੬. ,, ਗੁਰਦਿੱਤ ਸਿੰਘ | ,, ਗੁਰਮੁਖ ਸਿੰਘ | ਸੁਰਸਿੰਗ | ਲਾਹੌਰ |
| ੭. ,, ਹਜ਼ਾਰਾ ਸਿੰਘ | ,, ਬੇਲਾ ਸਿੰਘ | ਦਦੇਹਰ | ਅੰਮ੍ਰਿਤਸਰ |
| ੮. ,, ਇੰਦਰ ਸਿੰਘ | ,, ਆਲਾ ਸਿੰਘ | ਮਾਲਾ | ਲੁਧਿਹਾਣਾ |
| ੯. ,, ,, ,, | ,, ਗੰਡਾ ਸਿੰਘ | ਭਸੀਨ | ਲਾਹੌਰ |
| ੧੦. ,, ,, ,, | ,, ਮੂਲਾ ਸਿੰਘ | ਸੁਰਸਿੰਗ | ਲਾਹੌਰ |
| ੧੧. ,, ਜਵੰਦ ਸਿੰਘ | ,, ਉੱਤਮ ਸਿੰਘ | ,, | ਲਾਹੌਰ |
| ੧੨. ,, ਜਵਾਲਾ ਸਿੰਘ | ,, ਘਨੱਈਯਾ ਸਿੰਘ | ਠੱਟੀਆਂ | ਅੰਮ੍ਰਿਤਸਰ |
| ੧੩. ,, ਕਾਲਾ ਸਿੰਘ | ,, ਘਸੀਟਾ ਸਿੰਘ | ਸੁਰਸਿੰਗ | ਲਾਹੌਰ |
| ੧੪. ,, ਕੇਹਰ ਸਿੰਘ | ,, ਨਿਹਾਲ ਸਿੰਘ | ਮਰਹਾਣਾ | ਅੰਮ੍ਰਿਤਸਰ |
| ੧੫. ,, ਖੜਕ ਸਿੰਘ | ,, ਗੰਡਾ ਸਿੰਘ | ਭੂਪਾ ਰਾਏ | ਲੁਧਿਹਾਣਾ |
| ੧੬. ,, ਕਿਰਪਾਲ ਸਿੰਘ | ,, ਨਰੈਣ ਸਿੰਘ | ,, | ,, |
| ੧੭. ,, ਲਾਲ ਸਿੰਘ | ,, ਮੀਹਾਂ ਸਿੰਘ | ਭੂਰੇ | ਅੰਮ੍ਰਿਤਸਰ |
| ੧੮. ਸ੍ਰੀ ਮਦਨ ਸਿੰਘ | ਸ੍ਰੀ ਮਲ ਸਿੰਘ | ਗਾਗਾ | ਲਾਹੌਰ |
| ੧੯. ,, ਮੰਗਲ ਸਿੰਘ | ,, ਸਰਮੁਖ ਸਿੰਘ | ਲਾਲਪੁਰ | ਅੰਮ੍ਰਿਤਸਰ |
| ੨੦. ,, ਪਿਆਰਾ ਸਿੰਘ | ,, ਲੱਖਾ ਸਿੰਘ | ਲੰਗੇਰੀ | ਹੁਸ਼ਿਆਰਪੁਰ |
| ੨੧. ,, ਪੂਰਨ ਸਿੰਘ | ,, ਹੁਸ਼ਿਆਰ ਸਿੰਘ | ਈਸਾਵਾਲ | ਲੁਧਿਹਾਣਾ |
| ੨੨. ,, ਰੋਡਾ ਸਿੰਘ | ,, ਵਸਾਵਾ ਸਿੰਘ | ਰੋਡਾ | ਫੀਰੋਜ਼ਪੁਰ |
| ੨੩. ,, ਸ਼ਿਵ ਸਿੰਘ | ,, ਮੁਨਸ਼ੀ | ਕੋਟਲਾ | ਹੁਸ਼ਿਆਰਪੁਰ |
| ੨੪. ,, ਸ਼ੇਰ ਸਿੰਘ | ,, ਕੇਸਰ ਸਿੰਘ | ਵੇਂਈਂਪੁਈਂ | ਅੰਮ੍ਰਿਤਸਰ |
| ੨੫. ,, ਊਧਮ ਸਿੰਘ | ,, ਮੇਵਾ ਸਿੰਘ | ਕਸੇਲ | ,, |
| ੨੬. 'ਸੰਤ' ਵਸਾਖਾ ਸਿੰਘ | ,, ਦਯਾਲ ਸਿੰਘ | ਦਦੇਹਰ | ,, |
| ੨੭. ਸ੍ਰੀ ਰੂੜ ਸਿੰਘ | ,, ਅਤਰ ਸਿੰਘ | ਚੂਹੜ ਚੱਕ | ਫੀਰੋਜ਼ਪੁਰ |

ਇਨ੍ਹਾਂ ਇਨਕਲਾਬੀਆਂ ਨੂੰ ਉਮਰ ਕੈਦ ਤੋਂ ਘੱਟ ਸਜ਼ਾਵਾਂ ਸੁਣਾਈਆਂ ਗਈਆਂ:-

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ | ਸਜ਼ਾ |
|---|---|---|---|---|
| ੧. ਸ੍ਰੀ ਬਾਜ ਸਿੰਘ | ਸ੍ਰੀ ਚਤਰ ਸਿੰਘ | ਰੱਯਾ | ਅੰਮ੍ਰਿਤਸਰ | ਦੋ ਸਾਲ ਸਖਤ ਕੈਦ ਤੇ ਜਾਇਦਾਦ ਜ਼ਬਤ |
| ੨. ,, ਦਲੀਪ ਸਿੰਘ | ,, ਕੇਸਰ ਸਿੰਘ | ਘਨੋਰੀ | ਪਟਿਆਲਾ ਰਿਆਸਤ | ਸਤ ਸਾਲ ਸਖਤ ਕੈਦ |
| ੩. ,, ਦੇਵਾ ਸਿੰਘ | ,, ਸਾਹਿਬ ਸਿੰਘ | ਨੰਦਪੁਰ | ਲੁਧਿਹਾਣਾ | ਚਾਰ ਸਾਲ ਸਖਤ ਕੈਦ |
| ੪. ,, ਹਰੀ ਸਿੰਘ | ,, ਗੁਰਮੁਖ ਸਿੰਘ | ਨਥਾਨਾ | ਫੀਰੋਜ਼ਪੁਰ | ਦਸ ਸਾਲ ਸਖਤ ਕੈ |
| ੫. ਸ੍ਰੀ ਜਮਨਾ ਦਾਸ | ਸ੍ਰੀ ਹਰੀ ਰਾਮ | ਬੜਾ ਗਾਓਂ | ਯੂ. ਪੀ. | ਤਿੰਨ ਸਾਲ ਸਖਤ ਕੈ |
| ੬. ਸ੍ਰੀ ਕਿਸ਼ਨ ਦਾਸ | ਸ੍ਰੀ ਖਜ਼ਾਨ ਸਿੰਘ | ਬਾਬਰ ਪੁਰ | ਲੁਧਿਹਾਣਾ | ਫੈਸਲਾ ਹੋਣ ਤਕ [illegible] ਸਮਾਂ ਬੀਤਿਆ ਉ[illegible] ਤਕ |



Digitized by Panjab Digital Library | www.panjabdigilib.org

## (ਅ) ਲਾਹੌਰ ਦੂਸਟ ਸਪਲੀਮੈਂਟਰੀ ਕੌਂਸਪੀਰੇਸੀ ਕੇਸ।

ਇਨ੍ਹਾਂ ਇਨਕਲਾਬੀਆਂ ਨੂੰ ਮੌਤ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿਤੀ ਗਈ, ਅਤੇ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ:–

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ |
|---|---|---|---|
| ੧. ਸ੍ਰੀ ਬੀਰ ਸਿੰਘ | ਸ੍ਰੀ ਬੂਟਾ ਸਿੰਘ | ਬਾਹੂ ਵਾਲ | ਹੁਸ਼ਿਆਰਪੁਰ |
| ੨. ,, ਈਸ਼ਰ ਸਿੰਘ | ,, ਸਜਣ ਸਿੰਘ | ਢੁਡੀਕੇ | ਫੀਰੋਜ਼ਪੁਰ |
| ੩. ,, ਰੰਗਾ ਸਿੰਘ ਉਰਫ ਰੋੜਾ ਸਿੰਘ | ,, ਗੁਰਦਿਤ ਸਿੰਘ | ਖੁਰਦਪੁਰ | ਜਲੰਧਰ |
| ੪. ,, ਰੂੜ ਸਿੰਘ | ,, ਸਮੁੰਦ ਸਿੰਘ | ਤਲਵੰਡੀ ਦੁਸਾਂਜ | ਫੀਰੋਜ਼ਪੁਰ |
| ੫. ,, ਉਤਮ ਸਿੰਘ | ,, ਜੀਤਾ ਸਿੰਘ | ਹਾਨਸ | ਲੁਧਿਹਾਣਾ |

ਸ੍ਰੀ ਹੀਰਾ ਸਿੰਘ, ਸਪੁਤ੍ਰ ਸ੍ਰੀ ਮੰਨਾ ਸਿੰਘ, ਪਿੰਡ ਚਰੜ, ਜ਼ਿਲਾ ਲਾਹੌਰ, ਨੂੰ ਮੌਤ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ, ਪਰ ਪਿਛੋਂ ਮੌਤ ਦੀ ਸਜ਼ਾ ਉਮਰ ਕੈਦ ਕਾਲੇ ਪਾਣੀ ਵਿਚ ਬਦਲ ਦਿਤੀ ਗਈ।

ਇਨ੍ਹਾਂ ਇਨਕਲਾਬੀਆਂ ਨੂੰ ਉਮਰ ਕੈਦ ਕਾਲੇ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ:–

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ |
|---|---|---|---|
| ੧. ਸ੍ਰੀ ਅਰਜਨ ਸਿੰਘ | ਸ੍ਰੀ ਲਾਲ ਸਿੰਘ | ਜਗਰਾਓਂ | ਲੁਧਿਹਾਣਾ |
| ੨. ,, ਅਤਰ ਸਿੰਘ | ,, ਹੀਰਾ ਨੰਦ | ਧੀਕਮਪੁਰ | ਜੇਹਲਮ |
| ੩. ,, ਬੋਘ ਸਿੰਘ | ,, ਨੱਥਾ ਸਿੰਘ | ਝਾੜ ਸਾਹਿਬ | ਅੰਮ੍ਰਿਤਸਰ |
| ੪. ,, ਬਿਸ਼ਨ ਸਿੰਘ | ,, ਵਸਾਖਾ ਸਿੰਘ | ਵਿਰਪਾਲ | ਅੰਮ੍ਰਿਤਸਰ |
| ੫. ,, ਬੁਢਾ ਸਿੰਘ | ,, ਈਸ਼ਰ ਸਿੰਘ | ਸੁਰਸਿੰਗ | ਲਾਹੌਰ |
| ੬. ,, ਦਲੀਪ ਸਿੰਘ | ,, ਹਮੀਰ ਸਿੰਘ | ਫੂਲੇਵਾਲ | ਲੁਧਿਹਾਣਾ |
| ੭. ,, ਰੰਡਾ ਸਿੰਘ | ,, ਬਹਾਦਰ ਸਿੰਘ | ਖਾਪੜ ਖੇੜੀ | ਅੰਮ੍ਰਿਤਸਰ |
| ੮. ,, ,, ,, | ,, ਜਵਾਲਾ ਸਿੰਘ | ਸੁਰਸਿੰਗ | ਲਾਹੌਰ |
| ੯. ,, ਗੁਜਰ ਸਿੰਘ | ,, ਸ਼ਾਮ ਸਿੰਘ | ਭਕਨਾ | ਅੰਮ੍ਰਿਤਸਰ |
| ੧੦. ,, ਹਰਭਜਨ ਸਿੰਘ | ,, ਫਤਹ ਸਿੰਘ | ਛੱਜੀਆਂ ਵਾਲਾ ਜਾਂ ਚਮਿੰਡਾ | ਲੁਧਿਹਾਣਾ |
| ੧੧. ,, ਹਰੀ ਸਿੰਘ | ,, ਅਮਰ ਸਿੰਘ | ਕੱਕੜ | ਅੰਮ੍ਰਿਤਸਰ |
| ੧੨. ,, ਹਰਨਾਮ ਸਿੰਘ | ,, ਨਰੈਣ ਸਿੰਘ | ਗੁਜਰਵਾਲ | ਲੁਧਿਹਾਣਾ |
| ੧੩. ਸ੍ਰੀ ਹਰਨਾਮ ਸਿੰਘ | ਸ੍ਰੀ ਭੂਪ ਸਿੰਘ | ਰਸੂਲਪੁਰ | ਅੰਮ੍ਰਿਤਸਰ |
| ੧੪. ,, ,, | ,, ਸੁੰਦਰ ਸਿੰਘ | ਕਾਲਾ ਸੰਘਿਆਂ | ਕਪੂਰਥਲਾ ਰਿਆਸਤ |
| ੧੫. ,, ਇੰਦਰ ਸਿੰਘ | ,, ਭਮਣ ਸਿੰਘ | ਸ਼ੇਖ ਦੌਲਤ | ਲੁਧਿਹਾਣਾ |
| ੧੬. ,, ਜਗਤ ਸਿੰਘ | ,, ਦੇਵਾ ਸਿੰਘ | ਗੁਜਰਵਾਲ | ,, |
| ੧੭. ,, ਜਿੰਦਰ ਸਿੰਘ | ,, ਮੰਗਲ ਸਿੰਘ | ਚੌਧਰੀ ਵਾਲਾ | ਅੰਮ੍ਰਿਤਸਰ |
| ੧੮. ,, ਕਰਮ ਸਿੰਘ | ,, ਸੁੰਦਰ ਸਿੰਘ | ਕੋਟਲਾ ਅਜਨੇਰ | ਲੁਧਿਹਾਣਾ |
| ੧੯. ,, ਕਰਤਾਰ ਸਿੰਘ | ,, ਬਿਸ਼ਨ ਸਿੰਘ | ਪਟਿਆਲਾ | ਪਟਿਆਲਾ ਰਿਆਸਤ |
| ੨੦. ,, ਕੇਸਰ ਸਿੰਘ | ,, ਮੰਗਲ ਸਿੰਘ | ਸੁਰਸਿੰਗ | ਲਾਹੌਰ |
| ੨੧. ,, ਕਿਰਪਾ ਸਿੰਘ | ,, ਜਵਾਹਰ ਸਿੰਘ | ਟੌਂਗ ਮਾਜਰੀ | ਹੁਸ਼ਿਆਰਪੁਰ |
| ੨੨. ,, ਲਾਭ ਸਿੰਘ | ,, ਰਾਮ ਸਿੰਘ | ਚੱਕ ਵਾਲੀਆਂ | ਲਾਹੌਰ |
| ੨੩. ,, ,, | ,, ਬੂੜ ਸਿੰਘ | ਵਲਟੋਹਾ | ਲਾਹੌਰ |
| ੨੪. ,, ਲਾਲ ਸਿੰਘ | ,, ਉਧੋ ਸਿੰਘ | ਨਾਰੰਗਵਾਲ | ਲੁਧਿਹਾਣਾ |
| ੨੫. ,, ਮਹਾਰਾਜ ਸਿੰਘ | ,, ਨਿਹਾਲ ਸਿੰਘ | ਕਸੇਲ | ਅੰਮ੍ਰਿਤਸਰ |
| ੨੬. ,, ਮਹਿੰਦਰ ਸਿੰਘ | ,, ਨਰੈਣ ਸਿੰਘ | ਮਾਜਰੀ | ਲੁਧਿਹਾਣਾ |
| ੨੭. ਸ੍ਰੀ ਮੰਗਲ ਸਿੰਘ | ਸ੍ਰੀ ਮੂਲ ਸਿੰਘ | ਵਲਟੋਹਾ | ਲਾਹੌਰ |
| ੨੮. ,, ਮਸਤਾਨ ਸਿੰਘ | ,, ਮਹਿਤਾਬ ਸਿੰਘ | ਨਾਰੰਗਵਾਲ | ਲੁਧਿਹਾਣਾ |
| ੨੯. ,, ਨਾਹਰ ਸਿੰਘ | ,, ਠਾਕਰ ਸਿੰਘ | ਗੁਜਰਵਾਲ | ਲੁਧਿਹਾਣਾ |
| ੩੦. ,, ਨੱਥਾ ਸਿੰਘ | ,, ਮੰਗਲ ਸਿੰਘ | ਧੁਨ | ਲਾਹੌਰ |
| ੩੧. ,, ਪਾਖਰ ਸਿੰਘ | ,, ਭਾਨ ਸਿੰਘ | ਢੁਡੀਕੇ | ਫੀਰੋਜ਼ਪੁਰ |
| ੩੨. ,, ਪਾਲਾ ਸਿੰਘ | ,, ਬਗਾ ਸਿੰਘ | ,, | ਫੀਰੋਜ਼ਪੁਰ |
| ੩੩. ,, ਰਾਮ ਸਿੰਘ | ,, ਸਾਹਿਬ ਸਿੰਘ | ਫੂਲੇਵਾਲ | ਲੁਧਿਹਾਣਾ |
| ੩੪. 'ਸੰਤ' ਰੰਧੀਰ ਸਿੰਘ | ,, ਨੱਥਾ ਸਿੰਘ | ਨਾਰੰਗਵਾਲ | ਲੁਧਿਹਾਣਾ |
| ੩੫. ਸ੍ਰੀ ਸੱਜਣ ਸਿੰਘ | ,, ਮੋਹਨ ਸਿੰਘ | ,, | ਲੁਧਿਹਾਣਾ |
| ੩੬. ,, ਸੰਤਾ ਸਿੰਘ | ,, ਚੂਹੜ ਸਿੰਘ | ਨੰਦਪੁਰ ਕਲੌਰ | ਪਟਿਆਲਾ ਰਿਆਸਤ |
| ੩੭. ,, ਸੁਚਾ ਸਿੰਘ | ,, ਗੁਰਦਿੱਤ ਸਿੰਘ | ਚੋਲਾ ਕਲਾਂ | ਅੰਮ੍ਰਿਤਸਰ |
| ੩੮. ,, ਸੁਲਤਾਨ ਸ਼ਾਹ | ,, ਮਾਘੀ ਸ਼ਾਹ | ਭਿੱਖੀਵਿੰਡ | ਲਾਹੌਰ |
| ੩੯. ,, ਸੁੰਦਰ ਸਿੰਘ | ,, ਰਤਨ ਸਿੰਘ | ਦੌਲੂ ਨੰਗਲ | ਅੰਮ੍ਰਿਤਸਰ |
| ੪੦. ,, ਸੁਜਾ ਸਿੰਘ | ,, ਖੁਸ਼ਾਲ ਸਿੰਘ | ਵਲਟੋਹਾ | ਲਾਹੌਰ |

Digitized by Panjab Digital Library | www.panjabdigilib.org

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ |
| --- | --- | --- | --- |
| ੪੧. ਸ੍ਰੀ ਸੁਰਜਨ ਸਿੰਘ | ਸ੍ਰੀ ਮਹਾਂ ਸਿੰਘ | ਗੁਜਰਵਾਲ | ਲੁਧਿਹਾਣਾ |
| ੪੨. ,, ਤੇਜਾ ਸਿੰਘ | ,, ਦਯਾਲ ਸਿੰਘ | ਭਿਖੀਵਿੰਡ | ਲਾਹੌਰ |
| ੪੩. ,, ਠਾਕਰ ਸਿੰਘ | ,, ਸੂਬਾ ਸਿੰਘ | ਠਟੀਆਂ | ਅੰਮ੍ਰਿਤਸਰ |
| ੪੪. ,, ਊਧਮ ਸਿੰਘ | ,, ਜੀਵਨ ਸਿੰਘ | ਲਾਡੂਪੁਰਾ | ਗੁਰਦਾਸਪੁਰ |
| ੪੫. ,, ਵਸਾਖਾ ਸਿੰਘ | ,, ਈਸ਼ਰ ਸਿੰਘ | ਦਦੇਹਰ | ਅੰਮ੍ਰਿਤਸਰ |

ਇਨ੍ਹਾਂ ਬਿਨਕਲਾਬੀਆਂ ਨੂੰ ਉਮਰ ਕੈਦ ਤੋਂ ਘੱਟ ਸਜ਼ਾਵਾਂ ਸੁਣਾਈਆਂ ਗਈਆਂ:–

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ | ਸਜ਼ਾ |
| --- | --- | --- | --- | --- |
| ੧. ਸ੍ਰੀ ਜੰਮੂ | ਸ੍ਰੀ ਵਸਾਊ | ਵਲਟੋਹਾ | ਲਾਹੌਰ | ੬ ਮਹੀਨੇ ਸਖਤ ਕੈਦ |
| ੨. ,, ਜੱਸਾ ਸਿੰਘ | ,, ਨੱਥਾ ਸਿੰਘ | ਝਾੜ ਸਾਹਿਬ | ਅੰਮ੍ਰਿਤਸਰ | ,, |
| ੩. ,, ਕਾਹਨ ਸਿੰਘ | ,, ਸਰੂਪ ਸਿੰਘ | ਹਸਨਪੁਰ | ਲੁਧਿਹਾਣਾ | ੪ ਸਾਲ ਸਖਤ ਕੈਦ |
| ੪. ,, ਮਹਿੰਦਰ ਸਿੰਘ | ,, ਨੰਦ ਸਿੰਘ | ਢੁਡੀਕੇ | ਫੀਰੋਜ਼ਪੁਰ | ੩ ਸਾਲ ਸਖਤ ਕੈਦ |
| ੫. ,, ਪਾਲਾ ਸਿੰਘ | ,, ਕਾਲਾ ਸਿੰਘ | ,, | ,, | ,, |
| ੬. ,, ਫੇਰਾ ਸਿੰਘ | ,, ਲਹਿਣਾ ਸਿੰਘ | ਕੋਟ ਝੰਡਾ ਸਿੰਘ | ਸਿਆਲਕੋਟ | ੨ ਸਾਲ ਸਖਤ ਕੈਦ |
| ੭. ,, ਸ਼ਾਮ ਸਿੰਘ | ,, ਭੋਲਾ ਸਿੰਘ | ਢੁਡੀਕੇ | ਫੀਰੋਜ਼ ਪੁਰ | ੩ ਸਾਲ ਸਖਤ ਕੈਦ |
| ੮. ,, ਸ਼ੇਰ ਸਿੰਘ | ,, ਲਹਿਣਾ ਸਿੰਘ | ਠੀਕਰੀ ਵਾਲਾ | ਗੁਰਦਾਸ ਪੁਰ | ੧ ਸਾਲ ਸਖਤ ਕੈਦ |

## (ੲ) ਲਾਹੌਰ ਸੈਕੰਡ ਸਪਲੀਮੈਂਟਰੀ ਕੌਂਸਪੀਰੇਸੀ ਕੇਸ।

ਇਨ੍ਹਾਂ ਇਨਕਲਾਬੀਆਂ ਨੂੰ ਮੌਤ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿਤੀ ਗਈ, ਅਤੇ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ।

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ |
| --- | --- | --- | --- |
| ੧. ਸ੍ਰੀ ਬਾਬੂ ਰਾਮ | ਸ੍ਰੀ ਗਾਂਧੀ | ਫਤਹ ਗੜ੍ਹ | ਹੁਸ਼ਿਆਰਪੁਰ |
| ੨. ,, ਬਲਵੰਤ ਸਿੰਘ ('ਕੈਨੇਡੀਅਨ') | ,, ਬੁਧ ਸਿੰਘ | ਖੁਰਦ ਪੁਰ | ਜਲੰਧਰ |
| ੩. ,, ਨਾਮਾ | ,, ਗੋਪਾਲ | ਫਤਹ ਗੜ੍ਹ | ਹੁਸ਼ਿਆਰਪੁਰ |
| ੪. ,, ਹਾਫਿਜ਼ ਅਬਦੁਲਾ (ਮਨੀਲਾ ਵਾਲੇ) | ,, ਨਿਜ਼ਾਮ ਦੀਨ | ਜਗਰਾਓਂ | ਲੁਧਿਹਾਣਾ |
| ੫. ,, ਰੂੜ ਸਿੰਘ | ,, ਅਰਜਨ ਸਿੰਘ | ਸੰਗਵਾਲ | ਜਲੰਧਰ |

ਸ੍ਰੀ ਕਰਤਾਰ ਸਿੰਘ, ਸਪੁਤ੍ਰ ਸ੍ਰੀ ਸੁੰਦਰ ਸਿੰਘ, ਪਿੰਡ ਚੰਦ ਨੌ, ਜ਼ਿਲਾ ਫੀਰੋਜ਼ ਪੁਰ, ਨੂੰ ਮੌਤ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ, ਪਰ ਪਿਛੋਂ ਮੌਤ ਦੀ ਸਜ਼ਾ ਉਮਰ ਕੈਦ ਕਾਲੇ ਪਾਣੀ ਵਿਚ ਬਦਲੀ ਗਈ।

ਇਨ੍ਹਾਂ ਇਨਕਲਾਬੀਆਂ ਨੂੰ ਉਮਰ ਕੈਦ ਕਾਲੇ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ:–

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ |
| --- | --- | --- | --- |
| ੧. ਸ੍ਰੀ ਬਤਨ ਸਿੰਘ | ਸ੍ਰੀ ਮੇਹਰ ਸਿੰਘ | ਕਾਹਰੀ | ਹੁਸ਼ਿਆਰਪੁਰ |
| ੨. ,, ਫਜ਼ਲ ਦੀਨ | ,, ਨੂਰਾ | ਫਤਹ ਗੜ੍ਹ | ,, |
| ੩. ,, ਹਰੀ ਸਿੰਘ | ,, ਭਿਖਾ ਸਿੰਘ | ਛੋਟੀਆਂ ਬੋਬਾ | ਫੀਰੋਜ਼ਪੁਰ |
| ੪. ,, ਕੇਹਰ ਸਿੰਘ | ,, ਬਘੇਲ ਸਿੰਘ | ਸਾਹਨੇ ਵਾਲ | ਲੁਧਿਹਾਣਾ |
| ੫. ,, ਮੁਨਸ਼ਾ ਸਿੰਘ | ,, ਨਿਹਾਲ ਸਿੰਘ | ਜੰਡਿਆਲਾ | ਜਲੰਧਰ |

ਸ੍ਰੀ ਅਮਰ ਸਿੰਘ, ਸਪੁਤ੍ਰ ਸ੍ਰੀ ਬੂਟਾ ਸਿੰਘ, ਪਿੰਡ ਕੋਟਲਾ, ਜ਼ਿਲਾ ਹੁਸ਼ਿਆਰਪੁਰ, ਨੂੰ ਦੋ ਸਾਲ ਸਖਤ ਕੈਦ ਦੀ ਸਜ਼ਾ ਸੁਣਾਈ ਗਈ।

## (ਸ) ਬਨਾਰਸ ਕੌਂਸਪੀਰੇਸੀ ਕੇਸ।

ਇਸ ਵਿਚ ਸ੍ਰੀ ਸਚਿੰਦਰ ਨਾਥ ਸਾਨਿਯਾਲ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਦਿਤੀ ਗਈ, ਅਤੇ ਦਸ ਹੋਰ (ਜਿਨ੍ਹਾਂ ਦੇ ਨਾਵਾਂ ਦਾ ਪਤਾ ਨਹੀਂ ਲਗ ਸਕਿਆ) ਨੂੰ ਲੰਮੀਆਂ ਸਜ਼ਾਵਾਂ ਦਿਤੀਆਂ ਗਈਆਂ (Rowlatt Report, p. 134.)



Digitized by Panjab Digital Library | www.panjabdigilib.org

## (ਹ) ਮਾਂਡਲੇ (ਬਰਮਾ) ਕੌਂਸਪੀਰੇਸੀ ਕੇਸ।

ਇਨ੍ਹਾਂ ਇਨਕਲਾਬੀਆਂ ਨੂੰ ਮੌਤ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਦਿਤੀ ਗਈ, ਅਤੇ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ:–

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ |
|---|---|---|---|
| ੧. ਸ਼੍ਰੀ ਹਰਨਾਮ ਸਿੰਘ | ਸ਼੍ਰੀ ਲਾਭ ਸਿੰਘ | (ਕਾਹਰੀ) ਸਾਰੀ | ਹੁਸ਼ਿਆਰਪੁਰ |
| ੨. ,, ਚਾਲੀਆ ਰਾਮ | ,, ਸ਼ੰਕਰ ਦਾਸ | ਸਾਹਨੇ ਵਾਲ | ਲੁਧਿਹਾਣਾ |
| ੩. ,, ਵਸਾਵਾ ਸਿੰਘ | ,, ਝੰਡਾ ਸਿੰਘ | ਵਾੜਾ | ਹੁਸ਼ਿਆਰਪੁਰ |
| ੪. ,, ਨਰੈਣ ਸਿੰਘ | ,, ਅਬਾਲੂ ਸਿੰਘ | ਬਾਲੋ | ਪਟਿਆਲਾ ਰਿਆਸਤ |
| ੫. ,, ਨਰਿੰਜਨ ਸਿੰਘ | ,, ਜਵਾਲਾ ਸਿੰਘ | ਸੰਗਤ ਪੁਰਾ | ਲੁਧਿਹਾਣਾ |
| ੬. ,, ਪਾਲਾ ਸਿੰਘ | ,, ਜੈਮਲ ਸਿੰਘ | ਸ਼ੇਰ ਪੁਰ | ,, |

ਸ਼੍ਰੀ ਕਿਰਪਾ ਰਾਮ, ਸਪੁਤ੍ਰ ਸ਼੍ਰੀ ਬਰਿਜ ਲਾਲ, ਪਿੰਡ ਮੰਗਤ, ਜ਼ਿਲਾ ਗੁਜਰਾਤ, ਨੂੰ ਮੌਤ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸਨਾਈ ਗਈ. ਪਰ ਪਿਛੋਂ ਮੌਤ ਦੀ ਸਜ਼ਾ ਉਮਰ ਕੈਦ ਕਾਲੇ ਪਾਣੀ ਵਿਚ ਬਦਲੀ ਗਈ।

ਇਨ੍ਹਾਂ ਇਨਕਲਾਬੀਆਂ ਨੂੰ ਉਮਰ ਕੈਦ ਕਾਲੇ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ:–

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ |
|---|---|---|---|
| ੧. ਸ਼੍ਰੀ ਚੇਤ ਰਾਮ | ਸ਼੍ਰੀ ਬਿਸ਼ਨ ਦਾਸ | ਵੈਰੋ ਵਾਲ | ਸਿਆਲਕੋਟ |
| ੨. ,, ਜੀਵਨ ਸਿੰਘ | ,, ਈਸ਼ਰ ਸਿੰਘ | ਫਿਲੋਕੇ | ਗੁਜਰਾਂਵਾਲਾ |
| ੩. ,, ਕਪੂਰ ਸਿੰਘ | ,, ਮਿਤ ਸਿੰਘ | ਮੋਹੀ | ਲੁਧਿਹਾਣਾ |
| ੪. ,, ਹਰਦਿਤ ਸਿੰਘ | ,, ਭਗਵਾਨ ਸਿੰਘ | ਲਾਮੇਂ | ,, |
| ੫. ,, ਬੁਢਾ ਸਿੰਘ | ,, ਸ਼ਾਮ ਸਿੰਘ | ਫਿਲੋਕੇ | ਗੁਜਰਾਂਵਾਲਾ |

ਸ਼੍ਰੀ ਗਿਆਨ ਚੰਦ, ਸਪੁਤ੍ਰ ਸ਼੍ਰੀ ਸੋਹਨ ਲਾਲ, ਪਿੰਡ ਮੋਰੀ ਮਰਲ, ਜ਼ਿਲਾ ਲਾਹੌਰ ਨੂੰ ਸਤ ਸਾਲ ਸਖਤ ਕਾਲੇ ਪਾਣੀ ਦੀ ਕੈਦ ਸੁਣਾਈ ਗਈ।

## (ਕ) ਸੈਕੰਡ ਮਾਂਡਲੇ (ਬਰਮਾਂ) ਕੌਂਸਪੀਰੇਸੀ ਕੇਸ।

ਇਨ੍ਹਾਂ ਨੂੰ ਮੌਤ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ, ਪਰ ਪਿਛੋਂ ਮੌਤ ਦੀ ਸਜ਼ਾ ਉਮਰ ਕੈਦ ਕਾਲੇ ਪਾਣੀ ਵਿਚ ਬਦਲੀ ਗਈ:–

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ |
|---|---|---|---|
| ੧. ਸ਼੍ਰੀ ਮੁਜਤਬਾ ਹੁਸੈਨ | ਸ਼੍ਰੀ ਸਯੱਦ ਹੁਸੈਨ | ਜੌਨ ਪੁਰ | ਯੂ. ਪੀ. |
| ੨. ,, ਅਮਰ ਸਿੰਘ (ਐਨਜੀਨੀਅਰ) | ,, ਵਰਯਾਮ ਸਿੰਘ | ਸ਼ੇਰਪੁਰਾ ਕਲਾਂ | ਲੁਧਿਹਾਣਾ |
| ੩. ,, ਅਲੀਅਹਿਮਦ ਸਦੀਕੀ | ,, ਕੁਰਬਾਨ ਅਲੀ | ਸ਼ਾਹਜ਼ਾਦ ਪੁਰ | ਫੈਜ਼ਾਬਾਦ (.ਪੀ.ਯੂ) |

ਸ਼੍ਰੀ ਰਾਮ ਰੱਖਾ, ਸਪੁਤ੍ਰ ਸ਼੍ਰੀ ਜਵਾਹਰ ਰਾਮ, ਪਿੰਡ ਸਸੋਲੀ, ਜ਼ਿਲਾ ਹੁਸ਼ਿਆਰਪੁਰ, ਨੂੰ ਉਮਰ ਕੈਦ ਕਾਲੇ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ।

## (ਖ) ਸੈਨਫ੍ਰਾਂਸਿਸਕੋ ਕੇਸ।

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ | ਸਜ਼ਾ (ਕੈਦ) |
|---|---|---|---|---|
| ੧. ਸ੍ਰੀ ਗੋਪਾਲ ਸਿੰਘ | ਸ਼੍ਰੀ ਨਰੈਣ ਸਿੰਘ | ਸੋਹੀਆਂ | ਲੁਧਿਹਾਣਾ | ਇਕ ਸਾਲ ਇਕ ਦਿਨ |
| ੨. 'ਭਾਈ' ਭਗਵਾਨ ਸਿੰਘ | ,, ਸਰਮੁਖ ਸਿੰਘ | ਵਿੜਿੰਗ | ਅੰਮ੍ਰਿਤਸਰ | ੧੮ ਮਹੀਨੇ |
| ੩. ਸ਼੍ਰੀ ਤਾਰਕਾਨਾਥ ਦਾਸ | ਸ਼੍ਰੀ ਕਾਲੀ ਮੋਹਨ ਦਾਸ | ਮੋਜਪਾਰਾ | ਚਵੀ ਪਰਗਨਾ (ਬੰਗਾਲ) | ੨੨ ਮਹੀਨੇ |
| ੪. ,, ਗੋਬਿੰਦ ਬਿਹਾਰੀ ਲਾਲ | ਸ਼੍ਰੀ ਬਿਸ਼ਨ ਲਾਲ ਮਾਥੁਰ | ਦਿੱਲੀ | | ੧੦ ਮਹੀਨੇ |
| ੫. ,, ਬਿਸ਼ਨ ਬਿਹਾਰੀ ਹਿੰਦੀ | | | | ੯ ਮਹੀਨੇ |
| ੬. 'ਭਾਈ' ਸੰਤੋਖ ਸਿੰਘ | ਸ਼੍ਰੀ ਜਵਾਲਾ ਸਿੰਘ | ਧਰਦੇ | ਅੰਮ੍ਰਿਤਸਰ | ੨੧ ਮਹੀਨੇ |
| ੭. ਸ਼੍ਰੀ ਗੋਧਾ ਰਾਮ | ਸ਼੍ਰੀ ਛਾਨਾ ਰਾਮ | ਕਰਾਦਲੂ | ਸ਼ਾਹਪੁਰ | ੧੧ ਮਹੀਨੇ |
| ੮. ,, ਨਿਰੰਜਨ ਦਾਸ | ਸ਼੍ਰੀ ਮੇਘ ਰਾਏ | ਪੁਰਾਣੀ ਕੋਤਵਾਲੀ | ਲਾਹੌਰ ਸ਼ਹਿਰ | ੬ ਮਹੀਨੇ |
| ੯. ,, ਮਹਾਦਿਓ ਅਬਾਜੀ ਨੰਦੇਕਰ | | | | ੩ ਮਹੀਨੇ |



Digitized by Panjab Digital Library | www.panjabdigilib.org

| ਨਾਮ | ਪਿਤਾ ਦਾ ਨਾਮ | ਪਿੰਡ | ਜ਼ਿਲਾ | ਸਜ਼ਾ |
|---|---|---|---|---|
| ੧੦. ਸ੍ਰੀ ਮੁਨਸ਼ੀ ਰਾਮ | | | | ੬੦ ਦਿਨ |
| ੧੧. ,, ਨਿਧਾਨ ਸਿੰਘ | | | | ੪ ਮਹੀਨੇ |
| ੧੨. ,, ਇਮਾਮ ਦੀਨ | | | | ੪ ਮਹੀਨੇ |
| ੧੩. ,, ਧਹਿੰਦਰਾ ਸਰਕਾਰ | | | | ੪ ਮਹੀਨੇ |
| ੧੪. ,, ਚੰਦਰ ਕਾਂਤਾ ਚਕਰ ਬਰਤੀ | | | | ੩੦ ਦਿਨ ਅਤੇ ਪੰਜ ਹਜ਼ਾਰ ਡਾਲਰ ਜੁਰਮਾਨਾ |
| ੧੫. ,, ਸੁੰਦਰ ਸਿੰਘ ਘਾਲੀ | ਸ੍ਰੀ ਮੰਗਲ ਸਿੰਘ | ਘਲ ਕਲਾਂ | ਫੀਰੋਜ਼ਪੁਰ | ਤਿੰਨ ਮਹੀਨੇ |

ਨੋਟ:—ਜੱਜ ਨੇ ਸਜ਼ਾ ਦੇਣ ਲਗਿਆਂ ਅਫਸੋਸ ਜ਼ਾਹਰ ਕੀਤਾ ਕਿ ਕਾਨੂੰਨ, ਜਿਸ ਹੇਠ ਇਹ ਮੁਕੱਦਮਾ ਚਲਾਇਆ ਗਿਆ, ਦੋਸ਼ੀਆਂ ਨੂੰ ਵਧੇਰੇ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਸੀ ਦੇਂਦਾ। ਉਪ੍ਰੋਕਤ ਲਿਸਟ ਵਿਚ ਜਰਮਨ ਅਤੇ ਅਮਰੀਕਨ ਦੋਸ਼ੀਆਂ, ਜਿਨ੍ਹਾਂ ਨੂੰ ਸਜ਼ਾ ਹੋਈ, ਨੂੰ ਨਹੀਂ ਸ਼ਾਮਲ ਕੀਤਾ ਗਿਆ।

**(ਗ) ਸ਼ਿਕਾਗੋ ਕੇਸ।**

ਜੈਕਬਸਨ, ਬੋਹਿਮ ਅਤੇ ਵੇਹਡੇ ਨੂੰ ਤਿੰਨ ਸਾਲ ਕੈਦ ਤੇ ਤੇਰਾਂ ਤੇਰਾਂ ਹਜ਼ਾਰ ਡਾਲਰ ਜੁਰਮਾਨਾ, ਅਤੇ ਸ੍ਰੀ ਹਰੰਭਾ ਲਾਲ ਗੁਪਤਾ ਨੂੰ ੧੮ ਮਹੀਨੇ ਕੈਦ ਤੇ ੧੦੦ ਡਾਲਰ ਜੁਰਮਾਨਾ।

**(ਘ) ਮੰਡੀ ਕੌਂਸਪੀਰੇਸੀ ਕੇਸ :—**

੧. ਮੀਆਂ ਜਵਾਹਰ ਸਿੰਘ, ਸਪੁਤ੍ਰ ਸ੍ਰੀ ਭੀਕਮ, ਪਿੰਡ ਸੈਨੀ ਮੋਰੀ, ਮੰਡੀ ਰਿਆਸਤ, ਨੂੰ ਉਮਰਕੈਦ ਕਾਲੇ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ।

੨. ਸ੍ਰੀ ਜਵਾਹਰ, ਸਪੁਤ੍ਰ ਸ੍ਰੀ ਜਿੰਦੂ, ਪਿੰਡ ਬਰਸੂ, ਮੰਡੀ ਰਿਆਸਤ, ਨੂੰ ਪੰਜ ਸਾਲ ਸਖਤ ਕੈਦ ਤੇ ਜਾਇਦਾਦ ਜ਼ਬਤੀ ਦੀ ਸਜ਼ਾ।

੩. ਸ੍ਰੀ ਬਦਰੀ, ਸਪੁਤ੍ਰ ਮੀਆਂ ਜਵਾਹਰ ਸਿੰਘ, ਨੂੰ ੧੮ ਮਹੀਨੇ ਸਖਤ ਕੈਦ ਤੇ ਜਾਇਦਾਦ ਜ਼ਬਤੀ ਦੀ ਸਜ਼ਾ।

੪. ਸ੍ਰੀ ਲੌਂਧੂ, ਸਪੁਤ੍ਰ ਸ੍ਰੀ ਟਿਕੂ, ਪਿੰਡ ਨਾਗਰ, ਮੰਡੀ ਰਿਆਸਤ, ਨੂੰ ੧੪ ਸਾਲ ਸਖਤ ਕੈਦ ਤੇ ਜਾਇਦਾਦ ਜ਼ਬਤੀ ਦੀ ਸਜ਼ਾ।

੫. ਸ੍ਰੀ ਸਿਧੂ, ਸਪੁਤ੍ਰ ਸ੍ਰੀ ਫਕੀਰ, ਪਿੰਡ ਬਰਸੂ, ਮੰਡੀ ਰਿਆਸਤ, ਨੂੰ ਤਿੰਨ ਸਾਲ ਸਖਤ ਕੈਦ ਤੇ ਜਾਇਦਾਦ ਜ਼ਬਤੀ ਦੀ ਸਜ਼ਾ।

**(ਙ) ਸਪਲੀਮੈਂਟਰੀ ਮੰਡੀ ਕੇਸ।** ਸ੍ਰੀ ਸਿਧੂ, ਸਪੁਤ੍ਰ ਪੀਰ ਸਹਾਇ, ਪਿੰਡ ਬਰਸੂ, ਮੰਡੀ ਰਿਆਸਤ, ਨੂੰ ਉਮਰ ਕੈਦ ਕਾਲੇ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ।

**(ਚ) ਫੀਰੋਜ਼ ਸ਼ਹਿਰ ਦੀ ਘਟਨਾ।** ਇਸ ਦੇ ਸਿਲਸਿਲੇ ਵਿਚ ਸ੍ਰੀ ਚੰਦਾ ਸਿੰਘ, ਪਿੰਡ ਵੜੈਚ, ਅਤੇ ਸ੍ਰੀ ਧਿਆਨ ਸਿੰਘ, ਸਪੁਤ੍ਰ ਸ੍ਰੀ ਕਾਹਨ ਸਿੰਘ, ਪਿੰਡ ਬੰਗੁਈ (ਲੁਧਿਹਾਣਾ), ਪੁਲਸ ਹਥੋਂ ਮੌਕਿਆ ਉਤੇ ਮਾਰੇ ਗਏ।

ਗਦਰ ਪਾਰਟੀ ਦੇ ਖਜ਼ਾਨਚੀ ਸ੍ਰੀ ਕਾਂਸ਼ੀ ਰਾਮ (ਪਿੰਡ ਮਰਾਲੀ, ਜ਼ਿਲਾ ਅੰਬਾਲਾ); ਸ੍ਰੀ ਰਹਿਮਤ ਅਲੀ (ਪਿੰਡ ਵਜ਼ੀਦ ਕੇ, ਪਟਿਆਲਾ ਰਿਆਸਤ); ਸ੍ਰੀ ਬਖਸ਼ੀਸ਼ ਸਿੰਘ, ਸਪੁਤ੍ਰ ਸ੍ਰੀ ਦੇਵਾ ਸਿੰਘ (ਪਿੰਡ ਖਾਨਪੁਰ, ਜ਼ਿਲਾ ਲੁਧਿਹਾਣਾ); ਸ੍ਰੀ ਜੀਵਨ ਸਿੰਘ, ਸਪੁਤ੍ਰ ਸ੍ਰੀ ਵਜ਼ੀਰ ਸਿੰਘ (ਪਿੰਡ ਧੂਲੇ ਸਿੰਘ ਵਾਲਾ, ਪਟਿਆਲਾ ਰਿਆਸਤ); ਸ੍ਰੀ ਲਾਲ ਸਿੰਘ, ਸਪੁਤ੍ਰ ਸ੍ਰੀ ਦਯਾ ਸਿੰਘ (ਪਿੰਡ ਸਹਾਬਾਨਾ, ਜ਼ਿਲਾ ਲੁਧਿਹਾਣਾ); ਸ੍ਰੀ ਧਿਆਨ ਸਿੰਘ, ਸਪੁਤ੍ਰ ਸ੍ਰੀ ਕਰਮ ਸਿੰਘ (ਪਿੰਡ ਉਮਰ ਪੁਰਾ, ਜ਼ਿਲਾ ਅੰਮ੍ਰਿਤਸਰ); ਅਤੇ ਸ੍ਰੀ ਜਗਤ ਸਿੰਘ (ਪਿੰਡ ਵੰਜਲ, ਜ਼ਿਲਾ ਲੁਧਿਹਾਣਾ); ਨੂੰ ਸੈਸ਼ਨ ਜੱਜ ਫੀਰੋਜ਼ਪੁਰ ਦੀ ਕਚੈਹਰੀ ਵਿਚ ਫਾਂਸੀ ਦੀ ਸਜ਼ਾ ਦਿੱਤੀ ਗਈ ਅਤੇ ਸਭ ਨੂੰ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ।

ਸ੍ਰੀ ਗਾਂਧਾ ਸਿੰਘ ਉਰਫ ਭਗਤ ਸਿੰਘ, ਸਪੁਤ੍ਰ ਸ੍ਰੀ ਜਵਾਲਾ ਸਿੰਘ (ਪਿੰਡ ਕਚਰ ਭਾਨ, ਜ਼ਿਲਾ ਫੀਰੋਜ਼ਪੁਰ) ਨੂੰ ਸਪੈਸ਼ਲ ਟਰਿਬੂਨਲ ਨੇ ਮੌਤ ਦੀ ਸਜ਼ਾ ਦਿੱਤੀ ਅਤੇ ਇਨ੍ਹਾਂ ਨੂੰ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ।

ਸ੍ਰੀ ਵਰਯਾਮ ਸਿੰਘ 'ਅਮਲੀ', ਸਪੁਤ੍ਰ ਸ੍ਰੀ ਦਯਾਲ ਸਿੰਘ (ਪਿੰਡ ਥੀਰਾਜ, ਪਟਿਆਲਾ ਰਿਆਸਤ) ਚੱਬੇ ਦੇ ਡਾਕੇ ਵਿਚ ਬੰਬ ਫੱਟਣ ਨਾਲ ਮਾਰੇ ਗਏ।

ਸ੍ਰੀ ਸੁਰਜਨ ਸਿੰਘ, ਸਪੁਤ੍ਰ ਸ੍ਰੀ ਬੂਟਾ (ਪਿੰਡ ਫਤਹ ਗੜ੍ਹ ਜ਼ਿਲਾ ਹੁਸ਼ਿਆਰ ਪੁਰ), ਨੂੰ ਸੈਸ਼ਨ ਜੱਜ ਫੀਰੋਜ਼ ਪੁਰ ਨੇ ਮੌਤ ਦੀ ਸਜ਼ਾ ਦਿਤੀ ਅਤੇ ਇਨ੍ਹਾਂ ਨੂੰ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ।

**(ਛ) ਲਾਹੌਰ ਤੀਸਰਾ ਸਪਲੀਮੈਂਟਰੀ ਕੇਸ।** ਇਸ ਵਿਚ ਡਾਕਟਰ ਮਥਰਾ ਸਿੰਘ, ਸਪੁਤ੍ਰ ਸ੍ਰੀ ਹਰੀ ਸਿੰਘ, (ਪਿੰਡ ਢੁਡਿਆਲ, ਜ਼ਿਲਾ ਜੇਹਲਮ) ਨੂੰ ਮੌਤ ਦੀ ਸਜ਼ਾ ਦਿਤੀ ਗਈ ਅਤੇ ਇਨ੍ਹਾਂ ਨੂੰ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ।

**(ਜ) ਲਾਹੌਰ ਚੌਥਾ ਸਪਲੀਮੈਂਟਰੀ ਕੇਸ।** ਇਸ ਵਿਚ ਸ੍ਰੀ ਜਵੰਦ ਸਿੰਘ, ਸਪੁਤ੍ਰ ਸ੍ਰੀ ਨਰੈਣ ਸਿੰਘ (ਪਿੰਡ ਨੰਗਲ ਕਲਾਂ, ਜ਼ਿਲਾ ਹੁਸ਼ਿਆਰਪੁਰ) ਨੂੰ ਮੌਤ ਦੀ ਸਜ਼ਾ ਦਿਤੀ ਗਈ ਅਤੇ ਇਨ੍ਹਾਂ ਨੂੰ ਫਾਂਸੀ ਦੇਕੇ ਸ਼ਹੀਦ ਕੀਤਾ ਗਿਆ।

**(ਝ) ਵੱਲਾ ਰੇਲ ਦੇ ਪੁਲ ਦੀ ਘਟਨਾ।** ਇਸ ਦੇ ਸਿਲਸਲੇ ਵਿਚ ਸ੍ਰੀ ਕਾਲਾ ਸਿੰਘ (ਪਿੰਡ ਜਗਤ ਪੁਰ, ਜ਼ਿਲਾ ਅੰਮ੍ਰਿਤਸਰ); ਸ੍ਰੀ ਚਨਣ ਸਿੰਘ, ਸਪੁਤ੍ਰ ਸ੍ਰੀ ਬਲ ਸਿੰਘ, (ਪਿੰਡ ਬੂੜ ਚੰਦ, ਜ਼ਿਲਾ ਲਾਹੌਰ); ਸ੍ਰੀ ਹਰਨਾਮ ਸਿੰਘ, ਪਿੰਡ ਠੱਠੀ ਖਾਰਾ, ਜ਼ਿਲਾ ਅੰਮ੍ਰਿਤਸਰ); ਸ੍ਰੀ ਆਤਮਾ ਸਿੰਘ (ਪਿੰਡ ਠਠੀ ਖਾਰਾ, ਜ਼ਿਲਾ ਅੰਮ੍ਰਿਤਸਰ); ਅਤੇ ਸ੍ਰੀ ਬੰਤਾ ਸਿੰਘ, ਸਪੁਤ੍ਰ ਸ੍ਰੀ ਬੂਟਾ ਸਿੰਘ (ਪਿੰਡ ਸੰਗਵਾਲ, ਜ਼ਿਲਾ ਜਲੰਧਰ) ਨੂੰ ਮੌਤ ਦੀ ਸਜ਼ਾ ਦਿਤੀ ਗਈ ਅਤੇ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ।

**(ਞ) ਅਨਾਰਕਲੀ (ਲਾਹੌਰ) ਦੀ ਘਟਨਾ।** ਇਸ ਦੇ ਸਿਲਸਲੇ ਵਿਚ ਸ੍ਰੀ ਅਰਜਨ ਸਿੰਘ (ਪਿੰਡ ਖੋਕਰਰਾਨਾ, ਜ਼ਿਲਾ ਫੀਰੋਜ਼ ਪੁਰ) ਨੂੰ ਮੌਤ ਦੀ ਸਜ਼ਾ ਦਿਤੀ ਗਈ ਅਤੇ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ।

**(ਟ) ਪਧਰੀ ਦੇ ਕਤਲ** ਦੇ ਸਿਲਸਲੇ ਵਿਚ ਸ੍ਰੀ ਪਰੇਮ ਸਿੰਘ, ਸਪੁਤ੍ਰ ਸ੍ਰੀ ਜੀਵਨ ਸਿੰਘ (ਪਿੰਡ ਸੁਰਸਿੰਗ, ਜ਼ਿਲਾ ਲਾਹੌਰ); ਅਤੇ ਸ੍ਰੀ ਇੰਦਰ ਸਿੰਘ, ਸਪੁਤ੍ਰ ਸ੍ਰੀ ਗੁਰਮਖ ਸਿੰਘ (ਪਿੰਡ ਪਧਰੀ ਕਲਾਂ, ਜ਼ਿਲਾ ਅੰਮ੍ਰਿਤਸਰ) ਨੂੰ ਮੌਤ ਦੀ ਸਜ਼ਾ ਦਿਤੀ ਗਈ ਅਤੇ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ। ਸ੍ਰੀ ਵੀਰ ਸਿੰਘ, ਸਪੁਤ੍ਰ ਸ੍ਰੀ ਖੜਕ ਸਿੰਘ (ਪਿੰਡ ਸੋਹਲ, ਜ਼ਿਲਾ ਅੰਮ੍ਰਿਤਸਰ); ਸ੍ਰੀ ਸੱਜਣ ਸਿੰਘ, ਸਪੁਤ੍ਰ ਸ੍ਰੀ ਝੰਡਾ ਸਿੰਘ (ਪਿੰਡ ਸੁਰਵਿੰਡ, ਲਾਹੌਰ); ਸ੍ਰੀ ਬਘੇਲ ਸਿੰਘ, ਸਪੁਤ੍ਰ ਸ੍ਰੀ ਬਲ ਸਿੰਘ (ਪਿੰਡ ਬੂੜਚੰਦ, ਜ਼ਿਲਾ ਲਾਹੌਰ); ਅਤੇ ਸ੍ਰੀ ਲਾਲ ਸਿੰਘ ਸਪੁਤ੍ਰ ਸ੍ਰੀ ਸੁਚੇਤ ਸਿੰਘ (ਪਿੰਡ ਪਧਰੀ ਕਲਾਂ, ਜ਼ਿਲਾ ਅੰਮ੍ਰਿਤਸਰ); ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਦਿਤੀ ਗਈ। ਸ੍ਰੀ ਖਜ਼ਾਨ ਸਿੰਘ, ਸਪੁਤ੍ਰ ਸ੍ਰੀ ਬੂੜ ਸਿੰਘ,



Digitized by Panjab Digital Library | www.panjabdigilib.org

ਪਿੰਡ ਬੂੜਚੰਦ, ਨੂੰ ਚਾਰ ਸਾਲ ਕੈਦ ਦੀ ਸਜ਼ਾ ਦਿਤੀ ਗਈ।

**(ਠ) ਜਗਤ ਪੁਰ ਦੇ ਕਤਲ ਦੇ ਸਿਲਸਲੇ** ਵਿਚ ਸ੍ਰੀ ਕਾਲਾ ਸਿੰਘ ਅਤੇ ਸ੍ਰੀ ਚਨਣ ਸਿੰਘ ਨੂੰ ਮੌਤ ਦੀ ਸਜ਼ਾ ਹੋਈ। ਇਨ੍ਹਾਂ ਨੂੰ ਹੀ ਵੱਲਾ ਪੁਲ ਦੇ ਸਿਲਸਲੇ ਵਿਚ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ।

**(ਡ) ਨੰਗਲ ਕਲਾਂ ਹੋਏ ਕਤਲ** ਦੇ ਸਿਲਸਲੇ ਵਿਚ ਸ੍ਰੀ ਬੂਟਾ ਸਿੰਘ, ਸਪੁਤ੍ਰ ਸ੍ਰੀ ਸ਼ੇਰ ਸਿੰਘ (ਪਿੰਡ ਅਕਾਲਗੜ੍ਹ ਖੁਰਦ, ਜ਼ਿਲਾ ਲੁਧਿਹਾਣਾ), ਨੂੰ ਮੌਤ ਦੀ ਸਜ਼ਾ ਦਿਤੀ ਗਈ ਅਤੇ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ।

**(ਢ) ਲਾਹੌਰ ਸਿਟੀ ਕੌਂਸਪੀਰੇਸੀ ਕੇਸ।**

੧. ਸ੍ਰੀ ਲਾਲ ਚੰਦ 'ਫਲਕ', ਸਪੁਤ੍ਰ ਸ੍ਰੀ ਦਵਾਨ ਚੰਦ, ਵਛੋ-ਵਾਲੀ, ਲਾਹੌਰ, ਉਮਰ ਕੈਦ ਕਾਲੇ ਪਾਣੀ ਦੀ ਸਜ਼ਾ।

੨. ਸ੍ਰੀ ਬੂੜ ਸਿੰਘ, ਸਪੁਤ੍ਰ ਸ੍ਰੀ ਸਾਵਨ ਸਿੰਘ, ਸੂਤਰ ਮੰਡੀ, ਲਾਹੌਰ, ਦਸ ਸਾਲ ਕਾਲੇ ਪਾਣੀ ਦੀ ਸਜ਼ਾ।

੩. ਸ੍ਰੀ ਪਿਆਰੇ ਲਾਲ, ਸਪੁਤ੍ਰ ਪੰਡਤ ਜਵਾਲਾ ਪ੍ਰਸ਼ਾਦ, ਕੂਚਾ ਲੇਲਾ ਮਜਨੂੰ, ਲਾਹੌਰ, ਦਸ ਸਾਲ ਕਾਲੇ ਪਾਣੀ ਦੀ ਸਜ਼ਾ।

੪. ਸ੍ਰੀ ਗੁਲਾਮ ਹੁਸੈਨ, ਸਪੁਤ੍ਰ ਸ੍ਰੀ ਇਬਰਾਹੀਮ, ਲੁਹਾਰੀ ਮੰਡੀ, ਲਾਹੌਰ, ਇਕ ਸਾਲ ਕੈਦ ਅਤੇ ਪੰਜ ਸੌ ਰੁਪੱਯਾ ਜੁਰਮਾਨਾ।

੫. ਸ੍ਰੀ ਗੁਰਦਿਆਲ ਸਿੰਘ, ਸਪੁਤ੍ਰ ਸ੍ਰੀ ਪਰਤਾਪ ਸਿੰਘ, ਅਨਾਰਕਲੀ, ਲਾਹੌਰ, ਦੋ ਸਾਲ ਕੈਦ ਤੇ ਪੰਜ ਸੌ ਰੁਪੱਯਾ ਜੁਰਮਾਨਾ।

**(ਣ) ਫੁਟਕਲ।**

੧. ਸ੍ਰੀ ਸ਼ੇਰ ਸਿੰਘ, ਸਪੁਤ੍ਰ ਸ੍ਰੀ ਲਹਿਣਾ ਸਿੰਘ (ਪਿੰਡ ਠੀਕਰੀ ਵਾਲਾ, ਜ਼ਿਲਾ ਗੁਰਦਾਸਪੁਰ), ਸਤ ਸਾਲ ਕੈਦ।

੨. ਸ੍ਰੀ ਈਸ਼ਰ ਸਿੰਘ, ਸ੍ਰੀ ਸ਼ੇਰ ਸਿੰਘ ਦਾ ਭਰਾ, ਪੰਜ ਸਾਲ ਕੈਦ।

੩. ਸ੍ਰੀ ਕੇਸਰ ਸਿੰਘ, ਸਪੁਤ੍ਰ ਸ੍ਰੀ ਜਵਾਲਾ ਸਿੰਘ, ਠੀਕਰੀ ਵਾਲਾ, ਤਿੰਨ ਸਾਲ ਕੈਦ।

੪. ਸ੍ਰੀ ਗੰਡੂ, ਠੀਕਰੀ ਵਾਲਾ, ਤਿੰਨ ਸਾਲ ਕੈਦ।

੫. ਸ੍ਰੀ ਵੀਰ ਸਿੰਘ, ਸਪੁਤ੍ਰ ਸ੍ਰੀ ਗਨੇਸ਼ਾ ਸਿੰਘ, ਠੀਕਰੀ ਵਾਲਾ, ਇਕੀ ਸਾਲ ਕੈਦ।

੬. ਸ੍ਰੀ ਪੂਰਨ ਸਿੰਘ, ਸਪੁਤ੍ਰ ਸ੍ਰੀ ਨਿਹਾਲਾ, ਪਿੰਡ ਕੋਟ ਟੋਡਰ ਮਲ, ਜ਼ਿਲਾ ਗੁਰਦਾਸਪੁਰ, ੨੧ ਸਾਲ ਕੈਦ।

੭. ਸ੍ਰੀ ਆਤਮਾ ਸਿੰਘ, ਸਪੁਤ੍ਰ ਸ੍ਰੀ ਅਰਜਨ ਸਿੰਘ, ਠੀਕਰੀ ਵਾਲਾ, ਚੌਦਾਂ ਸਾਲ ਕੈਦ।

੮. ਸ੍ਰੀ ਸੰਤਾ ਸਿੰਘ, ਪਿੰਡ ਭਾਮ, ਜ਼ਿਲਾ ਗੁਰਦਾਸਪੁਰ, ਚੌਦਾਂ ਸਾਲ ਕੈਦ।

੯. ਸ੍ਰੀ ਲਭੂ, ਪਿੰਡ ਅਰਜਨਪੁਰ, ਜ਼ਿਲਾ ਗੁਰਦਾਸਪੁਰ, ਚੌਦਾਂ ਸਾਲ ਕੈਦ।

੧੦. ਸ੍ਰੀ ਮੁਨਸ਼ੀ, ਕੋਟ ਟੋਡਰ ਮਲ, ਚੌਦਾਂ ਸਾਲ ਕੈਦ।

੧੧. ਸ੍ਰੀ ਟਹਿਲਾ, ਕੋਟ ਟੋਡਰ ਮਲ, ਚੌਦਾਂ ਸਾਲ ਕੈਦ।

੧੨. ਸ੍ਰੀ ਧਰਮ ਸਿੰਘ, ਭਾਮ, ਚੌਦਾਂ ਸਾਲ ਕੈਦ।

੧੩. ਸ੍ਰੀ ਕਾਲਾ ਸਿੰਘ, ਭਾਮ, ਸਤ ਸਾਲ ਕੈਦ।

੧੪. ਸ੍ਰੀ ਬਹਾਦਰ ਸਿੰਘ, ਭਾਮ, ਸਤ ਸਾਲ ਕੈਦ।

੧੫. ਸ੍ਰੀ ਭਗਤ ਸਿੰਘ, ਭਾਮ, ਸਤ ਸਾਲ ਕੈਦ।

੧੬. ਸ੍ਰੀ ਬੇਲਾ ਸਿੰਘ, ਠੀਕਰੀ ਵਾਲਾ, ਸਤ ਸਾਲ ਕੈਦ।

੧੭. ਸ੍ਰੀ ਹਰਨਾਮ ਸਿੰਘ, ਫੈਜ਼ਾਬਾਦ, ਦਸ ਸਾਲ ਕੈਦ

(Rowlatt Report, p. 135.)

## (ਤ) ਪਿਛੇ ਦਿੱਤੀਆਂ ਸਜ਼ਾਵਾਂ ਦਾ ਨਕਸ਼ਾ।

| ਮੁਕੱਦਮੇਂ ਦਾ ਵੇਰਵਾ | ਹਾਜ਼ਰ ਦੋਸ਼ੀ | ਬਰੀ ਕੀਤੇ ਗਏ | ਫਾਂਸੀ ਲਗੇ | ਉਮਰ ਕੈਦ ਸਜ਼ਾ ਵਾਲੇ | ਘਟ ਸਜ਼ਾਵਾਂ ਵਾਲੇ |
|---|---|---|---|---|---|
| ੧. ਲਾਹੌਰ ਕੌਂਸਪੀਰੇਸੀ ਕੇਸ | ੬੧ | ੪ | ੭ | ੪੪ | ੬ |
| ੨. ਲਾਹੌਰ ਸਪਲੀਮੈਂਟਰੀ ਕੌਂਸਪੀਰੇਸੀ ਕੇਸ | ੭੪ | ੧੫ | ੫ | ੪੬ | ੮ |
| ੩. ਲਾਹੌਰ ਸੈਕੰਡ ਸਪਲੀਮੈਂਟਰੀ ਕੌਂਸਪੀਰੇਸੀ ਕੇਸ | ੧੭ | ੫ | ੫ | ੬ | ੧ |
| ੪. ਲਾਹੌਰ ਥਰਡ ਸਪਲੀਮੈਂਟਰੀ ਕੌਂਸਪੀਰੇਸੀ ਕੇਸ | ੧ | | ੧ | | |
| ੫. ਲਾਹੌਰ ਫੋਰਥ ਸਪਲੀਮੈਂਟਰੀ ਕੌਂਸਪੀਰੇਸੀ ਕੇਸ | ੧ | | ੧ | | |
| ੬. ਮੰਡੀ ਦੇ ਦੋ ਕੌਂਸਪੀਰੇਸੀ ਕੇਸ | ੬ | | | ੨ | ੪ |
| ੭. ਬਰਮਾਂ ਕੌਂਸਪੀਰੇਸੀ ਕੇਸ | ੧੭ | ੪ | ੬ | ੬ | ੧ |
| ੮. ਸੈਕੰਡ ਬਰਮਾਂ ਕੌਂਸਪੀਰੇਸੀ ਕੇਸ | ੪ | | | ੪ | |
| ੯. ਬਨਾਰਸ ਕੌਂਸਪੀਰੇਸੀ ਕੇਸ | ੧੪ | ੩ | | ੧ | ੧੦ |
| ੧੦. ਸੈਨਫ੍ਰਾਂਸਿਸਕੋ ਕੇਸ | ੩੫ | ੧ | | | ੩੨ |
| ੧੧. ਸ਼ਿਕਾਗੋ ਕੇਸ | ੪ | | | | ੪ |
| ੧੨. ਲਾਹੌਰ ਸਿਟੀ ਕੌਂਸਪੀਰੇਸੀ ਕੇਸ | ੫ | | | ੧ | ੪ |
| ੧੩. ਫੀਰੋਜ਼ ਸ਼ਹਿਰ ਦੀ ਘਟਨਾ | ੮ | | ੮ | | |
| ੧੪. ਅਨਾਰਕਲੀ ਦੀ ਘਟਨਾ | ੧ | | ੧ | | |
| ੧੫. ਵੱਲਾ ਪੁਲ ਦੀ ਘਟਨਾ | ੫ | | ੫ | | |
| ੧੬. ਜਗਤਪੁਰ ਦਾ ਕਤਲ | ਵੱਲਾ ਪੁਲ ਦੀ ਘਟਨਾ ਵਿਚ ਸ਼ਾਮਲ ਕੀਤੇ ਗਏ। | | | | |
| ੧੭. ਨੰਗਲ ਕਲਾਂ ਦਾ ਕਤਲ | ੧ | | ੧ | | |
| ੧੮. ਪਧਰੀ ਦਾ ਕਤਲ | ੧੨ | ੫ | ੨ | ੪ | ੧ |
| ੧੯. ਅਲਾਵਲਪੁਰ ਡਾਕੇ ਦਾ ਕੇਸ | ੮ | ੩ | | | ੫ |
| ੨੦. ਫੁਟਕਲ | ੧੭ | | | | ੧੭ |
| ਜੋੜ | ੨੯੧ | ੪੦+੨ | ੪੨ | ੧੧੪ | ੯੩ |



Digitized by Panjab Digital Library | www.panjabdigilib.org

ਨੋਟ:– ੧. ਜਿਨ੍ਹਾਂ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ ਸੀ, ਉਨ੍ਹਾਂ ਵਿਚੋਂ ਲਾਹੌਰ ਕੌਂਸਪੀਰੇਸੀ ਕੇਸ ਦੇ ਦਸਾਂ ਦੀ, ਲਾਹੌਰ ਸਪਲੀਮੈਂਟਰੀ ਕੇਸ ਦੇ ਅਠਾਈਆਂ ਦੀ, ਲਾਹੌਰ ਸੈਕੰਡ ਸਪਲੀਮੈਂਟਰੀ ਕੇਸ ਦੇ ਤਿੰਨਾਂ ਦੀ, ਅਤੇ ਬਰਮਾ ਕੌਂਸਪੀਰੇਸੀ ਕੇਸ ਦੇ ਇਕ ਦੀ, ਸਜ਼ਾ ਪਿਛੋਂ ਉਮਰ ਕੈਦ ਤੋਂ ਘੱਟ ਕਰ ਦਿਤੀ ਗਈ।

੨. Isemonger and Slattery ਦੀ ਲਿਖਤ ਵਿਚ ਦਿਤੀ ਸੰਬੰਧਤ ਅੰਤਕਾ ਵਿਚ ਲਿਖਿਆ ਹੈ ਕਿ ਸੈਕੰਡ ਬਰਮਾ ਕੇਸ ਵਿਚ ਇਕ ਨੂੰ ਫਾਂਸੀ ਦਿਤੀ ਗਈ, ਪਰ ਇਹ ਗਲਤ ਹੈ। ਇਸੇ ਤਰ੍ਹਾਂ ਨੰਗਲ ਕਲਾਂ ਅਤੇ ਜਗਤ ਪੁਰ ਦੇ ਕਤਲਾਂ ਦੇ ਦੋਸ਼ੀਆਂ ਵਿਚੋਂ, ਜਿਨ੍ਹਾਂ ਨੂੰ ਵੱਲਾ ਪੁਲ ਦੀ ਘਟਨਾ ਦੇ ਸਿਲਸਲੇ ਵਿਚ ਵੀ ਸਜ਼ਾ ਦਿਤੀ ਗਈ, ਉਨ੍ਹਾਂ ਨੂੰ ਦੋਬਾਰਾ ਗਿਣ ਲਿਆ ਗਿਆ ਹੈ।

੩. ਉਪ੍ਰੋਕਤ ਲਿਸਟ ਮੁਕੰਮਲ ਨਹੀਂ ਸਮਝੀ ਜਾਣੀ ਚਾਹੀਦੀ, ਕਿਉਂਕਿ ਫਰਵਰੀ ੧੯੧੫ ਤਕ ੪੫ ਘਟਨਾਵਾਂ ਹੋਈਆਂ (O' Dwyer, p. 200)

੪. ਸੈਨਫ੍ਰਾਂਸਿਸਕੋ ਕੇਸ ਦੇ ਦੌਰਾਨ ਵਿਚ 'ਪੰਡਤ' ਰਾਮ ਚੰਦ ਅਤੇ ਸ੍ਰੀ ਰਾਮ ਸਿੰਘ ਮਾਰੇ ਗਏ।

---

(ਬ) ਕੋਰਟ ਮਾਰਸ਼ਲ। ਤੇਈਵੇਂ ਰਸਾਲੇ ਦੇ ਫੌਜੀਆਂ ਦਾ ਡਕਸ਼ੱਈ ਕੋਰਟ ਮਾਰਸ਼ਲ ਕੀਤਾ ਗਿਆ, ਅਤੇ ਇਨ੍ਹਾਂ ਫੌਜੀਆਂ ਨੂੰ ਫਾਂਸੀ ਲਾਕੇ ਸ਼ਹੀਦ ਕੀਤਾ ਗਿਆ*:–

| ਨਾਮ | ਪਿੰਡ | ਜ਼ਿਲਾ |
|---|---|---|
| ੧. ਸ੍ਰੀ ਭਾਗ ਸਿੰਘ | ਰੂੜੀ ਵਾਲਾ | ਅੰਮ੍ਰਿਤਸਰ |
| ੨. ,, ਮੋਤਾ ਸਿੰਘ | ,, | ,, |
| ੩. ,, ਤਾਰਾ ਸਿੰਘ | ,, | ,, |
| ੪. ਦਫੇਦਾਰ ਵਧਾਵਾ ਸਿੰਘ | ,, | ,, |
| ੫. ਸ੍ਰੀ ਇੰਦਰ ਸਿੰਘ | ਜੀਓਬਾਲਾ | ,, |
| ੬. ,, ,, | ਸਬਾਜਪੁਰ | ,, |
| ੭. ਦਫੇਦਾਰ ਲਛਮਣ ਸਿੰਘ | ਚੂਸਲੇਵੜ | ,, |
| ੮. ਸ੍ਰੀ ਬੂਟਾ ਸਿੰਘ | ਕਸੇਲ | ,, |
| ੯. ,, ਗੁਜਰ ਸਿੰਘ | ਲਹੁਕੇ | ,, |
| ੧੦. ,, ਜੇਠਾ ਸਿੰਘ | ,, | ,, |
| ੧੧. ,, ਬੁਧ ਸਿੰਘ | ਢੋਟੀਆਂ | ,, |
| ੧੨. ,, ਅਬਦੁਲਾ | | ਲਾਹੌਰ |

*O' Dwyer, p. 203. Eighteen sentenced to death and twelve actually executed.

ਤੇਈਵੇਂ ਰਸਾਲੇ ਦੇ ਇਨ੍ਹਾਂ ਫੌਜੀਆਂ ਨੂੰ ਮੌਤ ਦੀ ਸਜ਼ਾ ਹੋਈ, ਪਰ ਪਿਛੋਂ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਵਿਚ ਬਦਲ ਦਿਤੀ ਗਈ:–

| ਨਾਮ | ਪਿੰਡ | ਜ਼ਿਲਾ |
|---|---|---|
| ੧. ਸ੍ਰੀ ਬਿਸ਼ਨ ਸਿੰਘ | ਢੋਟੀਆਂ | ਅੰਮ੍ਰਿਤਸਰ |
| ੨. ,, ਬਿਸ਼ਨ ਸਿੰਘ ਨੰ: ੨ | ,, | ,, |
| ੩. ,, ਨੱਥਾ ਸਿੰਘ | ,, | ,, |
| ੪. ,, ਕੇਹਰ ਸਿੰਘ | ,, | ,, |
| ੫. ,, ਚੰਨਣ ਸਿੰਘ | ਚੰਡ ਕਸੇਲ | ,, |
| ੬. ,, ਨੰਦ ਸਿੰਘ | ਰਾਏ ਕੇ ਬੁਰਜ | ,, |

ਇਕ ਸੌ ਅਠਾਈਵੀਂ ਪਾਇਓਨੀਅਰਜ਼ ਦੇ ਸ੍ਰੀ ਫੂਲਾ ਸਿੰਘ ਸ਼ਹੀਦ ਕੀਤੇ ਗਏ (First Case, Seduction of Troops, p. 6)। ਬਾਰਵੇਂ ਰਸਾਲੇ ਦੇ ਦੋ ਫੌਜੀ ਫਾਂਸੀ ਲਾਏ ਗਏ (First Case, Seduction of Troops, p. 9.), ਅਤੇ ਸ੍ਰੀ ਸਾਨਿਯਾਲ ਮੁਤਾਬਕ ਮੇਰਠ ਦੇ ਲਗ ਪਗ ੧੦–੧੧ ਫੌਜੀਆਂ ਨੂੰ ਫਾਂਸੀ ਲਾਈ ਗਈ (ਬੰਦੀ ਜੀਵਨ, ਭਾਗ ਦੂਜਾ, ਪੰਨਾ ੩੬)। ਸਿੰਘਾਪੁਰ ਦੇ ਗਦਰ ਸੰਬੰਧੀ ਫੜੇ ਗਏ ਗਦਰੀਆਂ ਵਿਚੋਂ ੪੧ ਨੂੰ ਕੋਰਟ ਮਾਰਸ਼ਲ ਕਰਕੇ ਗੋਲੀ ਨਾਲ ਉਡਾਇਆ ਗਿਆ, ਅਤੇ ੧੨੫ ਨੂੰ ਮੌਤ ਤੋਂ ਘਟ ਸਜ਼ਾਵਾਂ ਦਿੱਤਆਂ ਗਈਆਂ (Post Mortem on Malay, Virginia Thompson, p. 241.)। ਜੋ ਗਦਰੀ ਫੜੇ ਨਾ ਜਾ ਸਕੇ, (ਜਿਨ੍ਹਾਂ ਦੀ ਗਿਣਤੀ ਸੈਂਕੜਿਆਂ ਵਿਚ ਸੀ), ਜਾਂ ਗੋਲੀ ਦਾ ਨਸ਼ਾਨਾ ਬਣ ਗਏ ਜਾਂ ਜੰਗਲਾਂ ਵਿਚ ਮਰ ਗਏ।

ਫੌਜੀਆਂ ਬਾਰੇ ਉਪਰ ਦਿੱਤੀ ਤਫਸੀਲ ਮੁਕੰਮਲ ਨਹੀਂ। ਇਹ ਵੀ ਪੱਕਾ ਪਤਾ ਨਹੀਂ ਕਿ ਕਿਤਨੇ ਕੋਰਟ ਮਾਰਸ਼ਲ ਹੋਏ।



Digitized by Panjab Digital Library | www.panjabdigilib.org

# ਅੰਤਕਾ ਨੰ: ੪*

# ਜੇਲ੍ਹਾਂ ਵਿਚ

## ਇੰਡੀਅਨ ਜੇਲ੍ਹ ਕਮੇਟੀ ।

ਗਦਰੀ ਕੈਦੀਆਂ ਨਾਲ ਜੇਲ੍ਹਾਂ ਵਿਚ ਹੋਈ ਬੀਤੀ ਦਾ ਜ਼ਿਕਰ ਕਰਨ ਤੋਂ ਪਹਿਲੋਂ ਇਹ ਚੰਗਾ ਹੈ ਕਿ ਉਸ ਸਮੇਂ ਹਿੰਦ ਦੀਆਂ ਜੇਲ੍ਹਾਂ ਦੇ ਉਨ੍ਹਾਂ ਮੋਟੇ ਮੋਟੇ ਹਾਲਾਤ, ਕਾਇਦੇ ਕਾਨੂੰਨਾਂ ਅਤੇ ਇਨ੍ਹਾਂ ਦੀ ਵਰਤੋਂ, ਨੂੰ ਜਾਣ ਲਿਆ ਜਾਏ, ਜਿਨ੍ਹਾਂ ਨੂੰ ਸਰਕਾਰ ਦੀ ਨੀਯਤ ਕੀਤੀ ਇਕ ਕਮੇਟੀ ਨੇ, ਅਤੇ ਇਸ ਸਾਹਮਣੇ ਹੋਈਆਂ ਗਵਾਹੀਆਂ ਵਿਚ, ਮੰਨਿਆ ਹੈ, ਅਤੇ ਜਿਨ੍ਹਾਂ ਦੀ ਰੌਸ਼ਨੀ (Back ground) ਵਿਚ ਗਦਰੀ ਕੈਦੀਆਂ ਦੀ ਜੇਲ੍ਹਾਂ ਵਿਚ ਕੀਤੀ ਜਦੋਜਹਿਦ ਨੂੰ ਸਮਝਣਾ ਅਤੇ ਪਰਖਣਾ ਆਸਾਨ ਹੋ ਜਾਵੇਗਾ।

ਸਰਕਾਰ ਹਿੰਦ ਨੇ ੨੮ ਅਪ੍ਰੈਲ, ੧੯੧੯ ਨੂੰ, ਮਤੇ ਨੰਬਰ ੬੩ ਅਨੁਸਾਰ, ਹਿੰਦ ਦੀਆਂ ਜੇਲ੍ਹਾਂ ਦੇ ਹਾਲਾਤ ਦਾ ਜਾਇਜ਼ਾ ਲੈਣ ਵਾਸਤੇ ਇਕ ਕਮੇਟੀ ਨੀਯਤ ਕੀਤੀ, ਜਿਸ ਦੇ ਪ੍ਰਧਾਨ ਸਰ ਅਲੈਗਜ਼ੈਂਡਰ ਜੀ. ਕਾਰਡੀਊ ਸਨ । ਇਸ ਕਮੇਟੀ ਸਾਹਮਣੇ ਹੋਈਆਂ ਗਵਾਹੀਆਂ ਅਤੇ ਇਸ ਦੀ ਆਪਣੀ ਰਾਏ ਦਾ ਸਾਰ ਤੱਤ ਇਹ ਹੈ :–

ਕਮੇਟੀ ਸਾਹਮਣੇ ਹੋਈਆਂ ਗਵਾਹੀਆਂ ਇਸ ਬਾਰੇ ਮੁਤਫਿਕ ਸਨ ਕਿ ਹਿੰਦੀ ਜੇਲ੍ਹਾਂ ਵਿਚਲੀ ਵਰਤੋਂ ਦਾ ਅਸਰ ਕੈਦੀਆਂ ਨੂੰ ਸੁਧਾਰਨ ਦਾ ਨਹੀਂ ਸੀ ਹੁੰਦਾ, ਬਲਕਿ ਕਠੋਰ ਬਨਾਉਣ ਦਾ ਹੁੰਦਾ ਸੀ (Vol. i. pp. 31, 32) । ਕਮੇਟੀ ਦੀ ਰਾਏ ਵਿਚ ਕੈਦੀ ਨੂੰ ਸਾਲਾਂ ਬੱਧੀ ਸ਼ਾਮ ਦੇ ਛੇ ਵਜੇ ਤੋਂ ਲੈਕੇ ਸਵੇਰ ਦੇ ਛੇ ਵਜੇ ਤਕ ਹਰ ਰੋਜ਼ ਕੋਠੀ ਬੰਦ ਕਰਨਾ ਮੁਨਾਸਬ ਨਹੀਂ (Vol. i, p. 98.)। ਕੈਦੀ ਨੂੰ ਉਸ ਦੀ ਸਾਰੀ ਕੈਦ ਦੇ ਦੌਰਾਨ ਵਿਚ ਕੋਠੀ ਬੰਦ ਰਖਣਾ ਬਹੁਤ ਸਖਤੀ ਸੀ (Vol. i, p. 99) । ਬੈਂਤਾਂ ਦੀ ਸਜ਼ਾ ਉਤੇ ਵੱਧ ਤੋਂ ਵੱਧ ਹੱਦਬੰਦੀ ਲਾਉਣ ਦੀ ਲੋੜ ਸੀ, ਅਤੇ ਇਹ ਕੇਵਲ ਬਹੁਤ ਸੰਗੀਨ ਜੁਰਮਾਂ ਲਈ ਦਿੱਤੀ ਜਾਏ । ਬੈਂਤ ਨੂੰ ਮਾਰ ਕੇ ਧੂਹਣ ਦੀ ਵਰਤੋਂ, ਜਿਸ ਨਾਲ ਮਾਸ ਛਿਲੀਦਾ ਸੀ, ਬੰਦ ਕੀਤੀ ਜਾਏ । ਘੱਟ ਖੁਰਾਕ ਦੀ ਸਜ਼ਾ ਹਿੰਦੀਆਂ ਲਈ ਮੁਆਫਕ ਨਹੀਂ । ਕਮੇਟੀ ਦੇ ਸਾਹਮਣੇ ਐਸੀਆਂ ਕਈ ਮਿਸਾਲਾਂ ਪੇਸ਼ ਹੋਈਆਂ ਜਿਥੇ ਜੇਲ੍ਹ ਕਾਇਦਿਆਂ ਦੇ ਉਲਟ ਖੜੀ ਹਥਕੱੜੀ ਕੈਦੀ ਦੇ ਮੋਢਿਆਂ ਤੋਂ ਉੱਚੀ ਕਰਕੇ ਕੁੰਡੇ ਨਾਲ ਬੰਨ੍ਹੀ ਗਈ । ਕਮੇਟੀ ਦੇ ਕਈ ਮੈਂਬਰਾਂ ਦੀ ਰਾਏ ਸੀ ਕਿ ਇਹ ਸਜ਼ਾ ਬਿਲਕੁਲ ਹਟਾ ਦਿੱਤੀ ਜਾਏ। ਬਹੁਸੰਮਤੀ ਦੀ ਰਾਏ ਸੀ ਕਿ ਇਹ ਸਜ਼ਾ ਰੱਖੀ ਜਾਏ, ਪਰ ਇਸ ਉੱਤੇ ਰੋਕਾਂ ਲਾਈਆਂ ਜਾਣ । ਖਾਸ ਕਰ ਇਹ ਸਜ਼ਾ ੪ ਦਿਨ ਤੋਂ ਵੱਧ ਨਾ ਦਿੱਤੀ ਜਾਏ । ਕਮੇਟੀ ਡੰਡਾ ਬੇੜੀ ਦੀ ਸਜ਼ਾ ਲੰਮੇਂ ਅਰਸੇ ਲਈ ਦਿੱਤੀ ਜਾਣ ਦੇ ਵਿਰੁਧ ਸੀ, ਅਤੇ ਉਸ ਦੀ ਰਾਏ ਵਿਚ ਇਹ ਸਜ਼ਾ ਤਿੰਨ ਮਹੀਨਿਆਂ ਤੋਂ ਵੱਧ ਨਹੀਂ ਦਿੱਤੀ ਜਾਣੀ ਚਾਹੀਦੀ। ਕੈਦ ਤਿਨਹਾਈ ਬਿਲਕੁਲ ਉਡਾ ਦਿੱਤੀ ਜਾਏ, ਅਤੇ ਅਲੈਹਦਾ ਕੋਠੀ-ਬੰਦੀ ਦੀ ਮਿਆਦ ਘਟਾ ਕੇ ਤਿੰਨ ਮਹੀਨੇ ਕਰ ਦਿੱਤੀ ਜਾਏ । ਮੁਸ਼ੱਕਤ ਨੂੰ ਜਦ ਵਧੇਰੇ ਸਖਤ ਮੁਸ਼ੱਕਤ ਵਿਚ ਬਦਲਿਆ ਜਾਏ, ਤਾਂ ਇਸ ਦੇ ਅਰਸੇ ਦੀ ਮਿਆਦ ਮੁਕੱਰਰ ਕਰ ਦਿਤੀ ਜਾਏ । ਖੜੀ ਹੱਥ ਕੜੀ ਦੇ ਨਾਲ ਲਗਵੀਆਂ, ਕੰਮ ਖੁਰਾਕ ਜਾ ਡੰਡਾ ਬੇੜੀ ਦੀਆਂ ਸਜ਼ਾਵਾਂ ਨਾ ਦਿਤੀਆਂ ਜਾਣ। ਕਈ ਕਿਸਮ ਦੀਆਂ ਸਜ਼ਾਵਾਂ ਨੂੰ ਅੱਡ ਅੱਡ ਅਪਰਾਧਾਂ ਬਦਲੇ ਵੀ ਇਕੋ ਵਕਤ ਅਕੱਠਿਆਂ ਨਹੀਂ ਦਿਤੇ ਜਾਣਾ ਚਾਹੀਦਾ । ਮਿਸਾਲ ਵਜੋਂ ਕੰਮ ਖੁਰਾਕ ਦੇ ਨਾਲ ਲਗਵੇਂ ਬੈਂਤਾਂ ਦੀ ਜਾਂ ਖੜੀ ਬੇੜੀ ਦੀ ਸਜ਼ਾ ਨਹੀਂ ਹੋਣੀ ਚਾਹੀਦੀ (Vol. i, pp. 133-137) । ਸਿਖਾਂ ਨੂੰ ਪੱਗ, ਕੜਾ, ਕਛਾ ਅਤੇ ਕੰਘਾ ਦਿਤਾ ਜਾਏ (Vol. i, p. 156.) । ਲੰਮੀਆਂ ਕੈਦਾਂ ਬੇਫਾਇਦਾ ਅਤੇ ਨੁਕਸਾਨ ਦੇਹ ਹਨ । ਜਿਥੋਂ ਤਕ ਹੋ ਸਕੇ ਇਨ੍ਹਾਂ ਨੂੰ ਘਟਾਇਆ ਜਾਏ ਅਤੇ ਇਨ੍ਹਾਂ ਦੀ ਨਿਰਪੱਖ ਨਜ਼ਰਸਾਨੀ ਕਰਵਾਈ ਜਾਏ (Vol. i, pp. 231-235.).

ਅੰਡੇਮਾਨ ਬਾਰੇ ਕਮੇਟੀ ਨੇ ਲਿਖਿਆ ਕਿ ਓਥੇ ਮਲੇਰੀਆ ਬਹੁਤ ਜ਼ਿਆਦਾ ਸੀ, ਕਿਉਂਕਿ ਸਮੁੰਦਰ ਦੇ ਕੰਢੇ ਦੇ ਲਾਗੇ ਪਾਣੀ ਖੜੇ ਹੋਣ ਵਾਲੇ ਥਾਵਾਂ ਵਿਚ ਇਕ ਖਾਸ ਕਿਸਮ ਦਾ ਮੱਛਰ ਪੈਦਾ ਹੁੰਦਾ । ੧੯੦੪ ਵਿਚ ਜੋ ਕੈਦੀਆਂ ਵਿਚ ਮੌਤਾਂ ਦੀ ਨਿਸਬਤ ਸੀ, ਉਸ ਮੁਤਾਬਕ ੨੦ ਸਾਲ ਪਿਛੋਂ ੧੦੦੦ ਕੈਦੀਆਂ ਵਿਚੋਂ ੩੪੦ ਕੈਦੀ ਜਿੰਦਾ ਬਚਦੇ । ੧੯੧੪ ਤੋਂ ਪਿਛੋਂ ਮੌਤਾਂ ਦੀ ਨਿਸਬਤ ਵਿਚ ਫਰਕ ਨਹੀਂ ਸੀ ਪਿਆ । ਅੰਡੇਮਾਨ ਦੀਆਂ ਜੇਲ੍ਹਾਂ ਵਿਚ ਕੈਦੀਆਂ ਵਿਚੋਂ ਬਣਾਏ ਟੈਂਡਲ ਆਦਿ ਕਾਰਿੰਦਿਆਂ ਉਤੇ ਨਾਵਾਜਬ ਤੌਰ ਉਤੇ ਨਿਰਭਰ ਹੋਇਆ ਜਾਂਦਾ, ਅਤੇ ਇਨ੍ਹਾਂ ਨੂੰ ਰੱਖਣ ਜਾਂ ਹਟਾਉਣ ਬਾਰੇ ਕਮੇਟੀ ਨੇ ਇਸ ਕਰਕੇ ਰਾਏ ਨਹੀਂ ਦਿਤੀ ਕਿਉਂਕਿ ਇਸ ਦੇ ਮੈਂਬਰਾਂ ਵਿਚ ਇਸ ਬਾਰੇ ਮਤ ਭੇਦ ਸੀ। ਕਮੇਟੀ ਦੀ ਰਾਏ ਵਿਚ ਹਿੰਦ ਦੀਆਂ ਸੈਂਟਰਲ ਜੇਲ੍ਹਾਂ ਦੇ ਮੁਕਾਬਲੇ ਵੀ ਅੰਡੇਮਾਨ ਦੀ ਸੈਲੂਲਰ ਅਤੇ ਹੋਰ ਜੇਲ੍ਹਾਂ ਕਈ ਪਹਿਲੂਆਂ ਵਿਚ ਪਿਛੇ ਸਨ, ਪਰ ਇਨ੍ਹਾਂ ਦਾ ਵਿਸਥਾਰ ਨਾਲ ਜ਼ਿਕਰ ਕਰਨਾ ਕਮੇਟੀ ਨੇ ਜ਼ਰੂਰੀ ਨਾ ਸਮਝਿਆ (Vol. i, pp. 289-296,)

ਕਮੇਟੀ ਦੇ ਸਾਹਮਣੇ ਗਵਾਹੀ ਦੇਂਦਿਆਂ ਪੋਰਟ ਬਲੇਅਰ (ਅੰਡੇਮਾਨ) ਦੇ ਡਿਪਟੀ ਕਮਿਸ਼ਨਰ ਅਤੇ ਸੈਸ਼ਨ ਜੱਜ, ਮਿਸਟਰ ਆਰ. ਐਚ. ਲੀਊਸ, ਨੇ ਮੰਨਿਆ ਕਿ ਲੜਕਿਆਂ ਨਾਲ ਗੈਰ-ਕੁਦਰਤੀ ਜੁਰਮ ਕਰਨ ਵਿਚ ਟੈਂਡਲ ਆਦਿ ਜੇਲ੍ਹ ਦੇ ਕੈਦੀ-ਕਾਰਕੁਨ ਉਤਨੇ ਹੀ ਭੈੜੇ ਸਨ ਜਿਤਨੇ ਹੋਰ । ਕੈਦੀ-ਕਾਰਕੁਨ ਕੈਦੀਆਂ ਉਤੇ ਸਖਤੀ ਕਰਦੇ, ਪਰ ਇਹ ਬਹੁਤ ਵੱਡਾ ਮਸਲਾ ਨਹੀਂ ਸੀ । ਕੈਦੀਆਂ ਨੂੰ ਰੋਜ਼ਾਨਾ ਦਿੱਤੇ ਜਾਣ ਵਾਲੇ ਰਾਸ਼ਣ ਦੀ ਇਹ ਮਿਕਦਾਰ ਸੀ:–ਆਟਾ ੧੦ ਅਊਂਸ, ਚਾਵਲ ੧੪ ਅਊਂਸ, ਦਾਲ ੪ ਅਊਂਸ, ਅਤੇ ਕੁਝ ਲੂਣ ਅਤੇ ਸਬਜ਼ੀ।

ਛੋਟੇ ਮਾਲ ਅਫਸਰ, ਸੱਯਦ ਬੁਨਿਯਾਦ ਹੁਸੈਨ (ਜੋ ਖੁਰਾਕ ਵੰਡਣ ਦੇ ਜ਼ਿਮੇਵਾਰ ਸਨ), ਨੇ ਆਪਣੀ ਗਵਾਹੀ ਵਿਚ ਮੰਨਿਆ ਕਿ ਖੁਰਾਕ ਬਾਰੇ ਸ਼ਕਾਇਤਾਂ ਪੁਜਦੀਆਂ ਅਤੇ ਕਈ ਵੇਰ ਇਹ ਠੀਕ ਹੁੰਦੀਆਂ, ਪਰ ਇਨ੍ਹਾਂ ਨੂੰ ਠੀਕ ਕਰਨਾ ਉਸ ਦੇ ਵਸੋਂ ਬਾਹਰ ਸੀ। 'ਕਮਸਰੇਟ' ਤੋਂ ਜੋ ਖੁਰਾਕ ਆਉਂਦੀ, ਉਹ ਭੈੜੀ ਹੋਣ ਦੀ ਸੂਰਤ ਵਿਚ ਵੀ ਵਾਪਸ ਨਾ ਕੀਤੀ ਜਾਂਦੀ।

ਪੋਰਟ ਬਲੇਅਰ ਦੇ ਕਾਇਮ ਮੁਕਾਮ ਵਡੇ ਮੈਡੀਕਲ ਅਫਸਰ, ਮੇਜਰ ਐਫ. ਏ. ਬਾਰਕਰ, ਨੇ ਆਪਣੀ ਗਵਾਹੀ ਵਿਚ

*ਇਸ ਅੰਤਕਾ ਵਿਚ ਦਿੱਤੀ ਜਿਸ ਵਾਕਫੀਅਤ ਦੇ ਹਵਾਲੇ ਨਹੀਂ ਦਿੱਤੇ ਗਏ, ਉਹ ਉਨ੍ਹਾਂ ਗਦਰੀ ਇਨਕਲਾਬੀਆਂ ਤੋਂ ਲਈ ਗਈ ਹੈ ਜੋ ਗਦਰ ਪਾਰਟੀ ਲਹਿਰ ਦੇ ਸੰਬੰਧ ਵਿਚ ਹੋਈਆਂ ਉਮਰ ਕੈਦਾਂ ਕੱਟਣ ਪਿਛੋਂ ਰਿਹਾ ਹੋਏ । ਗਦਰੀ ਇਨਕਲਾਬੀਆਂ ਦੇ ਦੱਸੇ ਕਈ ਹਾਲਾਤ ਨੂੰ ਸਰਕਾਰੀ ਜਾਂ ਨੀਮ-ਸਰਕਾਰੀ ਲਿਖਤਾਂ ਨਾਲ ਪਰਖਣ ਦਾ ਕਿਉਂਕਿ ਕੋਈ ਰਾਹ ਨਹੀਂ ਲੱਭਿਆ, ਇਸ ਵਾਸਤੇ ਕੋਸ਼ਸ਼ ਕੀਤੀ ਗਈ ਹੈ ਕਿ ਜਿਥੋਂ ਤਕ ਹੋ ਸਕੇ ਵਾਕਿਆਤ ਨੂੰ ਉਨ੍ਹਾਂ ਰਾਜਸੀ ਕੈਦੀਆਂ ਦੇ ਹਵਾਲੇ ਨਾਲ ਪੇਸ਼ ਕੀਤਾ ਜਾਏ, ਜਿਨ੍ਹਾਂ ਗਦਰੀ ਕੈਦੀਆਂ ਦੀ ਜੇਲ੍ਹਾਂ ਵਿਚ ਕੀਤੀ ਜਦੋਜਹਿਦ ਵਿਚ ਹਿੱਸਾ ਨਹੀਂ ਸੀ ਲਿਆ, ਜਾਂ ਜੋ 'ਭਾਈ' ਪਰਮਾਨੰਦ ਵਾਂਗੂੰ ਇਸ ਦੇ ਹੱਕ ਵਿਚ ਨਹੀਂ ਸਨ ।

Digitized by Panjab Digital Library | www.panjabdigilib.org

ਮੰਨਿਆ ਕਿ ਤਪਦਿਕ ਦੇ ਜੋ ਮਰੀਜ਼ ਹਸਪਤਾਲ ਦਾਖਲ ਹੁੰਦੇ, ਉਨ੍ਹਾਂ ਵਿਚੋਂ ੭੦ ਫੀ ਸਦੀ ਮਰ ਜਾਂਦੇ; ਅਤੇ ਮਿਰਗੀ ਦੇ ਅਤੇ ਪਾਗਲ ਮਰੀਜ਼ਾਂ ਦੀ ਗਿਣਤੀ ਹਿੰਦ ਨਾਲੋਂ ਚਾਰ ਪੰਜ ਗੁਣਾ ਵੱਧ ਸੀ।

ਪੋਰਟ ਬਲੇਅਰ ਵਿਚ ਕੈਦੀਆਂ ਕੋਲੋਂ ਲਈ ਜਾਂਦੀ ਮੁਸ਼ੱਕਤ ਦਾ ਵੇਰਵਾ ਉਪ੍ਰੋਕਤ ਕਮੇਟੀ ਦੀ ਰੀਪੋਟ ਦੀ ਅੰਤਕਾ ਨੰ: ੧੦ ਵਿਚ ਦਿੱਤਾ ਗਿਆ ਹੈ। ਪੂਰੀ ਮੁਸ਼ੱਕਤ ਵਾਸਤੇ, ਤੋਰੀਏ ਦੇ ਤੇਲ ਦੀ ਘਾਣੀ ਵਿਚੋਂ ੧੦ ਪਾਉਂਡ ਤੇਲ ਕੱਢਣਾ, ਗਿਰੀ ਦਾ ਤੇਲ ੩੦ ਪਾਉਂਡ ਕੱਢਣਾ, ਅਤੇ ਨਾਰੀਅਲ ਦੇ ਛਿਲਕੇ ਨੂੰ ਕੁੱਟ ਕੇ ਉਸ ਵਿਚੋਂ ੨ ਪਾਉਂਡ ਰੇਸ਼ਾ ਕੱਢਣਾ, ਮੁਕੱਰਰ ਕੀਤਾ ਹੋਇਆ ਸੀ।

**ਪੱਗਾਂ ਬਾਰੇ।** ਪਹਿਲੇ ਲਾਹੌਰ ਸਾਜ਼ਸ਼ ਕੇਸ ਦਾ ਜਿਸ ਦਿਨ ਹੁਕਮ ਸੁਣਾਇਆ ਗਿਆ, ਉਸੇ ਦਿਨ ਤੋਂ ਗਦਰੀ ਕੈਦੀਆਂ ਦੀ ਜੇਲ੍ਹਾਂ ਵਿਚ ਜਦੋਜਹਿਦ ਦੀ ਰਾਮ ਕਹਾਣੀ ਸ਼ੁਰੂ ਹੋ ਗਈ।

ਉਨ੍ਹੀਂ ਦਿਨੀਂ ਦੇਸ ਦੀਆਂ ਜੇਲ੍ਹਾਂ ਵਿਚ ਸਭ ਕੈਦੀਆਂ ਨੂੰ ਟੋਪੀਆਂ ਪਹਿਨਾਉਣ ਦਾ ਦਸਤੂਰ ਸੀ। ਹੁਕਮ ਸੁਣਾਏ ਜਾਣ ਵਾਲੇ ਦਿਨ ਹੀ ਜੇਲ੍ਹ ਕਰਮਚਾਰੀਆਂ ਨੇ ਗਦਰੀ ਕੈਦੀਆਂ ਦੇ ਕਪੜੇ ਲੁਹਾ ਕੇ ਕੈਦੀਆਂ ਦੀਆਂ ਬਰਦੀਆਂ ਪੁਵਾ ਦਿੱਤੀਆਂ। ਪਰ ਜਦ 'ਸੰਤ' ਵਸਾਖਾ ਸਿੰਘ ਨੂੰ ਟੋਪੀ ਪਾਉਣ ਲਈ ਕਿਹਾ ਗਿਆ, ਉਨ੍ਹਾਂ ਇਹ ਹੁਕਮ ਮੰਨਣੋਂ ਨਾਂਹ ਕਰ ਦਿੱਤੀ। ਇਸ ਪੁਰ ਹੋਰ ਸਿਖ ਗਦਰੀ ਕੈਦੀਆਂ ਨੇ ਵੀ ਏਸੇ ਤਰ੍ਹਾਂ ਕੀਤਾ। ਉਨ੍ਹਾਂ ਨੂੰ ਬਥੇਰਾ ਡਰਾਇਆ ਧਮਕਾਇਆ ਗਿਆ, ਪਰ ਉਨ੍ਹਾਂ ਟੋਪੀਆਂ ਨਾ ਪਹਿਨੀਆਂ; ਅਤੇ ਜਿਤਨਾ ਚਿਰ ਅੰਡੇਮਾਨ (ਜਿਥੇ ਕੈਦੀਆਂ ਨੂੰ ਪਗਾਂ ਦੇਣ ਦਾ ਦਸਤੂਰ ਸੀ) ਨਹੀਂ ਭੇਜੇ ਗਏ, ਨੰਗੇ ਸਿਰ ਹੀ ਰਹੇ।

## ਰਾਵਲਪਿੰਡੀ ਜੇਲ੍ਹ ਬੰਬ ਕੇਸ।

ਅੰਡੇਮਾਨ ਭੇਜੇ ਜਾਣ ਤੋਂ ਪਹਿਲੋਂ ਗਦਰੀ ਕੈਦੀਆਂ ਨੂੰ ਟੋਲੀਆਂ ਵਿਚ ਵੰਡ ਕੇ ਪੰਜਾਬ ਦੀਆਂ ਵਖੋ ਵਖ ਜੇਲ੍ਹਾਂ ਵਿਚ ਖਿੰਡਾ ਦਿੱਤਾ ਗਿਆ ਸੀ। ਸ੍ਰੀ ਜਵਾਲਾ ਸਿੰਘ 'ਠਟੀਆਂ', ਸ੍ਰੀ ਜਮਨਾ ਦਾਸ, ਸ੍ਰੀ ਇੰਦਰ ਸਿੰਘ 'ਗਰੰਥੀ', ਸ੍ਰੀ ਪਿਆਰਾ ਸਿੰਘ 'ਲੰਗੇਰੀ', ਅਤੇ ਸ੍ਰੀ ਰੋੜਾ ਸਿੰਘ (ਪਿੰਡ ਰੋੜਾ) ਨੂੰ ਰਾਵਲਪਿੰਡੀ ਜੇਲ੍ਹ ਭੇਜਿਆ ਗਿਆ। ਏਥੇ ਪੁਜਣ ਦੇ ਜਲਦੀ ਪਿਛੋਂ, ਇਨ੍ਹਾਂ ਨੇ ਜੇਲ੍ਹ ਦੇ ਚਾਰ ਵਾਰਡਰਾਂ ਨਾਲ ਮਿਲਕੇ ਜੇਲ੍ਹ ਵਿਚ ਕੈਦੀਆਂ ਦੀ ਇਕ ਮੀਟਿੰਗ ਕੀਤੀ, ਜਿਸ ਵਿਚ ਇਨਕਲਾਬੀ ਲੈਕਚਰ ਕੀਤੇ ਗਏ ਅਤੇ ਵਾਰਡਰਾਂ ਨਾਲ ਮਿਲਕੇ ਬੰਬ ਬਨਾਉਣ ਦਾ ਸਾਮਾਨ ਮੰਗਾਉਣ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਦਾ ਇਰਾਦਾ ਇਹ ਸੀ ਕਿ ਜੇਲ੍ਹ ਦੇ ਸੁਪ੍ਰਿੰਟੈਂਡੈਂਟ ਅਤੇ ਹੋਰ ਅਫਸਰਾਂ ਨੂੰ ਮਾਰ ਕੇ ਉਹ ਹੱਥਿਆਰਾਂ ਉੱਤੇ ਕਬਜ਼ਾ ਕਰ ਲੈਣਗੇ, ਅਤੇ ਜੇਲ੍ਹੋਂ ਬਾਹਰ ਨਿਕਲਕੇ ਫੌਜਾਂ ਅਤੇ ਜਨਤਾ ਤੋਂ ਬਲਵਾ ਕਰਵਾਉਣਗੇ। ਪਰ ਜੇਲ੍ਹ ਕਰਮਚਾਰੀਆਂ ਨੂੰ ਸੂਹ ਮਿਲ ਗਈ, ਅਤੇ ਸ੍ਰੀ ਜਵਾਲਾ ਸਿੰਘ ਦੀ ਕੋਠੜੀ ਵਿਚੋਂ ੬ ਦਸੰਬਰ ਨੂੰ ਬੰਬ ਬਨਾਉਣ ਦਾ ਮਸਾਲਾ ਫੜਿਆ ਗਿਆ। ਗਦਰੀ ਇਨਕਲਾਬੀਆਂ ਨੂੰ ਤਾਂ ਕੁਝ ਨਾ ਕਿਹਾ ਗਿਆ, ਪਰ ਤਿੰਨਾਂ ਵਾਰਡਰਾਂ ਨੂੰ ਸਜ਼ਾ ਦਿੱਤੀ ਗਈ*।

**ਅੰਡੇਮਾਨ ਨੂੰ।** ਅੰਡੇਮਾਨ (ਕਾਲੇ ਪਾਣੀ) ਨੂੰ ਕੈਦੀ ਲੈ ਜਾਣ ਦਾ ਕੰਮ ਕੇਵਲ ਇਕ ਜਹਾਜ਼, 'ਮਹਾਰਾਜਾ' ਨਾਮੀਂ, ਤੋਂ ਲਿਆ ਜਾਂਦਾ ਸੀ। ਇਹ ਜਹਾਜ਼ ਅੰਡੇਮਾਨ ਜਾਣ ਲਈ ਸਾਲ ਵਿਚ ਗਿਣਤੀ ਦੇ ਗੇੜੇ ਕੱਢਦਾ, ਇਸ ਵਾਸਤੇ ਉਤ੍ਰੀ ਹਿੰਦ ਤੋਂ ਲੈ ਜਾਏ ਜਾਣ ਵਾਲੇ ਕੈਦੀ ਅਮੂਮਨ ਪਹਿਲੋਂ ਕਲਕੱਤੇ ਅਲੀਪੁਰ ਜੇਲ੍ਹ ਵਿਚ ਅਕੱਠੇ ਕੀਤੇ ਜਾਂਦੇ। ਗਦਰੀ ਕੈਦੀਆਂ ਵਿਚੋਂ ਸਭ ਤੋਂ ਪ੍ਰਹਿਲੋਂ ਉਨ੍ਹਾਂ ਨੂੰ ਦਸੰਬਰ ੧੯੧੫ ਵਿਚ ਅੰਡੇਮਾਨ ਲਿਜਾਇਆ ਗਿਆ, ਜਿਨ੍ਹਾਂ ਨੂੰ ਪਹਿਲੇ ਲਾਹੌਰ ਸਾਜ਼ਸ਼ ਕੇਸ ਵਿਚ ਫਾਂਸੀ ਦੀ ਸਜ਼ਾ ਹੋਈ ਸੀ, ਪਰ ਮਗਰੋਂ ਉਮਰ ਕੈਦ ਵਿਚ ਬਦਲੀ ਗਈ ਸੀ। ਇਸ ਤੋਂ ਥੋੜੇ ਦਿਨ ਪਿਛੋਂ ਇਸੇ ਕੇਸ ਦੇ ਓਹ ਕੈਦੀ ਲਿਜਾਏ ਗਏ, ਜਿਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਅਤੇ ਬਹਾਲ ਰੱਖੀ ਗਈ ਸੀ। ਦੂਸਰੇ ਸਾਜ਼ਸ਼ ਕੇਸ ਦੇ ੩੩ ਕੈਦੀ ਹਜ਼ਾਰੀ ਬਾਗ ਜੇਲ੍ਹ (ਬਿਹਾਰ) ਵਿਚ ਭੇਜੇ ਗਏ ਅਤੇ ਤੀਸਰੇ ਕੇਸ ਦੇ ਵੀ ਦੇਸ ਦੀਆਂ ਜੇਲ੍ਹਾਂ ਵਿਚ ਹੀ ਰਹੇ। ਦੋਨਾਂ ਮਾਂਡਲੇ (ਬਰਮਾ) ਕੇਸਾਂ ਦੇ ਕੈਦੀ ਅਤੇ ਬਨਾਰਸ ਸਾਜ਼ਸ਼ ਕੇਸ ਦੇ ਕੁਝ ਕੈਦੀ ਵੀ ਅੰਡੇਮਾਨ ਭੇਜੇ ਗਏ, ਪਰ ਇਹ ੧੯੧੬ ਦੇ ਪਿਛਲੇ ਪੱਖ ਜਾਂ ੧੯੧੭ ਵਿਚ ਓਥੇ ਪੁਜੇ, ਕਿਉਂਕਿ ਇਨ੍ਹਾਂ ਮੁਕੱਦਮਿਆਂ ਦੇ ਫੈਸਲੇ ਦੇਰ ਨਾਲ ਹੋਏ ਸਨ।

ਅੰਡੇਮਾਨ ਨੂੰ ਗਦਰੀ ਕੈਦੀਆਂ ਦੀ ਜਾਣ ਵਾਲੀ ਪਹਿਲੀ ਟੋਲੀ ਨੇ ਜਹਾਜ਼ ਵਿਚ ਮੀਟਿੰਗ ਕਰਕੇ ਇਹ ਫੈਸਲੇ ਕਰ ਲਏ ਸਨ ਕਿ, (ੳ) ਮੁਸ਼ੱਕਤ ਕੀਤੀ ਜਾਏ, ਪਰ ਉਹ ਜੋ ਵਿਤ ਤੋਂ ਬਾਹਰ ਨਾ ਹੋਵੇ; (ਅ) ਜੇਲ੍ਹ ਕਰਮਚਾਰੀਆਂ ਨਾਲ ਬੋਲ ਚਾਲ ਵੇਲੇ ਸ਼ਾਇਸਤਗੀ ਤੋਂ ਕੰਮ ਲਿਆ ਜਾਏ, ਪਰ ਜੇ ਕੋਈ ਜੇਲ੍ਹ ਕਰਮਚਾਰੀ ਨਾਜ਼ਾਇਜ਼ ਬੇਇਜ਼ਤੀ ਕਰੇ ਤਾਂ ਉਸ ਦਾ ਮੁਕਾਬਲਾ ਕੀਤਾ ਜਾਏ। ਜਿਸ ਦੇ ਨਾਲ ਵੀ ਕੋਈ ਅਜਿਹਾ ਮੁਆਮਲਾ ਆ ਬਣੇ, ਉਹ ਉਸ ਨੂੰ ਕੌਮੀ ਅਣਖ ਦਾ ਸਵਾਲ ਸਮਝ ਕੇ ਜ਼ੁਲਮ ਦਾ ਮੁਕਾਬਲਾ ਕਰੇ; (ੲ) ਜੇਲ੍ਹ ਵਿਚ ਕੋਈ ਚੀਜ਼ ਬਾਹਰੋਂ ਚੋਰੀ ਮੰਗਵਾ ਕੇ ਨਾ ਖਾਧੀ ਜਾਏ, ਕਿਉਂਕਿ ਇਸ ਨਾਲ ਕੌਮੀ ਅਤੇ ਪਾਰਟੀ ਦੇ ਇਖਲਾਕ ਉਤੇ ਧੱਬਾ ਲੱਗਦਾ ਸੀ।

**ਸੈਲੂਲਰ ਜੇਲ (ਸਿਲਵਰ ਜੇਲ)।** ਅੰਡੇਮਾਨ ਲਿਜਾਏ ਗਏ ਸਭ ਗਦਰੀ ਕੈਦੀ ਆਪਣੀ ਅੰਡੇਮਾਨ ਯਾਤਰਾ ਦਾ ਸਮਾਂ ਸੈਲੂਲਰ ਜੇਲ੍ਹ ਵਿਚ ਕੈਦ ਰਹੇ। ਸੈਲੂਲਰ ਜੇਲ੍ਹ ਇਕ ਦਾਇਰੇ ਦੀ ਸ਼ਕਲ ਦੀ ਸੀ, ਜਿਸ ਦੇ ਕੇਂਦ੍ਰ ਵਿਚ ਤਿੰਨ ਮੰਜ਼ਲਾ ਗੋਲ ਬੁਰਜ ਸੀ। ਇਸ ਕੇਂਦ੍ਰੀ ਬੁਰਜ ਤੋਂ ਸ਼ੁਰੂ ਹੋਕੇ ਤਿਨ ਮੰਜ਼ਲੀਆਂ ਸਿੱਧੀਆਂ ੭ ਬਾਰਕਾਂ ਦਾਇਰੇ ਦੀ ਬਾਹਰਲੀ ਗੋਲ ਕੰਧ ਨੂੰ ਜਾ ਮਿਲਦੀਆਂ। ਬਾਰਕ ਦੀ ਹਰ ਮੰਜ਼ਲ ਵਿਚ ਕੋਠੜੀਆਂ ਦੀ ਇਕ ਕਤਾਰ ਸੀ, ਜਿਨ੍ਹਾਂ ਦੇ ਸਾਹਮਣੇ ਇਕ ਵਰਾਂਡਾ ਸੀ। ਕੋਠੜੀਆਂ ਦੇ ਦਰਵਾਜ਼ਿਆਂ ਦੀ ਥਾਂ ਲੋਹੇ ਦੀਆਂ ਸੀਖਾਂ ਸਨ, ਅਤੇ ਬਰਾਂਡਿਆਂ ਨੂੰ ਵੀ ਸੀਖਾਂ ਨਾਲ ਕਿਲ੍ਹੇ ਬੰਦ ਕੀਤਾ ਹੋਇਆ ਸੀ। ਬਾਰਕਾਂ ਦੇ ਸਭ ਬਰਾਂਡਿਆਂ ਨੂੰ ਜਾਣ ਆਉਣ ਦੇ ਰਸਤੇ ਕੇਵਲ ਕੇਂਦ੍ਰੀ ਬੁਰਜ ਇਚ ਖੁਲ੍ਹਦੇ। ਕੇਂਦ੍ਰੀ ਬੁਰਜ, ਜਿਥੋਂ ਸਾਰੀ ਜੇਲ ਉਤੇ ਨਿਗਾਹ ਰਖੀ ਜਾ ਸਕਦੀ, ਵਿਚ ਰਾਤ ਦਿਨੇ ਬੰਦੂਕਾਂ ਦਾ ਪਹਿਰਾ ਰਹਿੰਦਾ। ਹਰ ਇਕ ਬਾਰਕ ਦੇ ਸਾਹਮਣੇ ਖੁੱਲ੍ਹਾ ਵੇਹੜਾ ਸੀ, ਜਿਥੇ ਕੈਦੀਆਂ ਲਈ ਦਿਨੇ ਕੰਮ ਕਰਨ ਵਾਸਤੇ ਵਰਕਸ਼ਾਪ ਸੀ। ਵਿਹੜੇ ਵਿਚ ਹੀ ਕੈਦੀਆਂ ਦੇ ਨਹਾਉਣ ਧੋਣ ਲਈ ਇਕ ਸ਼ੈਡ ਵਿਚ ਸਮੁੰਦਰ ਦੇ ਪਾਣੀ ਦਾ ਬੰਦੋਬਸਤ ਸੀ। ਇਸ ਤਰ੍ਹਾਂ ਸੈਲੂਲਰ ਜੇਲ੍ਹ ਸਤਾਂ ਅਹਾਤਿਆਂ ਵਿਚ ਵੰਡੀ ਹੋਈ ਸੀ, ਜਿਨ੍ਹਾਂ ਦਾ ਕੇਂਦ੍ਰੀ ਬੁਰਜ ਦੇ ਰਸਤੇ ਦੇ ਸਵਾਏ ਆਪਸ ਵਿਚ ਸਿੱਧਾ ਸੰਬੰਧ ਨਹੀਂ ਸੀ।

ਗਦਰੀ ਕੈਦੀਆਂ ਨੂੰ ਛੋਟੀਆਂ ਛੋਟੀਆਂ ਟੋਲੀਆਂ ਵਿਚ ਵੰਡਕੇ ਸੈਲੂਲਰ ਜੇਲ੍ਹ ਦੇ ਅਲੈਹਦਾ ਅਲੈਹਲਾ ਅਹਾਤਿਆਂ ਦੀਆਂ ਬਾਰਕਾਂ ਦੀਆਂ ਅੱਡ ਅੱਡ ਮੰਜ਼ਲਾਂ ਵਿਚ ਖਿੰਡਾ ਦਿਤਾ ਗਿਆ।

*Isemonger and Slattery, p. 129; Punjab Police Administration Report for 1916, pp. 23-24.



Digitized by Panjab Digital Library | www.panjabdigilib.org

**ਮਿਸਟਰ ਬੈਰੀ।** ਸੈਲੂਲਰ ਜੇਲ੍ਹ ਦੇ ਸੁਪ੍ਰਿੰਟੈਂਡੈਂਟ ਉਸ ਸਮੇਂ ਮੇਜਰ ਮੱਰੇ (Major Murray) ਸਨ। ਉਨ੍ਹਾਂ ਦੇ ਮਾਤਹਤ ਤਨਖਾਹ ਦਾਰ ਕੰਮ ਕਰਨ ਵਾਲੇ ਇਹ ਸਨ:- ਇਕ ਓਵਰੀਸੀਅਰ ਜਾਂ ਜੇਲ੍ਹਰ (ਮਿਸਟਰ ਬੈਰੀ), ਦੋ ਅਸਿਸਟੈਂਟ ਓਵਰ ਸੀਅਰ, ਪੰਜ ਯੂਰਪੀਨ ਫੌਜੀ ਵਾਰਡਰ, ਇਕ ਸੱਬ ਅਸਿਸਟੈਂਟ ਸਰਜਨ, ਇਕ ਚੀਫ ਵਾਰਡਰ, ਦੋ ਹੈਡ ਵਾਰਡਰ, ਅਤੇ ਅੱਠ ਵਾਰਡਰ। ਇਸ ਤਨਖਾਹ ਦਾਰ ਸਟਾਫ ਤੋਂ ਇਲਾਵਾ, ਸੈਲੂਲਰ ਜੇਲ ਵਿਚ ੧੧੭ ਕੈਦੀਆਂ ਵਿਚੋਂ ਬਣਾਏ ਕਾਰਿੰਦੇ (ਟੈਂਡਲ, ਜਮਾਦਾਰ ਆਦਿ) ਸਨ*।

ਜੇਲ੍ਹ ਦਾ ਅੰਦਰੂਨੀ ਪ੍ਰਬੰਧ ਮਿਸਟਰ ਬੈਰੀ (ਓਵਰ ਸੀਅਰ) ਦੇ ਹੱਥ ਸੀ। ਮਿਸਟਰ ਬੈਰੀ ਦੀ 'ਭਾਈ' ਪਰਮਾਨੰਦ ਇਹ ਸਿਫਤ ਕਰਦੇ ਹਨ। "ਉਸ ਨੇ ਆਪਣੀ ਜ਼ਿੰਦਗੀ ਦਾ ਬਹੁਤਾ ਹਿੱਸਾ ਹਿੰਦੁਸਤਾਨ ਦੇ ਸੱਭ ਤੋਂ ਭੈੜੇ ਅਪਰਾਧੀਆਂ ਵਿਚ ਗੁਜ਼ਾਰਿਆ ਸੀ; ਅਤੇ ਉਸ ਨੂੰ ਉਨ੍ਹਾਂ ਦੀਆਂ ਅਪਰਾਧੀ ਰੁਚੀਆਂ ਦਾ ਇਤਨਾ ਤਜਰੱਬਾ ਸੀ ਕੇ ਉਸ ਦੇ ਗੌਰ ਫਿਕਰ ਵਿਚ ਆਮ ਇਨਸਾਨੀ ਖੂਬੀਆਂ ਲਈ ਥਾਂ ਨਹੀਂ ਸੀ ਰਹੀ; ਸਵਾਏ ਕੈਦੀਆਂ ਦੇ ਉਹ ਕਿਸੇ ਨਾਲ ਨਿਰਭਾਹ ਨਹੀਂ ਸੀ ਕਰ ਸਕਦਾ, ਭਾਵੇਂ ਉਹ ਹਿੰਦੀ ਹੋਵੇ ਜਾਂ ਯੂਰਪੀਨ। ਨਾ ਉਹ ਉਨ੍ਹਾਂ ਪਾਸ ਜਾਣਾ ਚਾਹੁੰਦਾ ਸੀ, ਨਾ ਉਹ ਉਸ ਦੀ ਸੁਸਾਇਟੀ ਪਸੰਦ ਕਰਦੇ ਸਨ। ਕੈਦੀਆਂ ਵਿਚੋਂ ਬਣਾਏ ਟੈਂਡਲ ਤੇ ਜਮਾਦਾਰ ਉਸ ਦੀ ਇਤਨੀ ਝੋਲੀ ਚੁਕਦੇ ਸਨ ਕਿ ਉਹ ਆਪਣੇ ਆਪ ਨੂੰ ਬਾਦਸ਼ਾਹ ਵਾਂਗੂੰ ਸਮਝਣ ਲਗ ਪਿਆ ਸੀ। ਬਲਕਿ ਉਹ ਮੂੰਹੋਂ ਕਹਿੰਦਾ ਕਿ ਉਹ ਜੇਲ੍ਹ ਦਾ ਪ੍ਰਮੇਸ਼ਰ ਸੀ। ਉਹ ਕੈਦੀਆਂ ਤੋਂ ਇਕ ਦੂਜੇ ਦੀ ਮੁਖਬਰੀ ਕਰਵਾਉਣ ਵਿਚ ਆਪਣੇ ਆਪ ਨੂੰ ਬੜਾ ਮਾਹਿਰ ਸਮਝਦਾ, ਅਤੇ ਉਨ੍ਹਾਂ ਦੇ ਝਗੜਿਆਂ ਵਿਚੋਂ ਬੜਾ ਸਵਾਦ ਲੈਂਦਾ। ਬਲਕਿ ਉਹ ਚਾਹੁੰਦਾ ਕਿ ਉਹ (ਕੈਦੀ) ਕਿਸੇ ਨਾ ਕਿਸੇ ਸ਼ਰਾਰਤ ਵਿਚ ਰੁਝੇ ਰਹਿਣ*। ਸ੍ਰੀ ਆਰਬਿੰਦੋ ਘੋਸ਼ ਦੇ ਭਰਾ ਸ੍ਰੀ ਬਾਰਿੰਦਰ ਕੁਮਾਰ ਘੋਸ਼ ਨੇ ਮਿਸਟਰ ਬੈਰੀ ਨੂੰ ਜੇਲ੍ਹ ਦੇ ਯੱਮ ਰਾਜ ਦਾ ਖਤਾਬ ਦਿਤਾ†; ਅਤੇ ਸ੍ਰੀ ਉਪੇਂਦਰਾ ਨਾਥ ਬੈਨਰਜੀ ਨੇ ਲਿਖਿਆ ਹੈ ਕਿ ਮਿਸਟਰ ਬੈਰੀ ਅਕਸਰ ਕਹਿੰਦੇ ਕਿ, "ਜੇਲ੍ਹ ਵਿਚ ਮੇਰਾ ਰਾਜ ਹੈ। ਮੇਰੇ ਵਾਹਦ ਅਖਤਿਆਰਾਂ ਵਿਚ ਰੱਬ ਵੀ ਦਖਲ ਨਹੀਂ ਦੇ ਸਕਦਾ। ਮੈਂ ਏਥੇ ਤੀਹ ਸਾਲ ਤੋਂ ਹਾਂ, ਪਰ ਰੱਬ ਨੂੰ ਆਪਣੇ ਅਧਿਕਾਰਾਂ ਵਿਚ ਦਖਲ ਦੇਂਦਿਆਂ ਕਦੇ ਨਹੀਂ ਵੇਖਿਆ‡"।

**ਸੈਲੂਲਰ ਜੇਲ੍ਹ ਦਾ ਮਹੌਲ।** ਸ੍ਰੀ ਬਰਿੰਦਰ ਕੁਮਾਰ ਘੋਸ਼ ਮੁਤਾਬਕ ਕੈਦੀ ਮਿਸਟਰ ਬੈਰੀ ਤੋਂ ਇਤਨਾ ਡਰਦੇ ਸਨ ਜਿਤਨੀ ਬਕਰੀ ਵੀ ਸ਼ੇਰ ਤੋਂ ਨਹੀਂ ਡਰਦੀ (ਪੰਨਾ ੫੧)। ਮਿਸਟਰ ਬੈਰੀ ਦੇ ਮਾਤਹਤ ਕੈਦੀਆਂ ਵਿਚੋਂ ਬਣਾਇਆ ਇਕ ਪਠਾਣ ਜਮਾਂਦਾਰ ਸੀ, ਜੋ ਸਭ ਕੈਦੀਆਂ ਵਿਚੋਂ ਬਣਾਏ ਕਾਰਿੰਦਿਆਂ ਦਾ ਅਫਸਰ ਸੀ। ਉਸ ਨੇ ਗਦਰੀ ਕੈਦੀਆਂ ਤੋਂ ਪਹਿਲੋਂ ਗਏ ਰਾਜਸੀ ਕੈਦੀਆਂ ਨੂੰ ਇਤਨਾ ਲੱਤ ਹੇਠੋਂ ਦੀ ਲੰਘਾਇਆ ਹੋਇਆ ਸੀ ਕਿ ਉਹ ਉਸ ਦੀ ਖੁਸ਼ਾਮਦ ਕਰਕੇ ਦਿਨ ਕਟੀ ਕਰਦੇ। "ਖਾਨ ਸਾਹਿਬ ਨੂੰ ਖੁਸ਼ ਕਰਨ ਲਈ ਦੁਨੀਆਂ ਵਿਚ ਕੋਈ ਵੀ ਐਸੀ ਗਲ ਨਹੀਂ ਸੀ, ਜੋ ਅਸੀਂ ਕਰਨ ਵਾਸਤੇ ਤਿਆਰ ਨਹੀਂ ਸੀ§"। ਕੈਦੀਆਂ ਵਿਚੋਂ ਬਣਾਏ ਛੋਟੇ ਕਰਮਚਾਰੀ ਬਿਨਾਂ ਕਿਸੇ ਕਾਰਨ

*Indian Jail Committee, Vol. i, p. 290.

*Bhai Parmanand. pp 105-106.

†A Tale of my Exile, Barindra Kumar Ghose, p 32.

‡Memoirs of a Revolutionary, Upendra Nath Banerjee, p. 107.

§A Tale of my Exile, Barindra Kumar Ghose, pp. 72-73.

ਕੈਦੀ ਨੂੰ ਜਾ ਦੋ ਚਾਰ ਠੋਕ ਦੇਂਦੇ, ਕਿ ਉਹ ਲਾਈਨ ਵਿਚ ਸਿੱਧਾ ਕਿਉਂ ਨਹੀਂ ਬੈਠਿਆ, ਜਾਂ ਉਸ ਨੂੰ ਟੱਟੀ ਵਿਚ ਕਿਉਂ ਦੇਰ ਲਗ ਗਈ। ਜੇ ਉਹ ਜ਼ਰਾ ਵੀ ਅਗੋਂ ਕੁਸਕਦਾ ਤਾਂ ਡੰਡਾ ਵਰ੍ਹਾਇਆ ਜਾਂਦਾ। ਗਾਲ ਗਲੋਚ ਦਾ ਤਾਂ ਕੋਈ ਹਸਾਬ ਹੀ ਨਹੀਂ ਸੀ। ਮਾਮੂਲੀ ਗਲ ਬਦਲੇ ਕੈਦੀ ਨੂੰ ਬੈਰੀ ਸਾਹਿਬ ਅਗੇ ਪੇਸ਼ ਕਰਨ ਦੀ ਧਮਕੀ ਦਿਤੀ ਜਾਂਦੀ। ਜੇ ਬੈਰੀ ਸਾਹਿਬ ਉਸ ਨੂੰ ਸਿਰਫ ਧਮਕੀਆਂ ਅਤੇ ਗਾਲ ਗਲੋਚ ਕਰਕੇ ਛੱਡ ਦੇਂਦਾ, ਤਾਂ ਉਹ ਖੁਸ਼ਕਿਸਮਤ ਸਮਝਿਆ ਜਾਂਦਾ ਵਰਨਾਂ ਉਸ ਨੂੰ ਸੁਪ੍ਰਿੰਟਿੰਡੈਂਟ ਅਗੇ ਦੋਸ਼ੀ ਦੇ ਤੌਰ ਉਤੇ ਪੇਸ਼ ਕੀਤਾ ਜਾਂਦਾ*। ਕੈਦੀਆਂ ਵਿਚੋਂ ਬਣਾਏ ਕਰਮਚਾਰੀ ਛੋਟੀ ਛੋਟੀ ਗਲ ਦੀ ਆਪਣੇ ਅਫਸਰਾਂ ਪਾਸ ਜਾ ਰੀਪੋਟ ਕਰਦੇ, ਅਤੇ ਉਨ੍ਹਾਂ ਤੋਂ ਮਾੜਾ ਜਿਹਾ ਇਸ਼ਾਰਾ ਲੈ ਕੇ ਕੈਦੀ ਦੀ ਜਾਨ ਕੱਢਣ ਤੱਕ ਤਿਆਰ ਰਹਿੰਦੇ†।

ਮੁਸ਼ੱਕਤ ਬਾਰੇ ਸ੍ਰੀ ਬਰਿੰਦਰ ਕੁਮਾਰ ਘੋਸ਼ ਨੇ ਲਿਖਿਆ ਹੈ ਕਿ ਜਿਨ੍ਹਾਂ ਨੂੰ ਕੋਹਲੂ ਗੇੜ ਕੇ ਤੇਲ ਕੱਢਣ ਦੀ ਮੁਸ਼ੱਕਤ ਸੁਣਾਈ ਜਾਂਦੀ, ਉਨ੍ਹਾਂ ਨੂੰ ਉਸ ਰਾਤ ਨੀਂਦ ਨਾ ਆਉਂਦੀ। "ਕੋਹਲੂ ਗੇੜਨ ਨਾਲ ਹੱਟੇ ਕੱਟੇ ਆਦਮੀ ਵੀ ਥੱਕ ਕੇ ਚੂਰ ਹੋ ਜਾਂਦੇ। ਜੋ ਸਾਡਾ ਹਾਲ ਹੁੰਦਾ, ਉਸ ਦਾ ਤਾਂ ਕਹਿਣਾ ਹੀ ਕੀ ਹੈ। ਇਹ ਕੰਮ ਨਹੀਂ ਸੀ, ਇਹ ਤਾਂ ਘੋਲ ਸੀ। ਦਸਾਂ ਮਿੰਟਾਂ ਦੇ ਵਿਚ ਵਿਚ ਸਾਨੂੰ ਸਾਹ ਚੜ੍ਹ ਜਾਂਦਾ, ਅਤੇ ਜ਼ਬਾਨ ਖੁਸ਼ਕ ਹੋ ਜਾਂਦੀ। ਇਕ ਘੰਟੇ ਵਿਚ ਸਾਰੇ ਅੰਗ ਬੇ-ਹਿਸ ਹੋ ਜਾਂਦੇ‡"। ਨਾਰੀਅਲ ਦੇ ਛਿਲਕੇ ਵਿਚੋਂ ਰੇਸ਼ਾ (ਵਾਣ) ਕੱਢਣ ਦੀ ਮੁਸ਼ੱਕਤ ਕੋਹਲੂ ਗੇੜਨ ਨਾਲੋਂ ਘੱਟ ਸਖਤ ਸੀ, ਪਰ ਇਹ ਵੀ ਬਹੁਤ ਸੌਖੀ ਨਹੀਂ ਸੀ। "ਜੇਕਰ ਕਿਸੇ ਆਦਮੀ ਨੂੰ ਮੇਰੀ ਗਲ ਉੱਤੇ ਯਕੀਨ ਨਾ ਆਵੇ, ਤਾਂ ਮੈਂ ਉਸ ਨੂੰ ਅਧੀਨਗੀ ਨਾਲ ਬੇਨਤੀ ਕਰਾਂਗਾ ਕਿ ਉਹ ਮਿਸਟਰੀ ਬੈਰੀ ਦੇ ਰਾਜ ਵਿਚ ਜਾ ਕੇ ਕੇਵਲ ਇਕ ਹਫਤਾ ਕੋਹਲੂ ਗੇੜੇ ਅਤੇ ਨਾਰੀਅਲ ਦਾ ਛਿਲਕਾ ਕੁੱਟੇ। ਇਕ ਹਫਤੇ ਵਿਚ ਹੀ ਉਹ ਉਸ ਤਰ੍ਹਾਂ ਮਹਿਸੂਸ ਕਰਨ ਲਗੇ ਗਾ, ਜਿਵੇਂ ਇਕ ਹੋਰ ਅਵਤਾਰ ਨੇ ਸੂਲੀ ਉੱਤੇ ਮਹਿਸੂਸ ਕੀਤਾ ਸੀ*"।

ਸ੍ਰੀ ਬਰਿੰਦਰ ਕੁਮਾਰ ਦਾ ਬਿਆਨ ਕਰਨ ਦਾ ਆਪਣਾ ਹੀ ਲਹਿਜ਼ਾ ਹੈ, ਪਰ ਉਪ੍ਰੋਕਤ ਲਿਖਤ ਤੋਂ ਇਹ ਜ਼ਰੂਰ ਜ਼ਾਹਰ ਹੁੰਦਾ ਹੈ ਕਿ ਗਦਰੀ ਕੈਦੀਆਂ ਦੇ ਸੈਲੂਲਰ ਜੇਲ੍ਹ ਜਾਣ ਤੋਂ ਪਹਿਲੋਂ ਓਥੇ ਗਏ ਰਾਜਸੀ ਕੈਦੀ ਕਿਵੇਂ ਮਹਿਸੂਸ ਕਰਦੇ ਸਨ। ਸ੍ਰੀ ਇੰਦੂ ਭੂਸ਼ਨ ਨੇ ਤੰਗ ਆ ਕੇ ਆਤਮ ਘਾਤ ਕਰ ਲਿਆ ਸੀ। ਤਰਾਸ-ਵਾਦੀ ਕੈਦੀਆਂ ਨੇ ਇਹ ਫੈਸਲਾ ਕੀਤਾ ਕਿ ਇਸਤਰ੍ਹਾਂ ਆਪਣੇ ਆਪ ਨੂੰ ਕੋਹਣ ਨਾਲੋਂ ਚੰਗਾ ਹੈ ਕਿ ਇਸ ਕਿਸਮ ਦੀ ਮੁਸ਼ੱਕਤ ਕਰਨੋਂ ਇਨਕਾਰ ਕਰ ਦਿੱਤਾ ਜਾਵੇ, ਅਤੇ ਜੋ ਸਜ਼ਾਵਾਂ ਦਿੱਤੀਆਂ ਜਾਣ ਝੱਲੀਆਂ ਜਾਣ। ਸ੍ਰੀ ਨੰਦ ਗੋਪਾਲ, 'ਸਵਰਾਜ' (ਅਲਾਹਬਾਦ) ਦੇ ਐਡੀਟਰ, ਇਸ ਸਟਰਾਈਕ ਦੇ ਲੀਡਰ ਸਨ। ਹੜਤਾਲੀਆਂ ਨੂੰ ਚਾਰ ਦਿਨ ਲਈ ਕੰਮ ਖੁਰਾਕ ਅਤੇ ਇਸ ਦੇ ਨਾਲ ਲਗਵੀਂ ਸਤ ਦਿਨ ਲਈ ਖੜੀ ਬੇੜੀ ਤੇ ਡੰਡਾਬੇੜੀ ਦੀ ਸਜ਼ਾ ਦਿਤੀ ਗਈ। ਪਹਿਲੇ ਦਿਨ ਹੀ ਜੱਦ ਇਕ ਕੈਦੀ ਕਾਰਿੰਦਾ ਸ੍ਰੀ ਉਲਾਸਕਾਰ ਦੀ ਖੜੀ ਹੱਥ ਕੜੀ ਖੋਲ੍ਹਣ

*Bhai Parmanand, pp. 107-108; Barindara Kumar Ghose, pp. 32, 33, 39, 84.

†Bhai Parmanand p. 111.

‡A Tale of my Exile, Barindra Kumar Ghose, p. 85.

*A Tale of my Exile. Barindra Kumar Ghose, pp. 33, 50.



Digitized by Panjab Digital Library | www.panjabdigilib.org

ਗਿਆ, ਤਾਂ ਉਸ ਵੇਖਿਆ ਕਿ ਉਹ ਬੁਖਾਰ ਨਾਲ ਬੇਹੋਸ਼ ਹੋ ਗਏ ਸਨ ਅਤੇ ਕੁੰਡੇ ਤੋਂ ਲੱਟਕ ਰਹੇ ਸਨ। ਸ੍ਰੀ ਉਲਾਸਕਾਰ ਨੂੰ ਇਕਦੱਮ ਹਸਪਤਾਲ ਭੇਜਿਆ ਗਿਆ, ਜਿਥੇ ਉਹ ਅਗਲੇ ਦਿਨ ਚਲਾਣਾ ਕਰ ਗਏ*।

ਬੰਗਾਲੀ ਦੇਸ਼ ਭਗਤ ਕੈਦੀਆਂ ਨੇ ਬੜੀ ਬਹਾਦਰੀ ਨਾਲ ਸੈਲੂਲਰ ਜੇਲ੍ਹ ਦੀਆਂ ਸਖਤੀਆਂ ਦਾ ਮੁਕਾਬਲਾ ਕਰਨ ਦਾ ਯਤਨ ਕੀਤਾ; ਪਰ ਉਨ੍ਹਾਂ ਦੇ ਕੋਮਲ ਸ੍ਰੀਰ ਇਸ ਕੱਸ਼ਟ ਨੂੰ ਝੱਲਣ ਦੇ ਯੋਗ ਨਹੀਂ ਸਨ; ਅਤੇ, ਜਿਵੇਂ ਸ੍ਰੀ ਘੋਸ਼ ਨੇ ਬੜੀ ਈਮਾਨਦਾਰੀ ਨਾਲ ਮੰਨਿਆ ਹੈ, ਸਾਰਿਆਂ ਵਿਚ ਇਹ ਹੌਂਸਲਾ ਨਹੀਂ ਸੀ ਕਿ ਉਹ ਮੌਤ ਨੂੰ ਜੱਫੀਆਂ ਪਾ ਲੈਣ†। ਇਸ ਕਰਕੇ ਸਟਰਾਈਕਾਂ ਦਾ ਅੰਤਮ ਨਤੀਜਾ ਇਹ ਨਿਕਲਿਆ ਕਿ ਕਈ ਰਾਜਸੀ ਕੈਦੀ ਦੇਸ ਭੇਜ ਦਿਤੇ ਗਏ; ਅਤੇ ਜੋ ਪਿਛੇ ਰਹਿ ਗਏ, ਉਹ ਜਿਉਂ ਕੇ ਦਿਨ ਕਟੀ ਕਰਨ ਲਗ ਪਏ।

ਸੈਲੂਲਰ ਜੇਲ੍ਹ ਦੇ ਇਹ ਹਾਲਾਤ ਸਨ, ਅਤੇ ਜੇਲ੍ਹ ਕਰਮ ਚਾਰੀਆਂ ਦੀ ਚੜ੍ਹ ਮਚੀ ਹੋਈ ਸੀ, ਜਦ ਗਦਰੀ ਕੈਦੀਆਂ ਨੇ ਇਸ ਵਿਚ ਪ੍ਰਵੇਸ਼ ਕੀਤਾ। ਉਨ੍ਹਾਂ ਨੇ ਆਉਂਦਿਆਂ ਸਾਰ ਇਹ ਸਾਰਾ ਸਮਾਚਾਰ ਸੁਣ ਲਿਆ, ਅਤੇ ਉਨ੍ਹਾਂ ਨੂੰ ਪਤਾ ਲਗ ਗਿਆ ਕਿ ਕਿਵੇਂ ਸਰਵਰਕਰ ਭਾਈਆਂ ਅਤੇ ਹੋਰ ਰਾਜਸੀ ਕੈਦੀਆਂ ਨੂੰ ਕੋਹਲੂ ਗੇੜਨ ਲਈ ਮਜਬੂਰ ਕਰ ਦਿੱਤਾ ਗਿਆ ਸੀ‡।

ਗਦਰੀ ਕੈਦੀਆਂ ਨੇ ਇਹ ਫੈਸਲਾ ਕੀਤਾ ਕਿ ਉਹ ਕੋਹਲੂ ਗੇੜਨ ਦੀ ਮੁਸ਼ੱਕਤ ਨਹੀਂ ਕਰਨਗੇ, ਅਤੇ ਰਾਜਸੀ ਤੇ ਇਖਲਾਕੀ ਕੈਦੀਆਂ ਉੱਤੇ ਜ਼ੁਲਮ ਨਹੀਂ ਹੋਣ ਦੇਣਗੇ। ਜੇਲ੍ਹ ਕਰਮਚਾਰੀਆਂ ਨੂੰ ਵੀ ਮੁਖਬਰਾਂ ਰਾਹੀਂ ਇਸ ਫੈਸਲੇ ਦੀ ਖਬਰ ਪਹੁੰਚ ਗਈ। ਉਨ੍ਹਾਂ ਨੇ ਗਦਰੀ ਕੈਦੀਆਂ ਨੂੰ ਕੋਹਲੂ ਗੇੜਨ ਦੀ ਮੁਸ਼ੱਕਤ ਤਾਂ ਨਾ ਦਿਤੀ, ਪਰ ਹੋਰ ਢੰਗਾਂ ਨਾਲ ਉਨ੍ਹਾਂ ਦਾ (ਗਦਰੀ ਕੈਦੀਆਂ ਦਾ) ਇਮਤਿਹਾਨ ਲੈਣਾ ਸ਼ੁਰੂ ਕਰ ਦਿੱਤਾ।

## ਪਹਿਲੀ ਸਟਰਾਈਕ।

ਜੇਲ੍ਹਰ ਨੇ ਸ਼ਰਾਰਤ ਨਾਲ ਪਹਿਲੇ ਦਿਨ ਹੀ ਗਦਰੀ ਕੈਦੀਆਂ ਨੂੰ ਨਾਰੀਅਲ ਦਾ ਸੁੱਕਾ ਛਿਲਕਾ ਕੁਟਣ ਲਈ ਦਿੱਤਾ, ਜਦ ਕਿ ਦੂਜੇ ਕੈਦੀਆਂ ਨੂੰ ਹਰਾ ਦਿੱਤਾ ਜਾਂਦਾ ਸੀ। ਇਸ ਦਿਨ ਸਾਰਿਆਂ ਨੇ ਮੁਸ਼ੱਕਤ ਕੀਤੀ; ਪਰ ਇਹ ਪੂਰੀ ਨਾ ਹੋ ਸਕੀ, ਕਿਉਂਕਿ ਛਿਲਕਾ ਸੁੱਕਾ ਸੀ ਅਤੇ ਮੁਸ਼ੱਕਤ ਦਾ ਪਹਿਲਾ ਦਿਨ ਸੀ। ਜੇਲ੍ਹ ਦੇ ਕਾਇਦਿਆਂ ਮੁਤਾਬਕ ਕੈਦੀਆਂ ਦੀ ਮੁਸ਼ੱਕਤ ਬਾਰੇ ਪਹਿਲੇ ੧੫ ਦਿਨ ਰੀਪੋਟ ਨਹੀਂ ਸੀ ਕੀਤੀ ਜਾਂਦੀ। ਪਰ ਮਿਸਟਰ ਬੈਰੀ ਨੇ 'ਭਾਈ' ਪਰਮਾਨੰਦ ਅਤੇ ਸ੍ਰੀ ਪਰਮਾਨੰਦ (ਯੂ. ਪੀ.) ਦੋਹਾਂ ਨੂੰ ਬੁਲਾ ਲਿਆ, ਅਤੇ ਧਮਕਾਉਣਾ ਸ਼ੁਰੂ ਕਰ ਦਿੱਤਾ ਕਿ ਉਨ੍ਹਾਂ ਨੂੰ ਮੁਸ਼ੱਕਤ ਜ਼ਰੂਰ ਪੂਰੀ ਕਰਨੀ ਹੋਵੇਗੀ। ਭਾਈ ਪਰਮਾਨੰਦ ਨੇ ਤਾਂ ਔਖਾ ਕਹਿ ਕੇ ਪਿੱਛਾ ਛੁਡਾਇਆ, ਪਰ ਸ੍ਰੀ ਪਰਮਾਨੰਦ (ਯੂ. ਪੀ.) ਬੇਪਰਵਾਹ ਹੋਕੇ ਇੰਜ ਖੜੇ ਸੁਣਦੇ ਰਹੇ ਜਿਵੇਂ ਉਨ੍ਹਾਂ ਦਾ ਇਸ ਮੁਆਮਲੇ ਨਾਲ ਸੰਬੰਧ ਹੀ ਨਹੀਂ ਸੀ*।

ਅਗਲੇ ਦਿਨ ਫਿਰ ਸੁੱਕਾ ਛਿਲਕਾ ਕੁਟਣ ਲਈ ਦਿਤਾ ਗਿਆ। ਉਸ ਦਿਨ ਅਗੇ ਨਾਲੋਂ ਵੀ ਘੱਟ ਮੁਸ਼ੱਕਤ ਹੋ ਸਕੀ, ਕਿਉਂਕਿ ਹੱਥਾਂ ਨੂੰ ਛਾਲੇ ਪਏ ਹੋਏ ਸਨ। ਟੈਂਡਲ ਫੇਰ ਸ੍ਰੀ ਪਰਮਾ ਨੰਦ (ਯੂ. ਪੀ.) ਨੂੰ ਜੇਲ੍ਹਰ ਪਾਸ ਲੈ ਗਿਆ। ਜੇਲ੍ਹਰ ਨੇ ਕੁਬੱਚਨ ਬੋਲੇ, ਜਿਸ ਦਾ ਸ੍ਰੀ ਪਰਮਾਨੰਦ ਨੇ ਵੀ ਕੌੜਾ ਜਵਾਬ ਦਿੱਤਾ। ਇਸ ਪੁਰ ਜਦ ਜੇਲ੍ਹਰ ਸ੍ਰੀ ਪਰਮਾਨੰਦ ਨੂੰ ਮਾਰਨ ਲਈ ਉੱਠ ਕੇ ਉਨ੍ਹਾਂ ਵਲ ਵਧਣ ਲੱਗਾ, ਸ੍ਰੀ ਪਰਮਾ ਨੰਦ ਨੇ ਉਸ ਦੀ ਗੋਗੜ ਵਿਚ ਠੁਡਾ ਮਾਰ ਕੇ ਉਸ ਨੂੰ ਕੁਰਸੀ ਵਿਚ ਵਾਪਸ ਧੱਕ ਦਿੱਤਾ। ਕੁਰਸੀ ਉਲਟ ਗਈ ਅਤੇ ਨਾਲ ਹੀ ਜੇਲ੍ਹਰ ਫਰਸ਼ ਉਤੇ ਜਾ ਡਿੱਗਾ। ਟੈਂਡਲ ਅਤੇ ਜਮਾਂਦਾਰ ਸ੍ਰੀ ਪਰਮਾਨੰਦ ਉੱਤੇ ਟੁੱਟ ਪਏ, ਅਤੇ ਇਤਨਾ ਮਾਰਿਆ ਕਿ ਉਨ੍ਹਾਂ ਦੇ ਸਿਰ ਵਿਚੋਂ ਲਹੂ ਵਗਣ ਲਗ ਪਿਆ। ਸੁਪ੍ਰਿੰਟੈਂਡੈਂਟ ਨੇ ਸ੍ਰੀ ਪਰਮਾਨੰਦ ਨੂੰ ਵੀਹ ਬੈਂਤ ਲਾਉਣ ਦੀ ਸਜ਼ਾ ਦੇ ਦਿਤੀ, ਜੋ ਉਨ੍ਹਾਂ ਬਿਨਾਂ ਉਫ ਕੀਤੇ ਸਹਾਰੇ*।

ਪੰਜਾਬ ਪੁਲਸ ਦੇ ਅਫਸਰਾਂ ਆਪਣੀ ਲਿਖਤ ਵਿਚ ਇਸ ਵਾਕਿਆ ਨੂੰ ਥੋੜਾ ਹੋਰ ਤਰ੍ਹਾਂ ਲਿਖਿਆ ਹੈ। ਉਹ ਲਿਖਦੇ ਹਨ ਕਿ, "ਝਾਂਸੀ ਦਾ ਪਰਮਾਨੰਦ ਅੰਡੇਮਾਨ ਵਿਚ ਮੁਸ਼ਕਲ ਪੈਦਾ ਕਰ ਰਿਹਾ ਸੀ। ੧੩ ਦਸੰਬਰ ਨੂੰ ਉਸ ਦੀ ਪੋਰਟ ਬਲੇਅਰ ਦੇ ਜੇਲ੍ਹ ਦੇ ਦਫਤ੍ਰ ਵਿਚ ਇਸ ਵਾਸਤੇ ਪੇਸ਼ੀ ਕੀਤੀ ਗਈ ਕਿ ਉਸਨੇ ਨਾਰੀਅਲ ਦਾ ਛਿਲਕਾ ਕੁਟਣ ਦਾ ਕੰਮ, ਜੋ ਉਸ ਨੂੰ ਦਿਤਾ ਗਿਆ ਸੀ, ਕਰਨੋਂ ਨਾਹ ਕਰ ਦਿਤੀ ਸੀ। ਜਦੋਂ ਜੇਲ੍ਹ ਦਾ ਇਕ ਅਫਸਰ ਮਿਸਟਰ ਬੈਰੀ ਉਸ ਨੂੰ ਪੁਛ ਗਿਛ ਕਰ ਰਿਹਾ ਸੀ, ਉਸ ਨੇ ਚੀਫ ਵਾਰਡਰ ਦੀ ਛਾਤੀ ਵਿਚ ਸੱਟ ਮਾਰੀ। ਮਿਸਟਰ ਬੈਰੀ ਇਕ ਦੱਮ ਆਪਣੀ ਕੁਰਸੀ ਤੋਂ ਉਠੇ, ਜਿਸ ਪੁਰ ਕੈਦੀ ਨੇ ਉਨ੍ਹਾਂ ਦੀ ਗੋਗੜ ਵਿਚ ਠੁਡਾ ਮਾਰਿਆ। ਪਰਮਾਨੰਦ ਨੂੰ ਹੇਠਾਂ ਸੁੱਟ ਲਿਆ ਗਿਆ, ਪਰ ਉਸ ਨੇ ਉਠ ਕੇ ਫਿਰ ਮਿਸਟਰ ਬੈਰੀ ਦੀ ਲੱਤ ਉਤੇ ਠੁਡਾ ਮਾਰਿਆ, ਅਤੇ ਕੁਬੱਚਨ ਬੋਲੇ। ਜਦੋਂ ਉਸ ਉਤੇ ਜੇਲ੍ਹ ਦੇ ਨਿਯਮ ਭੰਗ ਕਰਨ ਬਦਲੇ ਮਕੱਦਮਾ ਚਲਾਇਆ ਗਿਆ, ਉਸ ਨੇ ਜਵਾਬ ਦਿਤਾ ਕਿ ਉਹ ਵਿਦਿਆਰਥੀ ਸੀ ਅਤੇ ਹੱਥੀਂ ਮੁਸ਼ਕੱਤ ਨਹੀਂ ਸੀ ਕਰ ਸਕਦਾ। ਕਿਉਂਕਿ ਉਸ ਦਾ ਦੋਸ਼ ਸੰਗੀਨ ਸੀ, ਇਸ ਵਾਸਤੇ ਉਸ ਨੂੰ ਵੀਹ ਬੈਂਤ ਅਤੇ ੬ ਮਹੀਨੇ ਡੰਡਾ ਬੇੜੀ ਦੀ ਸਜ਼ਾ ਦਿਤੀ ਗਈ*"।

ਜਿਉਂ ਹੀ ਸ੍ਰੀ ਪਰਮਾਨੰਦ ਨੂੰ ਸਜ਼ਾ ਦਿਤੀ ਜਾਣ ਦੀ ਖਬਰ ਦਾ ਗਦਰੀ ਕੈਦੀਆਂ ਨੂੰ ਪਤਾ ਲਗਾ, ਉਨ੍ਹਾਂ ਸਟਰਾਈਕ ਕਰ ਦਿਤੀ†, ਕਿਉਂਕਿ ਉਹ ਸਮਝਦੇ ਸਨ ਕਿ ਵਧੀਕੀ ਕਰਨ ਵਿਚ ਪਹਿਲ ਮਿਸਟਰ ਬੈਰੀ ਨੇ ਕੀਤੀ ਸੀ। ਸਟਰਾਈਕ ਹੋਣ ਉਤੇ ਜੇਲ੍ਹ ਕਰਮਚਾਰੀ ਘਬਰਾ ਗਏ, ਅਤੇ ਸ੍ਰੀ ਸੋਹਨ ਸਿੰਘ 'ਭਕਨਾ' ਅਤੇ ਉਨ੍ਹਾਂ ਦੇ ਗਦਰੀ ਸਾਥੀਆਂ ਦਾ ਬਿਆਨ ਹੈ ਕਿ ਮਿਸਟਰ ਬੈਰੀ ਨੇ 'ਭਾਈ' ਪਰਮਾਨੰਦ ਨੂੰ ਸੁਲਹ ਕਰਵਾਉਣ ਲਈ ਕਿਹਾ। 'ਭਾਈ' ਪਰਮਾਨੰਦ ਨੇ ਜਦ ਗਦਰੀ ਕੈਦੀਆਂ ਨਾਲ ਗਲ ਕੀਤੀ, ਤਾਂ ਉਨ੍ਹਾਂ ਜਵਾਬ ਦਿਤਾ ਕਿ ਕਸੂਰ ਤਾਂ ਜੇਲ੍ਹਰ ਦਾ ਹੈ ਕਿ ਉਸ ਨੇ ਹਰੇ ਦੀ ਥਾਂ ਸੁਕਾ ਛਿਲਕਾ ਦਿਤਾ ਅਤੇ ਸ੍ਰੀ ਪਰਮਾਨੰਦ (ਯੂ. ਪੀ.) ਨੂੰ ਪਹਿਲਾਂ ਕੁਬੱਚਨ ਬੋਲਿਆ। ਪਰ ਗਦਰੀ ਕੈਦੀ ਇਸ ਸ਼ਰਤ ਉਤੇ ਸਟਰਾਈਕ ਛੱਡਣ ਨੂੰ ਤਿਆਰ ਸਨ ਕਿ ਸ੍ਰੀ ਪਰਮਾਨੰਦ ਦੀ ਬਾਕੀ ਦੀ ਸਜ਼ਾ (ਛੇ ਮਹੀਨੇ ਦੀ ਡੰਡਾ ਬੇੜੀ) ਮਨਸੂਖ ਕਰ ਦਿਤੀ ਜਾਵੇ। ਮਿਸਟਰ ਬੈਰੀ ਇਹ ਮੰਨ ਗਿਆ ਕਿ ਗਦਰੀ ਕੈਦੀ ਕੰਮ ਸ਼ੁਰੂ ਕਰ ਦੇਣ, ਅਤੇ ਉਹ (ਬੈਰੀ) ਸੁਪ੍ਰਿੰਟੈਂਡੈਂਟ ਨੂੰ ਕਹਿਕੇ ਡੰਡਾ ਬੇੜੀ ਵਾਲੀ ਸਜ਼ਾ ਮਨਸੂਖ ਕਰਵਾ ਦੇਵੇਗਾ।

ਗਦਰੀ ਕੈਦੀ ਕੰਮ ਉਤੇ ਲਗ ਗਏ, ਪਰ ਕਈ ਹਫਤੇ

---

*A Tale of my Exile, Barindra Kumar Ghose, pp. 90 and 98.
†Ibid, p. 80.
‡Bhai Parmanand, p. 112.

*Bhai Parmanand, pp. 117-18.

*Bhai Parmanand, p. 119; A Tale of my Exile, Barindra Kumar Ghose, 115.

*Isemonger and Slattery, p. 130.
†Bhai Parmanand, p. 120; Barindra Kumar Ghose,. p 115.



Digitized by Panjab Digital Library | www.panjabdigilib.org

ਗੁਜ਼ਰ ਗਏ ਅਤੇ ਸ੍ਰੀ ਪਰਮਾਨੰਦ ਦੀ ਡੰਡਾ ਬੇੜੀ ਦੀ ਸਜ਼ਾ ਮਨਸੂਖ ਨਾ ਹੋਈ। 'ਭਾਈ' ਪਰਮਾਨੰਦ ਨੂੰ ਜਦ ਕਿਹਾ ਗਿਆ, ਤਾਂ ਉਨ੍ਹਾਂ ਵੀ ਜਵਾਬ ਦਿਤਾ ਕਿ ਉਹ ਕਈ ਵੇਰ ਮਿਸਟਰ ਬੈਰੀ ਨੂੰ ਕਹਿ ਚੁਕੇ ਸਨ, ਪਰ ਉਸ ਦਾ ਇਰਾਦਾ ਸਜ਼ਾ ਵਾਪਸ ਲੈਣ ਦਾ ਨਹੀਂ ਸੀ। 'ਭਾਈ' ਪਰਮਾਨੰਦ ਮੰਨਦੇ ਹਨ ਕਿ, "ਉਨ੍ਹਾਂ ਨੇ ਇਸ ਵੇਰ ਇਸ ਸ਼ਰਤ ਉਤੇ ਕੰਮ ਸ਼ੁਰੂ ਕਰ ਦੇਣਾ ਮੰਨਿਆ ਕਿ ਇਹੋ ਜੇਹਾ ਭੈੜਾ ਵਰਤਾਉ ਫਿਰ ਨਹੀਂ ਦੁਹਰਾਇਆ ਜਾਏਗਾ। ਪਰ ਇਹ ਨਾ ਮੁਮਕਨ ਸੀ। ਭਾਵੇਂ ਬੈਰੀ ਮੌਕਿਆ ਬਣਨ ਉਤੇ ਮਿਠੇ ਸ਼ਬਦ ਬੋਲ ਸਕਦਾ ਸੀ, ਪਰ ਉਸ ਦਾ ਦਿਲ ਜ਼ੁਲਮ ਅਤੇ ਜ਼ਹਿਰ ਨਾਲ ਭਰਿਆ ਹੋਇਆ ਸੀ। ਓਹ ਬਦਲੇ ਦੇ ਖਿਆਲ ਨਾਲ ਜਲ ਬਲ ਰਿਹਾ ਸੀ। ਉਸ ਨੇ ਸਾਡੇ (ਗਦਰੀ ਕੈਦੀਆਂ ਤੋਂ ਪਹਿਲੋਂ ਆਏ ਰਾਜਸੀ ਕੈਦੀਆਂ) ਵਿਚੋਂ ਪੁਰਾਣੇ ਇਕ ਦੋ ਕੈਦੀ ਚੋਰੀ ਆਪਣੇ ਵੱਲ ਕਰ ਲਏ ਅਤੇ ਆਪਣੀ ਖੇਡ ਖੇਡਣ ਲਈ ਤਿਆਰ ਹੋ ਗਿਆ*"।

ਸ੍ਰੀ ਸੋਹਨ ਸਿੰਘ 'ਭਕਨਾ' ਨੇ ਹਾਰ ਕੇ ੧੩ ਜਨਵਰੀ ੧੯੧੬ ਤੋਂ ਕੰਮ ਦੀ ਸਟਰਾਈਕ ਕਰ ਦਿੱਤੀ, ਜਿਸ ਵਿਚ, ਉਨ੍ਹਾਂ ਤੋਂ ਪਹਿਲੋਂ ਆਏ ਰਾਜਸੀ ਕੈਦੀਆਂ ਅਤੇ 'ਭਾਈ' ਪਰਮਾਨੰਦ ਦੇ ਸਵਾਏ, ਪਹਿਲੇ ਕੇਸ ਦੇ ਅੰਡੇਮਾਨ ਆਏ ਸਭ ਗਦਰੀ ਕੈਦੀ ਸ਼ਾਮਲ ਹੋ ਗਏ। ਸਟਰਾਈਕ ਕਰਨ ਬਦਲੇ ਸਭ ਹੜਤਾਲੀਆਂ ਨੂੰ ਛੇ ਛੇ ਮਹੀਨੇ ਵਾਸਤੇ ਕੋਠੀ ਬੰਦ, ਡੰਡਾ ਬੇੜੀ, ਹੱਥ-ਕੜੀ ਅਤੇ ਘੱਟ ਖੁਰਾਕ ਦੀ ਸਜ਼ਾ ਦਿਤੀ ਗਈ†। ਛੇ ਮਹੀਨੇ ਸਜਾਵਾਂ ਭੁਗਤਨ ਪਿਛੋਂ ਸਟਰਾਈਕ ਬੰਦ ਹੋ ਗਈ, ਕਿਉਂਕਿ ਇਸ ਸਮੇਂ ਤਕ ਸ੍ਰੀ ਪਰਮਾਨੰਦ (ਯੂ. ਪੀ.) ਨੂੰ ਮਿਲੀ ਸਜ਼ਾ, ਜਿਸ ਨੂੰ ਮਨਸੂਖ ਕਰਾਉਣ ਲਈ ਸਟਰਾਈਕ ਹੋਈ ਸੀ, ਵੀ ਪੂਰੀ ਹੋ ਚੁਕੀ ਸੀ।

### ਸ੍ਰੀ ਅਸ਼ੁਤੋਸ਼ ਲਹਿਰੀ।

ਸ੍ਰੀ ਅਸ਼ੁਤੋਸ਼ ਲਹਿਰੀ ਕਲਕੱਤਾ ਯੂਨੀਵਰਸਟੀ ਦੇ ਗ੍ਰੈਜੂਏਟ ਸਨ। ਉਹ ਅੱਠ ਮਹੀਨੇ ਨਾਰੀਅਲ ਦਾ ਛਿਲਕਾ ਕੁਟਣ ਵਰਗੀ ਸੱਖਤ ਮੁਸ਼ੱਕਤ ਕਰਦੇ ਰਹੇ। ਸੁਪ੍ਰਿੰਟੈਂਡੈਂਟ ਨੇ ਇਕਰਾਰ ਕੀਤਾ ਸੀ ਕਿ ਛੇ ਮਹੀਨੇ ਪਿਛੋਂ ਉਨ੍ਹਾਂ ਨੂੰ ਨਰਮ ਮੁਸ਼ੱਕਤ ਦਿੱਤੀ ਜਾਵੇਗੀ। ਅੱਠ ਮਹੀਨੇ ਗੁਜ਼ਰ ਗਏ, ਅਤੇ ਕਈ ਵੇਰ ਸ਼ਕਾਇਤ ਕਰਨ ਦੇ ਬਾਵਜੂਦ, ਉਨ੍ਹਾਂ ਨੂੰ ਨਰਮ ਮੁਸ਼ੱਕਤ ਨਾ ਦਿੱਤੀ ਗਈ। ਆਖਰ ਸ੍ਰੀ ਲਹਿਰੀ ਨੇ ਕੰਮ ਕਰਨੋਂ ਇਨਕਾਰ ਕਰ ਦਿੱਤਾ। ਸੁਪ੍ਰਿੰਡੈਂਟ ਮਿਸਟਰ ਮੱਰੇ ਜ਼ਿਦ ਵਿਚ ਆ ਗਏ, ਅਤੇ ਮਿਸਟਰ ਲਹਿਰੀ ਨੂੰ ਕਈ ਸਜ਼ਾਵਾਂ ਦਿੱਤੀਆਂ। ਅਖੀਰ ਵਿਚ ੯ ਜੂਨ ੧੯੧੬ ਨੂੰ ਮਿਸਟਰ ਲਹਿਰੀ ਨੂੰ ੧੫ ਬੈਂਤਾਂ ਅਤੇ ਛੇ ਮਹੀਨੇ ਲਈ ਡੰਡਾ ਬੇੜੀ ਤੇ ਕੋਠੀ ਬੰਦ ਦੀ ਸਜ਼ਾ ਦਿੱਤੀ ਗਈ*। ਜਦ ਗਦਰੀ ਕੈਦੀ ਸ੍ਰੀ ਲਹਿਰੀ ਦੀ ਹਮਦਰਦੀ ਵਿਚ ਹੜਤਾਲ ਕਰਨ ਵਾਸਤੇ ਤਿਆਰ ਹੋਏ, ਤਾਂ ਪੁਰਾਣੇ ਰਾਜਸੀ ਕੈਦੀਆਂ ਨੇ ਬੰਗਾਲੀ ਰਾਜਸੀ ਕੈਦੀਆਂ ਵਿਚ ਫੁਟ ਪਾ ਦਿੱਤੀ। ਛੇ ਮਹੀਨੇ ਗੁਜ਼ਰਨ ਪਿਛੋਂ, ਮਿਸਟਰ ਮੱਰੇ ਨੇ ਸ੍ਰੀ ਲਹਿਰੀ ਨੂੰ ਫਿਰ ਓਹੋ ਸਖਤ ਮੁਸ਼ੱਕਤ ਦਿੱਤੀ, ਅਤੇ ਧੱਮਕੀ ਦਿਤੀ ਕਿ ਜੇ ਉਨ੍ਹਾਂ ਇਨਕਾਰ ਕੀਤਾ ਤਾਂ ਸਜ਼ਾ ਵਧਾ ਦਿੱਤੀ ਜਾਵੇਗੀ। ਇਸ ਗਲ ਨੇ ਮਿਸਟਰ ਲਹਿਰੀ ਨੂੰ ਕੰਮ ਕਰਨ ਵਾਸਤੇ ਮਜਬੂਰ ਕਰ ਦਿੱਤਾ†।

*Bhai Parmanand, p. 120.

†'Bengalee', Calcutta, 16th June, 1918. ਅੰਡੇਮਾਨ ਦੇ ਚੀਫ ਕਮਿਸ਼ਨਰ, ਐਮ. ਡਬਲਯੂ. ਡਗਲਸ, ਦੀ ੨੬ ਜੁਲਾਈ ੧੯੧੮ ਦੇ 'ਬੰਗਾਲੀ' ਵਿਚ ਛਪੀ ਚਿੱਠੀ ਵਿਚ ਇਨ੍ਹਾਂ ਸਜ਼ਾਵਾਂ ਦਿਤੀਆਂ ਜਾਣ ਤੋਂ ਇਨਕਾਰ ਨਹੀਂ ਕੀਤਾ ਗਿਆ।

*'Bengalee', Calcutta, 16th June, 1918.

†Ibid; ੨੬ ਜੁਲਾਈ ੧੯੧੮ ਦੇ 'ਬੰਗਾਲੀ' ਵਿਚ ਚੀਫ ਕਮਿਸ਼ਨਰ, ਅੰਡੇਮਾਨ. ਦੀ ਛਪੀ ਚਿਠੀ ਵਿਚ ਉਪਰ ਦਿੱਤੇ ਵਾਕਿਆਤ

### ਘਾਹ ਕੱਟਣ ਦਾ ਵਾਕਿਆ।

ਐਤਵਾਰ ਛੁਟੀ ਦਾ ਦਿਨ ਹੁੰਦਾ ਅਤੇ ਕੈਦੀ ਤੋਂ ਮੁਸ਼ੱਕਤ ਨਾ ਲਈ ਜਾਂਦੀ। ਜੁਲਾਈ ੧੯੧੬ ਵਿਚ ਮਿਸਟਰ ਬੈਰੀ ਨੇ ਰਾਜਸੀ ਕੈਦੀਆਂ ਕੋਲੋਂ ਵੀ ਐਤਵਾਰ ਵਾਲੇ ਦਿਨ ਅਹਾਤੇ ਦਾ ਘਾਹ ਕਟਾਉਣ ਦਾ ਹੁਕਮ ਦੇ ਦਿੱਤਾ। ਗਦਰੀ ਕੈਦੀਆਂ ਨੇ ਇਹ ਹੁਕਮ ਮੰਨਣੋਂ ਨਾਂਹ ਕਰ ਦਿੱਤੀ। ਦੂਸਰੇ ਅਹਾਤਿਆਂ ਦੇ ਨੰਬਰ-ਦਾਰਾਂ ਅਤੇ ਟੈਂਡਲਾਂ ਨੇ ਤਾਂ ਇਹ ਹੁਕਮ ਮੰਨਵਾਉਣ ਦਾ ਜ਼ੋਰ ਨਾ ਦਿੱਤਾ, ਪਰ ਪੰਜ ਨੰਬਰ ਦੇ ਅਹਾਤੇ ਦੇ ਨੰਬਰਦਾਰ ਨੇ ਘਾਹ ਸਾਫ ਕਰਨ ਉੱਤੇ ਜ਼ੋਰ ਦਿੱਤਾ। ਇਸ ਅਹਾਤੇ ਵਿਚ 'ਮਾਸਟਰ' ਚਤਰ ਸਿੰਘ, 'ਪੰਡਤ' ਜਗਤ ਰਾਮ, ਸ੍ਰੀ ਹਜ਼ਾਰਾ ਸਿੰਘ, ਸ੍ਰੀ ਸਾਵਨ ਸਿੰਘ, ਸ੍ਰੀ ਖੁਸ਼ਾਲ ਸਿੰਘ, ਸ੍ਰੀ ਕੇਹਰ ਸਿੰਘ ਅਤੇ ਇਕ ਹੋਰ ਗਦਰੀ ਕੈਦੀ ਸਨ। ਘਾਹ ਕਟਣੋਂ ਇਨਕਾਰ ਕਰਨ ਬਦਲੇ, "ਦੋ ਨੂੰ ਤਿੰਨ ਮਹੀਨੇ ਲਈ ਕੈਦ ਤਿਨਹਾਈ, ਅਤੇ ਪੰਜ ਨੂੰ ਛੇ ਮਹੀਨੇ ਲਈ ਕੈਦ ਤਿਨਹਾਈ, ਡੰਡਾ ਬੇੜੀ ਅਤੇ ਘੱਟ ਖੁਰਾਕ ਦੀ ਸਜ਼ਾ ਦਿੱਤੀ ਗਈ.........ਸਿਖਾਂ ਦਾ ਤਾਂ ਕਹਿਣਾ ਕੀ ਹੈ, ਘਟ ਖੁਰਾਕ ਨਾਲ ਔਸਤ ਆਦਮੀ ਦੀ ਭੁਖ ਵੀ ਮੱਠੀ ਨਹੀਂ ਹੁੰਦੀ। ਛੇ ਮਹੀਨੇ ਲਗਾਤਾਰ ਕੈਦ ਤਿਨਹਾਈ ਦੇ ਵਿਚ ਭੁਖਿਆਂ ਰਹਿਣ ਨਾਲ ਸ਼੍ਰੀਰ ਅਤੇ ਮਨ ਬਹੁਤ ਕਮਜ਼ੋਰ ਹੋ ਜਾਂਦਾ ਹੈ, ਖਾਸ ਕਰ ਐਸੀ ਆਬੋਹਵਾ ਵਿਚ*"।

ਅੰਡੇਮਾਨ ਦੇ ਚੀਫ ਕਮਿਸ਼ਨ ਨੇ ੨੬ ਜੁਲਾਈ ਦੇ 'ਬੰਗਾਲੀ' ਵਿਚ ਛਪਵਾਈ ਚਿੱਠੀ ਵਿਚ ਇਹ ਮੰਨਿਆ ਹੈ ਕਿ ਘਾਹ ਨਾ ਕੱਟਣ ਬਦਲੇ ਸਜ਼ਾ ਦਿੱਤੀ ਗਈ। ਆਪਣੇ ਹੱਕ ਵਿਚ ਸਿਰਫ ਉਸ ਨੇ ਇਹ ਦਲੀਲ ਦਿੱਤੀ ਹੈ ਕਿ ਕੈਦੀ ਕੋਠੜੀਆਂ ਵਿਚ ਬੰਦ ਰਹਿਣ ਨਾਲੋਂ ਘਾਹ ਕਟਣ ਨੂੰ ਪਸੰਦ ਕਰਦੇ ਸਨ, ਅਤੇ ਹੋਰ ਅਹਾਤਿਆਂ ਦੇ ਰਾਜਸੀ ਕੈਦੀਆਂ ਨੇ ਅਜਿਹਾ ਨਾ ਕੀਤਾ। ਪਰ ਉਪਰ ਵੇਖਿਆ ਜਾ ਚੁਕਾ ਹੈ ਕਿ ਪੰਜ ਨੰਬਰ ਤੋਂ ਬਿਨਾਂ ਬਾਕੀ ਅਹਾਤਿਆਂ ਦੇ ਜਮਾਂਦਾਰਾਂ ਨੇ ਇਹ ਹੁਕਮ ਮੰਨਵਾਉਣ ਉਤੇ ਜ਼ੋਰ ਨਹੀਂ ਸੀ ਦਿੱਤਾ।

**'ਭਾਈ' ਭਾਨ ਸਿੰਘ।** ਫਰਵਰੀ ੧੯੧੭ ਵਿਚ 'ਭਾਈ' ਭਾਨ ਸਿੰਘ ਨੂੰ ਇਕ ਯੂਰਪੀਨ ਵਾਰਡਰ ਨੇ ਕੁਬੱਚਨ ਬੋਲੇ ਅਤੇ ਉਨ੍ਹਾਂ ਵੀ ਅਗੋਂ ਉਸੇ ਤਰ੍ਹਾਂ ਦਾ ਜਵਾਬ ਦਿਤਾ। ਇਸ ਬਦਲੇ 'ਭਾਈ' ਭਾਨ ਸਿੰਘ ਨੂੰ ਛੇ ਮਹੀਨੇ ਲਈ ਡੰਡਾ ਬੇੜੀ, ਘਟ ਖੁਰਾਕ ਅਤੇ ਕੈਦ ਤਿਨਹਾਈ ਦੀ ਸਜ਼ਾ ਦਿਤੀ ਗਈ। ਮਿਸਟਰ ਬੈਰੀ 'ਭਾਈ' ਭਾਨ ਸਿੰਘ ਨੂੰ ਕਈ ਵੇਰ ਉਨ੍ਹਾਂ ਦੀ ਕੋਠੜੀ ਵਿਚ ਵੇਖਣ ਆਉਂਦਾ। ਜੂਨ ੧੯੧੭ ਵਿਚ ਇਕ ਦਿਨ ਮਿਸਟਰ ਬੈਰੀ ਨੇ 'ਭਾਈ' ਭਾਨ ਸਿੰਘ ਨੂੰ ਬੁਰਾ ਭਲਾ ਕਿਹਾ ਅਤੇ ਅਗੋਂ ਵੀ ਐਸਾ ਹੀ ਜਵਾਬ ਮਿਲਿਆ। ਮਿਸਟਰ ਬੈਰੀ ਨੇ ਕੈਦੀ ਅਫਸਰਾਂ ਨੂੰ 'ਭਾਈ' ਭਾਨ ਸਿੰਘ ਨੂੰ ਸਬੱਕ ਸਖਾਉਣ ਦਾ ਹੁਕਮ ਦਿਤਾ। ਅਠ ਵਜੇ ਸਵੇਰੇ ਤਿਨ ਚਾਰ ਆਦਮੀਆਂ ਨੇ 'ਭਾਈ' ਭਾਨ ਸਿੰਘ ਦੀ ਕੋਠੜੀ ਵਿਚ ਜਾ ਕੇ ਉਨ੍ਹਾਂ ਨੂੰ ਖੂਬ ਕੁੱਟਿਆ। ਦਸ ਵਜੇ ਮਿਸਟਰ ਬੈਰੀ ਇਕ ਦਰਜਨ ਯੂਰਪੀਨ ਵਾਰਡਰਾਂ, ਹਿੰਦੀ ਵਾਰਡਰਾਂ, ਜਮਾਦਾਰਾਂ ਤੇ ਟੈਂਡਲਾਂ ਸਮੇਤ ਆਇਆ, ਅਤੇ 'ਭਾਈ' ਭਾਨ ਸਿੰਘ ਨੂੰ ਪਿੰਜਰਾ ਕੋਠੜੀ ਵਿਚ ਲੈ ਜਾਕੇ ਕੁੱਟਿਆ। ਉਨ੍ਹਾਂ ਨੂੰ ਫਿਰ ਬੇ-ਮਿਆਦੇ ਸਮੇਂ ਲਈ ਡੰਡਾ ਬੇੜੀ ਅਤੇ ਪਿੰਜਰਾ

ਅਤੇ ਮਿਸਟਰ ਲਹਿਰੀ ਨੂੰ ਦਿੱਤੀਆਂ ਗਈਆਂ ਸਜ਼ਾਵਾਂ ਤੋਂ ਇਨਕਾਰ ਨਹੀਂ ਕੀਤਾਂ ਗਿਆ। ਇਸ ਬਾਰੇ ਚੀਫ ਕਮਿਸ਼ਨਰ ਨੇ ਆਪਣੀ ਸਫਾਈ ਵਿਚ ਸਿਰਫ ਇਹ ਲਿਖਿਆ ਕਿ ਛਿਲਕਾ ਕੁਟਣ ਦਾ ਕੰਮ ਇਤਨਾ ਸਖਤ ਨਹੀਂ; ਤੰਦਰੁਸਤ ਕੈਦੀਆਂ ਨੂੰ ਇਸ ਕਿਸਮ ਦੀ ਮੁਸ਼ੱਕਤ ਇਕ ਸਾਲ ਦੇਣ ਤਕ ਦਾ ਦਸਤੂਰ ਸੀ, ਅਤੇ ਮਿਸਟਰ ਲਹਿਰੀ ਨੂੰ ਨਰਮ ਮੁਸ਼ੱਕਤ ਦੇਣ ਦਾ ਇਕਰਾਰ ਨਹੀਂ ਸੀ ਕੀਤਾ ਗਿਆ।

*'Bengalee' 16th June, 1918.

ਕੋਠੜੀ ਵਿਚ ਬੰਦ ਕੀਤੇ ਜਾਣ ਦੀ ਸਜ਼ਾ ਦਿਤੀ ਗਈ*।

ਗਦਰੀ ਇਨਕਲਾਬੀਆਂ, ਜੋ ਉਸ ਸਮੇਂ ਸੈਲੂਲਰ ਜੇਲ੍ਹ ਵਿਚ ਸਨ, ਦਾ ਬਿਆਨ ਹੈ ਕਿ ਜਦ ਮਿਸਟਰ ਬੈਰੀ ਵਾਰਡਰਾਂ ਤੇ ਜਮਾਦਾਰਾਂ ਆਦਿ ਦੀ ਧਾੜ ਲੈਕੇ 'ਭਾਈ' ਭਾਨ ਸਿੰਘ ਦੀ ਕੋਠੜੀ ਵੱਲ ਆਇਆ, ਤਾਂ ਉਸ ਸਮੇਂ ਉਸ ਅਹਾਤੇ ਵਿਚਲੇ ਹੋਰ ਗਦਰੀ ਕੈਦੀਆਂ (ਸ਼੍ਰੀ ਉਧਮ ਸਿੰਘ 'ਕਸੇਲ', ਸ਼੍ਰੀ ਗੁਰਮਖ ਸਿੰਘ 'ਲਲਤੋਂ', 'ਸੰਤ' ਵਸਾਖਾ ਸਿੰਘ ਅਤੇ ਸ਼੍ਰੀ ਪਰਮਾਨੰਦ ਯੂ. ਪੀ. ਵਾਲੇ) ਨੂੰ ਪਤਾ ਲਗ ਗਿਆ। ਉਹ ਹੇਠੋਂ ਜੋ ਕੁਝ ਵੀ ਉਨ੍ਹਾਂ ਦੇ ਹੱਥ ਵਿਚ ਆਇਆ ਲੈਕੇ 'ਭਾਈ' ਭਾਨ ਸਿੰਘ ਦੀ ਮਦਦ ਲਈ ਉਪਰ ਚੜ੍ਹਨ ਲਈ ਦੌੜੇ, ਪਰ ਜੇਲ੍ਹ ਕਰਮ ਚਾਰੀਆਂ ਨੇ ਅਗੋਂ ਅੰਦਰੋਂ ਬੂਹਾ ਬੰਦ ਕਰ ਲਿਆ†।

**ਦੂਸਰੀ ਸਟਰਾਈਕ**। 'ਭਾਈ' ਭਾਨ ਸਿੰਘ ਨਾਲ ਲਗਾਤਾਰ ਹੋਈ ਸਖਤੀ ਅਤੇ ਕਈ ਵੇਰ ਦੀ ਮਾਰ ਕਟਾਈ ਦਾ ਇਹ ਨਤੀਜਾ ਹੋਇਆ ਕਿ ਉਨ੍ਹਾਂ ਦੀ ਸਿਹਤ ਵਿਗੜ ਗਈ ਅਤੇ ਉਨ੍ਹਾਂ ਨੂੰ ਹਸਪਤਾਲ ਲੈ ਜਾਣਾ ਪਿਆ, ਜਿਥੇ ਉਹ ਕੁਝ ਸਮੇਂ ਪਿਛੋਂ ਚਲਾਣਾ ਕਰ ਗਏ। 'ਭਾਈ' ਭਾਨ ਸਿੰਘ ਨਾਲ ਕੀਤੇ ਗਏ ਸਖਤ ਵਰਤਾਉ ਨੂੰ ਰਾਸਜੀ ਕੈਦੀਆਂ ਬੁਰਾ ਮੰਨਾਇਆ ਅਤੇ ਉਨ੍ਹਾਂ ਵਿਚੋਂ ਕਈਆਂ ਨੇ ਹੜਤਾਲ ਕਰ ਦਿਤੀ‡।

ਅੰਡੇਮਾਨ ਦੇ ਕਮਿਸ਼ਨਰ ਦੇ ਲਫਜ਼ਾਂ ਵਿਚ, "ਭਾਨ ਸਿੰਘ ਨੇ ਗੜਬੜ ਜਾਰੀ ਰਖੀ। ਅਕਤੂਬਰ ੧੯੧੭ ਨੂੰ ਹਥਕੜੀ ਲਾਏ ਜਾਣ ਵੇਲੇ ਉਸ ਨੇ ਜ਼ਬਰਦਸਤੀ ਮੁਕਾਬਲਾ ਕੀਤਾ। ਹੱਥਕੜੀ ਲਾਉਣ ਦੀ ਸਜ਼ਾ ਉਸ ਨੂੰ ਇਸ ਵਾਸਤੇ ਦਿਤੀ ਗਈ ਸੀ ਕਿ ਉਹ ਪਰੇਡ ਵੇਲੇ ਉਠਦਾ ਨਹੀਂ ਸੀ ਰਿਹਾ। ਭਾਨ ਸਿੰਘ ਨੇ ਬਿਆਨ ਦਿਤਾ ਕਿ ਉਸ ਨੂੰ ਮਾਰਿਆ ਗਿਆ ਸੀ, ਪਰ ਬੜੇ ਗਹੁ ਨਾਲ ਕੀਤੀ ਤਫਤੀਸ਼ ਤੋਂ ਪਤਾ ਲਗਾ ਕਿ ਇਹ ਗਲ ਗਲਤ ਸੀ। ਕੁਝ ਦਿਨ ਪਿਛੋਂ ੨੯ ਗਦਰੀਆਂ ਨੇ ਇਸ ਬਿਨਾ ਉਤੇ ਕੰਮ ਦੀ ਹੜਤਾਲ ਕਰ ਦਿਤੀ ਕਿ ਭਾਨ ਸਿੰਘ ਨੂੰ ਕੁਟਿਆ ਗਿਆ ਅਤੇ ਉਸ ਨਾਲ ਇਨਸਾਫ ਨਹੀਂ ਕੀਤਾ ਗਿਆ*"।

ਇਸ ਸਟਰਾਈਕ ਵਿਚ ਪਹਿਲੇ ਮੁਕੱਦਮੇ ਦੇ ਗਦਰੀ ਕੈਦੀਆਂ ਤੋਂ ਇਲਾਵਾ, ਬਰਮਾ ਕੇਸ ਦੇ ਕੈਦੀ ਅਤੇ ਨਵੇਂ ਆਏ ਬੰਗਾਲੀ ਰਾਜਸੀ ਕੈਦੀ, ਜਿਨ੍ਹਾਂ ਨੂੰ ਗਦਰ ਪਾਰਟੀ ਲਹਿਰ ਵਿਚ ਹਿੱਸਾ ਲੈਣ ਬਦਲੇ ਸਜ਼ਾ ਮਿਲੀ ਸੀ, ਵੀ ਸ਼ਾਮਲ ਸਨ। ਸ਼੍ਰੀ ਸੋਹਨ ਸਿੰਘ 'ਭਕਨਾ' ਮੁਤਾਬਕ ਸਟਰਾਈਕ ਵਿਚ ਹਿੱਸਾ ਲੈਣ ਵਾਲਿਆਂ ਦੀ ਗਿਣਤੀ ੨੯ ਤੋਂ ਵੱਧ ਸੀ, ਜਿਨ੍ਹਾਂ ਦੇ ਨਾਮ ਇਹ ਹਨ:-

ਸ਼੍ਰੀ ਸੋਹਨ ਸਿੰਘ 'ਭਕਨਾ', ਸ਼੍ਰੀ ਕੇਸਰ ਸਿੰਘ 'ਠਠਗੜ੍ਹ', ਸ਼੍ਰੀ ਜਵਾਲਾ ਸਿੰਘ 'ਠਟੀਆਂ', ਸ਼੍ਰੀ ਨਿਧਾਨ ਸਿੰਘ 'ਚੁਘਾ', ਸ਼੍ਰੀ ਪਰਮਾਨੰਦ (ਯੂ. ਪੀ.), 'ਸੰਤ' ਵਸਾਖਾ ਸਿੰਘ, ਸ਼੍ਰੀ ਪਿਰਥੀ ਸਿੰਘ, ਸ਼੍ਰੀ ਗੁਰਮੁਖ ਸਿੰਘ 'ਲਲਤੋਂ', ਸ਼੍ਰੀ ਹਰਨਾਮ ਸਿੰਘ 'ਟੁੰਡੀ ਲਾਟ', ਸ਼੍ਰੀ ਸ਼ੇਰ ਸਿੰਘ 'ਵੇਈਂਪੁਈਂ', ਸ਼੍ਰੀ ਰੂੜ ਸਿੰਘ 'ਚੂਹੜ ਚੱਕ', ਬਾਬੂ ਭੁਪਿੰਦਰ ਨਾਥ, ਸ਼੍ਰੀ ਸਚਿੰਦਰ ਨਾਥ ਸਾਨਿਯਾਲ, ਸ਼੍ਰੀ ਅੰਮ੍ਰਿਤ ਬਾਬੂ, ਸ਼੍ਰੀ ਤਰਲੋਕੀ ਨਾਥ ਚਕਰਵਰਤੀ, ਸ਼੍ਰੀ ਜੋਤੀਸ਼, ਸ਼੍ਰੀ ਜੋਤਿਨ ਬਾਬੂ, 'ਪੰਡਿਤ' ਰਾਮ ਰਖਾ, ਸ਼੍ਰੀ ਮੁਸਤਫਾ ਹੁਸੈਨ, ਸ਼੍ਰੀ ਅਲੀ ਅਹਿਮਦ ਸਦੀਕੀ, ਸ਼੍ਰੀ ਅਮਰ ਸਿੰਘ 'ਐਨਜੀਨੀਅਰ', ਸ਼੍ਰੀ ਕਪੂਰ ਸਿੰਘ, ਸ਼੍ਰੀ ਕੇਹਰ ਸਿੰਘ, ਸ਼੍ਰੀ ਨੰਦ ਸਿੰਘ, ਸ਼੍ਰੀ ਰੁਲੀਆ ਸਿੰਘ, ਸ਼੍ਰੀ ਇੰਦਰ ਸਿੰਘ 'ਗਰੰਥੀ', ਸ਼੍ਰੀ ਨੰਦ ਸਿੰਘ ਬੁਰਜ, ਸ਼੍ਰੀ ਕੇਹਰ ਸਿੰਘ 'ਮਠਹਾਨਾ', ਸ਼੍ਰੀ ਹਜ਼ਾਰਾ ਸਿੰਘ, ਸ਼੍ਰੀ ਜਵੰਦ ਸਿੰਘ, ਸ਼੍ਰੀ ਕਾਲਾ ਸਿੰਘ, ਸ਼੍ਰੀ ਗੁਰਦਿੱਤ ਸਿੰਘ, ਸ਼੍ਰੀ ਚੂਹੜ ਸਿੰਘ, ਸ਼੍ਰੀ ਮਦਨ ਸਿੰਘ 'ਗਾਗਾ', ਸ਼੍ਰੀ ਹਰਦਿਤ ਸਿੰਘ, ਸ਼੍ਰੀ ਰੋਡਾ ਸਿੰਘ, ਸ਼੍ਰੀ ਜੀਵਨ ਸਿੰਘ, ਸ਼੍ਰੀ ਬਿਸ਼ਨ ਸਿੰਘ, ਸ਼੍ਰੀ ਬਿਸ਼ਨ ਸਿੰਘ 'ਭਲਵਾਨ', ਸ਼੍ਰੀ ਖੁਸ਼ਾਲ ਸਿੰਘ, ਸ਼੍ਰੀ ਸਾਵਨ ਸਿੰਘ, ਸ਼੍ਰੀ ਮੰਗਲ ਸਿੰਘ, ਸ਼੍ਰੀ ਇੰਦਰ ਸਿੰਘ 'ਭਸੀਨ', ਅਤੇ ਸ਼੍ਰੀ ਚੰਨਣ ਸਿੰਘ 'ਢੰਡ'।

ਸਟਰਾਈਕ ਕਰਨ ਵਾਲਿਆਂ ਨੂੰ ਤਿੰਨ ਤਿੰਨ ਜਾਂ ਛੇ ਛੇ ਮਹੀਨੇ ਲਈ ਡੰਡਾ ਬੇੜੀ ਅਤੇ ਕੈਦ ਤਿਨਹਾਈ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ*। ਸ਼੍ਰੀ ਰੂੜ ਸਿੰਘ 'ਚੂਹੜ ਚੱਕ' ਅਤੇ ਸ਼੍ਰੀ ਕਾਲਾ ਸਿੰਘ ਨੂੰ ਛੇ ਮਹੀਨੇ ਲਗਾਤਾਰ ਰੋਜ਼ਾਨਾ ਖੜੀ ਹੱਥ ਕੜੀ ਲਗਦੀ ਰਹੀ। ਸ਼੍ਰੀ ਪਿਰਥੀ ਸਿੰਘ ਅਤੇ ਸ਼੍ਰੀ ਸੋਹਨ ਸਿੰਘ 'ਭਕਨਾ' ਨੇ ਸਟਰਾਈਕ ਦੇ ਨਾਲ ਹੀ ਸ਼ੁਰੂ ਤੋਂ ਭੁਖ ਹੜਤਾਲ ਕਰ ਦਿੱਤੀ। ਸਰਦੀਆਂ ਦੇ ਦਿਨਾਂ ਵਿਚ ਡੰਗੀਆਂ ਤੋਂ ਚੁਕਵਾ ਕੇ ਹਰ ਰੋਜ਼ ਨਹਾਉਣ ਵਾਲੇ ਹੌਜ਼ ਉਤੇ ਲਿਜਾਕੇ ਠੰਡਾ ਪਾਣੀ ਪਾਇਆ ਜਾਂਦਾ, ਅਤੇ ਪਿਛੋਂ ਬਗੈਰ ਕੰਬਲ ਦਿੱਤੇ ਕੋਠੀਆਂ ਵਿਚ ਠੰਡੇ ਫਰਸ਼ ਉੱਤੇ ਸੁੱਟ ਦਿੱਤਾ ਜਾਂਦਾ। ਫਿਰ ਜੇਲ੍ਹਰ ਹੁਕਮ ਦੇਂਦਾ ਕਿ ਇਨ੍ਹਾਂ ਨੂੰ ਤੋਰਿਆ ਜਾਏ। ਇਕ ਆਦਮੀ ਅਗੋਂ ਬੇੜੀ ਖਿਚਦਾ ਅਤੇ ਦੋ ਆਦਮੀ ਬਾਹਵਾਂ ਤੋਂ ਫੜਕੇ ਕਈ ਦਿਨ ਦੇ ਭੁਖਿਆਂ ਨੂੰ ਜ਼ਬਰਦਸਤੀ ਤੋਰਦੇ। ਬੇੜੀਆਂ ਖਿੱਚਣ ਨਾਲ ਗਿਟਿਆਂ ਉੱਤੇ ਘਾਉ ਪੈ ਜਾਂਦੇ ਅਤੇ ਖੂਨ ਵਗਦਾ।

ਭੁਖ ਹੜਤਾਲ ਵਿਚ ਪਿਛੋਂ ਤਿੰਨ ਹੋਰ ਗਦਰੀ ਕੈਦੀ ਸ਼ਾਮਲ ਹੋ ਗਏ। ਸ਼੍ਰੀ ਪਿਰਥੀ ਸਿੰਘ ਨੇ ਛੇ ਮਹੀਨੇ, ਸ਼੍ਰੀ ਜਵੰਦ ਸਿੰਘ 'ਸੁਰਸਿੰਗ' ਨੇ ਚਾਰ ਮਹੀਨੇ, ਮੌਲਵੀ ਮੁਸਤਫਾ ਹੁਸੈਨ ਨੇ ਸਾਢੇ ਤਿੰਨ ਮਹੀਨੇ, ਅਤੇ ਸ਼੍ਰੀ ਸੋਹਨ ਸਿੰਘ 'ਭਕਨਾ' ਨੇ ਦੋ ਮਹੀਨੇ ਭੁਖ ਹੜਤਾਲ ਜਾਰੀ ਰੱਖੀ। ਬਰਮਾ ਕੇਸ ਦੇ ਸ਼੍ਰੀ ਰਾਮ ਰੱਖਾ ਨੇ ਤਾਂ ਇਸ ਸਟਰਾਈਕ ਅਤੇ ਭੁਖ ਹੜਤਾਲ ਦੇ ਦੌਰਾਨ ਵਿਚ ਪ੍ਰਾਣ ਤਿਆਗ ਦਿਤੇ।

ਸ਼੍ਰੀ ਬਰਿੰਦਰ ਕੁਮਾਰ ਘੋਸ਼ ਲਿਖਦੇ ਹਨ ਕਿ, "ਅੰਡੇਮਾਨ ਵਿਚ ਬ੍ਰਾਹਮਣਾਂ ਦਾ ਜਨੇਊ ਉਤਾਰ ਲਿਆ ਜਾਂਦਾ, ਪਰ ਮੁਸਲਮਾਨਾਂ ਅਤੇ ਸਿਖਾਂ ਨੂੰ ਕੁਝ ਨਾ ਕਿਹਾ ਜਾਂਦਾ, ਕਿਉਂਕਿ ਉਹ ਜੋਸ਼ੀਲੇ ਸਨ। ਕਿਸੇ ਵੀ ਬ੍ਰਾਹਮਣ ਨੇ ਜਨੇਊ ਉਤਾਰੇ ਜਾਣ ਬਦਲੇ ਉਜ਼ਰ ਤੱਕ ਨਾ ਕੀਤਾ। ਅੰਤ ਇਕ ਪੰਜਾਬੀ ਬ੍ਰਾਹਮਣ, ਸ਼੍ਰੀ ਰਾਮਰਖਾ, ਨੇ ਇਸ ਬਾਰੇ ਪ੍ਰੋਟੈਸਟ ਕੀਤਾ ਕਿ ਜਿਤਨਾ ਚਿਰ ਉਨ੍ਹਾਂ ਪਾਸ ਜਨੇਊ ਨਾ ਹੋਵੇ, ਉਨ੍ਹਾਂ ਦਾ ਧਰਮ ਉਨ੍ਹਾਂ ਨੂੰ ਖਾਣਾ ਖਾਣ ਦੀ ਆਗਿਆ ਨਹੀਂ ਦੇਂਦਾ। ਸ਼੍ਰੀ ਰਾਮ ਰਖਾ ਚੀਨ, ਜਪਾਨ ਅਤੇ ਸਿਆਮ ਆਦਿ ਫਿਰਦੇ ਫਿਰਾਉਂਦੇ ਰਹੇ ਸਨ, ਅਤੇ ਉਨ੍ਹਾਂ ਵਿਚ ਕੱਟੜ ਪੁਣਾ ਨਹੀਂ ਸੀ ਜਾਪਦਾ। ਪਰ ਹੁਣ ਉਹ ਇਕ ਅਸੂਲ ਲਈ ਲੜ ਰਹੇ ਸਨ। ਜਦ ਪਾਣੀ ਦੀ ਘੁਟ ਪੀਤੇ ਬਗੈਰ ਚਾਰ ਦਿਨ ਭੁਖ ਹੜਤਾਲ ਕੀਤੀ ਨੂੰ ਹੋ ਗਏ, ਤਾਂ ਉਨ੍ਹਾਂ ਨੂੰ ਜ਼ਬਰਦਸਤੀ ਪੰਪ ਨਾਲ ਦੁਧ ਦਿਤਾ ਗਿਆ। ਇਸੇ ਦੌਰਾਨ ਵਿਚ ਜੇਲ੍ਹ ਵਿਚ ਸਟਰਾਈਕ ਦੀ ਲਹਿਰ ਸ਼ੁਰੂ ਹੋ ਗਈ, ਜਿਸ ਵਿਚ ਉਹ ਸ਼ਾਮਲ ਹੋ ਗਏ। ਉਨ੍ਹਾਂ ਦਾ ਬਰਮਾ ਦੀ ਜੇਲ੍ਹਾਂ ਵਿਚ ਰਹਿਣ ਕਰਕੇ ਅਗੇ ਹੀ ਸ੍ਰੀਰ ਕਮਜ਼ੋਰ ਸੀ। ਹੁਣ ਉਨ੍ਹਾਂ ਨੂੰ ਤਪਦਿਕ ਹੋ ਗਈ ਅਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਓਹ ਚਲਾਣਾ ਕਰ ਗਏ*"।

*'Bengalee', 20th June, 1918.
†Ibid, 26th July, 1918.
‡Ibid, 20th June, 1918.

*'Bengalee', 26th July, 1918.

*'Bengalee', 26th July, 1918.

*A Tale of my Exile, Barindra Kumar Ghose, pp. 78, 79.



Digitized by Panjab Digital Library | www.panjabdigilib.org

'ਭਾਈ' ਭਾਨ ਸਿੰਘ ਨੂੰ ਪਹਿਲਾਂ ੧੮ ਅਕਤੂਬਰ ਅਤੇ ਫਿਰ ੧੮ ਜਨਵਰੀ ਨੂੰ ਹਸਪਤਾਲ ਦਾਖਲ ਕੀਤਾ ਗਿਆ, ਜਿਥੇ ਉਹ ੨ ਮਾਰਚ ੧੯੧੮ ਨੂੰ ਤਪਦਿਕ ਹੋਣ ਕਰਕੇ ਚਲਾਣਾ ਕਰ ਗਏ। ਉਨ੍ਹਾਂ ਦੇ ਸਾਥੀਆਂ ਨੂੰ ਪੱਕਾ ਵਿਸ਼ਵਾਸ਼ ਸੀ ਕਿ 'ਭਾਈ' ਭਾਨ ਸਿੰਘ ਦੀ ਮ੍ਰਿਤੂ ਦਾ ਕਾਰਨ ਉਹ ਸਖਤੀ ਅਤੇ ਮਾਰਕੁਟਾਈ ਸੀ ਜੋ ਉਨ੍ਹਾਂ ਨਾਲ ਕਈ ਵੇਰ ਕੀਤੀ ਗਈ। ਇਸੇ ਤਰ੍ਹਾਂ ਸ੍ਰੀ ਰੁਲੀਆ ਸਿੰਘ ਨੂੰ ਵੀ ੪ ਦਸੰਬਰ ੧੯੧੭ ਨੂੰ ਹਸਪਤਾਲ ਲਿਜਾਇਆ ਗਿਆ। ਉਨ੍ਹਾਂ ਨੂੰ ਵੀ ਤਪਦਿਕ ਹੋ ਗਈ, ਅਤੇ ਉਹ ਚਲਾਣਾ ਕਰ ਗਏ। ਸ੍ਰੀ ਨੰਦ ਸਿੰਘ ਅਤੇ ਸ੍ਰੀ ਕੇਹਰ ਸਿੰਘ 'ਮਰਹਾਣਾ' ਵੀ ਇਨ੍ਹਾਂ ਦੇ ਅਗੋਂ ਪਿਛੋਂ ਚਲਾਣਾ ਕਰ ਗਏ, ਅਤੇ ਸ੍ਰੀ ਜਤੀਸ਼ ਚੰਦਰ ਪਾਲ ਪਾਗਲ ਹੋ ਗਏ*। ਬਰਮਾ ਕੇਸ ਵਾਲੇ ਸ੍ਰੀ ਅਮਰ ਸਿੰਘ 'ਐਨਜੀਨੀਅਰ' ਨੇ ਸਟਰਾਈਕ ਵਿਚ ਸ਼ਾਮਲ ਹੋਕੇ ਐਸਾ ਸਤਿਆਗ੍ਰਹਿ ਕੀਤਾ ਕਿ ਚਾਰ ਸਾਲ ਨਾ ਕੋਠੜੀ ਤੋਂ ਬਾਹਰ ਨਿਕਲੇ ਅਤੇ ਨਾ ਮੁਸ਼ੱਕਤ ਕੀਤੀ; ਹਾਲਾਂਕਿ ਸਟਰਾਈਕਰਾਂ ਦੀ ਸਜ਼ਾ ਦੀ ਮਿਆਦ ਖਤਮ ਹੋਣ ਉਤੇ ਸਟਰਾਈਕ ਖਤਮ ਹੋ ਗਈ ਸੀ, ਅਤੇ ਸ੍ਰੀ ਅਮਰ ਸਿੰਘ ਦੀ ਕੋਠੜੀ ਦਾ ਬੂਹਾ ਖੋਲ੍ਹ ਦਿੱਤਾ ਗਿਆ ਸੀ।

ਮਿਸਟਰ ਬੈਰੀ ਦੀ ਨੀਤੀ ਰਾਜਸੀ ਕੈਦੀਆਂ ਨੂੰ ਛੋਟੀਆਂ ਛੋਟੀਆਂ ਗਲਾਂ ਤੋਂ ਵੀ ਤੰਗ ਕਰੀ ਰੱਖਣ ਦੀ ਸੀ। ਕਈਆਂ ਨੂੰ ਸਿਰਫ ਇਸ ਕਰਕੇ ਸਜ਼ਾ ਦਿੱਤੀ ਗਈ ਕਿ ਉਨ੍ਹਾਂ ਇਕ ਦੂਜੇ ਨੂੰ ਫੱਤਹ ਬੁਲਾਈ। ਸ੍ਰੀ ਨਿਧਾਨ ਸਿੰਘ ਨੂੰ ਕਤਾਬ ਪੜ੍ਹਨ ਬਦਲੇ ਛੇ ਮਹੀਨੇ ਲਈ ਡੰਡਾ ਬੇੜੀ, ਕੈਦ ਤਿਨਹਾਈ ਅਤੇ ਘੱਟ ਖੁਰਾਕ ਦੀ ਸਜ਼ਾ ਦਿਤਾ ਗਈ। ਕੋਠੜੀਆਂ ਵਿਚ ਬੰਦ ਕਈ ਰਾਜਸੀ ਕੈਦੀਆਂ ਕੋਲੋਂ ਕੰਬਲ ਦੇ ਬਣੇ ਕੋਟ ਖੋਹ ਲਏ ਗਏ*।

## ਤਬਦੀਲੀ।

ਇਹ ਪਤਾ ਲਾਉਣਾ ਬੜਾ ਮੁਸ਼ਕਲ ਹੈ ਕਿ ਸੈਲੂਲਰ ਜੇਲ੍ਹ ਵਿਚ ਰਾਜਸੀ ਕੈਦੀਆਂ ਉਤੇ ਹੋਈ ਸਖਤੀ ਵਿਚ ਸਰਕਾਰੀ ਨੀਤੀ ਦਾ ਕਿਤਨਾ ਹੱਥ ਸੀ ਅਤੇ ਮਿਸਟਰ ਬੈਰੀ ਅਤੇ ਮੇਜਰ ਮੱਰੇ ਦੀ ਆਪਣੀ ਤਬੀਅਤ ਦਾ ਕਿਤਨਾ। ਇਸ ਵਿਚ ਸ਼ੱਕ ਨਹੀਂ ਕਿ ਸਰਕਾਰ ਇਹ ਚਾਹੁੰਦੀ ਸੀ ਕਿ ਇਨਕਲਾਬੀ ਕੈਦੀਆਂ ਦੀ ਸਪਿੱਰਟ ਨੂੰ ਤੋੜਿਆ ਜਾਏ। ਜਦ ਸ੍ਰੀ ਨੈਨੀ ਗੋਪਾਲ ਨੇ ਸਰ ਕਰੈਡਕ (ਜੋ ਅੰਡੇਮਾਨ ਦੇ ਹਾਲਾਤ ਵੇਖਣ ਗਏ ਸਨ) ਨੂੰ ਸੰਨ ੧੯੧੩ ਵਿਚ ਆਪਣੀ ਵਿਥਿਆ ਸੁਣਾਈ ਤਾਂ ਉਨ੍ਹਾਂ ਸਗੋਂ ਉਲਟਾ ਜਵਾਬ ਦਿਤਾ ਕਿ, "ਤੁਸੀਂ ਸਰਕਾਰ ਦੇ ਦੁਸ਼ਮਨ ਹੋ, ਤੁਹਾਨੂੰ ਗੋਲੀ ਨਾਲ ਉਡਾ ਦਿਤਾ ਜਾਣਾ ਚਾਹੀਦਾ ਸੀ"†।

ਰਾਜਸੀ ਕੈਦੀਆਂ ਉਤੇ ਸਖਤੀ ਕਰਨ ਦੀ ਪਾਲਸੀ ਸਰਕਾਰ ਦੀ ਸੀ ਜਾਂ ਸੈਲੂਲਰ ਜੇਲ੍ਹ ਦੇ ਕਰਮਚਾਰੀਆਂ ਦੀ ਆਪਣੀ, ਇਕ ਗਲ ਜੋ ਇਸ ਦੀ ਬੇਲਗਾਮੀਂ ਵਰਤੋਂ ਵਿਚ ਸਹਾਇਕ ਹੁੰਦੀ ਇਹ ਸੀ ਕਿ ਸੈਲੂਲਰ ਜੇਲ੍ਹ ਦੇ ਹਾਲਾਤ ਦੀ ਇਸ ਤੋਂ ਬਾਹਰ ਉਘ ਸੁਘ ਨਹੀਂ ਸੀ ਨਿਕਲਣ ਦਿਤੀ ਜਾਂਦੀ। ਗਦਰ ਪਾਰਟੀ ਲਹਿਰ ਦੇ ਸੰਬੰਧ ਵਿਚ ਕੈਦ ਹੋਏ ਬੰਗਾਲੀ ਦੇਸ਼ ਭਗਤਾਂ ਨੇ ਜਿਵੇਂ ਕਿਵੇਂ ਕਲਕੱਤੇ ਦੇ ਰੋਜ਼ਾਨਾ ਅਖਬਾਰ 'ਬੰਗਾਲੀ' ਵਿਚ ਸੈਲੂਲਰ ਜੇਲ੍ਹ ਦੇ ਉਹ ਹਾਲਾਤ ਛਪਵਾ ਦਿਤੇ, ਜਿਨ੍ਹਾਂ ਦਾ ਇਸ ਕਾਂਡ ਵਿਚ ਹਵਾਲਾ ਦਿਤਾ ਗਿਆ ਹੈ। ਇਸ ਦਾ ਨਤੀਜਾ ਇਹ ਹੋਇਆ ਕਿ ਦੇਸ ਵਿਚ ਚਰਚਾ ਹੋ ਗਈ, ਜਿਸ ਕਰਕੇ ਸੈਲੂਲਰ ਜੇਲ੍ਹ ਦੇ ਕਰਮਚਾਰੀਆਂ ਨੂੰ ਆਪਣੀ ਮਨਮਰਜ਼ੀ ਕਰਨ ਲਗਿਆਂ ਸੋਚਣਾ ਪੈਂਦਾ। ਇਸ ਤੋਂ ਇਲਾਵਾ ਗਦਰੀ ਕੈਦੀਆਂ ਦੇ ਹੱਠ ਅਤੇ ਦ੍ਰਿੜ੍ਹਤਾ ਨੇ ਜੇਲ੍ਹ ਕਰਮ ਚਾਰੀਆਂ ਦੇ ਸਖਤੀ ਦੇ ਸਾਰੇ ਹਥਿਆਰਾਂ ਦੇ ਮੂੰਹ ਖੁੰਡੇ ਕਰ ਦਿਤੇ ਸਨ। ਸਤ ਗਦਰੀ ਕੈਦੀ (ਸ੍ਰੀ ਬੁਢਾ ਸਿੰਘ ਅਤੇ ਸ੍ਰੀ ਰਾਮ ਰਖਾ ਬਰਮਾ ਕੇਸ ਵਾਲੇ; ਸ੍ਰੀ ਭਾਨ ਸਿੰਘ, ਸ੍ਰੀ ਰੁਲੀਆ ਸਿੰਘ, ਸ੍ਰੀ ਕੇਹਰ ਸਿੰਘ 'ਮਰਹਾਣਾ' ਅਤੇ ਸ੍ਰੀ ਰੋੜਾ ਸਿੰਘ ਪਹਿਲੇ ਕੇਸ ਵਾਲੇ; ਅਤੇ ਸ੍ਰੀ ਨੰਦ ਸਿੰਘ 'ਬੁਰਜ' ਤੇ ਸ੍ਰੀ ਨਥਾ ਸਿੰਘ ਤੇਈਵੇਂ ਰਸਾਲੇ ਦੇ ਕੋਟ ਮਾਰਸ਼ਲ ਹੋਏ ਫੌਜੀਆਂ ਵਿਚੋਂ) ਸਖਤੀ ਦਾ ਮੁਕਾਬਲਾ ਕਰਦਿਆਂ ਕਰਦਿਆਂ ਸ਼ਹੀਦ ਹੋ ਚੁਕੇ ਸਨ। ਹੋਰ ਕਿਤਨਿਆਂ ਦੀ ਸਿਹਤ ਨਾਜ਼ਕ ਹੋ ਚੁਕੀ ਸੀ, ਪਰ ਉਨ੍ਹਾਂ ਦੀ ਦ੍ਰਿੜ੍ਹਤਾ ਵਿਚ ਫਰਕ ਨਹੀਂ ਸੀ ਪਿਆ। ਗਦਰੀ ਕੈਦੀਆਂ ਦੇ ਬਿਨਾਂ ਲਚੱਕ ਖਾਧੇ ਸਖਤੀ ਦਾ ਮੁਕਾਬਲਾ ਕਰਨ ਦਾ ਇਹ ਵੀ ਅਸਰ ਹੋਇਆ ਕਿ ਸੈਲੂਲਰ ਜੇਲ੍ਹ ਦੇ ਇਖਲਾਕੀ ਕੈਦੀ ਹੁਣ ਜੇਲ੍ਹ ਕਰਮਚਾਰੀਆਂ ਦੇ ਨਾਜਾਇਜ਼ ਤਸ਼ੱਦਦ ਅਤੇ ਦਬਦਬੇ ਨੂੰ ਚੁਪ ਕਰਕੇ ਨਾ ਸਹਿੰਦੇ। ਬਲਕਿ ਪਿਛਲੀਆਂ ਰੜਕਾਂ ਕਢਣ ਵਾਸਤੇ ਕਈ ਇਖਲਾਕੀ ਕੈਦੀ ਮਿਸਟਰ ਬੈਰੀ ਦੀ ਹੱਤਕ ਵੀ ਕਰ ਦੇਂਦੇ। ਆਖਰ ਮੇਜਰ ਮੱਰੇ ਛੁਟੀ ਲੈ ਕੇ ਚਲਦੇ ਬਣੇ ਅਤੇ ਮਿਸਟਰ ਬੈਰੀ ਬੀਮਾਰ ਹੋ ਕੇ ਹਿੰਦੁਸਤਾਨ ਚਲੇ ਗਏ। ਨਵੇਂ ਸੁਪ੍ਰਿੰਟੈਂਡੈਂਟ ਦੇ ਆਉਣ ਨਾਲ ਨਵੀਂ ਪਾਲਿਸੀ ਉਤੇ ਅਮਲ ਸ਼ੁਰੂ ਹੋ ਗਿਆ, ਅਤੇ ਸੈਲੂਲਰ ਜੇਲ੍ਹ ਦੇ ਮਹੌਲ ਵਿਚ ਕਾਫੀ ਫਰਕ ਪੈ ਗਿਆ।

## 'ਭਾਈ' ਪਰਮਾਨੰਦ ਦੀ ਭੁਖ ਹੜਤਾਲ।

'ਭਾਈ' ਪਰਮਾਨੰਦ ਨੇ ਗਦਰੀ ਕੈਦੀਆਂ ਦੀ ਕਿਸੇ ਸਟਰਾਈਕ ਜਾਂ ਭੁਖ ਹੜਤਾਲ ਵਿਚ ਹਿੱਸਾ ਨਹੀਂ ਸੀ ਲਿਆ। ਬਲਕਿ ਉਨ੍ਹਾਂ ਨੇ ਸ਼ੁਰੂ ਤੋਂ ਉਨ੍ਹਾਂ ਨਾਲੋਂ ਜੇਲ੍ਹ ਕਰਮਚਾਰੀਆਂ ਪ੍ਰਤਿ ਆਪਣੀ ਬੇ-ਤਅੱਲਕੀ ਪ੍ਰਗੱਟ ਕਰ ਦਿਤੀ ਸੀ। ਇਸ ਕਰਕੇ ਮੇਜਰ ਮੱਰੇ ਉਨ੍ਹਾਂ ਉਤੇ ਬੜਾ ਖੁਸ਼ ਸੀ, ਅਤੇ 'ਭਾਈ' ਪਰਮਾਨੰਦ ਨੂੰ ਛਾਪੇ ਖਾਨੇ ਵਿਚ ਕੰਮ ਕਰਨ ਉਤੇ ਲਾਇਆ ਹੋਇਆ ਸੀ*। ਜਦ ਅੰਡੇਮਾਨ ਦਾ ਕਮੀਸ਼ਨਰ ਇੰਗਲੈਂਡ ਗਿਆ ਹੋਇਆ ਸੀ, ਮੇਜਰ ਮੱਰੇ ਨੇ ਆਪਣੇ ਹੁਕਮ ਨਾਲ 'ਭਾਈ' ਪਰਮਾਨੰਦ ਨੂੰ ਕੰਪੰਉਡਰੀ ਦੇ ਕੰਮ ਉਤੇ ਲਾ ਦਿੱਤਾ। ਕਮੀਸ਼ਨਰ ਨੂੰ ਛੁਟੀ ਤੋਂ ਵਾਪਸ ਆਕੇ ਇਹ ਗੱਲ ਬੁਰੀ ਲੱਗੀ। ਮੇਜਰ ਮੱਰੇ ਛੁਟੀ ਉੱਤੇ ਚਲਾ ਗਿਆ, ਅਤੇ 'ਟ੍ਰਿਬੀਊਨ', ਲਾਹੌਰ ਵਿਚ 'ਭਾਈ' ਪਰਮਾਨੰਦ ਦੀਆਂ ਘਰ ਭੇਜੀਆਂ ਕੁਝ ਚਿੱਠੀਆਂ ਛਪ ਗਈਆਂ। ਇਸ ਬਦਲੇ ਕਮੀਸ਼ਨਰ ਨੇ 'ਭਾਈ' ਪਰਮਾਨੰਦ ਨੂੰ ਹਵਾਲਾਤ ਵਿਚ ਬੰਦ ਕਰ ਦਿੱਤਾ, ਅਤੇ ਉਨ੍ਹਾਂ ਭੁਖ ਹੜਤਾਲ ਕਰ ਦਿੱਤੀ। ਸਤ ਦਿਨ ਕੱਤਈ ਕੁਝ ਨਾ ਖਾਧਾ, ਅਤੇ ਫਿਰ ਦੋ ਮਹੀਨੇ ਜ਼ਬਰਦਸਤੀ ਖੁਰਾਕ ਅੰਦਰ ਸੁੱਟੀ ਜਾਂਦੀ ਰਹੀ। ਆਖਰ ਸੁਪ੍ਰਿੰਟੈਂਡੈਂਟ ਨੇ ਇਸ਼ਾਰਾ ਕੀਤਾ ਕਿ ਉਨ੍ਹਾਂ ਦੇ ਰਿਹਾਈ ਦੇ ਆਰਡਰ ਹੋ ਚੁਕੇ ਹਨ, ਜਿਸ ਕਰਕੇ 'ਭਾਈ' ਪਰਮਾਨੰਦ ਨੇ ਭੁਖ ਹੜਤਾਲ ਛੱਡ ਦਿੱਤੀ†। ਭੁਖ ਹੜਤਾਲ ਕਰਨ ਕਰਕੇ 'ਭਾਈ' ਪਰਮਾਨੰਦ ਦੀ ਪੋਜ਼ੀਸ਼ਨ ਰਾਜਸੀ ਕੈਦੀਆਂ ਦੀਆਂ ਨਜ਼ਰਾਂ ਵਿਚ ਅਜੀਬ ਹੋ ਗਈ, ਕਿਉਂਕਿ ਉਹ ('ਭਾਈ' ਪਰਮਾਨੰਦ) ਗਦਰੀ ਕੈਦੀਆਂ ਦੀਆਂ ਕੀਤੀਆਂ ਭੁਖ ਹੜਤਾਲਾਂ

---

*'Bengalee', 26th July, 1918; A Tale of my Exile, Barindra Kumar Ghose, pp. 116-118.

*'Bengalee', 20th June, 1918. ਅੰਡੇਮਾਨ ਦੇ ਚੀਫ ਕਮੀਸ਼ਨਰ ਨੇ ੨੬ ਜੁਲਾਈ ਦੇ 'ਬੰਗਾਲੀ' ਵਿਚ ਉਸ ਦੀ ਛਪੀ ਚਿਠੀ ਵਿਚ ਇਸ ਪੈਰੇ ਵਿਚ ਲਿਖੀਆਂ ਗੱਲਾਂ ਨੂੰ ਗਲਤ ਦੱਸਿਆ ਹੈ।

†A Tale of my Exile, Barindra Kumar Ghose, p. 109.

*A Tale of my Exile Barindar Kumar Ghose, p. 119.

†Bhai Parmanand, p 160.



Digitized by Panjab Digital Library | www.panjabdigilib.org

ਅਤੇ ਸਟਰਾਈਕਾਂ ਨੂੰ ਬੇਵਕੂਫੀ ਦੱਸਿਆ ਕਰਦੇ ਸਨ। ਪਰ ਜਿਥੇ ਗਦਰੀ ਕੈਦੀ ਆਪਣੇ ਸਾਥੀ ਰਾਜਸੀ ਅਤੇ ਹੋਰ ਕੈਦੀਆਂ ਦੇ ਦੁਖ ਵੰਡਾਉਣ ਲਈ ਅਜਿਹੇ ਕਦਮ ਚੁਕਿਆ ਕਰਦੇ ਸਨ, 'ਭਾਈ' ਪਰਮਾਨੰਦ ਨੇ ਆਪਣੀ ਨਿਜੀ ਤਕਲੀਫ ਬਦਲੇ ਭੁਖ ਹੜਤਾਲ ਕੀਤੀ; ਜਿਸ ਕਰਕੇ 'ਭਾਈ' ਪਰਮਾਨੰਦ ਪਾਸ ਆਪਣੀ ਭੁਖ ਹੜਤਾਲ ਨੂੰ ਹੱਕ ਬਜਾਨਬ ਸਾਬਤ ਕਰਨ ਵਾਸਤੇ ਕੋਈ ਦਲੀਲ ਨਹੀਂ ਸੀ।

**ਕਮੀਸ਼ਨ।** ਸੈਲੂਲਰ ਜੇਲ੍ਹ ਦੇ ਹਾਲਾਤ ਹਿੰਦ ਦੀਆਂ ਅਖਬਾਰਾਂ ਵਿਚ ਛਪਣ ਕਰਕੇ ਮੁਲਕ ਵਿਚ ਚਰਚਾ ਹੋ ਗਈ, ਅਤੇ ਸਰਕਾਰ ਹਿੰਦ ਨੇ ਇਕ ਕਮੇਟੀ ਜਾਂ ਕਮੀਸ਼ਨ ਅੰਡੇਮਾਨ ਦੇ ਹਾਲਾਤ ਦਾ ਜਾਇਜ਼ਾ ਲੈਣ ਲਈ ਭੇਜਿਆ। ਸ੍ਰੀ ਸੋਹਨ ਸਿੰਘ 'ਭਕਨਾ' ਮੁਤਾਬਕ ਇਹ ਕਮੀਸ਼ਨ ਮਾਰਚ ੧੯੨੦ ਵਿਚ ਅੰਡੇਮਾਨ ਆਇਆ। ਅੰਡੇਮਾਨ ਦੇ ਕਮੀਸ਼ਨਰ ਨੇ ਪਹਿਲਾਂ ਤਾਂ ਗਦਰੀ ਕੈਦੀਆਂ ਨੂੰ ਇਹ ਮੰਨਾਉਣ ਦੀ ਕੋਸ਼ਸ਼ ਕੀਤੀ ਕਿ ਉਹ ਜੇਲ੍ਹ ਕਰਮਚਾਰੀਆਂ ਦੇ ਬਰਖਿਲਾਫ ਕਮੀਸ਼ਨ ਸਾਹਮਣੇ ਬਿਆਨ ਨਾ ਦੇਣ, ਪਰ ਜਦ ਉਹ ਇਹ ਗਲ ਨਾ ਮੰਨੇ ਤਾਂ ਉਨ੍ਹਾਂ ਨੂੰ ਉਸ ਵੇਲੇ, ਜਿਸ ਵੇਲੇ ਕਮੀਸ਼ਨ ਨੇ ਸੈਲੂਲਰ ਜੇਲ੍ਹ ਵੇਖਣ ਆਉਣਾ ਸੀ, ਜੇਲ੍ਹ ਦੀ ਸਭ ਤੋਂ ਉਪਰਲੀ ਛੱਤ ਵਿਚ ਡੱਕ ਦਿਤਾ ਗਿਆ। ਜੇਲ੍ਹ ਕਰਮਚਾਰੀਆਂ ਦਾ ਇਹ ਇਰਾਦਾ ਸੀ ਕਿ ਗਦਰੀ ਕੈਦੀਆਂ ਨੂੰ ਕਮੀਸ਼ਨ ਨੂੰ ਮਿਲਣ ਦਾ ਮੌਕਿਆ ਨਾ ਮਿਲੇ। ਪਰ ਜਦ ਕਮੀਸ਼ਨ ਜੇਲ੍ਹ ਅੰਦਰ ਆਇਆ, ਗਦਰੀ ਕੈਦੀਆਂ ਨੇ ਅਕੱਠਿਆਂ ਰਲਕੇ ਉਚੀ ਉਚੀ ਕਹਿਣਾ ਸ਼ੁਰੂ ਕਰ ਦਿਤਾ, 'ਉਪਰ ਆਉ', 'ਉਪਰ ਆਉ'। ਕਮੀਸ਼ਨ ਦੇ ਮੈਂਬਰ ਹੈਰਾਨ ਹੋਕੇ ਜਦ ਉਪਰ ਗਏ, ਤਾਂ ਉਨ੍ਹਾਂ ਨੂੰ ਦਸਿਆ ਗਿਆ ਕਿ ਉਨ੍ਹਾਂ (ਰਾਜਸੀ ਕੈਦੀਆਂ) ਨੂੰ ਉਪਰਲੀ ਛੱਤ ਵਿਚ ਡੱਕਣ ਦਾ ਕੀ ਭਾਵ ਸੀ। ਕਮੀਸ਼ਨ ਨੇ ਰਾਜਸੀ ਕੈਦੀਆਂ ਨੂੰ ਬਿਆਨ ਲਿਖਕੇ ਦੇਣ ਲਈ ਕਿਹਾ। ਤਿਨ ਪੰਜਾਬੀਆਂ ਵਲੋਂ, ਦੋ ਬੰਗਾਲੀਆਂ ਵਲੋਂ, ਅਤੇ ਇਕ ਮਹਾਰਾਸ਼ਟਰ ਦੇ ਦੇਸ਼ਭਗਤਾਂ ਵਲੋਂ, ਬਿਆਨ ਲਿਖ ਕੇ ਦਿਤੇ ਗਏ। ਇਨ੍ਹਾਂ ਸਾਰੇ ਬਿਆਨਾਂ ਵਿਚ ਸੈਲੂਲਰ ਜੇਲ੍ਹ ਵਿਚ ਹੋਏ ਅਤਿਆਚਾਰਾਂ ਉਤੇ ਰੌਸ਼ਨੀ ਪਾਈ ਗਈ, ਅਤੇ ਕਿਹਾ ਜਾਂਦਾ ਹੈ ਕਿ ਕਮੀਸ਼ਨ ਨੇ ਅੰਡੇਮਾਨ ਦੀਆਂ ਜੇਲ੍ਹਾਂ ਤੋੜੇ ਜਾਣ ਦੀ ਸਫਾਰਸ਼ ਕਰ ਦਿਤੀ। ਕਰਨਲ ਵੇਜਵੁਡ ਨੇ ਇੰਗਲੈਂਡ ਦੇ ਅਖਬਾਰ 'ਡੇਲੀ ਹੈਰਲੱਡ' ਵਿਚ ਲਿਖਿਆ ਕਿ ਸਰਕਾਰ ਹਿੰਦ ਅੰਡੇਮਾਨ ਸੰਬੰਧੀ ਉਸ ਨੂੰ ਮਿਲੀ ਰੀਪੋਟ, ਜੋ ਛਾਪੀ ਨਹੀਂ ਗਈ, ਬਾਰੇ ਚਿੰਤਾਤੁਰ ਸੀ*।

**ਸ਼ਾਹੀ ਐਲਾਨ।** ਪਹਿਲਾ ਸੰਸਾਰ ਯੁਧ ਖਤਮ ਹੋਣ ਦੀ ਖੁਸ਼ੀ ਵਿਚ ਸ਼ਾਹੀ ਐਲਾਨ ਦੁਆਰਾ ਬਹੁਤ ਸਾਰੇ ਕੈਦੀ ਛੱਡੇ ਗਏ। ਰਾਜਸੀ ਕੈਦੀਆਂ ਵਿਚੋਂ ਬੰਗਾਲ ਦੇ ਪੁਰਾਣੇ ਤਰਾਸਵਾਦੀ ਕੈਦੀ, ਬਨਾਰਸ ਕੇਸ ਦੇ ਸ੍ਰੀ ਸਚਿੰਦ੍ਰ ਨਾਥ ਸਾਨਿਯਾਲ, ਪਹਿਲੇ ਕੇਸ ਦੇ ਪੰਦਰਾਂ ਕੈਦੀ, ਅਤੇ ਬਰਮਾ ਕੇਸ ਦੇ ਸ੍ਰੀ ਜੀਵਨ ਸਿੰਘ ਅਤੇ ਸ੍ਰੀ ਚੇਤ ਰਾਮ, ਫਰਵਰੀ ਅਤੇ ਅਪ੍ਰੈਲ ੧੯੨੦ ਵਿਚ ਅਗੋਂ ਪਿਛੋਂ ਰਿਹਾ ਕੀਤੇ ਗਏ।

## ਸ੍ਰੀ ਸੋਹਨ ਸਿੰਘ ਦੀ ਸਟਰਾਈਕ।

ਸ੍ਰੀ ਅਸ਼ੁਤੋਸ਼ ਲਹਿਰੀ ਨੂੰ ਬੈਂਤ ਲਗਣ ਸਮੇਂ ਉਨ੍ਹਾਂ ਦੀ ਹਮਾਇਤ ਵਿਚ ਜਥੇਬੰਦ ਤ੍ਰੀਕੇ ਨਾਲ ਕੁਝ ਕੀਤਾ ਨਹੀਂ ਸੀ ਜਾ ਸਕਿਆ, ਕਿਉਂਕਿ ਬੰਗਾਲ ਦੇ ਰਾਜਸੀ ਕੈਦੀਆਂ ਵਿਚ ਫੁਟ ਪੈ ਗਈ ਸੀ। ਪਰ ਰਾਜਸੀ ਕੈਦੀਆਂ ਨੂੰ ਮੇਜਰ ਮੱਰੇ ਉਤੇ ਬਹੁਤ ਰੋਹ ਸੀ। ਸਤ ਨੰਬਰ ਬਾਰਕ ਦੇ ਗਦਰੀ ਕੈਦੀਆਂ ਮੇਜਰ ਮੱਰੇ ਨੂੰ ਸਬਕ ਸਿਖਾਉਣ ਦੀ ਸਲਾਹ ਬਣਾਈ*, ਅਤੇ 'ਮਾਸਟਰ' ਚਤਰ ਸਿੰਘ ਨੇ ਇਹ ਕੰਮ ਆਪਣੇ ਜ਼ਿਮੇਂ ਲਿਆ। ਹਰ ਮਹੀਨੇ ਇਕ ਵਾਰ ਐਤਵਾਰ ਵਾਲੇ ਦਿਨ ਸੁਪ੍ਰਿੰਟੈਡੈਂਟ (ਮੇਜਰ ਮੱਰੇ) ਜੇਲ੍ਹ ਦੇ ਕੈਦੀਆਂ ਦਾ ਆਪਣੇ ਸਾਹਮਣੇ ਵਜ਼ਨ ਕਰਵਾਇਆ ਕਰਦਾ ਸੀ। ਸਤ ਨੰਬਰ ਬਾਰਕ ਵਿਚ ਜਦ 'ਮਾਸਟਰ' ਚਤਰ ਸਿੰਘ (ਜਿਨ੍ਹਾਂ ਨੂੰ ਖਾਲਸਾ ਕਾਲਜ, ਅੰਮ੍ਰਿਤਸਰ, ਦੇ ਅੰਗ੍ਰੇਜ਼ ਪ੍ਰੋਫੈਸਰ ਉੱਤੇ ਕਾਤਲਾਨਾ ਹਮਲੇ ਬਦਲੇ ਸਜ਼ਾ ਹੋਈ ਸੀ) ਦੀ ਵਜ਼ਨ ਕਰਵਾਉਣ ਦੀ ਵਾਰੀ ਆਈ, ਉਨ੍ਹਾਂ ਕੰਡੇ ਉਤੋਂ ਉੱਤਰ ਕੇ ਮੇਜਰ ਮੱਰੇ ਦੇ ਮੂੰਹ ਉੱਤੇ ਜ਼ੋਰ ਨਾਲ ਚਪੇੜ ਮਾਰੀ, ਅਤੇ ਕਿਹਾ 'ਬੈਂਤਾਂ ਦੀ ਇਸ ਤਰ੍ਹਾਂ ਪੀੜ ਹੁੰਦੀ ਹੈ'। ਮੇਜਰ ਮੱਰੇ ਕੁਰਸੀ ਉਤੋਂ ਡਿਗ ਪਿਆ, ਅਤੇ 'ਮਾਸਟਰ' ਚਤਰ ਸਿੰਘ ਨੂੰ ਜੇਲ੍ਹ ਕਰਮਚਾਰੀਆਂ ਨੇ ਇਤਨਾ ਮਾਰਿਆ ਕਿ ਉਹ ਬੇਹੋਸ਼ ਹੋ ਗਏ। 'ਮਾਸਟਰ' ਚਤਰ ਸਿੰਘ ਨੂੰ ਇਕ ਸੀਖਾਂ ਅਤੇ ਜਾਲੀ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ ਗਿਆ। ਇਸ ਪਿੰਜਰੇ ਵਿਚ ਹੀ ਉਹ ਟੱਟੀ ਪਸ਼ਾਬ ਕਰਦੇ, ਅਤੇ ਉਨ੍ਹਾਂ ਨੂੰ ਇਕ ਮਿੰਟ ਲਈ ਵੀ ਇਸ ਤੋਂ ਬਾਹਰ ਨਾ ਕੱਢਿਆ ਜਾਂਦਾ। ਨਤੀਜਾ ਇਹ ਹੋਇਆ ਕਿ 'ਮਾਸਟਰ' ਚਤਰ ਸਿੰਘ ਦੀ ਸੇਹਤ ਦਿਨੋਂ ਦਿਨ ਵਿਗੜਦੀ ਗਈ†"।

ਜਦ 'ਮਾਸਟਰ' ਚਤਰ ਸਿੰਘ ਨੂੰ ਪਿੰਜਰੇ ਵਿਚ ਪਾਏ ਨੂੰ ਚਾਰ ਸਾਲ (ਸ੍ਰੀ ਬਰਿੰਦਰ ਕੁਮਾਰ ਘੋਸ਼ ਮੁਤਾਬਕ ਦੋ ਸਾਲ) ਦੇ ਕਰੀਬ ਹੋ ਗਏ ਅਤੇ ਉਹ ਮਰਨਾਊ ਹੋ ਗਏ, ਤਾਂ ਸ੍ਰੀ ਸੋਹਨ ਸਿੰਘ 'ਭਕਨਾ' ਨੇ ਪਰੇਡ ਵੇਲੇ ਮੇਜਰ ਮੱਰੇ ਨੂੰ ਕਿਹਾ ਕਿ 'ਮਾਸਟਰ' ਚਤਰ ਸਿੰਘ ਦੀ ਸੇਹਤ ਕਾਫੀ ਖਰਾਬ ਹੋ ਚੁਕੀ ਹੈ ਅਤੇ ਹੁਣ ਤਾਂ ਉਨ੍ਹਾਂ ਨੂੰ ਪਿੰਜਰੇ ਵਿਚੋਂ ਕੱਢ ਲਿਆ ਜਾਏ। ਮੇਜਰ ਮੱਰੇ ਨੇ ਇਸ ਗਲ ਵਲ ਕੰਨ ਨਾ ਧਰਿਆ, ਅਤੇ ਸ੍ਰੀ ਸੋਹਨ ਸਿੰਘ ਤੇ ਸ੍ਰੀ ਬਿਸ਼ਨ ਸਿੰਘ ਨੇ ਕੰਮ ਦੀ ਸਟਰਾਈਕ ਕਰ ਦਿਤੀ। ਇਸ ਬਦਲੇ ਦੋਹਾਂ ਨੂੰ ਤਿਨ ਤਿਨ ਮਹੀਨੇ ਕੋਠੀ ਬੰਦ ਦੀ ਸਜ਼ਾ ਦਿਤੀ ਗਈ। ਇਹ ਸਜ਼ਾ ਮੁਕਣ ਉਤੇ ਉਨ੍ਹਾਂ ਦੋਹਾਂ ਫਿਰ ਕੰਮ ਨਾ ਕੀਤਾ, ਅਤੇ ਫਿਰ ਇਕ ਮਹੀਨੇ ਲਈ ਕੋਠੀ ਬੰਦ ਦੀ ਸਜ਼ਾ ਦਿਤੀ ਗਈ। ਅਜੇ ਇਸ ਸਜ਼ਾ ਦੀ ਮਿਆਦ ਮੁਕੀ ਨਹੀਂ ਸੀ ਕਿ ਮੇਜਰ ਮੱਰੇ ਦੀ ਬਦਲੀ ਹੋ ਗਈ। ਮੇਜਰ ਮੱਰੇ ਨੇ ਬਦਲਣ ਲਗਿਆਂ 'ਮਾਸਟਰ' ਚਤਰ ਸਿੰਘ ਨੂੰ 'ਪਿੰਜਰੇ ਵਿਚੋਂ ਤਾਂ ਨਾ ਕੱਢਿਆ, ਪਰ ਡੰਡਾ ਬੇੜੀ ਦੀ ਸਜ਼ਾ, ਜੋ ਬੇਮਿਆਦੇ ਸਮੇਂ ਲਈ ਦਿਤੀ ਗਈ ਸੀ, ਵਾਪਸ ਲੈ ਲਈ।

ਨਵੇਂ ਸੁਪ੍ਰਿੰਟੈਡੈਂਟ ਮੇਜਰ ਬਾਰਕਰ ਨੂੰ ਆਇਆਂ ਵੀ ਛੇ ਮਹੀਨੇ ਹੋ ਗਏ, ਪਰ ਉਸ ਨੇ ਵੀ ਸ੍ਰੀ ਸੋਹਨ ਸਿੰਘ 'ਭਕਨਾ' ਦੇ ਕਹਿਣ ਦੇ ਬਾਵਜੂਦ 'ਮਾਸਟਰ' ਚਤਰ ਸਿੰਘ ਨੂੰ ਪਿੰਜਰੇ ਵਿਚੋਂ ਨਾ ਕੱਢਿਆ। ਇਸ ਪੁਰ ਸ੍ਰੀ ਸੋਹਨ ਸਿੰਘ ਨੇ ੨੧ ਜੁਲਾਈ ੧੯੨੦ ਨੂੰ ਭੁਖ ਹੜਤਾਲ ਕਰ ਦਿੱਤੀ। ਕਈ ਦਿਨ ਮੇਜਰ ਬਾਰਕਰ ਨੇ ਪਰਵਾਹ ਨਾ ਕੀਤੀ, ਪਰ ਜਦ ਹਾਲਤ ਜ਼ਿਆਦਾ ਕਮਜ਼ੋਰ ਹੋ ਗਈ, ਤਾਂ ਸ੍ਰੀ ਸੋਹਨ ਸਿੰਘ ਨੂੰ ਹਸਪਤਾਲ ਪੁਚਾਇਆ ਗਿਆ। ਜਦ ਸ੍ਰੀ ਸੋਹਨ ਸਿੰਘ ਦੀ ਭੁਖ ਹੜਤਾਲ ਨੂੰ ਦੋ ਮਹੀਨੇ ਹੋ ਗਏ, ਸ੍ਰੀ ਕੇਸਰ ਸਿੰਘ 'ਠਠਗੜ੍ਹ' ਅਤੇ ਸ੍ਰੀ ਜਵਾਲਾ ਸਿੰਘ

---

*Quoted in the foreword to Bhai Parmanand's book. ਨੈਸ਼ਨਲ ਆਰਕਾਈਵਜ਼, ਨਵੀਂ ਦਿਲੀ, ਵਿਚੋਂ ਇਹ ਰੀਪੋਟ ਲੱਭੀ ਨਹੀਂ ਜਾ ਸਕੀ।

*'ਭਾਈ' ਪਰਮਾਨੰਦ ਮੁਤਾਬਕ ਗਦਰੀ ਕੈਦੀਆਂ ਵਿਚੋਂ ਕੁਝ ਨੇ ਜੇਲ੍ਹ ਦੇ ਚੰਦ ਇਕ ਟੈਂਡਲਾਂ ਆਦਿ ਨਾਲ ਮਿਲ ਕੇ ਛੁਰਾ ਬਨਾਉਣ ਜਾਂ ਮੰਗਵਾਉਣ ਦੀ ਕੋਸ਼ਸ਼ ਕੀਤੀ, ਅਤੇ ਉਹ ਟੈਂਡਲ ਮਿਸਟਰ ਬੈਰੀ ਦੇ ਭੇਦ ਵਿਚ ਸਨ। ਕਿਉਂਕਿ ਮਿਸਟਰ ਬੈਰੀ ਦੀ ਚਾਲ ਸੀ ਕਿ ਰਾਜਸੀ ਕੈਦੀ ਮੇਜਰ ਮੱਰੇ ਦੀ ਬੇਇਜ਼ਤੀ ਕਰਨ; ਤਾਕਿ ਮੇਜਰ ਮੱਰੇ ਰਾਜਸੀ ਕੈਦੀਆਂ ਦੇ ਬਰਖਲਾਫ ਹੋ ਕੇ ਮਿਸਟਰ ਬੈਰੀ ਦੀ ਪੂਰੀ ਹਮਾਇਤ ਕਰੇ।

†A Tale of my Exile, Barindra Kumar Ghose, p. 118.

Bhai Parmanand, p. 125-26.

'ਠਾਣੀਆਂ' ਨੇ ਮੇਜਰ ਬਾਰਕਰ ਨੂੰ ਕਹਿ ਦਿੱਤਾ ਕਿ ਜੇ 'ਮਾਸਟਰ' ਚਤਰ ਸਿੰਘ ਨੂੰ ਪਿੰਜਰੇ ਵਿਚੋਂ ਨਹੀਂ ਕਢਿਆ ਜਾਏਗਾ, ਤਾਂ ਉਹ ਵੀ ਭੁਖ ਹੜਤਾਲ ਵਿਚ ਸ਼ਾਮਲ ਹੋ ਜਾਣਗੇ। ਮੇਜਰ ਬਾਰਕਰ ਨੂੰ ਹੁਣ ਫਿਕਰ ਹੋਇਆ, ਅਤੇ 'ਮਾਸਟਰ' ਚਤਰ ਸਿੰਘ ਨੂੰ ਪਿੰਜਰੇ ਵਿਚੋਂ ਕੱਢਕੇ ਪ੍ਰੈਸ ਵਿਚ ਕੰਮ ਕਰਨ ਲਾ ਦਿੱਤਾ।

## ਗੋਰੇ ਸਿਪਾਹੀਆਂ ਨਾਲ ਝਗੜਾ।

ਇਕ ਗੋਰੇ ਸਿਪਾਹੀ, ਜੋ ਕੈਦੀਆਂ ਦੀ ਨਿਗਰਾਨੀ ਉੱਤੇ ਲਗਾ ਹੋਇਆ ਸੀ, ਨੇ ਸਮੁਚੀ ਹਿੰਦੁਸਤਾਨੀ ਕੌਮ ਨੂੰ ਗਾਲ ਕੱਢੀ। ਕੋਲ ਇਕ ਪੰਜਾਬ ਮਾਰਸ਼ਲ ਲਾ ਦੇ ਕੈਦੀ ਸ੍ਰੀ ਗੁਜਰਾਤੀ ਮਲ ਖੜੇ ਸਨ। ਉਨ੍ਹਾਂ ਵੀ ਗੋਰੇ ਨੂੰ ਕਰਾਰੀ ਸੁਣਾਈ। ਸ੍ਰੀ ਗੁਜਰਾਤੀ ਮਲ ਦੀ ਪੇਸ਼ੀ ਕੀਤੀ ਗਈ ਅਤੇ ਉਨ੍ਹਾਂ ਨੂੰ ਛੇ ਮਹੀਨੇ ਕੋਠੀ ਬੰਦ ਅਤੇ ਬੇੜੀ ਦੀ ਸਜ਼ਾ ਦਿੱਤੀ ਗਈ। ਇਸ ਪੁਰ ਛੇ ਨੰਬਰ ਬਾਰਕ ਦੇ ਪੰਜਾਬੀ ਅਤੇ ਬੰਗਾਲੀ ਗਦਰੀ ਕੈਦੀਆਂ ਨੇ ਭੁਖ ਹੜਤਾਲ ਕਰ ਦਿਤੀ। ਜੇਲ੍ਹਰ ਜਦ ਭੁਖ ਹੜਤਾਲ ਦਾ ਕਾਰਨ ਪੁਛਣ ਆਇਆ, ਤਾਂ ਸ੍ਰੀ ਕੇਸਰ ਸਿੰਘ 'ਠਠਗੜ੍ਹ' ਨੇ ਜਵਾਬ ਦਿਤਾ ਕਿ, 'ਤੁਹਾਨੂੰ ਬੰਦੂਕਾਂ ਦਾ ਘੁਮੰਡ ਹੈ, ਪਰ ਅਸੀਂ ਸਾਫ ਦੱਸ ਦੇਣਾ ਚਾਹੁੰਦੇ ਹਾਂ ਕਿ ਅਸੀਂ ਕੌਮੀ ਬੇਇਜ਼ਤੀ ਕਦੇ ਨਹੀਂ ਬਰਦਾਸ਼ਤ ਕਰਾਂਗੇ"। ਅਗਲੇ ਦਿਨ ਹੀ ਸ੍ਰੀ ਗੁਜਰਾਤੀ ਮਲ ਦੀ ਸਜ਼ਾ ਵਾਪਸ ਲੈ ਲਈ ਗਈ ਅਤੇ ਗੋਰਿਆਂ ਨੂੰ ਬਦਲ ਦਿੱਤਾ ਗਿਆ।

## ਮਿਸਟਰ ਡਿਗਨ।

ਨਵੇਂ ਜੇਲ੍ਹਰ ਮਿਸਟਰ ਡਿਗਨ ਮਿਸਟਰ ਬੈਰੀ ਦੇ ਰਿਸ਼ਤੇਦਾਰ ਹੀ ਸਨ। ਪਰ ਉਨ੍ਹਾਂ ਦਾ ਰਾਜਸੀ ਕੈਦੀਆਂ ਵੱਲ ਰਵੱਈਆ ਮਿਸਟਰ ਬੈਰੀ ਦੇ ਰਵੱਈਏ ਨਾਲੋਂ ਬਿਲਕੁਲ ਵਖਰਾ ਸੀ। ਮੇਜਰ ਬਾਰਕਰ ਵੀ ਬਦਲ ਗਏ ਸਨ ਅਤੇ ਉਨ੍ਹਾਂ ਦੀ ਥਾਂ ਨਵਾਂ ਸੁਪ੍ਰਿੰਟੈਂਡੈਂਟ ਆ ਗਿਆ ਸੀ। ਮਿਸਟਰ ਡਿਗਨ ਨੇ ਜੇਲ੍ਹ ਦਾ ਗੁਦਾਮ ਅਤੇ ਹੋਰ ਕਈ ਜ਼ਿਮੇਵਾਰੀ ਦੇ ਕੰਮ ਸਿਆਸੀ ਕੈਦੀਆਂ ਦੇ ਹਵਾਲੇ ਕਰ ਦਿਤੇ। ਮਿਸਟਰ ਡਿਗਨ ਦੇ ਨੇਕ ਵਰਤਾਉ ਦਾ ਇਹ ਅਸਰ ਹੋਇਆ ਕਿ ਸ੍ਰੀ ਅਮਰ ਸਿੰਘ 'ਇੰਜਨੀਅਰ', ਜੋ ਚਾਰ ਸਾਲ ਕੋਠੀ ਵਿਚ ਹੀ ਰਹੇ ਸਨ, ਕੋਠੀ ਤੋਂ ਖੁਸ਼ੀ ਨਾਲ ਬਾਹਰ ਆ ਗਏ। ਸ੍ਰੀ ਸੋਹਨ ਸਿੰਘ 'ਭਕਨਾ' ਬਚਿਆਂ ਨੂੰ ਪੜ੍ਹਾਉਣ ਲਗ ਪਏ। ਸੰਨ ੧੯੨੧ ਵਿਚ ਜਦ ਤੱਕ ਰਾਜਸੀ ਕੈਦੀਆਂ ਨੂੰ ਅੰਡੇਮਾਨ ਵਿਚੋਂ ਕੱਢਕੇ ਹਿੰਦ ਦੀਆਂ ਜੇਲ੍ਹਾਂ ਵਿਚ ਬਦਲ ਨਹੀਂ ਦਿੱਤਾ ਗਿਆ, ਮਿਸਟਰ ਡਿਗਨ ਦੀ ਪਾਲਸੀ ਦਾ ਸਦਕਾ ਸੈਲੂਲਰ ਜੇਲ੍ਹ ਵਿਚ ਰਾਜਸੀ ਕੈਦੀਆਂ ਦਾ ਜੇਲ੍ਹ ਕਰਮਚਾਰੀਆਂ ਨਾਲ ਕੋਈ ਝਗੜਾ ਨਾ ਹੋਇਆ।

## 'ਭਾਈ' ਪਰਮਾਨੰਦ ਦੀ ਰਾਇਜ਼ਨੀ।

'ਭਾਈ' ਪਰਮਾਨੰਦ ਨੇ ਨਾ ਕੇਵਲ ਅੰਡੇਮਾਨ ਦੇ ਜੇਲ੍ਹ ਕਰਮਚਾਰੀਆਂ ਦੇ ਅਤਿਆਚਾਰਾਂ ਵਿਰੁਧ ਗਦਰੀ ਕੈਦੀਆਂ ਵਲੋਂ ਕੀਤੀ ਜਦੋਜਹਿਦ ਵਿਚ ਹਿੱਸਾ ਨਾ ਲਿਆ, ਬਲਕਿ ਆਪਣੀ ਪੋਜ਼ੀਸ਼ਨ ਨੂੰ ਠੀਕ ਸਾਬਤ ਕਰਨ ਹਿਤ ਇਸ ਦੇ ਕਈ ਪਹਿਲੂਆਂ ਬਾਰੇ ਆਪਣੀ ਕਤਾਬ ਵਿਚ ਨੁਕਤਾ ਚੀਨੀ ਕੀਤੀ ਹੈ। ਇਸ ਵਾਸਤੇ ਉਨ੍ਹਾਂ ਦੀ ਕੀਤੀ ਰਾਇਜ਼ਨੀ ਬਾਰੇ ਵੀਚਾਰ ਕਰਨੀ ਜ਼ਰੂਰੀ ਹੋ ਜਾਂਦੀ ਹੈ; ਭਾਵੇਂ ਇਹ ਕਰਨਾ ਫੱਬਦਾ ਨਹੀਂ, ਕਿਉਂਕਿ ਭਾਈ ਪਰਮਾਨੰਦ ਦੇ ਅੰਡੇਮਾਨ ਵਿਚ ਧਾਰਨ ਕੀਤੇ ਵਤੀਰੇ ਦਾ ਜ਼ਿਕਰ ਕਰਨਾ ਅਵੱਸ਼ ਹੋ ਜਾਂਦਾ ਹੈ।

'ਭਾਈ' ਪਰਮਾਨੰਦ ਨੇ ਲਿਖਿਆ ਹੈ (ਪੰਨਾ ੧੫੯) ਕਿ, "ਓਹ ਵੀ ਸਨ ਜਿਹੜੇ ਮੇਰੀ (ਹੜਤਾਲਾਂ ਆਦਿ ਜਦੋਜਹਿਦ ਤੋਂ) ਅਲੈਹਦਗੀ ਨੂੰ ਬੁਜ਼ਦਿਲੀ ਸਮਝਦੇ ਸਨ ਅਤੇ ਮੈਨੂੰ ਮੇਹਣੇ ਮਾਰਦੇ ਸਨ; ਭਾਵੇਂ ਮੈਂ ਇਹ ਕਦੇ ਨਾ ਸਮਝ ਸਕਿਆ ਕਿ ਓਹ, ਜਿਹੜੇ ਜੀਭ ਦੇ ਸਵਾਦ ਖਾਤਰ ਉਲਟ ਪੁਲਟ ਕੰਮ ਕਰਦੇ ਸਨ, ਉਨ੍ਹਾਂ ਨਾਲੋਂ ਕਿਸ ਤਰ੍ਹਾਂ ਵਧੇਰੇ ਬਹਾਦਰ ਸਨ, ਜਿਹੜੇ ਬਿਪਤਾ ਨੂੰ ਜੀ ਆਇਆਂ ਆਖਦੇ ਹਨ ਅਤੇ ਖਿੜੇ ਮੱਥੇ ਸਹਾਰਦੇ ਹਨ"।

'ਭਾਈ' ਪਰਮਾ ਨੰਦ ਨੇ ਇਹ ਖੋਲ੍ਹਕੇ ਨਹੀਂ ਦੱਸਿਆ ਕਿ ਉਨ੍ਹਾਂ ਦੀ ਇਸ ਲਿਖਤ ਤੋਂ ਮੁਰਾਦ ਕਿਸੇ ਉਕੜ ਦੁਕੜ ਵਾਕਿਆ ਜਾਂ ਵਿਯਕਤੀ ਤੋਂ ਸੀ, ਜਾਂ ਗਦਰੀ ਕੈਦੀਆਂ ਦੀ ਕੀਤੀ ਸਮੁਚੀ ਜਦੋਜਹਿਦ ਤੋਂ। 'ਭਾਈ' ਪਰਮਾਨੰਦ ਨੇ ਅੰਡੇਮਾਨ ਵਿਚ ਦਿੱਤੀ ਜਾਂਦੀ ਭੈੜੀ ਖੁਰਾਕ ਦਾ ਆਪ ਵਰਣਨ ਕੀਤਾ ਹੈ (੧੨੧); ਅਤੇ ਜੇ ਕੇਵਲ ਇਸ ਨੂੰ ਸੁਧਾਰਨ ਹਿਤ ਵੀ ਜਦੋਜਹਿਦ ਕੀਤੀ ਜਾਂਦੀ, ਤਾਂ ਵੀ ਇਸ ਨੂੰ ਬੁਰਾ ਨਹੀਂ ਕਿਹਾ ਜਾ ਸਕਦਾ। ਅੰਗਰੇਜ਼ੀ ਰਾਜ ਵਿਚ ਜੇਲ੍ਹ ਸੁਧਾਰ ਖਾਤਰ ਕੀਤੀ ਗਈ ਕਾਂਗਰਸ ਤੇ ਹੋਰ ਪਾਰਟੀਆਂ ਵਲੋਂ ਜਦੋਜਹਿਦ ਦਾ ਇਹ ਜ਼ਰੂਰੀ ਅੰਗ ਸੀ। ਪਰ ਸੈਲੂਲਰ ਜੇਲ੍ਹ ਵਿਚ ਗਦਰੀ ਕੈਦੀਆਂ ਵਲੋਂ ਕੀਤੀਆਂ ਸਟਰਾਈਕਾਂ ਅਤੇ ਭੁਖ ਹੜਤਾਲਾਂ ਬਹੁਤੀਆਂ ਜੇਲ੍ਹ ਕਰਮਚਾਰੀਆਂ ਵਲੋਂ ਕੈਦੀਆਂ ਨੂੰ ਬੈਂਤ ਲਾਉਣ ਬਦਲੇ ਜਾਂ ਉਨ੍ਹਾਂ ਉਤੇ ਨਾਜਾਇਜ਼ ਸਖਤੀ ਕਰਨ ਬਦਲੇ ਕੀਤੀਆਂ ਗਈਆਂ। 'ਭਾਈ' ਪਰਮਾਨੰਦ ਦੀ ਆਪਣੀ ਲਿਖਤ ਮੁਤਾਬਕ ਪਹਿਲੀ ਸਟਰਾਈਕ ਸ੍ਰੀ ਪਰਮਾਨੰਦ ਯੂ. ਪੀ. ਨੂੰ ਬੈਂਤ ਲਾਉਣ ਕਰਕੇ ਹੋਈ। ਦੂਸਰੀ ਵਡੀ ਸਟਰਾਈਕ ਅਤੇ ਭੁਖ ਹੜਤਾਲ 'ਭਾਈ' ਭਾਨ ਸਿੰਘ ਉਤੇ ਢਾਹੇ ਗਏ ਜ਼ੁਲਮ ਕਰਕੇ ਹੋਈ। ੧੯ ਤੇ ੨੦ ਜੂਨ ਦੇ 'ਬੰਗਾਲੀ' ਵਿਚ ਅੰਡੇਮਾਨ ਦੇ ਰਾਜਸੀ ਕੈਦੀਆਂ ਬਾਰੇ ਛਪੇ ਸਮਾਚਾਰ, ਇਸ ਦੇ ਜਵਾਬ ਵਿਚ ਅੰਡੇਮਾਨ ਦੇ ਕਮੀਸ਼ਨਰ ਦੀ ੨੯ ਜੁਲਾਈ ਦੇ 'ਬੰਗਾਲੀ' ਵਿਚ ਛਪੀ ਚਿੱਠੀ, ਅਤੇ ਸ੍ਰੀ ਬਰਿੰਦਰ ਕੁਮਾਰ ਘੋਸ਼ ਦੀ ਲਿਖਤ, ਸਭ ਤੋਂ ਇਹ ਗਲ ਸਪੱਸ਼ਟ ਹੁੰਦੀ ਹੈ। ਸਿਰਫ ਜੀਭ ਦਾ ਚੱਸਕਾ ਪੂਰਾ ਕਰਨ ਖਾਤਰ ਛੇ ਛੇ ਮਹੀਨੇ ਲਗਾਤਾਰ ਖੜੀ ਹਥਕੜੀ ਨਹੀਂ ਸੀ ਲਵਾਈ ਜਾ ਸਕਦੀ, ਸਾਲਾਂ ਬੱਧੀ ਪਿੰਜਰਿਆਂ ਵਿਚ ਨਹੀਂ ਸੀ ਬੰਦ ਰਿਹਾ ਜਾ ਸਕਦਾ, ਅਤੇ ਭੁਖ ਹੜਤਾਲ ਕਰਕੇ ਮੌਤ ਨੂੰ ਜੱਫੀਆਂ ਨਹੀਂ ਸੀ ਪਾਈਆਂ ਜਾ ਸਕਦੀਆਂ।

'ਭਾਈ' ਪਰਮਾਨੰਦ ਨੇ ਦੂਸਰੀ ਵਡੀ ਨੁਕਤਾਚੀਨੀ ਇਹ ਕੀਤੀ ਹੈ ਕਿ ਜੇਕਰ ਇਕ ਰਾਜਸੀ ਕੈਦੀ ਦਾ ਜੇਲ੍ਹ ਕਰਮਚਾਰੀਆਂ ਨਾਲ ਝਗੜਾ ਹੋ ਜਾਂਦਾ, ਤਾਂ ਦੂਸਰੇ ਉਸ ਦੀ ਪਿੱਠ ਠੋਕਣੀ ਆਪਣਾ ਫਰਜ਼ ਸਮਝਦੇ। ਇਸ ਦਾ ਨਤੀਜਾ ਇਹ ਹੁੰਦਾ ਕਿ ਸਭ ਤੋਂ ਵੱਧ ਗੁਸੈਲ ਅਤੇ ਝਗੜਾਲੂ ਬੰਦਿਆਂ ਦੇ ਕਾਰਨ ਪੈਦਾ ਹੋਏ ਝਗੜਿਆਂ ਵਿਚ ਬਾਕੀ ਦੇ ਵੀ ਵਲ੍ਹੇਟੇ ਜਾਂਦੇ (ਪੰਨਾ ੧੨੪)।

ਇਹ ਠੀਕ ਹੈ ਕਿ ਅੰਡੇਮਾਨ ਦੇ ਚੀਫ ਕਮੀਸ਼ਨਰ ਦੀ ੨੯ ਜੁਲਾਈ ਦੇ 'ਬੰਗਾਲੀ' ਵਿਚ ਛਪੀ ਚਿਠੀ ਮੁਤਾਬਕ ਸ੍ਰੀ ਪਰਮਾਨੰਦ (ਯੂ. ਪੀ.) ਦਾ ਹੀ ਕਸੂਰ ਸੀ, ਕਿਉਂਕਿ ਉਨ੍ਹਾਂ ਓਵਰ ਸੀਅਰ ਅਤੇ ਚੀਫ ਵਾਰਡਰ ਉਤੇ ਵਾਰ ਕੀਤਾ, ਅਤੇ 'ਭਾਈ' ਭਾਨ ਸਿੰਘ ਜੇਲ੍ਹ ਕਰਮਚਾਰੀਆਂ ਨੂੰ ਕੌੜੇ ਬਚਨ ਬੋਲਣ ਦੇ ਆਦੀ ਸਨ ਅਤੇ ਉਨ੍ਹਾਂ ਇਕ ਛੋਟੇ ਜੇਲ੍ਹ ਕਰਮਚਾਰੀ ਉਤੇ ਵਾਰ ਕੀਤਾ। ਪਰ 'ਭਾਈ' ਪਰਮਾਨੰਦ ਆਪ ਲਿਖਦੇ ਹਨ ਕਿ ਜੇਲ੍ਹ ਕਰਮਚਾਰੀਆਂ ਦਾ ਉਨ੍ਹਾਂ ਪਾਸ ਕਿਸੇ ਕੈਦੀ ਵਲੋਂ ਕੀਤੀ ਸ਼ਕਾਇਤ ਨੂੰ ਪਰਖਣ ਦਾ ਇਹ ਢੰਗ ਸੀ ਕਿ ਜਿਤਨਾ ਚਿਰ ਸ਼ਕਾਇਤ ਕਰਨ ਵਾਲਾ ਆਪਣੀ ਸ਼ਕਾਇਤ ਨੂੰ ਸਾਬਤ ਨਾ ਕਰ ਸਕੇ, ਉਤਨਾ ਚਿਰ ਉਸ ਨੂੰ ਝੂਠਾ ਸਮਝਿਆ ਜਾਏ (ਪੰਨਾ ੧੧੭)। ਪਰੰਤੂ ਸੈਲੂਲਰ ਜੇਲ੍ਹ ਵਰਗੀ ਬੰਦ ਜੇਲ੍ਹ (ਜਿਥੇ ਜੇਲ੍ਹ ਕਰਮਚਾਰੀਆਂ ਜਾਂ ਉਨ੍ਹਾਂ ਦੇ ਇਸ਼ਾਰੇ ਉਤੇ ਚਲਣ ਵਾਲੇ ਪੁਰਜ਼ਿਆਂ ਅਤੇ ਕੈਦੀਆਂ ਤੋਂ ਸਵਾਏ ਹੋਰ ਕੋਈ ਫਟੱਕ ਨਹੀਂ ਸੀ ਸਕਦਾ) ਵਿਚ ਕੈਦੀਆਂ ਪਾਸ ਜੇਲ੍ਹ ਕਰਮਚਾਰੀਆਂ ਵਿਰੁਧ ਆਪਣੇ ਕੇਸ ਨੂੰ ਠੀਕ ਸਾਬਤ ਕਰਨ ਦਾ ਕੀ ਵਸੀਲਾ ਹੋ ਸਕਦਾ ਸੀ ?



Digitized by Panjab Digital Library | www.panjabdigilib.org

ਗਦਰੀ ਕੈਦੀਆਂ ਵਲੋਂ ਸੈਲੂਲਰ ਜੇਲ੍ਹ ਵਿਚ ਕੀਤੀ ਗਈ ਜਦੋਜਹਿਦ ਬਾਰੇ ਬੰਗਾਲੀ ਰਾਜਸੀ ਕੈਦੀਆਂ ਦਾ ਨਜ਼ਰੀਆ ੧੯ ਅਤੇ ੨੦ ਜੂਨ ਦੇ 'ਬੰਗਾਲੀ' ਵਿਚ ਛਪਿਆ, ਜਿਸ ਦਾ ਨਾਲੋ ਨਾਲ ਹਵਾਲਾ ਦਿਤਾ ਗਿਆ ਹੈ। ਸ੍ਰੀ ਬਰਿੰਦਰ ਕੁਮਾਰ ਘੋਸ਼ (ਜਿਨ੍ਹਾਂ ਇਸ ਜਦੋ ਜਹਿਦ ਵਿਚ ਹਿੱਸਾ ਨਹੀਂ ਸੀ ਲਿਆ) ਦੀ ਲਿਖਤ ਵਿਚੋਂ ਦਿਤੇ ਹਵਾਲੇ ਵੀ ਗਦਰੀ ਕੈਦੀਆਂ ਦੇ ਬਿਆਨ ਦੀ ਬਹੁਤ ਹੱਦ ਤੱਕ ਪ੍ਰੋੜਤਾ ਕਰਦੇ ਹਨ। 'ਭਾਈ' ਪਰਮਾ ਨੰਦ ਨੇ 'ਭਾਈ' ਭਾਨ ਸਿੰਘ ਦੇ ਮੁਆਮਲੇ ਬਾਰੇ ਜ਼ਿਕਰ ਨਹੀਂ ਕੀਤਾ, ਪਰ ਸ੍ਰੀ ਪਰਮਾਨੰਦ (ਯੂ. ਪੀ.) ਦੇ ਮੁਆਮਲੇ ਸੰਬੰਧੀ ਲਿਖਦੇ ਹਨ ਕਿ ਪਹਿਲੋਂ ਮਿਸਟਰ ਬੈਰੀ ਕੌੜਾ ਬੋਲਿਆ, ਅਤੇ ਸ੍ਰੀ ਪਰਮਾਨੰਦ (ਯੂ. ਪੀ.) ਦੇ ਉਸੇ ਵਰਗਾ ਜਵਾਬ ਦੇਣ ਉਤੇ ਉਹ (ਮਿਸਟਰ ਬੈਰੀ) ਸ੍ਰੀ ਪਰਮਾਨੰਦ ਉਤੇ ਜ਼ਬਰਦਸਤੀ ਕਰਨ ਲਈ ਉਠਿਆ। ਮਿਸਟਰ ਬੈਰੀ ਨੂੰ 'ਭਾਈ' ਪਰਮਾਨੰਦ ਨੇ ਆਪ ਬਿਆਨ ਕੀਤਾ ਹੈ ਕਿ ਉਹ ਇਸ ਕਿਸਮ ਦਾ ਬੰਦਾ ਸੀ (ਪੰਨਾ ੧੦੫), ਅਤੇ ਲਿਖਿਆ ਹੈ ਕਿ ਗਦਰੀ ਕੈਦੀਆਂ ਦੇ ਸੈਲੂਲਰ ਜੇਲ੍ਹ ਵਿਚ ਆਉਂਦੇ ਸਾਰ ਉਹ ਕੋਈ ਬਖੇੜਾ ਕਰਨ ਦਾ ਚਾਹਵਾਨ ਸੀ (ਪੰਨਾ ੧੦੬)। 'ਭਾਈ' ਪਰਮਾਨੰਦ ਦੀ ਰਾਇ ਵਿਚ ਜੇਲ੍ਹ ਕਰਮਚਾਰੀ ਆਕਾਰਨ ਕੈਦੀਆਂ ਨੂੰ ਧੌਲ ਧੱਫਾ ਕਰਦੇ ਫਿਰਦੇ ਅਤੇ ਗਾਲਾਂ ਕੱਢਦੇ, ਅਤੇ ਬਹੁਤ ਮਾਮੂਲੀ ਗੱਲ ਬਦਲੇ ਕੈਦੀਆਂ ਦੀਆਂ ਪੇਸ਼ੀਆਂ ਕੀਤੀਆਂ ਜਾਂਦੀਆਂ (ਪੰਨਾ ੧੦੮)। ਗਦਰੀ ਕੈਦੀਆਂ ਤੋਂ ਪਹਿਲੋਂ ਅੰਡੇਮਾਨ ਆਏ ਰਾਜਸੀ ਕੈਦੀਆਂ ਨੇ ਵੀ ਸਖੱਤ ਮੁਸ਼ੱਕਤ ਅਤੇ ਜੇਲ੍ਹ ਕਰਮਚਾਰੀਆਂ ਦੇ ਭੈੜੇ ਰਵੱਈਏ ਤੋਂ ਤੰਗ ਆਕੇ ਹੜਤਾਲਾਂ ਤੇ ਸਟਰਾਈਕਾਂ ਕੀਤੀਆਂ, ਭਾਵੇਂ ਉਹ ਕਾਮਯਾਬ ਹੋ ਸਕੀਆਂ ਜਾਂ ਨਾ; ਅਤੇ ਕਰਨਲ ਵੈਜਵੁਡ ਮੁਤਾਬਕ ਅੰਡੇਮਾਨ ਬਾਰੇ ਮਿਲੀ ਸਪੈਸ਼ਲ ਰੀਪੋਟ ਨੇ ਉਸ ਸਰਕਾਰ ਹਿੰਦ ਨੂੰ ਫਿਕਰ ਵਿਚ ਪਾ ਦਿਤਾ, ਅਤੇ ਆਖਰ ਸਰਕਾਰ ਹਿਦ ਨੂੰ ਗਾਲਖਨ ਇੰਸੇ ਕਰਕੇ ਅੰਡੇਮਾਨ ਦੀਆਂ ਜੇਲ੍ਹਾਂ ਤੋੜਨ ਦਾ ਫੈਸਲਾ ਕਰਨਾ ਪਿਆ। ਇਹ ਵੀ ਖਾਸ ਨੋਟ ਕਰਨ ਵਾਲੀ ਹੈ ਕਿ ਗਦਰੀ ਕੈਦੀਆਂ ਨੇ 'ਮਾਸਟਰ' ਚਤਰ ਸਿੰਘ ਦੀ ਹਮਾਇਤ ਵਿਚ ਪਹਿਲੋਂ ਹੜਤਾਲ ਜਾਂ ਸਟਰਾਈਕ ਨਹੀਂ ਕੀਤੀ, ਕਿਉਂਕਿ ਉਨ੍ਹਾਂ ਮੇਜਰ ਮੱਰੇ ਨੂੰ ਮਾਰਨ ਵਿਚ ਪਹਿਲ ਕੀਤੀ ਸੀ। ਜਦ ਚਾਰ ਸਾਲ ਦੀ ਪਿੰਜਰੇ ਬੰਦੀ ਕਰਕੇ 'ਮਾਸਟਰ' ਚਤਰ ਸਿੰਘ ਮਰਨਾਊ ਹੋ ਗਏ ਅਤੇ ਜੇਲ੍ਹ ਦੇ ਕਰਮਚਾਰੀ ਫਿਰ ਵੀ ਉਨ੍ਹਾਂ ਨੂੰ ਨਹੀਂ ਸੀ ਕੱਢਦੇ, ਤਦ ਸ੍ਰੀ ਸੋਹਨ ਸਿੰਘ ਨੂੰ ਅਤੇ ਸ੍ਰੀ ਬਿਸ਼ਨ ਸਿੰਘ ਨੇ ਸਟਰਾਈਕ ਕੀਤੀ। ਇਨ੍ਹਾਂ ਸਭ ਗੱਲਾਂ ਨੂੰ ਸਾਹਮਣੇ ਰਖਦਿਆਂ ਹੋਇਆਂ, 'ਭਾਈ' ਪਰਮਾਨੰਦ ਦੀ ਗਦਰੀ ਕੈਦੀਆਂ ਵਲੋਂ ਸੈਲੂਲਰ ਜੇਲ੍ਹ ਵਿਚ ਕੀਤੀ ਜਦੋਜਹਿਦ ਨੂੰ ਸਮੁਚੇ ਤੌਰ ਉੱਤੇ ਗੈਰ-ਜ਼ਿਮੇਵਾਰ ਢੰਗ ਨਾਲ ਕੀਤੀ ਗਈ ਕਹਿਣਾ ਵਾਜਬ ਨਹੀਂ।

ਇਹ ਹੋ ਸਕਦਾ ਹੈ ਕਿ ਕਈ ਇਕ ਵਾਕਿਆਤ ਵਿਚ ਇਕੜ ਦੁਕੜ ਗਦਰੀ ਕੈਦੀਆਂ ਵਲੋਂ ਲੋੜ ਨਾਲੋਂ ਵੱਧ ਜੋਸ਼ੀਲਾ ਰਵੱਈਆ ਇਖਤਿਆਰ ਕੀਤਾ ਗਿਆ ਹੋਵੇ। 'ਭਾਈ' ਪਰਮਾਨੰਦ ਨੇ ਕੇਵਲ ਇਕ ਮਿਸਾਲ ਦਿਤੀ ਹੈ ਕਿ ਮੇਜਰ ਮੱਰੇ ਉਤੇ ਹਮਲਾ ਕਰਨ ਲਈ ਚੰਦ ਇਕ ਗਦਰੀ ਕੈਦੀਆਂ ਵਲੋਂ ਛੁਰਾ ਬਨਾਉਣ ਜਾਂ ਮੰਗਵਾਉਣ ਦੀ ਕੋਸ਼ਸ਼ ਕੀਤੀ ਗਈ। ਸ੍ਰੀ ਸੋਹਨ ਸਿੰਘ 'ਭਕਨਾ' ਦੱਸਦੇ ਹਨ ਕਿ ਇਕ ਜੇਲ੍ਹ ਕਰਮਚਾਰੀ ਨੇ ਉਨ੍ਹਾਂ ਨੂੰ ਇਸੇ ਤਰ੍ਹਾਂ ਛੁਰਾ ਅਤੇ ਜੇਲ੍ਹ ਦੀਆਂ ਚਾਬੀਆਂ ਲਿਆ ਦੇਣ ਦੀ ਪੇਸ਼ਕਸ਼ ਕੀਤੀ, ਜੋ ਉਨ੍ਹਾਂ ਠੁਕਰਾ ਦਿੱਤੀ। ਜੇਕਰ 'ਭਾਈ' ਪਰਮਾਨੰਦ ਜੇਲ੍ਹ ਕਰਮਚਾਰੀਆਂ ਦੇ ਉਨ੍ਹਾਂ ਜ਼ੁਲਮਾਂ ਵਿਰੁਧ ਜਦੋਜਹਿਦ ਵਿਚ ਹਿੱਸਾ ਲੈਂਦੇ, ਜਿਨ੍ਹਾਂ ਨੂੰ ਉਹ ਆਪ ਠੀਕ ਹੋਇਆ ਸਮਝਦੇ, ਤਾਂ ਉਨ੍ਹਾਂ ਦੀ ਧਾਰਨ ਕੀਤੀ ਪੋਜ਼ੀਸ਼ਨ ਵਿਚ ਵਜ਼ਨ ਹੁੰਦਾ। ਇਸ ਗਲ ਨੂੰ ਉਹ ਆਪ ਮੰਨੇ ਹਨ ਕਿ ਜੇਲ੍ਹ ਵਿਚ ਬੜਾ ਜ਼ੁਲਮ ਹੁੰਦਾ ਸੀ। ਪਰ ਸਵਾਏ ਉਸ ਮੁਆਮਲੇ ਵਿਚ ਭੁਖ ਹੜਤਾਲ ਕਰਨ ਦੇ ਜਿਸ ਵਿਚ ਉਨ੍ਹਾਂ ਨੂੰ ਜ਼ਾਤੀ ਤੌਰ ਉਤੇ ਠੇਸ ਲੱਗੀ, ਉਨ੍ਹਾਂ ਨੇ ਸੈਲੂਲਰ ਜੇਲ੍ਹ ਵਿਚ ਰਾਜਸੀ ਜਾਂ ਦੂਸਰੇ ਕੈਦੀਆਂ ਦੀ ਹਮਦਰਦੀ ਵਿਚ ਕੋਈ ਅਮੱਲੀ ਕਦਮ ਨਾ ਚੁਕਿਆ, ਅਤੇ ਉਨ੍ਹਾਂ ਦੀ ਸਮੁਚੀ ਜਦੋਜਹਿਦ ਨੂੰ ਇਕੋ ਛਾਬੇ ਤੋਲਣ ਦੀ ਕੋਸ਼ਸ਼ ਕੀਤੀ ਹੈ।

ਦਰ ਅਸਲ 'ਭਾਈ' ਪਰਮਾਨੰਦ ਅਤੇ ਗਦਰੀ ਕੈਦੀਆਂ ਦੇ ਦ੍ਰਿਸ਼ਟੀ-ਕੋਨਾਂ ਵਿਚ ਜ਼ਮੀਨ ਆਸਮਾਨ ਦਾ ਫਰਕ ਸੀ। ਗਦਰੀ ਕੈਦੀ ਹਤੱਕ ਅਤੇ ਬੇਇਜ਼ਤੀ ਸਹਾਰਨ ਵਾਲੇ ਬੰਦੇ ਨਹੀਂ ਸਨ*; ਅਤੇ ਜ਼ੁਲਮ ਦਾ ਮੁਕਾਬਲਾ ਕਰਨ ਲਈ ਤੁਲੇ ਹੋਏ ਸਨ। ਅਤੇ 'ਭਾਈ' ਪਰਮਾਨੰਦ ਜੇਲ੍ਹ ਕਰਮਚਾਰੀਆਂ ਨਾਲ ਮੱਥਾ ਲਾਕੇ ਬਖੇੜਾ ਲੈਣੋਂ ਸੰਕੋਚ ਕਰਦੇ ਸਨ, ਭਾਵੇਂ ਉਹ ਕਿਤਨਾ ਹੀ ਜ਼ੁਲਮ ਪਏ ਕਰਨ। 'ਭਾਈ' ਪਰਮਾਨੰਦ ਲਿਖਦੇ ਹਨ ਕਿ, "ਰਾਜਸੀ ਕੈਦੀ ਆਪਣੇ ਹੱਕਾਂ ਖਾਤਰ ਜੇਲ੍ਹ ਅੰਦਰ ਉਸੇ ਤਰ੍ਹਾਂ ਐਜੀਟੇਸ਼ਨ ਕਰਨਾ ਚਾਹੁੰਦੇ ਸਨ ਜਿਵੇਂ ਉਹ ਬਾਹਰ ਕਰਦੇ ਆਏ ਸਨ।...... ਇਸ ਤੋਂ ਇਲਾਵਾ ਇਕ ਪਾਰਟੀ ਐਸੀ ਸੀ ਜੋ ਬਿਨਾ ਛਾਣ ਬੀਣ ਕੀਤੇ ਹਰ ਇਕ ਐਸੇ ਮੁਆਮਲੇ ਨੂੰ ਹੱਥ ਵਿਚ ਲੈ ਲੈਂਦੀ ਜਿਸ ਦੀ ਉਨ੍ਹਾਂ ਪਾਸ ਸ਼ਕਾਇਤ ਪੁਜਦੀ। ਜਦੋਂ ਉਹ ਹਿੰਦੂ ਜਾਂ ਬਰਮੀ ਬਚਿਆਂ ਨਾਲ ਗੈਰ-ਇਨਸਾਨੀ ਵਰਤਾਉ ਹੋਇਆ ਵੇਖਦੇ, ਜਾਂ ਜਦੋਂ ਉਨ੍ਹਾਂ ਨੂੰ ਜ਼ੁਲਮ ਦੀ ਚੱਕੀ ਵਿਚ ਪੀਸਿਆ ਜਾਂਦਾ ਵੇਖਦੇ, ਜਾਂ ਜਦੋਂ ਉਨ੍ਹਾਂ ਨਾਲ ਗੈਰ-ਕੁਦਰਤੀ ਜੁਰਮ ਕੀਤਾ ਜਾਂਦਾ, ਉਹ ਇਹ ਵੇਖਕੇ ਨਾ ਸਹਾਰ ਸਕਦੇ, ਅਤੇ ਇਕ ਵੱਡਾ ਬਖੇੜਾ ਮੁਲ ਲੈਣ ਦੀ ਪਰਵਾਹ ਨਾ ਕਰਦਿਆਂ ਹੋਇਆਂ ਦਖਲ ਦੇਂਦੇ। ਉਨ੍ਹਾਂ ਦੀ ਇਹ ਦਲੀਲ ਹੁੰਦੀ ਕਿ ਕਿਉਂਕਿ ਉਹ ਮਾਤ੍ਰ ਭੂਮੀ ਦੀ ਸੇਵਾ ਖਾਤਰ ਜੇਲ੍ਹ ਆਏ ਸਨ, ਇਸ ਵਾਸਤੇ ਜੇਲ੍ਹ ਦੇ ਹੋਰ ਕੈਦੀਆਂ ਦੀ ਹਾਲਤ ਬੇਹਤਰ ਕਰਨ ਲਈ ਕੋਸ਼ਸ਼ ਕਰਨੀ ਅਜੇ ਵੀ ਉਨ੍ਹਾਂ ਦਾ ਫਰਜ਼ ਸੀ*"।

'ਭਾਈ' ਪਰਮਾਨੰਦ ਦੀ ਲਿਖਤ ਦੇ ਲਹਿਜ਼ੇ ਤੋਂ, ਅਤੇ ਉਨ੍ਹਾਂ ਦੇ ਅੰਡੇਮਾਨ ਦੀ ਜੇਲ੍ਹ ਵਿਚ ਧਾਰਨ ਕੀਤੇ ਰੱਵਈਏ ਦੀ ਰੋਸ਼ਨੀ ਵਿਚ, ਇਹ ਮਤਲਬ ਲਿਆ ਜਾ ਸਕਦਾ ਹੈ ਕਿ ਉਪਰਲੇ ਪਹਿਰੇ ਵਿਚ ਉਨ੍ਹਾਂ ਦੇ ਆਪਣੇ ਬਿਆਨ ਕੀਤੇ ਗਦਰੀ ਕੈਦੀਆਂ ਦੇ ਦ੍ਰਿਸ਼ਟੀ ਕੋਨ ਨੂੰ ਉਹ ਪਸੰਦ ਨਹੀਂ ਸਨ ਕਰਦੇ। ਪਰ ਇਨਕਲਾਬੀ ਦ੍ਰਿਸ਼ਟੀ-ਕੋਨ ਤੋਂ ਗਦਰੀ ਕੈਦੀਆਂ ਦੀ ਸਪਿੱਰਟ, ਜੋ ਉਨ੍ਹਾਂ ਸੈਲੂਲਰ ਜੇਲ੍ਹ ਵਿਚ ਆਪਣੀਆਂ ਜਾਨਾਂ ਉਤੇ ਖੇਡਕੇ ਵੀ ਕਾਇਮ ਰੱਖੀ, ਲਈ ਵਖਰੇ ਨਜ਼ਰੀਏ ਤੋਂ ਅਨਭੋਲ ਦਿੱਤਾ ਗਿਆ ਇਸ ਤੋਂ ਵਧੇਰੇ ਚੰਗਾ ਸਰਟੀਫੀਕੇਟ ਮਿਲਣਾ ਮੁਸ਼ਕਲ ਹੈ। 'ਭਾਈ' ਪਰਮਾ-ਨੰਦ ਲਿਖਦੇ ਹਨ ਕਿ ਇਕ ਬੰਨੇ ਜੇਲ੍ਹ ਕਰਮਚਾਰੀਆਂ ਵਲੋਂ ਜ਼ੁਲਮ ਸੀ, ਅਤੇ ਦੂਸਰੇ ਬੰਨੇ ਗਦਰੀ ਕੈਦੀਆਂ ਦੀ ਬੇਵਕੂਫੀ ਸੀ, ਅਤੇ ਉਨ੍ਹਾਂ ਨੂੰ ਪਤਾ ਨਾ ਲਗਾ ਕਿ ਉਹ ਕਿਹੜਾ ਬੰਨਾ ਚੁਣਨ†। ਠੀਕ ਹੁੰਦਾ ਜੇਕਰ 'ਭਾਈ' ਪਰਮਾਨੰਦ ਲਿਖਦੇ ਕਿ ਇਕ ਬੰਨੇ ਜ਼ੁਲਮ ਸੀ, ਅਤੇ ਦੂਸਰੇ ਬੰਨੇ ਜ਼ੁਲਮ ਦਾ ਮੁਕਾਬਲਾ ਕਰਨ ਦੀ ਸਪਿੱਰਟ।

## ਹਿੰਦ ਦੀਆਂ ਜੇਲ੍ਹਾਂ ਵਿਚ।

ਅੰਡੇਮਾਨ ਤੋਂ ਵਾਪਸ ਲਿਆਕੇ ਗਦਰੀ ਕੈਦੀਆਂ ਨੂੰ ਹਿੰਦ ਦੇ ਅੱਡ ਅੱਡ ਸੂਬਿਆਂ ਅਤੇ ਉਨ੍ਹਾਂ ਦੀਆਂ ਵਖੋ ਵਖ ਜੇਲ੍ਹਾਂ

*A Tale of my Exile, Barindra Kumar Ghose, p. 115.

*Bhai Parmanand, p. 123.

†Bhai Parmanand, p. 127



Digitized by Panjab Digital Library | www.panjabdigilib.org

ਵਿਚ ਨਿਖੇੜ ਕੇ ਖਿੰਡਾ ਦਿੱਤਾ ਗਿਆ, ਜਿਥੋਂ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਪੰਦਰਾਂ ਪੰਦਰਾਂ ਅਤੇ ਵੀਹ ਵੀਹ ਸਾਲ ਕੈਦ ਭੁਗਤਣ ਤੋਂ ਪਹਿਲੋਂ ਰਿਹਾ ਨਾ ਕੀਤਾ ਗਿਆ। ਇਸ ਕਰਕੇ ਅੱਡ ਅੱਡ ਥਾਵਾਂ ਉੱਤੇ ਖਿੰਡੇ ਹੋਏ ਗਦਰੀ ਕੈਦੀਆਂ ਦੀ ਲੰਮੀ ਜੇਲ੍ਹ ਯਾਤਰਾ ਦੇ ਸਾਰੇ ਹਾਲ ਲਿਖਣੇ ਮੁਸ਼ਕਲ ਹਨ। ਨਮੂਨੇ ਵਜੋਂ ਕੁਝ ਗਿਣਤੀ ਦੇ ਵਾਕਿਆਤ ਹੀ ਦਰਜ ਕੀਤੇ ਜਾਂਦੇ ਹਨ।

### ਹਜ਼ਾਰੀ ਬਾਗ ਜੇਲ੍ਹ।

ਸੰਨ ੧੯੧੬ ਵਿਚ ੩੩ ਗਦਰੀ ਕੈਦੀ (ਬਹੁਤੇ ਦੂਸਰੇ ਮੁਕੱਦਮੇਂ ਦੇ) ਹਜ਼ਾਰੀ ਬਾਗ ਜੇਲ੍ਹ ਭੇਜੇ ਗਏ, ਅਤੇ ਦੋ ਸਾਲ ਪਿਛੋਂ ਇਨ੍ਹਾਂ ਵਿਚੋਂ ੧੮ ਜੇਲ੍ਹ ਵਿਚੋਂ ਭੱਜ ਨਿਕਲੇ*।

ਹਜ਼ਾਰੀ ਬਾਗ ਜੇਲ੍ਹ ਦੇ ਗਦਰੀ ਕੈਦੀਆਂ ਨੂੰ ਦਰੋਗਾ ਅਤੇ ਸੁਪ੍ਰਿੰਟੈਂਡੈਂਟ ਬੜਾ ਤੰਗ ਕਰਦੇ ਸਨ, ਇਸ ਵਾਸਤੇ ਉਨ੍ਹਾਂ ਜੇਲ੍ਹ ਵਿਚੋਂ ਭਜ ਨਿਕਲਣ ਦੀ ਸਲਾਹ ਬਣਾ ਲਈ। ਫਰਵਰੀ ੧੯੧੮ ਵਿਚ ਸ੍ਰੀ ਨੱਥਾ ਸਿੰਘ (ਧੁਨ) ਅਤੇ ਸ੍ਰੀ ਸੁਚਾ ਸਿੰਘ (ਚੋਹਲਾ) ਆਪਣੀਆਂ ਕੋਠੜੀਆਂ ਦੀ ਛੱਤ ਪਾੜ ਕੇ ਉਪਰ ਨਿਕਲੇ। ਜਦ ਇਹ ਛੱਤ ਪਾੜ ਰਹੇ ਸਨ ਤਾਂ ਦੂਸਰੇ ਸਾਥੀ ਉੱਚੀ ਉੱਚੀ ਕੀਰਤਨ ਕਰ ਰਹੇ ਸਨ, ਤਾਕਿ ਜੇਲ੍ਹ ਕਰਮਚਾਰੀਆਂ ਨੂੰ ਛੱਤ ਪਾੜੇ ਜਾਣ ਦਾ ਖੜਾਕ ਨਾ ਸੁਣ ਸਕੇ। ਦੋਹਾਂ ਨੇ ਮਲਕੜੇ ਜਿਹੇ ਹੇਠਾਂ ਉੱਤਰ ਕੇ ਪਹਿਰਾ ਦੇਣ ਵਾਲੇ ਸਿਪਾਹੀ ਨੂੰ ਕਾਬੂ ਕਰ ਲਿਆ, ਅਤੇ ਉਸ ਦੇ ਮੂੰਹ ਵਿਚ ਬੁੱਜਾ ਦੇ ਕੇ ਉਸ ਨੂੰ ਇਕ ਥੰਮ ਨਾਲ ਬੰਨ੍ਹ ਦਿੱਤਾ। ਥੋੜੀ ਦੇਰ ਪਿਛੋਂ ਰੌਂਦ ਵਾਲਾ ਜਮਾਂਦਾਰ ਆ ਗਿਆ, ਜਿਸ ਪਾਸ ਕੋਠੜੀਆਂ ਦੀਆਂ ਚਾਬੀਆਂ ਹੁੰਦੀਆਂ ਸਨ। ਉਸ ਨੂੰ ਵੀ ਪਹਿਲੇ ਸਿਪਾਹੀ ਵਾਂਗੂੰ ਕਾਬੂ ਕਰਕੇ, ਉਸ ਪਾਸੋਂ ਚਾਬੀਆਂ ਲੈਕੇ ਸਪੈਸ਼ਲ ਨੰਬਰ ਦੀਆਂ ਸਭ ਕੋਠੜੀਆਂ ਦੇ ਦਰਵਾਜ਼ੇ ਖੋਲ੍ਹ ਦਿਤੇ ਅਤੇ ਇਨ੍ਹਾਂ ਵਿਚ ਡੱਕੇ ਗਦਰੀ ਕੈਦੀ ਬਾਹਰ ਨਿਕਲ ਆਏ। ਸਪੈਸ਼ਲ ਨੰਬਰ ਪਿਛੋਂ ਉਸ ਨੰਬਰ ਦੀਆਂ ਕੋਠੜੀਆਂ ਦੇ ਦਰਵਾਜ਼ੇ ਖੋਹਲਣ ਗਏ ਜਿਸ ਵਿਚ 'ਸੰਤ' ਰੰਧੀਰ ਸਿੰਘ ਬੰਦ ਸਨ। ਪਰ ਹਫੜਾ ਦਫੜੀ ਵਿਚ ਗਲਤ ਚਾਬੀਆਂ ਹੱਥ ਆ ਜਾਣ ਕਰਕੇ ਉਸ ਨੰਬਰ ਦੇ ਜਿੰਦਰੇ ਨਾ ਖੁਲ੍ਹ ਸਕੇ। ਇਤਨੇ ਨੂੰ ਰੌਂਦ ਵਾਲੀ ਗਾਰਦ ਆ ਗਈ, ਅਤੇ ਪਹਿਰੇਦਾਰਾਂ ਨੂੰ ਪਤਾ ਲਗ ਜਾਣ ਕਰਕੇ ਅਲਾਰਮ ਹੋ ਗਿਆ। ਅਜੇ ਚਾਰ ਪੰਜ ਗਦਰੀ ਹੀ ਫਸੀਲ ਉੱਤੇ ਚੜ੍ਹੇ ਸਨ ਕਿ ਪੁਲਸ ਨੇ ਗਦਰੀ ਕੈਦੀਆਂ ਵੱਲ ਧਾਵਾ ਕਰ ਦਿੱਤਾ। ਇਕ ਗਦਰੀ ਕੈਦੀ ਨੇ ਫੋਕਾ ਦਬਾਕਾ ਮਾਰਿਆ, 'ਮਾਰੋ ਬੰਬ, ਕੀ ਵੇਖਦੇ ਹੋ'। ਸ੍ਰੀ ਗੁਜਰ ਸਿੰਘ 'ਭਕਨਾ' ਪਾਸ ਦੀਆ ਸਲਾਈ ਦੀ ਡੱਬੀ ਸੀ ਅਤੇ ਝੋਲੇ ਵਿਚ ਉਹ ਜਿੰਦਰੇ ਸਨ ਜੋ ਉਨ੍ਹਾਂ ਕੋਠੜੀਆਂ ਦੇ ਖੋਲ੍ਹੇ ਸਨ। ਉਨ੍ਹਾਂ ਦੀਆ ਸਲਾਈ ਜਗਾ ਕੇ ਇਕ ਜੰਦਰਾ ਜ਼ੋਰ ਨਾਲ ਕੰਧ ਨੂੰ ਮਾਰਿਆ। ਪੁਲਸ ਨੇ ਸਮਝਿਆ ਕਿ ਬੰਬ ਵੱਜਾ ਹੈ ਅਤੇ ਉਹ ਨੱਸ ਗਈ। ਫਸੀਲ ਤੋਂ ਕਈ ਗਦਰੀ ਕੈਦੀਆਂ ਨੇ ਬਾਹਰ ਨਿਕਲਣ ਸਮੇਂ ਸਿੱਧੀਆਂ ਛਾਲਾਂ ਮਾਰ ਦਿੱਤੀਆਂ, ਜਿਸ ਕਰਕੇ ਉਨ੍ਹਾਂ ਦੇ ਗਿੱਟੇ ਨਿਕਲ ਗਏ ਜਾਂ ਪੈਰ ਜ਼ਖਮੀ ਹੋ ਗਏ। ਬਾਕੀ ਦੇ ਜੋ ਲੰਮਕ ਕੇ ਉੱਤਰੇ ਸਹੀ ਸਲਾਮਤ ਬਾਹਰ ਨਿਕਲਣ ਵਿਚ ਕਾਮਯਾਬ ਹੋ ਗਏ। ਪਰ ਬਾਹਰ ਵੀ ਪੁਲਸ ਆ ਚੁਕੀ ਸੀ ਅਤੇ ਉਸ ਨੇ ਇਨ੍ਹਾਂ ਉੱਤੇ ਹੱਲਾ ਕਰ ਦਿੱਤਾ। ਗਦਰੀ ਕੈਦੀਆਂ ਨੇ ਪੁਲਸ ਕੋਲੋਂ ਡਾਂਗਾਂ ਖੋਹਕੇ ਪੁਲਸੀਆਂ ਨੂੰ ਭਜਾ ਦਿਤਾ। ਤੰਦਰੁਸਤਾਂ ਨੇ ਜ਼ਖਮੀਆਂ ਨੂੰ ਚੁਕ ਲਿਆ ਅਤੇ ਜੰਗਲ ਵਲ ਚਲ ਪਏ। ਪਰ ਇਸ ਤਰ੍ਹਾਂ ਬਹੁਤ ਦੂਰ ਜਾਣਾ ਸੰਭਵ ਨਹੀਂ ਸੀ, ਅਤੇ ਦਿਨ ਚੜ੍ਹ ਚੁਕਾ ਸੀ। ਜ਼ਖਮੀਆਂ ਨੇ ਤੰਦਰੁਸਤ ਸਾਥੀਆਂ ਨੂੰ ਮਜਬੂਰ ਕੀਤਾ ਕਿ ਉਨ੍ਹਾਂ ਨੂੰ ਉਹ ਓਥੇ ਛੱਡ ਕੇ ਆਪ ਨਿਕਲ ਜਾਣ, ਕਿਉਂਕਿ ਨਹੀਂ ਤਾਂ ਸਾਰਿਆਂ ਫੜੇ ਜਾਣਾ ਸੀ। ਜ਼ਖਮੀ ਗਦਰੀ ਕੈਦੀਆਂ ਨੂੰ ਪਿਛੋਂ ਪੁਲਸ ਨੇ ਆ ਘੇਰਿਆ ਅਤੇ ਬਹੁਤ ਕੁਟਣ ਪਿਛੋਂ ਵਾਪਸ ਜੇਲ੍ਹ ਵਿਚ ਲੈ ਗਈ। ਜੋ ਤੰਦਰੁਸਤ ਉਥੋਂ ਚਲੇ ਗਏ ਸਨ, ਉਹ ਵੀ ਬਹੁਤਾ ਚਿਰ ਬਚ ਨਾ ਸਕੇ; ਕਿਉਂਕਿ ਉਨ੍ਹਾਂ ਦੇ ਕਪੜੇ ਕੈਦੀਆਂ ਵਾਲੇ ਸਨ ਅਤੇ ਪੁਲਸ ਨੇ ਲਾਗੇ ਬੰਨੇ ਦੇ ਪਿੰਡਾਂ ਵਿਚ ਧੁਮਾਇਆ ਹੋਇਆ ਸੀ ਕਿ ਡਾਕੂ ਭੱਜੇ ਹੋਏ ਹਨ। ਜਦ ਗਦਰੀ ਕੈਦੀ ਜੰਗਲ ਤੋਂ ਬਾਹਰ ਨਿਕਲੇ ਤਾਂ ਪੁਲਸ ਅਤੇ ਪੇਂਡੂਆਂ ਦੇ ਹਜੂਮ ਨਾਲ ਟਾਕਰਾ ਹੋ ਗਿਆ। ਦੋ ਘੰਟੇ ਖੂਬ ਲੜਾਈ ਹੋਈ, ਪਰ ਆਖਰ ਹਜੂਮ ਨੇ ਇਨ੍ਹਾਂ ਨੂੰ ਘੇਰ ਲਿਆ। ਜਦ ਲੋਕਾਂ ਨੂੰ ਅਸਲੀਅਤ ਦਾ ਪਤਾ ਲਗਾ ਕਿ ਇਹ ਲੋਕ ਕੌਣ ਸਨ ਤਾਂ ਉਨ੍ਹਾਂ ਨੂੰ ਬੜਾ ਅਫਸੋਸ ਹੋਇਆ। ਕੇਵਲ ਦੋ ਤਿਨ ਗਦਰੀ ਕੈਦੀ ਬਚ ਕੇ ਨਿਕਲਣ ਵਿਚ ਕਾਮਯਾਬ ਹੋਏ, ਜੋ ਦੂਸਰਿਆਂ ਨਾਲੋਂ ਨਿਖੜ ਗਏ ਸਨ। 'ਸਟੇਸਮੈਨ' ਅਖਬਾਰ ਨੇ ਇਸ ਵਾਕਿਆ ਨੂੰ ('A daring deed') 'ਇਕ ਦਲੇਰੀ ਵਾਲੇ ਕਾਰਨਾਮੇ' ਦੀ ਸੁਰਖੀ ਹੇਠ ਛਾਪਿਆ*।

### ਯਰਵਾਦਾ ਜੇਲ੍ਹ।

ਜਨਵਰੀ ੧੯੨੩ ਵਿਚ ੧੫ ਗਦਰੀ ਕੈਦੀਆਂ ਨੂੰ ਯਰਵਾਦਾ ਜੇਲ੍ਹ ਬਦਲ ਦਿਤਾ ਗਿਆ। ਜਦ ਇਹ ਯਰਵਾਦਾ ਜੇਲ੍ਹ ਪੁਜੇ ਤਾਂ ਜੇਲ੍ਹ ਵਾਲਿਆਂ ਇਨ੍ਹਾਂ ਵਿਚੋਂ ਸਿੱਖਾਂ ਦੀਆਂ ਪੱਗਾਂ ਅਤੇ ਕਛਹਿਰੇ ਜ਼ਬਰਦਸਤੀ ਉਤਰਵਾ ਲਏ, ਅਤੇ ਉਨ੍ਹਾਂ ਨੂੰ ਕੰਬਲਾਂ ਵਿਚ ਵਲ੍ਹੇਟ ਕੇ ਕੋਠੜੀਆਂ ਵਿਚ ਬੰਦ ਕਰ ਦਿਤਾ। ਇਸ ਜਬਰ ਦੇ ਵਿਰੁਧ ਸਿਖ ਗਦਰੀ ਕੈਦੀਆਂ ਨੇ ਭੁਖ ਹੜਤਾਲ ਕਰ ਦਿਤੀ। ਗਦਰੀ ਕੈਦੀ ਉਸੇ ਪ੍ਰਕਾਰ ਅਸੂਲ ਲਈ ਲੜ ਰਹੇ ਸਨ ਜਿਵੇਂ ਸ੍ਰੀ ਰਾਮ ਰਖਾ ਨੇ ਸੈਲੂਲਰ ਜੇਲ੍ਹ ਵਿਚ ਜ਼ਬਰਦਸਤੀ ਜਨੇਊ ਉਤਾਰੇ ਜਾਣ ਵਿਰੁਧ ਭੁਖ ਹੜਤਾਲ ਕੀਤੀ ਸੀ। ਸ੍ਰੀ ਪਰਮਾਨੰਦ (ਯੂ. ਪੀ.) ਅਤੇ ਸ੍ਰੀ ਹਿਰਦੇ ਰਾਮ ਨੂੰ ਸਿਖ ਗਦਰੀ ਕੈਦੀਆਂ ਬਥੇਰਾ ਜ਼ੋਰ ਲਾਇਆ ਕਿ ਉਹ ਇਸ ਭੁਖ ਹੜਤਾਲ ਵਿਚ ਸ਼ਾਮਲ ਨਾ ਹੋਣ, ਪਰ ਉਹ ਆਪਣੇ ਸਾਥੀਆਂ ਦਾ ਸਾਥ ਛਡਣਾ ਗਵਾਰਾ ਨਾ ਕਰ ਸਕੇ। ੨੮ ਦਿਨ ਜੇਲ੍ਹ ਵਾਲਿਆਂ ਭੁਖ ਹੜਤਾਲੀਆਂ ਦੀ ਸੁਰਤ ਵਾਤ ਨਾ ਪੁਛੀ, ਅਤੇ ਜ਼ਬਰਦਸਤੀ ਜੋ ਖੁਰਾਕ ਦਿਤੀ ਜਾਇਆ ਕਰਦੀ ਹੈ ਉਹ ਵੀ ਨਾ ਦਿਤੀ। ਜਦ ਜੇਲ੍ਹ ਕਰਮਚਾਰੀ ਜ਼ਬਰਦਸਤੀ ਖੁਰਾਕ ਦੇਣ ਲਗੇ ਤਾਂ ਆਈ. ਜੀ. ਜੇਲ੍ਹ, ਜੋ ਪੰਜਾਬ ਰਹਿ ਚੁਕਾ ਸੀ, ਨੇ ਇਹ ਕਹਿਕੇ ਰੋਕ ਦਿਤਾ ਕਿ, 'ਮੈਂ ਇਨ੍ਹਾਂ ਪੰਜਾਬੀਆਂ ਨੂੰ ਜਾਣਦਾ ਹਾਂ, ਇਹ ਮਰਨ ਨਹੀਂ ਲਗੇ'। ੨੮ ਦਿਨ ਇਨ੍ਹਾਂ ਭੁਖ ਹੜਤਾਲੀਆਂ ਨੇ ਅੰਨ ਦਾ ਇਕ ਦਾਣਾ ਵੀ ਨਾ ਖਾਧਾ, ਅਤੇ ਸ੍ਰੀ ਰੂੜ ਸਿੰਘ 'ਚੂਹੜ ਚੱਕ' ਨੇ ੧੧ ਦਿਨ ਪਾਣੀ ਤੱਕ ਨਾ ਪੀਤਾ। ੨੮ ਦਿਨ ਪਿਛੋਂ ਜਦ ਹਾਲਤ ਨਾਜ਼ਕ ਹੋ ਗਈ ਤਾਂ ਨੱਕ ਥਾਣੀ ਖੁਰਾਕ ਦੇਣੀ ਸ਼ੁਰੂ ਕੀਤੀ। ਇਤਨੇ ਚਿਰ ਨੂੰ ਕਿਸੇ ਹੋਰ ਸਿਲਸਲੇ ਵਿਚ ਕੈਦ ਹੋਇਆ ਇਕ ਸਿਖ ਕੈਦੀ ਯਰਵਾਦਾ ਜੇਲ੍ਹ ਤੋਂ ਰਿਹਾ ਹੋ ਕੇ ਪੰਜਾਬ ਗਿਆ। ਉਸ ਨੇ ਪੰਜਾਬ ਦੇ ਅਖਬਾਰਾਂ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਖਬਰ ਦਿੱਤੀ, ਜਿਨ੍ਹਾਂ ਦੇ ਇਸ ਬੰਨੇ ਧਿਆਨ ਦੇਣ ਕਰਕੇ ਬੰਬੱਈ ਅਹਾਤੇ ਵਿਚ ਸਿਖਾਂ ਲਈ ਪੱਗਾਂ ਅਤੇ ਕਛਹਿਰਿਆਂ ਦੀ ਖੁਲ੍ਹ ਹੋਈ, ਅਤੇ ਗਦਰੀ ਕੈਦੀਆਂ ਦੀ ਭੁਖ ਹੜਤਾਲ ਟੁੱਟੀ। ਯਰਵਾਦਾ ਜੇਲ੍ਹ ਦੀ ਭੁਖ ਹੜਤਾਲ ਵਿਚ ਇਨ੍ਹਾਂ ਗਦਰੀ ਕੈਦੀਆਂ ਨੇ ਹਿੱਸਾ ਲਿਆ :—ਸ੍ਰੀ ਕੇਸਰ ਸਿੰਘ 'ਠਠਗੜ੍ਹ', ਸ੍ਰੀ ਰੂੜ ਸਿੰਘ 'ਚੂਹੜ ਚੱਕ', ਸ੍ਰੀ ਗੁਜਰ ਸਿੰਘ 'ਭਕਨਾ', ਸ੍ਰੀ ਹਰੀ ਸਿੰਘ, ਸ੍ਰੀ ਮਹਾਰਾਜ ਸਿੰਘ, ਸ੍ਰੀ ਪਰਮਾਨੰਦ (ਯੂ. ਪੀ.), ਸ੍ਰੀ ਹਿਰਦੇ ਰਾਮ (ਮੰਡੀ

*Isemonger and Slattery, p. 145.

*ਵਧੇਰੇ ਤਫਸੀਲ ਲਈ ਵੇਖੋ 'ਭਾਈ' ਸਾਹਿਬ ਰਣਧੀਰ ਸਿੰਘ ਜੀ ਦੀਆਂ ਜੇਲ੍ਹ ਚਿਠੀਆਂ', ਪੰਨੇ ੨੯੬–੩੧੫.



Digitized by Panjab Digital Library | www.panjabdigilib.org

ਰਿਆਸਤ), ਸ੍ਰੀ ਬਿਸ਼ਨ ਸਿੰਘ 'ਢੋਟੀਆਂ', ਸ੍ਰੀ ਮਦਨ ਸਿੰਘ, ਸ੍ਰੀ ਹੀਰਾ ਸਿੰਘ, ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ', ਸ੍ਰੀ ਹਰਨਾਮ ਸਿੰਘ 'ਕਾਮਾਗਾਟਾ ਮਾਰੂ', ਸ੍ਰੀ ਚੰਚਲ ਸਿੰਘ, ਸ੍ਰੀ ਸ਼ੇਰ ਸਿੰਘ 'ਵੇਈਂਪੁਈਂ' ਅਤੇ ਸ੍ਰੀ ਸੋਹਨ ਸਿੰਘ 'ਭਕਨਾ'।

**ਇਕੜ ਦੁਕੜ।**

ਸ੍ਰੀ ਜਵਾਲਾ ਸਿੰਘ 'ਠਟੀਆਂ' ਨੂੰ ਕੋਇਮਬੇਟੋਰ ਜੇਲ੍ਹ ਵਿਚ ਭੁਖ ਹੜਤਾਲ ਕਰਨ ਬਦਲੇ ੩੦ ਬੈਂਤ ਦੀ ਸਜ਼ਾ ਦਿੱਤੀ ਗਈ, ਜਿਸ ਦਾ ਅਸਲੀ ਕਾਰਨ ਇਹ ਸੀ ਕਿ ਉਨ੍ਹਾਂ ਮੋਪਲਾ ਕੈਦੀਆਂ ਉਤੇ ਜੇਲ੍ਹ ਵਿਚ ਹੋਏ ਜ਼ੁਲਮਾਂ ਵਿਰੁਧ ਆਵਾਜ਼ ਉਠਾਈ ਸੀ। ਸੀ. ਪੀ. ਦੀਆਂ ਜੇਲ੍ਹਾਂ ਵਿਚ ਸ੍ਰੀ ਬਲਵੰਤ ਸਿੰਘ 'ਸਠਿਆਲਾ', ਸ੍ਰੀ ਹਰੀ ਸਿੰਘ 'ਕੱਕੜ', ਅਤੇ ਸ੍ਰੀ ਜਵਾਲਾ ਸਿੰਘ 'ਠੱਟੀਆਂ' ਨੇ ਭੁਖ ਹੜਤਾਲ ਕਰਕੇ ਕਪੜੇ ਦੀਆਂ ਗੋਲੀਆਂ ਬਣਾ ਕੇ ਨੱਕ ਵਿਚ ਦੇ ਲਈਆਂ ਤਾਕਿ ਜ਼ਬਰਦਸਤੀ ਨੱਕ ਰਾਹੀਂ ਖੁਰਾਕ ਨਾ ਦਿਤੀ ਜਾ ਸਕੇ। ਸ੍ਰੀ ਜਵਾਲਾ ਸਿੰਘ 'ਠਟੀਆਂ' ਨੇ ਕਰੀਬਨ ਇਕ ਸਾਲ ਤਕ ਭੁਖ ਹੜਤਾਲ ਜਾਰੀ ਰੱਖੀ, ਅਤੇ ਸ੍ਰੀ ਹਰਨਾਮ ਸਿੰਘ 'ਟੁੰਡੀ ਲਾਟ' ਨੇ ਮਦਰਾਸ ਸੂਬੇ ਦੀ ਇਕ ਜੇਲ੍ਹ ਵਿਚ ੯੦ ਦਿਨ ਭੁਖ ਹੜਤਾਲ ਕੀਤੀ। ਸ੍ਰੀ ਸੋਹਨ ਸਿੰਘ 'ਭਕਨਾ', 'ਸ਼ਹੀਦ' ਭਗਤ ਸਿੰਘ ਅਤੇ ਸ੍ਰੀ ਦੱਤ ਦੀ ਕੀਤੀ ਭੁਖ ਹੜਤਾਲ ਵਿਚ ਸ਼ਾਮਲ ਹੋਏ। 'ਸੰਤ' ਰੰਧੀਰ ਸਿੰਘ ਧਾਰਮਕ ਭਾਵਾਂ ਨੂੰ ਲੈ ਕੇ ਗਦਰ ਪਾਰਟੀ ਵਿਚ ਸ਼ਾਮਲ ਹੋਏ ਸਨ, ਅਤੇ ਉਨ੍ਹਾਂ ਦੀਆਂ ਜੇਲ੍ਹ ਵਿਚ ਕੀਤੀਆਂ ਭੁਖ ਹੜਤਾਲਾਂ ਦਾ ਕਾਰਨ ਵੀ ਉਨ੍ਹਾਂ ਦਾ ਬਬੇਕ ਸੀ। ਪਰ ਉਨ੍ਹਾਂ ਦੀ ਜੇਲ੍ਹ ਯਾਤਰਾ ਭੁਖ ਹੜਤਾਲਾਂ ਦੀ ਇਕ ਲੰਮੀ ਕਹਾਣੀ ਹੈ, ਜੋ ਦੱਸਦੀ ਹੈ ਕਿ ਉਹ ਕਿਸ ਹੱਠ ਦੇ ਮਾਲਕ ਸਨ*। ਇਸ ਤਰ੍ਹਾਂ ਦੀਆਂ ਗਦਰੀ ਕੈਦੀਆਂ ਵਲੋਂ ਕੀਤੀਆਂ ਸਾਰੀਆਂ ਭੁਖ ਹੜਤਾਲਾਂ ਦੇ ਵੇਰਵੇ ਦਾ ਪਤਾ ਲਾਉਣਾ ਵੀ ਮੁਸ਼ਕਲ ਹੈ, ਕਿਉਂਕਿ ਉਹ ਅੱਡ ਅੱਡ ਜੇਲ੍ਹਾਂ ਵਿਚ ਖਿੰਡੇ ਹੋਏ ਸਨ ਅਤੇ ਉਨ੍ਹਾਂ ਵਿਚੋਂ ਬਹੁਤੇ ਆਪਣੀਆਂ ਹੱਡ ਬੀਤੀਆਂ ਨਾਲ ਹੀ ਲੈਕੇ ਸਮਾ ਚੁਕੇ ਹਨ। ਉਪਰ ਦਸੀਆਂ ਕੁਝ ਮਿਸਾਲਾਂ ਇਹ ਦੱਸਣ ਲਈ ਕਾਫੀ ਹਨ ਕਿ ਗਦਰੀ ਕੈਦੀਆਂ ਨੇ ਜੇਲ੍ਹਾਂ ਵਿਚ ਵੀ ਆਪਣੀ ਇਨਕਲਾਬੀ ਸਪਿੱਰਟ ਨੂੰ ਕਿਵੇਂ ਕਾਇਮ ਰੱਖਿਆ। ਪੰਦਰਾਂ ਪੰਦਰਾਂ, ਵੀਹ ਵੀਹ ਸਾਲ ਦੀ ਕੈਦ ਪਿਛੋਂ ਵੀ ਜਦ ਉਨ੍ਹਾਂ ਨੂੰ ਸ਼ਰਤਾਂ ਦੇ ਮਾਤੈਹਤ ਰਿਹਾਈ ਪੇਸ਼ ਕੀਤੀ ਜਾਂਦੀ, ਤਾਂ ਉਹ ਅਜਿਹੀ ਮਸ਼ਰੂਤ ਰਿਹਾਈ ਨੂੰ ਠੁਕਰਾ ਦੇਂਦੇ।

ਜਿਮ ਫੇਲਿਨ (Jim Phelan) ਨੇ ਆਪਣੀ 'ਜੇਲ੍ਹ ਯਾਤਰਾ' (Jail Journey) ਨਾਮੀ ਕਿਤਾਬ ਵਿਚ ਲਿਖਿਆ ਹੈ ਕਿ, "ਜੇਲ੍ਹ ਵਿਚ ਆਦਮੀ ਦਾ ਆਚੱਰਨ ਉੱਘੜ ਕੇ ਪ੍ਰਤੱਖ ਹੋ ਜਾਂਦਾ ਹੈ। ਹਰ ਇਕ ਛੋਟੀ ਕਮਜ਼ੋਰੀ ਜਾਗ ਪੈਂਦੀ ਹੈ, ਬਾਹਰ ਨਿਕਲ ਕੇ ਦਿੱਸਣ ਲੱਗ ਪੈਂਦੀ ਅਤੇ ਚਮਕ ਪੈਂਦੀ ਹੈ; ਹਤਾਕਿ ਕਮਜ਼ੋਰੀਆਂ ਦੇ ਲਿਬਾਸ ਵਿਚ ਕੈਦੀ ਨਹੀਂ ਹੁੰਦਾ, ਬਲਕਿ ਕੈਦੀ ਦੇ ਲਿਬਾਸ ਵਿਚ ਕਮਜ਼ੋਰੀਆਂ ਦਾ ਪੁਤਲਾ ਰਹਿ ਜਾਂਦਾ ਹੈ"। ਪਰ ਗਦਰੀ ਕੈਦੀਆਂ ਬਾਰੇ ਇਹ ਯਕੀਨੀ ਤੌਰ ਉੱਤੇ ਕਿਹਾ ਜਾ ਸਕਦਾ ਹੈ ਕਿ ਉਹ ਜੇਲ੍ਹ ਯਾਤਰਾ ਦੀ ਕੁਠਾਲੀ ਵਿਚੋਂ ਕੁੰਦਨ ਹੋ ਕੇ ਨਿਕਲੇ। ਉਨ੍ਹਾਂ ਦੀ ਜੇਲ੍ਹ ਯਾਤਰਾ, ਉਨ੍ਹਾਂ ਦੀ ਜੇਲ੍ਹ ਤੋਂ ਬਾਹਰ ਕੀਤੀ ਜਦੋਜਹਿਦ ਦਾ ਇਕ ਤਰ੍ਹਾਂ ਅਗੋਂ ਜਾਰੀ ਰਹਿਣ ਵਾਲਾ ਅਮਲ ਸਾਬਤ ਹੋਈ, ਜਿਸ ਵਿਚ ਉਨ੍ਹਾਂ ਦੀ ਇਨਕਲਾਬੀ ਸਪਿੱਰਟ ਵਿਚ ਲੱਚਕ ਨਾ ਆਈ। ਬਲਕਿ 'ਭਾਈ' ਪਰਮਾਨੰਦ ਨੇ ਇਹ ਗਿਲਾ ਕੀਤਾ ਹੈ ਕਿ ਉਨ੍ਹਾਂ ਵਿਚ ਲੋੜ ਨਾਲੋਂ ਵੱਧ ਜੋਸ਼ ਸੀ, ਅਤੇ ਐਮ. ਐਸ. ਲੇਹ ਨੇ ਲਿਖਿਆ ਹੈ ਕਿ ਗਦਰੀ ਕੈਦੀ ਅੰਡੇਮਾਨ ਅਤੇ ਹੋਰ ਜੇਲ੍ਹਾਂ ਵਿਚ ਬਦੱਸਤੂਰ ਅੜੇ ਰਹੇ*।

*Leigh, p. 21.

# ਅੰਤਕਾ ਨੰਬਰ ੫

ਗਦਰ ਪਾਰਟੀ ਲਹਿਰ ਸੰਬੰਧੀ ਵਾਕਫੀਅਤ ਦੇ ਵਸੀਲੇ, ਜੋ ਵੇਖਣ ਯੋਗ ਹਨ ਪਰ ਜਿਨ੍ਹਾਂ ਤਕ ਲਿਖਾਰੀ ਦੀ ਪਹੁੰਚ ਨਹੀਂ ਹੋ ਸਕੀ, ਇਹ ਹਨ:—

੧. ਨੈਸ਼ਨਲ ਆਰਕਾਈਵਜ਼, ਨਵੀਂ ਦਿਲੀ, ਦੇ ਮੁਕੱਦਮਿਆਂ ਤੋਂ ਇਲਾਵਾ ਸੰਬੰਧਤ ਰੀਕਾਰਡ।

੨. ਸਰਕਾਰ ਹਿੰਦ ਦੇ ਫੌਜੀ ਮਹਿਕਮੇਂ ਦੇ ਸੰਬੰਧਤ ਰੀਕਾਰਡ।

੩. ਹਿੰਦ ਅਤੇ ਪੰਜਾਬ ਸਰਕਾਰਾਂ ਦੇ ਸੀ. ਆਈ. ਡੀ. ਦੇ ਮਹਿਕਮਿਆਂ ਦੇ ਸੰਬੰਧਤ ਰੀਕਾਰਡ।

੪. ਗਦਰ ਪਾਰਟੀ ਦੇ ਰੀਕਾਰਡ, ਅਤੇ 'ਗਦਰ' ਤੇ 'ਸੰਸਾਰ' ਅਖਬਾਰਾਂ ਦੀਆਂ ਮੁਕੰਮਲ ਫਾਈਲਾਂ।

੫. ਯੂ. ਐਸ. ਏ., ਕੈਨੇਡਾ, ਅਤੇ ਬਰਤਾਨੀਆਂ ਦੀਆਂ ਸਰਕਾਰਾਂ ਤੇ ਸੀ. ਆਈ. ਡੀ. ਦੇ ਮੁਹਿਕਮਿਆਂ ਅਤੇ ਆਰਕਾਈਵਜ਼ ਦੇ ਸੰਬੰਧਤ ਰੀਕਾਰਡ।

੬. ਸਿੰਘਾਪੁਰ ਗਦਰ ਸੰਬੰਧੀ ਮਲਾਯ ਸਰਕਾਰ ਦੇ ਰੀਕਾਰਡ, ਅਤੇ ਉਸ ਕਮੀਸ਼ਨ ਦੀ ਰੀਪੋਟ ਜੋ ਸਿੰਘਾਪੁਰ ਗਦਰ ਦੀ ਤਹਿਕੀਕਾਤ ਕਰਨ ਲਈ ਨੀਯਤ ਕੀਤਾ ਗਿਆ, ਪਰ ਜਿਸ ਦੀ ਰੀਪੋਟ ਪ੍ਰਕਾਸ਼ਤ ਨਹੀਂ ਕੀਤੀ ਗਈ।

੭. ਅੰਡੇਮਾਨ ਸੰਬੰਧੀ ਸਪੈਸ਼ਲ ਰੀਪੋਟ ਜੋ ਪ੍ਰਕਾਸ਼ਤ ਨਹੀਂ ਕੀਤੀ ਗਈ, ਅਤੇ ਜਿਸ ਦਾ ਕਲਨਲ ਵੇਜਵੁਡ ਨੇ ਜ਼ਿਕਰ ਕੀਤਾ (ਅੰਤਕਾ ਨੰਬਰ ੪)।

੮. ਯੂ. ਐਸ. ਏ. ਅਤੇ ਕੈਨੇਡਾ ਦੇ ਅਖਬਾਰਾਂ ਵਿਚ ਗਦਰ ਲਹਿਰ ਅਤੇ ਹਿੰਦੀਆਂ ਸੰਬੰਧੀ ਛਪੇ ਸਮਾਚਾਰ।

੯. ਸ਼ੰਘਾਈ, ਮਨੀਲਾ, ਬੈਂਗਕੋਕ, ਬਟਾਵੀਆ, ਕਾਬਲ ਅਤੇ ਈਰਾਨ ਵਿਚ ਗਦਰੀ ਇਨਕਲਾਬੀਆਂ ਦੀਆਂ ਸਰਗਰਮੀਆਂ ਬਾਰੇ ਓਥੋਂ ਦੀਆਂ ਸਰਕਾਰਾਂ ਜਾਂ ਸੀ. ਆਈ ਡੀ. ਦੇ ਮਹਿਕਮਿਆਂ ਦੇ ਰੀਕਾਰਡਾਂ ਵਿਚੋਂ ਸ਼ਾਇਦ ਕੁਝ ਵਾਕਫੀਅਤ ਮਿਲ ਸਕੇ।

੧੦. ਜਰਮਨ ਅਤੇ ਤੁਰਕੀ ਸਰਕਾਰਾਂ ਦੇ ਬਦੇਸ਼ੀ ਵਿਭਾਗਾਂ, ਅਤੇ ਜਰਮਨੀ ਦੇ ਨੀਊਯਾਰਕ, ਸੈਨਫ੍ਰਾਂਸਿਸਕੋ, ਸ਼ੰਘਾਈ, ਮਨੀਲਾ, ਬੈਂਗਕੋਕ, ਬਟਾਵੀਆ ਅਤੇ ਈਰਾਨ ਦੇ ਰਾਜਦੂਤ ਕਰਮਚਾਰੀਆਂ, ਦੇ ਰੀਕਾਰਡਾਂ ਵਿਚੋਂ ਸ਼ਾਇਦ ਕੁਝ ਵਾਕਫੀਅਤ ਮਿਲ ਸਕੇ।



Digitized by Panjab Digital Library | www.panjabdigilib.org

# ਹਵਾਲੇ (References)

ਜਿਨ੍ਹਾਂ ਹਵਾਲਿਆਂ ਨੂੰ ਬਾਰ ਬਾਰ ਦੇਣਾ ਪਿਆ ਹੈ, ਉਨ੍ਹਾਂ ਦੇ ਨਾਂ ਸੰਖੇਪ ਕਰਕੇ ਦਿਤੇ ਗਏ ਹਨ। ਸੰਖੇਪ ਨਾਂ (ਮੋਟੇ ਟਾਈਪ ਵਿਚ) ਅਤੇ ਉਨ੍ਹਾਂ ਦਾ ਵੇਰਵਾ (ਬਰੀਕ ਟਾਈਪ ਵਿਚ) ਇਸ ਪ੍ਰਕਾਰ ਹੈ :—


1. **Baden-Powell.** The Indian Village Community ; B. H. Baden-Powell, M.A., C.I.E.
2. **Bhai Parmanand.** The story of my life ; Bhai Parmanand.
3. **Caldwell.** A short history of the American people ; Robert Granville Caldwell.
4. **Census Report.** Report on the census of the Punjab taken on 17th February, 1881 ; Denzil Charles Jelf Ibbetson.
5. **Douie.** The Punjab, North-West Frontier Province and Kashmir; Sir James Douie, M.A., K.C.S.I.
6. **Hardinge.** My Indian years (1910-1916) ; Lord Hardinge.
7. **Indians Abroad.** Indians Abroad ; S.A. Waiz, B.A.
8. **Isemonger and Slattery.** An account of the Ghadr Conspiracy ; F. C. Isemonger and J. Slattery.
9. **Jayaswal.** Hindu Polity ; K. P. Jayaswal.
10. **Lajpat Rai.** The United States of America ; Lajpat Rai.
11. **Leigh.** The Punjab and the War ; M.S. Leigh, O.B.E., I.C.S.
12. **Macmunn.** Turmoil and Tragedy in India ; Lieut. General Sir George Macmunn.
13. **O'Dwyer.** India as I knew it ; Sir Micheal O'Dwyer.
14. **Qanungo.** History of the Jats ; Kalika Ranjan Qanungo.
15. **Rowlatt Report.** Indian Sedition Committee (1918) Report.
16. **Sarkar.** India through the Ages ; Sir Jadu Nath Sarkar.
17. **Trevaskis.** The Land of the Five Rivers ; Hugh Kennedy Trevaskis.
18. **Un-American Activities.** Seventh Report ; The Report of the Senate Fact Finding Committee on un-American Activities to the 1953 regular California Legislative, Sacremento.
19. **ਬੰਦੀ ਜੀਵਨ** :

   ਸ੍ਰੀ ਸ਼ਚਿੰਦਰ ਨਾਥ ਸਾਨਿਯਾਲ ਦੀ ਪੁਸਤਕ ਦਾ ਪੰਜਾਬੀ ਵਿਚ ਅਨੁਵਾਦ ; ਅਨੁਵਾਦਿਕ ਗੁਰਦਿਤ ਸਿੰਘ।


ਨੋਟ :—ਮੁਕੱਦਮਿਆਂ ਬਾਰੇ ਦਿਤੇ ਹਵਾਲਿਆਂ ਲਈ ਵੇਖੋ ਅੰਤਕਾ ਨੰਬਰ ੩.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-0811

Digitized by Panjab Digital Library | www.panjabdigilib.org



Digitized by Panjab Digital Library | www.panjabdigilib.org